Digitized by Panjab Digital Library | www.panjabdigilib.org

1782
57
1125

Digitized by Panjab Digital Library | www.panjabdigilib.org

Rajindar Singh
86 Durand Road
Amritsar cantt:

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਵਾਰੀਖ ਗੁਰੂ ਖਾਲਸਾ

## ਹਿੱਸਾ ਦੂਜਾ

ਅਰਥਾਤ

# ਸ਼ਮਸ਼ੇਰ ਖਾਲਸਾ

## ਭਾਗ ਪੈਹਲਾ ਤੇ ਦੂਜਾ ਮੁਕੱਮਲ

ਜਿਸ ਵਿਚ ਸਿੰਘਾਂ ਦੀਆਂ ਤੇ ਮੁਸਲਮਾਨਾਂ ਦੀਆਂ ਲੜਾਈਆਂ
ਅਤੇ ਸਿੱਖਾਂ ਦੀਆਂ ਸ਼ਹੀਦੀਆਂ ਦਾ ਵਰਨਨ ਹੈ।

—ਕ੍ਰਿਤ—


## ਭਾਈ ਗਿਆਨ ਸਿੰਘ ਜੀ ਗਿਆਨੀ

ਕਰਤਾ—ਪੰਥ ਪ੍ਰਕਾਸ਼ ਆਦਿਕ।



—ਜਿਸਨੂੰ—

ਖਾਲਸਾ ਟ੍ਰੈਕਟ ਸੁਸਾਇਟੀ ਤੋਂ

ਇਕ ਵੇਰ ਦੀ ਆਗਯਾ ਲੈਕੇ

ਭਾਈ ਤਾਰਾ ਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ
ਸ੍ਰੀ ਅੰਮ੍ਰਿਤਸਰ ਜੀ ਨੇ

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ
ਤੇ ਪ੍ਰਿੰਟਰ ਦੇ ਯਤਨ ਨਾਲ ਛਪਾਇਆ।

ਤਾਦਾਦ ੧੦੦੦ [ਨਵੰਬਰ ੧੯੨੩] ਭੇਟਾ ਦੋਵੇਂ ਭਾਗ ਮੁਕੰਮਲ ਮੁਜਿਲਦ ੪।।)

ਮਿਲਣ ਦਾ ਪਤਾ-ਭਾਈ ਤਾਰਾ ਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ ਸ੍ਰੀ ਅੰਮ੍ਰਿਤਸਰ ਜੀ

# ਤਤਕਰਾ


ਨੰ: ਸ਼ਮਸ਼ੇਰ ਖਾਲਸਾ ਭਾਗ ਪੈਹਲਾ

੧ ਬੰਦੇ ਦੀ ਪੈਦਾਇਸ਼ ਤੇ ਸਾਧੂ ਹੋਨ ਦਾ ਕਾਰਨ
੩ ਸਰੇ ਸਿਧ ਦਾ ਮਿਲਾਪ
੪ ਬੰਦੇ ਦਾ ਪੰਜਾਬ ਨੂੰ ਆਉਨਾ
੫ ਬੰਦੇ ਦੀ ਪ੍ਰੀਖਯਾ
੬ ਬੰਦੇਦੀ ਅਜਮਤ ਤੇ ਧਾੜਵੀ ਜਿਤਨੇ
੬ ਤੁਰਕਾਂ ਦੇ ਜੁਲਮ ਤੇ ਹਿੰਦੂ ਤੁਰਕਾਂ ਦਾ ਵਜਨ
੮ ਧਾੜਵੀ ਮਾਰੇ ਪਿੰਡ ਬਚਾਨਾ ਤੇ ਬੰਦੇ ਦਾ ਪਰਤਾਪ
੯ ਬਾਬਾ ਬੰਦਾ ਸੇਹਰਖੰਡੇ ਪਿੰਡ ਆਇਆ ਤੇ ਸਿੰਘਾਂ ਨੂੰ ਸੱਦਨਾ
੧੦ ਮਲਵਈ ਸਿਖਾਂ ਦਾ ਆਵਨਾ
੧੨ ਸਲੌਦੀ ਵਾਲੇ ਸਿੰਘ ਆਏ
੧੩ ਬੰਦੇ ਨੇ ਖਜਾਨਾ ਲੁੱਟਨਾ
੧੫ ਬੰਦੇ ਨੇ ਸਮਾਨੇ ਦਾ ਮਾਰਨਾ
੧੮ ਚੁਗਲ ਫੜੇ
੧੯ ਮਝੈਲਾਂ ਦੀ ਰੁਕਾਵਟ
੨੦ ਲਸ਼ਕਰ ਦੇਖਣਾ ਤੇ ਘੁੜਾਮ ਮਾਰਨੀ
੨੧ ਠਸਕੇ ਦੀ ਲੁਟ ਮਾਰ ਕਰਨੀ ਸ਼ਾਹ ਬਾਦ ਮਾਰਨਾ
੩੦ ਛਤ ਬਨੂੜ ਮਾਰਨਾ
੩੧ ਜੰਗ ਮਝੈਲਾਂ ਦਾ ਰੋਪੜ
੩੩ ਮਝੈਲਾਂ ਸਿੰਘਾਂ ਦੀ ਦੂਜੀ ਲੜਾਈ
੩੫ ਸਰਹੰਦ ਪਰ ਤਿਆਰੀ ਤੇ ਬਾਬੇ ਬੰਦੇ ਤੇ ਵਜੀਦ ਖਾਂ ਦੀਆਂ ਗਲਾਂ
੩੭ ਸਰਹੰਦ ਦਾ ਜੰਗ ਤੇ ਲੁਟ
੫੧ ਮਸੰਦਾਂ ਦੀ ਸ਼ਾਮਤ ਤੇ ਪਾਇਲ ਘੁੜਾਮ ਸਹਾਰਨਪੁਰ ਆਦਿਕ ਮਾਰਨਾ
੫੩ ਕਿਲੇ ਲੋਹਗੜ ਦੀ ਕਾਇਮੀ
੫੪ ਦਿਲੀ ਤੋਂ ਫੌਜ ਆਉਨੀ ਸਿੰਘਾਂ ਤੋਂ ਸਰਹੰਦ ਛੁਡਾਨੀ ਤੇ ਸਿੰਘਾਂ ਨੇ ਫੇਰ ਕਬਜਾ ਕਰਨਾ
੫੫ ਲਸ਼ਕਰ ਦੀ ਵੰਡ ਤੇ ਮੁਰੰਡਾ ਮਾਰਨਾ
੬੨ ਜਲਾਲਖਾਂ ਤੇ ਬੰਦੇ ਦਾ ਸੰਬਾਦ ਤੇ

ਨੰ: ਸ਼ਮਸ਼ੇਰ ਖਾਲਸਾ ਭਾਗ ਪੈਹਲਾ

• ਅੰਬੇਟੇ ਤੇ ਨਨੋਤੇ ਨੂੰ ਮਾਰਨਾਂ
੬੪ ਸਿੰਘਾਂ ਦਾ ਪਿਛੇ ਹਟਨਾ ਤੇ ਔਕੜਾਂ ਦੇਖਣੀਆਂ
੭੨ ਸਰਹੰਦ ਪਰ ਫੇਰ ਲੜਾਈ
੭੩ ਮੁੜ ਸਰਹੰਦ ਲੈਨੀ
੭੪ ਪਰਬਤੀ ਰਾਜਿਆਂ ਨੂੰ ਈਨ ਮਨਾਣੀ
੭੪ ਦੁਆਬੇ ਦਾ ਪਰਸੰਗ ਬੰਦੇ ਦੀ ਦੁਆਬੇ ਪਰ ਚੜਾਈ
੭੬ ਫਲੌਰ ਤੇ ਫਗਵਾੜਾ ਮਾਰਨਾ
੭੭ ਰਾਹੋਂ ਆਦਿਕ ਮਾਰਨੇ
੮੧ ਮਾਝੇ ਦਾ ਜ਼ਿਕਰ
੮੧ ਤਿਆਰੇ ਤੇ ਵਿਚਾਰ ਕਰਨੇ
੮੨ ਲਾਹੌਰ ਦੇ ਗਿਰਦੇ ਤੇ ਪਠਾਨ ਕੋਟ ਦੀ ਸੋਧ
੮੩ ਬਹਾਦਰਸ਼ਾਹ ਦੇ ਮਰਿਆਂ ਜਹਾਂਦਾਰ ਤਖਤਤੇ ਬੈਠਾ ਤੇ ਉਸਦਾ ਜ਼ਿਕਰ
੮੫ ਬੰਦੇ ਨੇ ਕਲਾ ਨੌਰ ਤੇ ਵਟਾਲੇ ਦਾ ਇਲਾਕਾ ਸੋਧਨਾ
੮੬ ਸ਼ਾਹੀ ਫੌਜ ਦੀ ਚੜਾਈ
੮੭ ਕਲਾਨੌਰ ਮਾਰਨਾ
੮੮ ਵਟਾਲਾ ਮਾਰਨਾ
੮੯ ਗਾਈਆਂ ਬਚਾਈਆਂ
੯੧ ਕੋਹੀ ਰਾਜੇ ਤੇ ਪ੍ਰਗਨਾ ਗੁਰਦਾਸਪੁਰ ਸੋਧਨਾ
੯੨ ਪਹਾੜੀਆਂ ਦੇ ਕਿਲੇ ਫਤੇ ਕਰਨੇ
੯੪ ਬੰਦੇ ਦਾ ਚੰਬੇ ਜਾਨਾ
੯੭ ਜਲਾਲ ਖਾਂ ਪਰ ਖਾਲਸੇ ਦੀ ਪਰੋਪਕਾਰ ਹਿਤ ਲੜਾਈ
੧੦੧ ਜਲਾਲਾਬਾਦ ਲੁਹਾਰੀ ਮਾਰਨਾ
੧੦੨ ਜੰਗ ਤਿਰਾਵੜੀ
੧੦੪ ਜੰਗ ਅਮੀਨ ਗੜ
੧੦੭ ਜੰਗ ਸਰਹੰਦ
੧੦੯ ਸਹਾਰਨ ਦੇ ਪਰਗਣੇ ਦੀ ਸੋਧ
੧੧੦ ਦੂਜਾ ਸੰਗ੍ਰਾਮ ਲੋਹ ਗੜ ਦਾ
੧੨੧ ਜ਼ਿਕਰ ਮੋਮਨਾਂ ਦੀ ਖੁਸ਼ੀਦਾ


Digitized by Panjab Digital Library | www.panjabdigilib.org

ਨੰ: ਸ਼ਮਸ਼ੇਰ ਖਾਲਸਾ ਹਿੱਸਾ ਪੈਹਲਾ

੧੨੪ ਸਿੰਘਾਂ ਨੇ ਜੰਗ ਜਿਤਨਾ
੧੨੫ ਛੇਕੜਲਾ ਲੋਹ ਗੜ੍ਹ ਦਾ ਜੰਗ
੧੨੬ ਜੰਗ ਵਕੋ ਤੇ ਬਸੀਆਂ ਦਾ
੧੨੭ ਜੰਗ ਦੁਆਬਾ
੧੨੮ ਵਜੀਰ ਖਾਂ ਦਾ ਮਾਰੇ ਜਾਨਾ
੧੨੮ ਦੁਆਬੇ ਦਾ ਜੰਗ ਜਿਤਨਾ
੧੨੯ ਕੰਡੀ ਵਿਚ ਜੰਗ
੧੩੦ ਸ਼ਮਸ਼ ਖਾਂ ਕੁਤਬ ਦੀਨ ਖਾਂ ਕਸੂਰੀਏ ਦਾ ਮਰਨਾ
੧੩੧ ਸਿੰਘਾਂ ਦੀ ਜਿੱਤ
੧੩੨ ਸ਼ਾਹੀ ਦਰਬਾਰ ਦਾ ਮਸ਼ਵਰਾ ਤੇ ਸਿੰਘਾਂ ਦੇ ਪੰਥ ਵਿਚ ਫੋਟਕ ਪਾਉਨਾ
੧੩੩ ਮਾਤਾ ਸੁੰਦ੍ਰੀ ਜੀ ਦਾ ਹੁਕਮ ਨਾਮਾ
੧੩੪ ਪੰਥ ਨੇ ਹੁਕਮ ਨਾਮਾ ਮਾਤਾ ਜੀ ਦਾ ਮੰਨਣਾ
੧੩੫ ਸਿੰਘਾਂ ਨੇ ਬੰਦੇ ਨਾਲ ਵਿਗੜਨਾ
੧੩੫ ਬਾਦਸ਼ਾਹ ਨੇ ਪੰਥ ਨਾਲ ਮੇਲ ਕਰਨਾ
੧੩੬ ਜਗੀਰ ਤੇ ਵਜੀਫਾ ਮਿਲਨਾ
੧੩੬ ਅਕਰਾਰ ਨਾਮਾ
੧੩੭ ਕਲਾ ਨੌਰ ਮਾਰਨੀ

ਨੰ: ਸ਼ਮਸ਼ੇਰ ਖਾਲਸਾ ਹਿੱਸਾ ਪੈਹਲਾ

੧੩੮ ਬੰਦੇ ਦਾ ਦੌਰਾ ਸਿੰਧ ਤਕ
੧੩੯ ਪੋਥੀ ਦੀ ਮਹਿਮਾਂ
੧੪੦ ਲਾਹੌਰ ਪਰ ਚੜ੍ਹਾਈ
੧੪੧ ਬੰਦੇ ਦਾ ਦੀਪ ਮਾਲਾ ਪਰ ਆਉਨਾ
੧੪੨ ਜੰਗ ਨੈਣੇ ਦੇ ਕੋਟ
੧੪੪ ਬੰਦੇ ਨੇ ਕਿਲਾ ਬਣੌਣਾ
੧੪੫ ਫਰੁਖ ਸੀਅਰ ਨੂੰ ਖਬਰ ਹੋਨੀ
੧੪੬ ਜੰਗ ਗੁਰਦਾਸ ਪੁਰ
੧੪੭ ਕਹੀ ਕਰਨ ਗਿਆਂ ਜੰਗ ਹੋਣਾ
੧੪੯ ਬਾਬੇ ਬੰਦੇ ਨੇ ਫੜੇ ਜਾਨਾ
੧੫੦ ਬੰਦੇ ਦੀ ਕੈਦ ਦਾ ਹਾਲ
੧੫੮ ਬੰਦੇ ਤੋਂ ਕਸ਼ਟ ਦੀ ਦਸ਼ਾ ਵਿਚ ਵਜੀਰ ਨੇ ਮੌਤ ਪੁਛਨੀ
੧੬੧ ਬੰਦੇ ਦਾ ਮਰਕੇ ਜੀਉਣਾ
੧੬੧ ਫਰਖਸੀਅਰ ਦਾ ਮਰਨਾ
੧੬੨ ਬੰਦੇ ਦੇ ਸੇਵਕ ਮਿਲੇ
੧੨੬ ਸਿੰਘਾਂ ਤੇ ਬੰਦੇ ਦੀ ਬਹਾਦ੍ਰੀ ਬਾਬਤ ਤਵਾਰੀਖ ਮਹੱਯਤ ਆਜ਼ਮ ਦੀ ਗਵਾਹੀ

# ਤਤਕਰਾ

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

੧ ਤਤ ਖਾਲਸੇ ਦਾ ਪਰਸੰਗ
੨ ਤੁਰਕਾਂ ਨੇ ਧੋਖਾ ਦੇਕੇ ਸਿੰਘਾਂਦੇ ਜ਼ ਬੇਤੋੜਨੇ
੩ ਸਿੰਘਾਂ ਉੱਤੇ ਜ਼ੋਰ ਜ਼ੁਲਮ
੪ ਸਿੰਘ ਰਾਜ ਪੂਤਾਨਿਓਂ ਆਏ ਤੇ ਵੈਰੀਆਂ ਤੋਂ ਬਦਲੇ ਲਏ
੬ ਜ਼ਿਕਰੀਏ ਖਾਂ ਦਾ ਸੂਬਾ ਹੋਣਾ
੭ ਤਤ ਖਾਲਸੇ ਦਾ ਤੇ ਬੰਦਈ ਸਿਖਾਂ ਦਾ ਝਗੜਾ ਤੇ ਜੰਗ
੮ ਗਸ਼ਤੀ ਫੌਜ ਦੀ ਚੜ੍ਹਾਈ ਤੇ ਨੌਸ਼ਹਿਰੇ

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

ਦੇ ਚੌਧਰੀ ਦਾ ਜ਼ੁਲਮ ਤੇ ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ
੧੩ ਸਰਕਾਰੀ ਮਾਮਲਾ ਤੇ ਮੁਰਤਜਾ ਖਾਂ ਸੌਦਾਗਰ ਆਦਿਕਾਂ ਨੂੰ ਸੋਧਨਾ
੧੫ ਚੁਵਿੰਡੇ ਪਿੰਡ ਦਾ ਜੰਗ
੧੫ ਗਦਰ ਦਾ ਰਵਾਜ ਸਾਰੇ ਦੇਸ ਵਿਚ
੧੮ ਸਿੰਘਾਂ ਪਰ ਜ਼ੁਲਮ ਹੋਣੇ
੧੯ ਦਿਲੀ ਦੇ ਠਗਿਆਂ ਲਈ ਅੜਕਾ ਦਫੜੀ ਤੇ ਸਿੱਖਾਂ ਤੋਂ ਖਜਾਨਾ ਲੁਟਣਾਂ

Digitized by Panjab Digital Library | www.panjabdigilib.org

ਨੰ: ਸ਼ਮਸ਼ੇਰ ਖ਼ਾਲਸਾ ਹਿੱਸਾ ਦੂਜਾ

੨੧ ਸੂਬੇ ਨੇ ਦਿਲੀਓਂ ਫੌਜ ਮੰਗਾਈ ਤੇ ਸਿੰਘਾਂ ਨੇ ਛਾਪੇ ਮਾਰਕੇ ਫੌਜ ਨੂੰ ਤੰਗ ਕਰਨਾ
੨੩ ਸਿੰਘਾਂ ਨੇ ਦੇਸ ਛਡਨਾ
੨੩ ਸਿੰਘਾਂ ਨੇ ਮੁੜ ਆਨਕੇ ਮੁਸਲਮਾਨਾਂ ਦੀ ਖਬਰ ਲੈਣੀ ਤੇ ਪਤਤ ਸ਼ੁੱਧ ਕਰਨੇ
੨੪ ਮੁਲਾਨਿਆਂ ਦਾ ਉਭਾਰ ਤੇ ਹੈਦਰੀ ਝੰਡਾ ਤੇ ਕਾਹਨੂੰਵਾਨ ਦਾ ਜੁੱਧ
੨੮ ਫੀਲੋਵਾਲ ਦੀ ਕਟਾਵਢ
੨੯ ਨਾਜ਼ਮ ਲਾਹੌਰ ਨੇ ਦਿਲੀ ਅਰਜ਼ੀ ਭੇਜਨੀ
੩੧ ਸਿਖਾਂ ਦੀ ਨਕਲ ਬਾਦਸ਼ਾਹ ਨੇ ਵੇਖਨੀ
੩੭ ਸਿੰਘਾਂ ਨੂੰ ਜਗੀਰ ਤੇ ਨਵਾਬੀ ਕਪੂਰ ਸਿੰਘ ਜੀ ਨੂੰ ਮਿਲਨੀ
੩੮ ਖਾਲਸੇ ਦੀ ਵਰਤੋਂ
੩੯ ਮੁਖੀਏ ਸਿੰਘਾਂ ਦੀਗਿਣਤੀ
੪੦ ਤਰਨਾ ਦਲ ਬੁਢਾ ਦਲ ਦੋ ਨਾਮ ਹੋਣੇ
੪੧ ਪੰਥ ਦੇ ਪੰਜ ਜਥੇ ਹੋਣੇ
੪੨ ਜਾਗੀਰ ਜ਼ਬਤੀਤੋਂ ਮਾਰੋ ਮਾਰ ਸ਼ੁਰੂ
੪੩ ਲਖਪਤ ਰਾਇ ਮੁਖਲਸਖਾਂਦੀਚੜ੍ਹਾਈ
੪੪ ਚੂਹਨੀਆਂ ਦਾ ਜੰਗ
੪੪ ਤਰਨੇ ਦਲ ਨੇ ਮੰਜਕੀ ਨੂੰ ਸੋਧਨਾ
੪੫ ਝਾਬੇ ਆਲੇ ਸਿੰਘ ਨੇ ਸਿੰਘ ਸਜਨਾ
੪੬ ਮਾਝੇ ਰਿਹਾੜਕੀ ਦਾ ਗਦਰ
੪੭ ਮੁਸਲਮਾਨਾਂ ਦੇ ਅਮ੍ਰਿਤਸਰ ਪਹਿਰ ਬੈਠਨੇ
੪੮ ਭਾਈ ਮਨੀ ਸਿੰਘ ਜੀ ਦੀ ਯੋਗਤਾ
੪੯ ਮੇਲਾ ਦੀਪਮਾਲਾ ਪਰ ਕਰਨਾ ਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ
੫੪ ਭਾਈ ਮਨੀ ਸਿੰਘ ਜੀ ਦਾ ਵੇਰ ਲੈਣਾ
੫੫ ਸਿੰਘਾਂ ਦੇ ਬਦਲੇ ਇਨਾਮ
੫੫ ਚਰਖੀ ਦਾਦਰੀ ਨੂੰ ਸੋਧਨਾ
੫੬ ਮੁਲਕ ਦੀ ਬੇ ਚੈਨੀ
੫੭ ਬੋਤਾ ਸਿੰਘ ਦਾ ਪ੍ਰਸੰਗ

ਨੰ: ਸ਼ਮਸ਼ੇਰ ਖ਼ਾਲਸਾ ਹਿੱਸਾ ਦੂਜਾ

੫੯ ਸਿਆਲ ਕੋਟ ਦੇ ਸੂਬੇ ਨੂੰ ਮਲਵਈ-ਆਂ ਨੇ ਸੋਧਨਾ
੬੦ ਕਰਤਾਰ ਪੁਰ ਥੰਮ੍ਹ ਸਾਹਿਬ ਤੇ ਕੁਤਬ ਦੀਨ ਦਾ ਸੜਨਾ
੬੧ ਬਾਘ ਸਿੰਘ ਨੇ ਘੋੜੇ ਖੋਹੇ
੬੧ ਮੱਸੇ ਰੰਗੜ ਨੂੰ ਮਾਰਨਾ
੬੩ ਜੰਗ ਮੀਰਾਂ ਪੁਰ ਦਾ
੬੫ ਸਿੰਘਾਂ ਤੇ ਅਤਿਅੰਤ ਬਿਪਤਾ
੬੭ ਨਾਦਰ ਸ਼ਾਹ ਦੀ ਚੜ੍ਹਾਈ
੭੧ ਸਿੰਘਾਂ ਨੇ ਨਾਦਰਸ਼ਾਹ ਨੂੰ ਸੋਧਨਾ
੭੨ ਨਾਦਰ ਨੇ ਸੂਬੇ ਤੋਂ ਸਿੰਘਾਂ ਦਾ ਹਾਲ ਪੁਛਨਾ
੭੪ ਖਾਨ ਬਹਾਦਰ ਤੇ ਸਿੰਘਾਂ ਦਾ ਸੰਬਾਦ
੭੫ ਜੰਡਿਆਲੀਏ ਨੇ ਤਾਰੂ ਸਿੰਘ ਫੜਾਨਾ
੭੭ ਤਾਰੂ ਸਿੰਘ ਤੇ ਨਵਾਬ ਦਾ ਸੰਬਾਦ ਅਤੇ ਸ਼ਹੀਦੀ
੭੯ ਤਾਰੂ ਸਿੰਘ ਦੀ ਖੋਪਰੀ ਉਤਰਨੀ
੮੦ ਸਿਖਾਂ ਨੇ ਸੇਵਾ ਕਰਨੀ
੮੩ ਮਕਤੂਲ ਸਿੰਘਾਂ ਵੇਨਾਂ
੮੪ ਭਾਈ ਸਬੇਗ ਸਿੰਘ ਦਾ ਕੁਟਵਾਲ ਬਨਣਾ, ਕੈਦ ਹੋਣਾ ਤੇ ਸ਼ਾਹਬਾਜ਼ ਸਿੰਘ ਦਾ ਪ੍ਰਸੰਗ
੯੦ ਹਕੀਕਤ ਰਾਇ ਦੀ ਕਥਾ
੯੪ ਮਤਾਬ ਸਿੰਘ ਮੀਰਾਂਕੋਟਏ ਦਾ ਪ੍ਰਸੰਗ
੯੬ ਅਹਿਮਦ ਸ਼ਾਹ ਦੁਰਾਨੀ ਦਾ ਪਹਿਲਾ ਹੱਲਾ
੯੭ ਸਿੰਘਾਂ ਨੇ ਪੈਂਚਾਂ ਤੋਂ ਬਦਲੇ ਲੈਣੇ
੯੯ ਜਸਪਤ ਰਾਇਨੂੰ ਮਾਰਨਾ ਤੇ ਏਮਨਾ-ਵਾਦ ਸੋਧਨਾ
੧੦੦ ਲਖੂ ਭਸੂ ਦੀ ਅਨੀਤੀ
੧੦੨ ਕਾਹਨੂੰਆਨ ਦਾ ਜੰਗ
੧੦੫ ਸਿੰਘਾਂ ਨੇ ਛਾਪਾ ਮਾਰਨਾ
੧੦੬ ਦੁਆਬੇ ਤੇ ਮਾਲਵੇ ਦਾ ਪ੍ਰਸੰਗ
੧੦੭ ਸ਼ਾਹ ਨਿਵਾਜ ਤੇ ਅਦੀਏ ਖਾਂ ਦਾ ਵੈਰ
੧੦੮ ਅਹਿਮਦਸ਼ਾਹ ਦਾ ਦੂਜੀ ਵਾਰੀ


Digitized by Panjab Digital Library | www.panjabdigilib.org

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

ਆਵਨਾ
੧੦੯ ਸ਼ਾਹਦਰੇ ਜੰਗ
੧੧੦ ਜੰਗ ਸਰਹਿੰਦ ਮੁਗ਼ਲਾਂ ਤੋਂ ਪਠਾਨ ਹਾਰੇ
੧੧੨ ਰਾਮਗੜ੍ਹ ਦਾ ਕਿਲਾ ਬਨਾਉਣਾ ਤੇ ਉਥੇ ਜੁਧ ਹੋਣਾ
੧੧੪ ਅਹਿਮਦਸ਼ਾਹ ਦਾ ਤੀਜਾ ਹੱਲਾ
੧੧੫ ਸੂਬੇ ਦੀ ਸਿੰਘਾਂ ਨਾਲ ਸੁਲਾ ਸਫਾਈ ਤੇ ਸਿੰਘਾਂ ਦੀ ਮਦਦ ਨਾਲ ਮੁਲਤਾਨ ਫਤੇ ਕਰਨਾ
੧੧੬ ਸ਼ਾਹ ਨਿਵਾਜ ਦਾ ਮਰਨਾ
੧੧੭ ਸ੍ਰੀ ਅੰਮ੍ਰਿਤਸਰ ਜੀ ਦਾ ਸਰੋਵਰ ਫਿਰ ਬਨਣਾ ਤੇ ਸਿੰਘਾਂ ਨੂੰ ਜਗੀਰ ਵਾ ਗੁਜ਼ਾਰ ਹੋਣੀ
੧੧੮ ਅਹਿਮਦ ਸ਼ਾਹ ਅਬਦਾਲੀ ਦਾ ਚੌਥਾ ਹੱਲਾ ਤੇ ਪੰਜਾਬ ਫਤੇ ਕਰਨੀ
੧੨੦ ਮੀਰ ਮੰਨੂ ਨੂੰ ਮੁਆਫੀ ਤੇ ਪੰਜਾਬ ਮੁੜ ਮਿਲਨੀ
੧੨੧ ਅਹਿਮਦਸ਼ਾਹ ਦਾ ਕਸ਼ਮੀਰ ਪਰ ਦਖਲ ਕਰ ਲੈਣਾ
੧੨੨ ਸਿੰਘਾਂ ਨਾਲ ਵਿਗਾੜ ਤੇ ਕੋਟ ਬੁਢੇ ਦਾ ਜੰਗ
੧੨੫ ਸਿੰਘਾਂ ਪਰ ਬਿਪਤਾ
੧੨੬ ਮੀਰ ਮੰਨੂੰ ਦਾ ਮਰਨਾ
੧੨੭ ਮੁਰਾਦ ਬੇਗਮ ਦੀ ਹਕੂਮਤ
੧੨੮ ਮੀਰ ਮੋਮਨਖਾਂ ਦਾ ਮਰਨਾ
੧੨੯ ਬੇਗਮ ਨੇ ਵਜੀਰ ਹੱਥਾਂ ਹੇਠ ਕਰਨਾ
੧੩੦ ਅਹਿਮਦ ਸ਼ਾਹ ਦਾ ਪੰਜਵਾਂ ਹੱਲਾ
੧੩੧ ਅਹਿਮਦ ਸ਼ਾਹ ਨੇ ਥਨੇਸਰ ਤੇ ਦਿੱਲੀ ਲੁੱਟਨੇ
੧੩੨ ਪਰਵਾਨੇ ਪਟੇ ਬਦਲਨੇ
੧੩੩ ਨਾਦਰਅਲੀ ਨੇ ਕਰਤਾਰਪੁਰ ਮਾਰਨਾ ਤੇ ਸਿੰਘਾਂ ਦਾ ਹਰਿਆਨੇ ਜੁੱਧ
੧੩੫ ਅਦੀਨਾ ਬੇਗ ਤੇ ਪੰਥ ਦਾ ਮੇਲ ਤੇ ਜਲੰਧਰ ਪਰ ਧਾਵਾ
੧੩੬ ਨਾਸਰਅਲੀ ਨੂੰ ਮਾਰਕੇ ਜਲੰਧਰ

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

ਸੋਧਨਾ ਤੇ ਤੁਰਕਣੀਆਂ ਸੁੱਧ ਕਰਨਾ
੧੩੮ ਤੀਮੀਂ ਦੀ ਜਾਤ ਨਹੀਂ
੧੩੯ ਖਾਲਸੇ ਨੇ ਦੁਆਬਾ ਸੋਧਨਾ
੧੪੦ ਦਿੱਲੀ ਦਾ ਆਪਸ ਵਿਚ ਬਖੇੜਾ ਤੇ ਨਾਦਰਸ਼ਾਹ ਦਾ ਪੰਜਵਾਂ ਹਮਲਾ
੧੪੧ ਮਰਹੱਟਿਆਂ ਨੇ ਗਾਜ਼ੀ ਦੀਨ ਦੀ ਸਹਾਇਤਾ ਕਰਨੀ
੧੪੨ ਦੀਨਾ ਬੇਗ ਨੇ ਮਰਹੱਟੇ ਸੱਦਨੇ
੧੪੨ ਮਰਹੱਟਿਆਂ ਦਾ ਸਰਹਿੰਦ ਪਰ ਜੰਗ ਤੇ ਸਿੰਘਾਂ ਨੇ ਸਰਹਿੰਦ ਫਤੇ ਕਰਨੀ
੧੪੪ ਮਰਹੱਟਿਆਂ ਨੇ ਉਡੀਸਾ ਲੈਕੇ ਅਟਕ ਤੱਕ ਜਾਨਾ
੧੪੫ ਸਿੰਘਾਂ ਨੇ ਦੁਆਬੇ ਨੂੰ ਸੋਧਨਾ
੧੪੬ ਸਿੰਘਾਂ ਨੇ ਜੰਗ ਸੰਘੋਲ ਸਜਾਲਬੇ ਤੇ ਹੋਲਾ ਅਨੰਦਪੁਰ ਕਰਨਾ
੧੪੭ ਨਾਦਰ ਸ਼ਾਹ ਦਾ ਛੀਵਾਂ ਹਮਲਾ ਮਰਹੱਟੇ ਤੇ ਦੁਰਾਨੀਆਂ ਦਾ ਜੁੱਧ
੧੪੮ ਸ਼ਾਹ ਦੁਰਾਨੀ ਨੇ ਮੁਲਕ ਲੁੱਟਨਾ
੧੫੦ ਆਲਾ ਸਿੰਘ ਨੂੰ ਰਾਜਗੀ ਦਾ ਖਿਤਾਬ
੧੫੦ ਸਿੰਘਾਂ ਨੇ ਦੁਰਾਨੀ ਲੁੱਟਨੇ ਤੇ ਹਾਠੂ ਸਿੰਘ ਦਾ ਹਾਥੀ ਨਾਲ ਜੁੱਧ
੧੫੨ ਹਾਠੂ ਸਿੰਘ ਤੇ ਬਾਘੜ ਸਿੰਘ ਲੜੇ
੧੫੩ ਪੰਥ ਨੇ ਬੀਕਾਨੇਰੀਏ ਦੀ ਮਦਦ ਪਰ ਜਾਨਾ ਤੇ ਫਤੇ ਦਵਾਉਣੀ
੧੫੪ ਭਵਾਨੀ ਸ਼ਹਿਰ ਨੂੰ ਸੋਧਨਾ
੧੫੪ ਕਸਾਈ ਮਾਰਨੇ ਹਿਸਾਰ ਸੋਧਣਾ ਤੇ ਟਾਮਸਨ ਨਾਲ ਜੁੱਧ
੧੫੭ ਜੈ ਪੁਰ ਤੋਂ ਚੌਥ ਲਈ
੧੫੭ ਝਜਰ ਵਾਲੇ ਨਾਲ ਮੁਕਾਬਲਾ
੧੫੮ ਸਰਧਨੇ ਲੁਹਾਰੂ ਦਾ ਜੰਗ
੧੫੯ ਸਿੰਘਾਂ ਨੇ ਜੰਗ ਕਰਨਾ ਲਹੌਰ ਜਾਂਦੇ ਸਿੰਘਾਂ ਦੇ ਸੀਸ ਸਿੰਘਾਂ ਨੇ ਖੋਹਕੇ ਸਸਕਾਰਨੇ
੧੬੧ ਸਰਹਿੰਦ ਲੁੱਟਣੀ
੧੬੨ ਸਿੰਘਾਂ ਨੇ ਮੁਲਕ ਮਲਨਾ


Digitized by Panjab Digital Library | www.panjabdigilib.org

| ਨੰ: | ਸ਼ਮਸ਼ੇਰ ਖਾਲਸਾ ਹਿੱਸਾ ਦੂਜਾ |
|---|---|
| ੧੬੩ | ਅਹਿਮਦ ਸ਼ਾਹ ਦਾ ਸੱਤਵਾਂ ਹੱਲਾ |
| ੧੬੪ | ਦੁਰਾਨੀ ਮਰਹੱਟਿਆਂ ਦਾ ਜੁੱਧ |
| ੧੬੮ | ਮਰਹੱਟਿਆਂ ਦਾ ਸਾਮਾਨ ਲੁਟੀਣਾ |
| ੧੬੯ | ਸੂਬੇ ਦੁਰਾਨੀ ਦੇ ਜੰਗ ਵਿਚ ਰੁਝਨ ਕਰਕੇ ਸਿੰਘਾਂ ਨੇ ਲਾਹੌਰ ਆਦਿਕ ਸੋਧਨਾ |
| ੧੭੦ | ਸਿੰਘਾਂ ਨੇ ਬੰਦੀ ਛੁਡਾਏ |
| ੧੭੧ | ਜੰਗ ਗੁਜਰਾਤ ਤੇ ਸਿਆਲਕੋਟ ਤੇ ਨੂਰ ਦੀਨ ਦੀ ਹਾਰ |
| ੧੭੩ | ਅੰਮ੍ਰਿਤਸਰ ਦੀ ਬੇਅਦਬੀ |
| ੧੭੪ | ਧਰਮ ਜੁੱਧ |
| ੧੭੫ | ਅੰਮ੍ਰਿਤਸਰ ਦਾ ਤਲਾਬ ਬਨਾਣਾ |
| ੧੭੭ | ਸਿੰਘਾਂ ਦੇ ਹਿੰਦੂਆਂ ਪਰ ਉਪਕਾਰ |
| ੧੭੯ | ਕਸੂਰ ਦੇ ਬ੍ਰਾਹਮਨ ਦਾ ਵਿਰਲਾਪ ਤੇ ਸਿੰਘਾਂ ਨੇ ਕਸੂਰ ਸੋਧਨਾ |
| ੧੮੩ | ਜਾਫਰ ਬੇਗ ਮਾਰਕੇ ਮੁਲਕ ਮੱਲਣਾ |
| ੧੮੪ | ਜੱਸਾ ਸਿੰਘ ਨੇ ਲਾਹੌਰ ਲੈਨਾ |
| ੧੮੫ | ਜੰਡਿਆਲੀਆਂ ਦੀ ਬੇਈਮਾਨੀ |
| ੧੮੬ | ਅਹਿਮਦ ਸ਼ਾਹ ਦਾ ਅੱਠਵਾਂ ਹਮਲਾ |
| ੧੮੬ | ਵਡਾ ਘਲੂਘਾਰਾ ਤੇ ਕੁਤਬਾ ਬਾਮਨੀ ਦਾ ਜੰਗ |
| ੧੯੦ | ਦਰਬਾਰ ਸਾਹਿਬ ਨੂੰ ਬਾਰੂਦ ਧਰਕੇ ਉਡਾਉਨਾ |
| ੧੯੦ | ਕਸ਼ਮੀਰ ਦੁਰਾਨੀ ਨੇ ਲੈਨਾ |
| ੧੯੧ | ਸ਼ਾਹ ਗਏ ਪਿਛੇ ਹਿੰਦੂਆਂ ਪਰ ਜ਼ੁਲਮ |
| ੧੯੧ | ਸਿੰਘਾਂ ਨੇ ਨਵਾਬਾਂ ਤੋਂ ਬਦਲੇ ਲੈਣੇ |
| ੧੯੩ | ਜਾਲਾਪੁਰ ਮੋਰਿੰਡਾ ਲੁੱਟਨਾ |
| ੧੯੪ | ਸਰਹੰਦ ਤੇ ਮੋਰਿੰਡਾ |
| ੧੯੪ | ਜੈਨਖਾਂਨ ਸੂਬੇ ਦੀ ਸਰਹੰਦ ਪਰ ਫਤੇ |

| ਨੰ: | ਸਮਸ਼ੇਰ ਖਾਲਸਾ ਹਿੱਸਾ ਦੂਜਾ |
|---|---|
| ੧੯੫ | ਮਹਾਰਾਜੇ ਆਲਾ ਸਿੰਘ ਨੇ ਸਰਹੰਦ ਮੱਲਨੀ |
| ੧੯੬ | ਸਰਹੰਦ ਦੀਆਂ ਜੜ੍ਹਾਂ ਪੁਟਨੀਆਂ |
| ੧੯੭ | ਕਸਾਈਆਂ ਦੇ ਨੱਕ ਵੱਢਣੇ |
| ੧੯੮ | ਅਹਿਮਦ ਸ਼ਾਹ ਦਾ ਨੌਵਾਂ ਹੱਲਾ |
| ੧੯੮ | ਖਾਲਸੇ ਨੇ ਪੂਰਬ ਸੋਧਨਾ |
| ੧੯੯ | ਜਲਾਲਾਬਾਦ ਲੁਹਾਰੀ ਮਾਰਨਾ |
| ੨੦੦ | ਦਰਬਾਰ ਸਾਹਿਬ ਦੀ ਸੇਵਾ |
| ੨੦੧ | ਸਿੰਘਾਂ ਨੇ ਰਾਜ ਮੱਲਨਾ |
| ੨੦੧ | ਅਹਿਮਦ ਸ਼ਾਹ ਦਾ ਦਸਵਾਂ ਹੱਲਾ |
| ੨੦੨ | ਸਿੰਘਾਂ ਨੇ ਫੇਰ ਮੁਲਕ ਰੋਕਨਾ ਤੇ ਲਾਹੌਰ ਲੈਨਾ |
| ੨੦੩ | ਰਾਜੇ ਭਰਤ ਪੁਰੀਏ ਸਿੰਘਾਂ ਨੂੰ ਬੁਲਾਇਆ |
| ੨੦੫ | ਅਹਿਮਦ ਸ਼ਾਹ ਦਾ ਯਾਰਵਾਂ ਹੱਲਾ |
| ੨੦੬ | ਪਟਿਆਲੇ ਦੇ ਰਾਜਾ ਨੂੰ ਮਹਾਰਾਜਾ ਦਾ ਖਿਤਾਬ ਮਿਲਨਾ |
| ੨੦੭ | ਦੁਰਾਨੀ ਤੇ ਸਿੰਘਾਂ ਦੀ ਮਾਝੇ ਵਿੱਚ ਲੜਾਈ |
| ੨੧੦ | ਸਿੰਘਾਂ ਨੇ ਲਾਹੌਰ ਮਲਨਾ |
| ੨੧੦ | ਸਰਬ ਲੋਕ ਖਾਂ ਨੂੰ ਕੈਦ ਕਰਕੇ ਛੱਡਨਾਂ |
| ੨੧੨ | ਤਹਿਮੂਰ ਸ਼ਾਹ ਦਾ ਪਹਿਲਾ ਹੱਲਾ |
| ੨੧੭ | ਸਿੰਘਾਂ ਨੇ ਫਿਰ ਮਾਰੇ ਰਾਜ ਕਾਇਮ ਕਰਨਾ |
| ੨੧੯ | ਤਹਿਮੂਰ ਸ਼ਾਹ ਦਾ ਦੂਜਾ ਹੱਲਾ |
| ੨੧੯ | ਜ਼ਮਾਨ ਸ਼ਾਹ ਦੀ ਚੜ੍ਹਾਈ |
| ੨੨੩ | ਦੂਜੇ ਹਿੱਸੇ ਸ਼ਮਸ਼ੇਰ ਖਾਲਸੇ ਦੀ ਸਮਾਪਤੀ |

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

# ਤਵਾਰੀਖ ਗੁਰੂ ਖਾਲਸਾ

ਅਰਥਾਤ

# ਸ਼ਮਸ਼ੇਰ ਖਾਲਸਾ

[ਹਿੱਸਾ ੨–ਨੰਬਰ ੧]

ਏਸ ਹਿਸੇ ਵਿਚ ਬਾਬੇ ਬੰਦੇ ਦੀਆਂ ਬਹਾਦਰੀਆਂ ਤੇ ਲੜਾਈਆਂ ਅਤੇ ਪੰਥ ਖਾਲਸੇ ਨੇ ਇਕੱਠੇ ਰਹਿਕੇ ਹਿੰਦੂ ਧਰਮ ਤੇ ਆਪਣੇ ਪੰਥ ਦੀ ਰਖ੍ਯਾ ਵਾਸਤੇ ਜੇਹੜੇ ੨ ਕੰਮ ਕੀਤੇ ਹਨ, ਓਹ ਲਿਖੇ ਜਾਂਦੇ ਹਨ। ਤੇ ਹੁਣ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮੇਂ ਪਾਤਸ਼ਾਹ ਪ੍ਰਯੰਤ ਦਸੋਂ ਗੁਰੂ ਸਾਹਿਬਾਂ ਦੇ ਤੇ ਪੰਥ ਖਾਲਸੇ ਦੇ ਪਰੋਪਕਾਰ ਦਾ ਧੰਨਜਵਾਦ ਕਰਕੇ ਦੂਸਰੇ ਹਿੱਸੇ ਦਾ ਆਰੰਭ ਕਰਦਾ ਹਾਂ ॥

## ਬੰਦੇ ਦੀ ਪੈਦਾਇਸ਼ ਤੇ ਸਾਧੂ ਹੋਨ ਦਾ ਕਾਰਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਨੇ ਤੋਂ ਪਹਿਲੇ ਬੰਦੇ ਬਹਾਦਰ ਦੀ ਕਥਾ ਇਕ ਪੁਰਾਣੀ ਪੋਥੀ ਵਿਚ ਇਸ ਤਰਾਂ ਲਿਖੀ ਹੈ ਕਿ ਏਹ ਬੰਦਾ ਪਹਿਲੇ ਕਸਬੇ ਰਜੌਰੀ, ਪਰਗਣੇ ਪੁਣਛ ਦਾ ਰਾਜਪੂਤ ਸੀ। ਸੰਮਤ ੧੭੨੭ ਬਿ: ਕਤਕ ਸੁਦੀ ੧੩ ਨੂੰ ਰਾਮ ਦੇਵ ਛੱਤ੍ਰੀ ਦੇ ਘਰ ਪੈਦਾ ਹੋਯਾ, ਜੋ ਓਹ ਤਿਨ ਪਿੰਡ ਦਾ ਮਾਲਕ ਸੀ, ਨਾਮ ਏਸਦਾ ਲੱਛਮਨ ਦੇਵ ਰੱਖ੍ਯਾ। ਏਹ ਛੋਟੀ ਉਮਰ ਵਿਚ ਹੀ ਬਹੁਤ ਤੇਜ਼ ਸੁਭਾਵ, ਤੇ ਤਾਕਤ ਵਰ

Digitized by Panjab Digital Library | www.panjabdigilib.org

ਸੀ। ਸ਼ਸਤ੍ਰ ਵਿਦਜਾ ਭਾਵੇਂ ਹਰਪ੍ਰਕਾਰ ਦੀ ਜੈਸੀਕੁ ਰਾਜਪੂਤਾਂ ਵਿਚ ਚਾਹੀਦੀ ਹੈ, ਸਬ ਸਿਖ ਲੀਤੀ, ਪਰ ਸ਼ਿਕਾਰ ਖੇਲਨ ਦਾ ਬੜਾ ਭਾਰੀ ਸ਼ੌਕ ਸੀ। ਇਕ ਦਿਨ ਏਸਨੇ ਸ਼ਿਕਾਰ ਵਿਚ ਇਕ ਹਰਨੀ ਮਾਰੀ, ਓਸਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਜੋ ਥੋੜੀ ਦੇਰ ਪਿਛੋਂ ਤੜਫਕੇ ਕੇ ਮਰਗਏ। ਓਥੋਂ ਲਛਮਨਦੇਵਨੂੰ ਐਸੀ ਗੈਰਤ ਆਈ ਜਿਸਤੋਂ ਵੈਰਾਗ ਹੋਗਯਾ। ਸਬ ਕੰਮਕਾਰ, ਜੀਵ ਹਿੰਸਾ ਆਦਿਕ ਛੱਡਕੇ ਜਾਨਕੀ ਪਰਸ਼ਾਦ ਵੈਰਾਗੀ ਫਕੀਰ ਜੋ ਰਜੌਰੀ ਰਿਹਾ ਕਰਦਾ ਸੀ, ਓਸਦੀ ਸੰਗਤ ਤੇ ਭਜਨ ਬੰਦਗੀ ਕਰਨ ਲਗ ਪਿਆ, ਫੇਰਤਾਂ ਓਸਦੀ ਸੰਗਤ ਜਾਦੂ ਦਾ ਅਸਰ ਕਰ ਗਈ, ਓਸ ਸੰਤ ਦਾ ਗੁਰਦੁਾਰਾ ਰਾਮਥੰਮਨ ਨਾਮੀ ਕਸਬੇ ਕਸੂਰ ਦੇ ਪਾਸ ਸੀ। ਇਕ ਵਾਰੀ ਸੰ: ੧੭੪੩ ਨੂੰ ਲਛਮਨ ਦੇਵ ਜਾਨਕੀ ਪ੍ਰਸ਼ਾਦ ਦੇ ਨਾਲ ਧਾਵੇ ਰਾਮਥੰਮਨ ਦਾ ਮੇਲਾ ਜੋ ਵੈਸਾਖੀ ਨੂੰ ਭਰਦਾ ਹੈ, ਦੇਖਣ ਵਾਸਤੇ ਗਿਆ ਤਾਂ ਓਥੋਂ ਦੇ ਮਹੰਤ ਰਾਮਦਾਸ ਦਾ ਚੇਲਾ ਇਕ ਰਾਮਦਾਸ ਵਡਾ ਬਰਕਤ ਵਾਲਾ ਮਸ਼ਹੂਰ ਦਰਸ਼ਨੀ ਸੰਤ ਸੀ। ਲਛਮਨ ਦੇਵ ਭੀ ਓਸਦਾ ਚੇਲਾ ਬਣ ਗਿਆ। ਤਦੋਂ ਏਸਦਾ ਨਾਮ ਨਰੈਣਦਾਸ ਰੱਖਜਾ ਗਿਆ। ਵੈਰਾਗੀ ਸਾਧੂ ਨਵੀਨ ਖਾਕੀ ਸੰਤ ਨੂੰ ਬਾਲਾ ਜੀ ਆਖਜਾ ਕਰਦੇ ਹਨ, ਏਸ ਕਰਕੇ ਏਸਨੂੰ ਲਛਮਨ ਬਾਲਾ ਆਖਣ ਲਗ ਪਏ। ਫੇਰ ਏਹ ਵੈਰਾਗੀ ਸਾਧਾਂ ਦੀ ਜਮਾਤ ਨਾਲ ਰਲਕੇ ਤੀਰਥ ਜਾਤ੍ਰਾ, ਦੇਸਾਂਤ੍ਰਾਂ ਦੇ ਸੈਲ, ਭਜਨ ਪਾਠ ਕਰਦਾ ਫਿਰਿਆ। ਓਸ ਸਮੇਂ ਵੈਰਾਗੀਆਂ ਸੰਨ-ਯਾਸੀਆਂ ਦੀਆਂ ਜਮਾਤਾਂ ਵਿਚ ਪਟੇਬਾਜ਼ੀ ਤੀਰੰਦਾਜ਼ੀ ਹਰ ਪ੍ਰਕਾਰ ਦੀ ਸ਼ਸਤ੍ਰ ਵਿੱਦਯਾ ਸਿੱਖਣੇ ਸਿਖਾਉਣੇ ਦਾ ਬਹੁਤ ਅਭਜਾਸ ਰਹਿੰਦਾ ਸੀ। ਬਲਕੇ ਛੋਟੀਆਂ ਤੋਪਾਂ, ਜੰਬੂਰੇ,

Digitized by Panjab Digital Library | www.panjabdigilib.org

ਬੰਦੂਕਾਂ, ਤੀਰਕਮਾਨ, ਹਾਥੀ, ਘੋੜੇ ਜਮਾਤਾਂ ਨਾਲ ਰਿਹਾ ਕਰਦੇ ਸੇ। ਏਸੇ ਕਰਕੇ ਹਰਿਦਵਾਰ ਆਦਿਕ ਤੀਰਥਾਂ ਦੇ ਮੇਲੇ ਕੁੰਭ ਪਰ ਵੈਰਾਗੀ, ਸੰਨਯਾਸੀ ਉਦਾਸੀ ਫਕੀਰਾਂ ਦੀ ਆਪਸ ਵਿੱਚ ਲੜਾਈ ਲੱਗੀ ਰਹਿੰਦੀ ਸੀ, ਤੇ ਹਜਾਰਾਂ ਸਾਧੂ ਦੋਹਾਂ ਤਰਫਾਂ ਤੋਂ ਮਾਰੇ ਜਾਂਦੇ ਸਨ॥

## ਸਚੇ ਸਿੱਧ ਦਾ ਮਿਲਾਪ

ਜਦ ਨਾਰਾਯਣ ਦਾਸ ਤੀਰਥ ਕਰਦਾ ਹੋਯਾ ਦੱਖਣ ਦੇਸ ਵਿਚ ਨਾਸਕ ਸ਼ਹਿਰ ਗੋਦਾਵਰੀ ਗੰਗਾ ਕਿਨਾਰੇ ਪੰਚ ਬਟੀ ਪਹੁੰਚਾ ਤਾਂ ਏਹ ਸੁੰਦਰ ਜਗਾ ਦੇਖ ਕੇ ਓਥੇ ਹੀ ਤਪੱਸਯਾ ਕਰਨ ਲਗ ਪਿਆ। ਏਥੇ ਹੀ ਲਛਮਣ ਜੀ ਨੇ ਸੂਪ ਨਖਾਂ ਦਾ ਨੱਕ ਕੱਟਯਾ ਸੀ ਤੇ ਹੁਣ ਭੀ ਜਪੀ ਤਪੀ ਸੰਤ ਏਥੇ ਬਹੁਤ ਰਹਿੰਦੇ ਹਨ। ਏਸੇ ਥਾਂ ਇੱਕ ਔਘੜ ਨਾਥ ਜੋਗੀ ਲੂਣੀਏ ਸਿੱਧ ਦਾ ਚੇਲਾ ਰਿਹਾ ਕਰਦਾ ਸੀ। ਏਸੇ ਲੂਣੀਏ ਸਿੱਧ ਦੇ ਬਣਾਏ ਹੋਏ ਜੰਤ੍ਰ, ਮੰਤ੍ਰ ਲੋਗਾਂ ਵਿੱਚ ਹੁਣ ਤਕ ਬਹੁਤ ਪ੍ਰਸਿੱਧ ਹਨ। ਔਘੜ ਨਾਥ ਜੋਗੀ ਸਿੱਧ ਦੀ ਟਹਿਲ ਨਰੈਣਦਾਸ ਨੇ ਬਹੁਤ ਚੰਗੀ ਕੀਤੀ, ਜਿਸਤੋਂ ਖੁਸ਼ੀ ਹੋਕੇ ਉਸਨੇ ਆਪਣੇ ਅੰਤ ਦੇ ਸਮੇਂ ਸੰ: ੧੭੪੮ ਬਿ: ਨੂੰ ਓਹ ਪੋਥੀ ਜਿਸਵਿੱਚ ਚੌਸਠ ਵਿੱਦਯਾ ਸਿੱਖਣੇ ਦੇ ਪ੍ਰਕਾਰ ਤੇ ਪ੍ਰਤਯਾਏ ਹੋਏ ਮੰਤਰ, ਜੰਤਰ ਲਿਖੇ ਹੋਏ ਸੇ, ਏਸਨੂੰ ਬਖਸ਼ ਦਿੱਤੀ ਤੇ ਓਨ੍ਹਾਂ ਦੇ ਕਮਾਉਣਦਾ ਭੇਤ, ਰਸਾਇਨ ਦੇ ਬਨਾਵਣ ਦੀ ਬੂਟੀ ਆਦਿਕ ਗੁਣ ਭੀ ਸਬ ਏਸਨੂੰ ਦੱਸ ਦਿੱਤੇ, ਫੇਰ ਤਾਂ ਏਹ ਵਿੱਦਯਾ ਨੂੰ ਸਿੱਖ ਕੇ ਪਰਸਿੱਧ ਸਿੱਧ ਹੋ ਗਿਆ। ਦੱਖਣ ਦੇਸ ਸੈਲ ਕਰਦਾ ਹੋਯਾ ਨਦੇੜ ਸ਼ਹਿਰ ਜੋ ਹਿੰਗੋਲੀ ਤੋਂ ੧੮ ਕੋਸ ਹੈ, ਗੋਦਾਵਰੀ

Digitized by Panjab Digital Library | www.panjabdigilib.org

ਗੰਗਾ ਕਿਨਾਰੇ ਇਕ ਬਗੀਚਾ ਬਣਾਕੇ ਰੈਹਣ ਲਗ ਪਿਆ (ਰਿਧਿ ਸਧਿ ਨਾਵੈ ਕੀ ਦਾਸੀ) ਤਪ,ਜਪ, ਜਤ, ਸਤ ਦੇ ਪ੍ਰਤਾਪ ਨਾਲ ਕਰਾਮਾਤੀ ਮਸ਼ਹੂਰ ਹੋਗਿਆ, ਕਰਾਮਾਤਾਂ ਅਜਮਾ ਕੇ ਬਹੁਤ ਲੋਗ ਏਸਦੀ ਪੂਜਾ ਕਰਨ ਲਗ ਪਏ, ਏਸਦੀ ਕਰਣੀ ਦੀ ਚਰਚਾ ਦੂਰ ਦੂਰ ਤੱਕ ਫੈਲ ਗਈ, ਪੋਥੀਆਂ ਵਿੱਚ ਲਿਖਿਆ ਹੈ ਚਾਰ ਮਵੱਕਲ ਬੀਰ ਹੋਰ ਅਨੇਕ ਭੂਤ ਪਰੇਤ ਬੰਦੇ ਦੇ ਤਾਬੇ ਹਨ ਜੋ ਬਿਨਾ ਬੈਲ ਹਰਟ ਚਲਾਕੇ ਬਗੀਚੇ ਨੂੰ ਸਿੰਜਦੇ ਹੋਏ ਹੋਰਭੀ ਅਨੇਕ ਕੰਮ ਕਰ ਰਹੇ ਹਨ ਨਾਲੇ ਇੱਕ ਪਲੰਘ ਸਜਾ ਤਜਾਕੇ ਫਕੀਰਾਂ ਦੀ ਪ੍ਰੀਖਿਆ ਵਾਸਤੇ ਰਖ ਛੱਡਦਾ ਹੈ ਜੋ ਕੋਈ ਸੰਤ ਆਉਂਦਾ ਹੈ, ਪਲੰਘ ਉਤੇ ਬਠਾਕੇ ਬੀਰਾਂ ਤੋਂ ਉਲਟਾ ਕਰਵਾ ਦੇਂਦਾ ਹੈ, ਫੇਰ ਹਸਕੇ ਸਾਧੂ ਨੂੰ ਸ਼ਰਮਿੰਦਾ ਕਰਦਾ ਹੈ। ਏਹੋ ਜੇਹੀ ਮਹਿਮਾ ਸੁਣਕੇ ਗੁਰੂ ਸਾਹਿਬ ਨੇ ਜਾ ਉਸਨੂੰ ਆਪਣਾ ਸੇਵਕ ਬਨਾਇਆ, ਪੰਜ ਤੀਰ ਅਪਨੇ ਭੱਥੇ ਵਿੱਚੋਂ ਬਖਸ਼ਕੇ ਬੀਸ ਪਚੀਸ ਸਿੰਘਾਂ ਸਮੇਤ ਜਿਸ ਪਰਕਾਰ ਉਸਨੂੰ ਸਿਖਯਾ ਦੇਕੇ ਤੋਰਿਆ ਹੈ, ਓਹ ਕਥਾ ਦਸਮੇਂ ਗੁਰੂ ਦੇ ਅੰਤਮ ਪਰਸੰਗ ਵਿੱਚ ਲਿਖ ਆਏ ਹਾਂ, ਇਸ ਕਰਕੇ ਏਥੇ ਨਹੀਂ ਲਿਖਦੇ।

## ਬੰਦੇ ਦਾ ਪੰਜਾਬ ਨੂੰ ਔਣਾਂ

ਜਦ ਬਾਬਾ ਬੰਦਾ ਬਹਾਦਰ ਸਾਉਣ ਮਹੀਨੇ ਸੰ:੧੭੬੪ ਬਿ: ਗੁਰੂ ਸਾਹਿਬ ਪਾਸੋਂ ਵਿਦਾ ਹੋਕੇ ਸਿੰਘਾਂ ਸਮੇਤ ਮੁਲਕ ਤਿਲੰਗ, ਗੋਡ, ਮਹਾਰਾਸ਼ਟਰ, ਲੰਘ ਕੇ ਬੰਦੇਲ ਖੰਡ ਵਿੱਚ ਪੁਜਿਆ,ਰਾਹ ਵਿੱਚ ਗੁਰੂ ਸਾਹਿਬਦੇ ਉਪਕਾਰ ਜੀਵਨ ਚਰਿਤਰ ਪਰਮ ਪਵਿੱਤ੍ਰ ਔਰਕਰਾਮਾਤਾਂ ਦੇ ਜੜਾਂ ਨਾਲਜੜੇ ਹੋਏ ਧਰਮ ਸੰਬੰਧੀ ਉਪਦੇਸ਼

Digitized by Panjab Digital Library | www.panjabdigilib.org

ਤੁਰਕਾਂ ਦੇ ਜ਼ੁਲਮ ਪਹਾੜੀ ਰਾਜਿਆਂ ਦੇ ਛਲ ਜਿਉਂ ਜਿਉਂ ਸੁਣਾਉਂਦੇ ਆਏ ਤਿਉਂ ਤਿਉਂ ਬੰਦਾ ਬਹਾਦਰ ਜ਼ੈਹਰੀ ਸੱਪ ਵਾਂਗੂੰ ਵਿਹੁਘੋਲਦਾ ਹੋਯਾ ਮੁਸਲਮਾਨਾਂ ਉਤੇ ਕ੍ਰੋਧ ਨਾਲ ਲਾਲੋ ਲਾਲ ਹੋ ਰਹਿਆ ਸੀ, ਤੇ ਘੜੀ ਮੁੜੀ ਕਦੇ ਮੁਛ ਪਰ ਕਦੇ ਸ਼ਮਸ਼ੇਰ ਤੇ ਹੱਥ ਧਰਦਾ ਸੀ, ਹੋਰ ਜੋ ਹਿੰਦੂਆਂ ਉਤੇ ਜੋ ਕੈਹਰ ਗੁਜ਼ਰਦੇ ਸਨ ਓਹ ਬੀ ਸੂਲਾਂ ਵਾਂਗੂੰ ਬੰਦੇ ਦੇ ਦਿਲ ਵਿੱਚ ਰੜਕਦੇ ਸੇ॥

## ਬੰਦੇ ਦੀ ਪ੍ਰੀਖਯਾ

ਇਕ ਦਿਨ ਐਨ ਜੰਗਲ ਵਿਚ ਰਸਤੇ ਆਉਂਦਿਆਂ ਸ਼ਿਖਾਂ ਨੇ ਏਸਦੀ ਪ੍ਰੀਖਯਾ ਕਰਨ ਵਾਸਤੇ ਖਰਚ ਮੰਗਿਆ। ਬੰਦੇ ਨੇ ਸਿੰਘਾਂ ਦਾ ਹਠ ਦੇਖਕੇ ਓਥੇ ਹੀ ਇਕ ਕੱਚੇ ਤਲਾ ਪਰ ਡੇਰਾ ਕਰ ਦਿਤਾ। ਕੁਦਰਤ ਨਾਲ ਗੁਰੂ ਕੇ ਪ੍ਰੇਰੇ ਹੋਏ ਲਬਾਣੇ ਸਿਖਾਂ ਦਾ ਟਾਂਟਾ ਆ ਪੁਜਿਆ ੫੦੦) ਪੰਜ ਸੌ ਰੁਪਯਾ ਜੋ ਓਨਾਂ ਪਾਸ ਗੁਰੂਕੇ ਦਸਵੰਧ ਦਾ ਸੀ, ਬੰਦੇਨੂੰ ਗੁਰੂ ਕਾ ਸਿਖ ਸਮਝਕੇ ਦੇ ਦਿਤਾ। ਬੰਦੇ ਨੇ ਭੀ ਓਸੇ ਵਕਤ ਸਿਖਾਂ ਨੂੰ ਵਰਤਾ ਦਿਤਾ ਆਪ ਕੁਛ ਨਾ ਰਖਿਆ। ਫੇਰ ਤਾਂ ਸਿੰਘਾਂ ਨੂੰ ਬੰਦੇ ਪਰ ਬਹੁਤ ਭਰੋਸਾ ਹੋ ਗਿਆ, ਅਨੇਕ ਪਿੰਡਾਂ ਨੂੰ ਲੁਟਦੇ ਖਸੋਟਦੇ ਬੁੰਦੇਲ ਪਿੰਡ ਵਿੱਚ ਪੁਜੇ ਤਾਂ ਸਿੰਘਾਂ ਨੇ ਆਖਿਆ, ਅਸੀ ਘਰਾਂ ਨੂੰ ਚਲੇ ਹਾਂ ਕੁਛ ਖਰਚ ਮਿਲ ਜਾਵੇ ਜੋ ਬਾਲ ਬੱਚਿਆਂ ਨੂੰ ਦੇ ਆਈਏ? ਬੰਦੇਨੇ ਭੀ ਗੁਰੂ ਦੇ ਬਚਨ ਅਜ਼ਮਾਉਨ ਵਾਸਤੇ ਜੋ ਉਨਾਂਨੇ ਆਗਯਾ ਕਰੀ ਸੀ ਕੇ ਜਦ ਕੋਈ ਔਕੜ ਬਨੇ ਤਾਂ ਪੰਜਾਂ ਸਿੰਘਾਂ ਤੋਂ ਅਰਦਾਸ ਕਰਾਕੇ ਕੰਮ ਕਰਨਾਂ, ਗੁਰੂ ਸਫਲਾ ਕਰੇਗਾ, ਫੇਰ ਖੀਸਾ ਸਾਡਾ ਤੇ ਹੱਥ ਤੁਹਾਡਾ ਸਾਫ ਨੀਤ ਨਾਲ ਵਰਤੋਗੇ ਮੁਕੇਗਾ ਨਹੀਂ,

ਏਹੋ ਕੰਮ ਕੀਤਾ। ਅਰਦਾਸਾ ਸੁਧਾਕੇ ਬੰਦਾ ਦੇਗ ਚੜ੍ਹਾਉਨ ਲਈ ਚੁੱਲਾ ਪੁਟਨ ਲਗਾ ਤਾਂ ਅਸ਼ਰਫੀਆਂ ਦੀ ਗਾਗਰ ਨਿਕਲ ਆਈ ਮੁਠੀ ਭਰ ਭਰਕੇ ਹਰ ਇਕ ਸਿਖ ਨੂੰ ਵੰਡ ਦਿਤੀਆਂ, ਫੇਰ ਤਾਂ ਸਿੰਘ ਬੀ ਓਸ ਉਤੇ ਕੁਰਬਾਨ ਹੋ ਗਏ ਅਰ ਓਸਤੋਂ ਅਪਨੀ ਫਤੇ ਦਾ ਭੀ ਪੱਕਾ ਭਰੋਸਾ ਹੋਗਿਆ॥

## ਬੰਦੇ ਦੀ ਅਜ਼ਮਤ ਤੇ ਧਾੜਵੀ ਜਿੱਤਨੇ

ਓਸ ਜਮਾਨੇ ਵਿਚ ਬਾਦਸ਼ਾਹੀ ਗਦਰ ਪੈ ਰਿਹਾ ਸੀ, ਇਕ ਪਿੰਡ ਦੂਜੇ ਨੂੰ ਲੁਟਨ ਮਾਰਨ ਉਤੇ ਲੱਕ ਬੰਨ੍ਹ ਰਿਹਾ ਸੀ, ਧਾੜਵੀ ਲੋਗ ਸ਼ਾਹੂਕਾਰਾਂ ਨੂੰ ਲੁਟਦੇ ਸੇ ਕੋਈ ਅਮਨ ਦੇਨ ਵਾਲਾ ਨਹੀਂ ਸੀ। ਇਕ ਦਿਨ ਜਿਸ ਪਿੰਡ ਆਕੇ ਉਤਰੇ ਉਸਨੂੰ ਲੁਟਨ ਵਾਸਤੇ ਹੋਰ ਕਈ ਪਿੰਡਾਂ ਦੇ ਧਾੜਵੀ ਆ ਰਹੇ ਸਨ, ਪਿੰਡ ਵਾਲੇ ਭਾਜੜਾਂ ਪਾ ਰਹੇ ਸਨ। ਬਾਬੇ ਬੰਦੇ ਨੇ ਓਨਾਂਨੂੰ ਬਹੁਤ ਧੀਰਜ ਦਿਤਾ ਅਰ ਆਖਿਆ, ਅਸੀ ਤੁਹਾਡੇ ਸਾਥ ਹਾਂ, ਪਰ ਓਹਨਾਂਨੂੰ ਭਰੋਸਾ ਨਾ ਹੋਇਆ ਤਦੋਂਨੂੰ ਧਾੜਵੀ ਆ ਪਹੁੰਚੇ। ਬੰਦੇ ਨੇ ਸਿਖਾਂ ਨੂੰ ਵੰਗਾਰਿਆ ਅਤੇ ਆਪ ਤੀਰਾਂ ਦੀ ਬੁਛਾੜ ਐਸੀ ਮਾਰੀ ਜੋ ਕਈ ਘੋੜੇ ਜੁਆਨ ਮੈਦਾਨ ਵਿੱਚ ਗਿਰਾਏ ਅਰ ਓਹ ਪਿੱਠ ਦਿਖਾ ਪਤਾ ਤੋੜ ਗਏ। ਸਿੰਘ ਭੀ ਤਲਵਾਰਾਂ ਖਿੱਚਕੇ ਓਨਾਂ ਦੇ ਪਿੱਛੇ ਐਸੇ ਪਏ ਕਿ ਅਨੇਕਾਂ ਨੂੰ ਮਾਰਕੇ ਓਹਨਾਂਦੇ ਘੋੜੇ ਖੋਹ ਲਜਾਂਦੇ। ਏਸ ਪ੍ਰਤਜਾਵੇ ਤੋਂ ਸਿੰਘਾਂ ਨੂੰ ਬੰਦੇ ਪਰ ਪੱਕਾ ਭਰੋਸਾ ਹੋਗਿਆ ਕਿ ਹੁਨ ਅਸੀ ਜਰੂਰ ਫਤੇ ਪਾਵਾਂਗੇ॥

## ਤੁਰਕਾਂ ਦੇ ਜ਼ੁਲਮ ਤੇ ਹਿੰਦੂ ਤੁਰਕਾਂ ਦਾ ਵਜ਼ਨ

ਹੁਣ ਜਿਉਂ ਜਿਉਂ ਪੰਜਾਬ ਵੱਨੀ ਵਧਕੇ ਆਏ ਤਿਉਂ

ਤਿਉਂ ਅਨੇਕ ਲੋਕ ਧਾੜਵੀ ਬਹਾਦਰ ਬੰਦੇ ਦੀਆਂ ਅਜਮਤਾਂ ਸਿੰਘਾਂ ਤੋਂ ਸੁਣ ਸੁਣਕੇ ਏਨਾਂਦੇ ਸਾਥੀ ਹੁੰਦੇ ਗਏ ਅਤੇ ਬਾਬੇ ਬੰਦੇ ਨੇ ਭੀ ਏਹ ਬਾਤ ਨਿਸਚੇ ਕਰ ਲੀਤੀ ਸੀ ਕਿ ਐਸਾ ਕੌਣ ਹੈ ਜੋ ਸਹਾਇਤਾ ਪਾਕੇ ਅਪਨੇ ਵੈਰੀ ਤੋਂ ਵੈਰ ਨਾ ਲਵੇ? ਮੁਸਲਮਾਨਾਂ ਦੇ ਜ਼ੁਲਮ ਕਿਸ ਹਿੰਦੂ ਨੂੰ ਕੰਡੇ ਵਾਗੂੰ ਨਹੀਂ ਰੜਕਦੇ? ਜਦ ਜ਼ਾਲਮਾਂ ਤੁਰਕਾਂ ਨੇ ਕਿਸੇ ਹਿੰਦੂ ਦੀ ਭੀ ਇਜਤ ਨਹੀਂ ਛਡੀ ਅਤੇ ਕਿਸੇ ਦੀ ਬਹੂ ਬੇਟੀ ਅਛੂਤ ਨਹੀਂ ਛਡੀ ਓਹ ਕੌਣ ਹੈ ਜੋ ਐਸੀ ਬੇਈਮਾਨ ਕੌਮ ਉਤੇ ਘ੍ਰਿਣਾ ਕਰਕੇ ਬਦਲਾ ਲੈਣਾ ਨਹੀਂ ਚਾਹੁੰਦਾ? ਭਾਈ ਸਿਖੋ! ਜਦ ਅਸੀ ਛੇੜ ਛੇੜੀ ਤਾਂ ਜਰੂਰ ਹਿੰਦੂਆਂ ਦੇ ਭੀ ਦਿਲ ਵਿਚ ਲਾਗ ਦੀ ਅੱਗ ਜਰੂਰ ਭੜਕ ਉਠੇਗੀ, ਕੁਛ ਲੁਟਦਾ ਲਾਲਚ ਹੇਤੂ, ਕੁਝ ਵੈਰੀਆਂ ਤੋਂ ਵੈਰ ਲੈਣ ਨੂੰ ਸਾਡੇ ਵੰਗਾਰੇ ਹੋਏ ਹਿੰਦੂ ਸੂਰਬੀਰ ਭਾਈ ਕਿਉਂ ਨਾ ਜ਼ਾਲਮਾਂ ਦੇ ਜ਼ੁਲਮ ਦਾ ਬਦਲਾ ਲੈਨਗੇ? ਸਾਨੂੰ ਯਕੀਨ ਹੈ ਕਿ ਜਰੂਰ ਉਛਲ ਪੈਨਗੇ। ਜਿਨਾਂ ਦੁਸ਼ਟਾਂ ਨੇ ਸਤਵੰਤੀਆਂ ਦੇ ਸਤ ਤੋੜੇ ਹਨ, ਕੁੜੀਆਂ ਮੁੰਡੇ ਫੜਕੇ ਗੁਲਾਮ ਬਨਾ ਰਖੇ ਹਨ, ਅਤੇ ਹਿੰਦੂਆਂ ਨੂੰ ਭੇਡਾਂ ਬੱਕਰੀਆਂ ਦੀ ਤਰਾਂ ਕੋਹਿਆ ਹੈ ਤੇ ਬੜੇ ਬੜੇ ਜੇਜੀਏ ਹਿੰਦੂਆਂ ਪਰ ਲਾ ਰਖੇ ਹਨ, ਸੁਆਦਲੀ ਚੀਜ ਖਾਣੀ ਨਹੀਂ ਮਿਲਦੀ, ਜਿਨਾਂ ਦੇ ਲਹੂ ਨਾਲ ਤੁਰਕ ਨਹਾ ਰਹੇ ਹਨ ਕਿਆ ਓਹ ਬਹਾਦਰ ਹਿੰਦੂ ਮਨ ਵਿਚ ਵਿਹੁ ਨਹੀਂ ਘੋਲਦੇ ਹੋਨਗੇ? ਬੇਸ਼ਕ! ਵੈਰੀਆਂ ਦੇ ਲਹੂ ਪੀਨ ਦਾ ਅਵਸਰ ਵੇਖਦੇ ਹਨ, ਮੌਕਾ ਪਾਕੇ ਜਰੂਰ ਅਪਨੇ ਹਥ ਦਿਖਾਉਨਗੇ। ਜਿਨਾਂ ਨੂੰ ਲੁਟ ਪੁਟਕੇ ਮੁਸਲਮਾਨਾਂ ਨੇ ਟੁਕੜੇ ਤੋਂ ਲਾਚਾਰ ਕਰ ਛਡਿਆ ਹੈ ਤੇ ਮਿਟੀ ਦੇ ਭਾਂਡੇ ਬਿਨਾਂ ਹੋਰ ਕੁਛ ਨਹੀਂ ਰੈਹਣ ਦਿਤਾ, ਕੀ ਓਹ ਹਿੰਦੂ ਤੁਰਕਾਂ

Digitized by Panjab Digital Library | www.panjabdigilib.org

ਦੇ ਘਰ ਲੁਟਨ ਨੂੰ ਖੜੇ ਨਾ ਹੋਨਗੇ। ਜਿਨਾਂ ਦੇ ਬੜੇ ਬੜੇ ਕੀਮਤੀ ਮੰਦਰ ਤੋੜਕੇ ਮੂਰਤਾਂ ਫੋੜ ਫੋੜ ਫਰਸ਼ ਕਰਾਕੇ ਓਨਾਂ ਉਤੇ ਹਰ ਰੋਜ ਹਿੰਦੂ ਕਤਲ ਕੀਤੇ ਜਾਕਰ ਕੁੱਤਿਆਂ ਨੂੰ ਖਵਾਏ ਜਾਂਦੇ ਹਨ, ਕੀ ਓਹ ਵੈਰੀਆਂ ਦੇ ਪੁੱਤਾਂ ਪੋਤ੍ਰਿਆਂ ਤੋਂ ਬਦਲਾ ਲੈਣ ਨੂੰ ਨਾਂ ਖੜੇ ਹੋਨਗੇ ? ਐਸੀਆਂ ਐਸੀਆਂ ਨਸੀਹਤਾਂ ਉਪਦੇਸ਼ ਬੰਦਾ ਬਹਾਦਰ ਹਿੰਦੂਆਂ ਤੇ ਸਿੰਘਾਂ ਨੂੰ ਦੇਕਰ ਸੂਰਬੀਰਤਾ ਦਾ ਕ੍ਰੋਧ ਚੜ੍ਹਾ ਰਿਹਾ ਸੀ ਅਤੇ ਜੋ ਆਉਂਦਾ ਸੀ ਓਸੇ ਨੂੰ ਬਡੇ ਪ੍ਰੇਮ ਨਾਲ ਮਿਲਾਈ ਜਾਂਦਾ ਸੀ, ਨਾਲੇ ਓਸ ਵੇਲੇ ਨੁਰੰਗੇ ਦੇ ਮਰਨੇ ਕਰ ਓਸਦੇ ਪੁਤ੍ਰਾਂ ਵਿਚ ਲੜਾਈ ਵੈਰ ਬਹੁਤ ਵਧ ਰਹੇ ਸਨ। ਮੁਲਕ ਵਿਚ ਰਾਜ ਰੌਲਾ ਪੈਨੇ ਕਰ ਹਾਕਮ ਆਪਨੇ ਆਪਨੇ ਠਿਕਾਣੇ ਕੇਵਲ ਆਪਨੀ ਜਾਨ ਮਾਲਦੇ ਬਚਾਓ ਵਿਚ ਰੁਕੇ ਹੋਏ ਸੇ, ਇਕ ਤਾਂ ਏਸ ਭਾਂਤ ਬੀ ਬੰਦੋਬਸਤ ਟੁਟ ਰਿਹਾ ਸੀ, ਦੂਸਰੇ ਬੰਦੇ ਦੀਆਂ ਕਰਾਮਾਤਾਂ ਸੁਨ ਸੁਨਕੇ ਮੁਸਲਮਾਨ ਕੋਈ ਮੁਕਾਬਲੇ ਤੇ ਨਹੀਂ ਆ ਸਕਦਾ ਸੀ; ਏਸੇ ਕਰਕੇ ਵਡੇ ਪਿੰਡਾਂ ਵਾਲੇ ਛੋਟੇ ਪਿੰਡਾਂ ਦੀ ਤੇ ਧਨੀ ਲੋਗਾਂ ਦੀ ਲੁਟ ਖਸੋਟ ਕਰ ਰਹੇ ਸੇ ॥

## ਧਾੜਵੀ ਮਾਰੇ ਪਿੰਡ ਬਚਾਨਾਤੇ ਬੰਦੇ ਦਾ ਪ੍ਰਤਾਪ

ਹੁਣ ਏਹ ਭੀ ਲੁਟਦੇ ਖਸੋਟਦੇ ਹੋਏ ਜਦ ਮਥਰਾ ਦੇ ਇਲਾਕੇ ਆਕੇ ਇਕ ਪਿੰਡ ਉਤਰੇ ਅਗੇ ਓਹ ਬਿਆਕੁਲ ਹੋਕੇ ਉਜੜੇ ਜਾ ਰਹੇ ਸੇ, ਏਨਾਂ ਨੇ ਓਨਾਂ ਨੂੰ ਦੁਖੀਏ ਦੇਖਕੇ ਧੀਰਜ ਦਿਤਾ ਅਤੇ ਸਹਾਇਤਾ ਕਰਨੇ ਦਾ ਵਾਇਦਾ ਕੀਤਾ, ਤਾਂ ਭੀ ਓਹ ਧੀਰਜੀ ਨਾ ਹੋਏ, ਪਰ ਧਰਵਾਸ ਏਨਾਂ ਦਾ ਓਨਾਂ ਨੂੰ ਹੋ ਗਿਆ, ਤਦੋਂ ਨੂੰ ਸੰਝ ਪਈ, ਇਕ ਵਡਾ ਭਾਰੀ ਲਸ਼ਕਰ ਲੁਟੇਰਿਆਂ ਦਾ ਆ ਪੁਜਿਆ। ਬੰਦੇ ਬਹਾਦਰ ਨੇ ਸਿੰਘਾਂ ਨੂੰ

Digitized by Panjab Digital Library | www.panjabdigilib.org

ਸਾਥ ਲੈ ਅਗੋਂ ਹੋਕੇ ਤੀਰਾਂ ਬੰਦੂਕਾਂ ਦੀ ਐਸੀ ਝਾੜ ਝਾੜੀ ਕਿ ਬਹੁਤ ਸਾਰੇ ਮਾਰੇ ਗਏ ਬਾਕੀ ਦੇ ਨਸ ਉਠੇ। ਸਚ ਹੈ ਲੈਣੇ ਦੇ ਦੇਣੇ ਆ ਗਏ। ਸਿੰਘਾਂ ਨੇ ਓਨਾਂ ਦੇ ਘੋੜੇ ਸਾਂਭ ਲਏ ਫੇਰ ਤਾਂ ਸਾਰਾ ਹੀ ਪਿੰਡ ਬੰਦੇ ਦਾ ਸੇਵਕ ਬਨ ਗਿਆ ਅਤੇ ਕਈ ਦਿਨ ਇਨਾਂ ਨੂੰ ਠਹਰਾਕੇ ਸੇਵਾ ਕੀਤੀ, ਸੇਲੇ, ਤਲਵਾਰਾਂ, ਤੋੜੇ ਦਾਰਾਂ ਤੇ ਛਵੀਆਂ ਲੈਕੇ ਸਾਥ ਬੰਦੇ ਦੇ ਹੋਗਏ॥

## ਬਾਬਾ ਬੰਦਾ ਸੇਹਰ ਖੰਡੇ ਪਿੰਡ ਆਇਆ ਤੇ ਸਿੰਘਾਂ ਨੂੰ ਸੱਦਨਾ

ਏਸੇ ਭਾਂਤ ਸੈਲ ਸ਼ਿਕਾਰ ਕਰਦੇ ਹੋਏ ਪਰਗਨੇ ਖਰਖੋਡ ਸ਼ੈਹਰ ਖੰਡੇ ਪਿੰਡ ਦਿੱਲੀ ਤੋਂ ਬੀਸ ਮੀਲ ਬੰਦੇ ਨੇ ਆ ਡੇਰਾ ਜਮਾਇਆ। ਬਾਬਾ ਖਿਨੋਦ ਸਿੰਘ ਤਿਹਨ ਬਾਬਾ ਕਾਹਨ ਸਿੰਘ ਭੁੱਲਾ ਭਾਈ ਬਾਜ ਸਿੰਘ ਰਾਮ ਸਿੰਘ ਬਲ ਜਿਮੀਂਦਾਰ ਮੀਰਪੁਰ ਪੱਟੀ ਦੇ ਰੈਹਨ ਵਾਲੇ ਮਝੈਲ ਔਰ ਤਖਤਾ ਸਿੰਘ, ਛਖਤਾ ਸਿੰਘ ਵਗੈਰੇ ਕੈਬੋਂ ਵਾਲੀਏ ਮਲਵਈ ਏਨਾਂ ਨਾਲ ਗੁਰਮਤਾ ਕਰਕੇ ਬਾਬੇ ਬੰਦੇ ਮਾਝੇ ਦੁਆਬੇ ਦੜਪ ਮਾਲਵੇ ਦੇਸ ਵਿੱਚ ਚਿੱਠੀਆਂ ਹੁਕਮ ਨਾਮੇਂ ਸਿਖਾਂ ਨੂੰ ਭੇਜ ਦਿੱਤੇ; ਇਹ ਲਿਖਿਆ॥ ਚੌਪਈ॥ "ਲਿਖੇ ਪਤ੍ਰ ਸਿੰਘਨ ਕੋ ਬੰਦੇ। ਸੇਹਰ ਖੰਡਿਓਂ ਬੈਠ ਸੁਛੰਦੇ।ਪੈਹਲੇ ਮਾਨੋ ਫਤੇ ਬਸੇਸ। ਫੇਰ ਪੜ੍ਹੋ ਪੱਤ੍ਰ ਭਲ ਏਸ। ਗੁਰ ਸਿੱਖ ਆਵੇ ਦੇਰ ਨਾ ਲਾਵੇ। ਤੁਰਕਨ ਕੀ ਜੜ ਮੂਲ ਉਠਾਵੇ। ਮੈਨੂੰ ਭੇਜਿਓ ਕਾਰਜ ਏਸ। ਜਗਤ ਗੁਰੂ ਸਾਹਿਬ ਦਸਮੇਸ। ਸਾਹਿਬ ਜ਼ਾਦਿਓਂ ਕਾ ਲੇਹੁ ਬੈਰ। ਹਤੋ ਵਜ਼ੀਦੇ ਕੋ ਕਰ ਜੈਰ।ਫੇਰ ਗਿਰੋਸਨ ਕੋ ਮੈਂ ਜੀਤ।

Digitized by Panjab Digital Library | www.panjabdigilib.org

ਰਾਜ ਸਿੰਘਨ ਕਾ ਠਟੋਂ ਅਭੀਤ। ਹਾਲ ਕਰੋਂ ਵੈਰਨ ਕਾ ਮੰਦਾ। ਤਬੈ ਪਛਾਨਿਓਂ ਮਹੁ ਗੁਰ ਬੰਦਾ। ਇਸ ਮੈਂ ਜਰਾ ਕੂਰ ਨਾ ਥੈਹੈ। ਮਿਲੋ ਆਇ ਹਮ ਸੰਗ ਅਬੈਹੈ। ਇਤਕ ਵਾਰਤਾ ਲਿਖ ਕੇ ਬੰਦੇ। ਔਰ ਹੁਕਮ ਨਾਮੇ ਗੁਰ ਸੰਦੇ। ਜੋ ਨਦੇੜ ਤੇਂ ਥੇ ਗੁਰ ਦੀਏ। ਸੋ ਸਭ ਤਬੈ ਰਵਾਨੇ ਕੀਏ। ਦੇਸ ਦੇਸ ਪਿੰਡ ਸੋ ਗਏ। ਗੁਰਕੇ ਸਿੱਖੋਂ ਨੇ ਮੰਨ ਲਏ। ਭਏ ਤਿਆਰ ਆਵਨ ਕੇ ਤਾਈਂ। ਲਏ ਸੰਭਾਰ ਹਥਜਾਰ ਤੁਦਾਈਂ। ਗਊਂ ਭੈਂਸ ਘਰ ਵੇਚ ਜਮੀਨ। ਬਹੁ ਸਿੰਘੋਂ ਨੇ ਘੋੜੇ ਲੀਨ। ਬੰਦੇ ਕੀ ਦਿਸ ਜਬ ਮਿਲ ਚਾਲੇ। ਤੁਰਕਨ ਪਾ ਏਹੁ ਖਬਰ ਬਸਾਲੇ। ਪਤਨ ਰੋਕ ਲਏ ਦਰਿਆਵਨ। ਸੜਕਾਂ ਪਰ ਭੀ ਮਿਲੈ ਨਾ ਜਾਵਨ। ਤਬ ਮਾਝੇ ਦੇ ਸਿੰਘਨ ਐਸ। ਕਰੋ ਬਚਾਰ ਜਾਓ ਹਮ ਕੈਸ। ਸਿਦਕੀ ਰਾਤ ਬਰਾਤੇ ਮਿਲਕੈ। ਗਏ ਪਹਾੜਨ ਕੀ ਦਿਸ ਹਿਲਕੈ। ਲੁਕ ਛਿਪਕੈ ਸੋ ਪੁਰ ਆਨੰਦ। ਪਹੁੰਚੇ ਕੀਰਤ ਪੁਰਹਿ ਸੁਛੰਦ"

## ਮਲਵਈ ਸਿਖਾਂ ਦਾ ਆਵਨਾ

ਬੰਦੇ ਬਹਾਦਰ ਦੇ ਹੁਕਮ ਨਾਮਿਆਂ ਦੇ ਆਉਂਦਿਆਂ ਹੀ ਮਾਲਵੇ ਦੇ ਸਿਦਕੀ ਸਿਖ ਘੋੜੇ ਹਥਿਆਰ ਔਰ ਖਰਚ ਲੈਕੇ ਬੰਦੇ ਦੀ ਤਰਫ ਚਲ ਪਏ। ਸਭਤੋਂ ਪੈਹਲੇ ਭਾਈ ਭਗਤੂ ਦਾ ਪੋਤਾ ਫਤੇ ਸਿੰਘ ਵੀਹ ਅਸਵਾਰ ਲੈਕੇ ਹਾਜਰ ਜਾ ਹੋਇਆ। ਭਾਈ ਰੂਪੇਕੇ ਪੋਤ੍ਰ ਕਰਮ ਸਿੰਘ, ਧਰਮ ਸਿੰਘ ਭੀ ਅਪਨੇ ਸਾਥੀਆਂ ਸਮੇਤ ਜਾ ਪੁਜੇ, ਫੂਲਕੇ ਰਾਮ ਸਿੰਘ, ਤਲੋਕ ਸਿੰਘ, ਭਾਵੇਂ ਆਪ ਤਾਂ ਨਾ ਗਏ, ਪਰ ਅਪਨੇ ਆਦਮੀ ਨੌਕਰ ਰਖਕੇ ਕੁਛ ਸਾਕ ਸਬੰਧ ਖਰਚ ਦੇਕੇ ਤੋਰ ਦਿਤੇ, ਕਜੋਂਕਿ ਏਹ ਸਭ ਤੋਂ ਵਡੇ ਚੌਧਰੀ ਫੂਲ ਦੀ ਸੰਤਾਨ ਮਸ਼ਹੂਰ ਸ਼ਾਹੀ ਦਰਬਾਰ ਵਿਚ

Digitized by Panjab Digital Library | www.panjabdigilib.org

ਮੰਨੇ ਦੰਨੇ ਹੋਏ ਇਜ਼ਤ ਵਾਲੇ ਸੇ, ਏਹੋ ਰਾਜ ਰੌਲੇ ਵਿਚ ਜੈਸੇ ਅੰਨ੍ਹੇਰੀ ਦੇ ਵਡੇ ਬ੍ਰਿਛਾਂ ਨੂੰ ਤੋੜਨ ਵਾਗੂੰ ਜਿਤਨਾ ਨੁਕਸਾਨ ਵਡੇ ੨ ਆਦਮੀਆਂ ਨੂੰ ਹੁੰਦਾ ਹੈ, ਹੋਰਨਾਂ ਨੂੰ ਨਹੀਂ ਹੁੰਦਾ। ਅਤੇ ਲਾਭ ਭੀ ਬਡੇ ਹੀ ਉਠਾਉਂਦੇ ਹਨ, ਰਾਮ ਸਿੰਘ ਤਲੋਕ ਸਿੰਘ ਸੋਚਦੇ ਸਨ ਕਿ ਜੇ ਕਦੇ ਏਹ ਪੁਰਸ਼ਾਰਥ ਸਿੰਘਾਂ ਨੂੰ ਪੁੱਠਾ ਪੈ ਗਿਆ ਤਾਂ ਹੋਰਨਾਂ ਦਾ ਤਾਂ ਕੁਝ ਨਹੀਂ ਖੁਸਣਾ ਬਹੁਤ ਹੋਊ ਤਾਂ ਵਸੋਂਦਾ ਪਿੰਡ ਛਡਕੇ ਦੂਜੇ ਕਿਸੇ ਹੋਰ ਪਿੰਡ ਜਾ ਬੈਠਣਗੇ, ਸਾਡੀ ਪੀੜ੍ਹੀਆਂ ਦੀ ਚੌਧਰਾਇਤ ਮਾਂਨ ਵਡਾਈ ਸਬ ਜਾਂਦੀ ਰਹੂ, ਏਸ ਕਰਕੇ ਏਹ ਦੋਵੇਂ ਭਾਈ ਨਾ ਗਏ। ਤਦੋਂ ਹੋਰ ਭੀ ਜਿਤਨੇ ਸਿਖ ਏਸ ਧਰਮ ਜੁਧ ਵਿਚ ਆਏ ਸਨ, ਓਨਾਂ ਵਿਚੋਂ ਐਸੀ ਦਲੀਲ ਪੱਕੀ ਕਿਸੇ ੨ ਦੀ ਸੀ ਕਿ ਅਸੀ ਧਰਮ ਜੰਗ ਵਿਚ ਵੈਰੀਆਂ ਨੂੰ ਮਾਰਕੇ ਸ਼ਹੀਦ ਹੋਣ ਆਏ ਹਾਂ। ਲੁਟਦਾ ਧਨ ਲੈਣਾ ਸਬ ਚਾਹੁੰਦੇ ਸਨ। ਦੌਲਤ ਵਾਸਤੇ ਹੀ ਮਰਾਭਕੇ ਬਹੁਤ ਆਦਮੀ ਆਏ ਸਨ, ਪਰ ਤਾਂ ਬੀ ਮਾਲਵੇ ਦੇ ਨਾਮੀ ੨ ਧਾੜਵੀ ਬਹਾਦਰ ਬਹੁਤ ਲੋਗ ਬੰਦੇ ਪਾਸ ਆ ਪੁਜੇ ਸੇ। ਇਕ ਕੋਟ ਕਪੂਰੇ ਵਾਲਾ ਕਪੂਰਾ ਨਹੀਂ ਆਯਾ ਸੀ, ਓਸਨੇ ਤਾਂ ਗੁਰੂ ਜੀ ਨੂੰ ਭੀ ਮੰਗੀ ਗੜ੍ਹੀ ਨਹੀਂ ਦਿਤੀ ਸੀ, ਓਹ ਕਿਕੂੰ ਆਉਂਦਾ, ਦੂਸਰਾ ਕਪੂਰੇ ਨੂੰ ਆਪਣੇ ਗਵਾਂਢੀ ਦੁਸ਼ਮਣ ਈਸੇ ਖਾਂ ਦਾ ਭੀ ਡਰ ਸੀ ਜੋ ਹਮੇਸ਼ ਏਸ ਨਾਲ ਲੜਦਾ ਰੈਂਹਦਾ ਸੀ, ਤੀਸਰੇ ਓਸਨੂੰ ਸਿੰਘਾਂ ਦੀ ਜਿਤ ਹੋਣ ਦਾ ਬੀ ਪੱਕਾ ਭਰੋਸਾ ਨਹੀਂ ਸੀ ਹੋਰ ਬੈਰਾੜ ਸੈਂਕੜੇ ਆਗਏ, ਜਿਨਾਂ ਨੂੰ ਭਰੋਸਾ ਸੀ ਓਹ ਆਲਾ ਸਿੰਘ ਹਮੀਰ ਸਿੰਘ, ਗੁਰਦਿਤ ਸਿੰਘ ਸੁਖਚੈਨ ਸਿੰਘ ਵਗੈਰੇ ਨਾਮੀ ਲੋਕਾਂ ਨੇ ਭੀ ਅਪਨੇ ਅਪਨੇ ਆਦਮੀ ਨੌਕਰ ਭੇਜਕੇ ਮਨ ਤਨ ਧਨ ਕਰਕੇ ਬਹੁਤ ਸੇਵਾ

Digitized by Panjab Digital Library | www.panjabdigilib.org

ਸਹਾਇਤਾ ਕੀਤੀ ਆਪ ਤਾਂ ਨਾ ਗਏ ਏਸ ਮੁਲਕ ਦੇ ਮੁਖੀਏ ਚੌਧਰੀ ਇਜ਼ਤ ਵਾਲੇ ਸੇ, ਏਸੇ ਭਾਂਤ ਭਾਈ ਬੈਲੋ ਕੇ ਦੇਸ ਰਾਜ ਵਰਗੇ ਗਰੇਵਾਲ, ਧਧਾਲੀ ਵਾਲ, ਚਾਹਿਲ,ਭੁਲਰ,ਮਾਹਿਲ, ਬੈਰਾੜ, ਸੂਰਾ, ਬੀਰ ਜੋ ਬੜੇ ਮਸ਼ਹੂਰ ਧਾੜਵੀ ਸੇ ਅਨੇਕਾਂ ਨੂੰ ਲੈਕੇ ਚਲੇ ਆਏ। ਜੀਊਨ ਸਿੰਘ ਰੰਧਾਵਾ, ਨਗਾਹਾ ਸਿੰਘ, ਚੂਹੜ ਸਿੰਘ ਦੁਲਟ, ਗਰਜ ਕੀ ਜੋ ਬਹਾਦਰ ਆਦਮੀ ਮਾਲਵੇ ਦੇ ਸਨ, ਸਬ ਬੰਦੇ ਪਾਸ ਪਹੁੰਚ ਗਏ।

## ਸਲੌਦੀ ਵਾਲੇ ਸਿੰਘ ਆਏ

ਓਸੇ ਸਮੇਂ ਆਲੀ ਸਿੰਘ, ਮਾਲੀ ਸਿੰਘ, ਗੁਰਦਿਆਲ ਸਿੰਘ, ਸੂਬਾ ਸਿੰਘ ਆਦਿਕ ਮਾਨਸਾਹੀਏ ਜ਼ਿਮੀਂਦਾਰ ਜੋ ਸੂਬੇ ਸਰਹੰਦ ਦੇ ਪਾਸ ਨੌਕਰ ਸੇ, ਜਿਨਾਂ ਦੀ ਸੰਤਾਨ ਹੁਣ ਪਰਗਨੇ ਖੰਨੇ ਸਲੌਦੀ ਪਿੰਡ ਵਿਚ ਹੈ, ਜਦ ਓਹ ਬੰਦੇ ਦੀਆਂ ਬਾਤਾਂ ਕਰਦੇ ਵਜੀਦ ਖਾਂ ਨੇ ਸੁਨੇ ਤਾਂ ਆਖਿਆ ਹੁਨ ਤੁਮਾਰਾ ਗੁਰੂ ਇਕ ਬੰਦਾ ਨਾਮ ਦਸਮੇ ਗੁਰੂ ਦੇ ਪੁਤ੍ਰਾਂ ਦਾ ਵੈਰ ਲੈਨ ਆਇਆ ਹੈ, ਅਸਾਂ ਓਸਨੂੰ ਤਾਂ ਦੇਸੋਂ ਕਢਿਆ ਹੈ ਏਸਨੂੰ ਦੀਨ ਦੁਨੀਆਂ ਦੋਹਾਂ ਤੋਂ ਕੱਢਾਂਗੇ, ਤੁਸੀ ਜਾਣਾ ਹੈ ਤਾਂ ਜਾਓ ਤੇ ਓਸਨੂੰ ਲੈ ਆਓ। ਸਿੰਘਾਂ ਨੇ ਆਖਿਆ ਸਾਡੀ ਤਨਖਾਹ ਮਿਲ ਜਾਵੇ ? ਸੂਬੇ ਨੇ ਉਲਟਾ ਕੈਦ ਕਰ ਦਿਤੇ, ਸਿਖਾਂ ਨੇ ਮੰਨਤ ਕੀਤੀ ਕਿ ਜੇ ਤੂੰ ਗੁਰੂ ਕਾ ਬੰਦਾ ਸੱਚਾ ਹੈਂ ਤਾਂ ਸਾਨੂੰ ਏਥੋਂ ਕੱਢ ਲੈ। ਲਿਖਿਆ ਹੈ ਕਿ ਓਨਾਂ ਦੀਆਂ ਬੇੜੀਆਂ ਓਸੇ ਵਕਤ ਝੜ ਗਈਆਂ, ਪੈਹਰੂ ਸੌਂ ਗਏ, ਦਰਵਾਜਾ ਖੁਲ੍ਹ ਗਿਆ, ਸਿਖ ਬੰਦੇ ਨੂੰ ਜ਼ਾਹਰਾ ਪੀਰ ਸਮਝਕੇ ਓਧਰੇ ਤੁਰ ਪਏ। ਓਸ ਸਮੇਂ ਸਰਕਾਰੀ ਬੰਦੋਬਸਤ

Digitized by Panjab Digital Library | www.panjabdigilib.org

ਜੇਲਖਾਨੇ ਦਾ ਹੁਨ ਜੇਹਾ ਨਹੀਂ ਸੀ ਕਈ ਦਰੋਗੇ ਨਾਲ ਮਿਲਕੇ ਕੁਛ ਦੇਕੇ ਔਰ ਕਈ ਬੇੜੀਆਂ ਕਟਕੇ ਨਿਕਲ ਜਾਇਆ ਕਰਦੇ ਸਨ, ਬਲਕੇ ਹੁਨ ਭੀ ਨਿਕਲ ਜਾਂਦੇ ਹਨ, ਜਾਂ ਦਿਨ ਚੜੇ ਰਪੋਟ ਹੋਈ, ਵਜੀਦਖਾਂ ਨੇ ਅਸਵਾਰ ਦੁੜਾਏ, ਪਰ ਓਹ ਸਿੰਘ ਦੂਰ ਨਿਕਲ ਗਏ, ਹਥ ਨਾ ਆਏ, ਏਸ ਬਾਤ ਨੂੰ ਕਰਾਮਾਤ ਮੰਨਕੇ ਏਹੋ ਸਿਖ ਪਹਲੇ ਬੰਦਈ ਹੋਏ ਹਨ ਤਾਂਹੀ ਓਨਾਂ ਦੀ ਸੰਤਾਨ ਹੁਨ ਤਕ ਬੰਦੇ ਨੂੰ ਮੰਨਦੀ ਹੈ। ਜਦ ਚਾਰਕ ਸੌ ਸਿੰਘ ਸੂਰਬੀਰ ਬੰਦੇ ਪਾਸ ਬਾਂਗਰ ਦੇਸ ਵਿਚ ਜਾ ਕੱਠਾ ਹੋਯਾ, ਤਾਂ ਬੰਦੇ ਸਾਹਿਬ ਦਾ ਭੀ ਹੌਸਲਾ ਵਧ ਗਿਆ।

## ਬੰਦੇ ਨੇ ਖਜ਼ਾਨਾ ਲੁਟਨਾ

ਓਸੇ ਸਮੇਂ ਓਸ ਦੇਸ ਦੇ ਸਬ ਧਾੜਵੀਆਂ ਨੂੰ ਖਬਰ ਕਰ ਦਿਤੀ ਕਿ ਜਿਸ ਨੇ ਸਮਾਨੇ ਨੂੰ ਲੁਟਣਾ ਹੋਵੇ ਸੋ ਫਗਨ ਵਦੀ ਪੰਚਮੀ ਨੂੰ ਉਥੇ ਪਹੁੰਚ ਜਾਵੇ। ਏਹ ਆਵਾਜ਼ਾ ਦੇਕੇ ਬੰਦਾ ਓਥੋਂ ਚੜ ਬੈਠਾ ਤੇ ਰਸਤੇ ਵਿਚ ਮੁਸਲਮਾਨਾਂ ਦੇ ਅਨੇਕ ਪਿੰਡ ਲੁਟਦਾ ਹੋਇਆ ਕੈਂਥਲ ਦੇ ਪਾਸ ਪੁਜਿਆ ਖਬਰ ਲਗੀ ਕਿ ਬਾਦਸ਼ਾਹੀ ਖਜ਼ਾਨਾ ਮਾਲਵੇ ਦੇਸ ਦਾ ਉਗਰਾਹੀ ਹੋਕਰ ਦਿਲੀ ਨੂੰ ਜਾਂਦਾ ਹੈ, ਅਜ ਬਹੁਨੇ ਪਿੰਡ ਠੈਹਰੇਗਾ। ਓਸੇ ਵਕਤ ਸਿੰਘਾਂ ਨੇ ਫੜ ਵਾਗਾਂ ਲਈਆਂ, ਖਜਾਨੇ ਉਤੇ ਛਾਪਾ ਮਾਰਕੇ ਰਖਵਾਲੇ ਵਢ ਟੁਕ ਕੇ ਭਜਾ ਦਿਤੇ, ਖਜਾਨਾ ਲੁਟ ਲਿਆ ਅਤੇ ਬੰਦੇ ਅਗੇ ਲਿਆ ਰਖਿਆ ਜੋ ਉਸਨੇ ਇਕੋ ਜਿਹਾ ਸਬ ਨੂੰ ਵਰਤਾ ਦਿਤਾ, ਆਪ ਕੁਛ ਨ ਰਖਿਆ ਏਸ ਗੱਲੋਂ ਸਿਖ ਅਰ ਧਾੜਵੀ ਖੁਸ਼ ਹੋਕੇ ਮਰਨ ਮਾਰਨ ਨੂੰ ਤਿਆਰ ਹੋ ਬੈਠੇ, ਸਗਨ ਚੰਗਾ

Digitized by Panjab Digital Library | www.panjabdigilib.org

ਹੋਇਆ ਪਹਲੇ ਫਤੇ ਪਾਈ ਸਿੱਖਾਂ ਦੇ ਦਿਲ ਵੱਧ ਗਏ।

ਭਾਵੇਂ ਕੈਂਬਲ ਦੇ ਹਾਕਮ ਨੇ ਪਿੱਛਾ ਤਾਂ ਕੀਤਾ, ਪਰ ਕੁਛ ਪੇਸ਼ ਨਾ ਗਈ, ਸਗੋਂ ਕਈ ਘੋੜੇ ਤੇ ਆਦਮੀ ਦੇ ਆਇਆ। ਉਸ ਸਮੇਂ ਕੈਂਬਲ, ਪਨਾਮ, ਹਿਸਾਰ, ਸ਼ਾਹਬਾਦ ਆਦਿਕ ਨਗਰਾਂ ਵਿੱਚ ਆਮਲ ਰਿਹਾ ਕਰਦੇ ਸੇ ਜੋ ਅਜ ਕਲ ਦੇ ਕਮਿਸ਼ਨਰਾਂ ਦੇ ਬਰਾਬਰ ਤਾਕਤ ਰਖਦੇ ਸੇ ਔਰ ਸੂਬੇ ਦੇ ਤਾਬੇ ਹੁੰਦੇ ਸੇ। ਓਨਾਂ ਦੇ ਹੇਠਾਂ ਇਕ ਇਕ ਫੌਜਦਾਰ ਤੇ ਆਮਲ ਹੁੰਦਾ ਉਸਦੇ ਤਾਬੇ ਕਈ ਕਈ ਚੌਧਰੀ ਥਾਪੇ ਹੋਏ ਸੇ। ਓਹੇ ਮਾਮਲਾ ਉਗਰਾ-ਹੁੰਦੇ ਚੋਰਾਂ ਧਾੜਵੀਆਂ ਤੇ ਰਾਜ ਦਰੋਹੀ ਪੁਰਖਾਂ ਦਾ ਬੰਦੋਬਸਤ ਕਰਦੇ ਰਹਿੰਦੇ। ਭਾਵੇਂ ਸੂਬੇ ਸਰਹੰਦ ਦੇ ਪਾਸ ਬੰਦੇ ਦੀ ਆਮਦ ਦੇ ਹਾਲ ਦੀਆਂ ਰੀਪੋਟਾਂ ਭੀ ਪਹੁੰਚ ਚੁਕੀਆਂ ਸਨ, ਪਰ ਸੂਬੇ ਨੇ ਕੁਛ ਨਾ ਗੌਲੀ। ਏਧਰ ਜਦ ਚੌਧਰੀਆਂ ਨੇ ਕੈਂਬਲ ਦੇ ਹਾਕਮ ਪਾਸ ਖਜਾਨਾਂ ਲੁਟੇ ਜਾਣ ਦੀ ਰਪੋਟ ਕੀਤੀ ਓਹ ਆਪਣੇ ਇਲਾਕੇ ਦੇ ਪਿੰਡਾਂ ਵਿਚੋਂ ਘਰ ਘਰਦਾ ਇਕ ਇਕ ਆਦਮੀ ਗਾਂਢਵੀਂ ਫੌਜ ਬਣਾਕੇ ਬੰਦੇ ਨੂੰ ਸਜ਼ਾ ਦੇਣ ਵਾਸਤੇ ਕੈਂਬਲੋਂ ਚੜ੍ਹਿਆ। ਅਗੋਂ ਸਿੰਘ ਤੇ ਬੰਦਾ ਹੋਰ ਧਾੜਵੀ ਬਹਾਦਰ ਜਿਨ੍ਹੂਨੇ ਮੌੜ ਜਹੇ ਏਸ ਜੰਗ ਦਰਿਆ ਦੇ ਮੱਛ ਕਦੋਂ ਝਿੱਸੀ ਖਾਂਦੇ ਸੇ, ਮੈਦਾਨ ਵਿਚ ਮੁਕਾਬਲਾ ਕਰਕੇ ਜਦ ਓਨਾਂ ਦੀ ਗਿਣਤੀ ਤੇ ਹਿੰਮਤ ਅਧਕ ਦੇਖੀ ਤਾਂ ਪਾਸ ਹੀ ਜੋ ਸੰਘਣਾਂ ਬਨ ਸੀ, ਸਿੰਘਾਂ ਨੂੰ ਲੈਕੇ ਓਸ ਵਿਚ ਬੰਦਾ ਵੜ ਗਿਆ। ਸਿੰਘ ਤਾਂ ਪੈਦਲ ਬਣ ਵਿਚ ਚੰਗੇ ਲੜਦੇ ਰਹੇ, ਸ਼ਾਹੀ ਸਾਰੀ ਫੌਜ ਬਣ ਵਿਚ ਘੁਸ ਨਾ ਸੱਕੀ। ਜਦ ਓਹ ਬੀ ਪੈਦਲ ਹੋਕੇ ਓਸੇ ਵਿਚ ਵੜੇ ਤਾਂ ਸਿੰਘਾਂ ਨੇ ਹੱਲਾ ਕਰ ਕੇ ਪੰਜਾਹਕੁ ਨੂੰ ਮੁਕਤੀ ਦਾ ਫਲ ਖੁਵਾਕੇ ਸੁਲਾ ਦਿਤਾ ਤੇ ਘੋੜੇ ਆਪ ਸਾਂਭ ਲੀਤੇ ਫੇਰ ਤਾਂ ਐਡੇ ਹੌਸਲੇ ਵਧੇ ਕਿ ਆਮਲ ਨੂੰ

Digitized by Panjab Digital Library | www.panjabdigilib.org

ਤੁਛ ਸਮਝਕੇ ਉਸ ਦੇ ਗਲ ਜਾ ਪਏ,ਓਹ ਬੀ ਜਾਨ ਲੈਕੇ ਹਰਨ ਸਿੰਘ ਹੋਗਿਆ। ਗਾਂਢ ਕੀਂ ਧਾੜ ਤਾਂ ਉਸੇ ਘੜੀ ਆਪਣੇ ੨ ਘਰਾਂ ਨੂੰ ਨੱਠ ਗਈ ਫਤੇ ਬੰਦੇ ਦੀ ਹੋ ਗਈ।

## ਬੰਦੇ ਨੇ ਸਮਾਣੇ ਦਾ ਮਾਰਨਾ

ਏਧਰ ਜੱਥਾ ਦਿਨ ਦੂਣਾ ਰਾਤ ਚੌਗੁਨਾ ਵੱਧਦਾ ਗਿਆ ਅਤੇ ਤੁਰਕਾਂ ਦਾ ਤੇਜ ਦਬਾ ਦਬ ਘੱਟਦਾ ਗਿਆ। ਸਿੰਘਾਂ ਨੇ ਬੰਦੇ ਸਾਥ ਹੋਕੇ ਅਨੇਕ ਪਿੰਡ ਮੁਸਲਮਾਨਾਂ ਦੇ ਲੁਟ ਪੁਟਕੇ ਆਪਨੀ ਤਾਕਤ ਵਧਾ ਲੀਤੀ ਸੀ। ਸਾਰੇ ਪੰਜਾਬੀ ਸ਼ਹਿਰਾਂ ਦੇ ਸਿਰੋਮਨੀ ਧਨ ਵਾਲੇ ਸ਼ਹਿਰ ਸਮਾਣੇ ਨੂੰ ਲੁਟਨ ਲਈ ਉੱਛਲ ਰਹੇ ਸਨ ਬਲਕਿ ਕਚੀਚੀਆਂ ਲੈ ਲੈ ਆਖਦੇ ਸੇ,ਭੈਂਸ ਦਾ ਮੂੰਹ ਡੈਹਰ ਤੋਂ ਲੁਟੇਰੇ ਦਾ ਸ਼ਹਰ ਤੋਂ ਭਰਦਾ ਹੈ, ਫੇਰ ਏਸੇ ਸ਼ੈਹਰ ਜੇਡਾ ਧਨੀ ਹੋਰ ਕੋਈ ਓਦੋਂ ਸ਼ੈਹਰ ਨਹੀਂ ਸੀ ਕਯੋਂਕਿ ਏਥੋਂ ਦੇ ਬੜੇ ਬੜੇ ਅਮੀਰ ਉਮਰਾਉ ਬਾਦਸ਼ਾਹੀ ਹੋ ਚੁਕੇ ਸੇ, ਜਿਨ੍ਹਾਂ ਨੂੰ ਬਾਦਸ਼ਾਹ ਨੇ ਪਾਲਕੀ ਵਿਚ ਚੜ੍ਹਕੇ ਕਚੈਹਰੀ ਵਿਚ ਆਉਣ ਦਾ ਹੁਕਮ ਦਿਤਾ ਹੋਇਆ ਸੀ,ਓਹ ਬਾਈ ਅਮੀਰ ਏਥੇ ਵਸਦੇ ਸੀ। ਬੜੇ ੨ ਮੈਹਲ ਬਾਦਸ਼ਾਹ ਜੈਸੇ ਓਨਾਂ ਦੇ ਸੇ ਨਾਲੇ ਇਹ ਸਮਾਣਾ ਚਾਰ ਦਸਤੂਰਾਂ ਵਿਚੋਂ ਸੀ:–ਹਵੇਲੀ (੧) ਤਿਹਾੜ (੨) ਥਨੇਸਰ (੩) ਸਮਾਣਾ (੪) ਫੇਰ ਇਕ ਇਕ ਦਸਤੂਰ ਦੇ ਤਾਬੇ ਨੌਂ ਨੌਂ ਪਰਗਨੇ ਸੇ ਸਭ ਦੀ ਦੌਲਤ ਏਸੇ ਥਾਂ ਆਇਆ ਕਰਦੀ ਸੀ। ਪਿੰਡਾਂ ਵਿਚ ਤਾਂ ਮੁਸਲਮਾਨਾਂ ਨੇ ਓਦੋਂ ਮਿੱਟੀ ਦੇ ਤਵੇ ਚੜ੍ਹਾ ਛਡੇ ਸੇ। ਆਮਲਾਂ ਦੀਆਂ ਸਖਤੀਆਂ ਕਾਨੂਗੋਆਂ ਦੀ ਰਿਸ਼ਵਤਾਂ ਧਾੜਵੀਆਂ ਦੀਆਂ ਲੁਟਾਂ ਪੁਟਾਂ ਜਿਮੀਂਦਾਰਾਂ ਪਰ ਹਮੇਸ਼ ਬਣੀਆਂ ਰੈਹਦੀਆਂ ਸਨ, ਜਿਸਤੋਂ ਓਹ ਵਿਚਾਰੇ ਹਰ ਵੇਲੇ ਰੋਂਦੇ ਹੋਏ ਏਹੋ ਆਖਦੇ

Digitized by Panjab Digital Library | www.panjabdigilib.org

ਰੰਹਦੇ ਸੇ ਹੇ ਪ੍ਰਮੇਸ਼੍ਵਰ ਏਨਾਂ ਜਾਲਮਾਂ ਮੁਸਲਮਾਨਾਂ ਦਾ ਨਾਸ ਕਰ। ਭਾਵੇਂ ਮੁਸਲਮਾਨਾਂ ਨੇ ਬੰਦੇ ਦਾ ਫਿਮਢਾਣਾਂ ਸੁਣ ਬੀ ਰੱਖਿਆ ਸੀ, ਪਰ ਹੰਕਾਰ ਨੇ ਕੁਛ ਨਾ ਸੋਚਣ ਦਿਤਾ ਆਪਣੇ ਸ਼ਹਰ ਦੀ ਵਡਾਈ ਤਕੜਾਈ ਦੇ ਭਰੋਸੇ ਆਕੜੇ ਰਹੇ ਕੋਈ ਬਚਾਉ ਨਾਂ ਕੀਤਾ ਸਿਖਾਂ ਨੂੰ ਤੇ ਡਾਕੈਤਾਂ ਨੂੰ ਤੁਛ ਹੀ ਮਨੀ ਰਖਿਆ (ਜੁਲਾਹੇ ਦੇ ਗੋਲੀ ਲਗਣ ਵਾਂਗੂੰ) ਬੰਦੇ ਦੇ ਹੱਲੇ ਨੂੰ ਝੂਠ ਹੀ ਸਮਝਦੇ ਰਹੇ ਤਦੇ ਹੀ ਅਖਾਂ ਖੁਲ੍ਹੀਆਂ ਜਦ ਅਨੇਕ ਪਿੰਡਾਂ ਨੂੰ ਲੁਟ ਪੁਟ ਕੇ ਦਸ ਕੋਹ ਤੋਂ ਧਾਵੇ ਕਰਕੇ ਸੰਕੇਤੀ ਦਿਨ ਦੇ ਵਡੇ ਤੜਕੇ ਸਮਾਣੇ ਦੇ ਟਿਬਿਆਂ ਪਰ ਲਸ਼ਕਰ ਨੇ ਆ ਦਖਾਲੀ ਦਿਤੀ ਤੇ ਹੱਲਾ ਕਰਕੇ ਸਿੰਘਾਂ ਧਾੜਵੀਆਂ ਨੇ ਅੰਧਾ ਧੁੰਦ ਅਰ-ਨਰੇਤ ਬਿਜਲੀ ਵਾਂਗ ਸ਼ੇਹਰ ਵਿਚ ਆ ਧਸੇ। ਗਲੀ ਗਲੀ ਘਰ ਘਰ ਵਿਚ ਤੋਬਾ ਤੋਬਾ ਹਾਏ ਹਾਏ ਦੀ ਪੁਕਾਰ ਪੈਗਈ ਘਟਾ ਘਟ ਤਲਵਾਰਾਂ ਨੇਜੇ ਬਰਛੀਆਂ ਤੀਰ ਬੰਦੂਕਾਂ ਨੇ ਮਾਰ ਮਾਰ ਕੇ ਲੋਥਾਂ ਦੇ ਅੰਬਾਰ ਲਾ ਦਿਤੇ, ਲਹੂ ਦੇ ਝਲਾਕ ਵਗ ਤੁਰੇ ਜੋ ਕੋਈ ਘਰ ਬਾਰ ਧਨ ਛਡਕੇ ਨਸ ਗਯਾ ਯਾ ਬੋਦੀ ਜਨੇਊ ਦਖਾ ਕੇ ਪੈਰੀ ਡਿਗ ਪਿਆ ਓਸ ਦੀ ਜਾਨ ਬਚੀ ਬਾਕੀ ਸਬ ਮੌਤ ਦੇ ਸਕੰਜੇ ਚੜ੍ਹਾਏ ਗਏ, ਤਲਵਾਰਾਂ ਕਟਾਰਾਂ ਦੀਆਂ ਚੋਕਾਂ ਦੇ ਦੇ ਲੁਟੇਰਿਆਂ ਨੇ ਦੌਲਤ ਕਢਾ ਲਈ ਭਾਜੜਾਂ ਪੈ ਗਈਆਂ, ਜਿਧਰ ਕਿਸੇ ਦਾ ਮੂੰਹ ਹੋਇਆ ਦੌੜ ਗਿਆ। ਸੂਰਜ ਚੜ੍ਹੇ ਫੇਰ ਜਿਉਂ ਜਿਉਂ ਪਿੰਡਾਂ ਵਿਚ ਖਬਰਾਂ ਪੁਜੀਆਂ, ਲੁਟੇਰੇ ਲੋਗ ਪਿੰਡਾਂ ਵਿਚੋਂ ਬੇਸ਼ੁਮਾਰ ਆਗਏ, ਬੜੇ ਬੜੇ ਅਮੀਰ ਜੋ ਅਪਣੇ ੨ ਮੈਹਲਾਂ ਵਿਚ ਆਕੀ ਹੋ ਰਹੇ ਸੇ, ਪਲੋ ਪਲ਼ੀ ਵਿਚ ਲੁਟੇਰਿਆਂ ਨੇ ਹਵੇਲੀਆਂ ਨੂੰ ਅਗ ਲਗਾ ਦਿਤੀ ਜਿਸ ਕਰਕੇ ਓਨਾਂ ਨੂੰ ਭੀ ਨੱਠਣਾਂ ਪਿਆ ਅਰ ਅਨੇਕ ਤਾਂ ਮੂੰਹ ਵਿਚ ਘਾਹ ਲੈਕੇ ਸਿਖਾਂ

Digitized by Panjab Digital Library | www.panjabdigilib.org

ਦੇ ਪੈਰੀਂ ਆ ਪਏ ਸੋ ਬਚੇ ॥

ਉਸ ਅਤੀ ਬਿਪਤਾ ਵਿਚ ਸੈਂਕੜੇ ਇਸਤ੍ਰੀਆਂ ਖੂਹਾਂ ਵਿਚ ਹਵੇਲੀਆਂ ਉਤੋਂ ਡਿੱਗ ੨ ਕੇ ਯਾ ਕਟਾਰੀਆਂ ਖਾਕੇ ਮਰ ਗਈਆਂ, ਬਹੁਤੀਆਂ ਜਾਨ ਦੇ ਬਚਾਉ ਵਾਸਤੇ ਦੌੜ ਗਈਆਂ ਯਥਾ( ਪੰਥਪ੍ਰਕਾਸ਼)ਹੀਕਲ ਛੰਦ ॥"ਸਯਦਾਨੀ ਤੇ ਮੁਗਲਾਨੀ। ਸੇਖਾਨੀ ਔਰ ਬਨਿਆਨੀ । ਬ੍ਰਹਿਮਾਨੀ ਬਹੁ ਖਤਰਾਨੀ। ਹਿੰਦੁਵਾਨੀ ਅਧਕ ਪਠਾਨੀ । ਜਿਨ ਦੁਤੀ ਪੁਰਖ ਨਾ ਹੇਰਾ। ਪੜਦੇ ਮੈਂ ਪਲੀ ਬਧੇਰਾ । ਪਗ ਧਰ ਪਰ ਕਦੇ ਨ ਲਾਯਾ। ਗਾਦੇਲਾ ਪਲੰਘ ਹੇਛਾਯਾ। ਤਨ ਫੂਲ ਗੁਲਾਬ ਸਮਾਨੈ । ਅਤਿ ਕੋਮ ਕੰਜ ਦਿਖਾਨੈ । ਨਿਜ ਘਰ ਦਰ ਲੋ ਨਹਿਚਾਲੀ। ਸੋ ਭਾਗੀ ਜਾਤ ਨਿਰਾਲੀ। ਪਗ ਸਿਰ ਤੈ ਨੰਗੀ ਜੈਹੈ । ਨਿਜ ਜਾਨ ਬਚਾਵਨ ਚੈਹੈ। ਇਕਲੀ ਬਨ ਮੈਂ ਬਿਲਲਾਤੀ। ਬੌਰੀ ਸੀ ਦੌਰੀ ਜਾਤੀ। ਜਬ ਹਲ ਹਲ ਡੋਰੀ ਲਾਗੇ।ਵਹਿ ਚੌਕ ਚੌਕ ਬਹੁ ਭਾਗੇ। ਸਸਿ ਬਦਨੀ ਗਤ ਮਦ ਕਦਨੀ। ਅਦਨੀ ਸੀ ਭਜਤ ਬਿਹਦਨੀ ॥

ਮ੍ਰਿਗਨੈਨੀ ਸੁਕ ਪਿਕ ਬੈਨੀ। ਗਜ ਗਾਮਨਿ ਭਾਮਨਿ ਐਨੀ। ਬਾਰਨ ਕੇ ਭਾਰਨ ਤੈਹੈ । ਲਕ ਲਚਕਤ ਮਚਕਤ ਜੈਹੈ । ਜੋ ਮਿਹਰੀ ਦਿਹਰੀ ਚਢਤੀ। ਤਿਹਰੀ ਹ੍ਵੈ ਚੌਹਰੀ ਪਡਤੀ। ਨਵ ਜੋਬਨਿ ਜੋਬਨ ਜੋਬਨ। ਰੋਵਨ ਸੰਗ ਹੋਵਨ ਕੋਵਨ। ਰੰਭਾ ਸੀ ਨਾਰਿ ਹਜਾਰੈਂ । ਬਹੁ ਏਕਲਿ ਫਿਰਤ ਉਜਾਰੈਂ। ਘਰ ਤਜਕੇ ਲੋਗ ਲੁਗਾਈ। ਤਿਤ ਭਾਗੇ ਜਿਤ ਮਨ ਆਈ । ਨਹਿ ਤੀਆ ਪੀਆ ਪਾਈ। ਨਹਿ ਪੂਤ ਉਠਾਯੋ ਮਾਈ। ਇਮ ਸਿੰਘਨ ਕੇ ਡਰ ਤੈਹੈ । ਸਭ ਜਨ ਬਨ ਭਾਗੇ ਜੈਹੈ। ਸਿਰ ਤੁਰਕਨ ਕਹਿਰ ਬਿਤਾਨਾ। ਜਬ ਲੂਟਿਓ ਸ਼ਹਿਰ ਸਮਾਨਾ । ਬਹੁ ਲੂਟ ਕਤਲ

Digitized by Panjab Digital Library | www.panjabdigilib.org

ਅਸ ਹੋਈ। ਦਿਨ ਤੀਨ ਬਰਿਰੋ ਨਹਿ ਕੋਈ। ਲੋਥਨ ਪਰ ਲੋਥ ਚਢਾਈ। ਬੀਥਨ ਮੈ ਪਰੀ ਰਹਾਈ। ਤੁਜ ਕੈਹਰ ਕੈਹਰ ਸਾਨੀ। ਸਭ ਗਈ ਭਾਗ ਤੁਰਕਾਨੀ॥"

ਦੋਹਿਰਾ॥ ਬਿਨ ਲੂਟੇ ਕੋ ਤਜਯੋ ਨਹਿ ਬਜਜੇ ਸਾਰ ਸੈ ਸਾਰ। ਬਾਬੇ ਬੰਦੇ ਸਿੰਘਨ ਇਮ ਲਯੋ ਸਮਾਣਾ ਮਾਰ॥

ਕਯੋਂ ਨਾ ਐਸੀ ਦੁਰਦਸ਼ਾ ਸਮਾਣੇ ਦੇ ਵਸਨੀਕਾਂ ਦੀ ਹੋਵੇ, ਜਿਨ੍ਹਾਂ ਮਦ ਮੱਤੇ ਕੁਪੱਤੇ ਮੁਸਲਜਾਂ ਨੇ ਸਾਰੇ ਦੇਸ ਵਿਚ ਕਿਸੇ ਹਿੰਦੂ ਦੀ ਬਹੂ ਬੇਟੀ ਦਾ ਸਤ ਤੋੜੇ ਬਿਨਾ ਨਹੀਂ ਛਡਿਆ ਸੀ, ਅਤੇ ਹਿੰਦੂਆਂ ਉਤੇ ਜੁਲਮ ਅਜ਼ੁਲਮ ਤਾਂ ਕਰ ਹੀ ਰਹੇ ਸੇ, ਸ੍ਰੀ ਗੁਰੂ ਤੇਗ ਬਹਾਦਰ ਜੈਸੇ ਜਗਤ ਗੁਰੂ ਸ਼ਾਂਤਿਮਈ ਬੇਗੁਨਾਹਾਂ ਉਤੇ ਏਸੇ ਸ਼ੈਹਰ ਦੇ ਸੱਯਦ ਜਲਾਲਦੀਨ ਨੇ ਤੇਗ ਵਾਹੀ ਸੀ?

ਸਮਾਣੇ ਦਾ ਮਾਰਨਾ ਸੁਣ ੨ ਕੇ ਵੀਹ ੨ ਤੀਹ ੨ ਕੋਹ ਤੋਂ ਲੁਟੇਰੀ ਖਲਕਤ ਚਲੀ ਆਈ, ਬੜੀ ਬੇਤਰਸੀ ਨਾਲ ਮਾਰ ਕੁਟਕੇ ਪੁਸ਼ਤਾਂ ਦੇ ਪ੍ਰਸ਼ਾਦੇ ਲੈ ਗਏ। ਮੜਲ ਗੋਤੇ ਮੁਗਲਾਂ ਜੈਸੇ ਬੜੇ ੨ ਅੰਮੀਰ ਭਾਵੇਂ ਆਪੋ ਆਪਣੀਆਂ ਹਵੇਲੀਆਂ ਤੇ ਗੜ੍ਹੀਆਂ ਵਿਚ ਆਕੀ ਹੋ ਬੈਠੇ ਸੇ; ਪਰ ਹੋਈ ਅਛੂਤ ਨਾ ਰੈਹਣਾ ਪਾਇਆ, ਜਿਨ੍ਹਾਂ ਜਿਨ੍ਹਾਂ ਸਰਦਾਰਾਂ ਫੌਜਦਾਰਾਂ ਵਕੀਲਾਂ ਨੇ ਦਸਮੇਂ ਗੁਰੂ ਜੀ ਨਾਲ ਅਨੰਦਪੁਰ ਛੁਡਾਉਣ ਵੇਲੇ ਛਲ ਵਲ ਕੀਤੇ ਸੇ ਉਨ੍ਹਾਂ ਦੇ ਟੱਬਰਾਂ ਦਾ ਤਾਂ ਸਿੰਘਾਂ ਨੇ ਭੇਤੀਆਂ ਤੋਂ ਭੇਤ ਲੈਕੇ ਖੁਰਾ ਖੋਜ ਨਾ ਛਡਯਾ। ਓਸੇ ਸਾਲ ਦੇ ਉਜੜੇ ਹੋਏ ਸਮਾਣੇ ਦੇ ਹੁਣ ਤਕ ਖੋਲੇ ਪਏ ਹਨ॥

## ਚੁਗਲ ਫੜੇ

ਤਿੰਨ ਦਿਨ ਪਿਛੋਂ ਬਾਬੇ ਬੰਦੇਨੇ ਲੁਟ ਮਾਰ ਬੰਦ ਕਰਾਕੇ

ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਪਾਸ ਜਾ ਡੇਰਾ ਕੀਤਾ, ਤੰਬੂ ਕਨਾਤਾਂ ਦਰੀਆਂ ਵਗੈਰਾ ਸਾਮਾਨ ਬੇਸ਼ੁਮਾਰ ਓਥੇ ਦੇਖਕੇ ਰੰਗਾ ੨ ਸਾਥ ਲੈਜਾਣ ਵਾਸਤੇ ਗੱਡੇ ਲਦਾ ਲੀਤੇ। ਦਾਰੂ ਸਿੱਕਾ ਹਥਜਾਰ ਹਰਪ੍ਰਕਾਰ ਦੇ ਅੰਮੀਰਾਂ ਦੇ ਘਰਾਂ ਵਿਚੋਂ ਮਨਭਾਉਂਦੇ ਸਿੰਘਾਂ ਤੇ ਧਾੜਵੀਆਂ ਨੇ ਉਠਾ ਲੀਤੇ। ਏਸ ਸਮੇਂ ਵਜੀਦ ਖਾਂ ਸੂਬੇ ਦੇ ਚਾਰ ਚੁਗਲ ਭੇਤ ਲੈਣ ਆਏ ਫੜੇ ਹੋਏ ਆਏ, ਨੀਤਿ ਨਿਪੁਨ ਬੰਦੇ ਨੇ ਓਨਾਂ ਨੂੰ ਛਿਤ੍ਰਾਂ ਦੀ ਮਾਰ ਕਰਾਕੇ ਦੋ ਇਕ ਚਲਾਕਾਂ ਦੇ ਨੱਕ ਕੰਨ ਕਟਾਕੇ ਛਡ ਦਿਤੇ ਅਤੇ ਸਨੇਹਾ ਦਿਤਾ ਵਜੀਦੇ ਨੂੰ ਕੈਹਣਾ ਖਾਲਸੇ ਦੀ ਸ਼ਰਨ ਲੈ ਲਵੇ ਨਹੀਂ ਤਾਂ ਏਹੋ ਹਾਲ ਯਾ ਏਦੂੰ ਭੀ ਅਧਕ ਸਰਹੰਦ ਦਾ ਹੋਵੇਗਾ।

ਹੁਣ ਸਮਾਣੇ ਨੂੰ ਸਰਕਰ ਅਠ ਦਿਨ ਓਸੇ ਥਾਂ ਮੁਕਾਮ ਰਖਜਾ ਮਨਭਾਏ ਗੀਤ ਗਾਏ, ਗੁਰਦੁਆਰੇ ਪ੍ਰਸ਼ਾਦ ਕਰਾਏ, ਧਾੜਵੀ ਲੋਕਾਂ ਦੌਲਤ ਜੋ ਲੁਟੀ ਸੀ, ਅਪਣੇ ੨ ਘਰੀਂ ਛਡਣ ਚਲੇ ਗਏ ਮੁੜ ਪੰਜ ਪੰਜ ਸਤ ਸਤ ਜੁਵਾਨਾਂ ਨੂੰ ਸਾਥ ਲੈ ਆਏ, ਜਿਸ ਕਰਕੇ ਫੇਰ ਤਾਂ ਬੰਦੇ ਨਾਲ ਬੜਾ ਭਾਰੀ ਵਿਮਵਾਣਾ ਹੋਗਿਆ, ਜਿਸਨੂੰ ਦੇਖ ਦੇਖ ਸਿੰਘ ਤੇ ਬਾਬਾ ਬੰਦਾ ਬਹੁਤ ਖੁਸ਼ੀ ਹੋ ਰਹੇ ਸਨ। ਚੁਗਲਾਂ ਨੇ ਸਰਹੰਦ ਪੁਜਕੇ ਜਦ ਸਾਰਾ ਹਾਲ ਸਮਾਣੇ ਦਾ ਤੇ ਲੁਟੇਰੇ ਲਸ਼ਕਰ ਦਾ ਵਜੀਦ ਖਾਂ ਨੂੰ ਸੁਣਾਯਾ ਤਾਂ ਬਹੁਤ ਤੜਫਿਆ, ਮਨ ਵਿਚ ਬਹੁਤ ਝੁਰਿਆ॥

## ਮਝੈਲਾਂ ਦੀ ਰੁਕਾਵਟ

ਓਧਰ ਮਝੈਲ ਸਿੰਘ ਜੋ ਵਸ਼ੇਸ਼ ਕਲੇਸ਼ ਝੱਲਕੇ ਤੁਰਕਾਂ ਤੋਂ ਚੋਰੀ ਛਪੇ ਪਹਾੜਾਂ ਦੇ ਰਸਤੇ ਹੁੰਦੇ ਹੋਏ ਕੀਰਤਪੁਰ ਠੈਹਰ ਰਹੇ ਸ, ਓਨਾਂ ਦੇ ਰੋਕਣ ਵਾਸਤੇ ਰਪੜਾਏ, ਬਾਹਿਲੋਲ

ਪੁਰੀਏ, ਕੋਟ ਦੇ ਬਸੀਆਂ ਦੇ, ਜਾਗੀਰਦਾਰਾਂ ਚੌਧਰੀਆਂ ਨੂੰ ਹੁਕਮ ਲਿਖ ਭੇਜਜਾ ਕਿ ਤੁਸੀ ਏਨਾਂ ਸਿੰਘਾਂ ਨੂੰ ਜੋ ਕੀਰਤ ਪੁਰ ਕੱਠੇ ਹੋ ਰਹੇ ਹਨ, ਬੰਦੇ ਵੱਨੀ ਨਾ ਆਉਨ ਦੇਣਾਂ ਓਧਰੇ ਮਾਰ ਮੁਕਾਓ। ਏਸੇ ਹੁਕਮ ਅਨੁਸਾਰ ਓਨਾਂ ਨੇ ਆਪਣੇ ੨ ਪਰਗਣੇ ਦੇ ਮੁਸਲਮਾਨ ਬਹੁਤ ਸਾਰੇ ਕੱਠੇ ਕਰ ਕੇ ਮਝੈਲਾਂ ਦੇ ਰਾਹ ਰੋਕ ਛਡੇ ਸਨ, ਭਾਵੇਂ ਓਨਾਂ ਸਿੰਘਾਂ ਦੇ ਖਾਨ ਪਾਨ ਦੀ ਸੇਵਾ ਕੀਰਤਪੁਰੀਏ ਅਰੋੜੇ ਸਿੰਘ ਕਸ਼ੋਰਾ ਸਿੰਘ ਪਸ਼ੌਰਾ ਸਿੰਘ, ਰਾਮ ਸਿੰਘ ਵਗੈਰੇ ਜੋ ਕਈ ਟਾਂਡਿਆਂ ਦੇ ਨਾਇਕ ਧਨੀ ਸੇ;ਕਰਦੇ ਰਹੇ,ਪਰ ਸਮਾਣੇ ਦੀ ਲੁਟ ਮਝੈਲਾਂ ਦੀ ਛਾਤੀ ਵਿਚ ਰੜਕਦੀ ਸੀ।

## ਲਸ਼ਕਰ ਵੇਖਨਾ ਤੇ ਘੁੜਾਮ ਮਾਰਨੀ

ਏਧਰ ਬਾਬੇ ਬੰਦੇ ਨੇ ਪ੍ਰਧਾਨ ਮਲ ਜਿੱਤਣ ਵਾਂਗੂੰ ਜਦ ਸਮਾਨਾ ਜੋ ਕਦੀ ਕਿਸੇ ਨੇ ਲੁਟਿਆ ਮਾਰਿਆ ਨਹੀਂ ਸੀ,ਲੁਟ ਮਾਰ ਲੀਤਾ ਤੇ ਸਿੰਘ ਜੋ ਦੌਲਤ ਲੁਟ ਦੀ ਘਰੀਂ ਛੱਡਨ ਗਏ ਸਨ, ਓਹ ਬੀ ਮੁੜਕੇ ਆ ਗਏ ਤਾਂ ਬੰਦੇ ਨੇ ਆਪਣਾ ਵੇਸ਼ਨ ਬਦਲਕੇ ਸਾਰੇ ਲਸ਼ਕਰ ਦਾ ਅਲੀਮਾ ਲੀਤਾ, ਅਤੇ ਆਪ ਜਿਰਾ ਬਖਤ੍ਰ ਜਿਗਾ ਕਲਗੀ ਬਾਦਸ਼ਾਹੀ ਲਿਬਾਸ ਪੈਹਨਕੇ ਇਕ ਉੱਚੀ ਜਗਾ ਬੈਠਾ ਵੇਖਦਾ ਰਿਹਾ। ਜਦ ਦੇਖਿਆ ਕਿ ਮੇਰਾ ਲਸ਼ਕਰ ਠੀਕ ਮੇਰੇ ਮਨ ਦੀ ਇੱਛਜਾ ਅਨੁਸਾਰ ਕੰਮ ਕਰਨੇ ਨੂੰ ਤਿਆਰ ਹੈ ਤਾਂ ਬੰਦੇ ਨੇ ਘੁੜਾਮ ਵੱਨੀ ਰੁਖ ਕੀਤਾ,ਸਾਰਾ ਲਸ਼ਕਰ ਪਿਛੇ ਲੱਗ ਤੁਰਿਆ, ਪਲੋਪਲੀ ਵਿੱਚ ਓਥੋਂ ਦੇ ਪਠਾਣਾਂ ਨੇ ਸੁਣਕੇ ਮੁਕਾਬਲੇ ਦੀ ਤਿਆਰੀ ਕਰ ਲੀਤੀ, ਭਾਵੇਂ ਘੁੜਾਮ ਦੇ ਪਠਾਣ ਬੜੇ ਭਾਰੇ ਸੂਰਬੀਰ ਉਜਾਗਰ ਸਨ,ਬਾਹਰ ਨਿਕਲਕੇ ਅੱਗੋਂ

Digitized by Panjab Digital Library | www.panjabdigilib.org

ਠੂਹਠਾਹ ਬੀ ਕੀਤੀ, ਪਰ ਸਿੰਘਾਂ ਦਾ ਹੱਲਾ ਅੱਲਾ ਦਾ ਕੈਹਰ ਕੌਣ ਝੱਲੇ ਵੀਹਕ ਆਦਮੀਆਂ ਨੂੰ ਮਰਵਾਕੇ ਨੱਠ ਉਠੇ, ਫੇਰ ਤਾਂ ਘਰਾਂ ਵਿਚੋਂ ਵੀ ਸਿੰਘਾਂ ਨੇ ਜਾ ਫੜੇ ਬਾਂਛਿਤ ਸ਼ਿਕਾਰ ਮਾਰ ਲੀਤਾ, ਚੰਗੇ ਘੋੜੇ ਘੋੜੀਆਂ ਸਿੰਘਾਂ ਨੇ, ਤੇ ਭੈਂਸਾਂ ਗਊਆਂ ਲੁਟੇਰਿਆਂ ਨੇ ਹੱਕ ਲਈਆਂ। ਗਊ ਮਹੀਆਂ ਬੰਦੇ ਨੇ ਮੁੜਾਇ ਦਿੱਤੀਆਂ ਹੋਰ ਲੁੱਟ ਦਾ ਮਾਲ ਰੈਹਣ ਦਿਤਾ॥

## ਠਸਕੇਦੀ ਲੁਟ ਮਾਫ ਕਰਨੀਤੇ ਸ਼ਾਹਬਾਦਮਾਰਨਾ

ਘੁੜਾਮ ਤੋਂ ਵਾਗ ਉਠਾਕੇ ਸਨੌਰ ਦਾ ਚਪੌਲ ਖੇਡਦੇ ਹੀ ਠਸਕਾ ਜਾ ਘੇਰਿਆ, ਮੁਸਲਮਾਨਾਂ ਨੂੰ ਠਸਕੇ ਵਾਲੇ ਪੀਰਾਂ ਉੱਤੇ ਭਾਰੀ ਭਰੋਸਾ ਸੀ ਕਿ ਓਹ ਬੰਦੇ ਨੂੰ ਅਜਮਤ ਵਿਖਾ ਕੇ ਜਰੂਰ ਗੰਦਾ ਕਰਨਗੇ, ਪਰ ਬਾਬਾ ਬੰਦਾ ਤਾਂ ਪੈਹਲੇ ਹੀ ਜ਼ੈਹਰੀ ਸਪੋਲੀਆ ਸੀ, ਦਸ਼ਮੇਸ ਗੁਰੂ ਜੀ ਦੀ ਬਖਸ਼ੀਸ਼ ਦੇ ਵਸ਼ੇਸ਼ ਢੰਗ ਲੱਗ ਪਏ, ਹੁਣ ਉਡ ਉਡਕੇ ਮਾਰ ਰਿਹਾ ਸੀ, ਬਾਕੀ ਸਿੰਘਾਂ ਦੀ ਤੇਗਅੱਗੇ ਪੀਰੀ ਫਕੀਰੀ ਸਬ ਛੂਰ ਹੋ ਗਈ, ਪੀਰ ਜਾਫਰ ਅਲੀ ਖਾਂ ਖੁਦ ਥਰਥਰ ਕੰਬਦਾ ਹੋਇਆ ਬੰਦੇ ਅੱਗੇ ਮੂੰਹ ਵਿਚ ਘਾਹ ਲੈਕੇ ਖਲੋਤਾ। ਬੰਦੇ ਨੇ ਪੀਰ ਸੈਦ ਭੀਖ ਦੇ ਮਿਲਾਪ ਦਾ ਪ੍ਰਸੰਗ ਜੋ ਦਸਮੇ ਗੁਰੂ ਜੀ ਪਾਸ ਮਿਠਾਈ ਦੀਆਂ ਤਿੰਨ ਘੜੀਆਂ ਲੈਕੇ ਆਯਾ ਸੀ, ਸੁਣ ਹੀ ਰਖਿਆ ਸੀ ਇਕ ਤਾਂ ਓਸ ਕਰਕੇ ਦੂਜੇ ਸ਼ਰਨ ਆਏ ਦੀ ਲਾਜ ਰਖਣ ਵਾਸਤੇ ਬਾਬੇ ਬੰਦੇਨੇ ਠਸਕੇ ਦੀ ਲੁਟ ਮਾਰ ਮਾਫ ਕਰ ਦਿੱਤੀ॥

ਹੁਣ ਵਾਰੀ ਤਾਂ ਭਾਵੇਂ ਥਨੇਸਰ ਦੀ ਸੀ, ਪਰ ਬੰਦਾ ਬੈਰਾਗੀ ਤੀਰਥਾਂ ਨੂੰ ਮੰਨਿਆਂ ਕਰਦਾ ਸੀ, ਏਸ ਕਰਕੇ ਸ਼ਾਹਬਾਦ ਜਿੱਥੇ ਕਿਲੇ ਵਰਗੀ ਸ਼ਾਹੀ ਸਰਾਂ ਵਿੱਚ ਆਮਲ ਫੌਜਦਾਰ ਤੇ

ਸ਼ੈਹਰ ਵਿੱਚ ਸ਼ੇਖ ਸੱਯਦ, ਮੁਗਲ, ਪਠਾਣ, ਬੜੇ ੨ ਅੰਮੀਰ ਧਨੀ ਰਿਹਾ ਕਰਦੇ ਸਨ। ਭਾਵੇਂ ਓਹ ਬੜੇ ਗਿਣਤੀ ਦੇ ਜੋਧੇ ਲੜਾਕੇ ਸਨ, ਪਰ ਸਮਾਣੇ ਦੀ ਦੁਰਦਸ਼ਾ ਹੋਈ ਸੁਣਕੇ ਸਭ ਥਰ ੨ ਪਏ ਕੰਬਦੇ ਸਨ ਘਰੋਂ ਬਾਹਰ ਹੋਕੇ ਕਿਸੇ ਨੇ ਬੀ ਦੋ ਹੱਥ ਨਾ ਕੀਤੇ ਅੰਦਰ ਬੈਠੇ ਹੀ ਸਿੰਘਾਂ ਨੇ ਜਾ ਨੱਪੇ, ਜਿਸਨੇ ਹੱਥ ਉਠਾਯਾ ਸੋ ਦੋ ਧੜ ਬਨਾਯਾ, ਬਾਕੀ ਦੌਲਤ ਸਭਦੇ ਘਰਾਂ ਤੋਂ ਕਢਾ ਲੀਤੀ, ਫੌਜਦਾਰ ਜੋ ਸਮਾਣੇ ਦਾ ਹਾਲ ਸੁਣਕੇ ਗਿਬਜ ਕਰਦਾ ਸੀ ਪਲੀਤਾ ਭੀ ਨਾ ਦਾਗਜਾ ਟੱਬਰ ਸਮੇਤ ਦਿੱਲੀ ਵੱਨੀ ਨੱਠਗਿਆ। ਸਿੰਘਾਂ ਨੇ ਜੋ ਕੁਛ ਹੱਥ ਲੱਗਾ ਸੋ ਲੈਕੇ ਕੁੰਜਪੁਰੇ ਵੱਨੀ ਜੋ ਵਜੀਦ ਖਾਂ ਸੂਬੇ ਦਾ ਖਾਸ ਪਿੰਡ ਸੀ, ਉਧਰ ਨੂੰ ਵਾਗ ਉਠਾ ਲੀਤੀ, ਰਸਤੇ ਵਿੱਚ ਅਨੇਕ ਪਿੰਡ ਮਹੰਮਦੀਆਂ ਦੇ ਲੁਟ ਖਸੋਟ ਕੇ ਕੁੰਜ ਪੁਰੇ ਜਾ ਗੱਜੇ, ਉਧਰੋਂ ਵਜੀਦ ਖਾਂ ਨੇ ਅਪਣੇ ਪਿੰਡ ਦੀ ਸਹਾਇਤਾ ਲਈ ਪੰਜਸੌ ਸੁਵਾਰ ਪਜਾਦੇ ਦੋ ਤੋਪਾਂ ਦੇਕੇ ਜੋ ਭੇਜੇ ਸਨ, ਓਨਾਂ ਦੇ ਪਹੁੰਚਣ ਤੋਂ ਪੈਹਲਾਂ ਹੀ ਸਿੰਘਾਂ ਨੇ ਕੁੰਜਪੁਰੇ ਨੂੰ ਮੁੰਜ ਦੀ ਤਰਾਂ ਕੁਟਕੇ ਸੁੰਦ ਬਣਾ ਦਿਤਾ ਸੀ। ਜਦ ਸੁਣਿਆਂ ਕਿ ਸਰਹੰਦ ਤੋਂ ਮਦਤ ਦੇ ਤੋਪਾਂ ਲੈਕੇ ਫੌਜ ਆ ਰਹੀ ਹੈ ਤਾਂ ਸਿੰਘਾਂ ਨੇ ਓਧਰੇ ਧਾਵਾ ਕਰ ਦਿਤਾ, ਮੁਸਤਫਾਬਾਦ ਦੇ ਨਜੀਕਹੀ ਜਾ ਹੱਥ ਦਿਖਾਏ। ਸਿੰਘਾਂ ਦੀ ਤੇਗ ਦੀ ਤਾਬ ਨਾ ਲਿਆਕੇ ਓਹ ਸਰਦਾਰ ਸਿਪਾਹੀ ਭੱਜ ਗਏ, ਤੋਪਾਂ ਵਗੈਰਾ ਸਾਮਾਨ ਸਿੰਘਾਂ ਦੇ ਹੱਥ ਆਗਿਆ, ਓਸ ਦਿਨ ਓਥੇ ਹੀ ਡੇਰਾ ਲਾ ਦਿਤਾ॥

ਓਥੋਂ ਨੇੜੇ ਹੀ ਇਕ ਟੋਹਾ ਪਿੰਡ ਸੀ ਸੈਹਜ ਭਾਵ ਪੰਜ ਸਤ ਸਿੰਘ ਸੈਲ ਕਰਦੇ ਹੋਏ ਕੁਦਰਤ ਨਾਲ ਜਦ ਟੋਹੇ ਪਿੰਡ ਗਏ ਤਾਂ ਅਗੇ ਬਹੁਤ ਸਾਰੇ ਮੁਸਲਮਾਨ ਬਕਰਈਦ

Digitized by Panjab Digital Library | www.panjabdigilib.org

ਮੰਨਾਨ ਵਾਸਤੇ ਗਊਆਂ ਨੂੰ ਘੇਰ ਰਹੇ ਸਨ, ਸਿੰਘ ਦੇਖਕੇ ਰੈਹ ਨ ਸਕੇ ਭਰੌਤੇ ਖਿਰਕੇ ਜਾ ਪਏ ਕਈ ਵੈਰੀ ਵੱਢ ਸੁਟੇ ਗਊਆਂ ਛੁਡਾਕੇ ਭਜਾ ਦਿਤੀਆਂ, ਮੁਸਲਮਾਨ ਬਹੁਤ ਸਨ ਇਸ ਕਰਕੇ ਦੋ ਸਿੰਘ ਤਾਂ ਮਾਰੇ ਗਏ ਤੇ ਹੋਰ ਇਕ ਕੋਠੇ ਵਿਚ ਘੇਰੇ ਗਏ। ਜਦ ਲਸ਼ਕਰ ਵਿਚ ਖਬਰ ਹੋਈ ਤਾਂ ਹੱਲਾ ਹੋ ਗਿਆ, ਫੇਰ ਤਾਂ ਜੋ ਹੱਥ ਆਯਾ ਬੋਦੀ ਜਨੇਊ ਵਾਲੇ ਬਿਨਾਂ ਸਬ ਤੇਗ ਦੇ ਘਾਟ ਉਤਾਰਿਆ ਗਿਆ ਜੋ ਦੌੜ ਗਿਆ ਸੋ ਬਚਿਆ। ਜਦ ਹਿੰਦੂਆਂ ਨੇ ਦੇਖਿਆ ਕਿ ਸਿੰਘ ਸਾਡੇ ਧਰਮ ਦੀ ਰਖਯਾ ਕਰਦੇ ਹਨ ਤਦ ਬਹੁਤ ਹਿੰਦੂ ਖਾਲਸੇ ਦੇ ਸਾਥੀ ਹੋ ਗਏ, ਜਿੱਥੇ ੨ ਤੁਰਕ ਗੋ ਬਧ ਕਰਦੇ ਸਨ ਓਥੇ ੨ ਸਿੰਘਾਂ ਨੂੰ ਲੈ ਜਾਕੇ ਤੁਰਕਾਂ ਦੇ ਪਾਪ ਦਾ ਫਲ ਓਨ੍ਹਾਂ ਨੂੰ ਬਹੁਤ ਭੁਗਾਯਾ। ਓਸੇ ਸਮੇਂ ਕਸਬੇ ਸਢੌਰੇ ਦੇ ਬਹੁਤ ਬਣੀਏ ਬ੍ਰਹਮਣਾਂ ਨੇ ਬੰਦੇ ਸਾਹਿਬ ਪਾਸ ਫਰਯਾਦ ਕੀਤੀ ਕਿ ਸਾਡੇ ਨੁਵਾਬ ਉਸਮਾਨ ਖਾਨ ਆਦਿਕ ਐਸੇ ਅੱਨਯਾਈ ਤੇ ਜਿੱਦੀ ਬਾਦੀ ਹਨ; ਇਕ ਤਾਂ ਮੁਸਲਮਾਨਾਂ ਨਾਲੋਂ ਹਿੰਦੂਆਂ ਪਾਸੋਂ ਚੌਗੁਣਾ ਮਾਮਲਾ ਲੈਂਦੇ ਹਨ, ਦੂਜਾ ਸਾਡੇ ਗਲੀਆਂ ਕੂਚਿਆਂ ਘਰਾਂ ਅੱਗੇ ਗਊਆਂ ਮਾਰ ਕੇ ਗੰਦ ਮੰਦ ਖਿਲਾਰ ਜਾਂਦੇ ਹਨ, ਤੀਜੇ ਹਿੰਦੂਆਂ ਦੀ ਬਹੂ ਬੇਟੀ ਘਰ ਨਹੀਂ ਰੈਹਣੀ ਮਿਲਦੀ, ਮੱਲੋ ਮੱਲੀ ਮੁਸਲਮਾਨ ਫੜ ਲੈ ਜਾਂਦੇ ਹਨ, ਚੌਥੇ ਹਿੰਦੂਆਂ ਨੂੰ ਆਪਣੇ ਧਰਮ ਦੀ ਰਸਮ ਕੋਈ ਨਹੀਂ ਕਰਨ ਦਿੰਦੇ ਤੇ ਮੁਰਦੇ ਨੂੰ ਭੀ ਸਾੜਨ ਨਹੀਂ ਦਿੰਦੇ, ਪੰਜਵੇਂ ਪੀਰ ਬੁਧੂਸ਼ਾਹ ਨੂੰ ਸਿਰਫ ਏਸੇ ਗਲ ਬਦਲੇ ਏਨ੍ਹਾਂ ਨੇ ਕਤਲ ਕਰਾ ਦਿੱਤਾ ਜੋ ਓਸਨੇ ਭੰਗਾਣੀ ਦੇ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮਦਤ ਕੀਤੀ ਸੀ। ਏਹੋ ਜੇਹੇ ਅਨੇਕ ਜ਼ੁਲਮਾਂ ਦੇ ਬ੍ਰਿਤਾਂਤ ਸੁਣਕੇ ਓਸੇ ਸਮੇਂ ਲਸ਼ਕਰ ਖਾਲਸੇ ਦੇ ਸਮੇਤ

ਬਾਬੇ ਬੰਦੇ ਨੇ ਸਢੌਰੇ ਦੀ ਤਰਫ ਲਾਲੋ ਲਾਲ ਹੋਕੇ ਕੂਚ ਕਰ ਦਿਤਾ॥ ੨੧ ਚੇਤ ਸੰ: ੧੭੬੫ ਬਿ: ਨੂੰ ਸਢੌਰੇ ਤੋਂ ਚਾਰ ਕੋਹ ਉਤੇ ਲੁਬਾਣਿਆਂ ਦੇ ਪਿੰਡ ਲੰਡੋਰੇ ਪਾਸ ਜਾ ਉਤਰੇ। ਬੰਦੇ ਦੀਆਂ ਕਰਾਮਾਤਾਂ ਤੇ ਬਹਾਦਰੀਆਂ ਦੀ ਐਡੀ ਧਾਂਕ ਪੈ ਰਹੀ ਸੀ ਕਿ ਜੋ ਚਾਹੇ ਸੋ ਕਰ ਦਿਖਾਉਂਦਾ ਹੈ, ਕੋਈ ਓਸ ਦੇ ਸਾਮਣੇ ਨਹੀਂ ਹੁੰਦਾ, ਜੋ ਹੁੰਦਾ ਹੈ ਓਸਨੂੰ ਦੂਰੋਂ ਹੀ ਮਵੱਕਲਾਂ ਤੋਂ ਮਰਵਾ ਦਿੰਦਾ ਹੈ, ਯਾ ਕੋਈ ਅਸਾਧ ਰੋਗ ਲਾ ਦਿੰਦਾ ਹੈ, ਬੰਦਾ ਚਲਦੇ ਦਰਿਆ ਉਤੋਂ ਦੀ ਤੁਰਕੇ ਲੰਘ ਜਾਂਦਾ ਹੈ, ਮੁਰਦਿਆਂ ਨੂੰ ਜਿਵਾ ਦਿੰਦਾ ਹੈ, ਅਨੰਤ ਰੂਪ ਧਾਰ ਲੈਂਦਾ ਹੈ, ਕਿਤੇ ਗੁਪਤ ਕਿਤੇ ਪ੍ਰਗਟ ਹੋ ਜਾਂਦਾ ਹੈ, ਸਾਰੇ ਫਰੇਸ਼ਤੇ ਮਵੱਕਲ ਭੂਤ ਪ੍ਰੇਤ ਚੁੜੇਲਾਂ ਏਸ ਦਾ ਹੁਕਮ ਮੰਨਦੇ ਹਨ, ਜਿਸਨੂੰ ਚਾਹੰਦਾ ਹੈ ਓਸੇ ਨੂੰ ਚਮੇਟ ਦਿੰਦਾ ਹੈ, ਜਿਤਨੇ ਪੀਰ ਫਕੀਰ ਹੁਣ ਹਨ ਅਤੇ ਹੋ ਚੁਕੇ ਹਨ, ਸਭ ਏਸੇ ਦਾ ਪਾਣੀ ਭਰਦੇ ਹਨ, ਰਸਾਇਣ ਬਣਾ ਲੈਂਦਾ ਹੈ, ਪਾਰਸ ਦੀ ਵੱਟੀ ਏਸ ਪਾਸ ਹੈ, ਲੋਹੇ ਤੋਂ ਸੋਇਨਾ ਬਨਾ ਕਢਦਾ ਹੈ ਏਹੋ ਜੇਹੀਆਂ ਬੇਅੰਤ ਕਰਾਮਾਤਾਂ ਬੰਦੇ ਦੀਆਂ ਹਿੰਦੂ ਮੁਸਲਮਾਨ ਸਬ ਮੰਨੀ ਬੈਠੇ ਸਨ ਤਾਂਹੀ ਏਸਦੇ ਮੁਕਾਬਲੇ ਪਰ ਕੋਈ ਖੜਾ ਨਹੀਂ ਹੁੰਦਾ ਸੀ॥

ਹੁਣ ਜਦ ਬੰਦੇ ਬਹਾਦਰ ਨੇ ਲੁਬਾਣੇ ਸਿਖਾਂ ਦੀ ਸਲਾਹ ਤੇ ਹਿੰਦੂਆਂ ਦੇ ਕੁਰਲਾਟ ਸੁਣਕੇ ਸਢੌਰੇ ਨੂੰ ਜਾ ਘੇਰਿਆ, ਏਹ ਸਢੌਰਾ ਸਰਹੰਦ ਦੇ ਬਾਈ ਪਰਗਣਿਆ ਵਿਚੋਂ ਇਕ ਵਡਾ ਪਰਗਣਾ ਧਨ ਉਪਜਾਊ ਮਸ਼ਹੂਰ ਤੂਸੀ ਪਠਾਣਾਂ ਦੀ ਬਸਤੀ ਸੀ। ਸੱਯਦ ਨਜਾਮਦੀਨ ਨੇ ਸਜੰਗ ਓਨ੍ਹਾਂ ਨੂੰ ਏਥੋਂ ਕੱਢਕੇ ਅਪਣੀ ਮਲਕੀਯਤ ਕਰ ਲੀਤੀ ਸੀ, ਸੱਯਦ ਖਿਜਰ ਖਾਂ ਨੇ

Digitized by Panjab Digital Library | www.panjabdigilib.org

Kirpal Singh Ji



ਦਿੱਲੀ ਦੇ ਤਖਤ ਪਰ ਬੈਠਦੇ ਹੀ ਸੱਠ ਹਜ਼ਾਰ ਦੀ ਜਾਗੀਰ ਨਜ਼ਾਮਦੀਨ ਨੂੰ ਦਿਤੀ, ਤੈਸੇ ਨਜ਼ਾਮਦੀਨ ਤੋਂ ਕਈ ਪੁਸ਼ਤ ਪਿਛੋਂ (ਸੱਯਦ ਬਦਰ ਦੀਨ ਸ਼ਾਹ) ਮਸ਼ਹੂਰ ਬੁਧੂਸ਼ਾਹ ਥੀਂ ਜਿਸਨੇ ਭੰਗਾਣੀ ਦੇ ਜੰਗ ਵਿਚ ਦਸਮੇ ਗੁਰੂ ਜੀ ਦੀ ਮਦਤ ਕੀਤੀ ਸੀ ਏਹ ਸਾਹਿਵਾਨੀ ਸੱਯਦ ਸਨ ਦੂਜੇ ਕਾਜ਼ੀ ਤੇ ਸ਼ੇਖ ਜਾਗੀਰ ਦੇ ਹਿਸੇਦਾਰ ਸਨ ਓਨਾਂ ਸ਼ੇਖਾਂ ਤੇ ਕਾਜ਼ੀਆਂ ਵਿਚੋਂ ਨੁਵਾਬ ਉਸਮਾਂਨ ਖਾਂ ਤੇ ਸ਼ਾਹ ਕੁਮੈਤ ਵਗੈਰੇ ਬੜੇ ਭਾਰੇ ਜ਼ਾਲਮ ਸਨ, ਜਿਨਾਂ ਦੇ ਦੁਖਾਏ ਹੋਏ ਹਿੰਦੂ ਬੰਦੇ ਨੂੰ ਲੈ ਆਏ ॥

ਹੁਣ ਸਿੰਘਾਂ ਨੇ ਆਕੇ ਇਕ ਪੰਜਾਵੇ ਉਤੇ ਦੋਵੇਂ ਤੋਪਾਂ ਚੜ੍ਹਾਕੇ ਗੋਲੇ ਬਰਸਾਏ। ਓਧਰ ਨੁਵਾਬਾਂ ਨੇ ਭੀ ਅਪਨੇ ਗਿਰਦ-ਨਵਾਹੀ ਦੇ ਬੇਸੁਮਾਰ ਮੁਸਲਮਾਨ ਕੱਠੇ ਕਰ ਰੱਖੇ ਸਨ, ਤਿੰਨ ਪੈਹਰ ਤੀਰ ਗੋਲੀ ਦੀ ਲੜਾਈ ਰੰਗੀਤਰਾਂ ਪੈਰ ਗਡਵੀਂ ਹੁੰਦੀ ਰਹੀ। ਦੋਹਾਂ ਤਰਫਾਂ ਦੇ ਬਹੁਤ ਆਦਮੀ ਘੋੜੇ ਮਾਰੇ ਗਏ ਪਰ ਸਢੌਰੇ ਦਾ ਕੋਟ ਕਿਸੇ ਤਰਫੋਂ ਨਾ ਟੁਟਿਆ, ਆਖਰ ਭਾਈ ਭਗਤੂ ਦੇ ਫਤੇ ਸਿੰਘ ਨੇ ਜਿਸਨੂੰ ਬੰਦੇ ਨੇ ਆਪਣੇ ਲਸ਼ਕਰ ਦਾ ਸਰਦਾਰ ਬਣਾਕੇ ਨਵਾਬ ਦਾ ਖਿਤਾਬ ਦੇ ਰਖਜਾ ਸੀ, ਬੰਦੇ ਪਾਸ ਜਾਕੇ ਜਿੱਥੇ ਓਹ ਦੂਰ ਬੈਠਾ ਭਜਨ ਕਰ ਰਿਹਾ ਸੀ, ਆਖਿਆ ਕਿ ਜਦ ਤਕ ਤੁਸੀ ਜੰਗ ਵਿਚ ਨਾ ਰਲੋਗੇ ਤਦ ਤਕ ਫਤੇ ਹੋਣੀ ਮੁਸ਼ਕਲ ਹੈ। ਬਾਬੇ ਬੰਦੇ ਨੇ ਓਸਦੇ ਨਾਲ ਆਕਰ ਪੰਜਾਵੇ ਉਤੇ ਖੜੇ ਹੋਕੇ ਇਕ ਤੀਰ ਉਨਾਂ ਤੀਰਾਂ ਵਿਚੋਂ ਜੋ ਗੁਰੂ ਜੀ ਨੇ ਬਖਸ਼ੇ ਸਨ। ਮੰਤ੍ਰ ਪੜ੍ਹ ਕਰ ਚਲਾਯਾ, ਜਿਸਦੇ ਚਲਦੇ ਹੀ ਪਲੋ ਪਲੀ ਵਿਚ ਅੰਧੇਰੀ ਤੇ ਮੀਂਹ ਐਸੇ ਆਏ ਜਿਸਤੋਂ ਫੌਜ ਤਿਤਰ ਬਿੱਤਰ ਹੋਕੇ ਖਿਚਲ ਗਈ। ਬੰਦੇ ਨੇ ਅਪਣੀ ਫੌਜ ਦਾ ਹੱਲਾ ਕਰਾ ਦਿਤਾ ਸਿੰਘਾਂ ਨੇ ਕੋਟ ਉਤੋਂ ਦੀ ਟੱਪਕੇ ਸ਼ੈਹਰ ਦੇ

Digitized by Panjab Digital Library | www.panjabdigilib.org

ਸਬ ਦਰਵਾਜ਼ੇ ਖੋਲ੍ਹ ਦਿਤੇ ਜਿਥੋਂ ਦੀ ਬੇਸ਼ੁਮਾਰ ਲੁਟੇਰੀ ਖਲਕਤ ਨੇ ਸ਼ੈਹਰ ਵਿਚ ਧਸਕੇ ਲੁਟ ਖਸੋਟ ਕਤਲ ਸ਼ੁਰੂ ਕਰ ਦਿਤੀ, ਜੋ ਅੜਿਆ ਸੋ ਝੜਿਆ। ਬੋਦੀ ਜਨੇਊ ਵਾਲੇ ਤੋਂ ਬਿਨਾ ਹੋਰ ਬੇਅੰਤ ਆਦਮੀ ਤੇਗ ਦੇ ਘਾਟ ਬੇਗ ਹੀ ਉਤਰ ਗਏ। ਮੁਸਲਮਾਨੀ ਫੌਜ ਭੱਜ ਨਿਕਲੀ ਨਵਾਬ ਸਭ ਥਾਓਂ ਥਾਈਂ ਲੁਕ ਗਏ, ਸਾਰੀ ਰਾਤ ਸ਼ੈਹਰ ਲੁਟੀਂਦਾ ਰਿਹਾ। ਦੂਸਰੇ ਦਿਨ ਬਾਬੇ ਬੰਦੇ ਨੇ ਮੁਸਲਮਨਾਂ ਦੀਆਂ ਲੋਥਾਂ ਅੱਗ ਵਿਚ ਸਾੜ ਦਿਤੀਆਂ ਤੇ ਉਨ੍ਹਾਂ ਦੇ ਬੜੇ ੨ ਮਸ਼ਹੂਰ ੨ ਪੀਰ ਵਹਾਵਲ ਹੱਕ ਬਹੀਆਸਰ ਕੁਤਬਦੀਨ ਸ਼ਾਹ ਕੁਮੈਤ ਆਦਿਕਾਂ ਦੀਆਂ ਕਬਰਾਂ ਪੁਟਾ ਕੇ ਉਨ੍ਹਾਂ ਦੀਆਂ ਹੱਡੀਆਂ ਕਢਵਾਕੇ ਫੂਕਾ ਸੁਟੀਆਂ। ਏਹ ਹਾਲ ਵੇਖਕੇ ਤਾਂ ਮੁਸਲਮਾਨਾਂ ਵਿਚ ਥਰਥੱਲੀ ਪੈ ਗਈ ਸਬ ਕੰਬ ਉਠੇ। ਫੇਰ ਬੰਦੇ ਬਹਾਦਰ ਨੇ ਓਥੇ ਦੇ ਹਾਕਮ ਨਵਾਬ ਉਸਮਾਨ ਖਾਂ ਨੂੰ ਪਕੜਕੇ ਦਰਖਤ ਨਾਲ ਪੁਠਾ ਲਟਕਾ ਕਰ ਕਾਗਾਂ ਚੀਲਾਂ ਨੂੰ ਖੁਵਾਇ ਦਿਤਾ ਤੇ ਉਸਦੇ ਮਾਲ ਅਸਬਾਬ ਸਮੇਤ ਕਿਲੇ ਪਰ ਅਪਣਾ ਕਬਜ਼ਾ ਕਰ ਲੀਤਾ। ਦੂਸਰੇ ਦਿਨ ਸਢੌਰੇ ਦੇ ਸਬ ਸਰਦਾਰ ਬੰਦੇ ਦੇ ਪਾਸ ਆਏ ਤੇ ਲਿਖਤ ਪਾ ਦਿਤੀ ਕਿ ਅਸੀ ਖਾਲਸੇ ਨਾਲ ਕਦੀ ਬੁਰਾਈ ਨਾ ਕਰਾਂਗੇ।

ਏਧਰ ਤਾਂ ਲਿਖਤ ਪਾਈ ਤੇ ਉਧਰ ਵਜੀਦ ਖਾਨ ਸੂਬੇ ਸਰਹੰਦੀ ਨੂੰ ਲਿਖ ਭੇਜਿਆ ਕਿ ਗੁਰੂ ਬੰਦੇ ਨੂੰ ਅਸਾਂ ਆਪਣੇ ਪੇਚ ਵਿਚ ਫਸਾ ਲੀਤਾ ਹੈ, ਤੁਸੀ ਸ਼ੀਘਰ ਹੀ ਫੌਜ ਲੈਕੇ ਆ ਜਾਓ। ਅਸੀਂ ਏਸ ਨੂੰ ਪਕੜਵਾ ਦੇਵਾਂਗੇ। ਇਹ ਚਿੱਠੀ ਇੱਕ ਪੋਲੇ ਵਾਂਸ ਵਿੱਚ ਬੰਦ ਕਰਕੇ ਆਦਮੀ ਦੇ ਹੱਥ ਸਰਹੰਦ ਨੂੰ ਤੋਰੀ। ਏਹ ਹਲਕਾਰਾ ਉਸ ਰਸਤੇ ਜਾਂਦਾ ਸੀ ਜਿਥੇ ਬਾਬੇ ਬੰਦੇ ਦਾ ਸਰਵਾਨ ਊਠ ਚਾਰ ਰਿਹਾ ਸੀ।

Digitized by Panjab Digital Library | www.panjabdigilib.org

ਦਗੇਦਾਰ ਪਾਪੀ ਤੁਰਕਾਂ ਦਾ ਪਾਪ ਦੇਖੋ ਕੈਸੇ ਢੰਗ ਨਾਲ ਪ੍ਰਗਟ ਹੋਗਿਆ ਸਚ ਹੈ,(ਅੰਦਰ ਬੈਹਕੇ ਪਾਪ ਕਮਾਵੇ ਸੋ ਚਹੁਕੁੰਟੀ ਜਾਨੀਏ) ਇਕ ਊਠ ਖੇਤ ਵਿਚ ਜਾ ਵੜਿਆ ਚਰਵਾਹੇ ਨੇ ਜਲਦੀ ਨਾਲ ਓਸ ਹਲਕਾਰੇ ਤੋਂ ਓਹੋ ਪੋਲਾ ਵਾਂਸ ਖੋਹਕੇ ਊਠ ਦੇ ਮਾਰਿਆ ਤਾਂ ਵਾਂਸ ਟੁਟ ਗਿਆ, ਕਾਗਜ ਵਿਚੋਂ ਡਿੱਗ ਪਿਆ। ਚਰਵਾਹੇ ਨੇ ਹਲਕਾਰੇ ਨੂੰ ਤੇ ਕਾਗਜ ਨੂੰ ਬਾਬੇ ਬੰਦੇ ਪਾਸ ਲੈ ਆਂਦਾ ਬੰਦੇ ਨੇ ਓਸਨੂੰ ਕੈਦ ਰਖਕੇ ਸਭਨਾਂ ਮੁਸਲਮਾਨਾਂ ਨੂੰ ਸਭਾ ਵਿਚ ਬੁਲਾਕੇ ਪੁਛਿਆ ਕਿ ਜੇ ਕੋਈ ਮਿੱਤ੍ਰ ਬਣ ਨੇਮ ਧਰਮ ਕਰਕੇ ਲਿਖਤ ਪਾਕੇ ਦਗਾ ਕਰੇ ਓਸ ਵਾਸਤੇ ਤੁਹਾਡੀ ਸ਼ਰਾ ਵਿਚ ਕੀ ਸਜ਼ਾ ਲਿਖੀ ਹੈ? ਓਨਾਂਨੇ ਬੇਖਬਰੀ ਵਿਚ ਆਖ ਦਿਤਾ ਕਿ ਓਹ ਕਤਲ ਦੀ ਲਾਇਕ ਹੁੰਦਾ ਹੈ। ਫੇਰ ਤਾਂ ਓਹੋ ਖਤ ਬਾਬੇ ਬੰਦੇ ਨੇ ਓਹਨਾਂ ਅੱਗੇ ਰਖ ਦਿਤਾ ਜਿਸ ਉਤੇ ਉਹਨਾਂ ਦੇ ਦਸਤਖਤ ਤੇ ਮੁਹਰਾਂ ਲਗੀਆਂ ਹੋਈਆਂ ਸਨ। ਫੇਰ ਤਾਂ ਓਹਨਾਂ ਦੇ ਸਿਰ ਪਰ ਮਸਾਣ ਪੈ ਗਿਆ ਤੇ ਸ਼ੋਕ ਦੇ ਸਮੁੰਦਰ ਵਿਚ ਡੁਬ ਗਏ। ਬਾਬੇ ਬੰਦੇ ਨੇ ਕਤਲਾਮ ਦਾ ਹੁਕਮ ਦੇ ਦਿਤਾ, ਸਿੰਘਾਂ ਨੇ ਓਸੇ ਵਕਤ ਸ਼ਹਰ ਦੇ ਦਰਵਾਜ਼ੇ ਬੰਦ ਕਰਕੇ ਸਭ ਨੂੰ ਘੇਰ ਲਿਆ। ਤਦ ਉਹਨਾਂ ਨੇ ਮਾਫੀ ਮੰਗੀ ਤਾਂ ਬੰਦੇ ਨੇ ਆਖਿਆ ਜੋ ਕੋਈ ਬੁਧੂ ਸ਼ਾਹ ਵਾਲੀ ਗੜ੍ਹੀ (ਹਵੇਲੀ) ਵਿਚ ਜਾ ਵੜੇਗਾ ਤੇ ਬੁਧੂ ਸ਼ਾਹ ਦਾ ਮੁਰੀਦ ਸਦਾਵੇਗਾ ਉਸ ਦੀ ਜਾਨ ਬਚ ਜਾਏਗੀ, ਏਹ ਖਬਰ ਪਲੋ ਪਲੀ ਵਿਚ ਘਰ ਘਰ ਫਿਰ ਗਈ ਬੜੇ ਬੜੇ ਅਮੀਰ ਜੋਰਾਵਰ ਓਸ ਗੜ੍ਹੀ ਵਿਚ ਦੌੜ ਦੌੜ ਕੇ ਜਾ ਵੜੇ, ਕੀੜਜਾਂ ਦੀ ਤਰਾਂ ਹਵੇਲੀ ਭਰ ਗਈ, ਗ੍ਰੀਬ ਕਮਜ਼ੋਰ ਕੋਈ ਨਾ ਵੜਨਾ ਪਾਯਾ, ਜਦ ਹੇਠੋਂ ਉਪਰੋਂ ਥ੍ਹਨ ੨ ਕੇ ਦੋਵੇਂ ਛੱਤਾਂ ਭਰ ਗਈਆਂ ਤਾਂ ਬੰਦੇ ਨੇ ਸਭ ਕਤਲ

Digitized by Panjab Digital Library | www.panjabdigilib.org

ਕਰਾ ਸੁਟੇ ਓਹ ਕਤਲ ਗੜੀ ਹੁਣ ਤਕ ਸਹਵਾਨੀ ਸਯਦਾਂ ਦੇ ਮਹਲੇ ਮਸ਼ਹੂਰ ਹੈ। ਇਸ ਕਤਲ ਪਿਛੋਂ ਸਢੌਰੇ ਨੂੰ ਤੇ ਗ੍ਰਿਦ-ਨਵਾਈ ਦੇ ਪਿੰਡਾਂ ਨੂੰ ਸਿੰਘਾਂ ਨੇ ਤੇ ਧਾੜਵੀਆਂ ਨੇ ਲੁਟ ਕੇ ਹਥ ਰੰਗ ਲੀਤੇ ॥

ਸਢੌਰੇ ਤੋਂ ਚਾਰ ਕੋਸ ਇਕ ਕਪੂਰੀ ਪਿੰਡ ਹੈ ਜਿਥੇ ਹੁਣ ਕਈ ਘਰ ਸਿਖਾਂ ਦੇ ਹਨ, ਏਥੋਂ ਦਾ ਬਾਸ਼ਿੰਦਾ ਇਕ ਸਯਦ ( ਅਮਾਨਉਲਾ ) ਨੁਰੰਗੇ ਦੇ ਵੇਲੇ ਦਖਣ ਦੇਸ ਗੁਜਰਾਤ ਦਾ ਸੂਬਾ ਹੋਗਿਆ ਸੀ, ਉਸਨੇ ਅਪਣੇ ਪਿੰਡ ਵਿੱਚ ਬੇਓੜਕੀ ਦੌਲਤ ਪੁਚਾਕੇ ਬਹਿਸ਼ਤ ਦਾ ਨਮੂਨਾ ਬਣਾ ਰਖਿਆ ਸੀ, ਜਿਤਨਾ ਓਹ ਲੋਭੀ ਸੀ ਓਦੂੰ ਸੌਗੁਣਾ ਬਦਮਾਸ਼ ਬੀ ਸੀ, ਸੈਂਕੜੇ ਹਿੰਦੂ ਬੇਗੁਨਾਹ ਫੜ ਫੜ ਕੇ ਉਸ ਨੇ ਮਾਰੇ ਕਿ ਹਿੰਦੂਨੂੰ ਮਾਰਕੇ ਬਹਿਸ਼ਤ ਹਮੇਸ਼ ਵਾਸਤੇ ਮਿਲਦੀ ਹੈ। ਏਹ ਬਾਤ ਕਾਜ਼ੀਆਂ ਤੋਂ ਸੁਨਕੇ ਐਡੀ ਘੁਟਕੇ ਪੱਲੇ ਬੰਨ ਰਖੀ ਸੀ ਕਦੇ ਇਕ ਦਿਨ ਭੀ ਖਾਲੀ ਨਾ ਜਾਣ ਦਿਤਾ, ਬੇਅੰਤ ਹਿੰਦੂ ਲੁਟੇ ਮਾਰੇ, ਬਹੂ ਬੇਟੀ ਤਾਂ ਕਿਸੇ ਦੀ ਭੀ ਬਜਾਹੀ ਆਈ ਸਾਹੁਰੇ ਘਰ ਜਾਣ ਤੋਂ ਪਹਿਲਾਂ ਦੋ ਚਾਰ ਰਾਤਾਂ ਆਪ ਰਖੇ ਬਿਨਾਂ ਨਹੀਂ ਜਾਣ ਦਿੰਦਾ ਸੀ, ਫੇਰ ਉਸ ਦਾ ਪੁਤ੍ਰ ਕੁਦਮ ਦੀਨ ਓਸ ਤੋਂ ਭੀ ਚਾਰ ਚੰਦੇ ਐਸਾ ਖੋਟਾ ਪੈਦਾ ਹੋਯਾ ਚੋਰ ਯਾਰ ਧਾੜਵੀ ਬਦਮਾਸ਼ ਜ਼ਾਲਮ ਮਸ਼ਹੂਰ ਹੋਗਿਆ, ਇਸ ਨੇ ਬਾਪ ਨਾਲੋਂ ਵੀਹ ਗੁਣੇ ਜੁਲਮ ਕੀਤੇ, ਜਿਥੇ ਕਿਤੇ ਸੁੰਦ੍ਰ ਇਸਤ੍ਰੀ ਸੁਣੀ ਭਾਵੇਂ ਕੈਸੀ ਪਤਵੰਤੀ ਸਤਵੰਤੀ ਹੋਵੇ, ਦੌਲਤ ਦੇ ਕੇ, ਯਾ ਜੋਰੋ ਜੋਰੀ ਸਬ ਨੂੰ ਕਲੰਕਤ ਕਰ ਛਡਿਆ, ਏਹੋ ਜੇਹੀਆਂ ਬੁਰਿਆਈਆਂ ਤੇ ਦੌਲਤ ਬਹੁਤੀ ਸੁਣਕੇ ਬੰਦੇ ਨੇ ਸਿੰਘਾਂ ਦਾ ਇਕ ਜਥਾ

Digitized by Panjab Digital Library | www.panjabdigilib.org

ਤਖਤਾ ਸਿੰਘ ਦੁਲਟ ਦੇ ਜੇਰ ਕਮਾਨ ਭੇਜ ਦਿਤਾ। ਇਨ੍ਹਾਂ ਨੇ ਸੁੱਤੇ ਪਿਆਂ ਨੂੰ ਹੀ ਜਾ ਨੱਪਣਾ, ਮੁਸ਼ਕਾਂ ਦੇਕੇ ਉਸ ਦੇ ਸਬੰਧੀ ਸਭ ਇਕ ਕੋਠੜੀ ਵਿਚ ਬੁਨਕੇ ਪਾ ਦਿੱਤੇ, ਜੋ ਕੁਛ ਉਸਦੇ ਘਰੋਂ ਹਥ ਲਗਾ ਸਬ ਲੁਟ ਲਜਾਏ, ਲਖਾਂ ਰੁਪਏ ਦੀ ਸਾਮਗ੍ਰੀ ਸਾਮਾਨ, ਜੇਵਰ ਨਕਦੀ, ਬਾਬੇ ਬੰਦੇ ਅੱਗੇ ਲਿਆ ਰਖੀ ਸੋ ਜਥਾ ਜੋਗ ਉਸਨੇ ਸਿਖਾਂ ਨੂੰ ਵੰਡ ਦਿਤੀ, ਕਦਮ ਦੀਨ ਦੇ ਘਰ ਪੈਹਰਾ ਬੈਠਾ ਆਏ ਸੇ, ਤਿੰਨ ਦਿਨ ਤਿੰਨ ਰਾਤਾਂ ਓਹ ਉਸੇ ਕੋਠੜੀ ਵਿਚ ਬੰਦ ਰਹਿਕੇ ਤੜਫਦਾ ਹੋਯਾ ਅਪਣੇ ਕਰਮਾਂ ਦਾ ਫਲ ਭੋਗਣ ਲਈ ਦੋਜ਼ਖ ਵਿਚ ਜਾ• ਪਿਆ। ਏਥੋਂ ਸਿੰਘਾਂ ਦਾ ਦਬਦਬਾ ਦੇਸ ਵਿਚ ਬਹੁਤ ਪੈ ਗਿਆ, ਨਾਲ ਏਸ ਸਮੇਂ ਔਰੰਗਜ਼ੇਬ ਦੇ ਮਰੇ ਤੋਂ ਸ਼ਾਹਜ਼ਾਦਿਆਂ ਵਿਚ ਲੜਾਈ ਹੋਨੇ ਕਰ ਬਾਦਸ਼ਾਹੀ ਬੰਦੋਬਸਤ ਟੁੱਟ ਰਿਹਾ ਸੀ, ਸੂਬੇ ਆਪਣੇ ਆਪਣੇ ਇਲਾਕੇ ਦੇ ਆਪਨੂੰ ਹੀ ਖੁਦ ਮੁਖਤਾਰ ਮੰਨਕੇ ਆਪਣੀ ੨ ਤਰਫ ਤਨਾਵਾਂ ਖਿਚ ਰਹੇ ਸੇ, ਪਰਜਾਂ ਦੀ ਰੱਖਿਆ ਵਿਚ ਕੋਈ ਤਨ ਨਹੀਂ ਦੇਂਦਾ ਸੀ। ਏਸੇ ਕਰਕੇ ਲੁੱਟ ਮਾਰ ਚੋਰੀ ਧਾੜਾ ਮੁਲਕ ਵਿਚ ਆਮ ਹੋ ਰਿਹਾ ਸੀ ਤੇ ਬੰਦੇ ਬਹਾਦਰ ਨੂੰ ਬੀ ਰੋਕਣ ਵਾਲਾ ਕੋਈ ਨਾ ਖੜਾ ਹੋਯਾ, "ਮਨ ਭਾਏ ਦਾਮ ਚਲਾਏ।" ਬਾਬੇ ਬੰਦੇ ਨੇ ਜਦ ਬੜੇ ੨ ਪੀਰਾਂ ਦੀਆਂ ਕਬਰਾਂ ਪੁਟਵਾਕੇ ਹੱਡੀਆਂ ਫੁਕਵਾ ਦਿਤੀਆਂ। ਤਾਂ ਸਾਰੇ ਦੇਸ ਵਿਚ ਧਾਂਕ ਪੈ ਗਈ। ਹਿੰਦੂ ਕਲਗੀ ਅਵਤਾਰ ਤੇ ਮੁਸਲਮਾਨ ਮੈਂਹਦੀ ਆਖਣ ਲਗ ਪਏ, ਕੋਈ ਆਖਦਾ ਏਸਦੇ ਤਾਬੇ ਬੀਰ ਹਨ, ਕੋਈ ਆਖਦਾ ਦੇਊ ਹਨ। ਜਿਤਨੇ ਮੂੰਹ ਉਤਨੀ ਭਾਖਾ, ਤਾਹੀਂ ਕੋਈ ਹਾਕਮ ਬੰਦੇ ਦੇ ਸਾਹਮਣੇ ਨਹੀਂ ਹੁੰਦਾ ਸੀ॥

Digitized by Panjab Digital Library | www.panjabdigilib.org

## ਛਤਬਨੂੜ ਮਾਰਨਾ

ਕਸਬੇ ਛਤਬਨੂੜ ਦੇ ਖੱਤ੍ਰੀ ਬ੍ਰਹਮਣਾਂ ਨੇ ਬੰਦੇ ਪਾਸ ਫਰਯਾਦੀ ਹੋਕੇ ਮੁਸਲਮਾਨਾਂ ਦੇ ਜ਼ੁਲਮ ਬਹੁਤ ਬੁਰੇ ਸੁਣਾਏ ਤੇ ਆਖਿਆ ਮਹਾਰਾਜ! ਸਾਡੀ ਬਹੂ ਬੇਟੀ ਨੂੰ ਜੋਰ ਨਾਲ ਮੁਸਲਮਾਨ ਵਿਗਾੜ ਦਿੰਦੇ ਹਨ ਤੇ ਇਸੇ ਗਲੋਂ ਬਹੁਤ ਡਰਦੀਆਂ ਮਾਰੀਆਂ ਮਰ ਜਾਂਦੀਆਂ ਹਨ। ਫੇਰ ਜਦ ਕਿਸੇ ਹਿੰਦੂ ਦੇ ਘਰ ਕੋਈ ਗਊ, ਬੈਲ ਬੀਮਾਰ ਹੁੰਦੀ ਹੈ ਤਾਂ ਕਾਜੀ ਆਕੇ ਓਸਨੂੰ ਹਲਾਲ ਕਰਦੇ ਹਨ ਤੇ ਓਸਦੀ ਮਿਟੀ ਘਰ ਵਾਲਜਾਂ ਦੇ ਸਿਰ ਉਤੇ ਉਠਵਾਇ ਕਰ ਮਸੀਤ ਵਿਚ ਲੈਜਾਕੇ ਮੁਸਲਮਾਨਾਂ ਨੂੰ ਵੰਡ ਦਿੰਦੇ ਹਨ। ਜੇਕਰ ਮਰਣ ਲਗੇ ਪਸੂ ਦੀ ਖਬਰ ਨਾ ਕਰੀਏ ਤਾਂ ਕਾਜੀ ਆਖਦੇ ਹਨ ਕਿ ਹਰਾਮ ਕਿਉਂ ਮਰਣ ਦਿੱਤਾ, ਏਸਤਰਾਂ ਬਹੁਤ ਸਜਾਇ ਦਿਵਾਉਂਦੇ ਹਨ, ਤੇ ਆਖਦੇ ਹਨ ਕਿ ਹਿੰਦੂਆਂ ਨੂੰ ਖੁਦਾ ਨੇ ਮੁਸਲਮਾਨਾਂ ਦੀ ਗੁਲਾਮੀ ਵਾਸਤੇ ਹੀ ਬਨਾਇਆ ਹੈ। ਜਿਤਨਾਂ ਏਨਾਂ ਹਿੰਦੂਆਂ ਨੂੰ ਦੁਖ ਦੇਈਏ ਉਤਨਾਂ ਹੀ ਪੁੰਨ ਹੈ। ਏਸੇ ਤਰਾਂ ਆਪਣੇ ਦੀਨ ਵਿਚ ਲਜਾਉਣ ਵਾਸਤੇ ਅਨੇਕ ਪ੍ਰਕਾਰ ਦੇ ਦੁਖ ਦਿੰਦੇ ਰੈਂਹਦੇ ਹਨ ਕਿਸੇ ਤਰਾਂ ਭੀ ਚੈਨ ਨਹੀਂ ਲੈਣ ਦਿੰਦੇ। ਹੁਣ ਜੇਕਰ ਤੁਸੀ ਸਾਡੀ ਸਹਾਇਤਾ ਕਰੋ ਤਾਂ ਬਚਦੇ ਹਾਂ। ਇਸ ਪ੍ਰਕਾਰ ਦੇ ਜ਼ੁਲਮ ਓਨਾਂ ਤੋਂ ਸੁਣਕੇ ਬੰਦੇ ਸਾਹਿਬ ਨੇ ਪਹਿਲੇ ਕਸਬੇ ਬਾਨੂੜ ਉਤੇ ਖਾਲਸੇ ਦਾ ਹੱਲਾ ਕਰਵਾ ਦਿਤਾ। ਤਲਵਾਰਾਂ ਸੂਤ ਸੂਤ ਕੇ ਸਿੰਘ ਨਗਰਾਂ ਵਿਚ ਜਾ ਵੜੇ ਤੇ ਲੁੱਟ ਮਾਰ ਮਚਾ ਦਿੱਤੀ, ਜਿਸਨੇ ਅਗੋਂ ਹਥ ਉਠਾਇਆ ਓਹੋ ਤੇਗ ਨੂੰ ਛਕਾਯਾ

Digitized by Panjab Digital Library | www.panjabdigilib.org

ਜਿਸਨੇ ਬਦੀ ਦਿਖਾਈ ਉਸੇ ਨੇ ਜਾਨ ਬਚਾਈ, ਚਾਰ ਘੜੀ ਵਿਚ ਕਜਾਮਤ ਦਿਖਾਈ ਦੇ ਗਈ, ਮੁਸਲਮਾਨੀ ਤੋਬਾ ਤੋਬਾ ਕਰਦੀ ਨੱਠ ਨਿਕਲੀ, ਕਿਸੇ ਨੇ ਕਿਸੇ ਨੂੰ ਨਾ ਸੰਭਾਲਜਾ, ਅਨੇਕ ਮੁਸਲਮਾਨ ਬੜੇ ਬੜੇ ਨਾਮੀ ਹਿੰਦੂਆਂ ਨੂੰ ਬਾਪੂ ਕਹਿ ਕਹਿ ਕਰ ਸਾਥ ਲੈਕੇ ਬੰਦੇ ਬਹਾਦਰ ਦੇ ਚਰਨਾਂ ਵਿਚ ਆ ਗਿਏ, ਬਖਸ਼ਾਉਣ ਵਾਸਤੇ ਬੇਨਤੀ ਕੀਤੀ । ਬੰਦੇ ਸਾਹਿਬ ਨੇ ਬਹੁਤਸਾਰੀ ਦੌਲਤ ਜੁਰਮਾਨਾ ਲੈ ਕਰ ਅਮਨ ਦਿਤਾ । ਏਸੇ ਭਾਂਤ ਛਤ ਨੂੰ ਬਿਪੱਤ ਕਰਕੇ ਚੰਗੀ ਤਰਾਂ ਭੁਗਤ ਸਵਾਰ ਕੇ ਬੰਦੇ ਬਹਾਦਰ ਨੇ ਹੁਣ ਉਨਾਂ ਮਝੈਲ ਸਿੰਘਾਂ ਨੂੰ ਮਿਲਾ ਲੈਣ ਵਾਸਤੇ ਉਸੇ ਥਾਂ ਡੇਰਾ ਲਾ ਦਿਤਾ।

## ਜੰਗ ਮਝੈਲਾਂ ਦਾ ਰੋਪੜ

ਹੁਣ ਬੰਦੇ ਨੇ ਸਢੌਰੇ ਤੇ ਕਪੂਰੀ ਛਤ ਬਨੂੜ ਨੂੰ ਫਤੇ ਕਰਕੇ ਮਝੈਲ ਸਿੰਘ ਜੋ ਕੀਰਤ ਪੁਰ ਤੁਰਕਾਂ ਦੇ ਰੋਕੇ ਹੋਏ ਬੈਠੇ ਹਰ ਵੇਲੇ ਬੰਦੇ ਬਹਾਦਰ ਨਾਲ ਮਿਲਣ ਲਈ ਉਮੰਗ ਵਧਾ ਰਹੇ ਸਨ, ਓਨਾਂ ਪਾਸ ਆਦਮੀ ਭੇਜਿਆ ਕਿ ਤੁਸੀ ਖਰੜ ਪਿੰਡ ਵੰਨੀ ਆਓ, ਅਸੀ ਛਤ ਬਨੂੜ ਵੱਲ ਆਉਨੇ ਹਾਂ। ਏਹ ਸੁਨੇਹਾ ਤਾਂ ਮਝੈਲਾਂ ਵਿੱਚ ਜਾਨ ਪਾ ਗਿਆ, ਫੌਰਨ ਅਰਦਾਸੇ ਸੋਧਕੇ ਰੋਪੜ ਵਲ ਚਲ ਪਏ, ਵਜੀਦਖਾਂ ਨੇ ਤਾਂ ਪੈਹਲੇ ਹੀ ਓਨਾਂ ਸਿੱਖਾਂ ਦੀ ਰੋਕ ਵਾਸਤੇ ਰੋਪੜੀਏ ਵਗੈਰੇ ਪਿੰਡਾਂ ਦੇ ਜਾਗੀਰਦਾਰਾਂ ਨੂੰ ਉਧਤ ਕਰ ਰਖਜਾ ਸੀ ਅਤੇ ਆਪ ਭੀ ਏਹ ਖਬਰ ਸੁਣਦੇ ਸਾਰ ਮਲੇਰ ਕੋਟਲੇ ਦੇ ਪਠਾਣ ਸ਼ੇਰ ਮਹੰਮਦ ਖਾਂ ਨੂੰ ਇਕ ਦਸਤਾ ਫੌਜ ਦੇਕੇ ਹੁਕਮ ਦਿਤਾ ਓਹ ਬੰਦੇ ਨੂੰ ਮਿਲਨੇ ਨਾ ਪਾਉਣ, ਓਧਰੇ ਬਜੋਤੇ ਜਾਣ ਤਾਂ

Digitized by Panjab Digital Library | www.panjabdigilib.org

ਚੰਗਾ ਹੈ ਸ਼ੇਰ ਮਹੰਮਦ ਖਾਂ ਦੇ ਵਡੇ ਸਦਰ ਦੀਨ ਨੇ ਮਲੇਰ ਪਿੰਡ ਵਸਾਯਾ ਸੀ, ਉਸਦੇ ਪੜੋਤੇ ਵਜੀਦਖਾਂ ਨੇ ਕੋਟਲਾ ਵਸਾਕੇ ਰਾਜਧਾਨੀ ਹਾਸਲ ਕਰ ਲੀਤੀ। ਇਕ ਵਾਰੀ ਬਹਾਦਰ ਸ਼ਾਹ ਦੇ ਹੁਕਮ ਨਾਲ ਬਦਾਊ ਵਾਲੇ ਰੁਹੇਲੇ ਪਠਾਣ ਨੂੰ ਜੋ ਆਕੀ ਬਦਬਰ ਹੋਰਹੇ ਸਨ, ਏਹ ਫਤੇ ਕਰਕੇ ਫੜ ਕਰ ਲੈ ਆਯਾ ਸੀ, ਏਹ ਕੰਮ ਕਰਨ ਤੋਂ ਖੁਸ਼ੀ ਹੋਕੇ ਬਾਦਸ਼ਾਹ ਨੇ ਧੌਂਸਾ ਝੰਡਾ, ਜਰਬ ਲਾਉਣੀ ਜੋ ਰਈਸ ਦੀ ਪੱਕੀ ਨਿਸ਼ਾਨੀ ਹੈ, ਬਖਸ਼ੀ॥

ਹੁਣ ਨੁਵਾਬ ਸ਼ੇਰ ਮਹੰਮਦ ਖਾਂ ਤੇ ਦਿਲਾਵਰ ਖਾਂ ਫੌਜਦਾਰ ਫੌਜ ਲੈਕੇ ਜਦ ਪੁਜੇ ਤਾਂ ਸਿੰਘਾਂ ਨੇ ਬੀ ਓਸ ਸਮੇਂ ਪਿਛੇ ਹਟਣਾ ਚੰਗਾ ਨਾ ਸਮਝਕੇ ਏਹੋ ਗੁਰੂ ਕਾ ਬਚਨ ਮੰਨ ਲੀਤਾ, ਯਥਾ (ਅਗਾਹਾਂ ਕੂੰ ਤ੍ਰੁੰਘ ਪਿਛਾ ਫੇਰ ਨਮੁਹਡੜਾ) ਓਹ ਸਾਰੀ ਫੌਜ ਨਾਲ ਰੋਪੜੀਏ, ਕਿੜੀ, ਬੈਲੋਲਪੁਰਾ ਬਸੀਆਂ ਵਾਲੇ ਵਗੈਰੇ ਮੁਸਲਮਾਨਾਂ ਨੇ ਘੇਰ ਲਏ, ਰੋਪੜ ਪਾਸ ਜੰਗ ਹੋਣ ਲਗਾ, ਸਿੰਘਾਂ ਨੇ ਜਾਨਾਂ ਤੋੜਕੇ ਐਸੀ ਮੁਠ ਭੇੜ ਕੀਤੀ, ਪੈਰ ਜਮਾਈ ਰਖੇ, ਸਾਰਾ ਦਿਨ ਲੜਦੇ ਰਹੇ। ਕਿਸੇ ਸਿੰਘ ਦੀ ਗੋਲੀ ਐਸੀ ਨਿਸ਼ਾਨੇ ਬੈਠੀ ਨਸਰੂ ਖਾਂ ਮਲੇਰੀਆ ਮਾਰਿਆ ਗਿਆ, ਕੁਛ ਓਸ ਕਰਕੇ ਤੇ ਕੁਛ ਬਾਕੀ ਦਿਨ ਛਿਪ ਜਾਨ ਕਰਕੇ ਲੜਾਈ ਬੰਦ ਹੋ ਗਈ, ਸ਼ਾਹੀ ਫੌਜ ਤਾਂ ਖੁਸ਼ੀ ਵਿਚ ਸੀ ਕਿ ਸਵੇਰੇ ਸਿੰਘਾਂ ਨੂੰ ਮਾਰ ਲਵਾਂਗੇ, ਦਾਰੂ ਸਿੱਕਾ ਬੀ ਏਨਾਂ ਕੋਲ ਨਹੀਂ ਹੋਣਾ ਮਾਲੂਮ ਹੁੰਦਾ ਹੈ। ਸ਼ੇਰ ਮਹੰਮਦ ਖਾਂਨ ਸਰਦਾਰ ਨਸਰੂ ਖਾਂ ਦੀ ਲੋਥ ਚੁਕਣ ਨੂੰ ਕਈ ਹੱਲੇ ਕੀਤੇ, ਪਰ ਸਿੰਘਾਂਨੇ ਚੁਕਣ ਨਾ ਦਿਤੀ। ਦਿਨ ਚੜ੍ਹੇ ਤੋਂ ਪੈਹਲੇ ਹੀ ਅਨੰਦਪੁਰ ਗਿਰਦੇ ਜੋ ਪਹਾੜੀਆਂ

Digitized by Panjab Digital Library | www.panjabdigilib.org

ਵਿਚ ਲੁਕੇ ਛਿਪੇ ਸਿੰਘ ਰੈਂਹਦੇ ਸਨ ਓਹਬੀ ਜੰਗੀ ਸਾਮਾਨ ਲੈਕੇ ਰਣਭੂਮੀ ਵਿਚ ਸਿੰਘਾਂ ਨਾਲ ਆ ਮਿਲੇ, ਦਾਰੂ ਸਿੱਕਾ ਓਨਾਂ ਨੇ ਬਹੁਤ ਵਰਤਾ ਦਿਤਾ ॥

ਹੁਣ ਦਿਨ ਦਾ ਮਾਲਕ ਸੁਫੈਦ ਪੁਸ਼ਾਕੀ ਜਗਮਗ ਕਰਦੀ ਹੋਈ ਧੁਪ ਵਰਗੀ ਪੈਹਨਕੇ ਜਦ ਅਸਮਾਨ ਦੇ ਤਖਤ ਪਰ ਆ ਬੈਠਾ ਤੇ ਸਿੰਘ ਦਾਤਣਾਂ ਕੁਰਲੇ ਕਰ ਸੁਚੇਤੇ ਤਾੜਕੇ ਜੰਗ ਨੂੰ ਤਿਆਰ ਹੋਏ ਤਾਂ ਦੁਵੱਲੋਂ ਤੀਰ ਗੋਲੀ ਮੀਂਹ ਵਰਸਨੇ ਲਗਾ। ਭਾਵੇਂ ਸ਼ੇਰ ਮਹੰਮਦ ਖਾਂ ਨੇ ਅਪਨੇ ਚਰੇਰੇ ਭਰਾਦੀ ਲੋਥ ਨਾ ਚੁਕਣ ਦੇਣ ਬਦਲੇ ਸਿੰਘਾਂ ਉਤੇ ਭਾਰੀ ਕ੍ਰੋਧ ਨਾਲ ਹੱਲਾ ਕਰਾ ਦਿਤਾ, ਜਿਸ ਵਿਚ ਵਲੀ ਮਹੰਮਦ ਖਾਂ ਨਾਹਰ ਖਾਂ ਦਾ ਭਾਈ ਤੇ ਦਿਲਾਵਰ ਖਾਂ ਫੌਜਦਾਰ ਮਾਰੇ ਗਏ, ਸ਼ੇਰ ਮਹੰਮਦ ਖਾਂ ਫਟਿਆ ਗਿਆ, ਬੜੀ ਔਖਜਾਈ ਨਾਲ ਭਰਾਵਾਂ ਦੀਆਂ ਲੋਥਾਂ ਲੈਕੇ ਸਰਹੰਦ ਦੇ ਰਾਹ ਪਿਆ। ਸਰਦਾਰਾਂ ਬਿਨਾ ਫੌਜ ਕਿਕੂੰ ਲੜੇ? ਤਿਤ੍ਰ ਬਿੱਤ੍ਰ ਹੋ ਗਈ ਪਿੰਡਾਂ ਵਾਲੇ ਦਸ ਦਸ ਵੀਹ ੨ ਆਦਮੀ ਮਰਵਾਕੇ ਰੁਸੀ ਹੋਈ ਨਾਇਣ ਵਾਂਙੂ ਘਰੀਂ ਜਾ ਬੈਠੇ, ਬਿਜੈਈ ਸਿੰਘ ਵਰੀ ਦੀ ਫੌਜ ਦਾ ਸਮਾਨ ਘੋੜੇ ਹੱਥਜਾਰ ਲੈਕੇ (ਸਤਿਗੁਰ ਮੇਰੀ ਰਾਖ ਲਈ) ਏਹੋ ਜੇਹੇ ਸ਼ਬਦ ਗਾਉਂਦੇ ਹੋਏ ਚਮਕੌਰ ਗੁਰਦ੍ਵਾਰੇ ਪ੍ਰਸ਼ਾਦ ਕਰਾ ਛੱਕ ਛਕਾ ਅੱਗੇ ਨੂੰ ਵਧ ਆਏ ॥

## ਮਝੈਲਾਂ ਦੀ ਦੂਜੀ ਲੜਾਈ

ਜਦ ਵਜੀਦ ਖਾਂ ਨੇ ਅਪਣਾ ਫੌਜ ਦੀ ਹਾਰ ਤੇ ਸਰਦਾਰਾਂ ਦਾ ਮਰਨਾਂ ਸੁਣਿਆਂ ਤਾਂ ਜਮਾਲ ਖਾਂ ਬੈਲੋਲ ਪੁਰੀਏ, ਸ਼ਮਸ਼ ਕਿੜੀ ਵਾਲੇ ਨੂੰ ਤੇ ਖਿਜਰ ਖਾਂ ਮਲੇਰੀਏ ਨੁਵਾਬ ਨੂੰ ਬਹੁਤ

Digitized by Panjab Digital Library | www.panjabdigilib.org

ਸਾਰੀ ਲੜਾਕੀ ਫੌਜ ਚਾਰ ਤੋਪਾਂ ਦੇਕੇ ਬੜੇ ਜ਼ੋਰ ਸ਼ੋਰਨਾਲ ਅੱਗੇ ਭੇਜਿਆ ਤੇ ਏਸ ਸ਼ਾਹੀ ਫੌਜ ਨੇ ਸੰਘੋਲ ਪਿੰਡ ਪਾਸ ਜਿਸਦਾ ਹੁਣ ਥੇਹ ਖਮਾਣੋ ਪਿੰਡ ਦੇ ਨੇੜੇ ਹੈ, ਓਥੇ ਸਿੰਘਾਂ ਨੂੰ ਜਾ ਘੇਰਿਆ ਅਤੇ ਗੱਜ ਵੱਜਕੇ ਖਿਜਰ ਖਾਂ ਨੇ ਆਖਿਆ, ਹੇ ਮਰਦੂਦ ਸਿਖੋ! ਮੈਂ ਓਹੋ ਖ੍ਵਾਜਾ ਖਿਜ਼ਰ ਖਾਂ ਹਾਂ, ਜਿਸਨੇ ਚਮਕੌਰ ਦੇ ਜੰਗ ਵਿੱਚ ਤੁਸਾਡੇ ਗੁਰੂ ਨੂੰ ਰਣ ਚਥਾਕੇ ਦੇਸ ਨਿਕਾਲਾ ਦੇ ਛੱਡਜਾ, ਅਤੇ ਓਸਦੇ ਪੁਤ੍ਰਾਂ ਸਮੇਤ ਬਹੁਤ ਸਾਰੇ ਸਿਖਾਂ ਨੂੰ ਤੇਗ ਦੇ ਘਾਟ ਬੇਗ ਹੀ ਉਤਾਰਿਆ ਸੀ,ਹੁਣ ਤੁਸੀਂ ਫੇਰ ਮੇਰੇ ਭਾਈ ਨਸਤ੍ਰ ਖਾਂ, ਵਲੀ ਮਹੰਮਦ ਖਾਂ ਨੂੰ ਮਾਰਕੇ ਮੇਰੀ ਕ੍ਰੋਧ ਦੀ ਅੱਗ ਭੜਕਾ ਦਿੱਤੀ ਹੈ, ਏਸ ਨੂੰ ਤੁਸਾਡੇ ਲਹੂ ਪੀਕੇ ਬੁਝਾ ਕਰ ਕਲੇਜਾ ਠੰਢਾ ਕਰਾਂਗਾ, ਅਜੇ ਬੀ ਸਮਝੋ ਕਿਊਂ ਬਿਨਾਂ ਆਈ ਮਰਦੇ ਹੋ? ਪਤੰਗਜਾਂ ਦੀ ਤਰਾਂ ਸਾਡੀ ਤੇਗ ਦੀ ਲਾਟ ਵਿੱਚ ਸੜਦੇ ਹੋ, ਗਿੱਦੜ ਦੀ ਮੌਤ ਥਾਊਂਗੀਏ, ਸਾਂਹਸੀਆਂ ਪਾਸ ਲੈ ਆਉਂਦੀ ਹੈ,ਇਸ ਤਰਾਂ ਤੁਸਾਡੀ ਮੌਤ ਸਾਡੇ ਪਾਸ ਲੈ ਆਈ ਹੈ, ਫੇਰ ਬੀ ਮੈਂ ਤਰਸ ਕਰਕੇ ਤੁਸਾਨੂੰ ਛੱਡਦਾ ਹਾਂ, ਜੀਉਣਾ ਹੈ ਤਾਂ ਹੱਥਜਾਰ ਸਿੱਟਕੇ ਚਲੇ ਜਾਓ ॥

ਏਹ ਉਪਦੇਸ਼ ਨਾਲਾਇਕ ਦਾ ਕਲੇਸ਼ ਦਾਇਕ ਸੁਣਕੇ ਦੇਵਾ ਸਿੰਘ ਜਲੰਧਰੀ, ਬਹਾਦਰ ਸਿੰਘ ਖੇਮਕਰਨੀ, ਵਜੀਰ ਸਿੰਘ ਖੋਖਰੀ, ਰਤਨ ਸਿੰਘ ਮਾਹਿਲ ਵਗੈਰੇ ਸਿੰਘਾਂ ਦੇ ਜੱਥੇਦਾਰਾਂ ਨੇ ਬੱਦਲ ਵਾਂਗੂੰ ਗੱਜਕੇ ਜਵਾਬ ਦਿੱਤਾ ਕਿ ਓਇ ਪਠਾਣ ਬੇਈ-ਮਾਨ, ਕਾਇਰ ਤੂੰ ਜੰਗ ਚਮਕੌਰ ਵਿੱਚੋਂ ਤਾਂ ਤੂੰ ਨੱਠ ਕੇ ਕੰਧ ਦੇ ਓਲੇ ਹੋਕੇ ਜਾਨ ਬਚਾਈ ਸੀ, ਹੁਣ ਝੂਠੇ ਗਪੌੜੇ ਮਾਰਕੇ ਆਪਣਾ ਦਬਾਓ ਸਾਡੇ ਉੱਤੇ ਪਾਉਨਾ ਹੈਂ? ਦੇਖ! ਹੁਣ ਨਸਤ੍ਰ ਖਾਂ ਨਾਲ ਹੀ ਤੈਨੂੰ ਤੋਰਦੇ ਹਾਂ, ਫੇਰ ਤਾਂ ਖਿਝਕੇ ਓਸਨੇ ਬੰਦੂਕਾਂ

Digitized by Panjab Digital Library | www.panjabdigilib.org

ਤੋਪਾਂਦੇ ਫੈਰ ਕਰਾ ਦਿੱਤੇ, ਤੀਰ ਗੋਲੀ ਬਰਸਨ ਲਗੀ, ਮਾਰ ਮਾਰਦੀ ਪੁਕਾਰ ਪੈ ਗਈ, ਖਟਾਖਟ ਤਲਵਾਰ ਚਲ ਪਈ, ਅਲੀ ੨ ਅਕਾਲ ੨ ਦੀ ਅਵਾਜ ਨੇ ਅਕਾਸ਼ ਭਰ ਦਿੱਤਾ, ਇਕ ਪੈਹਰ ਚੰਗੀ ਤੁਲਮੀ ਲੜਾਈ ਹੁੰਦੀ ਰਹੀ, ਸਿੰਘ ਤਾਂ ਇਕ ਕੱਚੀ ਹਵੇਲੀ ਪੈਹਲੇ ਹੀ ਮੱਲੀ ਬੈਠੇ ਸਨ, ਤੁਰਕ ਪਿੱਛੇ ਆਏ ਮੈਦਾਨ ਵਿੱਚ ਰਹੇ, ਪਿੰਡ ਵਿੱਚ ਸਿੰਘਾਂ ਨੇ ਵੜਨ ਨਾ ਦਿੱਤੇ,ਏਸ ਕਰਕੇ ਮਾਸ ਮਿਟੀ ਦਾ ਟਾਕਰਾ ਹੁੰਦਾ ਰਿਹਾ ਓੜਕ ਹੰਕਾਰ ਦਾ ਸਿਰ ਨੀਵਾਂ ਹੁੰਦਾ ਹੈ ਖਿਜਰ ਖਾਂ ਅਨੇਕ ਸਾਥੀ ਸੂਰਬੀਰਾਂ ਸਮੇਤ ਖੇਤ ਦੇ ਰੇਤ ਵਿੱਚ ਹੀ ਰਲ ਗਿਆ, ਓਸਦਾ ਡਿੱਗਦਾਂ ਹੀ ਤੁਰਕੀ ਫੌਜ ਨੂੰ ਨੱਠਣ ਦਾ ਸਨੇਹਾ ਦੇ ਗਿਆ। ਤੁਰਕਾਂ ਨੇ ਬੇਦਿਲ ਹੋਕੇ ਜੰਗਬੰਦ ਕਰ ਦਿੱਤਾ ਸਿੰਘ ਏਥੋਂ ਜਿਤ ਨੂੰ ਗਨੀਮਤ ਸਮਝਕੇ ਬੰਦੇ ਵੰਨੀ ਚਲ ਪਏ। ਬੰਦੇ ਨੇ ਅਗੋਂ ਪੇਸ਼ਵਾਈ ਕਰਕੇ ਬੜੇ ਗਾਜੇ ਵਾਜੇ ਨਾਲ ਮਝੈਲਾਂ ਨੂੰ ਲੈ ਆਂਦਾ ਅਤੇ ਬੜੀਭਾਰੀ ਖੁਸ਼ੀ ਮਨਾਈ, ਸ਼ਰਫੀਆਂ ਇਨਾਮ ਵੰਡੀਆਂ॥

## ਸਰਹੰਦ ਪਰ ਤਜਾਰੀ ਤੇ ਬਾਬੇ ਬੰਦੇ ਵਜੀਦ ਖਾਂ ਦੀਆਂ ਗਲਾਂ

ਹੁਣ ਜਦ ਬਾਬੇ ਬੰਦੇ ਬਹਾਦਰ ਨੇ ਸਰਹੰਦ ਉਤੇ ਹੱਲਾ ਕਰਨ ਦੀ ਡੌਂਡੀ ਫਿਰਾਕੇ ਓਧਰ ਨੂੰ ਕੂਚ ਕੀਤਾ ਤਦੋਂ ਹੀ ਦੇਸ ਵਿਚ ਹਲ ਚਲੀ ਪੈ ਗਈ, ਕਈ ਹਜ਼ਾਰ ਲੁਟੇਰੇ ਸਰਹੰਦ ਨੂੰ ਲੁੱਟਣ ਵਾਸਤੇ ਘੋੜੇ ਖੱਚਰਾਂ, ਸੇਲੇ ਤਲਵਾਰਾਂ, ਤੀਰ ਕਮਾਨਾਂ, ਬਰਛੀਆਂ, ਛਵੀਆਂ ਲੈਕੇ ਬੰਦੇ ਦੇ ਸਾਥੀ ਹੋਣ ਲਈ ਆਉਣ ਲਗ ਪਏ, ਓਧਰੋਂ ਵਜੀਦ ਖਾਂ ਨੇ ਬੰਦੇ ਨੂੰ ਲਿਖ ਭੇਜਿਆ ਐਤਨਾ ਮੁਲਕ ਲੁਟਕੇ ਅਜੇ

Digitized by Panjab Digital Library | www.panjabdigilib.org

ਤੇਰੀ ਭੁਖ ਨਹੀਂ ਗਈ ਤੂੰ ਮੂੰਹ ਚੁਕੀ ਐਧਰਆਰਿਹਾ ਹੈਂ ਮੇਰੀ ਤ੍ਹਾਕਤ ਨੂੰ ਜਾਨਦਾ ਨਹੀਂ ? ਜਾਹ ਹੁਨ ਮੁੜ ਜਾਹ ਦਹੀਂ ਦੇ ਧੋਖੇ ਕੁਪਾਹ ਨਾ ਖਾ ਜਾਈਂ । ਅਨਾਰ ਦੇ ਭੁਲੇਖੇ ਤੋਤੇ ਨੇ ਨਾਲੀਏਰ ਨੂੰ ਜਾ ਮੂੰਹਪਾਇਆ ਵਿਚੇ ਚੁੰਜ ਫਸਗਈਲਟਕਦਾ ਹੋਯਾ ਸੁਕਕੇ ਮਰਗਿਆ। ਮੈਂ ਓਹੋ ਵਜੀਦ ਖਾਂ ਹਾਂ ਜਿਸਨੇ ਤੁਸਾਡੇ ਗੁਰੂ ਨੂੰ ਦੇਸ ਤੋਂ ਕਢਿਆ ਹੈ ਹੁਣ ਲੈ ਤੈਨੂੰ ਦੀਨ ਦੁਨੀਆਂ ਦੋਹਾਂ ਤੋਂ ਕੱਢਾਂਗਾ, ਅਜੇ ਭੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੈਨੂੰ ਬੈਰਾਗੀ ਫਕੀਰ ਮੰਗਤਾ ਜਾਣਕੇ ਛਡਦਾ ਹਾਂ, ਫਕੀਰਾਂ ਦਾ ਕੰਮ ਨਹੀਂ ਬਾਦਸ਼ਾਹਾਂ ਨਾਲ ਆਢੇ ਲਾਉਣੇ, ਤੈਂ ਜੋ ਰੰਜੀ ਗੁਟਾਰ ਟੀਸੀ ਆਲ੍ਹਣੇ ਵਾਲੀ ਚਾਲ ਫੜ ਰਖੀ ਹੈ, ਢੰਗ ਖੁਸਾਕੇ ਜਾਏਂਗਾ। ਬੰਦੇਨੇ ਜਵਾਬ ਦਿਤਾ: ਮਾਯਾ ਕਿਸੇ ਦੀ ਨਹੀਂ, ਏਹ ਕਿਸੇ ਨੇ ਨਹੀਂ ਭੋਗੀ ਏਸ ਨੇ ਰਾਵ ਰੰਕ ਪੀਰ ਫਕੀਰ ਸਭ ਭੋਗ ਲੀਤੇ ਮੈਂ ਏਸ ਲੁਟ ਦੀ ਝੂਠੀ ਮਾਯਾ ਵਾਸਤੇ ਨਹੀਂ ਆਇਆ, ਜਿਸ ਕੰਮ ਨੂੰ ਆਇਆ ਹਾਂ ਓਹ ਕਰੇ ਬਿਨਾ ਨਹੀਂ ਹਟਦਾ ਅਤੇ ਨਾ ਕਿਸੇ ਦਾ ਮਾਰਿਆ ਮਰਾਂਗਾ, ਹੋਵੇਗਾ ਬੀ ਓਹੋ ਜੋ ਮੇਰੇ ਗੁਰੂ ਦਾ ਭਾਣਾ ਹੈ, ਮੈਂ ਤੈਨੂੰ ਨਹੀਂ ਮਾਰਣਾ ਤੇਰੇ ਪਾਪ ਤੈਨੂੰ ਮਾਰਨਗੇ, ਮੀਆਂ (ਤੇਰੇ ਮਾਰਨੇ ਕੋ ਤੇਰੇ ਪਾਪ ਮਹਾਂਬਲੀ ਹੈ) ਅਸੀ ਤਾਂ ਡਰੀਏ ਤਾਂ ਜੇ ਪਾਪ ਕਰੀਏ, ਸਾਨੂੰ ਹੁਕਮ ਹੈ ਜੋ ਲੋਗ ਜਾਲਮ ਜਬਰੀਆਂ ਜੁਲਮ ਕਰਨ ਵਾਲੇ ਹਨ, ਓਨਾਂ ਨੂੰ ਓਨਾਂ ਦੇ ਕਰਮ ਦਾ ਫਲ ਦਿਓ । ਏਹੋ ਸਾਫ ਇਨਸਾਫ ਕਰਨ ਵਾਸਤੇ ਮੈਨੂੰ ਗੁਰੂ ਜੀ ਨੇ ਭੇਜਿਆ ਹੈ ਤੈਨੂੰ ਕਿਸੇ ਭਾਂਤ ਨਹੀਂ ਛਡਾਂਗਾ, ਹੁਣ ਕਾਇਰ ਨਾ ਬਣ ਸਾਹਮਣੇ ਹੋਕੇ ਲੜ ਯਾ ਗੁਰੂ ਦਾ ਲੜ ਫੜ ਸਿੰਘ ਸਜ ॥

Digitized by Panjab Digital Library | www.panjabdigilib.org

ਏਨ੍ਹਾਂ ਬਾਤਾਂ ਤੋਂ ਬੰਦੇ ਦਾ ਦ੍ਰਿੜ ਬਿਸ੍ਵਾਸ ਗੁਰੂ ਦੇ ਹੁਕਮ ਅਨੁਸਾਰ ਜੰਗ ਕਰਨ ਦਾ ਵੇਖਕੇ ਸਬ ਸਿੰਘ ਜਾਨਾਂ ਤੋੜਕੇ ਲੜਨ ਨੂੰ ਤਿਆਰ ਹੋ ਗਏ। ਭਾਵੇਂ ਵਜੀਦੇ ਨੇ ਆਪਣੀ ਦੂਰ ਬੀਨੀ ਨਾਲ ਲੜਾਈ ਦਾ ਸਾਮਾਨ ਤਾਂ ਪੈਹਲੇ ਹੀ ਚੰਗੇ ਰੰਗ ਢੰਗ ਦਾ ਕਰ ਰਖਿਆ ਸੀ, ਕਿਉਂਕਿ ਓਹ ਨਿਸਚੇ ਕਰ ਬੈਠਾ ਸੀ ਜੋ ਏਹ ਬੰਦਈ ਦੰਗਈ ਲੁਟੇਰੇ ਦਲ ਦੀ ਅੰਧੇਰੀ ਉਲਰੀ ਆਉਂਦੀ ਹੈ। ਇਕ ਦਿਨ ਜਰੂਰ ਮੇਰੇ ਉਤੇ ਝੁਲਕੇ ਡਾਲ੍ਹੀਆਂ ਡਾਲ੍ਹ ਪਰਵਾਰ ਤਾਂ ਕਿਤੇ ਰਿਹਾ ਮੇਰੀ ਜੜ ਉਖਾੜੇ ਬਿਨਾਂ ਕਦੀ ਨਾ ਹਟੇਗੀ ॥

## ਸਰਹੰਦ ਦਾ ਜੰਗ ਤੇ ਲੁਟ ਮਾਰ

ਹੁਣ ਏਸ ਤੁਫਾਨ ਨੂ ਹਲਕਾ ਕਰਨ ਲਈ ਇਕ ਚਾਲ ਤਾਂ ਓਸਨੇ ਛਲ ਦੀ ਏਹ ਚਲੀ ਕਿ ਇਕ ਹਿੰਦੂ ਖਤ੍ਰੀ ਗੰਡਾ ਮੱਲ ਨੂੰ ਜੋ ਸੁਚਾਨੰਦ ਦੀਵਾਨ ਦਾ ਭਤੀਜਾ ਫੌਜ ਦਾਰ ਛਲੀਆ ਸੀ, ਸਿਖਾਕੇ ਬੰਦੇ ਪਾਸ ਭੇਜ ਦਿਤਾ। ਪੈਹਲੇ ਤਾਂ ਓਹ ਅਪਣੇ ਪੰਜ ਸੌ ਸਵਾਰ ਸਮੇਤ ਜਾਹਰਾ ਵਜੀਦ ਖਾਂ ਨਾਲ ਤਨਖਾਹ ਬਦਲੇ ਲੜ ਬੋਲਕੇ ਦਿੱਲੀ ਵੱਨੀ ਤੁਰ ਪਿਆ, ਕਈ ਪਿੰਡਾਂ ਨੂੰ ਲੁਟ ਖਸੋਟਕੇ ਫੇਰ ਧਕਾ ਧਕੀ ਬੰਦੇ ਪਾਸ ਆਕੇ ਵਜੀਦ ਖਾਂ ਦੀਆਂ ਬੁਰਿਆਈਆਂ ਅਪਣੀਆਂ ਨੇਕੀਆਂ ਤੇ ਸਿੰਘਾਂ ਦੇ ਗੁਣ, ਗੁਰੂ ਸਾਹਿਬਾਂ ਦੀ ਮਹਿਮਾਂ, ਸਾਹਿਬਜ਼ਾਦਿਆਂ ਦੇ ਸਿਦਕ ਭਰੋਸੇ ਹੰਝੂ ਟਪਕਾ ੨ ਦਸਦਾ ਰਿਹਾ, ਫੇਰ ਬੋਲਿਆ ਏਹ ਮਲੇਛ ਕੌਮ ਮੁਸਲਮਾਂ ਦੀ ਬੜੀ ਭਾਰੀ ਕ੍ਰਿਤਘਨ ਹੈ, ਮੇਰੇ ਬਾਪ ਦਾਦੇ ਨਾਲ ਤੇ ਖਾਸ ਮੇਰੇ ਨਾਲ ਇਸ ਦੁਸ਼ਟ ਵਜੀਦੇ ਨੇ ਬੜੇ ਬੜੇ ਜ਼ੋਰ ਜ਼ੁਲਮ

Digitized by Panjab Digital Library | www.panjabdigilib.org

ਕੀਤੇ ਹਨ, ਜੇ ਤੁਸੀ ਮੈਨੂੰ ਅਪਣਾ ਦਾਸ ਗੁਰੂ ਕਾ ਪੱਕਾ ਸਿਖ ਸਮਝਕੇ ਆਪਣੇ ਸਾਥ ਰਖੋ ਤਾਂ ਤੁਰਕਾਂ ਦੇ ਭੇਤ ਸਾਰੇ ਦੇਂਦਾ ਰਹਾਂਗਾ, ਦੂਜੇ ਵਜੀਦੇ ਨੂੰ ਮੈਂ ਖੁਦ ਮਾਰ ਕੇ ਬਾਪ ਦਾ ਵੈਰ ਲਵਾਂਗਾ, ਤੀਜੇ ਉਸਦੇ ਖਜਾਨੇ ਤੁਸਾਂ ਨੂੰ ਦੱਸਾਂਗਾ। ਭਾਵੇਂ ਬੰਦੇ ਬਹਾਦਰ ਨੇ ਆਪਣੀ ਅੰਤ੍ਰਯਾਮਤਾ ਨਾਲ ਉਸਨੂੰ ਫਰੇਬੀ ਦਗੇਬਾਜ ਜਾਣ ਲੀਤਾ ਸੀ, ਪਰ (ਤਾਂ ਬੀ ਜੋ ਕਰੇਗਾ ਸੋ ਭਰੇਗਾ) ਏਹ ਕੈਹਕੇ ਉਸਨੂੰ ਸ਼ਰਨ ਆਏ ਦੀ ਲਾਜ ਪਾਲਣ ਲਈ ਆਪਣੇ ਪਾਸ ਰਖ ਲੀਤਾ॥

ਹੁਣ ਦੋਹਾਂ ਪਾਸਿਆਂ ਤੋਂ ਜੰਗ ਦੀ ਤਿਆਰੀ ਹੋ ਗਈ, ਵਜੀਦ ਖਾਂ ਨੇ ਇਕ ਆਮ ਦਰਬਾਰ ਕਰਕੇ ਅਪਣੇ ਤਾਬੇ-ਦਾਰਾਂ ਮਲੇਰੀਏ ਵਰਗਿਆਂ ਜਾਗੀਰਦਾਰਾਂ ਨੂੰ ਹੁਕਮ ਦਿਤਾ ਆਪਣੀ ੨ ਫੌਜ ਜੰਗੀ ਸਾਮਾਨ ਲੈਕੇ ਸਬ ਮੋਰਚਿਆਂ ਵਿਚ ਪੱਕੇ ਹੋਕੇ ਲੜੋ, ਜਿਸ ਵਲੋਂ ਕੁਛ ਖਰਾਬੀ ਹੋਵੇਗੀ ਉਸਦੀ ਜਾਗੀਰ ਜਬਤੀ ਤੋਂ ਬਿਨਾਂ ਹੋਰ ਬਹੁਤ ਸਜਾ ਦਿਤੀ ਜਾਊ। ਕਿ ਆਪਣੀ ਫੌਜ ਨੂੰ ਦਾਰੂ ਸਿੱਕਾ ਵਰਤਾਕੇ ਫੌਜ ਦਾ ਅਲੀਮਾ ਲੀਤਾ ਮੋਰਚੇ ਵੰਡ ਦਿਤੇ, ਵਡਾਲੀ ਤੇ ਨਨਹੇੜੀ ਆਦਿਕ ਪਿੰਡਾਂ ਦੇ ਪਾਸ ਸਰਹੰਦੋਂ ਛੀ ਕੋਸ ਪਰ ਮੋਰਚੇ ਬੰਦੀ ਹੋ ਗਈ ਤਦੋਂ ਨੂੰ ਮੁਲਾਣਿਆਂ ਦੇ ਪ੍ਰੇਰੇ ਹੋਏ ਕਈ ਹਜਾਰ ਗਾਨੇ ਬੰਨ੍ਹਕੇ ਝੰਡੀਆਂ ਹੱਥਾਂ ਵਿਚ ਆਟੇਦੇ ਖਲਤੂ ਲੈਕੇ ਗਾਜੀ ਬਣਕੇ ਓਹ ਲੋਕ ਵੈਹਸ਼ੀ ਆ ਕੱਠੇ ਹੋਏ ਜੋ ਕੇਵਲ ਕਾਫਰਾਂ ਨਾਲ ਲੜਕੇ ਸ਼ਹੀਦ ਹੋਣਾ ਹੀ ਬਹਿਸ਼ਤ ਵਿਚ ਜਾਣਾ ਮੰਨੀ ਬੈਠੇ ਸਨ॥

ਭਾਵੇਂ ਵਜੀਦ ਖਾਂ ਅਤੇ ਉਸ ਦੇ ਸਰਦਾਰ ਐਹਲਕਾਰ ਜਰਨੈਲ ਕਰਨੈਲ ਅਪਣੇ ੨ ਸਾਮਾਨ ਜੰਗ ਨੂੰ ਦੇਖਕੇ ਜਾਹਰੀ ਤਾਂ ਏਹ ਆਖਦੇ ਸਨ ਕਿ ਬੰਦੇ ਦੀ ਗਾਂਫਵੀਂ ਧਾੜ ਸਾਡੀ

Digitized by Panjab Digital Library | www.panjabdigilib.org

ਸਿੱਖੀ ਹੋਈ ਫੌਜ ਅਗੇ ਕਦ ਠੈਹਰ ਸਕਦੀ ਹੈ ? ਲੁਟੇਰੇ ਲੋਗ ਤਾਂ ਚਿੜੀਆਂ ਵਾਂਗ ਤੋਪਾਂ ਦਾ ਖੜਾਕ ਸੁਣਦੇ ਹੀ ਉਡ ਜਾਣਗੇ ਹੋਰ ਬੁਲਾਏ ਆਏ ਹੋਏ ਸਿਖ ਬੀਲੁਟਵੇ ਲੋਭੀ ਭੰਗੇਰੇ ਫਸਲੀ ਬਟੇਰੇ ਹਨ ਘੇਰੇ ਹੋਏ ਭਾਵੇਂ ਲੜਨ ਨਹੀਂ ਤਾਂ ਡੇਰੇ ਛਡਕੇ ਅਗੇਰੇ ਹੋਣਗੇ, ਬਾਕੀ ਰਿਹਾ ਤਤ ਖਾਲਸਾ ਓਹ ਭਾਵੇਂ ਜਾਨਾਂ ਤੋੜਕੇ ਲੜਨਗੇ, ਪਰ ਬਿਨਾ ਸਾਮਾਨ ਜੰਗ ਕਿੱਥੋਂ ਤਾਈਂ ਠੈਹਰਨਗੇ ? ਘੜੀ ਦੋ ਘੜੀ ਠੂ ਠਾ ਕਰਕੇ ਓਹ ਬੀ ਓੜਕ ਹਾਰ ਕੇ ਨੱਠ ਜਾਣਗੇ । ਇਸਲਾਮ ਦਾ ਮੁਕਾਬਲਾ ਅਜ ਕੌਣ ਕਰ ਸਕਦਾ ਹੈ ? ਬੰਦੇ ਦਾ ਕੋਈ ਘਰ ਘਾਟ ਹੀ ਨਹੀਂ, ਜਿਥੇ ਜਾਊ। ਫੜਕੇ ਜਿਸਤਰਾਂ ਚਾਹਾਂਗੇ ਮਾਰਾਂਗੇ। ਭਾਵੇਂ ਵਜੀਦ ਖਾਂ ਅਪਣੇ ਅਮਲੇ ਸਮੇਤ ਉਪਰਲੇ ਦਿਲੋਂ ਲੋਗਾਂ ਦੇ ਦਿਲ ਵਧਾਉਂਨ ਵਾਸਤੇ ਏਹੋ ਜੇਹੇ ਥੋਥੇ ਦਮਗਜੇ ਮਾਰਦਾ ਸੀ, ਪਰ ਅੰਦਰੋਂ ਸਬਦੇ ਦਿਲ ਥਰ ਥਰ ਪਏ ਕੰਬਦੇ ਸਨ, ਸਬ ਨੂੰ ਏਹੋ ਨਿਸਚਾ ਸੀ ਬੰਦੇ ਦੇ ਤਾਬੇ (ਮੁਵੱਕਲ) ਬੀਰ ਹਨ ਜੇਹੜਾ ਸਰਦਾਰ ਅਗੇ ਵਧੂ ਓਸੇ ਨੂੰ ਓਨਾਂ ਤੋਂ ਓਹ ਮਰਵਾ ਦੇਊ, ਯਾ ਭੂਤ ਪ੍ਰੇਤ ਚਮੇੜਕੇ ਪਗਲੇ ਕਰ ਦੇਊ ॥

ਸਰਦਾਰ ਆਪਸ ਵਿਚ ਕੈਹ ਰਹੇ ਸਨ ਭਾਈ ਇਸ ਪਾਪੀ ਵਜੀਦੇ ਨੇ ਗੁਰੂ ਦੇ ਮਾਸੂਮ ਬੱਚੇ ਬੇਗੁਨਾਹ ਕਤਲ ਕਰਾਏ ਤਾਂਹੀ ਏਹ ਉਪੱਦ੍ਰਵ ਉਠ ਰਹੇ ਹਨ, ਰੱਬ ਏਸ ਪਾਪੀ ਦਾ ਨਾਸ ਕਰੇ।

ਜਯੋਂ ਜਯੋਂ ਬੰਦੇ ਦਾ ਦਲ ਹੜਦੇ ਪਾਣੀ ਵਾਗੂੰ ਧੀਰੇ ੨ ਸਰਹੰਦ ਵੱਨੀ ਵਧ ਰਿਹਾ ਸੀ, ਸਰਹੰਦੀ ਲੋਗ ਟੋਏ ਪੁਟ ਪੁਟ ਕੇ ਅਪਣਾ ਧਨ ਦਬ ਰਹੇ ਸਨ, ਤੇ ਭੱਜਨ ਲਈ ਤਿਆਰ

Digitized by Panjab Digital Library | www.panjabdigilib.org

ਸਨ, ਬਲਕਿ ਬਹੁਤ ਤਾਂ ਦੂਰ ਨੇੜੇ ਅਪਣੇ ਸਾਕਾਂ ਸੰਬੰਧਾਂ ਵਿਚ ਇਸਤ੍ਰੀਆਂ ਸਮੇਤ ਚਲੇ ਬੀ ਗਏ ॥

ਉਸ ਸਮੇਂ ਤੋਪਾਂ ਦੇ ਚਲਵੱਧੇ ਤਾਂ ਭਾਵੇਂ ਬਹੁਤ ਘਟ ਸਨ, ਪਰ ਤਾਂ ਬੀ ਤੋਪਾਂ ਦਾ ਖੜਾਕ ਹੀ ਗਨੀਮਤ ਸਮਝਕੇ ਵਜੀਦੇ ਨੇ ਫੌਜ ਦੇ ਅਗੇ ਕੰਧ ਦੀ ਕੰਧਬੀੜਦਿਤੀ,ਇਕ ਪੰਗਤ ਲੰਮੇ ੨ ਦੰਦਾਂ ਨਾਲੇ ਕਾਲੇ ਬਦਲਾਂ ਵਰਗੇ ਫੁਲਾਦੀ ਝੂਲ ਪਾਏ ਹੋਏ ਸਿਖੇ ਹੋਏ ਜੰਗੀ ਹਾਥੀਆਂ ਦੀ ਫਸੀਲ ਖੜੀ ਕਰ ਦਿਤੀ। ਤੀਜੀ ਤਰਫ ਨੁਵਾਬਾਂ ਜਾਗੀਰਦਾਰਾਂ ਦੀ ਸੈਨਾਂ ਚੌਥੇ ਪਾਸੇ ਅਪਣੀ ਫੌਜ ਵਿਚ ਜੰਬੂਰੇ ਰੈਹਕਲੇ ਗੁਬਾਰੇ ਬੀੜ ਕੇ ਆਪ ਗਾਜ਼ੀਆਂ ਦੇ ਵਿਚਕਾਰ ਵੱਡੇ ਉਚੇ ਹਾਥੀ ਪਰ ਵਿਦਾਰ ਵਾਸਤੇ ਸਵਾਰ ਹੋ ਬੈਠਾ।

ਹੁਣ ਉਧਰੋਂ ਬੰਦਾ ਬੀ ਆਪਣੀ ਜੱਥਾ ਜੋਗ ਤਿਆਰੀ ਕਰਕੇ ਨਨਹੇੜੇ ਦੇ ਨੇੜੇ ਇਕ ਬੜੇ ਭਾਰੇ ਕਿਕਰਾਂ ਤੇ ਅੰਬਾਂ ਦੇ ਸੰਘਣੇ ਜੰਗਲ ਨੂੰ ਅੱਗੇ ਰਖਕੇ ਲਾਂਗੋ ਡੇਰ ਲਸ਼ਕਰ ਸਮੇਤ ਆ ਠਹਰਿਆ, ਚਾਰ ਜੱਥੇ ਬਣਾਕੇ ਮਾਲਵੇ ਦੇ ਲੋਗ ਤਾਂ ਸੌ ਸੌ ਕਰਕੇ ਫਤੇ ਸਿੰਘ ਕਰਮ ਸਿੰਘ ਧਰਮ ਸਿੰਘ ਨਗਾਹਾ ਸਿੰਘ ਤਖਤਾ ਸਿੰਘ ਆਲੀ ਸਿੰਘ ਮਾਲੀ ਸਿੰਘ ਵਗੈਰਾ ਨੂੰ ਸੌਂਪ ਕੇ ਇਕ ਮੋਰਚੇ ਪਰ ਖੜੇ ਕਰ ਦਿੱਤੇ, ਦੂਜੇ ਮਝੈਲ ਸਿੰਘ ਬਾਬੇ ਬਿਨੋਦ ਸਿੰਘ ਤੇਹਣ ਦੇ ਔਰ ਬਾਜ ਸਿੰਘ ਰਾਮ ਸਿੰਘ ਮੀਰ ਪੁਰ ਪੱਟੀ ਵਾਲੇ ਬੱਲ ਜੱਟਾਂ ਦੇ ਤੀਜਾ ਜੱਥਾ ਬਾਬੇ ਕਾਹਨ ਸਿੰਘ ਮੀਰੀ ਸਿੰਘ ਹੋਰ ਨਾਮੀ ਨਾਮੀ ਧਾੜਵੀਆਂ ਸੌਂਪ ਕੇ ਤੇ ਚੌਥਾ ਜੱਥਾ ਆਪ ਰਖਜਾ, ਲੜਾਈ ਦਾ ਹੁਕਮ ਦੇਕੇ ਆਪ ਇਕ ਉਚੇ ਥਾਂ ਜਾ ਬੈਠਾ ॥

ਹੁਣ ਜਦ ਦੋਵੇਂ ਦਲ ਮੁਕਾਬਲੇ ਪਰ ਆਡੱਟੇ ਤਾਂ ਵਜੀਦ ਖਾਂ

Digitized by Panjab Digital Library | www.panjabdigilib.org

ਨੇ ਤੋਪਾਂ ਦੀ ਸਲਾਮੀ ਬਾੜ ਝਾੜੀ, ਕਈ ਗੋਲੇ ਬੰਦੇ ਦੇ ਦਲ ਵਿਚ ਆ ਡਿਗੇ,ਫੇਰ ਤਾਂ ਜੰਜੀਰੀ ਗੋਲੇ ਐਤਨੇ ਬਰਸਾਏ ਤੋਪਾਂ ਨੇ ਧਰਤੀ ਕੰਬਾ ਦਿੱਤੀ, ਪਰ ਜੰਜ਼ੀਰੀ ਗੋਲੇ ਬਹੁਤੇ ਦਰਖਤਾਂ ਵਿੱਚ ਹੀ ਅਟਕਦੇ ਰਹੇ, ਸਿਖਾਂ ਨੂੰ ਥੋੜੀ ਮਾਰ ਕੀਤੀ, ਹੁਣ ਏਨਾਂ ਪਾਸ ਤਾਂ ਤੋਪਾਂ ਗੁਬਾਰੇ ਜੰਬੂਰੇ ਬਹੁਤ ਥੋੜ੍ਹੇ ਸਨ। ਭਾਵੇਂ ਤੋਪਦਾ ਜਵਾਬ ਤੋਪ ਨਾ ਦੇ ਸਕੇ, ਪਰ(ਜੋ ਕਰਤਾ ਕੁਛ ਕਰਿਆ ਚਾਹੇ। ਲਾਖ ਸਬਬ ਬਨਾਇ ਨਿਬਾਹੇ) ਬੰਦੇ ਦੇ ਦਲ ਵਿੱਚ ਜੋ ਚਾਰ ਪੰਜ ਛੋਟੀਆਂ ੨ ਤੋਪਾਂ ਸਨ ਓਨਾਂਦੇ ਚਲਵੱਯੇ ਦੋ ਰਾਜਪੂਤ ਬੁੰਦੇਲ ਖੰਡੀ ਬੰਦੇਨੇ ਬੜੇ ਆਦਰ ਨਾਲ ਰੱਖੇ ਹੋਏ ਸਨ, ਓਨਾਂਨੇ ਐਸੇ ਤੱਕ ਤੱਕ ਕੇ ਵੈਰੀਆਂ ਦੀਆਂ ਤੋਪਾਂ ਦੇ ਮੂੰਹਾਂ ਵਿੱਚ ਗੋਲੇ ਮਾਰੇ ਕਈ ਤੋਪਾਂ ਨਿਕੰਮੀਆਂ ਕਰ ਦਿੱਤੀਆਂ, ਅਤੇ ਆਪਣੀਆਂ ਤੋਪਾਂ ਨੂੰ ਹਲਕੀਆਂ ਹੋਣ ਕਰ ਸਿੰਘ ਅੱਗੇ ੨ ਰੋੜਦੇ ਹੋਏ ਚਲਾਉਂਦੇ ਤੇ ਵਧਦੇ ਗਏ,ਸਿੰਘਾਂ ਦਾ ਵਧਣਾ ਦੇਖ ਕੇ ਬਹੁਤੇ ਤੁਰਕਾਂ ਨੂੰ ਤਾਂ ਏਹੋ ਸੁਝੀ ਕਿ ਬੰਦੇ ਨੇ ਜਾਦੂ ਨਾਲ ਸਾਡੇ ਸ਼ਸਤਰ ਬੰਨ ਰਖੇ ਹਨ ਜੋ ਸਿਖਾਂ ਨੂੰ ਨਹੀਂ ਲੱਗਦੇ ਏਹ ਵਧ ਰਹੇ ਹਨ ਬਲਕੇ ਏਹੋ ਦ੍ਰਿੜ ਖਯਾਲ ਮੁਸਲਮਾਨ ਸਰਦਾਰਾਂ ਫੌਜਦਾਰਾਂ ਨੂੰ ਕੰਪਾਏਮਾਨ ਭੈ ਭੀਤ ਕਰ ਰਿਹਾ ਸੀ ਜੋ ਕੰਬ ਜਾਂਦਾ ਹੈ ਰਣ ਵਿਚੋਂ ਸੋਈ ਹਾਰਦਾ ਹੈ, ਕਈ ਤੁਰਕੀ ਤੋਪਾਂ ਦੇ ਮੂੰਹ ਤਾਂ ਸਿਖਾਂ ਦੇ ਗੋਲਜਾਂ ਨੇ ਬੰਦ ਕੀਤੇ ਸੇ ਪਰ ਓਨਾਂ ਨੇ ਏਹ ਬੀ ਜਾਦੂ ਹੀ ਸਮਝ ਰਖਯਾ ਸੀ, ਜਿਸ ਕਰਕੇ ਓਧਰ ਦੀ ਸਪਾਹ ਤਾਂ ਸਾਰੀ ਓਦਰੀ ਹੋਈ ਬਧਾ ਚੱਟੀ ਭਰਨ ਵਾਲਾ ਜੰਗ ਕਰ ਰਹੀ ਸੀ, ਤੇ ਸਿੱਖ ਜਾਨਾਂ ਹੀਲਕੇ ਸ਼ਹੀਦ ਹੋਣ ਲਈ ਹੌਸਲੇ ਵਧਾਈ ਵਧਦੇ ਗਏ ॥

ਏਸ ਹਾਲ ਨੂੰ ਦੇਖਕੇ ਵਜੀਦ ਖਾਂ ਤੇ ਮਲੇਰੀਏ ਵਗੈਰੇ

Digitized by Panjab Digital Library | www.panjabdigilib.org

ਨੁਵਾਬਾਂ ਫੌਜਦਾਰਾਂ ਨੇ ਫੌਜ ਨੂੰ ਵੰਗਾਰ ੨ ਕੇ ਤੇ ਤੋਪਾਂ ਨੂੰ ਫੇਰ ਫੇਰਕੇ ਰਹਿਕਲੇ ਜੰਬੂਰਜਾਂ ਦੇ ਗੋਲੇ ਬੰਦੂਕਾਂ ਦੀਆਂ ਗੋਲੀਆਂ ਤੇ ਤੀਰਾਂ ਦੇ ਰਾਬੇ ਛੱਡ ਕੇ ਇਕੋ ਵਾਰੀ ਸਾਰਦਾ ਮੀਂਹ ਬਰਸਵਾ ਦਿੱਤਾ, ਜਿਸਤੋਂ ਸਿੱਖਾਂ ਦਾ ਬਹੁਤ ਨੁਕਸਾਨ ਹੋਯਾ ਤਦੋਂ ਹੀ ਐਨ ਸਮਾਂ ਵੇਖਕੇ ਓਸ ਛਲੀਏ ਗੰਡੇ ਖਤ੍ਰੀਨੇ ਅਪਣੇ ਪੰਜ ਸੌ ਸਵਾਰ ਨੂੰ ਨਾਲ ਲੈਕੇ ਭਾਂਜ ਪਾ ਦਿੱਤੀ, ਬੰਦੇ ਨੇ ਪਹਿਲੇ ਹੀ ਓਸ ਬਾਬਤ ਬਾਜ ਸਿੰਘ ਫਤੇ ਸਿੰਘ ਨੂੰ ਨਿਗ-ਰਾਂਨ ਰਖਯਾ ਹੋਯਾ ਸੀ, ਓਨਾਂ ਨੇ ਓਸੇ ਥਾਂ ਨਪਕੇ ਬਜੋਂਤ ਲਏ ਆਪ ਖੱਤਰੀ ਘੋੜੇ ਉਤੋਂ ਡਿਗ ਪਿਆ ਸਿੱਘਾਂ ਨੇ ਫੜ ਲੀਤਾ ਜੋ ਬੁਰੀ ਤਰਾਂ ਮਾਰਕੇ ਦੋਜ਼ਕ ਵਿੱਚ ਪਾਯਾ ਦਗੇਦਾ ਫਲ ਭੁਗਾਯਾ ਗਿਆ । ਵੰਗਾਰੀ ਹੋਈ ਫੌਜ ਨੇ ਸਿੰਘਾਂ ਨੂੰ ਮਾਰ ਮਾਰ ਕੇ ਭਾਵੇਂ ਬਜਾਹੁਲ ਤਾਂ ਕਰ ਦਿੱਤਾ, ਪਰ ਸਿੱਖ ਪਿਛੇ ਨਾ ਹਟੇ ਓਸ ਔਕੜ ਬਣੀ ਨੂੰ ਫਤੇ ਸਿੰਘ ਭਾਈ ਕਾ ਤੇ ਬਾਜ ਸਿੰਘ ਨੇ ਰਣ ਦੀ ਭਠੀ ਵਿਚ ਦਾਨਾ ਵਾਂਗ ਭੁਜਣਾ ਚੰਗਾ ਨਾ ਸਮਝਕੇ ਬੰਦੇ ਨੂੰ ਰਣ ਵਿਚ ਲੈ ਆਂਦਾ (ਜਿਥੇ ਓਹ ਫੌਜ ਦੇ ਪਿਛੇ ਇਕ ਉਚੇ ਥਾਂ ਖੜਾ ਜੰਗਦਾ ਰੰਗ ਵੇਖ ਰਿਹਾ ਸੀ) ਏਹ ਜਾ ਪੁਕਾਰੇ ਕਿ ਆਪ ਏਥੇ ਬੇਫਿਕਰ ਬੈਠੇ ਹੋ ਸਿੰਘਾਂ ਨੂੰ ਤੁਰਕਾਂ ਨੇ ਬਹੁਤ ਹਲਚਲੀ ਪਾ ਰਖੀ ਹੈ ਜੇ ਘੜੀਕ ਹੋਰ ਓਹੋ ਹਾਲ ਰਿਹਾ ਤਾਂ ਮੁੜ ਪੈਰ ਜੰਮਣੇ ਔਖੇ ਹੋਣਗੇ । ਬੰਦਾ ਭੀ ਏਸ ਮਾਮਲੇ ਨੂੰ ਚੰਗੀ ਤਰਾਂ ਜਾਣਦਾ ਸੀ ਫੌਰਨ ਸਵਾਰ ਹੋਕੇ ਰਣਭੂਮੀ ਵਿਚ ਆ ਗੱਜਣਾ, ਲਿਲਕਾਰ ੨ ਵੰਗਾਰ ੨ ਸਤਕਾਰ ੨ ਸਿੰਘਾਂ ਦੇ ਹੌਸਲੇ ਵਧਾ ਕਰ ਤੀਰਾਂ ਤੁਫੰਗਾਂਦੀ ਝੜੀਲਾਦਿਤੀ।

ਬੰਦੇ ਦਾ ਆਉਣਾ ਹੀ ਸਿੰਘਾਂ ਦੇ ਮੁਰਝਾਏ ਦਿਲਾਂ ਵਿਚ ਬਿਜਲੀ ਦਾ ਅਸਰ ਕਰ ਗਿਆ, ਇਕੋ ਵਾਰੀ ਗੱਚ ਖਾਕੇ

Digitized by Panjab Digital Library | www.panjabdigilib.org

ਤੁਰਕਾਂ ਉਤੇ ਜਾ ਪਏ, ਕਯੋਂਕਿ ਲੜਾਈ ਦੇ ਢਾਈ ਫੱਟ ਜਾਂ ਸਾਡੇ ਤ੍ਰਿੰਨ ਹਨ ਇਕ ਤਾਂ ਵੈਰੀ ਨੂੰ ਮਿਲਕੇ ਸਮੇਂ ਸਿਰ ਫੇਰ ਮਾਰ ਲੈਣਾ, ਯਾ ਲੋਕ ਦੀ ਮੱਦ੍ਹਾ ਪਿਲਾਕੇ ਕਮਲੇ ਕਰ ਫੜ ਲੈਨਾਂ, ਦੂਜਾ ਨੱਠਕੇ ਜਾਨ ਬਚਾ ਲੈਣੀ ਸਿਰ ਕਾਇਮ ਜੰਗ ਦਾਇਮ, ਅੱਧਾ ਇਹਹੈ ਵੈਰੀ ਦੇ ਹੱਲਾ ਕਰਨ ਤੋਂ ਪੈਹਲੇ ਹੱਲਾ ਕਰਕੇ ਗਲ ਜਾ ਪੈਣਾ, ਮਾਰ ਲਿਆ ਯਾ ਮਰ ਗਏ। ਹੁਣ ਜਿਨ੍ਹਾਂ ਸਿੰਘਾਂ ਨੇ ਮਨ ਵਿਚ ਸਰਹੰਦ ਨੂੰ ਮਾਰ ਲੈਣਾ ਯਾ ਸ਼ਹੀਦ ਹੋਣਾ ਦ੍ਰਿੜ੍ਹ ਥਾਪ ਰਖਿਆ ਸੀ ਹੋਰ ਉਪਾਇ ਦਾ ਸਮਾਂ ਨਾ ਵੇਖਕੇ ਤੁਰਕਾਂ ਦੇ ਗਲ ਪੈਣਾ ਹੀ ਚੰਗਾ ਸਮਝਿਆ, ਇਕੋ ਵਾਰ ਸਤ ਸ੍ਰੀ ਅਕਾਲ ਗਜਾਕੇ ਭੂਏ ਹੋਏ ਸ਼ੇਰ ਵੈਰੀ ਦੇ ਲਸ਼ਕਰ ਵਿਚ ਜਾ ਧਸੇ। ਬਾਜ ਸਿੰਘ ਦੇ ਜੱਥੇ ਨੇ ਜਾਨ ਹੀਲਕੇ ਤੋਪਾਂ ਦੇ ਸਹਾਇਕਾਂ ਨੂੰ ਵੱਢ ਟੁਕ ਪਲੀਤਿਆਂ ਵਿਚ ਕਿਲ ਠੋਕ ਦਿਤੇ, ਤਲਵਾਰਾਂ ਖਿਚ ਲਈਆਂ, ਫਤੇ ਸਿੰਘ ਦੇ ਜਥੇ ਨੇ ਪੈਂਦੇ ਹਥ ਮਲੇਰੀਆਂ ਦਾ ਮੋਰਚਾ ਜਾ ਤੋੜਿਆ, ਭਾਵੇਂ ਮਲੇਰੀ ਫੌਜ ਬਥੇਰੀ ਲੜੀ, ਪਰ ਓਨਾਂ ਦੇ ਨੇਤ੍ਰਾਂ ਅਗੇ ਸਿੰਘ ਹੀ ਸਿੰਘ ਨਜਰ ਆਉਣੇ ਕਰ ਐਸਾ ਡਰ ਬੈਠਾ ਕਿ ਬੇਦਿਲ ਹੋਕੇ ਕੰਬਨ ਲਗ ਪਏ, ਓਸੇ ਮੁਠ ਭੇੜ ਵਿਚ ਸ਼ੇਰ ਮੁਹੰਮਦ ਖਾਂ ਤੇ ਖ੍ਵਾਜਾ ਅਲੀ ਮਹੰਮਦ ਜਦ ਦੋਵੇਂ ਮਾਰੇ ਗਏ, ਫੌਜ ਨੇ ਪਿਠ ਦਿਖਾਈ ॥

ਸਾਰੇ ਮੁਸਲਮਾਨੀ ਫੌਜ ਵਿਚ ਮਲੇਰੀਆਂ ਦਾ ਮੋਰਚਾ ਬਹਾਦਰੀ ਵਿਚ ਅੜੀਅਲ ਗਿਣਿਆਂ ਹੋਇਆ ਸੀ, ਓਸਦਾ ਟੁਟਣਾਂ ਹੀ ਸਾਰੇ ਤੁਰਕਾਂ ਦੇ ਲੱਕ ਤੋੜ ਗਿਆ, ਮਰਜੀ ਰੱਬਦੀ ਮਲੇਰੀਆਂ ਦੇ ਟੱਬਰ ਦੀ ਜਾਨ ਸਿੰਘਾਂ ਦੇ ਹੱਥੋਂ ਹੀ ਲਿਖੀ ਸੀ, ਕੁਛ ਚਮਕੌਰ ਕੁਛ ਰੋਪੜ ਸੰਘੋਲ ਬਾਕੀ ਸਰਹੰਦ ਆਕੇ ਮਰ ਗਏ, ਮਲੇਰੀਆਂ ਦੇ ਮਰਦੇ ਹੀ ਸਿੰਘਾਂ ਦੇ ਦਿਲ ਵਧ ਗਏ।

Digitized by Panjab Digital Library | www.panjabdigilib.org

ਭਾਵੇਂ ਵਜੀਦ ਖਾਂ ਅਪਣੀ ਫੌਜ ਵਿਚ ਘੋੜਾ ਦੌੜਾ ੨ ਬਥੇਰੇ ਹੀ ਹੌਸਲੇ ਇਨਾਮਦੇ ਦੇ ਰਿਹਾ ਸੀ, ਪਰ ਇਕ ਤਾਂ ਬੰਦੇ ਦੇ ਜਾਦੂ ਦਾ ਵਾਧੂ ਡਰ ਓਨਾਂ ਦੇ ਦਿਲ ਕੰਬਾ ਰਿਹਾ ਸੀ, ਦੂਜੇ ਤਿੰਨ ਪੈਹਰ ਦੇ ਲੜਦੇ ਹੋਏ ਭੁਖੇ ਤਿਹਾਏ ਜੇਠ ਦੀ ਧੁਪ ਤੇ ਲੋ ਨੇ ਹੋਸ਼ ਮਾਰ ਛਡੀ ਸੀ, ਕਯੋਂਕਿ ਓਹ ਮੁਗਲ, ਪਠਾਣ, ਸ਼ੇਖ, ਸੱਯਦ ਬਹੁਤ ਸੁਖਯਾਰੇ ਕੋਮਲ ਬਦਨ ਮਾਗਣੂਆਂ ਵਾਂਗੂੰ ਤੜਫ ਰਹੇ ਹਨ, ਏਧਰ ਬਹੁਤੇ ਜੱਟ ਸਿੰਘ ਹੀ ਸਨ ਜਿਨਾਂਨੇ ਸਾਰੀ ਉਮਰ ਧੁਪਾਂ ਲੋਆਂ ਭੁਖਾਂ ਤ੍ਰਿਖਾਂ ਦੀ ਖੇਚਲਾਂ ਦੇ ਕਸ਼ਟ ਸਹਾਰੇ ਹੋਏ ਸਨ, ਸਗੋਂ ਓਨਾਂ ਉਤੇ ਚੜ੍ਹਦੇ ਗਏ। ਭਾਵੇਂ ਪੈਹਲੇ ਤਾਂ ਸਿੰਘਾਂ ਦੀ ਜਿਤ ਦੀ ਖੇਤੀ ਕੁਮਲਾ ਰਹੀ ਸੀ, ਹੁਣ ਬੰਦੇ ਦਾ ਆਉਣਾ ਬੱਦਲ ਵਾਂਗ ਵਰਸ ਗਿਆ ਤੇ ਮਲੇਰੀਆਂ ਦੇ ਮਰਣੇਦੀਬਿਜਲੀ ਨੇ ਚਾਨਣਾ ਕਰ ਦਿਖਾਇਆ, ਜਿਤ ਦੀ ਆਸਾ ਦਾ ਖੇਤ ਫੇਰ ਫਲ ਪਿਆ, ਦੁਵੱਲੋਂ ਜੋਧੇ ਤੀਰਾਂ ਤਲਵਾਰਾਂ ਨਾਲ ਜੂਝ ਰਹੇ ਸਨ, ਬਬੇ ਅਖਰ ਦੁਹਾਂ ਦਲਾਂ ਦੇ ਦਿਲ ਵਧਾ ਰਹੇ ਸਨ, ਲੜਾਈ ਤੁਲੀ ਖੜੀ ਸੀ, ਝੋਕ ਵਜਦੀ ਨਾ ਦੇਖਕੇ ਬੰਦੇ ਨੇ ਓਨਾਂ ਪੰਜਾਂ ਤੀਰਾਂ ਵਿਚੋਂ ਜੋ ਗੁਰੂ ਜੀ ਨੇ ਬਖਸ਼ੇ ਸਨ, ਇਕ ਸਰਹੰਦ ਵੱਨੀ ਚਲਾ ਦਿਤਾ, ਜਿਸਦੇ ਛੁਟਦੇ ਹੀ ਐਸੀ ਕੈਹਰ ਦੀ ਅੰਧੇਰੀ ਛੁਟੀ ਕੰਕਰੀਆਂ ਧੂੜ ਨੇ ਸਤੂ ਬਜਾਕੁਲ ਕਰ ਸਿੱਟੇ, ਦੂਜਾ ਸਿੰਘਾਂ ਦਾ ਹੱਲਾ ਅੱਲਾ ਦਾ ਕੈਹਰ ਸਮਝੇ, ਤੀਜੇ ਅਚਾਣਕ ਕਿਸੇ ਸਿੰਘ ਦਾ ਤੀਰ ਵਜੀਦੇ ਦੇ ਸਰੀਰ ਨੂੰ ਚੀਰਕੇ ਘੋੜੇ ਉਤੋਂ ਵਰਜਮੀਨ ਪਰ ਸਿਟ ਗਿਆ, ਮਾਲਕ ਮਰੇ ਤੋਂ ਮਾਤੈਹਤ ਐਸੇ ਡਰਪੋਕ ਹੋਕੇ ਨੱਠ ਤੁਰੇ, ਜੋ ਓਸਦੀ ਲੋਥ ਭੀ ਨਾ ਚੁਕ ਸਕੇ, ਬਲਕਿ ਮਰੇ ਸੈਹਕਦੇ ਦਾ ਪਤਾ ਬੀ ਨਾ ਲੀਤਾ, ਭਾਈ ਫਤੇ ਸਿੰਘ

ਓਸਦੇ ਨਜੀਕ ਹੀ ਜਥੇ ਨੂੰ ਲੜਾ ਰਿਹਾ ਸੀ, ਹਲਚਲੀ ਮਾਲੂਮ ਕਰਕੇ ਮਾਰ ਮਾਰ ਪੁਕਾਰਦਾ ਹੋਇਆ ਸ਼ੀਘਰ ਜਾ ਪੁਜਿਆ ਸੈਹਕਦੇ ਹੀ ਸ਼ਤ੍ਰੂ ਨੂੰ ਚੁਕਾਕੇ ਬੰਦੇ ਪਾਸ ਲੈ ਆਂਦਾ। ਹੁਣ ਕੀ ਸੀ? ਤੁਰਕਾਨੀ ਪੱਲੇ ਪਲੀ ਵਿਚ ਮੈਦਾਨ ਖਾਲੀ ਕਰ ਤੁਰੀ, ਸਿੰਘਾਂ ਦੀ ਬਣ ਆਈ ਤੇਗੇ ਸੂਤਕੇ ਓਨਾਂ ਦੀ ਪਿੱਠ ਉੱਤੇ ਚੜ੍ਹ ਗਏ, ਛੀ ਸਤ ਕੋਹ ਵਿਚ ਲੋਥਾਂ ਉਤੇ ਲੋਥਾਂ ਚੜ੍ਹਾ ਛੱਡੀਆਂ, ਧਰਤੀ ਨੂੰ ਸੂਹੀ ਪੁਸ਼ਾਕ ਪੈਹਨਾਕੇ ਸੁਹਾਗ ਵੰਤੀ ਕਰ ਦਿਤਾ, ਇਸਲਾਮੀ ਝੰਡਾ ਡਿਗਪਿਆ, ਸਿੰਘਾਈ ਨਿਸ਼ਾਨ ਲੈਹਰਾਨੇ ਲਗਾ, ਵਜੀਦ ਖਾਂ ਦੇ ਪੈਰੀਂ ਰੱਸਾ ਪਾ ਵੈਹੜਕਿਆਂ ਮਗਰ ਬੰਨ੍ਹਕੇ ਸਾਰੇ ਬਜਾਰਾਂ ਵਿਚ ਘਸੀਟ ਕਰਾਈ, ਓੜਕ ਕਚੈਹਰੀ ਦਰਵਾਜੇ ਦਰੱਖਤ ਨਾਲ ਪੁਠਾ ਟੰਗੇ ਹੋਏ ਦਾ ਮਾਸ ਚੀਲਾਂ ਕਾਗਾਂ ਨੂੰ ਖੁਲਾ ਛਡਿਆ, ਕੋਈ ਲਿਖਦੇ ਹਨ ਜੋ ਸਾੜ ਦਿਤਾ, ਬੇਟਾ ਓਸਦਾ ਸਮੁੰਦ ਖਾਂ ਟੱਬਰ ਨੂੰ ਲੈਕੇ ਪੈਹਲੇ ਹੀ ਦਿੱਲੀ ਵੱਨੀ ਦੌੜ ਗਿਆ ਸੀ। ਹੋਰ ਸਬੰਧੀ ਕਾਰਦਾਰ ਫੜ ਫੜ ਸਿੰਘਾਂ ਨੇ ਕੋਠੜੀਆਂ ਵਿਚ ਅੜਾ ਦਿਤੇ, ਸ਼ਾਹੀਖਜਾਨੇ ਤੋਪ ਖਾਨੇ ਕਿਲੇ ਵਰਗੇ ਮਕਾਨਾਂ ਪਰ ਕਬਜਾ ਕਰਕੇ ਬੰਦੇ ਦੀ ਮਰਜੀ ਤਾਂ ਨਹੀਂ ਸੀ, ਪਰ ਸਿੰਘਾਂ ਨੇ ਕੈਹਕੇ ਤਿੰਨ ਦਿਨ ਲੁਟ ਲੈਣ ਦਾ ਹੁਕਮ ਲੈ ਲੀਤਾ, ਫੇਰ ਤਾਂ ਆਪੋ ਧਾਪ ਹੱਲਾ ਬੋਲਕੇ ਗਲੀਆਂ ਘਰਾਂ ਵਿਚ ਸਿੰਘ ਜਾ ਵੜੇ, ਬਲਕਿ ਜੋ ਲੁਟੇਰੇ ਲੋਗ ਜੰਗ ਵਿਚੋਂ ਨੱਠਕੇ ਪਿੰਡਾਂ ਵਿਚ ਕਈ ਹਜਾਰ ਬੈਠਾ ਸੀ, ਫਤੇ ਸੁਣਕੇ ਲੁਟਦੇ ਸਾਥੀ ਹੋ ਗਏ; ਲੁਟਨ ਲਈ ਸ਼ੈਹਰਉਤੇਟੁਟਪਏ, ਸਗੋਂ ਦਸ ੨ ਵੀਹ ੨ ਕੋਹ ਰਕਦੇ ਚਲਦੇ ਪੁਰਜੇ ਭੀ ਪੁਸ਼ਤਾਂ ਦੇ ਪ੍ਰਸ਼ਾਦੇ ਲੈ ਗਏ, ਸ਼ੈਹਰੀ ਬਦਮਾਸ਼ਾਂ ਨੇ ਆਪਣੇ ਤੇ ਆਪਣੇ

Digitized by Panjab Digital Library | www.panjabdigilib.org

## ਸਾਕਾਂ ਸੰਬੰਧਾਂ ਦੇ ਨਵੇਂ ਪੁਰਾਣੇ ਬਦਲੇ ਲੈਣ ਵਾਸਤੇ ਸਿੰਘਾਂ ਨੂੰ ਭੇਤ ਦੱਸ ਦੱਸ ਕੇ ਸਿੰਘਾਂ ਨਾਲੋਂ ਬੀ ਬਹੁਤਾ ਹਿੱਸਾ ਲੁਟ ਮਾਰ ਦਾ ਲੀਤਾ, ਕਿਉਂਕਿ ਓਹ ਸ਼ੈਹਰ* ਦੇ ਭੇਤੀ ਸੇ।

*ਏਹ ਸ਼ੇਹਰ ਭਾਵੇਂ ਪੁਰਾਣਾਂ ਸੀ, ਪਰ ਉੱਘਾ ਫੀਰੋਜ਼ਾ ਸ਼ਾਹ ਦੇ ਵੇਲੇ ਹੋਯਾ ਹੈ। ਪਹਿਲੇ ਨਜ਼ਾਮਤ ਗਾਹ ਸਮਾਣਸੀ ਏਸ ਨੂੰ ਸ਼ਾਹੀ ਸੜਕ ਉਤੇ ਜੋ ਦਿਲੀ ਲਾਹੌਰਦੀ ਸੀ ਦੇਖ ਕੇ ਏਥੇ ਸੂਬੇ ਨੂੰ ਰਹਿਣ ਦਾ ਹੁਕਮ ਦੇਕੇ ਸਾਰੇ ਪ੍ਰਗਣੇ ਏਸੇ ਸਰਹੰਦ ਦੀ ਬਾਉਨੀ ਨਾਲ ਲਾ ਦਿਤੇ। ਏਹੋ ਬਰੋਜ਼ਾ ਲਖ ਦੀ ਬਾਉਨੀ ਕਰ ਦਿਤੀ ਓਦੋਂ ਹਰੇਕ ਬਾਦਸ਼ਾਹ ਗਰਮੀਆਂ ਕਟਣ ਕਸ਼ਮੀਰ ਜਾਇਆ ਕਰਦਾ ਸੀ, ਏਹੋ ਪੜਾਉ ਸਰਕਾਰੀ ਬਣ ਗਿਆ ਫੇਰ ਤਾਂ ਉਚੇ ੨ ਸੋਹਣੇ ੨ ਮੈਹਲ ਮੰਦਰ ਮਕਬਰੇ ਮਸੀਤਾਂ ਮਕਾਨ ਬਣ ਗਏ। ਭਾਵੇਂ ਮਕਬਰੇ ਹੋਰ ਭੀ ਬਹੁਤ ਹਨ ਪਰ ਐਹਮਦ ਮੁਦਦ ਅਲਫ ਸਾਨੀ ਦੀ ਖਾਨਗਾਹ ਜੋ ਬਹਾਦਰਸ਼ਾਹ ਬਾਦਸ਼ਾਹ ਦੀ ਬੇਟੀ ਨੇ ਲੱਖਾਂ ਰੁਪਯੇ ਖਰਚ ਕੇ ਕੀਮਤੀ ਪੱਥਰਾਂ ਨਾਲ ਸਜਾਕੇ ਬਨਵਾਈ ਹੋਈ ਹੈ, ਐਸਾ ਸਜਿਆ ਹੋਇਆ ਜਾਗੀਰ ਦਾਰ ਅਜ ਕਲ ਭੀ ਓਥੇ ਹੋਰ ਕੋਈ ਮਕਾਨ ਨਹੀਂ। ਟੋਡਰ ਮਲ ਦੀਵਾਨ ਵਰਗੇ ਬੇਅੰਤ ਅਮੀਰ ਏਥੇ ਵਸ ਪਏ, ਜਿਸ ਕਰਕੇ ਬਾਗ ਤਲਾਉ ਬਾਯਾਂ ਕੂਏ ਲਗ ਗਏ। ਦਿਲੀ ਲਹੌਰ ਦੇ ਵਿਚਕਾਰ ਭਾਰੀ ਰੌਣਕ ਵਾਲੀ ਏਸੇ ਸ਼ੈਹਰ ਦੀ ਛਬ ਢੰਗੇ ਫਬ ਦੀ ਸੀ, ਬਲਕੇ ਲਾਹੌਰ ਭੀ ਏਸ ਅੱਗੇ ਫਿਕਾ ਸੀ, ਕਿਉਂਕਿ ਹਰ ਪ੍ਰਕਾਰ ਦੇ ਹੁਨਰਾਂ ਵਾਲੇ ਕਾਰੀਗਰ, ਸ਼ਾਹੂਕਾਰ ਏਥੇ ਬਾਦਸ਼ਾਹ ਨੇ ਵਸਾ ਰਖੇ ਸਨ। ਅਕਬਰ ਤੋਂ ਲੈਕੇ ਅੰਤਮ ਬਹਾਦਰਸ਼ਾਹ ਬਾਦਸ਼ਾਹ ਤਕ ਏਸਨੂੰ ਕਦੇ ਕਿਸੇ ਨੇ ਲੁਟ ਮਾਰ ਕੇ ਤਤੀ ਵਾਉ ਨਹੀਂ ਲਾਈ ਸੀ, ਪਰ ਕੋਈ ਕੀ ਜਾਣਦਾ ਸੀ ਕਿ ਏਸ ਫਲੇ ਫੁਲੇ ਫਲੇ ਫਬੇ ਹੋਏ ਬਾਗ ਨੂੰ ਵਜੀਦੇ ਮਾਲੀ ਬੇਈਮਾਨ ਦੀ ਜੁਲਮੀ ਨੇ ਭੁਖ ਬੇਸ਼ੁਮਾਰ ਉਂਠਾਂ ਦੀ ਕਤਾਰ ਤੋਂ ਬਰਬਾਦ ਕਰਾ ਦੇਣਾ ਹੈ। ਏਹ ਗਲ ਸਚ ਹੈ ਕਿ ਇਕ ਪਾਪੀ ਪੁਰਖ ਬੇੜੀ ਦੇ ਪੂਰ ਨੂੰ ਡੋਬ ਛਡਦਾ ਹੈ, ਖੇਤੀ ਦੇ ਮਾਲਕ ਦੀ ਬਦਨੀਤ ਨਾਲ ਖੇਤੀ ਉਜੜ ਜਾਂਦੀ ਹੈ। (ਰਵਾਇਤ ਹੈ) ਇਕ ਵਾਰੀ ਜਹਾਂਗੀਰ ਬਾਦਸ਼ਾਹ ਕਸ਼ਮੀਰ ਗਿਆ ਸ਼ਿਕਾਰ ਵਿਚ ਪਿਆਸ ਲਗੀ, ਇਕ ਬਾਗਵਾਨ ਤੋਂ ਇਕ ਅਨਾਰ ਮੰਗਕੇ ਲੀਤਾ ਨੱਪਜਾ ਤਾਂ ਰਸ ਦਾ ਪਿਆਲਾ ਭਰ ਗਿਆ ਪੀਕੇ ਬਹੁਤ ਖੁਸ਼ੀ ਹੋਇਆ, ਮਾਲੀ ਤੋਂ ਬਾਗ ਦਾ ਮਾਮਲਾ ਸ਼ਾਹੀ ਖਜ਼ਾਨੇ ਵਿਚ ਦੇਣਾ ਬਹੁਤ ਥੋੜਾ, ਆਮਦਨੀ ਬਹੁਤੀ ਸੁਣਕੇ ਚਲਾ ਗਿਆ, ਮਨ ਹੀ ਮਨ ਮੈਂ ਮਾਮਲਾ ਹਾਲਾ ਪੈਹਲੇ ਤੋਂ ਚੌਗੁਣਾਂ ਲੈਣਾਂ ਥਾਪ ਲੀਤਾ, ਮੁੜਕੇ ਉਸੇ ਰਸਤੇ ਸੰਝ ਨੂੰ ਆਇਆ ਕਈ ਅਨਾਰ ਤੁੜਾਏ ਨਪੇ ਤੇ ਪਜਾਲਾ ਨਾ ਭਰਿਆ ਬਾਦਸ਼ਾਹਨੇ ਏਹ ਕਾਰਨ ਮਾਲੀ ਤੋਂ ਪੁਛਿਆਤਾਂ ਓਨ ਆਖਯਾ ਜੀ ਸਾਡੇ ਬਾਦਸ਼ਾਹ ਦੀ ਨੀਤ ਵਿਚ ਫਰਕ ਪੈ ਗਿਆ ਹੈ ਤਾਂ ਰਸ ਸੁਕ ਗਿਆ ਹੈ। ਬਾਦਸ਼ਾਹ ਨੇ ਵੁਜ਼ੂ ਕਰ ਨਿਮਾਜ ਪੜ੍ਹਕੇ ਅਪਨੀ ਭੁਲ ਬਖਸ਼ਾਈ ਦੂਜੇ ਦਿਨ ਫੇਰ ਉਸੇ ਤਰਾਂ ਇਕੋ ਫਲ ਵਿਚੋਂ ਰਸ ਦਾ ਪਜਾਲਾ ਭਰ ਗਿਆ। ਸ਼ਾਹੂਕਾਰ ਦੀ ਬਦਨੀਤ ਹੋਵੇ ਤਾਂ ਪੂੰਜੀ ਮਾਰੀ ਜਾਂਦੀ ਹੈ, ਵਪਾਰੀ ਦੀ ਨੀਤ ਵਿਚ ਫਰਕ ਆਵੇ ਤਾਂ ਘਾਟਾ ਪੈਂਦਾ ਹੈ। ਏਹ ਪ੍ਰੀਖਯਾ ਕੀਤੀ ਹੋਈ ਹੈ, ਸੋ ਵਜੀਦ ਖਾਂ ਦੀ ਬਦਨੀਤ ਨੇ ਸਰਹੰਦ ਸ਼ੈਹਰ ਪਰ ਕੈਹਰ ਪਾਕੇ ਉਜਾੜ ਕਰ ਛਡਿਆ॥

Digitized by Panjab Digital Library | www.panjabdigilib.org

੧੪ ਜੇਠ ਸੰ: ੧੭੯੫ ਨੂੰ ਸਿੰਘ ਤੇ ਲੁਟੇਰੇ ਲੋਕਾਂ ਨੇ ਸ਼ਹਿਰ ਵਿਚ ਘੁਸ ਕੇ ਜਥਾ ਜੋਗ ਸਾਮਾਨ ਜੇਵਰ ਨਕਦੀ ਨੂੰ ਬਹੁਤੇ ਹਥ ਮਾਰੇ ਜਿੰਦੇ ਤਖਤੇ ਤੋੜ ਸੁਟੇ, ਜਿਸਨੇ ਅਗੋਂ ਹਥ ਉਠਾਇਆ ਸੋਈ ਮਾਰ ਗਵਾਯਾ। ਧਾੜਵੀ ਜ਼ਾਲਮ ਨੇ ਤਾਂ ਭਾਰੀ ਬੇਤਰਸੀ ਨਾਲ ਕਟਾਰਾਂ ਤਲਵਾਰਾਂ ਦੀਆਂ ਰੇਕਾਂ ਦੇਦੇ ਲਹੂ ਲੁਹਾਣ ਕਰ ੨ ਦੌਲਤ ਕਢਾਈ। ਅਨੇਕ ਔਰਤਾਂ ਦੇ ਨਕ ਕੰਨ ਹੱਥ ਚੂੰਡੇ ਗੈਹਣਿਆਂ ਨੇ ਕਟਵਾ ਦਿਤੇ। ਚੌਂਕਾਂ ਤੇ ਬੁਰਜਾਂ ਵਿਚ ਲੋਥਾਂ ਦੇ ਢੇਰ ਲਗ ਗਏ। ਨਾਲੀਆਂ ਵਿਚ ਲਹੂ ਵਗ ਕੇ ਸੜਕਾਂ ਪਰ ਛਿੜਕਿਆ ਗਿਆ। ਲੋਕ ਸ਼ੈਹਰ ਛਡਕੇ ਭਜ ਗਏ, ਵਿਚਾਰੀਆਂ ਮੁਗਲਾਣੀਆਂ ਪਠਾਣੀਆਂ ਖਤਰਾਣੀਆਂ ਬਨਿਆਣੀਆਂ ਜਿਨਾਂ ਨੇ ਦੂਜੇ ਆਦਮੀ ਦੀ ਕਦੇ ਸ਼ਕਲ ਨਹੀਂ ਦੇਖੀ ਸੀ, ਜਾਨਾਂ ਲੈਕੇ ਘਰਾਂ ਤੋਂ ਨਿਕਲ ਦੌੜੀਆਂ, ਨੰਗੇ ਪੈਰੀਂ ਜੇਠ ਦੀ ਧੁਪ ਉਤੋਂ ਸੂਰਜ ਸਾੜੇ ਹੇਠੋਂ ਭੱਠ ਦੀ ਤਰਾਂ ਰੇਤਾ ਤਪਿਆ ਹੋਇਆ ਤੜਫਾ ਰਿਹਾ ਸੀ ਭੁਖੀਆਂ ਤਿਹਾਈਆਂ ਤੋਬਾ ੨ ਹਾਇ ੨ ਪੁਕਾਰਦੀਆਂ ਜੰਗਲ ਵਿੱਚ ਹੈਰਾਨ ਪਰੇਸ਼ਾਨ ਭੈਭੀਤ ਸਨ, ਰਾਹ ਕੋਈ ਲੱਭੇ ਨਹੀਂ, ਓਢਣੀਆਂ ਪਾੜ ੨ ਪੈਰਾਂ ਨੂੰ ਬੰਨ੍ਹਣ, ਕਦੇ ਕਿਸੇ ਬ੍ਰਿਛ ਨੂੰ ਤੱਕਣ, ਓਸ ਸਮੇਂ ਦੇ ਕਸ਼ਟ ਨੂੰ ਓਹੋ ਅਨਭਵ ਕਰ ਸਕਦਾ ਹੈ, ਜਿਸਨੇ ਕਦੇ ਅਜੇਹੀ ਬਿਪਤਾ ਭੋਗੀ ਹੋਊ, ਅਜੇਹੀ ਅਫੜਾ ਦਫੜੀ ਪਈ ਭੈਣ ਨੂੰ ਭਾਈ, ਪੁਤ੍ਰ ਨੂੰ ਮਾਈ, ਸੱਸ ਨੂੰ ਜਵਾਈ, ਮਾਈ ਨੂੰ ਜਾਈ, ਕੋਈ ਕਿਸੇ ਨੂੰ ਮਿਲਣੀ ਨਾ ਪਾਈ, ਜਿਧਰ ਜਿਸਦਾ ਦਾਉ ਲਗਾ ਦੌੜ ਗਿਆ, ਸਭਨੂੰ ਅਪਣੀ ੨ ਜਾਂਨ ਦੀ ਬਣ ਗਈ, ਜੋ ਘੇਰੀਆਂ ਗਈਆਂ ਅਨੇਕ ਖੁਦ ਹੀ

ਕਟਾਰੀਆਂ ਖਾਕੇ ਯਾ ਖੂਹਾਂ ਵਿਚ ਡਿੱਗਕੇ ਜਾਨਾਂ ਦੇਗਈਆਂ ਅਨੇਕਾਂ ਪਤਿਵੰਤੀਆਂ ਦੇ ਪਤਿ ਸਤ ਟੁਟਗਏ, ਐਸਾ ਕੈਹਰ ਦਾ ਭੁਜਾਨਕ ਸਮਾਂ ਬੀਤਿਆਂ ਜੋ ਲਿਖਦੀ ਹੋਈ ਕਲਮ ਕੰਬਦੀ ਹੈ, ਤਿੰਨ ਦਿਨ ਏਹੋ ਕਰਾਲ ਹਾਲ ਬੀਤਿਆ ਰੋਟੀ ਨਾ ਪਾਨੀ ਨੀਂਦ ਉਨੀਂਦਿਆ ਬਹਾਣੀ। ਸਰਹੰਦ ਸ਼ੈਹਰ ਜੋ ਪੰਦ੍ਰਾਂ ਸੋਲ੍ਹਾਂ ਕੋਸ ਦੇ ਗੇੜ ਵਿਚ ਵਸਦਾ ਸੀ, ਇਸ ਲੁਟ ਮਾਰ ਦੇ ਗਰਮ ਬਜਾਰ ਨੇ ਬਿਗਾੜਕੇ ਉਜਾੜ ਕਰ ਛਡਿਆ। ਲੁਟੇਰੇ ਲੋਗ ਪੁਸ਼ਤਾਂ ਦੀ ਦੌਲਤ ਲੈ ਗਏ, ਸੈਂਕੜੇ ਸੇਠ, ਨੁਵਾਬ ਅਮੀਰ ਕੀਰ ਹੋ ਗਏ, ਬੇਅੰਤ ਰੰਕ ਰਾਵ ਬਣ ਬੈਠੇ। ਸਰਹੰਦ ਦੇ ਵਸਨੀਕ ਚਾਲਾਕ ਬਦਮਾਸ਼ ਹੱਥ ਰੰਗ ਬੈਠੇ, ਸਿਖ ਤਾਂ ਗੁਰੂ ਦੇ ਹੁਕਮ ਨੂੰ ਮੰਨਦੇ ਹੋਏ ਨਿਰੇ ਪੁਰੇ ਸਰਹੰਦ ਦੇ ਉਜਾੜਨ ਵਿਚ ਹੀ ਸਨ, ਓਥੋਂ ਦੇ ਜੰਮੇ ਜਾਏ ਭੇਤੀਆਂ ਨੇ ਜਿਤਨਾਂ ਨੁਕਸਾਨ ਕੀਤਾ ਓਤਨਾਂ ਸਿੰਘਾਂ ਤੋਂ ਨਹੀਂ ਹੋਇਆ ॥

ਹੁਣ ਜਦ ਬੰਦੇ ਦੇ ਹੁਕਮ ਨਾਲ ਜੋ ਲੁਟ ਮਾਰ ਬੰਦ ਕਰਕੇ ਅਨੇਕ ਅਮੀਰ ਕਾਰਦਾਰ ਹਿੰਦੂ ਮੁਸਲਮਾਨ ਨਾਮੀ ੨ ਸਿੰਘਾਂ ਨੇ ਫੜ ੨ ਕੋਠੀਆਂ ਵਿਚ ਅੜਾ ਰਖੇ ਸਨ, ਓਹ ਕਢਾਏ। ਅਨੇਕਤਾਂ ਓਸ ਅਸਹਿ ਕਸ਼ਟ ਵਿਚ ਤੜਫਕੇ ਮਰ ਹੀ ਗਏ ਸਨ, ਬਾਕੀ ਜੋ ਜੀਉਂਦੇ ਨਿਕਲੇ ਓਨਾਂ ਵਿਚੋਂ ਸੁਚਾਨੰਦ ਜੇਹੇ ਦੁਸ਼ਟ ਵਖਰੇ ਕੈਦ ਕੀਤੇ ਗਏ, ਬਾਕੀ ਛਡ ਦਿਤੇ। ਕੈਦੀਆਂ ਨੂੰ ਜਥਾ ਜੋਗ ਸਜਾ ਮਾਰ ਕੁਟ ਦੀ ਯਾ ਜੁਰਮਾਨੇ ਦੀ ਦੇਕੇ ਰਿਹਾ ਕੀਤਾ, ਸੁਚਾਨੰਦ ਸੂਬੇ ਦਾ ਪੇਸ਼ਕਾਰ ਦੀਵਾਨ ਸੀ, ਉਸਦੇ ਨੱਕ ਵਿਚ ਨਕੇਲ ਪਵਾ ਕਰ ਰਿੱਛ ਵਾਗੂੰ ਟਪਾਉਂਦੇ ਹੋਏ ਓਸ ਦੇਸਾਮ੍ਹਣੇਓਸਦੇ ਸਬ ਸੰਬੰਧੀ ਔਰਤਾਂ

ਮਰਦਾਂ ਨੂੰ ਭਾਰੀ ਬੇਦਰਦੀ ਨਾਲ ਜਿਨੂੰ ਓਸਨੇ ਸਾਹਿਬਜ਼ਾਦੇ ਨੀਂਹਾਂ ਵਿਚ ਚੁਨਵਾਇ ਕਤਲ ਕਰਾਇ ਸਨ, ਓਹੋ [ਦਹਿ ਦੁਨੀਆਂ ਸੱਤੂ ਆਖਰ] ਵਾਲੇ ਹਿਸਾਬ ਸੈਂ ਕੋਰੜਿਆਂ ਐਘੀਆਂ ਦੀ ਮਾਰ ਨਾਲ ਚਮੜੀਆਂ ਉਧੇੜ ੨ ਨੰਗੇ ਕਰਕੇ ਮਜ਼੍ਹਬੀ ਸਿਖਾਂ ਦੇ ਹੱਥ ਦੇਕੇ ਸਾਰੇ ਸ਼ੈਹਰ ਦੇ ਘਰ ਘਰ ਵਿਚੋਂ ਇਕ ਇਕ ਕੌਡੀ ਮੰਗਾ ਦਿਵਾਨ ਨੂੰ ਦੇਖਾ ੨ ਕਤਲ ਕਰ ਛਡਿਆ, ਔਰਤਾਂ ਨੀਲਾਮ ਕਰ ਕਢੀਆਂ, ਸੁਚਾਨੰਦ ਜੀਉਂਦਾ ਬੰਨ੍ਹਕੇ ਸਾੜਿਆ ਗਿਆ, ਕਯੋਂਕਿ ਗੁਰੂ ਦੇ ਮਾਸੂਮ ਬੇਗੁਨਾਹ ਬਚਿਆਂ ਨੂੰ ਕਸ਼ਟ ਦੇਕੇ ਕਤਲ ਕਰਾਇ ਜਾਣਦੇ ਅਤੀ ਘੋਰ ਪਾਪ ਦਾ ਕਾਰਨ ਏਹੋ ਸੀ, ਦੌਲਤ ਜੋ ਓਸਨੇ ਗਰੀਬਾਂ ਦੇ ਗਲ ਘੁਟ ਘੁਟ ਕੇ ਕੱਠੀ ਕੀਤੀ ਸੀ, ਓਸੇ ਨੇ ਓਸਨੂੰ ਏਡਾ ਸਖਤ ਦੰਡ ਦੇਵਾਇਆ, ਯਥਾ [ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥ ਨ ਜਾਈ] ਭਾਈ ਹੱਕ ਬੇਹੱਕ ਦੀ ਕਮਾਈ ਸੁਖਦਾਈ ਦੁਖਦਾਈ ਹੈ, ਹੁਣ ਦੇ ਕਾਨੂਨੀ ਏਸ ਪਰਸੰਗ ਨੂੰ ਪੜ੍ਹ ਸੁਣਕੇ ਏਸਨੂੰ ਬੇਹੱਦ ਦਰਜੇ ਦਾ ਜ਼ੁਲਮ ਹੋਇਆ ਦੱਸਣਗੇ, ਪਰ ਜ਼ਰਾਕ ਪਲਕਾਂ ਚੁਕਕੇ ਜਦ ਓਸ ਸਮੇਂ ਦੇ ਹਾਕਮਾਂ ਦੇ ਜ਼ੁਲਮ ਤੇ ਹੁਣ ਦੇ ਕੰਮ ਹਾੜਨਗੇ ਤਾਂ ਆਪੇ ਕੈਹਣਗੇ ਏਹ ਸਜ਼ਾ ਕੁਛ ਭਾਰੀ ਨਹੀਂ ਹੋਈ, ਜਿਨਾਂ ਪਤਵੰਤੇ ਪੁਰਖਾਂ ਦੇ ਸਾਮ੍ਹਣੇ ਓਨਾਂ ਦੀਆਂ ਨੂੰਹਾਂ ਧੀਆਂ ਦੇ ਡੋਲੇ ਘਰ ਲਿਆਉਣ ਤੋਂ ਪੈਹਲੇਹੀ ਓਦੋਂ ਦੇ ਹਾਕਮ ਜੋਰੋਜੋਰੀ ਅਪਣੇ ਘਰ ਲੈ ਜਾਕੇ ਕਈ ਕਈ ਰਾਤਾਂ ਰਖਕੇ ਓਨਾਂ ਦੀਆਂ ਚਿਟੀਆਂ ਚਾਦਰਾਂ ਨੂੰ ਦਾਗੀ ਕਰ ਦੇਂਦੇ ਸਨ ਅਤੇ ਸੁੰਦਰ ਸੁਰਤ ਹਿੰਦੂਆਂ ਦੇ ਕੁੜੀਆਂ ਮੁੰਡੇ ਫੜਕੇ ਮੁਸਲਮਾਨ ਗੁਲਾਮ ਬਨਾ ਰਖਦੇ ਸਨ,

Digitized by Panjab Digital Library | www.panjabdigilib.org

ਫੇਰ ਕੇਵਲ ਕਲਮਾਂ ਪੜ੍ਹਾਕੇ ਦੀਨ ਮਨਾਉਂਣ ਬਦਲੇ ਚਰਖੀਆਂ ਪਰ ਚੜ੍ਹਾਕੇ ਯਾ ਤਸਮੇ ਕਸੀਸੇ ਯਾ ਬੰਦ੨ ਛੁਡਾਕੇ ਯਾ ਸਾਰੇ ਸਰੀਰ ਵਿਚ ਕਿਲ ਠੁਕਾਕੇ ਯਾ ਕੁੱਤਿਆਂ ਤੋਂ ਤੁੜਵਾਕੇ ਮਾਰੇ ਜਾਣੇ ਦੇ ਓਨਾਂ ਪਹਾੜ ਜੇਡੇ ਜੁਲਮਾਂ ਅਗੇ ਤਾਂ ਏਹ ਜੁਲਮ ਰਾਈ ਦੇ ਦਾਣੇ ਜਿਤਨਾ ਭੀ ਨਹੀਂ ਹੋਇਆ, ਸਗੋਂ ਇਨਸਾਫ ਹੋਇਆ ਸਮਝੋ।

ਫੇਰ ਅਮਨ ਦਾ ਢੰਡੋਰਾ ਫਿਰਾਕੇ ਬੰਦੇ ਨੇ ਖਾਲਸਈ ਨਿਸ਼ਾਨ ਕਿਲੇ ਪਰ ਝੁਲਾ ਦਿੱਤਾ। ਬਾਜੇ ਸਿੰਘਾਂ ਨੂੰ ਓਥੋਂ ਦਾ ਸੂਬਾ ਕੀਤਾ (ਕੁਸ਼ਾਲ ਚੰਦ ਨੇ ਬਖਤ ਸਿੰਘ ਸੂਬਾ ਲਿਖਾ ਹੈ ਸੋ ਭੁਲ ਹੈ) ਮਾਲੀ ਸਿੰਘ ਨੂੰ ਨਾਇਬ ਨਾਜ਼ਮ ਫਤੇ ਸਿੰਘ ਨੂੰ ਨਵਾਬੀ ਖਿਤਾਬ ਦੇਕੇ ਸਮਾਣੇ ਦਾ ਹਾਕਮ ਕਰਕੇ ਮਲਵਈ ਸਿੰਘ ਸਬ ਓਸੇ ਦੇ ਤਾਬੇ ਕਰ ਦਿੱਤੇ, ਬਲਕਿ ਨੁਰੰਗੇ ਨੇ ਜਿਥੇ ਕਿਤੇ ਹਿੰਦੂਆਂ ਨੂੰ ਹਟਾਕੇ ਮੁਸਲਮਾਨ ਠਾਣੇਦਾਰ ਤਸੀਲਦਾਰ ਕਾਨੂਗੋ ਫੌਜਦਾਰ ਬਨਾਏ ਸਨ ਓਨੀਂ ਸਬਨੀਂ ਥਾਈਂ ਬੰਦੇ ਨੇ ਸਿਖ ਯਾ ਹਿੰਦੂ ਹਾਕਮ ਕਰ ਦਿੱਤੇ। ਪਰਗਣੇ ਸਨਾਮ ਤੇ ਮਨਸੂਰ ਪੁਰ ਦੇ ਹਾਕਮ ਰੰਘੜ ਆਕੀ ਬੈਠੇ ਸਨ। ਫੌਜ ਭੇਜਕੇ ਓਨਾਂ ਦੀ ਚੰਗੀ ਭੰਗ ਝਾੜ ਝਾੜ ਉਨਾਂ ਸ਼ੈਹਰਾਂ ਨੂੰ ਲੁਟ ਮਾਰ ਕਮਜੋਰ ਕਰਕੇ ਸਿਖ ਹਾਕਮ ਕਾਇਮ ਕਰ ਦਿੱਤੇ। ਬਾਬੇ ਬਿਨੋਦ ਸਿੰਘ ਰਾਮ ਸਿੰਘ ਨੂੰ ਪਰਗਣੇ ਕਰਨਾਲ ਵਿਚ ਤਿਰਾਵੜੀ ਵਗੈਰੇ ਦੇ ਹਾਕਮ ਕੀਤਾ ਗਿਆ। ਏਧਰ ਦਸ ਪੰਦ੍ਰਾਂ ਦਿਨ ਤਕ ਜਿਨ੍ਹਾਂ ੨ ਬਦ-ਮਾਸ਼ਾਂ ਨੇ ਗੁਰੂ ਕੇ ਸਿਖਾਂ ਨਾਲ ਯਾ ਸਾਹਿਬਜ਼ਾਦਿਆਂ ਨਾਲ ਕੁਛ ਬੀ ਬੁਰਾਈ ਕੀਤੀ ਸੀ,ਮੁਖਬਰਾਂ ਦੇ ਜ਼ਰੀਏ ਓਨਾਂ ਨੂੰ ਫੜ ਫੜਵਾ ਜੋਗ ਸਜ਼ਾ ਦੇਕਰ ਸਿੰਘ ਅਪਣਾਦਬਾਓ ਪਾਉਂਦੇਰਹੇ।

ਕੌਣ ਜਾਣਦਾ ਸੀ ਕਿ ਸਰਹੰਦ ਦੀ ਸੂਬੇਦਾਰੀ ਬਵੰਜਾ ਲਖ

ਰੁਪਯੇ ਆਮਦਨੀ ਦੀ ਮਾਲਕੀ ਬਾਜ ਸਿੰਘ ਜੱਟ ਨੂੰ ਮਿਲ ਜਾਊ। ਓਹੋ ਸੇਜਾ ਵਿਛਵਾਕੇ ਏਨ੍ਹਾਂ ਸ਼ੀਸ਼ ਮੈਹਲਾਂ ਵਿਚ ਸਵੇਂਗਾ ਤੇ ਹੁਕਮ ਚਲਾਏਗਾ ? ਏਹ ਸਬ ਹੈ ਤਾਂ ਗੁਰੂ ਦੀ ਦਾਤ, ਪਰ ਹਿੰਮਤ ਦਾ ਫਲ ਸਹੀ ਹੈ। ਹੁਣ ਓੜਕ ਜਦ ਮੁਸਲਮਾਨ ਤ੍ਰਾਹਿ ਤ੍ਰਾਹਿ ਕਰਕੇ ਬੰਦੇ ਦੀ ਸ਼ਰਨੀ ਆ ਪਏ ਤਾਬੇਦਾਰੀ ਮਨਜ਼ੂਰ ਕਰ ਲਈ; ਕਹਾਵਤ ਹੈ (ਕਦੇ ਖੁਰਗੀਨ ਕਾਠੀ ਉੱਤੇ, ਕਦੇ ਕਾਠੀ ਖੁਰਗੀਨ ਉੱਤੇ) ਪੈਹਲੇ ਮੁਸਲਮਾਨਾਂ ਨੇ ਬੰਦੇ ਨਾਲੋਂ ਭੀ ਲੱਖ ਗੁਣੇ ਜੁਲਮ ਹਿੰਦੂਆਂ ਉੱਤੇ ਕੀਤੇ ਸਨ ਜੋ ਏਸੇ ਪੁਸਤਕ ਦੇ ਆਰੰਭ ਵਿਚ ਦਿਖਾਏ ਹਨ, ਓਨ੍ਹਾਂ ਪਾਪ ਦਾ ਫਲ ਮੁਹੰਮਦੀਆਂਨੂੰ ਪਰਮੇਸ਼ੁਰ ਨੇ ਬੰਦੇ ਦੇ ਹੱਥੋਂ ਦਿਵਾਯਾ। ਬਾਬੇ ਬੰਦੇ ਨੇ ੫੨੦੦੦੦੦ ਬਵਿੰਜਾ ਲੱਖ ਰੁਪਏ ਦਾ ਮੁਲਕ ਬਾਵਨੀ ਸਰਹੰਦ ਉੱਤੇ ਕਬਜਾ ਕਰਕੇ ਸਬ ਸਿੰਘਾਂ ਨੂੰ ਸੌਂਪ ਦਿਤਾ, ਆਪ ਫਕੀਰ ਦਾ ਫਕੀਰ ਬਣਿਆਂ ਰਿਹਾ, ਸਰਹੰਦ ਮਾਰੀ ਤੋਂ ਬਾਦ ਬੰਦੇ ਬਹਾਦਰ ਦਾ ਦਬਦਬਾ ਸਿਕੰਦਰ ਜੈਸਾ ਮੰਨਕੇ ਇਲਾਕੇ ਸਰਹੰਦ ਦੇ ਰਈਸ, ਚੌਧਰੀ, ਤਅੱਲਕੇਦਾਰ ਸਬ ਆਪੇ ਆਪ ਆ ਮਿਲੇ। ਸਾਰੀ ਖਲਕਤ ਏਸਤੋਂ ਡਰਦੀ ਥਰਥਰ ਕੰਬਦੀ ਸੀ, ਤੇ ਖਾਲਸੇ ਦੀ ਚੜ੍ਹਦੀ ਕਲਾ ਤੇ ਰਾਜ ਹੁੰਦਾ ਦੇਖਕੇ ਸੈਂਕੜੇ ਲੋਗ ਹਰ ਰੋਜ ਸਿੰਘ ਸਜ ਰਹੇ ਸਨ॥

## ਮਸੰਦਾਂ ਦੀ ਸ਼ਾਮਤ ਤੇ ਪਾਇਲ ਘੁੜਾਮ ਸਹਾਰਨ ਪੁਰ ਆਦਿਕ ਮਾਰਨਾ

ਏਸੇ ਸਮੇਂ ਇਕ ਬੁਲਾਕੀ ਸਿੰਘ ਮਸ਼ਹੂਰ ਰਾਗੀ ਸਿੰਘ ਨੇ ਬੰਦੇ ਪਾਸ ਸਿੰਘਾਂ ਦੇ ਦੀਵਾਨ ਵਿਚ ਆਕੇ ਫਰਯਾਦ ਕੀਤੀ

Digitized by Panjab Digital Library | www.panjabdigilib.org

ਤਲਕੇ ਪਾਇਲ ਘੁੜਾਣੀ ਪਿੰਡ ਵਿਚਠੈਹਰਕੇਜਦ ਮੈਂਰਹੁਰਾਸ ਪੜ੍ਹਦੇ ਹੋਏ ਨੇ ਦਸਮ ਗੁਰੂ ਜੀ ਦੀ ਚੌਪਈ ਪੜ੍ਹੀ ਤਾਂ ਓਥੋਂ ਦੇ ਰਾਮਰਈਏ ਲੋਗਾਂ ਨੇ ਦਸਮੇਂ ਗੁਰੂ ਜੀਦੀ ਬਾਣੀ ਪੜ੍ਹਨਬਦਲੇ ਗੁਰੂ ਨੂੰ ਭੀ ਗਾਲੀਆਂ ਦਿਤੀਆਂ ਤੇ ਮੈਨੂੰ ਭੀ ਮਾਰਿਆ ਅਤੇ ਮੇਰਾ ਸਰੌਦਾ ਭੀ ਭੰਨ ਦਿਤਾ, ਓਨਾਂ ਨੂੰ ਸਿਖਯਾ ਦੇਣੀ ਚਾਹੀਦੀ ਹੈ? ਏਹ ਬ੍ਰਿਤਾਂਤ ਸੁਣਕੇ ਸਿੰਘਾਂ ਨੇ ਬੰਦੇ ਨੂੰ ਨਾਲ ਲੈਕਰ ਪਾਇਲ ਪਰ ਚੜ੍ਹਾਈ ਕਰ ਦਿੱਤੀ, ਪਾਇਲ ਨੂੰ ਲੁਟਮਾਰ ਕੇ ਰਾਮਰਈਆਂ ਨੂੰ ਬਹੁਤ ਸਜ਼ਾਇ ਦਿੱਤੀ ਤੇ ਬੁਲਾਕਾ ਸਿੰਘ ਨੂੰ ਓਥੋਂ ਦਾ ਠਾਣੇਦਾਰ ਕਰਕੇ ਆਪ ਇਕ ਦਸਤਾ ਫੌਜ ਕੁਛ ਤੋਪਾਂ ਲੈਕੇ ਮਲੇਰ ਕੋਟਲੇ ਦੀ ਤਰਫ਼ ਕੂਚ ਕਰ ਦਿੱਤਾ। ਘੁੜਾਣੀ ਘੜੋਟੀ ਧਮੋਟ ਆਦਿਕ ਅਨੇਕ ਪਿੰਡਾਂ ਤੋਂ ਨਜ਼ਰਾਨੇ ਲੈਂਦੇ ਹੋਏ ਅੱਗੇ ਵਧੇ ਤਾਂ ਨਵਾਬ ਗੁਲਸ਼ੇਰ ਮਹੰਮਦ ਖਾਂ ਕੋਟਲੇ ਵਾਲਾ ਜੋ ਆਨੰਦ ਪੁਰ ਦੀ ਅਫੜਾ ਤਫੜੀ ਵਿੱਚੋਂ ਗੁਰੂ ਸਾਹਿਬ ਦੀ ਟੈਹਲਣ ਅਨੂਪ ਕੌਰ ਨੂੰ ਫੜਕੇ ਲੈ ਆਇਆ ਸੀ, ਓਸਨੂੰ ਮੁਸਲਮਾਨੀ ਕਰਨਾ ਚਾਹਿਆ, ਪਰ ਓਹ ਮੁਸਲਮਾਨੀ ਨਾ ਹੋਈ, ਕਟਾਰੀ ਖਾਕੇ ਮਰ ਗਈ, ਨਵਾਬ ਨੇ ਓਸਨੂੰ ਦਫਨਾਕੇ ਕਬਰ ਬਣਾ ਰਖੀ ਸੀ। ਏਹ ਖਬਰ ਸੁਣਕੇ ਬਾਬੇ ਬੰਦੇ ਨੇ ਮਲੇਰ ਕੋਟਲੇ ਨੂੰ ਜਾ ਘੇਰਿਆ, ਮੁਸਲਮਾਨ ਡਰਦੇ ਮਾਰੇ ਘਰ ਛੱਡ ਛੱਡ ਕੇ ਬਹੁਤ ਭੱਜ ਗਏ। ਏਥੋਂ ਦੇ ਇਕ ਸ਼ਾਹੂਕਾਰ ਦੇ ਘਰ ਕਿਸੇ ਸਮੇਂ ਬੰਦਾ ਹੋਰ ਗਿਆ ਸੀ ਤੇ ਓਸਨੇ ਟੈਹਲ ਬਹੁਤ ਕੀਤੀ ਸੀ, ਓਸਨੇ ਬੰਦੇ ਨੂੰ ਪੈਹਚਾਨ ਲਿਆ, ਏਸ ਕਰਕੇ ਸ਼ਾਹੂਕਾਰਾਂ ਤੋਂ ੪੦੦੦ ਚਾਰ ਹਜ਼ਾਰ ਰੁਪਯਾ ਕੱਠਾ ਕਰ ਲਿਆ ਤੇ ਇਕ

Digitized by Panjab Digital Library | www.panjabdigilib.org

ਘੋੜਾ ਨਜ਼ਰ ਵਾਸਤੇ ਲੈਕੇ ਬਾਵੇ*ਆਤਮਾ ਰਾਮ ਸਮੇਤ ਸ਼ੈਹਰ ਦੀ ਪੰਚਾਇਤ ਨੂੰ ਨਾਲ ਲੈਕੇ ਬੰਦੇ ਨੂੰ ਜਾ ਮਿਲਿਆ ਬਾਬੇ ਬੰਦੇ ਨੇ ਨਜ਼ਰ ਲੈਕੇ ਉਸਦੇ ਲਿਹਾਜ਼ ਨੂੰ ਸ਼ੈਹਰ ਦੀ ਲੁੱਟ ਮਾਰ ਮਾਫ ਕਰ ਦਿੱਤੀ ਤੇ ਨਵਾਬ ਗੁਲਸ਼ੇਰ ਮਹੰਮਦ ਖਾਂ ਤੋਂ ੧੦੦੦੦ ਦਸ ਹਜ਼ਾਰ ਰੁਪਯਾ ਨਜ਼ਰਾਨਾ ਦੰਡ ਲੈਕੇ ਗੁਰੂ ਜੀ ਦੀ ਟੈਹਲਣ ਦੀਆਂ ਹੱਡੀਆਂ ਕਬਰ ਵਿੱਚੋਂ ਕਢਵਾਕੇ ਫੁਕਾਇ ਦਿੱਤੀਆਂ, ਫੇਰ ਰਾਇ ਕੋਟ ਦੀ ਤਰਫ ਕੂਚ ਕਰ ਦਿੱਤਾ। ਰਾਇ ਕੱਲੇ ਨੇ ੫੦੦੦ਪੰਜ ਹਜ਼ਾਰ ਨਕਦ, ਪੰਜ ਘੋੜੇ ਨਜ਼ਰ ਦੇਕਰ ਆਪਨਾ ਮੁਲਕ ਗੁਰੂ ਦੀ ਬਖਸ਼ਸ਼ ਕੈਹਕੇ ਬਚਾ ਲੀਤਾ, ਇਸ ਵੇਲੇ ਸਰਹੰਦ ਦੇ ਅਠਾਈ ਪਰਗਣੇ ਸਿੰਘਾਂ ਅੱਗੇ ਸਿਰ ਝੁਕਾਈ ਖੜੇ ਸਨ, ਬੰਦੇ ਦੀ ਐਡੀ ਧਾਂਕ ਪੈ ਰਹੀ ਸੀ ਕਿ ਜਿੱਧਰ ਨੂੰ ਪੈਰ ਚੁਕਦਾ ਉਧਰੋਂ ਅੱਗੇ ਹੀ ਨਜ਼ਰਾਂ ਲੈਕੇ ਲੋਗ ਆ ਮਿਲਦੇ ਸਨ॥

## ਕਿਲੇ ਲੋਹਗੜ ਦੀ ਕਾਇਮੀ

ਹੁਣ ਬੰਦੇ ਬਹਾਦਰ ਨੇ ਓਹ ਸਮਾਂ ਖਾਲੀ ਨਹੀਂ ਗੁਵਾਇਆ, ਕਯੋਂਕਿ ਓਹ ਚੰਗੀ ਤਰਾਂ ਜਾਣਦਾ ਸੀ ਜੋ ਔਕੜ ਦੇ ਵੇਲੇ ਕਿਲੇ ਕੋਟ ਹੀ ਕੰਮ ਦਿਆਂ ਕਰਦੇ ਹਨ, ਏਸੇ ਵਾਸਤੇ ਉਸਨੇ ਕਿਲੇ ਮੁਖਲਸ ਗੜ੍ਹ ਦੀ ਮੁਰੰਮਤ ਕਰਾਣੀ ਸ਼ੁਰੂ ਕਰਕੇ ਉਸਦਾ ਨਾਮ ਲੋਹ ਗੜ੍ਹ ਰੱਖਿਆ, ਬਹੁਤ ਸਾਮਾਨ ਜੰਗ ਦਾ ਓਥੇ ਜਮਾ ਕੀਤਾ। ਏਹ ਕਿਲਾ ਮੁਖਲਸ ਖਾਂ ਸੂਬੇ ਸਰਹੰਦ ਨੇ ਸਢੌਰੇ ਤੋਂ ਵੀਹ ਕੋਹ ਪਹਾੜ ਵਿੱਚ ਬਹੁਤ ਪੁਖਤਾ

*ਆਤਮਾ ਰਾਮ ਵੈਰਾਗੀ ਸਾਧੂ ਬੜਾ ਮਸ਼ਹੂਰ ਕਰਾਮਾਤੀ ਹੋਇਆ ਹੈ, ਹੁਣ ਭੀ ਉਸਦੇ ਨਾਮ ਦਾ ਮੇਲਾ ਨਿਮਾਣੀ ਕਾਦਸੀ ਨੂੰ ਭਰਦਾ ਹੈ ਬੇਸ਼ੁਮਾਰ ਸੇਵਕ ਉਨਾਂ ਦੇ ਆ ਕਰਕੇ ਦੌਲਤ ਚੜ੍ਹਾਉਂਦੇ ਹਨ ॥

Digitized by Panjab Digital Library | www.panjabdigilib.org

ਬਨਾ ਰੱਖਿਆ ਸੀ, ਸਰਹੰਦ ਮਾਰਨ ਤੋਂ ਪਿੱਛੋਂ ਓਸੇ ਸਮੇਂ ਬੰਦੇ ਨੇ ਬਨਵਾਨਾ ਅਰੰਭ ਦਿੱਤਾ। ਜਦ ਏਸ ਦੇਸ ਵਿੱਚ ਬੰਦੇ ਦੇ ਮੁਕਾਬਲੇ ਦਾ ਕੋਈ ਨਾ ਰਿਹਾ ਤਾਂ ਬਾਬੇ ਬਿਨੋਦ ਸਿੰਘ ਤੇ ਰਾਮ ਸਿੰਘ ਹਜ਼ੂਰੀ ਨੂੰ ੪੦੦੦ ਚਾਰ ਹਜ਼ਾਰ ਅਸਵਾਰ ਸਮੇਤ ਪਾਨੀਪਤ, ਤਿਰਾਵੜੀ ਵਿੱਚ ਉਤਾਰ ਦਿੱਤਾ ਤੇ ਭਾਈ ਫਤੇ ਸਿੰਘ, ਗੁਰਬਖਸ਼ ਸਿੰਘ ਭਾਈ ਭਗਤੂ ਕੇ ਰਾਮ ਸਿੰਘ ਤਿਲੋਕ ਸਿੰਘ ਫੂਲਕੇ, ਪ੍ਰੇਮ ਸਿੰਘ, ਧਰਮ ਸਿੰਘ ਭਾਈ ਰੂਪੇ ਕੇ ਏਨ੍ਹਾਂ ਸਭਨਾਂ ਨੂੰ ਮੁਲਕ ਮਾਲਵਾ ਸਪੁਰਦ ਕਰਕੇ ਆਪ ਇਕੱਲਾ ਬੰਦਗੀ ਕਰਨ ਵਾਸਤੇ ਜੋਹੜਸਰ ਦੇ ਪਹਾੜਾਂ ਵਿੱਚ ਠੰਢੀ ਜਗਾ ਚਲਾ ਗਿਆ ॥

## ਦਿੱਲੀ ਤੋਂ ਫੌਜ ਆਉਣੀ ਸਿੰਘਾਂ ਤੋਂ ਸਰਹੰਦ ਛੁਡਾਣੀ ਤੇ ਸਿੰਘਾਂ ਨੇ ਫੇਰ ਕਬਜਾ ਕਰਨਾ

ਜਦ ਇਹ ਖਬਰ ਦਿੱਲੀ ਪਹੁੰਚੀ ਤਾਂ ਓਥੋਂ ਹਾਜੀ ਮਹੰਮਦ ਯਾਰ ਬੇਗ ਖਾਂ, ਸ਼ਾਹ ਅਨਾਯਤੁਲਾ, ਮੁਨੀਰ ਮੁਹੰਮਦ ਖਾਂ ਆਦਿਕ ਫੌਜਦਾਰਾਂ ਨੂੰ ੫੦੦੦ ਪੰਜ ਹਜ਼ਾਰ ਅਸਵਾਰ ਤੇ ਏਤਨਾਹੀ ਪਯਾਦਾ ਦੇਕੇ ਸਿੱਖਾਂ ਦੇ ਪਿਛੇ ਦਿੱਲੀ ਤੋਂ ਰਵਾਨੇ ਕੀਤਾ। ਤਿਰਾਵੜੀ ਪਾਸ ਬਾਬੇ ਬਿਨੋਦ ਸਿੰਘ ਨੇ ਮੁਕਾਬਲਾਤਾਂਕੀਤਾਪਰ ਓੜਕਹਾਰ ਖਾਕੇ ਸਰਹੰਦ ਵਿਚ ਸਿੰਘਾਂ ਨਾਲ ਆਮਿਲਿਆ। ਓਧਰ ਲਾਹੌਰ ਤੋਂ ਹੋਰ ਬੀ ਬਹੁਤ ਫੌਜ ਆ ਗਈ ਤੇ ਅਸੂ ਸੰ:੧੭੬੫ ਬਿ: ਨੂੰ ਪਰਗਨੇ ਸਰਹੰਦ ਭਗਵੰਤ ਰਾਇ ਕਾਨੂੰਗੋ ਦੇ ਕਿਲੇ ਵਿਚ ਸਿੰਘਾਂ ਨੇ ਲੜਾਈ ਤਾਂ ਮਾਰੀ, ਪਰ ਸ਼ਿਕਸਤ ਖਾਕੇ ਕਿਲੇ ਲੋਹਗੜ ਦੀ ਤਰਫ ਚਲ ਪਏ, ਦੂਜੀ ਲੜਾਈ ਕਸਬੇ ਖਰੜ ਦੇ ਪਾਸ ਹੋਈ,

Digitized by Panjab Digital Library | www.panjabdigilib.org

ਫੇਰ ਬੀ ਖਾਲਸਾ ਹੀ ਹਰਨ ਹੋਇਆ। ਤਕੀ ਮਹੰਮਦ ਖਾਂ ਤੇ ਮਹੰਮਦ ਜਾਨ ਖਾਂ ਕਸੂਰੀ ਪਠਾਣਾਂਨੇ ਬੜੈਲ ਪਿੰਡ ਪਾਸ ਜਦ ਫੇਰ ਸਿੰਘ ਜਾ ਘੇਰੇ ਜੰਗ ਹੋਣ ਲੱਗਾ ਤਦੋਂਹੀ ਕੁਦਰਤ ਨਾਲ ਪਹਾੜਾਂ ਵਿਚੋਂ ਬਾਬਾ ਬੰਦਾ ਆ ਗਿਆ ਫੇਰ ਤਾਂ ਇਕਰ ਸਿੰਘ ਦਸਾਂ ੨ ਜੇਹਾ ਹੋ ਗਿਆ, ਤੁਰਕਾਂ ਨੂੰ ਵਿੰਤਾ ਬਜਾਪ ਗਈ, ਕਜੋਂਕਿ ਉਨਾਂ ਨੂੰ ਏਹੋ ਨਿਸਚੇ ਹੋ ਰਿਹਾਸੀ ਕਿ ਬੰਦਾ ਅਜਮਤੀ ਹੈ, ਜਿਸਨੇ ਕਿਸੇ ਪੀਰ ਫਕੀਰ ਦੀ ਕਬਰ ਜਲਾਏ ਬਿਨਾਂ ਨਹੀਂ ਛਡੀ, ਓਹ ਸਾਨੂੰ ਕਦ ਛੱਡੇਗਾ? ਕੋਈ ਕੈਂਹਦਾ ਸੀ ਇਸਦੇ ਪਾਸ [ ਮਹਾਂਬੀਰ ] ਮੁਵਕਲ ਹਨ ਜਿਸਨੂੰ ਚਾਹੁੰਦਾ ਹੈ ਓਨਾਂ ਤੋਂ ਮਰਵਾ ਦਿੰਦਾ ਹੈ। ਏਹੋ ਜੇਹੇ ਖਜਾਲ ਮੁਸਲਮਾਨਾਂ ਦੇ ਦਿਲ ਵਿਚ ਬੈਠਰਹੇ ਸਨ ਇਸੇ ਕਾਰਨ ਡਰ ਡਰਕੇ ਆਪੇ ਭੁੱਜ ਨਿਕਲਦੇ ਸਨ। ਬੁੜੈਲ ਦੇ ਜੰਗ ਵਿਚ ਤਾਂ ਤੁਰਕ ਐਸੇ ਪਾਣੀ ਹੋਏ ਜੋ ਥੋੜੀ ਜੇਹੀ ਲੜਾਈ ਕਰਕੇ ਦੌੜ ਗਏ, ਦਸ ਕੋਸ ਤਕ ਸਿੰਘਾਂ ਨੇ ਪਿੱਛਾ ਕੀਤਾ, ਬੇਸ਼ੁਮਾਰ ਤਲਵਾਰ ਦੇ ਘਾਟ ਉਤਾਰੇ ਗਏ। ਤਕੀ ਮਹੰਦ ਖਾਂ, ਮੁਨੀਰ ਮਹੰਮਦ ਖਾਂ, ਅਨਾਯਤੁਲਾ ਆਦਿਕ ਬਹੁਤ ਸਰਦਾਰ ਮਾਰੇ ਗਏ, ਬਾਬੇ ਬੰਦੇ ਨੇ ਫੇਰ ਸਰਹੰਦ ਦੇ ਇਲਾਕੇ ਪਰ ਸਿੰਘਾਂ ਦਾ ਦਖਲ ਕਰਾ ਦਿੱਤਾ॥

## ਲਸ਼ਕਰ ਦੀ ਵੰਡ ਤੇ ਮੁਰਿੰਡਾ ਮਾਰਨ

ਵੈਸਾਖ ਸੰ: ੧੭੬੬ ਬਿ: ਵਿਚ ਬੰਦੇ ਬਹਾਦਰ ਨੇ ਆਪਣੇ ਲਸ਼ਕਰ ਦੇ ਚਾਰ ਹਿੱਸੇ ਕੀਤੇ ਅਤੇ ਇਕ ਨੂੰ ਪਰਗਨੇ ਪਾਨੀਪਤ ਵਿਚ ਉਤਾਰ ਦਿੱਤਾ, ਦੂਸਰਾ ਸਰਹੰਦ ਵਿਚ, ਤੀਸਰਾ ਕਿਲੇ ਲੋਹ ਗੜ੍ਹ, ਚੌਥਾ ਬੜੇ ੨ ਮਸ਼ਹੂਰ ਬਹਾਦਰਾਂ

Digitized by Panjab Digital Library | www.panjabdigilib.org

ਦਾ ਝੂੰਡ ਆਪਣੇ ਪਾਸ ਰਖਿਆ । ਸਰਹੰਦ ਤੋਂ ਕੂਚ ਕਰਕੇ ਪਹਲੇ ਕਸਬੇ ਮੋਰੰਡੇ ਬਾਗਾਂ ਵਾਲੇ ਦੇ ਰੰਘੜਾਂ ਨੂੰ ( ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਪੁਤ ਵਡੀ ਮਾਈ ਸਮੇਤ ਖੇੜੀ ਪਿੰਡ ਤੋਂ ਫੜਕੇ ਸਰਹੰਦ ਲੈ ਜਾਕਰ ਕਤਲ ਕਰਾਕੇ ਇਨਾਮ ਪਾਏ ਸਨ )ਜਾ ਘੇਰਿਆ ਓਹ ਆਖਿਆ ਕਰਦੇ ਸਨ, ਕਿ ਸਿਖੋ ! ਜਦੋਂ ਤਕ ਅਸੀ ਤੁਸਾਡੇ ਵਾਲਾਂ ਦੇ ਰੱਸੇ ਬਣਾਕੇ ਘੋੜਿਆਂ ਨੂੰ ਨਹੀਂ ਬਨ੍ਹਦੇ ਤਦੋਂ ਤਕ ਸਾਨੂੰ ਖਾਨਾ ਖਾਣਾ ਹਰਾਮ ਹੈ.ਓਹੋ ਬੋਲਕੁਬੋਲ ਤੇ ਜੁਲਮ ਕਰਨਦੇ ਬਦਲੇ ਬੰਦੇ ਨੇ ਜਾ ਛੱਡੇ, ਲੁਟ ਪਾਰਕਰ ਬਰਬਾਦ ਕਰ ਦਿੱਤੇ,ਆਪੇ ਹਰਾਮ ਖਾਣ ਬਗੈਰ ਮਰ ਗਏ ।

ਅਪਣੀ ਤਵਾਰੀਖ ਦੇ ੧੦੯ ਸਫੇ ਪਰ ਖਾਫੀਖਾਂ ਲਿਖਦਾ ਹੈ ਕਿ ਜਦ ਬੰਦਾ ਮੁਸਲਮਾਨਾਂ ਦੇ ਪਿੰਡਾਂ ਨੂੰ ਲੁਟਦਾ ਮਾਰਦਾ ਹੋਇਆ ਸਹਾਰਨਪੁਰ ਦੀ ਤਰਫ ਝੁਕਿਆ ਤਾਂ ਓਥੇ ਬੀ ਸਰਹੰਦ ਵਾਂਗੂੰ ਨਜਾਮਤ ਸਰਕਾਰ ਸੀ, ਜਿਸਦੇ ਤਾਬੇ ੨੮ ਪਰਗਣੇ ਨਨੌਤਾ, ਦੇਬਨ, ਰਾਮ ਪੁਰ, ਥੱਲ ਭੁਵਨ, ਵਗੈਰੇ ਸਨ, ਪਰਗਣਾ ਜਲਾਲਾ ਬਾਦ ਹਜਾਰ ਖਾਂ ਨੇ ਜਲਾਲਾਬਾਦੀਏ ਮਨਿਹਾਰ ਰਾਜ ਪੂਤ ਨੂੰ ਜੋ ਬਹੁਤੇ ਆਕੜ ਕੰਨੇ ਮਸਾਂ ਮਸਾਂ ਸਿੱਧੇ ਕਰਕੇ ਮੀਰ ਸ਼ਿਕਾਰ ਖਾਂ ਬਨਾ ਭਵਨ ਵਾਲੇ ਦੇ ਕਬਜੇ ਕਰਾਇਆ ਸੀ, ਕਜੋਂਕਿ ਓਸਨੂੰ ਨੁਰੰਗੇ ਵੱਲੋਂ ਜਾਗੀਰ ਮਿਲਿਆ ਸੀ, ਮੀਰ ਸ਼ਿਕਾਰ ਖਾਂ ਦੇ ਮਰੇਤੋਂ ਓਸਦੇ ਬੇਟੇ ਜਲਾਲ ਖਾਂ ਨੇ ਦਗੇ ਨਾਲ ਖੇੜੇ ਮਨਿਹਾਲ ਦੇ ਰਾਜਪੂਤ ਭੀਖਨ ਸਿੰਘ ਆਦਿਕ ਬਹੁਤੇ ਸੂਰਬੀਰ ਕਤਲ ਕਰ ਛੱਡੇ ਔਰ ਲੁਹਾਰੀ ਪਿੰਡ ਵਸਾ ਲੀਤਾ, ਤਦੋਂ ਦਾ ਜਲਾਲਾ ਬਾਦ ਲੁਹਾਰੀ ਉਘੇ ਹੋ ਗਏ ।

Digitized by Panjab Digital Library | www.panjabdigilib.org

ਏਥੋਂ ਦੇ ਸੂਬੇ ਹਜ਼ਾਰ ਖਾਂ ਨੇ ਅਪਣੇ ਪਰਗਣਿਆਂ ਦੇ ਮੁਸਲ-ਮਾਨਾਂ ਨੂੰ ਬੁਲਾਕੇ ਬੰਦੇ ਬਹਾਦਰ ਦੇ ਜ਼ੁਲਮ ਸੁਣਾ ਕਰ ਐਸਾ ਜੋਸ਼ ਦਿਵਾਇਆ ਜੋ ਇਕ ਲੱਖ ਆਦਮੀ ਦੇ ਲਗ ਭਗ ਮੁਸਲਮਾਨ ਕੱਠਾ ਹੋ ਗਿਆ, ਤੇ ਹੋਰ ਬੇਸ਼ੁਮਾਰ ਮੁਸਲਮਾਨ ਉਸ ਦੇਸ ਦੇ ਹੱਥਾਂ ਨੂੰ ਮੈਂਹਦੀ ਲਾ ਲਾ ਗਾਨੇ ਤੇ ਹੱਥਜਾਰ ਬੰਨ੍ਹ ਬੰਨ੍ਹ ਸ਼ਹੀਦ ਹੋਣ ਲਈ ਸਹਾਰਨ ਪੁਰ ਵਿੱਚ ਆ ਕੱਠੇ ਹੋਏ। ਪਰ ਜਦ ਏਧਰੋਂ ਬਾਬੇ ਬੰਦੇ ਦਾ ਲਸ਼ਕਰ ਹੜ ਦੇ ਜਲ ਦੀ ਤਰਾਂ ਲੁਟਦਾ ਮਾਰਦਾ ਬਰਬਾਦ ਕਰਦਾ ਹੋਇਆ ਸਹਾਰਨ ਪੁਰ ਪਹੁੰਚਿਆ, ਤਦ ਅਲੀ ਮਹੰਮਦ ਖਾਂ ਬਿਨਾ ਹੀ ਜੰਗ ਕੀਤੇ ਡਰ ਕਰ ਸੰਬੰਧੀਆਂ ਸਮੇਤ ਰਾਤ ਨੂੰ ਦਿੱਲੀ ਦੀ ਤਰਫ ਨੱਠ ਗਿਆ; ਬਾਕੀ ਹਜ਼ਾਰ ਖਾਂ ਪਾਸ ਮੁਸਲਮਾਨ ਜੋ ਗਾਨੇ ਬੰਨ੍ਹ ੨ ਆਏ ਸਨ ਉਨਾਂ ਨੂੰ ਨਵਾਬ ਹਸਮਤ ਖਾਂ ਤੇ ਮੌਲਵੀ ਜਮਾਲ ਦੀਨ ਖਾਂ ਆਦਿਕ ਰਈਸਾਂ ਨੇ ਦਿਲਾਸੇ ਦੇ ਦੇ ਦੀਨਮਜ਼ਬ ਦਾ ਜੰਗ ਸ਼ੁਰੂ ਕਰਾ ਦਿੱਤਾ। ਮੁਸਲਮਾਨ ਅਲੀ ੨ ਬੋਲਕੇ ਸ਼ੈਹਰੋਂ ਨਿਕਲ ੨ ਤਿੰਨ ਦਿਨ ਬੜੀ ਅੰਧਾ ਧੁੰਧ ਦੀ ਲੜਾਈ ਕਰਦੇ ਰਹੇ, ਲੋਥਾਂ ਦੇ ਢੇਰ ਲੱਗ ਗਏ, ਲਹੂ ਦੇ ਨਾਲੇ ਵੱਗ ਤੁਰੇ, ਓੜਕ ੧੪ ਸ਼ਵਾਲ ਸੰ: ੧੧੨੨ ਹਿਜਰੀ ਤੇ ਸੰ: ੧੭੬੬ ਬਿ: ਨੂੰ ਸਿੰਘ ਹੱਲਾ ਕਰਕੇ ਸ਼ੈਹਰ ਵਿੱਚ ਜਾ ਵੜੇ ਤੇ ਹੋਰ ਭੀ ਲੁਟੇਰੀ ਖਲਕਤ ਬਹੁਤ ਆ ਗਈ, ਇਕ ਨੇ ਦੂਸਰੇ ਨੂੰ ਲੁਟਿਆ, ਸ਼ੈਹਰ ਵੈਰਾਨ ਕਰ ਸੁੱਟਿਆ, ਜਿਸਨੇ ਹੱਥ ਉਠਾਇਆ ਓਹੋ ਪਾਰ ਬੁਲਾਇਆ, ਹੋਰ ਭੀ ਸੈਂਕੜੇ ਮੁਸਲਮਾਨ ਮੁਖਬਰਾਂ ਦ੍ਵਾਰੇ ਫੜੇ ਹੋਏ ਭੇਡਾਂ ਬੱਕਰੀਆਂ ਵਾਂਗੂ ਕਤਲ ਕੀਤੇ ਗਏ। ਜਿਸਤਰਾਂ ਮੁਸਲਮਾਨ ਲੋਗ ਹਿੰਦੂਆਂ ਦਾ

Digitized by Panjab Digital Library | www.panjabdigilib.org

ਬੁਰਾ ਹਾਲ ਕਰਦੇ ਰਹੇ ਸਨ ਓਹੋ ਸੁਆਦ ਮੁਸਲਮਾਨਾਂ ਨੂੰ ਚੱਖਣਾ ਪਿਆ, ਸੱਚ ਹੈ (ਅਹਿਕਰ ਕਰੇ ਸੋ ਅਹਿਕਰ ਪਾਇ) ਫੇਰ ਬੰਦੇ ਸਾਹਿਬ ਨੇ ਜਲਾਲਾ ਬਾਦੀਏ ਜਲਾਲ ਖਾਂ ਨਵਾਬ ਨੂੰ ਤੇ ਸ਼ਾਹਨਿਵਾਜ ਖਾਂ ਨਜੀਬਾ ਬਾਦੀਏ ਆਦਿਕ ਰਈਸਾਂ ਨੂੰ ਲਿਖ ਭੇਜਿਆ ਕਿ ਤੁਸੀਂ ਭੀ ਲੜਾਈ ਵਾਸਤੇ ਤਿਆਰ ਹੋ ਜਾਓ, ਦੋ ਮਹੀਨੇ ਨੂੰ ਤੁਹਾਡੀ ਵੱਲ ਆਵਾਂਗੇ। ਜਦਪਿ ਏਸ ਇਸ਼ਤਿਹਾਰ ਨੂੰ ਸੁਣਕੇ ਲੋਗਾਂ ਨੇ ਤਕੜਾਈ ਕੀਤੀ, ਪਰ ਜਦ ਖਾਲਸਾ ਜੀ ਦਾ ਦਲ ਓਸ ਦੇਸ ਦੇ ਨਵਾਬਾਂ ਨੂੰ ਲੁਟਦਾ ਮਾਰਦਾ ਹੋਇਆ ਹਰਿਦਵਾਰ ਇਸ਼ਨਾਨ ਕਰਕੇ ਨਜ਼ੀਬਾ ਬਾਦ ਪਹੁੰਚਿਆ ਤਾਂ ਓਥੋਂ ਦੇ ਨਵਾਬ ਦੂਦੇ ਖਾਂ ਨੇ ਨਜ਼ਰਾਂ ਦੇਕੇ ਆਪਣਾ ਸ਼ਹਿਰ ਲੁੱਟਣ ਥੀਂ ਬਚਾ ਲੀਤਾ। ਖ਼ਾਫੀ ਖਾਂ ਲਿਖਦਾ ਹੈ ਕਿ ਹਰ ਰੋਜ਼ ਪੰਜਾਹ ਸੱਠ ਮੁਸਲ-ਮਾਨਾਂ ਦੇ ਮਾਰੇ ਬਿਨਾਂ ਬੰਦਾ ਅੰਨ ਜਲ ਨਹੀਂ ਕਰਦਾ ਸੀ, ਇਸੇ ਕਰਕੇ ਓਸਤੋਂ ਡਰਦੇ ਮੁਹੰਮਦੀ ਥਰ ਥਰ ਪਏ ਕੰਬਦੇ ਸੇ। ਏਸ ਦੇਸ ਨੂੰ ਲੁਟ ਪੁੱਟ ਕੇ ਕੱਤਕ ਮਹੀਨੇ ਜਲਾਲਾ ਬਾਦ ਜਾ ਘੇਰਿਆ। ਜਲਾਬਾਦੀਏ ਨੇ ਭੀ ਰੁਹੇਲੇ, ਪਠਾਣ ਬਹੁਤ ਕੱਠੇ ਕਰ ਰੱਖੇ ਸੇ ਓਹ ਦੋ ਮਹੀਨੇ ਜਾਨਾ ਤੋੜ ੨ ਕੇ ਲੜਦੇ ਰਹੇ, ਦੋਹਾਂ ਪਾਸਿਆਂ ਦੇ ਬਹੁਤ ਆਦਮੀ ਮਾਰੇ ਗਏ। ਕਈ ਵਾਰੀ ਇਹ ਜਿੱਤੇ ਕਈ ਵਾਰੀ ਓਹ। ਇਕਵਾਰੀ ਸਿਖ ਦੁਸ਼ਮਨ ਦਾ ਜ਼ੋਰ ਦੇਖਕੇ ਦੌੜਨ ਲਗੇ ਤਾਂ ਦੇਬਣ ਪਾਸੋਂ ਬੰਦਾਬਹਾਦਰ ਫੇਰ ਮੋੜਕੇ ਲੈ ਗਿਆ ਤੇ ਮੁਲਕ ਮਾਲਵੇ ਮਾਝੇ ਦੇ ਹੋਰ ਸਿੰਘ ਬਹੁਤ ਬੁਲਾ ਲਏ ਫੇਰ ਤਾਂ ਬੰਦੇ ਬਹਾਦਰ ਦੇ ਲਲਕਾਰੇ ਹੋਏ ਸਿੱਖ ਭੁਖੇ ਬਾਜਾਂ ਦੀ ਤਰਾਂ ਟੁਟ ਕੇ ਜਾ ਪਏ, ਬੜੀ ਭਾਰੀ ਲੜਾਈ ਹੋਈ। ਆਖਰ ਪੌੜੀਆਂ ਲਾਕੇ

ਕਿਲੇ ਉਪਰ ਚੜ ਗਏ ਓਹੋ ਕੁਸ਼ਾਲਚੰਦ ਲਿਖਦਾ ਹੈ ਕਿ ਸਿੰਘ ਜਾਨ ਪਿਆਰੀ ਨਹੀਂ ਕਰਦੇ ਸਨ ਫਤੇ ਪਿਆਰੀ ਸਮਝਦੇ ਸਨ ਬੇਸ਼ੁਮਾਰ ਸਿੱਖਾਂ ਨੂੰ ਰੁਹੇਲਿਆਂ ਨੇ ਸੀੜੀਆਂ ਉਤੋਂ ਮਾਰ ਮਾਰ ਗਿਰਾਇਆ, ਪਰ ਇਕ ਡਿਗਦਾ ਸੀ ਤਾਂ ਦੋ ਹੋਰ ਉਸੇ ਡੰਡੇ ਉਤੇ ਜਾ ਖੜੇ ਹੁੰਦੇ, ਆਖਰ ਬਸੰਤ ਪੰਚਮੀ ਦੇ ਦਿਨ ਸਿੰਘਾਂ ਨੇ ਕਿਲੇ ਵਿਚ ਧਸਕੇ ਐਸੀ ਸ਼ਮਸ਼ੇਰ ਚਲਾਈ ਜੋ ਰੁਹੇਲੇ ਤੋਬਾ ਤੋਬ ਕਰ ਉਠੇ। ਬਹੁਤ ਤਾਂ ਮਾਰੇ ਗਏ ਬਾਕੀ ਨਵਾਬ ਜਲਾਲਦੀਨਖਾਂ ਸਮੇਤ ਬੜੀ ਮੁਸ਼ਕਲ ਨਾਲ ਦੌੜਕੇ ਦੂਸਰੇ ਕਿਲੇ ਵਿਚ ਜੋ ਉਥੋਂ ਚਾ[illegible] ਪਰ ਸਾ, ਜਾ ਵੜੇ। ਹਾਥੀ, ਘੋੜੇ ਹਥਯਾਰ, ਖ[illegible]ਨੇ, ਤੋਪਾਂ ਜੰਬੂਰੇ ਸਬ ਸਿੰਘਾਂ ਦੇ ਹਥ ਆਏ। ਸਿੰਘ ਜਲਾਲਾਬਾਦ ਦੀ ਲੁਟ ਦਾ ਸਾਮਾਨ ਲੈਕੇ ਕਿਲੇ ਲੋਹਗੜ ਵਿਚ ਚਲੇ ਆਏ। ਓਥੋਂ ਹੀ ਬਹੁਤ ਸਿੰਘ ਬੰਦੇ ਦੀ ਆਗਿਆ ਲੈਕੇ ਮਾਲ ਦੌਲਤ ਦੇ ਘੋੜੇ ਲੱਦੇ ਹੋਏ ਝੁੰਡ ਝੁੰਡ ਮਿਲਕੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਤੇ ਬਾਬਾ ਬੰਦਾ ਭੀ ਇਕ ਹਜ਼ਾਰ ਸਿੰਘਾਂ ਨੂੰ ਕਿਲ਼ੇ ਵਿਚ ਛਡ ਕੇ ਪਹਾੜੀਂ ਜਾ ਵੜਿਆ। ਇਸ ਹਲੇ ਵਿਚ ੧੦ ਹਜਾਰ ਨਵੀਨ ਸਿੰਘ ਬਾਨੇ ਭਵਨ ਦੇ ਪ੍ਰਗਣੇ ਦਾ ਸਜਜਾ ਸੀ। ਜਿਨਾਂ ਵਿਚ ਉਨਾਰਸਾ ਨਗਰ ਦੇ ਰਾਜਪੂਤ ਤਾਂ ਕੰਢੇ ਵਾੜ ਸਿੰਘ ਸਜ ਗਏ ਸਨ। ਭਾਵੇਂ ਸਿਖ ਤਾਂ ਪੈਹਲੇ ਬੀ ਸਨ, ਪਰ ਸਿੰਘਾਂ ਦੀਆਂ ਜਿੱਤਾਂ ਨੇ ਉਨਾਂ ਦੇ ਉਤਸ਼ਾਹ ਬਹੁਤ ਬੁਲੰਦ ਕਰ ਦਿਤੇ ਸਨ, ਜਲਾਲ ਖਾਂ ਨੇ ਏਹ ਗੱਲ ਸੁਣਕੇ ਐਸਾ ਕ੍ਰੋਧ ਵਧਾਇਆ ਕਿ ਉਨਾਰਸੇ ਦੇ ਸਾਰੇ ਰਾਜਪੂਤ ਫੜ ਮੰਗਾਏ, ਉਨਾਂ ਵਿਚ ਇਕ ਕਪੂਰ ਸਿੰਘ ਪੜ੍ਹਿਆ ਹੋਇਆ ਸੀ ਉਸਨੇ ਬੰਦੇ ਪਾਸ ਸਾਰਾ ਹਾਲ ਲਿਖਕੇ

Digitized by Panjab Digital Library | www.panjabdigilib.org

ਭੇਜ ਦਿੱਤਾ। ਏਹ ਖਬਰ ਸੁਣਦੇ ਹੀ ਭਾਵੇਂ ਪਹਿਲੇ ਮੈਣਦਾਬ ਤੇ ਦੁਆਬਾ ਮਾਰਨਾ ਬੰਦੇ ਨੇ ਮਥ ਛਡਿਆ ਸੀ, ਪਰ ਉਨ੍ਹਾਂ ਸਿੰਘਾਂ ਦੇ ਪ੍ਰੇਰੇ ਹੋਏ ਨੇ ਪੰਜਕੁ ਹਜਾਰ ਸਿੰਘ ਤੇ ਦੋ ਤੋਪਾਂ ਨਾਲ ਲੈਕੇ ਓਧਰ ਨੂੰ ਕੂਚ ਕਰਕੇ ਸਹਾਰਨ ਪੁਰ ਦੇ ਨਾਜ਼ਮ ਸੱਯਦ ਅਲੀ ਮਹੰਮਦ ਖਾਂ ਨੂੰ ਜੋ ਹਜਾਰ ਖਾਂ ਮਕੇ ਤੋਂ ਸੂਬਾ ਹੋਇਆ ਸੀ, ਲਿਖ ਭੇਜਿਆ ਕਿ ਤਕੜਾ ਹੋ ਖਾਲਸਈ ਦਲ ਆਇਆ, ਤਾਏਦਾਰੀ ਮੰਨ ਯਾ ਲੜ। ਓਹ ਤਾਂ ਏਸ ਖਬਰ ਨੇ ਮੰਜੇ ਪਾ ਦਿਤਾ, ਜਦ ਸਿੰਘਾਂ ਦਾ ਦਲ ਜਮਨਾ ਦਾ ਰਾਜ ਘਾਟ ਲਾਘਿਆ ਓਸਦੀਆਂ ਤਾਂ ਸਤੇ ਸੁਧਾਂ "ਧੀਰਜ ਬੁਧਿ, ਬਵੇਕ, ਬਲ, ਗ..ਮਿਤ ਐਸਰ ਬਾਤ, ਬਿਪਤ ਪਰੀ ਤੇ ਰੀ ਸਖੀ ਭੂਲ ਜਾਤ ਸੁਧ ਸਾਤ" ਭੁਲ ਗਈਆਂ, ਫੇਰ ਤਾਂ ਰਹੀ ਸਹੀ ਆਸ ਵੀ ਓਸਦੀ ਟੋਟੇ ਹੋ ਗਈ, ਭੱਜਨ ਨੂੰ ਤਿਆਰ ਹੋ ਬੈਠਾ, ਸ਼ੈਹਰ ਦੇ ਰਈਸ ਚੌਧਰੀ ਬਹੁਤ ਧੀਰਜ ਦੇ ਰਹੇ, ਪਰ ਕਿੱਥੋਂ ਦਿਲ ਟਿਕੇ? ਏਹੋ ਕਹੇ ਬੰਦੇਦੇ ਮੁਵੱਕਲ ਮੈਨੂੰ ਨਹੀਂ ਛੱਡਨਗੇ। ਆਖਰ ਅਪਣੇ ਟਬਰ ਕਬੀਲੇ ਨੂੰ ਲੈਕੇ ਰਾਤੋ ਰਾਤ ਦਿੱਲੀ ਵੱਲੀ ਦੌੜ ਗਿਆ, ਫੇਰ ਤਾਂ ਸਿੰਘਾਂ ਨੇ ਬਿਨਾ ਗੋਲੀ ਦਾਗੇ ਸਹਾਰਨ ਪੁਰ ਸ਼ੈਹਰ ਨਿਖਸਮਾਂਪਿਆ ਜਾਮੱਲਿਆ। ਸ਼ੈਹਰ ਵਾਲਿਆਂ ਨੇ ਟਾਕਰਾ ਕੀਤਾ, ਪਰ ਕੁਛ ਪੇਸ਼ ਨ ਗਈ। ਸਿਖਾਂ ਨੇ ਲੁਟੇਰੇ ਲੋਗਾਂ ਨੇ ਸਾਰਾ ਸ਼ੈਹਰ ਲੁਟਕੇ ਕਈ ਜਗਾ ਅੱਗ ਭੀ ਲਾ ਦਿਤੀ, ਓਸ ਗੱਭੇ ਬਾਢ ਵਿਚ ਹਜ਼ਾਰਾਂ ਆਦਮੀ ਮਾਰੇ ਗਏ, ਅਤੇ ਭਾਜੜ ਪੈਗਈ॥

ਏਹ ਸ਼ੈਹਰ ਭਾਵੇਂ ਆਲਮਾਂ ਫਾਜ਼ਲਾਂ ਤੇ ਹੁਨਰਾਂ ਦਾ ਘਰ ਸੀ, ਪਰ ਕਿਸੇ ਦੀ ਪੇਸ਼ ਨਾ ਗਈ, ਸਰਹੰਦ ਜੈਸੀ ਦੁਰਦਸ਼ਾ ਕਰਕੇ ਸਿੰਘੀ ਦਲ ਨੇ ਬਾਹਰ ਜਾ ਡੇਰਾ ਲਾਯਾ।

Digitized by Panjab Digital Library | www.panjabdigilib.org

ਖਬਰ ਲਗੀ ਕਿ ਬੇਹੁਟੇ ਪਿੰਡ ਦੇ ਪੀਰਜਾਦੇ ਜਿਕੂੰ ਪੀਰੀ ਮੁਰੀਦੀ ਦੇ ਕਾਰਨ ਉਘੇ ਹਨ ਓਦੋਂ ਦੂਣੇ ਗਊਬਧ ਕਰਨ ਤੇ ਜਨਾਹੀ ਵਿਚ ਭੀ ਮਸ਼ਹੂਰ ਧਨੀ ਜਾਗੀਰਦਾਰ ਹਨ। ਬੰਦੇ ਨੇ ਓਸੇ ਘੜੀ ਇਕ ਦਸਤਾ ਫੌਜ ਸਿੱਖਾਂ ਦਾ ਭੇਜ ਦਿੱਤਾ, ਏਨ੍ਹਾਂ ਨੇ ਹੱਲਾ ਕਰਕੇ ਓਨਾਂ ਦੀ ਹਵੇਲੀ ਖੁਲ੍ਹੇ ਦਰਵਾਜੇ ਜਾ ਰੋਕੀ, ਲੋਕੀ ਜੋ ਅੱਕੀ ਹੋਈਸੀ, ਹੱਕੀ ਬੱਕੀ ਰੈਹਗਈ, ਜੇਹੜੇ ਲੋਕ ਓਨਾਂ ਤੋਂ ਸਤੇ ਹੋਏ ਸਨ, ਅੱਖ ਬਚਾਕੇ ਸਾਰਾ ਭੇਤ ਸਿੰਘਾਂ ਨੂੰ ਦਸ ਗਏ, ਫੇਰ ਤਾਂ ਸਿੰਘਾਂ ਨੇ ਹੱਥੋ ਹੱਥੀ ਮਰਦ ਸਬ ਫੜ ਲੀਤੇ, ਸਰਦਾਰ ਤਖਤਾ ਸਿੰਘ ਬ... ਸਿੰਘ ਕੈਬ ਵਾਲੀਏ ਦੁਲਟ ਜਿਮੀਂਦਾਰਾਂ ਨੇ ਓ... ਦੇ ਦੋਸੀਆਂ ਦੇ ਦੋਸਾਂ ਤੇ ਵਿਚਾਰ ਕਰਨੀ ਸ਼ੁਰੂ ਕੀ...। ਫੇਰ ਤਾਂ ਓਸ ਪਰਗਣੇ ਦੇ ਲੋਗਾਂ ਨੇ ਆਕੇ ਜਦ ਓਨਾਂ ਦੇ ਭਾਰੇ ੨ ਕਾਰੇ ਕੀਤੇ ਹੋਏ ਸਿੰਘਾਂ ਨੂੰ ਸੁਣਾਏ ਤਾਂ ਸਿੰਘਾਂ ਦੇ ਨੇਤ੍ਰਾਂ ਤੋਂ ਖੂਨ ਟਪਕ ਆਏ, ਅਤੀ ਘੋਰ ਜੁਲਮ ਓਨਾਂ ਦੇ ਸਾਬਤ ਕਰ ਕਰ ਐਸੀ ਸਜਾ ਦਿੱਤੀ ਜੋ ਫੇਰ ਕੋਈ ਐਸਾ ਕੰਮ ਨਾ ਕਰੇ, ਜਿੰਨੇ ਜਿੰਨੇ ਕਿਸੇ ਨੇ ਮਹਾਂ ਉਪਦ੍ਰਵ ਕੀਤੇ ਸਨ ਓਹਨਾਂ ਦੇ ਪਾਪਾਂ ਅਨੁਸਾਰ ਦੰਡ ਦਿੱਤਾ ਜਾਣ ਲੱਗਾ। ਕੋਈ ਕੁਤਿਆਂ ਤੋਂ ਪੜਵਾਏ, ਕੋਈ ਕੋਰੜਿਆਂ ਨਾਲ ਮਰਵਾਏ, ਬਾਕੀ ਤਲਵਾਰ ਦੀ ਧਾਰ ਅਗੇ ਬਹਾ ਛਡੇ, ਕਈ ਮੁਸਲਮਾਨ ਤੀਵੀਆਂ ਨੇ ਸਿੰਘਾਂ ਨਾਲ ਅਨੰਦ ਪੜ੍ਹਾਣ ਦੀ ਇੱਛਾ ਪ੍ਰਗਟ ਕੀਤੀ, ਖਾਲਸੇ ਨੇ ਅੰਮ੍ਰਤ ਛਕਾ ਸਿੰਘਣੀਆਂ ਸਜਾ ਸਜਾ ਅਨੰਦ ਪੜ੍ਹਾ ਲੀਤੇ।

Digitized by Panjab Digital Library | www.panjabdigilib.org

# ਜਲਾਲ ਖਾਂ ਤੇ ਬੰਦੇ ਦਾ ਸੰਬਾਦ ਤੇ ਅੰਬੇਟੇ ਤੇ ਨਨੋਤੇ ਨੂੰ ਮਾਰਨਾ

ਹੁਣ ਬੰਦੇ ਨੇ ਜਲਾਲ ਖਾਂ ਨੂੰ ਲਿਖਿਆ ਕਿ ਤੁਸੀ ਊਨਾਰਸੇ ਵਾਲਿਆਂ ਸਿੱਖਾਂ ਨੂੰ ਛਡ ਦੇਓ ਨਹੀਂ ਤਾਂ ਜੰਗ ਮੰਗੋ, ਓਸਦੇ ਪਾਸ ਬਹੁਤ ਸਾਰੇ ਪਠਾਣ ਖੈਬਰੀ ਸਨ ਓਨਾਂ ਦੇ ਗੁਮਾਨ ਵਿਚ ਆਕੇ ਜਵਾਬ ਦਿਤਾ, ਤੂੰ ਫਕੀਰ ਗਾਂਢਵੀਂ ਧਾੜ ਦੇ ਭਰੋਸੇ ਮੈਨੂੰ ਕੀ ਸਮਝਦਾ ਹੈਂ ? ਮੈਂ ਕੋਈ ਸਢੌਰੇ,ਸਰਹੰਦ, ਸਹਾਰਨ ਦੇ ਹਾਕਮਾ ਜੇਹਾ ਨਹੀਂ ਜੋ ਧਮਕੀ ਸੁਣਦੇ ਹੀ ਪ੍ਰਾਂਣ ਢਿੱਲੇ ਛਡਕੇ ਮੁਰਦੇ ਹੋ ਜਾਣਗੇ, ਮੈਂ ਓਹ ਬਹਾਦਰ ਹਾਂ ਜਿਸਨੇ ਔਰੰਗਜ਼ੇਬ ਜੇਹੇ ਹਾਕਮਾ ਦੇ ਰੋਬਰੋ ਅਨੇਕ ਜੰਗ ਜਿਤਕੇ ਨਜਾਮ ਤਾਂਨੇ ਸ਼ਾਹ ਹੈਦਰਾਬਾਦ ਅਤੇ ਹੁਸੰਗਾ ਬਾਦੀਏ ਤੇ ਸਤਾਰੇ ਦੇ ਮੂਹਿਂਏ ਫਤੇ ਕੀਤੇ ਹਨ, ਤੂੰ ਨਿਸ਼ੰਗ ਚਲਾ ਆ ਅਪਣੀ ਹੌਸ ਪੂਰੀ ਕਰ ਲੈ।

ਅਜੇ ਏਹ ਜੁਵਾਬ ਲੈਕੇ ਬੰਦੇ ਪਾਸ ਆਦਮੀ ਪੁਜਜਾ ਹੀ ਨਹੀਂ ਸੀ ਸਿੰਘ ਪੈਹਲੇ ਹੀ ਓਧਰ ਨੂੰ ਸਿਰਕਦੇ ਜਾ ਰਹੇ ਸਨ, ਜਲਾਲਖਾਂ ਦਾ ਜਵਾਬ ਸੁਣਕੇ ਬੰਦਾ ਭੀ ਅੱਗ ਭਬੂਲਾ ਹੋਗਿਆ ਫੌਰਨ ਅੰਬੇਟੇ ਦੇ ਪਠਾਣਾਂ ਨੂੰ ਜਾ ਘੇਰਿਆ, ਸਿੰਘਾਂ ਦੀ ਤੇਗ ਤਾਬ ਨਾ ਝੱਲਕੇ ਓਹ ਤਾਂ ਭੱਜ ਨਿਕਲੇ, ਅੰਬੇਟੇ ਨੂੰ ਲੁਟ ਮਾਰ ਸੁਧਾਰਕੇ ਸਿੰਘ ਨਨੋਤੇ ਵਲ ਵਧਦੇ ਚਲੇ ਗਏ।

ਏਥੇ ਛਾਵੇਂ ਧਨੀ ਸੇਖ ਤੇ ਗੁਜਰ ਪਠਾਣ ਸੱਯਦ ਭੀ ਬਹੁਤ ਸਨ, ਪਰ ਇਕ ਜੈਦ ਨਾਮੀ ਸੱਯਦ ਨੂੰ ਕ੍ਰੋੜ ਪਤੀ ਆਖਦੇ ਸਨ, ਧਨਾਢ ਮਸ਼ਹੂਰ ਸਨ, ਫਸੀਲ ਬੀ ਸ਼ੈਹਰ ਦਾ ਵੱਡਣ ਹੁੰਦੀ ਹੈ ਜੋ ਆਪਸ਼ ਮੇਂ ਸ਼ੇਖਾਂ ਸੱਯਦਾਂ ਨੇ ਮਿਲਕੇ ਨਾ

ਬਨਾਈ ਨਾਂ ਕਿਸੇ ਇਕ ਨੂੰ ਬਨਾਉਣ ਦਿੱਤੀ, ਖੁਲ੍ਹੇ ਦਰਵਾਜੀਂ ਸਿੰਘ ਸ਼ਹਿਰ ਵਿੱਚ ਜਾ ਧਸੇ, ਭਾਵੇਂ ਸੱਯਦਾਂ ਸ਼ੇਖਾਂ ਦੇ ਪਿੰਡ ਏਥੇ ਕਈ ਸਨ, ਪਰ ਤੱਪੇ ਦੇ ਮਾਲਕ ਗੁੱਜਰ ਸਨ, ਜਿਨਾਂ ਨੂੰ ਸ਼ੇਖਾਂ ਸੱਯਦਾਂ ਨੇ ਰਟੋਲ ਰਖਿਆ ਸੀ, ਇਸ ਕਰਕੇ ਸੈਂਕੜੇ ਗੁਜਰ ਭੀ ਦਲ ਦੇ ਸਾਥੀ ਹੋ ਗਏ, ਅਤੇ ਆਪ ਨੂੰ ਗੁਰੂ ਕੇ ਸ਼ਹਿਜ ਧਾਰੀ ਸਿਖ ਜਾਹਿਰ ਕੀਤਾ, ਜਿਸਤੋਂ ਹੋਰ ਭੀ ਓਨਾਂ ਦਾ ਅਧਕ ਮਾਨ ਹੋ ਗਿਆ, ਹੁਣ ਨਨੋਤੇ ਦੀ ਲੁਟ ਵਿਚ ਸ਼ਾਮਲ ਹੋਕੇ ਦੌਲਤ ਔਰ ਅਪਣੇ ਪੁਰਾਣੇ ਬਦਲੇ ਭੀ ਸ਼ੇਖਾਂ ਸੱਯਦਾਂ ਤੋਂ ਗੁਜਰਾਂ ਨੇ ਖੂਬ ਲੀਤੇ ॥

ਏਥੋਂ ਦੇ ਸ਼ੇਖ ਸੱਯਦ ਤੀਰ ਕਮਾਨ ਦੇ ਚਲਾਵੱਯੇ ਬਹੁਤ ਮਸ਼ਹੂਰ ਸਨ ਬਾਦਸ਼ਾਹੀ ਫੌਜਾਂ ਵਿਚ ਭੀ ਏਨਾਂ ਦੀ ਅੱਵਲ ਦਰਜੇ ਦੀ ਗਿਣਤੀ ਸੀ। ਭਾਵੇਂ ਸਾਰਾ ਜੋਰ ਲਾਕੇ ਏਸ ਮਾਰ ਦੇ ਵਿਚ ਓਹ ਸਿੰਘਾਂ ਨਾਲ ਲੜੇ, ਪਰ ਉਨਾਂ ਦੇ ਪੜੋਸੀ ਭੇਤੀ ਗੁਜਰਾਂ ਨੇ ਉਨਾਂ ਦੀ ਕੁਛ ਪੇਸ਼ ਨਾ ਜਾਣ ਦਿਤੀ, ਸਿੰਘਾਂ ਦੀ ਤਲਵਾਰ ਨੇ ਸਥਰ ਲਾਹ ਦਿਤੇ। ਇਸ ਜੰਗ ਦਾ ਹਾਲ ਮਹਿਮਦ ਜ਼ਫਰ ਦੀਨ ਨੇ ਬਹੁਤ ਖੋਲ੍ਹਕੇ ਲਿਖਿਆ ਹੈ। ਦੇਗ ਦੇ ਦਾਣੇ ਵਾਂਗੂੰ ਇਕ ਬਾਤ ਓਹ ਐਉਂ ਲਿਖਦਾ ਹੈ ਕਿ ਸ਼ੇਖ ਮਹਿਮਦ ਅਫਜ਼ਲ ਦੇ ਚੌਂਕ ਵਿਚ ਇਕਸੌਤਾਂ ਸ਼ੇਖਜ਼ਾਦਾ ਮਰਿਆ ਪਿਆ ਮੈਂ ਅਖੀਂ ਵੇਖਦਾ ਹੈ। ਸਿਖਾਂ ਨੇ ਏਸ ਸ਼ਹਿਰ ਦੀ ਇਟ ਨਾਲ ਇਟ ਭਿੜਾਛਡੀ, ਕੋਈ ਘਰ ਲੁਟੇ ਮਾਰੇ ਬਿਨਾਂ ਨਹੀਂ ਬਚਜਾ, ਐਸੀ ਦੁਰਦਸ਼ਾ ਸ਼ਹਿਰ ਦੀ ਕੀਤੀ ਗਈ, ਓਸੇ ਸਮੇਂ ਤੋਂ ਇਸਦਾ ਨਾਮ ਫੂਟਾ ਸ਼ਹਿਰ ਮਸ਼ਹੂਰ ਹੋਗਿਆ। ਏਹ ਮਾਰਕਾ ਸਾਵ੍ਹਣ ਸੰਃ ੧੭੬੭ ਬਿਃ ਨੂੰ ਹੋਯਾ ਸੀ, ਜਲਾਲਾਬਾਦ ਓਥੋਂ ਪੰਜਕੋਹਤੇ ਸਹਾਰਨੋਂ

Digitized by Panjab Digital Library | www.panjabdigilib.org

ਵੀਹ ਕੋਹ ਸੀ, ਸਾਰੀਆਂ ਖਬਰਾਂ ਓਥੇ ਜਲਾਲ ਖਾਂ ਨਵਾਬ ਨੂੰ ਪਹੁੰਚ ਰਹੀਆਂ ਸਨ ॥

## ਸਿੰਘਾਂ ਦਾ ਪਿਛੇ ਹਟਨਾਂ ਤੇ ਔਕੜਾਂ ਦੇਖਣੀਆਂ

ਨਨੌਤੇ ਨੂੰ ਫਤੇ ਕਰਕੇ ਜਦ ਸਿੰਘ ਅਗੇ ਵਧੇ ਰਾਹ ਵਿਚ ਇਕ ਤਾਂ ਬਹੁਤ ਸੰਘਣੇ ਢੱਕਾਂ ਦਾ ਜੰਗਲ ਸੀ, ਦੂਜੇ ਹਰ ਰੋਜ ਬਰਖਾ ਹੋਣ ਕਰਕੇ ਸਾਰੇ ਜਲ ਹੀ ਜਲ ਨਜਰ ਆ ਰਿਹਾ ਸੀ, ਤੀਜੇ ਮਛਰ ਜੋ ਮਖੀ ਤੋਂ ਘਟ ਕਦ ਵਾਲਾ ਨਹੀਂ ਸੀ ਘੋੜਿਆਂ ਤੇ ਸਿੰਘਾਂ ਨੂੰ ਲੜ ਲੜ ਕੇ ਤੜਫਾ ਛਡਿਆ ਸੀ, ਚੌਥੇ ਓਥੇ ਪਹਾੜ ਨੇੜੇ ਹੋਨੇ ਕਰ ਪਾਣੀ ਦੇ ਹੜ ਕਿਤੇ ਬੈਠਣ ਖੜੋਨ ਨਹੀਂ ਦਿੰਦੇ ਸੇ, ਪੰਜਵੇਂ ਜਲਾਲ ਖਾਂ ਨੇ ਦੇਸੀ ਤੇ ਅਰਬੀ ਖੈਬਰੀ ਰੁਹੇਲੇ ਵਗੈਰਾ ਕੌਮ ਦੇ ਮੁਸਲਮਾਨ ਬੇਸ਼ੁਮਾਰ ਕੱਠੇ ਕਰ ਰਖੇ ਸਨ। ਭਾਵੇਂ ਬੰਦੇ ਨਾਲ ਭੀ ਓਸ ਵੇਲੇ ਬਾਈ ਚੌਬੀ ਹਜ਼ਾਰ ਤੋਂ ਘਟ ਲਸ਼ਕਰ ਦਾ ਸ਼ੁਮਾਰ ਨਹੀਂ ਸੀ ਅਤੇ ਭਰੋਸਾ ਬੀ ਸਚਾ ਸੀ ਕਿ ਜਲਾਲਾਂ ਬਾਦ ਜਰੂਰ ਫਤੇ ਹੋ ਜਾਊ, ਪਰ ਉਪਰਲੀਆਂ ਔਕੜਾਂ ਨੇ ਸਿੰਘਾਂ ਨੂੰ ਲਚਾਰੀ ਵਿਚ ਪਿਛੇ ਮੁੜਨੇ ਪਰ ਹੀ ਮਜਬੂਰ ਕੀਤਾ ਜਿਸ ਤੋਂ ਏਹ ਤੁਕ ਪੜਕੇ (ਅਗੇ ਬਾਘ ਡਰਾਵਣੇ ਪਾਛੇ ਹਰਿਓ ਅੰਗੂਰ) ਪਿਛੇ ਨੂੰ ਮੁੜਨਾ ਹੀ ਪਿਆ, ਹੁਣ ਏਸ ਮੁਹਿੰਮ ਨੂੰ ਫਤੇ ਕਰਨਾ ਅਸੂ ਮਹੀਨੇ ਪਰ ਛਡਕੇ ਸਿੰਘਾਂਨੇ ਵਾਗਾਂ ਮੋੜ ਲਈਆਂ, ਅਤੇ ਜਲਾਲ ਖਾਂ ਨੂੰ ਭੀ ਲਿਖਕੇ ਦੇ ਆਏ ਕਿ ਅਸੀ ਤੈਥੋਂ ਡਰਦੇ ਨਹੀਂ ਕੇਵਲ ਏਨਾਂ ਔਕੜਾਂ ਦੇ ਸਬੱਬ ਮੁੜ ਜਾਂਦੇ ਹਾਂ, ਬਾਕੀ ਦੌਲਤ ਜੋ ਸਾਡੇ ਪਾਸ ਖੁਰਜੀਆਂ ਭਰੀਆਂ ਪਈਆਂ

ਹਨ*ਇਹ ਲੋੜਵੰਦਾਂ ਵਿਚ ਵੰਡ ਆਵਾਂਗੇ,ਤੂੰ ਤਕੜਾ ਹੋਲੈ ਮੁੜਕੇ ਤੈਨੂੰ ਜਰੂਰ ਫਤੇ ਕਰੇ ਬਿਨਾਂ ਨਹੀਂ ਛਡਾਂਗੇ। ਏਹੋ ਗੁਰਮਤਾ ਪਕ ਪਕਾਕੇ ਬਾਬੇ ਬੰਦੇ ਸਮੇਤ ਪਿਛੇ ਨੂੰ ਮੁੜ ਪਏ, ਓਸ ਦੇਸ ਦੇ ਲੋਗ ਤਾਂ ਆਪੋ ਆਪਣੇ ਪਿੰਡਾਂ ਨੂੰ ਚਲੇ ਗਏ, ਸਿੰਘ ਪੰਜਾਬੀ ਮਲਵਈ ਸਿੰਘ ਜਮਨਾ ਟਪ ਕੇ ਕਰਨਾਲ ਗਿਰਦੇ ਆ ਫਿਰੇ। ਏਥੋਂ ਦਾ ਫੌਜਦਾਰ ਜੋ ਪਾਨੀਪਤ ਵਿਚ ਰਿਹਾ ਕਰਦਾ ਸਿੰਘਾਂ ਤੋਂ ਡਰਦਾ ਹੋਯਾ ਦਿਲੀ ਵੱਨੀ ਦੌੜ ਗਿਆ। ਬਾਬੇ ਬੰਦੇ ਨੇ ਬਿਨਾਂ ਗੋਲੀ ਦਾਗੇ ਪਾਨੀਪਤ ਕਰਨਾਲ ਦੇ ਪਰਗਣੇ ਰੋਕਕੇ ਸਿੰਘਾਂ ਨੂੰ ਸੌਂਪ ਦਿਤੇ। ਓਸ ਵੇਲੇ ਸਿੰਘ ਸੂਬੇ ਦਿਲੀ ਦੇ ਪਰਗ[illegible]ਆ ਚ ਫਿਰ ਰਹੇ ਸੇ, ਜਦ ਸੂਬਾ ਹੀ ਇਨਾਂ ਦੇ ਮੁ[illegible]ਬਲੇ ਤੋਂ ਕਤਰਾਂਦਾ ਸੀ ਤਾਂ ਫੌਜਦਾਰਾਂ ਆਮਲਾਂ ਦੀ ਕੀ [illegible]ਵਟਤ ਸੀ ਜੋ ਬੰਦਈ ਲਸ਼ਕਰ ਦਾ ਮੁਕਾਬਲਾ ਕਰੇ? ਮੁਸਲਮਾਨ ਇਤਹਾਸਕਾਰ ਲਿਖਦੇ ਹਨ ਕਿ ਜਦ ਆਸਫ ਦੌਲਾ, ਅਸਦ ਖਾਂ, ਇਰਾਦਤ ਖਾਂ, ਖਾਫੀ ਖਾਂ, ਤਾਜ ਦੀਨ ਵਗੈਰੇ ਵਜੀਰ ਭੀ ਡਰਦੇ ਘਰ ਵੜ ਰਹੇ ਸਨ ਹੋਰ ਕੋਈ ਕੀ ਕਰ ਸਕਦਾ ਸੀ? ਪਰ ਸਾਧੂ ਦੇ ਦਿਲ ਵਿਚ ਚੀਜ ਚੋਰ ਦੀ ਤੇ ਚੋਰ ਦੇ ਮਨ ਮੇਂ ਵਸਤ ਸਾਧੂ ਦੀ ਮੰਨੀ ਜਾਣੇ ਕਰ ਕੋਈ ਬੀ ਹਥ ਨਾ ਪਾ ਸਕਿਆ, ਨਹੀਂ ਤਾਂ ਜੇ ਕਦੇ ਓਸ ਵੇਲੇ ਬੰਦਾ ਬਹਾਦਰ ਸਿੰਘਾਂ ਦੇ ਦਲ ਨੂੰ ਲੈਕੇ ਦਿਲੀ ਵਿਚ ਜਾ ਵੜਦਾ ਫੇਰ ਕੌਣ ਕਢ ਸਕਦਾ ਸੀ? ਕਢਣ ਵਾਲੇ ਤਾਂ ਭਜ ਜਾਣ ਨੂੰ ਤਿਆਰ ਬੈਠੇ ਸੇ, ਨਹੀਂ ਮਾਲੂਮ ਬੰਦੇ

*ਓਸ ਸਮੇਂ ਸਿੰਘਾਂ ਦੇ ਲਸ਼ਕਰ ਵਿਚ ਐਸਾ ਸਤਜੁਗ ਵਰਤ ਰਿਹਾ ਸੀ ਕਿ ਬੰਦੇ ਤੋਂ ਡਰਦਾ ਕੋਈ ਕਿਸੇ ਦੀ ਚੀਜ ਨਹੀਂ ਛੇੜਦਾ ਸੀ, ਬਲਕੇ ਝੂਠ ਬੋਲਣ ਦਾ, ਪਰ ਇਸਤ੍ਰੀ ਭੋਗਣ ਦਾ, ਚੋਰੀ, ਨਿੰਦਾ ਚੁਗਲੀ, ਬਖੀਲੀ, ਆਪਸ ਮੇਂ ਇਕ ਦੀ ਦੂਜੇ ਨੇ ਬੁਰਾਈ ਕਰਨੀ, ਛਕਣ ਵਾਲੀ ਚੀਜ ਕੱਲੇ ਨੇ ਛਕਣੀ, ਇਤਯਾਦਿਕ ਬੁਰੀਆਂ ਆਦਤਾਂ ਕਤਰਾ ਭਰ ਭੀ ਓਦੋਂ ਦੇ ਸਿੰਘਾਂ ਵਿਚ ਨਹੀਂ ਸਨ, ਭਾਵੇਂ ਕਿਸੇ ਸਿੰਘ ਦੀ ਖੁਰਜੀ ਵਿਚ ਕੁਛ ਬੀ ਹੋਵੇ ਚੁਰਾਉਂਦਾ ਕੋਈ ਨਹੀਂ ਸੀ।

ਨੇ ਕਿਉਂ ਨਾਂ ਉਧਰ ਸਿੰਘਾਂ ਨੂੰ ਪ੍ਰੇਰਿਆ। ਰੰਮ ਤਾਂ ਫਤੇ ਹੋਯਾ ਪਿਆ ਸੀ, ਕਿਉਂਕਿ ਉਸ ਵੇਲੇ ਬੰਦੇ ਤੇ ਸਿੰਘਾਂ ਦਾ ਨਾਮ ਮੁਸਲਮਾਨਾਂ ਦੇ ਦਿਲ ਪਰ ਪੱਕੀ ਤਰਾਂ ਹਊਏ ਦਾ ਅਸਰ ਰਖਦਾ ਸੀ। ਤਾਂਹੀਓਂ ਦਿਲੀ ਤੋਂ ਮੁਲਤਾਨ, ਲਹੌਰ ਤਕ ਪਿੰਡ ੨ ਘਰ ੨ ਬੰਦੇ ਦੇ ਨਾਮ ਦਾ ਰਾਮ ਰੌਲਾ ਪੈ ਰਿਹਾ ਸੀ, ਐਸੇ ਪ੍ਰਤਾਪ ਦੇ ਹੁੰਦਿਆਂ ਜਦ ਪਾਣੀਪਤ ਕਰਨਾਲ ਤੋਂ ਦਿਲੀ ਤਕ ਸਾਫ਼ ਮੈਦਾਨ ਖਾਲੀ ਪਿਆ ਸੀ, ਕੋਈ ਰੋਕਣ ਵਾਲਾ ਨਹੀਂ ਸੀ, ਪ੍ਰੰਤੂ ਆਪਣੇ ਸੂਬੇ ਦੇ ਕਈ ਕੰਮ ਓਹਨਾਂ ਦੇ ਸਾਹਮਣੇਪਏ ਸਨ, ਜਿਨਾਂ ਜਿਨਾਂ ਨੂੰ ਪਿੱਛੇ ਮੋੜ ਆਂਦਾ।

ਜਦ ਏਸ ਗਦਰ ਦੀ ਖਬਰ ਬਹਾਦਰ ਸ਼ਾਹ ਬਾਦਸ਼ਾਹ ਨੂੰ ਦੱਖਣ ਵਿਚ ਪਹੁੰਚੀ ਤਾਂ ਉਸ ਨੇ ਬੜੇ ਗੁੱਸੇ ਨਾਲ ਅਖੱਗਰਖਾਂ ਤੂਰਾਨੀ ਛੋਟੇ ਵਜ਼ੀਰ ਨੂੰ ਲਿਖਿਆ ਕਿ ਤੁਸੀ ਬਾਰਾਂ ਹਜਾਰ ਅਸਵਾਰ ਤੇ ਫੌਜਦਾਰ ਨੂੰ ਨਾਲ ਲੈਕੇ ਜਾਓ ਤੇ ਸਿੰਘਾਂ ਦਾ ਨਾਮ ਨਿਸ਼ਾਨ ਦੂਰ ਕਰੋ ਅਤੇ ਬੰਦੇ ਬੈਰਾਗੀ ਨੂੰ ਪਕੜ ਕੇ ਮੇਰੇ ਪਾਸ ਭੇਜ ਦਿਓ। ਏਸ ਹੁਕਮ ਨੂੰ ਸੁਣਦਾ ਹੀ ਅਖੱਗਰਖਾਂ ਬੜਾ ਭਾਰੀ ਲਸ਼ਕਰ ਲੈਕੇ ਚੜ੍ਹ ਆਯਾ ਤੇ ਹੋਰ ਭੀ ਬੇਸ਼ੁਮਾਰ ਦੇਸੀ ਮੁਸਲਮਾਨ ਸਿੰਘਾਂ ਦੇ ਮਾਰਣ ਲਈ ਉਸਦੇ ਨਾਲ ਸ਼ਾਮਲ ਹੋਗਏ। ਏਧਰ ਭਾਈ ਫਤੇਸਿੰਘ, ਭਾਈ ਆਲਾਸਿੰਘ, ਗੁਰਬਖਸ਼ ਸਿੰਘ ਆਦਿਕ ਮਲਵਈ ਤੇ ਬੁਢਾ ਸਿੰਘ ਦੇਸੀ, ਭੋਮਾ ਸਿੰਘ, ਧਾਰਾ ਸਿੰਘ, ਸ਼ਾਮ ਸਿੰਘ ਆਦਿਕ ਮਝੈਲ ਸਰਦਾਰ ਬਹੁਤ ਸਿੰਘਾਂ ਨੂੰ ਨਾਲ ਲੈਕੇ ਬਾਬੇ ਬਿਨੋਦ ਸਿੰਘ ਰਾਮ ਸਿੰਘ ਦੀ ਫੌਜ ਨਾਲ ਥਨੇਸਰ ਪਾਸ ਜਾ ਮਿਲੇ। ਜੇਠ ਸੰਃ ੧੭੬੭ ਬਿਃ ਨੂੰ ਜੱਦਪਿ ਸਿੰਘਾਂ ਨੇ ਕਸਬੇ ਲਾਡੂਵੇ ਪਾਸ ਜੰਗ ਕੀਤਾ, ਪਰ ਵੈਰੀ ਦੀ ਪ੍ਰਬਲ ਸ਼ਕਤੀ ਵੇਖ ਸਰਹੰਦ ਦੀ ਤਰਫ ਚਲੇ ਆਏ।

Digitized by Panjab Digital Library | www.panjabdigilib.org

ਦੂਸਰੀ ਲੜਾਈ ਸ਼ਾਹਬਾਦ ਪਾਸ ਹੋਈ, ਉਥੇ ਭੀ ਪਹਲੇ ਵਾਂਗੂ ਹੀ ਹਾਲ ਰਿਹਾ ਤੇ ਇਸ ਕਰਕੇ ਪਹਾੜਾਂ ਵਿਚ ਜਾ ਵੜੇ। ਅਖਗਰ ਖਾਂ ਨੇ ਅਪਣੇ ਚਚੇਰੇ ਭਾਈ ਵਜੀਰ ਖਾਂ ਤੂਰਾਨੀ ਨੂੰ ਸਰਹੰਦ ਸਪੁਰਦ ਕਰਕੇ ਸਿੰਘਾਂ ਦੇ ਫੜਨ ਲਈ ਗਸ਼ਤੀ ਫੌਜ ਦੇਸ ਵਿਚ ਫੈਲਾ ਦਿਤੀ, ਓਹਨਾਂ ਮੁਸਲਮਾਨਾਂ ਨੇ ਜਗਾਂ ਜਗਾਂ ਹਿੰਦੂਆਂ ਪਰ ਜੁਲਮ ਕਰਨੇ ਸ਼ੁਰੂ ਕਰ ਦਿਤੇ। ਖੂਆਂ ਤਲਾਵਾਂ ਵਿਚ ਗਊਆਂ ਦੇ ਹੱਡ ਸਿਟਵਾ ਦਿਤੇ। ਜੇਹੜੇ ਹਿੰਦੂਆਂ ਨੇ ਬੰਦੇ ਦੀ ਕਿਸੇ ਤਰਾਂ ਭੀ ਮਦਤ ਕੀਤੀ ਸੀ, ਓਹ ਸਭ ਪਕੜ ਪਕੜ ਕਤਲ ਕੀਤ ਗਏ। ਏਸ ਜ਼ੁਲਮ ਦੀ ਖਬਰ ਜਦ ਲੋਹਗੜ ਵਾਲੇ ਸਿੰਘਾਂ ਨੇ ਬਾਬੇ ਬੰਦੇ ਨੂੰ ਦਿਤੀ ਤਾਂ ਭਾਦੋਂ ਸੰ: ੧੭੬੭ ਬਿ: ਨੂੰ ਸ਼ਪਾ ਸ਼ਪ ਬੰਦਾ ਬਹਾਦਰ ਪਹਾੜਾਂ ਵਿਚੋਂ ਸਿੰਘਾਂ ਨੂੰ ਇਕਠੇ ਕਰਕੇ ਸਰਹੰਦ ਦੀ ਤਰਫ ਬੇਧੜਕ ਚਲਾ ਆਇਆ। ਬੰਦੇ ਦਾ ਨਾਮ ਸੁਣਦਿਆਂ ਹੀ ਮੁਸਲਮਾਨ ਦਹਲ ਉਠੇ, ਪਰ ਹਿੰਦੂਆਂ ਨੂੰ ਖੁਸ਼ੀ ਦੀ ਆਬ ਚੜ ਗਈ। ਸਾਰੇ ਦੇਸ ਵਿਚ "ਬੰਦਾ ਆਯਾ ਬੰਦਾ ਆਯਾ" ਏਹੋ ਧੁਮ ਮਚ ਗਈ, ਆਪ ਤੋਂ ਆਪ ਮੁਸਲਮਾਨ ਨੱਠ ਤੁਰੇ। ਵਜੀਰ ਖਾਂ ਹਾਕਮ ਸਰਹੰਦੀ ਭੀ ਰੋਪੜ ਦੇ ਪਾਸ ਥੋੜੀ ਜੇਹੀ ਲੜਾਈ ਕਰਕੇ ਦਿੱਲੀ ਦੀ ਤਰਫ ਦੌੜ ਗਿਆ। ਬੰਦੇਨੇ ਫੇਰ ਓਥੋਂ ਤਕ ਹੀ ਸਿੰਘਾਂ ਦਾ ਕਬਜਾ ਮੁਲਕ ਉੱਤੇ ਕਰਾ ਦਿਤਾ ਜਿਥੋਂ ਤਕ ਪੈਹਲੇ ਸੀ।

ਓਸੇ ਸਮੇਂ ਬਹਾਦਰਸ਼ਾਹ ਬਾਦਸ਼ਾਹ ਦੱਖਣ ਤੋਂ ਮੁੜਕੇ ਅਜਮੇਰ ਆ ਪੁਹੰਚਿਆ ਸੀ, ਜੇਹੜੇ ਮੁਸਲਮਾਨ ਸਰਹੰਦ, ਸਹਾਰਨ ਪੁਰ ਆਦਿਕ ਪਰਗਣਿਆਂ ਦੇ ਸਿੰਘਾਂ ਤੋਂ ਡਰਦੇ ਘਰ ਛੱਡ ੨ ਕੇ ਬਿਪਤਾ ਦੇ ਮਾਰੇ ਏਧਰ ਓਧਰ ਫਿਰ ਰਹੇ ਸਨ,

Digitized by Panjab Digital Library | www.panjabdigilib.org

ਉਨਾਂ ਨੇ ਅਜਮੇਰ ਪਹੁੰਚਕੇ ਸੈਂਕੜੇ ਅਰਜ਼ੀਆਂ ਦੇਕੇ ਬਾਦਸ਼ਾਹ ਦੇ ਪਾਸ ਹਾਲ ਦੁਹਾਈ ਮਚਾ ਦਿੱਤੀ। ਸ਼ਾਹ ਨੇ ਉਨਾਂ ਨੂੰ ਧੀਰਜ ਦੇ ਕੇ ਕੁਛ ਆਪਣੀ ਫੌਜ ਤੇ ਕੁਛ ਰਾਜਿਆਂ ਦੀ ਫੌਜ ਮਿਲਾ ਕਰਕੇ ਉਸੇ ਥਾਉਂ ਰਵਾਨਾ ਕਰ ਦਿੱਤੀ ਤੇ ਬਾਕੀ ਦਿੱਲੀ ਪਹੁੰਚਕੇ ਮਹੰਮਦ ਅਮੀਨ ਖਾਂ ਆਦਿਕ ਫੌਜ ਦਾਰਾਂ ਨੂੰ ਚਾਰ ਹਜ਼ਾਰ ਜੰਗੀਫੌਜ ਦੇਕੇ, ਸਿਖਾਂ ਦੇ ਮਾਰਨ ਵਾਸਤੇ ਰਵਾਨੇ ਕੀਤਾ, ਜਿਨਾਂ ਨੇ ੫ ਦਸੰਬਰ ਸੰਃ ੧੭੦੯ ਈਃ ਤੇ ਮੱਘਰ ਸੰਮਤ ੧੭੬੭ ਬਿਃ ਨੂੰ ਸ਼ਾਹਬਾਦ ਦੇ ਨਜ਼ਦੀਕ ਮੁਕਾਬਲਾ ਕੀਤਾ, ਉਸ ਸਮੇਂ ਚਾਲੀ ਹਜਾਰ ਤੋਂ ਅਧਿਕ ਅਸਵਾਰ ਪਜਾਦਾ ਬੰਦੇ ਦੇ ਨਾਲ ਜੰਗ ਵਾਸਤੇ ਉਥੇ ਇਕੱਠਾ ਹੋ ਰਿਹਾ ਸੀ, ਸੈਂਕੜੇ ਢੋਲ ਨਗਾਰੇ ਵੱਜ ਰਹੇ ਸਨ, ਸਿੰਘ ਤਲਵਾਰਾਂ ਖਿੱਚ ਖਿੱਚ ਅਕਾਲ ੨ ਬੋਲਦੇ ਹੋਏ ਮਹੰਮਦੀਆਂ ਉਤੇ ਜਾ ਪਏ। ਬਾਬਾ ਬੰਦਾ ਭੀ ਫਕੀਰੀ ਲਿਬਾਸ ਵਿਚ ਤੀਰ ਕਮਾਨ ਧਾਰੇ ਹੋਏ ਹਰ ਇਕ ਸਿੰਘ ਨੂੰ ਦਲੇਰੀ ਦਿੰਦਾ ਹੋਯਾ ਜੰਗ ਵਿਚ ਫਿਰ ਰਿਹਾ ਸੀ, ਲਿਖਯਾ ਹੈ ਕਿ ਉਸ ਸਮੇਂ ਬੰਦੇ ਨੇ ਐਸੀ ਕਲਾ ਵਰਤਾਈ ਕਿ ਹਰ ਇਕ ਸਿੱਖ ਬੰਦੇ ਨੂੰ ਆਪਣੇ ਪਾਸ ਹੀ ਖੜਾ ਦੇਖਦਾ ਸੀ। ਇਸ ਕਰਕੇ ਸਿੰਘਾਂ ਨੇ ਭੀ ਬੜੀ ਬਹਾਦਰੀ ਤੇ ਹਿੰਮਤ ਨਾਲ, ਜਾਨਾਂ ਹੀਲਕੇ ਐਸੀ ਤੇਗ ਚਲਾਈ ਕਿ ਮਾਨੋ ਕੇਲਜਾਂਦੇ ਬਨ ਵਿਚ ਵਾਢੀ ਵੜੇ ਹੋਏ ਹਨ । ਮੁਹੱਮਦੀ ਤੋਬਾ ੨ ਕਰਕੇ ਕਰਨਾਲ ਦੀ ਤਰਫ ਉਠ ਤੁਰੇ, ਮੈਦਾਨ ਖਾਲਸੇ ਦੇ ਹੱਥ ਆਯਾ । ਇਸ ਫਤੇ ਹੋਈ ਪਿਛੋਂ ਬੰਦਾ ਤਾਂ ਲੋਹਗੜ ਵਿਚ ਜਾ ਰਿਹਾ ਸਿੰਘਾਂਦੇ ਜਥੇ ਅਜੇ ਏਥੇਹੀ ਸੇ ਤਦੋਂ ਨੂੰ ਪੰਜਵੇਂ ਦਿਨ ਜਦ ਰਾਜਪੂਤਾਨੇ ਵਾਲੀ ਫੌਜ ਤੇ ਕੁਛ ਲਾਹੌਰ ਫੌਜ ਸ਼ਾਹੀ ਲਸ਼ਕਰ ਨਾਲ ਆਨ

Digitized by Panjab Digital Library | www.panjabdigilib.org

ਮਿਲਜਾ ਤਾਂ ਰੰਭੇ ਤੇ ਸੀਕਰੀ ਪਿੰਡ ਦੇ ਇਰਦ ਗਿਰਦ ਫੇਰ ਭਾਰੀ ਜੰਗ ਹੋਯਾ, ਤੇ ਦੋਨੋਂ ਤਰਫਾਂ ਦੇ ਬਹੁਤ ਆਦਮੀ ਮਾਰੇ ਗਏ। ਤੀਸਰਾ ਜੰਗ ਫੇਰ ਲਾਡੂਏ ਪਾਸ ਹੋਣ ਲੱਗਜਾ ਪਰ ਬਰਖਾ ਉਤਰ ਪਈ, ਪੰਦ੍ਰਾਂ ਦਿਨ ਝੜੀ ਲੱਗੀ ਰਹੀ। ਪੋਹਦੇ ਮਹੀਨੇ ਪੌਣ ਪਾਣੀ ਦੀ ਸਰਦੀ ਤੇ ਭੁੱਖ ਦੇ ਮਾਰੇ ਸ਼ਾਹੀ ਫੌਜ ਦੇ ਬਹੁਤ ਆਦਮੀ ਘੋੜੇ ਮਰ ਗਏ, ਇਸੇ ਕਾਰਣ ਸ਼ਾਹੀ ਫੌਜ ਲਚਾਰ ਹੋਕੇ ਕਿਧਰੇ ੨ ਖਿੰਡ ਗਈ ਤੇ ਬੰਦਾ ਬੀ ਸਿੰਘਾਂ ਸਮੇਤ ਕੁਛ ਦਿਨ ਥਾਨੇਸਰ ਠੈਹਰ ਕੇ ਲੋਹਗੜ੍ਹ ਦੀ ਤਰਫ ਚਲਾ ਗਿਆ। ਇਨ੍ਹਾਂ ਜੰਗਾਂ ਵਿਚ ਸੱਯਦ ਐਹਮਦ ਖਾਂ ਫੌਜਦਾਰ ਹੁਸੈਨ ਖਾਂ ਗੈ..ਤ ਖਾਂ, ਵਜੀਦ ਖਾਂ ਆਦਿਕ ਬੜੇ ੨ ਨਾਮੀ ਸਰਦਾਰ ਮਰ ਗਏ, ਫੇਰ ਬਹਾਦਰ ਸ਼ਾਹ ਨੇ ਖਾਨ ਖਾਨਾਂ ਦੇ ਬੇਟੇ ਅਸਦ ਖਾਂ ਨਾਯਬ ਬਖਸ਼ੀ ਨੂੰ ਤੇ ਸ਼ਹਾਬੁੱਦੀਨ ਫੌਜਦਾਰ ਨੂੰ ਖਾਸ ਅਪਣੇ ਸ਼ਾਹਜ਼ਾਦੇ ਰਫੀਉਲ ਮੁਅੱਜਮ ਦੇ ਨਾਲ ਬਹੁਤ ਸਾਰੀ ਫੌਜ ਦੇਕੇ ਸਿੱਖਾਂ ਦੀ ਤਰਫ ਰਵਾਨਾ ਕੀਤਾ। ਸਹਾਰਨਪੁਰ ਬੂੜੀਏ ਦੇ ਪਾਸ ਸਖਤ ਲੜਾਈ ਹੋਈ, ਏਥੋਂ ਕੁਛ ਸਿੰਘ ਤਾਂ ਸਰਮੌਰ ਦੇ ਪਹਾੜ ਵਿਚ ਬੁਸ਼ੈਹਰ ਤਕ ਚਲੇ ਗਏ ਤੇ ਕੁਛ ਬੰਦੇ ਸਮੇਤ ਕਿਲੇ ਲੋਹਗੜ੍ਹ ਵਿਚਜਾ ਠੈਹਰੇ, ਪਰੰਤੂ ਮੁਸਲਮਾਨਾਂ ਨੇ ਕਿਲੇ ਲੋਹਗੜ੍ਹ ਨੂੰ ਜਾ ਘੇਰਿਆ, ਕਈ ਦਿਨ ਤੋਪ, ਤੁਪਕ, ਤੀਰ ਦਾ ਮੀਂਹ ਬਰਸਦਾ ਰਿਹਾ, ਦਾਰੂ, ਸਿੱਕਾ ਤੇ ਰਸਦ ਸਿੱਖਾਂ ਪਾਸ ਨਾ ਰਿਹਾ, ਭੱਜਣ ਹੀ ਲੱਗੇ ਸੇ ਜੋ ਏਤਨੇ ਨੂੰ ਗੁਰੂ ਦੇ ਭੇਜੇ ਹੋਏ ਹੋਰ ਬਹੁਤ ਸਿੰਘ ਰਸਤ ਆਦਿਕ ਸਮਾਨ ਲੈਕੇ ਆ ਗਏ, ਅਤੇ ਦੀਵਾਨ ਹਰਦਯਾਲ ਜੋ ਸ਼ਾਹੀ ਲਸ਼ਕਰ ਵਿਚ ਬੜਾ ਧਰਮੀ ਆਗਰੇ ਦਾ ਰੈਹਣ ਵਾਲਾ ਮਸ਼ਹੂਰ ਸੀ, ਓਹ ਬੰਦੇ ਨੂੰ ਹਿੰਦ ਧਰਮ ਦੀ ਰੱਖਯਾ ਵਾਸਤੇ

Digitized by Panjab Digital Library | www.panjabdigilib.org

ਲੜਦਾ ਵੇਖਕੇ ਸਿੰਘਾਂ ਨੂੰ ਬਹੁਤ ਮਦਦ ਤੇ ਸ਼ਾਹੀ ਫੌਜ ਦਾ ਭੇਤ ਦੇਣ ਲੱਗ ਪਿਆ, ਓੜਕ ਜਦ ਭੇਤ ਖੁਲ੍ਹਣ ਵਾਲਾ ਹੋਇਆ ਤਾਂ ਓਹ ਖੁਦ ਹੀ ਆਪਣੇ ਸਾਥੀਆਂ ਸਮੇਤ ਮੇਖਜ਼ੀਨ ਰਸਦ ਆਦਿਕ ਬਹੁਤ ਸਾਮਾਨ ਲੈਕੇ ਸਿੰਘਾਂ ਨਾਲ ਆ ਮਿਲਿਆ, ਸ਼ਾਹੀ ਫੌਜ ਨਾਲ ਲੜਦਾ ਰਿਹਾ। ਫੇਰ ਇਕ ਦਿਨ ਬਾਬੇ ਬੰਦੇ ਨੇ ਸਿੰਘਾਂਨੂੰ ਆਖਿਆ ਅੱਜ ਓਹ ਦਿਨ ਹੈ ਜਿਸ ਦਿਨ ਚਮਕੌਰ ਵਿਚ ਦਸਮੇ ਪਾਤਸ਼ਾਹ ਦੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋਏ ਸੇ, ਜੋ ਕੋਈ ਅੱਜ ਸ਼ਹੀਦ ਹੋਵੇਗਾ ਸੋ ਨਿਸਚੇ ਸੱਚਖੰਡ ਵਿੱਚ ਸਾਹਿਬਜ਼ਾਦਿਆਂ ਦੇ ਪਾਸ ਜਾਏਗਾ। ਏਹ ਬਚਨ ਮੰਨਕੇ ਸਵਾ ਪੈਹਰ ਦੇ ਤੜਕੇ ਬੰਦੇ ਸਮੇਤ ਸ਼ਹੀਦ ਹੋਣ ਵਾਸਤੇ ਸਬ ਸਿੰਘ ਹੱਲਾ ਕਰਕੇ ਸ਼ਾਹੀ ਫੌਜ ਵਿਚ ਜਾ ਵੜੇ, ਓਸ ਸਮੇਂ ਦੀ ਤਲ-ਵਾਰ ਨੂੰ ਖਾਫੀ ਖਾਂ ਮਲਕੁਲ ਮੌਤ ਲਿਖਦਾ ਹੈ, ਐਸਾ ਸਮਾਂ ਬੀਤਿਆ, ਲੋਥਾਂ ਦੇ ਢੇਰ ਲੱਗ ਗਏ, ਲਹੂ ਦੇ ਨਾਲੇ ਵਗ ਤੁਰੇ, ਓੜਕ ਮੁਸਲਮਾਨਾਂ ਦੇ ਪੈਰ ਹਿੱਲ ਗਏ ਭਾਜ ਪੈ ਗਈ, ਮੋਰਚੇ ਛੱਡਕੇ ਅੱਠ ਕੋਹ ਪਰੇ ਜਾ ਉਤਰੇ, ਏਹ ਲੰਝਣਾ ਮੇਟਣ ਲਈ ਅਸਦਖਾਂ ਤੇ ਸ਼ਾਹਜ਼ਾਦੇ ਨੇ ਪੰਦ੍ਰਾਂ ਕੁ ਦਿਨਾਂ ਵਿਚ ਦੇਸੀ ਮੁਸਲਮਾਨ ਤੇ ਫੌਜੀ ਕੱਠੇ ਕਰਕੇ ਸਭਨਾਂ ਤੋਂ ਕੁਰਾਨ ਉੱਪਰ ਹੱਥ ਰਖਵਾ ਰਖਵਾਕੇ ਐਸਾ ਹੱਲਾ ਕਰਾਇਆ ਜੋ ਕਿਲੇ ਲੋਹ-ਗੜ੍ਹ ਨੂੰ ਪੌੜੀਆਂ ਜਾ ਲਾਈਆਂ। ਭਾਵੇਂ ਸਿੱਖਾਂ ਨੇ ਦੁਸ਼ਮਨਾਂ ਨੂੰ ਬਹੁਤ ਰੋਕਿਆ ਤੇ ਮਾਰ ਮਾਰ ਹੇਠਾਂ ਭੀ ਸਿੱਟਿਆ, ਪਰ ਓਸ ਸਮੇਂ ਸਿੱਖਾਂ ਪਾਸ ਰਸਦ ਦਾਰੂ, ਸਿੱਕਾ, ਤੀਰ, ਗੋਲੀ ਕੁਛ ਨਹੀਂ ਰਿਹਾ ਸੀ, ਕਈ ਦਿਨ ਤਕ ਭੁਖੇ ਤਿਹਾਏ ਲੜਦੇ ਰਹੇ, ਆਖਰ ਬੰਦੇ ਨੇ ਆਪਣੀ ਸ਼ਕਲ ਜੈਸੀ ਸ਼ਕਲ ਵਾਲੇ ਭਾਗੂਧਾ ਗੁਲਾਬੂ ਸਿੰਘ ਨੂੰ ਆਪਣਾ ਲਿਬਾਸ ਪੈਹਨਾਕੇ ਕੁਛ ਸਿੱਖਾਂ

Digitized by Panjab Digital Library | www.panjabdigilib.org

ਸਮੇਤ ਕਿਲੇ ਵਿੱਚ ਛੱਡਕੇ ਆਖਿਆ, ਜਦ ਤੁਰਕ ਕਿਲੇ ਵਿਚ ਆਉਣ ਤਾਂ ਤੁਸੀਂ ਮੋਰੀ ਦੇ ਰਸਤੇ ਭੱਜ ਆਉਣਾ, ਹੋਰ ਸਿੰਘਾਂ ਨੂੰ ਨਾਲ ਲੈਕੇ ਮੋਰੀ ਦੇ ਰਸਤੇ ਜੋ ਬੰਦੇ ਨੇ ਗੁਪਤ ਰਸਤਾ ਬਨਾ ਰਖਿਆ ਸੀ, ਨਿਕਲਕੇ ਪਹਾੜਾਂ ਵਿਚ ਜਾ ਵੜਿਆ। ਇਧਰ ਨਜ਼ਾਮ ਦੀਨ ਫੌਜਦਾਰ ਕਿਲੇ ਵਿੱਚ ਵੜਕੇ ਗੁਲਾਬੂ ਸਿੰਘ ਆਦਿਕ ਅਨੇਕ ਸਿੰਘਾਂ ਨੂੰ ਫੜਕੇ ਅਸਦਖਾਂ ਪਾਸ ਲੈ ਗਿਆ, ਭਾਵੇਂ ਉਸਨੇ ਤਾਂ ਬਾਦਸ਼ਾਹ ਪਾਸ ਪਹੁੰਚਾਕੇ ਨੇਕਨਾਮੀ ਦਾ ਖਿਲਤ ਖਿਤਾਬ ਪਾਇਆ,ਨਜ਼ਾਮਦੀਨ ਨੂੰ ਇਨਾਮ ਦਿਵਾਇਆ, ਪਰ ਫੇਰ ਜਦ ਬਾਦਸ਼ਾਹ ਨੂੰ ਏਹ ਨਿਸਚਾ ਹੋ ਗਿਆ ਕਿ ਗੁਲਾਬੂ ਸਿੰਘ, ਸ਼ੇਰ ਦੇ ਭੁਲੇਖੇ ਗਿੱਦੜ ਫੜਿਆ ਗਿਆ ਹੈ, ਏਹ ਅਸਲ ਬੰਦਾ ਨਹੀਂ, ਤਾਂ ਖਾਨ ਖਾਨਾਂ ਵਗੈਰੇ ਫੌਜੀ ਅਫਸਰਾਂ ਨੂੰ ਬਹੁਤ ਮਲਾਮਤ ਕਰਕੇ ਲਿਖਿਆ ਕਿ ਤੁਸੀਂ ਮੈਨੂੰ ਧੋਖਾ ਦਿੱਤਾ, ਹੁਣ ਅਸਲ ਬੰਦੇ ਨੂੰ ਫੜਕੇ ਜਾਂ ਮਾਰੇ ਬਗੈਰ ਮੈਨੂੰ ਮੂੰਹ ਨਾਂ ਦਿਖਾਉਣਾ, ਏਸੇ ਕਰਕੇ ਅਸਦਖਾਂ ਨੇ ਲੋਹਗੜ੍ਹ ਦੇ ਕਿਲੇ ਵਿੱਚ ਤਿੰਨ ਮਹੀਨੇ ਰਹਕੇ ਸਿੱਖਾਂ ਦੇ ਤੇ ਬੰਦੇ ਦੇ ਫੜਨ ਵਾਸਤੇ ਆਪਣੀ ਗਸ਼ਤੀ ਫੌਜ ਸਬ ਜਗ੍ਹਾ ਭੇਜ ਕੇ ਭਾਵੇਂ ਬਹੁਤ ਟਟੋਲ ਭਾਲ ਕੀਤੀ, ਸਿੰਘ ਤਾਂ ਅਨੇਕ ਫੜੇ, ਪਰ ਬੰਦਾ ਹੱਥ ਨਾ ਆਇਆ, ਓਸਦੇ ਫੜਨ ਵਾਸਤੇ ਰਾਜਾ ਕੀਰਤ ਪ੍ਰਕਾਸ਼ ਨਾਹਣ ਵਾਲੇ ਤੇ ਗਜੈ ਸਿੰਘ ਹੰਡੂਰੀ ਆਦਿਕਾਂ ਨੂੰ ਬਹੁਤ ਤੰਗ ਕੀਤਾ ਗਿਆ। ਜਦ ਖਾਨ ਖਾਨਾਂ ਨੇ ਕੈਦੀ ਸਿੰਘਾਂ ਨੂੰ ਧਰਮ ਦੇ ਵਿਰੁਧ ਕਸ਼ਟ ਦੇਣੇ ਚਾਹੇ, ਤਦ ਬਹੁਤ ਸਿੰਘਾਂ ਨੇ ਜਾਨਾਂ ਦੇ ਦਿੱਤੀਆਂ। ਏਹ ਹੱਠ ਦੇਖਕੇ ਅਸਦਖਾਂਨੇ ਬਸ ਕਰ ਦਿੱਤੀ, ਓਨਾਂ ਸਿੰਘਾਂ ਦਾ ਉਕਤ ਹਾਲ ਸੁਣਕੇ ਬਾਹਰ ਦੇ ਸਿੰਘਾਂ ਨੇ ਓਸਦੀ ਫੌਜ ਨੂੰ ਛਾਪੇ ਮਾਰ ਮਾਰ

Digitized by Panjab Digital Library | www.panjabdigilib.org

ਐਸੀ ਜਰਜਹੀ ਕੀਤਾ ਜੋ ਹਾਰਕੇ ਰਲੀਆਈ, ਆਖਰ ਅਸਦਖਾਂ ਭੀ ਸਿੱਖਾਂ ਤੋਂ ਤੰਗ ਆਕਰ ਰੁਸਤਮ ਦਿਲ ਖਾਂ ਫੌਜਦਾਰ ਨੂੰ ਕਿਲੇ ਲੋਹਗੜ੍ਹ ਵਿੱਚ ਛੱਡਕੇ ਆਪ ਆਪਣੇ ਘਰ ਨੂੰ ਚਲਾ ਗਿਆ। ਏਹ ਖਬਰ ਸੁਣਕੇ ਬੰਦੇ ਨੇ ਸਿੰਘਾਂ ਸਮੇਤ ਪਹਾੜਾਂ ਵਿਚੋਂ ਨਿਕਲ ਕਰ ਫਿਰ ਸਰਹੰਦ ਆ ਛੁਡਾਈ ਤੇ ਬੇਸ਼ੁਮਾਰ ਮੁਸਲਮਾਨ ਮਾਰੇ ਲੁਟੇ ॥

## ਸਰਹੰਦ ਪਰ ਫੇਰ ਲੜਾਈ

ਏਹ ਹਾਲ ਸੁਣ ਕੇ ਅੱਸੂ ਸੰ: ੧੭੬੯ ਬਿ: ਨੂੰ ਬਾਦਸ਼ਾਹ ਆਪ ਚੜ੍ਹ ਆਇਆ, ਜਿਸਦੀ ਆਮਦ ਸੁਣਕੇ ਬੰਦਾ ਤਾਂ ਫੇਰ ਪਹਾੜੀਂ ਜਾ ਵੜਿਆ, ਤੇ ਬਾਦਸ਼ਾਹ ਮੁਹੰਮਦ ਅਮੀਨ ਖਾਂ ਤੇ ਅਮੀਰ ਮਹਾਵਤ ਖਾਂ ਮੇਵਾਤੀ ਨੂੰ ਬਹੁਤ ਸਾਰੀ ਫੌਜ ਦੇਕੇ ਬੰਦੇ ਦੀ ਗ੍ਰਿਫਤਾਰੀ ਵਾਸਤੇ ਸਰਹੰਦ ਵਿੱਚ ਛੱਡਕੇ ਆਪ ਲਾਹੌਰ ਜਾ ਠਹਰਿਆ। ਸ਼ਾਹੀ ਫੌਜ ਨੇ ਤਿੰਨ ਮਹੀਨੇ ਸਿੱਖਾਂ ਦੇ ਪਿੱਛੇ ਪਹਾੜਾਂ ਝਾੜਾਂ ਦਾ ਘੱਟਾ ਛਾਣਿਆਂ, ਅਨੇਕ ਵਾਰੀ ਲੜੇ, ਪਰ ਬੰਦਾ ਬਹਾਦਰ ਕਿਸੇ ਦੇ ਹੱਥ ਨਾ ਆਇਆ, ਓੜਕ ਬਾਦਸ਼ਾਹੀ ਫੌਜ ਸਰਹੰਦ ਵਿੱਚ ਜਾ ਬੈਠੀ ॥

ਏਸੇ ਸਮੇਂ ਜਦ ਗਾਜ਼ੀ ਦੀਨ ਖਾਂ ਹਾਕਮ ਗੁਜਰਾਤ ਦਾ ਮਰ ਗਿਆ, ਤਦ ਸਿੱਖਾਂ ਨੂੰ ਨਾਲ ਲੈਕੇ ਬੰਦੇ ਬਹਾਦਰ ਨੇ ਪਹਾੜੋ ਪਹਾੜ ਓਸ ਦੇਸ਼ ਵਿੱਚ ਜਾ ਸਿਰ ਕਢਿਆ, ਬੇਅੰਤ ਸ਼ਹਿਰ, ਕਸਬੇ ਪਿੰਡਾਂ ਨੂੰ ਲੁੱਟਦਾ ਖਸੋਟਦਾ ਕੋਟ ਮਿਠਣ ਤਕ ਚਲਾ ਗਿਆ, ਜਿਸਦੀ ਸਾਮ੍ਹੱਬਾ ਨੇ ਸਿੰਧ ਮੁਲਕ ਵਿੱਚ ਵੀ ਸੈਂਕੜੇ ਲੋਗ ਸਿੰਘ ਸਜਾ ਦਿੱਤੇ, ਜੋ ਹੁਣ ਤਕ ਬੰਦਈ ਸਿੱਖ ਉੱਘੇ ਹਨ॥

ਖਾਫੀ ਖਾਂ ਲਿਖਦਾ ਹੈ ਕਿ ਬਹਾਦਰ ਸ਼ਾਹ ਨੇ ਸਿੰਘਾਂ

Digitized by Panjab Digital Library | www.panjabdigilib.org

ਨਾਲ ਮੇਲ ਰੱਖਣ ਦੇ ਸ਼ੁਭੇ ਵਿੱਚ ਸੈਂਕੜੇ ਲੋਗ ਹਿੰਦੂ ਬੇਗੁਨਾਹ ਮਰਵਾ ਸਿੱਟੇ, ਤੇ ਸਿੱਖ ਤਾਂ ਕਿਸੇ ਪਿੰਡ ਵਿੱਚ ਇਕਬੀ ਨਾ ਛੱਡਿਆ, ਬਲਕਿ ਦਰਯਾ ਕਨਾਰੇ ਜੋ ਫਕੀਰਾਂ ਦੇ ਟੰਭੇ ਬੈਠੇ ਸੇ ਓਹ ਬੀ ਤੇ ਕੁੱਤੇ, ਗਧੇ ਚੁਣ ਚੁਣਕੇ ਮਰਵਾ ਦਿੱਤੇ, ਸਿੰਘ ਬੀ ਜੰਗਲਾਂ ਵਿੱਚ ਜੋ ਲੁੱਕੇ ਹੋਏ ਸਨ, ਭੇਸ ਬਦਲ ੨ ਰਾਵੀ ਨੂੰ ਤਰ ੨ ਵਕਤ ਬੇਵਕਤ ਲਾਹੌਰ ਦੇ ਬਜ਼ਾਰਾਂ ਨੂੰ ਹੱਥ ਮਾਰ ਜਾਂਦੇ ਰਹੇ, ਏਨਾਂ ਦਾ ਕੁਛ ਬੰਦੋਬਸਤ ਬਾਦਸ਼ਾਹ ਤੋਂ ਨਾ ਹੋਯਾ ਗਦੂ ਹੀ ਮਚਿਆ ਰਿਹਾ ॥

## ਮੁੜ ਸਰਹੰਦ ਲੈਣੀ.

ਆਖਰ ੧੮ ਮੁਹੱਰਮ ਸੰ: ੧੧੨੪ ਹਿਜਰੀ ਮੁਤਾਬਕ ਸੰਮਤ ੧੭੬੯ ਬਿ: ਨੂੰ ਬਹਾਦਰਸ਼ਾਹ ਬਾਦਸ਼ਾਹ ਨੇ ਤਾਂ ਦੁਨੀਆਂ ਤੋਂ ਕੂਚ ਕੀਤਾ, ਤੇ ਉਸਦੇ ਸ਼ਾਹਜ਼ਾਦਿਆਂ ਵਿੱਚ ਤਖਤ ਮੱਲਣ ਬਦਲੇ ਲੜਾਈਆਂ ਝਗੜੇ ਛਿੜ ਪਏ, ਏਸ ਕਰਕੇ ਸਿੱਖਾਂ ਦਾ ਪਿੱਛਾ ਛੱਡਕੇ ਸ਼ਾਹੀ ਹਾਕਮ ਤੇ ਲਸ਼ਕਰ ਤਿੱਤ੍ਰ ਬਿੱਤ੍ਰ ਹੋਗਏ। ਨਾਜ਼ਮਾਂ ਨੂੰ ਅਪਣੇ ੨ ਸੁਤੰਤ੍ਰ ਹੋਣ ਦੀ ਅਫੜਾ ਦਫੜੀ ਪੈ ਗਈ, ਦੱਖਣ ਵਿੱਚ ਮਰਹਟਿਆਂ ਪੰਜਾਬ ਵਿੱਚ ਸਿੰਘਾਂ ਨੇ ਲੁੱਟ ਕੁੱਟ ਮਾਰ ਪਿੱਟ ਦੀ ਧੂਮ ਮਚਾ ਰਖੀ ਸੀ, ਉਸ ਵੇਲੇ ਨੂੰ ਬਾਬੇ ਬੰਦੇ ਬਹਾਦਰ ਨੇ ਬੀ ਗਨੀਮਤ ਸਮਝਕੇ ਹਥੋਂ ਖਾਲੀ ਨਾ ਜਾਣ ਦਿੱਤਾ, ਸਰਹੰਦ ਦਾ ਮੈਦਾਨ ਖਾਲੀ ਵੇਖਕੇ ਫੌਰਨ ਏਥੇ ਆ ਘੋੜਾ ਕੁਦਾਯਾ, ਪੰਦ੍ਰਾਂ ਕੁ ਹਜ਼ਾਰ ਸਿੰਘਾਂ ਸਮੇਤ ਬਿਨਾਂ ਬੰਦੂਕ ਦਾਗੇ ਸਰਹੰਦ ਦੀ ਬਾਂਉਨੀ ਆ ਮੱਲੀ, ਜਗਾ ਬਜਗਾ ਸਿੰਘਾਂ ਨੂੰ ਪਰਗਣੇ ਵੰਡ ਦਿਤੇ, ਸਿੰਘਾਂ ਦੇ ਮਿਠੇ ਦੇਗੇ ਤੇ ਕੜਾਹ ਪ੍ਰਸ਼ਾਦ ਹੋਣ ਲਗੇ॥

Digitized by Panjab Digital Library | www.panjabdigilib.org

# ਪਰਬਤੀ ਰਾਜਿਆਂ ਨੂੰ ਈਨ ਮਨਾਣੀ

ਸੰ: ੧੭੭੨ ਬਿ: ਨੂੰ ਉਕਤ ਕਾਰਰਵਾਈ ਕਰਕੇ ਬਾਬੇ ਬੰਦੇ ਬਹਾਦੁਰ ਨੇ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ, ਖਾਲਸੇ ਦੀ ਤਾਇਦਾਰੀ ਮੰਨੋ, ਯਾ ਹੱਲਾ ਝੱਲੋ। ਸਿੰਘਾਂ ਦੇ ਹਥ ਕੰਡੇ ਤਾਂ ਓਹ ਪਹਿਲੇ ਦੇਖ ਹੀ ਚੁਕੇ ਸਨ, ਤਾਬੇਦਾਰੀ ਮੰਨ ਲੀਤੀ, ਰਾਜਾ ਕੀਰਤ ਪ੍ਰਕਾਸ਼ ਨਾਹਣੀਆਂ, ਰਾਜਾ ਗਜਾ ਸਿੰਘ ਨਾਲਾਗੜੀਆ, ਰਾਜਾ ਅਜਮੇਰ ਚੰਦ ਖਿਲਾਸ ਪੁਰੀਆ ਵਗੈਰੇ ਨਜ਼ਰਾਂ ਲੈਕੇ ਬੰਦੇ ਨੂੰ ਆ ਮਿਲੇ, ਅਤੇ ਮੇਲ ਕਰ ਲੀਤਾ।

ਉਧੋਂ ਹਟਕੇ ਬੰਦੇ ਨੇ ਰੋਪੜ, ਬੱਸੀ, ਕੋਟਲਾ, ਕਿਰੀ ਬਹਿਲੋਲਪੁਰ, ਮਾਛੀਵਾੜੇ ਆਦਿਕ ਮਕਾਨਾਂ ਦੇ ਨਾਮੀ ੨ ਜਾਗੀਰਦਾਰਾਂ ਮੁਸਲਮਾਨਾਂ ਤੋਂ ਨਜ਼ਰਾਨੇ ਲੈਕੇ ਲੁਦਿਹਾਣੇ ਜਾ ਉੱਤਰੇ॥

# ਦੁਆਬੇ ਦਾ ਪ੍ਰਸੰਗ

## [ਬੰਦੇ ਦੀ ਦੁਆਬੇ ਪਰ ਚੜ੍ਹਾਈ]

ਜਿਸ ਦਿਨ ਤੋਂ ਸਰਹੰਦ, ਕਪੂਰੀ, ਸਹਾਰਨਪੁਰ, ਕਨਖਲ, ਹਰਿਦੁਆਰ, ਗੰਗਾ ਪਾਰ ਦੇ ਬਹੁਤ ਸਾਰੇ ਸ਼ੈਹਰ ਕਸਬੇ ਨਨੌਤੇ ਵਰਗੇ ਧਨੀ ਸਿੰਘ ਜੋ ਬਹੁਤ ਚਿਰਾਂ ਦੇ ਘਰਾਂ ਤੋਂ ਆਏ ਹੋਏ ਸਨ ਹੁਣ ਫੁਰਸਤ ਪਾਕੇ ਬਾਬੇ ਬੰਦੇ ਤੋਂ ਯਾ ਅਪਣੇ ੨ ਜਥੇਦਾਰਾਂ ਦੀ ਆਗਜਾ ਲੈਕੇ ਆਪੋ ਅਪਣੇ ਘਰੀਂ ਚਲੇ ਗਏ ਹੋਏ ਸਨ, ਓਨਾਂ ਨੂੰ ਸਾਥ ਮਿਲਾਉਣ ਵਾਸਤੇ ਬੰਦਾ ਪੰਜਕੁ ਹਜਾਰ ਸਿੰਘ ਨਾਲ ਲੁਦਿਹਾਣੇ ਬੈਠਾ ਰਿਹਾ, ਹੁਣ ਓਹ ਸਿੰਘ ਜੋ ਪਿੰਡਾਂ ਵਿਚ ਗਏ ਹੋਏ ਸਨ ਓਨਾਂ ਦੀ ਬਹਾਦਰੀ ਦੇਖਕੇ ਉਨ੍ਹਾਂ ਦੇ ਪ੍ਰੇਰੇ ਹੋਏ ਭਾਈ ਬੰਧੂ ਸਾਕ ਮਿਤਰ

ਪੁਜਾਰੇ ਹੋਰ ਬੀ ਉਨਾਂ ਨਾਲ ਬਹੁਤ ਸਾਰੇ ਸਿੰਘ ਸਜੇ ਹੋਏ ਜਦ ਬਾਬੇ ਬੰਦੇ ਪਾਸ ਆ ਕੱਠੇ ਹੋਏ ਤਾਂ ਇਕ ਬੜਾ ਭਾਰੀ ਲਸ਼ਕਰ ਗੁਰੂ ਖਾਲਸੇ ਦਾ ਹੋਗਿਆ, ਜਿਸਨੂੰ ਦੇਖਕੇ ਬੰਦੇ ਬਹਾਦਰ ਦਾ ਵੀ ਹੌਸਲਾ ਵਧ ਗਿਆ। ਇਸ ਬਹਾਦਰ ਜੰਗੀ ਖਾਲਸਾ ਦਲਦੀ ਧਾਂਕ ਸੁਣਕੇ ਦੁਆਬੇ, ਮਾਝੇ ਦੇ ਹਾਕਮ, ਜ਼ਿਮੀਂਦਾਰ ਚੌਧਰੀ, ਜਾਗੀਰਦਾਰ ਸਬ ਦਹਿਲ ਗਏ, ਕਿਉਂਕਿ ਉਸ ਸਮੇਂ ਬੰਦੇ ਦਾ ਨਾਮ ਹੀ ਹਊਆ ਬਣ ਰਿਹਾ ਸੀ, ਕੋਈ ਏਸਨੂੰ ਕਲਕੀ ਅਵਤਾਰ ਕੈਂਹਦਾ ਸੀ, ਕੋਈ ਮੈਂਹਦੀ ਮੰਨਦਾ ਸੀ, ਬਹੁਤੇ ਬਾਦੂ-ਗਰ ਆਖਦੇ ਸੇ, ਅਨੇਕ ਸਿੱਧ ਪੁਰਖ ਰਿੱਧੀ ਸਿੱਧੀ ਦਾ ਮਾਲਕ ਕੈਂਹਦੇ ਸਨ, ਕੋਈ ਇਸਦੇ ਤਾਬੇ ਬੀਰ ਦਸਦੇ ਸਨ, ਭਾਵ ਏਹ ਜਿਤਨੇ ਮੂੰਹ ਉਤਨੀ ਭਾਖਾ, ਬਲਕਿ ਮੁਸਲਮਾਨ ਤਾਂ ਬੰਦੇ ਦਾ ਨਾਮ ਸੁਣਕੇ ਸੁੱਤੇ ਪਏ ਚੌਂਕ ਚੌਂਕ ਤ੍ਰਬਕ ੨ ਉਠਦੇ ਸਨ, ਸਚ ਹੈ ਏਹੋ ਜੇਹੇ ਹਾਲ ਤਾਂ ਅਸੀ ਅੱਖੀਂ ਦੇਖੇ ਹਨ ਕਿਆ ਚੀਜ ਸੀ ਜੀਉਣਾ ਮੌੜ। ਜਿਨਾਂ ਤੋਂ ਡਰਦੇ ਮਾਰੇ ਸ਼ਾਹੂਕਾਰ ਰਾਤ ਦਿਨੇ ਬੇਚੈਨ ਸਨ, ਪੁਲਸ ਦੱਬੀ ਰੈਂਹਦੀ, ਪਿੰਡ ਸੈਂਹਮੇਂ ਰੈਂਹਦੇ, ਧਾੜਵੀ ਡਕੈਤ ਬਾਬੇ ਆਲਾਸਿੰਘ ਜੈਸੇ ਸੂਰਬੀਰ ਹੀ ਅੰਤ ਨੂੰ ਮੁਲਕ ਦੇ ਮਾਲਕ ਬਣੇ ਦੇਖੇ ਹਨ॥

ਏਹ ਦੁਆਬੇ ਮਾਝੇ ਦੇ ਲੋਗਾਂ ਦਾ ਵਰਤਾਉ ਸੁਣਕੇ ਬੰਦੇ ਨੂੰ ਬੀ ਚਾਉ ਚੜ੍ਹ ਗਿਹਾਸੀ, ਜਿਸ ਕਰਕੇ ਉਨ ਦੁਆਬੇ ਦੇਸ ਵਿਚ ਢੰਡੋਰਾ ਇਸ ਭਾਂਤ ਫਿਰਾ ਦਿੱਤਾ ਕਿ ਜਿਸ ਨੇ ਜ਼ੁਲਮ ਦਾ ਨਾਸ ਕਰਨਾ ਹੈ ਖਾਲਸੇ ਦੇ ਦਲ ਦਾ ਸਾਥੀ ਹੋ ਜਾਵੇ॥

ਭਾਵੇਂ ਉਸ ਸਮੇਂ ਪੰਜਾਬ ਵਿਚ ਕੋਈ ਟਾਂਵਾਂ ਟਾਂਵਾਂ ਹੀ ਸਿੰਘ ਸਜਿਆ ਹੋਇਆ ਸੀ, ਪਰ ਸੈਹਜਧਾਰੀ ਸਿੱਖ ਬਹੁਤ ਸਨ, ਇਕ ਗੁਣ ਓਹਨਾਂ ਦੇ ਸਿੱਖਾਂ ਵਿਚ ਏਹ ਬੜਾ

Digitized by Panjab Digital Library | www.panjabdigilib.org

ਭਾਰੀ ਲਾਭਦਾਇਕ ਸੀ ਕਿ ਜਦ ਕੋਈ ਔਕੜ ਕਿਸੇ ਸਿੱਖ ਨੂੰ ਆ ਪੈਂਦੀ ਸੀ, ਉਸਦੀ ਸਹਾਇਤਾ ਵਾਸਤੇ ਬੇਸ਼ੁਮਾਰ ਸਿਖ ਸ਼ਸਤ੍ਰ ਫੜਕੇ ਆ ਕੱਠੇ ਹੁੰਦੇ ਸਨ ॥

ਹੁਣ ਬੰਦੇ ਦਾ ਢੰਡੋਰਾ ਸੁਣਕੇ ਮਾਲਵੇ ਮਾਝੇ ਦੇ ਸਿਖ ਤਾਂ ਟੋਲਿਆਂ ਦੇ ਟੋਲੇ ਬਾਬੇ ਬੰਦੇ ਦੇ ਦਲ ਵਿਚ ਐਉਂ ਆਉਣ ਲਗ ਪਏ, ਜਿਕੂੰ ਚੇਤਰ ਮਾਸ ਵਿਚ ਸੋਮਜਾਂ ਦੇ ਜਲ ਨਦੀਆਂ ਵਿਚ ਮਿਲਦੇ ਹਨ, ਅਤੇ ਦੁਆਬੇ, ਪੋਠੋਹਾਰ ਦੜਪ, ਕੰਢੀ, ਵਿਚੋਂ ਬੀ ਖੁੰਬਾਂ ਵਾਂਗੂੰ ਬਹੁਤ ਸਾਰੇ ਆਨ ਮਿਲੇ ॥

## ਫਲੌਰ ਤੇ ਫਗਵਾੜਾ ਮਾਰਨਾ

ਹੁਣ ਬੰਦੇ ਨੇ ਤੇ ਜਥੇਦਾਰਾਂ ਸਰਦਾਰਾਂ ਨੇ ਬੀ ਆਪਨੇ ਲਸ਼ਕਰ ਦੀ ਤਾਕਤ ਵਧਦੀ ਵੇਖਕੇ ਸਤਲੁਜ ਦਰਿਯਾ ਨੂੰ ਫਲੌਰ ਦੇ ਪੱਤਨ ਲੰਘਕੇ ਸੰ: ੧੭੭੦ ਬਿ: ਨੂੰ ਫਲੌਰ ਜਾ ਡੇਰਾ ਲਾਇਆ, ਏਸ ਕਸਬੇ ਨੂੰ ਸੋਧਕੇ ਕਸਬੇ ਫਗਵਾੜੇ ਵੱਲੀ ਢੁਕ ਪਏ, ਕਿਉਂਕਿ ਏਥੋਂ ਦੇ ਚੌਧਰੀ ਚੂਹੜ ਮਲ ਦੀ ਹਮੈਯਤ ਕੁਛ ਅਨਜਾਈ ਰਾਜਿਆਂ ਨਾਲੋਂ ਓਦੋਂ ਘੱਟ ਨਹੀਂ ਸੀ, ਬਹੁਤ ਸਾਰੇ ਦੇਸ ਦਾ ਮਾਮੂਲਾ ਸ਼ਾਹੀ ਖਜਾਨੇ ਵਿਚ ਏਹੋ ਭਰਿਆ ਕਰਦੇ ਸਨ ॥

ਭਾਵੇਂ ਓਥੋਂ ਦੇ ਚੌਧਰੀ ਜਵਾਹਰ ਮਲ ਦੇ ਪ੍ਰੇਰੇ ਤੇ ਅਮੀਨ ਖਾਂ ਕਸੂਰੀ ਹਾਕਮ ਦੇ ਧਕੇਲੇ ਹੋਏ ਹਿੰਦੂ ਮੁਸਲਮਾਨ ਕੱਠੇ ਹੋਕੇ ਘੜੀ ਚਾਰਕੁ ਤਾਂ ਲੜੇ, ਪਰ ਸਿੰਘਾਂ ਦੇ ਹੱਲੇ ਦੀ ਤਾਬ ਨਾ ਲਿਆ ਸਕੇ, ਓੜਕ ਚੌਧਰੀ ਜਵਾਹਰ ਮਲ ਗਲ ਵਿੱਚ

ਪੱਲਾ ਪਾਕੇ ਦੋ ਘੋੜੇ ਕੀਮਤੀ ਪੰਜ ਹਜ਼ਾਰ ਰੁਪਯਾ ਨੱਕਦ ਨਜ਼ਰ ਦੇਕੇ ਬੰਦੇ ਦੇ ਚਰਨਾਂ ਪਰ ਢੇਹ ਪਿਆ ਅਤੇ ਤਾਬੇਦਾਰੀ ਲਿਖ ਦਿੱਤੀ।

## ਰਾਹੋਂ ਆਦਿਕ ਮਾਰਨੇ

ਫਗਵਾੜੇ ਦੇ ਗਿਰਦੇ ਅਨੇਕ ਪਿੰਡਾਂ ਨੂੰ ਸੋਧਦੇ ਹੋਏ ਸਿੰਘਾਂ ਨੇ ਰਾਹੋਂ ਜਾ ਮਾਰੀ। ਏਥੋਂ ਦਾ ਰਈਸ ਅਨੈਤ ਖਾਂ ਵੱਡਾ ਦੌਲਤ ਵਾਲਾ ਧੜਵੈਲ ਮਸ਼ਹੂਰ ਸੀ, ਉਸਦੇ ਧਾੜੇ ਮਾਰਨ ਦੀ ਧਾਂਕ ਸਾਰੇ ਪੰਜਾਬ ਵਿੱਚ ਫੈਲ ਰਹੀ ਸੀ, ਇਸਦੇ ਜੱਥੇ ਤੋਂ ਹਾਕਮ ਭੀ ਡਰਦੇ ਸਿਰ ਨਹੀਂ ਆਉਂਦੇ ਸਨ, ਸਚ ਹੈ, ਧੀਂਗ ਪਰ ਧੀਂਗ ਰਬ ਨੇ ਰਚ ਰੱਖੇ ਹਨ, ਸਿੰਘਾਂ ਦੇ ਅੱਗੇ ਓਹ ਬੀ ਹੱਥ ਨਾ ਉਠਾ ਸਕਦਾ, ਧਾੜਯਾਂ ਨਾਲ ਸਾਰੀ ਉਮਰ ਦੀ ਕੱਠੀ ਕੀਤੀ ਹੋਈ ਮਾਯਾ ਧਾੜਵੀਆਂ ਨੂੰ ਹੀ ਅਰਪਣ ਕਰਾ ਦਿਤੀ, (ਜੱਤੂ ਆਈ ਤੱਤੂ ਗਈ) ਫੇਰ ਤਾਂ ਓਹ ਬੀ ਬੰਦੇ ਦਾ ਮੁਰੀਦ ਹੋਕੇ ਭੇਤ ਦੱਸਣ ਪਰ ਹੋ ਗਿਆ, ਰਾਹੋਂ ਤੋਂ ਚੜ੍ਹਕੇ ਖਾਲਸਈ ਦਲ ਨੇ ਜਲੰਧਰ ਵੱਨੀ ਰੁਖ ਕੀਤਾ, ਜਲੰਧਰੀ ਨੁਵਾਬ ਸੈਫ ਅਲੀਖਾਂ ਤੇ ਫੈਜ਼ਲਾਖਾਂ ਵਗੈਰੇ ਨੇ ਬਾਬੇ ਬੰਦੇ ਦੀ ਬਹਾਦਰੀ ਤੇ ਫਤੇਯਾਬੀ ਅਤੇ ਅਜਮਤ ਦਾ ਹਾਲ ਰਾਹੋਂ ਵਰਗੇ ਮਕਾਨ ਮਾਰਨੇ ਤਾਂ ਪਹਿਲੇ ਹੀ ਸੁਣ ਰਖਯਾ ਸੀ, ਉਸਦੇ ਮੁਕਾਬਲੇ ਦੀ ਸਾਮ੍ਰਥਾ ਅਪਣੇ ਵਿਚ ਨਾ ਦੇਖਕੇ ਪੰਜ ਘੋੜੇ ਬਹੁਤ ਚੰਗੇ ਚੰਗੇ ਜ਼ਰੀ ਦੋਜ਼ਾ ਕਾਠੀਆਂ ਸਮੇਤ ਸਤ ਹਜਾਰ ਨਕਦ ਨਜਰ ਦੇਕੇ ਆਪਣਾ ਪਿਛਾ ਛੁਡਾ ਲੀਤਾ, ਫੇਰ ਬੀ ਬੰਦੇ ਨੇ ਅਨੈਤ ਖਾਂ

Digitized by Panjab Digital Library | www.panjabdigilib.org

ਦੇ ਭੇਤ ਦੇਣ ਪਰ ਜਲੰਧਰੀਆਂ ਦਾ ਜੋ ਓਨਾਂ ਨੇ ਅਨੰਦ ਪੁਰ ਦੇ ਜੰਗ ਵਿੱਚ ਸ੍ਰੀਗੁਰੂ ਦਸਮੇਸ ਜੀਦਾ ਮੁਕਾਬਲਾ ਕੀਤਾਸੀ,ਏਸ ਗੁਨਾਹ ਬਦਲੇ ਅੱਧਾ ਇਲਾਕਾ ਖੋਹ ਕੇ ਜੁਵਾਹਰ ਮਲ ਆਦਿਕ ਹਿੰਦੂ ਚੌਧਰੀਆਂ ਨੂੰ ਦੇ ਦਿੱਤਾ। ਇਸ ਵੇਲੇ ਦੁਆਬੇ ਦਾ ਵੱਡਾ ਹਾਕਮ ਫੌਜਦਾਰ ਸ਼ਮਸ ਖਾਂ ਕਸੂਰੀ ਖਲਫ ਜਹੀ ਪਠਾਂਣ ਬੜਾ ਬਹਾਦੁਰ ਤੇ ਰਤੂ ਮਸ਼ਹੂਰ ਸੀ, ਓਸਨੇ ਭਾਵੇਂ ਏਹ ਸਾਰੇ ਹਾਲ ਸੁਣੇ ਹੋਏ ਸੇ, ਪਰ ਏਸ ਬਹਾਦਰ ਤੇ ਜੋਧੇ ਸਿੰਘੀ ਦਲ ਨੂੰ ਹੜਦਾ ਪਾਣੀ ਸਮਝ ਕੇ ਖਾਮੋਸ਼ ਬੈਠਾ ਰਿਹਾ। ਏਧਰੋਂ ਬੰਦੇ ਬਹਾਦੁਰ ਨੇ ਵੀ ਓਸਨੂੰ ਛੇੜਨ (ਆਓ ਬੈਲ ਮੁਝੇ ਮਾਰ) ਵਾਲੀ ਗੱਲ ਕਰਨੀ ਚੰਗੀ ਨਾ ਮੰਨਕੇ ਹੋਰ ੨ ਰਈਸਾਂ, ਜ਼ਿਮੀਂਦਾਰਾਂ ਚੌਧ੍ਰੀਆਂ ਤੋਂ ਖਾਲਸੇ ਨੂੰ ਨਜਰਾਂਨੇ ਦਿਵਾਉਂਦਾ ਤੇ ਕਿਲਿਆਂ ਵਿੱਚ ਸਿੰਘਾਂ ਦੇ ਠਾਣੇ ਬਿਠਾਉਂਦਾ ਹੋਯਾ ਸੰ:੧੭੭੧ ਬਿ: ਨੂੰ ਜਾ ਡੇਰਾ ਲਾਇਆ, ਵਸਾਖੀ ਮੇਲੇ ਪਰ ਜਾਕੇ ਬਾਬੇ ਬੰਦੇ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਪਾਏ,ਪ੍ਰਸ਼ਾਦ ਕਰਾਏ, ਭੇਟਾ ਚੜ੍ਹਾਈ॥

ਸਿੱਖਾਂ ਪਾਸੋਂ ਪੂਜਾ ਲੈਣ ਦੇ ਅਤੇ ਗੁਰੂ ਬਣਨ ਦੇ ਭਾਵ ਨਾਲ ਗਦੇਲੇ ਪਰ ਹੋ ਬੈਠਾ, ਸੰਗਤਾਂ ਨੇ ਦਰਸ਼ਨ ਕਰ ਕਰ ਮਾਇਆ ਬਹੁਤ ਚੜ੍ਹਾਈ, ਏਸ ਪ੍ਰਤਾਪ ਨੂੰ ਦੇਖ ਦੇਖ ਸਬ ਲੋਗ ਆਪਸ ਵਿੱਚ ਏਹੋ ਕੈਹ ਰਹੇ ਸਨ ਕਿ ਭਾਈ ਹੁਣ ਸਿੱਖਾਂ ਦਾ ਰਾਜਹੋ ਜਾਵੇਗਾ,ਤੁਰਕਾਂ ਦੇ ਜੁਲਮਾਂ ਤੋਂ ਖਲਕਤ ਬਚ ਜਾਏਗੀ, ਏਸੇ ਭਰੋਸੇ ਪਰ ਹਰ ਰੋਜ ਸੌ ਸੌ ਆਦਮੀ ਸਿੰਘ ਸਜਦਾ ਰਿਹਾ, ਜਿਸਤੋਂ ਸਿੱਖਾਂ ਨੂੰ ਖੁਸ਼ੀ ਤੇ ਤੁਰਕਾਂ ਨੂੰ ਗਸ਼ੀ ਬਜਾਪ ਰਹੀ ਸੀ॥

੧ ਓ ਸਤਿਗੁਰਪ੍ਰਸਾਦਿ ॥

# ਬਾਬੇ ਬੰਦੇ ਦਾ ਪਰਵਾਰ

- ਬਾਬਾ ਬੰਦਾ
  - ਅਜੀਤ ਸਿੰਘ*
    - ਜੁਝਾਰ ਸਿੰਘ
      - ਸੁਰੇਤ ਸਿੰਘ
        - o
      - ਫਤੇ ਸਿੰਘ
        - ਸਾਹਿਬ ਸਿੰਘ
          - o
    - ਜੋਰਾਵਰ ਸਿੰਘ
      - ਅਰਜਨ ਸਿੰਘ
        - ਖੜਗ ਸਿੰਘ
          - ਦਇਆ ਸਿੰਘ
            - ਤੇਜਾ ਸਿੰਘ
            - ਅਤਰ ਸਿੰਘ
            - ਸੋਹਣ ਸਿੰਘ
            - ਸੁਜਾਨ ਸਿੰਘ
        - ਅਮੀਰ ਸਿੰਘ
          - ਪਹਾੜ ਸਿੰਘ
            - o

*ਕਈ ਗ੍ਰੰਥਕਾਰ ਇਨਾਂ ਦਾ ਨਾਉਂ ਰਣਜੀਤ ਸਿੰਘ ਵੀ ਕਹਿੰਦੇ ਹਨ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਮਾਝੇ ਦਾ ਜ਼ਿਕਰ

ਜਦ ਤੋਂ ਬੰਦੇ ਬਹਾਦਰ ਦੀਆਂ ਤੇ ਖਾਲਸੇ ਦੀਆਂ ਬਹਾਦਰੀਆਂ ਮਾਝੇ ਦੇ ਲੋਗ ਸੁਣ ਰਹੇ ਸੇ, ਦੇਖਣ ਨੂੰ ਚਾਉ ਚੜ੍ਹ ਰਿਹਾ ਸੀ, ਅਤੇ ਏਸੇ ਉਡੀਕ ਵਿਚ ਸੇ ਕਿ ਕਦੋਂ ਓਹ ਦਿਨ ਬੀ ਆਵੇਗਾ, ਜਦੋਂ ਅਸੀਂ ਬੀ ਅਪਣੇ ਜ਼ਾਲਮ ਹਾਕਮਾਂ ਤੋਂ ਬਦਲੇ ਲਵਾਂਗੇ, ਕਿਉਂਕਿ ਓਸ ਸਮੇਂ ਦੇ ਛੋਟੇ ਛੋਟੇ ਹਾਕਮ ਬੀ ਪਿੰਡ ਦੇ ਲੋਗਾਂ ਨੂੰ ਬੜੇ ੨ ਅਸਹਿ ਦੁਖ ਦੇ ਰਹੇ ਸਨ, ਬੜੇ ੨ ਹਾਕਮਾਂ ਦੇ ਜ਼ੁਲਮ ਤਾਂ ਲਿਖੇ ਹੀ ਨਹੀਂ ਜਾਂਦੇ, ਜਿਸ ਨੂੰ ਚਾਹੁੰਦੇ ਪਿੰਡੋਂ ਕੱਢ ਦਿੰਦੇ, ਜਿਸ ਨੂੰ ਚਾਹੁੰਦੇ ਵਸਾਉਂਦੇ, ਲੁਟ ਲੈਣਾ ਤਾਂ ਇਕ ਖੇਡ ਹੀ ਮੰਨ ਰੱਖੀ ਸੀ, ਕਤਲ ਕਰ ਕਰਾ ਦੇਣਾ ਸਹਿਜੇ ਹੀ ਬਾਤ ਸੀ, ਗ੍ਰੀਬਾਂ ਦੀ ਫਰਿਯਾਦ ਤਾਂ ਕੋਈ ਸੁਣਦਾ ਹੀ ਨਹੀਂ ਸੀ, ਹਰ ਵੇਲੇ ਦੁਖੇ ਦਿਲਾਂ ਵਿੱਚੋਂ ਏਹੋ ਭੜਾਸ ਨਿਕਲਦੀ ਕਿ ਹੇ ਪ੍ਰਮੇਸ਼੍ਵਰ ! ਏਨਾਂ ਮੁਸਲਮਾਨਾਂ ਦੇ ਰਾਜ ਦੀ ਜੜ ਪੁੱਟ !!!

ਏਸੇ ਭ੍ਰਾਂਤ ਜਿਸ ਰਾਜੇ ਬਾਦਸ਼ਾਹ ਦੀ ਪਰਜਾ ਦੁਖੀ ਹੁੰਦੀ ਹੈ, ਹੱਥ ਪੈਂਦਾ ਵੇਖਕੇ ਲੁਟ ਮਾਰ ਮਚਾ ਮਾਲਕ ਦੇ ਲਹੂ ਪੀਣ ਨੂੰ ਤਿਆਰ ਹੋ ਜਾਂਦੀ ਹੈ, ਹਾਕਮਾਂ ਨੂੰ ਵੱਢ ਟੁਕ ਕੇ ਦਿਲੋਂ ਖੁਸ਼ੀ ਹੁੰਦੀ ਹੈ ॥

## ਤਿਆਰੇ ਤੇ ਵਿਚਾਰ ਕਰਨੇ

ਮਝੈਲ ਪਿੰਡੂਆਂ ਨੇ ਜਦ ਤੋਂ ਸੁਣਿਆਂ ਕਿ ਬੰਦਾ ਗੁਰੂ ਕੇ ਪੁੱਤਰਾਂ ਦਾ ਤੇ ਗ੍ਰੀਬਾਂ ਦਾ ਵੈਰ ਲੈਣ ਆਉਂਦਾ ਹੈ, ਜਾਂਮੇ ਵਿਚ ਫੁਲੇ ਨਹੀਂ ਸਮਾਉਂਦੇ ਸੇ; ਜਿਕੂੰ ਸੂਰਜ ਚੜ੍ਹੇ ਕੰਵਲ ਖਿੜ ਪੈਂਦੇ ਹਨ ਤੇ ਜਾਨਵਰ ਅੱਖਾਂ ਖੋਲ੍ਹਕੇ ਚੈਹ ਚੈਹ ਲਾ

Digitized by Panjab Digital Library | www.panjabdigilib.org

ਵਿੰਦੇ ਹਨ ਏਸੇ ਭਾਂਤਿ ਬੰਦੇ ਦੇ ਆਉਂਣੇ ਨੇ ਮਾਝੇ ਵਿਚ ਹੋਰ ਭੀ ਹੋਰ ਚਰਚਾ ਫੈਲਾ ਦਿੱਤੀ, ਨਗਰਾਂ ਵਿੱਚ ਵਾਹਰੂ ਢੋਲ ਵੱਜ ਪਏ, ਹੋਕੇ ਮਿਲਨ ਲੱਗੇ, ਆਓ ਭਾਈ ਪਧਾਰਿਓ! ਵੈਰੀਆਂ ਤੋਂ ਵੈਰ ਲਈਏ, ਕਈ ਸਵਾਰ ਕਈ ਪਜਾਦੇ ਸੇਲੇ ਤਲਵਾਰਾਂ ਬਰਛੀਆਂ ਬੰਦੂਕਾਂ ਲੈਕੇ ਢਾਣਾਂ ਦੇ ਢਾਣ ਵਾਹਰੂ ਢੋਲ ਵਜਾਉਂਦੇ ਸ਼ਬਦ ਗਾਉਂਦੇ ਆਉਂਦੇ।

ਏਸੇ ਭਾਂਤ ਬੜੇ ਉਤਸ਼ਾਹ ਨਾਲ ਤਿੰਨ ਚਾਰ ਹਜਾਰ ਪੱਗ ਬੰਨ ਕੱਠਾ ਹੋ ਗਿਆ, ਬਾਬੇ ਬੰਦੇ ਨੂੰ ਤੇ ਸਿੰਘਾਂ ਨੂੰ ਦੇਖ ਦੇਖ ਮਝੈਲਾਂ ਛੈਲਾਂ ਦੇ ਬੀਰ ਰਸ ਨਾਲ ਬਦਨ ਭਰੇ ਗਏ, ਜੰਗ ਦੇ ਸਜਨ ਵੈਰੀਆਂ ਨੂੰ ਕਦਨ ਕਰਨ ਵਾਲੇ ਤਿਆਰ ਹੋ ਖਲੋਤੇ, ਹੁਣ ਰਿਆੜਕੀ ਦਾ ਪਰਗਣਾਂ ਸੋਧਣ ਲਈ ਅਰਦਾਸੇ ਸੋਧ ੨ ਚੜ੍ਹ ਬੈਠੇ॥

## ਲਾਹੌਰ ਦੇ ਗਿਰਦੇ ਤੇ ਪਠਾਨ ਕੋਟ ਦੀ ਲੁਟ

ਸਿੰਘਾਂ ਤੇ ਬੰਦੇ ਦਾ ਡਰ ਹਾਕਮਾਂ ਦੇ ਮਨ ਵਿਚ ਤੀਰ ਕਾਉਂ ਵਾਲਾ ਪਹਿਲੇ ਹੀ ਵਸ ਰਿਹਾ ਸੀ, ਹੁਣ ਪਰਜਾ ਨਾਲ ਸੁਲਾਹ ਬੀ ਘੜੇ ਵੱਟੇ ਵਾਲੀ ਸਮਝ ਕੇ ਮੁਸਲਮਾਨ ਹਾਕਮ ਤਾਂ ਕੋਈ ਬੀਮਾਰ ਕੋਈ ਲਚਾਰ ਪੁਕਾਰ ੨ ਟਾਲੇ ਕਰ ਬੈਠੇ। ਜਦ ਕੋਈ ਫੌਜਦਾਰ ਅਕਾਲੀ ਦਲ ਦੇ ਟਾਕਰੇ ਲਈ ਨਾ ਅਪੜਿਆ, ਏਹ ਲੁਟ ਮਾਰ ਗੁਜਾਰਦੇ ਹੋਏ ਕਾਨੂਆਂਣ ਤਕ ਚਲੇ ਗਏ। ਭਾਵੇਂ ਹੋਰ ਪੰਦ੍ਰਾਂ ਹਜਾਰ ਸਿੰਘ ਤਾਂ ਪਿਛੇ ਨੂੰ ਹਟਿਆ, ਪਰ ਸਠਾਲੇ ਬੁਤਾਲੇ ਵਾਲੇ ਜਿਮੀਂਦਾਰਾਂ ਦੇ ਦੋਵੇਂ ਜਥੇ ਅਗੇ ਨੂੰ ਹੀ ਵਧਦੇ ਗਏ, ਫੌਰਨ ਪਠਾਨਕੋਟ ਜਾ ਮਾਰਿਆ, ਪਿਛੇ ਮੁੜਨ ਵਾਲਿਆਂ ਨੇ ਲਾਹੌਰ

Digitized by Panjab Digital Library | www.panjabdigilib.org

ਦੇ ਗਿਰਦੇ ਜੋ ਭੁਰਲੀ ਦਾ ਪਰਗਣਾ ਮਸ਼ਹੂਰ ਹੈ, ਮਾਰ ਮਾਰਕੇ ਥੋਥਾ ਕਰ ਦਿਤਾ, ਸਿਰ ਕੱਢਵੇਂ ਆਦਮੀ ਬਹੁਤ ਮਾਰੇ ਗਏ, ਪਰ ਅਫ਼ਸੋਸ ਅਸਲਮ ਖਾਂ ਸੂਬੇ ਦੇ ਜਿਸਨੇ ਏਸ ਸਿੰਘਈ ਦਲ ਵੰਨੀ ਤੱਕਿਆ ਬੀ ਨਾ, ਸਿੰਘਾਂ ਨੇ ਲਾਹੌਰ ਦੇ ਇਰਦੇ ਗਿਰਦੇ ਸਬ ਪਿੰਡ ਦਰੜ ਸੁਟੇ, ਇਕ ਦਿਨ ਸ਼ਾਲਾਮਾਰ ਪਾਸ ਜਾ ਉਤਰੇ, ਪਰ ਓਨ ਅੱਖ ਨਾ ਚੁਕੀ। ਭਾਵੇਂ ਬੇਸ਼ੁਮਾਰ ਗਾਜ਼ੀ ਆਉਂਦੇ ਜਾਂਨ ਗਵਾਉਂਦੇ ਰਹੇ, ਜਿਨਾਂ ਨੂੰ ਏਤਨਾਂ ਹੀ ਭਰੋਸਾ ਸੀ ਕਿ ਕਾਫਰਾਂ ਨਾਲ ਲੜਕੇ ਮਰਨਾ ਹੀ ਬਹਿਸ਼ਤ ਵਿਚ ਲੈ ਜਾਂਦਾ ਹੈ, ਸਿੰਘਾਂ ਨੇ ਭੁਰਲੀ ਨੂੰ ਹ। ਸੋਧਕੇ ਚੈਨ ਨਹੀਂ ਕੀਤਾ, ਸਗੋਂ ਵਕਤ ਬੇਵਕਤ ਕਈ ਵਾਰੀ ਵਾਉਤਕਾ ਤਕਾ ਲਾਹੌਰ ਦੇ ਬਜ਼ਾਰਾਂ ਨੂੰ ਭੀ ਮਾਰੋ ਮਾਰ ਦਾ ਹੱਥ ਕਰ ਜਾਂਦੇ ਰਹੇ, ਪਰ ਮੁਕਾਬਲੇ ਪਰ ਕੋਈ ਨਹੀਂ ਸੀ ਕਦੇ ਆਯਾ ॥

## ਬਹਾਦੁਰ ਸ਼ਾਹ ਦੇ ਮਰਿਆਂ ਜਹਾਂਦਾਰ ਸ਼ਾਹ ਤਖਤ ਤੇ ਬੈਠਾ ਤੇ ਉਸਦਾ ਜ਼ਿਕਰ

ਹੁਣ ਜਦ ਸੰਃ ੧੭੬੯ ਬਿਃ ਨੂੰ ਬਹਾਦੁਰ ਸ਼ਾਹ ਬਾਦਸ਼ਾਹ ਦੇ ਮਰੇ ਤੋਂ ਓਸਦਾ ਵਡਾ ਪੁਤ੍ਰ ਜਹਾਂਦਾਰਸ਼ਾਹ ਤਖਤ ਪਰ ਬੈਠਾ ਏਹ ਬਹੁਤ ਨਰਮ ਦਿਲ ਚਾਉ ਤਮਾਸ਼ੇ ਰਾਗ ਰੰਗ ਦਾ ਪਿਆਰਾ ਸੀ, ਏਸਨੇ ਅਸਲਮਖਾਂ ਦੀ ਸੁਸਤੀ ਤੇ ਪਰਜਾ ਦੀ ਬਰਬਾਦੀ, ਸਿੰਘਾਂ ਦੀ ਤੇਜੀ ਸੁਣਕੇ ਲਾਹੌਰ ਵੰਨੀ ਕੂਚ ਕਰ ਦਿਤਾ। ਏਸਦੀ ਧਾਂਕ ਨਾਲ ਮੁਸਲਮਾਨ ਬਰਖਾ ਕਾਲ ਦੇ ਡਡੂਆਂ ਵਾਂਗੂ ਇਕੋਵਾਰੀ ਗਜ ਉਠੇ, ਸਿੰਘ ਲੁਟ ਮਾਰ ਛਡ ਕੇ ਨਿਕੇ ੨ ਜਥੇ ਬਣਾਕੇ ਜੰਗਲਾਂ ਪਹਾੜਾਂ

Digitized by Panjab Digital Library | www.panjabdigilib.org

ਵਿਚ ਜਾ ਧਸੇ, ਬੰਦਾ ਮੰਡੀ ਵੰਨੀ ਜਾ ਰਿਹਾ। ਲੋਗਾਂ ਨੇ ਜਹਾਂਦਾਰ ਪਾਸ ਸਿੰਘਾਂ ਦੀਆਂ ਜ਼ੁਲਮੀਆਂ ਜਬਰੀਆਂ ਬਹੁਤ ਸੁਣਾਈਆਂ, ਪਰ ਓਸ ਮੋਮਨ ਮਹਾਤਮਾ ਨੇ ਏਹੋ ਸੁਖਨ ਰਖਜਾ ਕਿ ਮੈਂ ਵੇਖਾਂਗਾ ਸਿੰਘਾਂ ਦੇ ਜ਼ੁਲਮ ਤਾਂ ਹੁਕਮ ਸਜ਼ਾ ਦਾ ਦੇਵਾਂਗਾ ॥ ਇਕ ਮਹੀਨਾ ਬੀ ਪੂਰਾ ਨਾ ਹੋਯਾ ਸੀ ਏਸ ਦੇ ਭਤੀਜੇ ਫਰੁਖ਼ਸੀਯਰ ਬੰਗਾਲੇ ਦੇ ਸੂਬੇ ਵਲੋਂ ਭੈੜੀਆਂ ਖਬਰਾਂ ਆਉਣ ਲਗੀਆਂ,ਜਿਸ ਕਰਕੇ ਏਹ ਦਿਲੀ ਵੰਨੀ ਮੁੜਗਿਆ। ਏਸਦੀ ਕਚੈਹਰੀ ਵਿਚ ਜਿਤਨੀ ਕਦਰ ਇਜ਼ਤ ਗਾਉਣ ਵਜਾਉਣ ਨਚਨ ਵਾਲਿਆਂ ਦੀ ਸੀ ਓਤਨੀ ਕਿਸੇ ਬਹਾਦੁਰ ਗੁਣੀ ਪੁਰਖ ਦੀ ਨਹੀਂ ਸੀ, ਡੂਮ ਮਿਰਾਸੀ ਤੁਛ ਬੁਧੀ ਏਸਦੀ ਕਚੈਹਰੀ ਦੇ ਐਸੇ ਸਾਮੂਥ ਮਲ ਸਨ ਜੋ ਚਾਹੁੰਦੇ ਸੋਈ ਹੁੰਦਾ, ਸਾਰੇ ਅਮੀਰ ਉਮਰਾ ਓਨਾਂ ਦੀ ਖੁਸ਼ਾਮਦ ਰਖਦੇ ਸਨ ਕਿ ਕੁਛ ਸਿਖਾਕੇ ਇਜ਼ਤ ਨਾ ਬਿਗੜਾ ਦੇਨ, ਗਵੱਈਏ ਕੰਚਨੀਆਂ ਬੰਚਨੀਆਂ ਤਾਂ ਕੁਲ ਕੁਲਾਂ ਮਾਲਕ ਸਨ, ਜਦ ਏਹੋ ਜੇਹੇ ਕਮੀਨੇ ਲੋਗਾਂ ਦੀ ਕਮਾਣ ਚੜ੍ਹ ਜਾਏ ਤਾਂ ਉਤ੍ਨੀ ਔਖੀ ਹੈ, ਕਿਉਂਕਿ ਜਿਨਾਂ ਨੇ ਹਰ ਤਰਾਂ ਦੀ ਗੁਲਾਮੀ ਤੇ ਸਲਾਮੀ ਹੱਸੀ ਖੁਸ਼ੀ ਨਾਲ ਮਾਲਕ ਨੂੰ ਹਸਾਉਂਦੇ ਖਿਡਾਂਉਦੇ ਰਹਿਣਾਂ। ਬਾਦਸ਼ਾਹਾਂ ਰਾਜਜਾਂ ਪਾਸ ਤਾਂ ਵੱਡੀ ੨ ਉਮਰ ਦੇ ਤਜਰਬੇ ਕਾਰ ਪੁਸ਼ਤਾਂ ਦੇ ਰੱਜੇ ਹੋਏ ਓਹ ਪੁਰਖ ਚਾਹੀਦੇ ਹਨ ਜੋ ਬਿਨਾਂ ਮਤਲਬ ਇਕ ਹਰਫ ਭੀ ਮੂੰਹੋਂ ਨਾ ਕਢਣ ਤੇ ਬਿਨਾਂ ਕਾਰਨ ਕੋਈ ਜਰਾ ਭਰ ਹਰਕਤ ਨਾ ਕਰਨ, ਕੇਵਲ ਕੰਮਦਾ ਧਜਾਨ ਯਾ ਮਾਲਕ ਦੀ ਕਲਜਾਨ ਦੀ ਸੋਚ ਵੀਚਾਰ ਕਰਦੇ ਰਹਿਨ, ਅਤੇ ਪਰਜਾ ਦੇ ਸੁਖਦਾਈ ਰਾਜਾ ਦੇ ਤੇ ਰਜਾਸਤ ਦੀ ਉਨਤੀ ਦੇ ਕਾਰਨ ਸੋਚ ਕਰ ਰਾਜਾ ਨੂੰ

Digitized by Panjab Digital Library | www.panjabdigilib.org

ਮੌਕੇ ਮੌਕੇ ਪਰ ਮਸਾਲਾਂ ਦੇ ਦੇ ਕੇ ਜਿਤਲਾਉਂਦੇ ਰਹਿਨ, ਜੈਸੀ ਸੰਗਤ ਤੈਸਾ ਫਲ ਭੋਗਣਾਂ ਪੈਂਦਾ ਹੈ। ਡੂੰਮਾ ਡਹਾਲਾਂ ਕੰਜਰੀਆਂ ਵੰਜਰੀਆਂ ਦਾ ਛੈਬੇਲਾ ਹਰ ਵੇਲੇ ਜਹਾਂਦਾਰ ਸ਼ਾਹ ਪਾਸ ਰਹਿੰਦਾ ਵੇਖਕੇ ਅਮੀਰਾਂ ਨੇ ਦੁਖੀ ਹੋਕੇ ਫਰੁਖ਼ਸ਼ੀਅਰ ਨੂੰ ਬੁਲਾ ਲੀਤਾ। ਇਕ ਤਾਂ ਓਸਦੇ ਆਉਂਣੇ ਨੇ ਹਲ ਚਲੀ ਪਾ ਦਿੱਤੀ, ਦੂਜੇ ਸੰ: ੧੭੭੧ ਬਿ: ਨੂੰ ਐਸਾ ਦੁਰਭਿਖ ਭਾਰੀ ਪਿਆ ਤਿੰਨ ਸੇਰ ਕੱਚਾ ਆਟਾ ਰੁਪਯੇ ਦਾ ਹੋਗਿਆ, ਬੇਅੰਤ ਖਲਕਤ ਭੁੱਖੀ ਮਰ ਗਈ, ਫਰੁਖਸ਼ੀਅਰ ਨੇ ਬਾਰੇ ਦੇ ਸਯਦਾਂ ਦੀ ਸਹਾਇਤਾ ਨਾਲ ਦਿੱਲੀ ਦਾ ਤਖਤ ਲੈ ਲੀਤਾ। ਭਾਵੇਂ ਏਹ ਖਰਾਹੀ ਜਾਲਮ ਜਹਿਰੀ ਸੀ, ਪਰ ਨਰ ਹਾਕਮ ਹੋਣੇ ਕਰ ਇੰਤਜ਼ਾਮ ਸ਼ਾਹੀ ਦਾ ਚੰਗਾ ਕਰ ਲੀਤਾ॥

ਪੰਜਾਬ ਦਾ ਹਾਲ ਸੁਣਕੇ ਲਾਹੌਰ ਦੇ ਸੂਬੇ ਜਬਰ-ਦਸਤਖਾਂ ਨੂੰ ਬਦਲਕੇ ਅਬਦੁਲ ਸਮੁੰਦ ਖਾਂ ਦਲੇਰ ਜੰਗ ਨੂੰ ਲਾਹੌਰ ਦਾ ਸੂਬਾ ਕਰ ਦਿੱਤਾ ਜਦ ਦੁਆਬੇ ਵਿੱਚ ਆਯਾ ਤਾਂ ਪਤਾ ਲੱਗਾ ਕਿ ਈਸੇਖਾਂ ਮੰਜ ਰਾਜਪੂਤ ਅੱਗੇ ਰਾਹ ਰੋਕੀ ਬੈਠਾ ਹੈ, ਸੁਣ ਕੇ ਏਸਦੀ ਤਾਂ ਜੰਗ ਦਲੇਰੀ ਭੰਗੇਰੀ ਗਈ ਡੇਰਾ ਲਾ ਬੈਠਾ। ਏਹ ਬਾਤ ਸੁਣਕੇ ਕਸੂਰ ਦੇ ਨੁਵਾਬ ਸਾਦਾਦ ਖਾਂ ਨੇ ਆਪਣੇ ਬਹੁਤ ਆਦਮੀ ਲਿਆਕੇ ਓਸਨੂੰ ਲਾਹੌਰ ਵਾੜਿਆ, ਏਸ ਬਦਲੇ ਸਾਦਾਦ ਖਾਂ ਨੂੰ ਸ਼ੇਖੂਪੁਰੇ ਦੀ ਫੌਜਦਾਰੀ ਮਿਲ ਗਈ।

## ਬੰਦੇਨੇ ਕਲਾਨੌਰਤੇ ਵਟਾਲੇਦਾ ਇਲਾਕਾ ਲੁਟਨਾ

ਜਬਰ ਦਸਤਖਾਂ ਸੂਬੇ ਲਾਹੌਰ ਦੇ ਵੇਲੇ ਭੀ ਬੰਦਾ ਨਿਚੱਲਾ ਨਿਕੰਮਾ ਨਹੀਂ ਬੈਠਾ, ਪਹਾੜਾਂ ਵਿੱਚ ਅਪਣੇ ਪੂਤ੍ਰ

ਇਸਤ੍ਰੀ ਪਾਸ ਰਹਿਕੇ ਸਾਲ ਭਰ ਤਾਂ ਕਾਲ ਪਿਆ ਰਿਹਾ, ਸਿੰਘ ਭੀ ਚੁਪਕੇ ਬੈਠੇ ਰਹੇ ਤੇ ਬੰਦਾ ਸਿੰਘਾਂ ਸਮੇਤ ਪਹਾੜਾਂ ਵਿਚੋਂ ਨਿਕਲ ਕੇ ਲੁਟ ਖਸੁਟ ਕਰ ਜਾਂਦਾ ਤੇ ਕੁਛ ਪਹਾੜੀ ਰਾਜਿਆਂ ਤੋਂ ਮਾਮਲਾ ਲੈਕੇ ਛੱਕਦਾ ਰਿਹਾ।

ਏਧਰ ਰਾਜ ਹੌਲੇ ਦੇ ਸਬੱਬ ਸੂਬੇ ਲਾਹੌਰੀ ਜਬਰ-ਦਸਤ ਖਾਂ ਨੇ, ਔਰ ਫੇਰ ਜੰਗ ਦਲੇਰ ਨੇ ਬੀ ਕੁਛ ਤਰੱਦਦ ਨਾ ਕੀਤਾ, ਹੁਣ ਸਿੰਘਾਂ ਦੇ ਸਨੇਹ ਪ੍ਰੇਮ ਪੱਤ੍ਰ ਜਦ ਬੰਦੇ ਪਾਸ ਪਹੁੰਚੇ ਤਾਂ ਸੰ:੧੭੭੦ ਬਿ: ਨੂੰ ਬੰਦੇ ਨੇ ਪਹਾੜਾਂ ਵਿੱਚੋਂ ਉਤਰ ਕੇ ਸਿੰਘ ਬੁਲਾ ਲੀਤੇ, ਰਾਤ ਬਿਰਾਤੇ ਮਾਧੋ ਪੁਰ ਦੀਆਂ ਟਿਬੀਆਂ ਵਿੱਚ ਬੰਦੇ ਪਾਸ ਜਾ ਕੱਠ ਹੋਯਾ, ਹੱਲਾ ਕਰਕੇ ਕਲਾਨੌਰ ਤੇ ਵਟਾਲੇ ਦੇ ਪਰਗਣੇ ਨੂੰ ਖੂਬ ਸੋਧਿਆ।

## ਸ਼ਾਹੀ ਫੌਜ ਦੀ ਚੜ੍ਹਾਈ

ਏਹ ਹਾਲ ਸੁਣਕੇ ਫਰੁਖਸ਼ੀਯਰ ਨੇ ਤਖਤ ਬੈਠਦੇ ਹੀ ਜੰਗ ਦਲੇਰ ਦੇ ਸਾਥ ਮਹੰਮਦ ਅਮੀਨ ਖਾਂ ਨੂੰ ਭੇਜਕੇ ਹੁਕਮ ਦਿੱਤਾ—ਓਨ੍ਹਾਂ ਲੁਟੇਰਿਆਂ ਨੂੰ ਫੜਕੇ ਮੇਰੇ ਪਾਸ ਲੈ ਆਓ, ਜਿਸ ਵੇਲੇ ਸ਼ਾਹੀ ਸੈਨਾ ਰਿਆੜਕੀ ਵਿੱਚ ਪੁੱਜੀ ਕਲਾਨੌਰ ਤੇ ਵਟਾਲੇ ਦੇ ਫੌਜਦਾਰ ਅਗੋਂ ਆ ਮਿਲੇ, ਕਿਉਂਕਿ ਇਨਾਂ ਨੂੰ ਬੰਦੇ ਨੇ ਬੜੀ ਭਾਰੀ ਬਿਪਤਾ ਪਾ ਰੱਖੀ ਸੀ, ਓਹ ਡਰਦੇ ਬੰਦੇ ਦੇ ਸਾਮਣੇ ਹੁੰਦੇ ਨਹੀਂ ਸੀ, ਦਿਲੋਂ ਝੂਰਦੇ ਕੁੜ੍ਹਦੇ ਖੁਸਦਾ ਕੁਛ ਨਾ, ਏਸ ਕਰਕੇ ਸ਼ਾਹੀ ਸੈਨਾ ਦੇ ਆਇਆਂ ਤੇ ਓਨਾਂ ਨੂੰ ਸੀਲ੍ਹਾ ਸ਼ਾਹ ਆਇਆ, ਸੈਨਾਂ ਦੇ ਆਗੂ ਹੋਕੇ ਲੈ ਆਏ॥

ਏਧਰ ਬੰਦਾ ਬੀ ਕੋਹੜਾ ਦੁਧ ਦੇ ਦੰਦ ਲਈ ਬੈਠਾ ਸੀ, ਜੋ ਉਕ ਜਾਵੇ, ਅਪਣੇ ਪਾਸ ਥੋੜੇ ਸਿੰਘ ਦੇਖਕੇ ਮੁੜ ਪਹਾੜਾਂ

Digitized by Panjab Digital Library | www.panjabdigilib.org

ਵਿਚ ਜਾ ਧਸਿਆ, ਸ਼ਾਹੀ ਅਫਸਰਾਂ ਨੇ ਬਤੇਰੀ ਭਾਲ ਟੋਲ ਕੀਤੀ, ਪਰ ਏਸਦੀ ਕੋਈ ਉਘ ਸੁਘ ਨਾ ਨਿਕਲੀ, ਸੈਨਾ ਬੀ ਬੰਦੇ ਤੋਂ ਡਰਦੀ ਅਗੇ ਨਾ ਵਧੀ, ਬਲਕਿ ਰਸਤੇ ਦੇ ਭੇਤੀ ਸਿੰਘ ਵੇਲੇਕੁਵੇਲੇ ਕਿਸੇ ਨਾ ਕਿਸੇ ਖੱਡ ਵਿੱਚੋਂ ਨਿਕਲ ਕੇ "ਆਯਾ ਬੰਦਾ ਆਯਾ ਬੰਦਾ" ਪੁਕਾਰਦੇਹੋਏ ਸੈਨਾ ਉਤੇ ਆ ਪੈਂਦੇਰਹੇ, ਸ਼ਾਹੀ ਲਸ਼ਕਰ ਨੂੰ ਬੰਦੇ ਦਾ ਨਾਮ ਹੀ ਹਰਜਲੀ ਪਾ ਦਿੰਦਾ ਸੀ; ਸਿੰਘ ਬੀ ਪੰਜ ਸਤ ਨੂੰ ਝਟਕਾਕੇ ਹਥਯਾਰ ਘੋੜਾ ਖਰਚ ਜੋ ਹੱਥ ਲਗਦਾ ਲੈਕੇ ਕਿਧਰੇ ਲੁਕ ਛਿਪ ਜਾਂਦੇ, ਸ਼ਾਹੀ ਸੈਨਾ ਵੀਹ ਬਾਈ ਦਿਨ ਕੰਕਰੀਆਂ ਗਾਹੁੰਦੀ ਹੋਈ ਟੱਕਰਾਂ ਮਾਰ ਮਾਰ ਹਾਰਕੇ ਪਿਛੇ ਮੁੜ ਆਈ ॥

ਮਹੰਮਦ ਅਮੀਨ ਖਾਂ ਤਾਂ ਝੁਰ ਝੁਰਕੇ ਅੱਕਕੇ ਦਿੱਲੀ ਨੂੰ ਮੁੜ ਗਿਆ, ਜੰਗ ਦਲੇਰ ਫੇਰ ਲਾਹੌਰ ਜਾ ਬੈਠਾ, ਬੰਦੇ ਤੋਂ ਬਚਕੇ ਆਉਣ ਦੀ ਬੜੀ ਭਾਰੀ ਖੁਸ਼ੀ ਮਨਾਈ, ਪੀਰਾਂ ਦੀਆਂ ਮੰਨਤਾਂ ਨਿਆਜ਼ਾਂ ਦਿਤੀਆਂ, ਪਰ ਏਹ ਬਾਤ ਜਰਾ ਨਾ ਜਾਣੀ ਕਿ ਸਾਡਾ ਵੈਰੀ ਆਸ ਪਾਸ ਹੀ ਫਿਰ ਰਿਹਾ ਹੈ।

## ਕਲਾਨੌਰ ਮਾਰਨਾ

ਅਜੇ ਮਹੀਨੇ ਹੀ ਗੁਜਰੇ ਸਨ, ਜੋ ਬੰਦਾ ਫੇਰ ਦੜਕ ਉਠਿਆ, ਸ਼ਾਹੀ ਆਦਮੀ ਜੋ ਕੰਢੀ ਵਿਚ ਰੈਂਹਦੇ ਸੇ, ਉਨਾਂ ਨੇ ਟਾਕਰਾ ਤਾਂ ਕੀਤਾ, ਪਰ ਗੜ੍ਹੀਆਂ ਛਡ ੨ ਕੇ ਭੱਜਣਾ ਪਿਆ, ਬੰਦਾ ਸਿੰਘਾਂ ਸਮੇਤ ਅਗੇ ਵਧਦਾ ਆਇਆ, ਪੈਹਲੇ ਅਲਾਕੇ ਕਲਾਨੌਰ ਨੂੰ ਚੰਗੀ ਤਰਾਂ ਸੋਧਿਆ।

ਏਹ ਸ਼ੈਹਰ ਪੱਕਾ ਅਤੇ ਸੁੰਦਰ ਕਤਾ ਸਿਰ ਕਸੀ ਨਦੀ ਕੰਢੇ ਵਸਿਆ ਹੋਇਆ ਬੜਾ ਦੌਲਤ ਵਾਲਾ ਉਘਾ ਸੀ, ਬਲਕਿ

Digitized by Panjab Digital Library | www.panjabdigilib.org

ਜਿਸ ਦਿਨ ਤੋਂ ਅਕਬਰ ਏਥੇ ਤਖਤ ਪਰ ਬੈਠਾ ਸੀ ਉਸਨੇ ਬਹੁਤ ਰੌਣਕ ਕਰ ਦਿੱਤੀ ਸੀ, ਨਾਲੇ ਏਸ ਇਲਾਕੇ ਜੈਸਾ ਧਨ ਉਪਜਾਊ ਹੋਰ ਕੋਈ ਪਰਗਣਾ ਨਹੀਂ ਸੀ, ਉਦੋਂ ਏਥੋਂ ਦੇ ਕਿਲੇ ਵਿਚ ਸ਼ਰਾਬ ਖਾਂ ਫੌਜਦਾਰ ਤੇ ਸੰਤੋਖ ਰਾਇ ਪਰੀ ਖੱਤਰੀ ਕਾਨੂੰਗੋ ਜੋ ਮਸ਼ਹੂਰ ਸੂਰਬੀਰ ਸੇ, ਬੰਦੇ ਤੋਂ ਡਰਦੇ ਪੈਹਲੇ ਤਾਂ ਘਰ ਦੇ ਕੋਣੇ ਵਿਚ ਲੁਕੇ ਰਹੇ, ਜਦ ਮਾਰੋ ਮਾਰ ਦੀ ਪੁਕਾਰ ਸੂਬੇ ਤਕ ਪੁਜ ਪਈ ਤਾਂ ਏਨਾਂ ਨੇ ਬੀ ਪਿੰਡਾਂ ਦੇ ਚੌਧਰੀਆਂ ਤੋਂ ਛੇੜਾਂ ਮੰਗਾ ੨ ਬੜਾ ਭਾਰਾ ਕੱਠ ਕਰਕੇ ਮੁਕਾਬਲਾ ਤਾਂ ਸਿੰਘਾਂ ਦਾ ਕੀਤਾ, ਪਰ ਏਸ ਮਾਂਗਵੀ ਧਾੜ ਸੁਖੀਆ ਰੈਂਹਣ ਵਾਲੀ ਨੇ ਜੰਗ ਜਲ ਦੇ ਮੱਛ ਸਿੰਘਾਂ ਦੀ ਤਲਵਾਰ ਕਿਥੋਂ ਝੱਲਣੀ ਸੀ? ਪੈਹਲੇਦੀ ਅੰਧੇਰੀ ਅਗੇ ਪਤ੍ਰਾਂ ਵਾਂਗ ਉਡਦੇ ਹੋਏ ਸਾਥ ਹੀ ਫੌਜਦਾਰ ਤੇ ਕਾਨੂੰਗੋਆਂ ਨੂੰ ਲੈ ਗਏ, ਪਰਗਣਾ ਸ਼ੈਹਰ ਸਮੇਤ ਬੰਦੇ ਨੇ ਮਲਕੇ ਸਿੰਘਾਂ ਨੂੰ ਸੌਂਪ ਦਿੱਤਾ ॥

## ਵਟਾਲਾ ਮਾਰਨਾ

ਹੁਣ ਵਟਾਲੇ ਦੀ ਵਾਰੀ ਆਈ, ਏਹ ਕਸਬਾ ਰਾਮ ਦੇਵ ਭੱਟੀ ਰਾਜਪੂਤਾਂਨੇ ਅਠਸੌ ਚੌਹਟ ਹਿਜਰੀ ਨੂੰ ਵਸਾਯਾ ਸੀ, ਫੇਰ ਓਸਨੂੰ ਅਬਦੁਲ ਜਲੀਲ ਕੁਰੇਸੀ ਪੀਰਨੇ ਮੁਸਲਮਾਨ ਬਨਾਕੇ ਤਾਤਾਰਖਾਂ ਸੂਬੇ ਪੰਜਾਬ ਤੋਂ ਪਰਗਣੇ ਸਮੇਤ ਨੌਲਖ ਟਕੇ ਪਰ ਹਮੇਸ਼ ਵਾਸਤੇ ਅਜਾਰੇ ਲੈ ਲਿੱਤਾ, ਏਸ ਕਰਕੇ ਏਥੇ ਓਸੇ ਦੀ ਉਲਾਦ ਸਰਦਾਰ ਬਨੀ ਰਹੀ। ਜ਼ੁਲਮ ਦਾ ਇਥੇ ਭੀ ਹੁਣ ਭਰ ਜੋਬਨ ਸੀ, ਬੰਦੇ ਨੇ ਲਜਤ ਆ ਲੀਤੀ, ਪੈਹਲਾਂ ਫਫੇਰੀ ਦਰਵਾਜੇ ਵੜਕੇ ਸਿੰਘਾਂਨੇ ਸੱਯਦਾਂ ਤੇ ਕਾਜ਼ੀਆਂ ਨੂੰ ਜੋ ਜ਼ੁਲਮ ਕਰਨ ਦੀ ਮਸਤੀ ਵਿੱਚ ਮੱਤੇ ਹੋਏ ਸਨ

Digitized by Panjab Digital Library | www.panjabdigilib.org

ਖੂਬ ਸੋਧਿਆ ਜੋ ਬ੍ਰਾਹਮਣੋ ਆਇਆ ਮਾਰਿਆ ਗਿਆ ਬਾਕੀ ਭੁਜ ਗਏ । ਸ਼ੇਖੁਲਹਿੰਦੁ* ਪੀਰ ਬਹੁਤ ਸਾਰੇ ਮੁਰੀਦ ਕਠੇ ਕਰਕੇ ਹੀ ਦਰਵਾਜੇ ਤੋਂ ਬਾਹਰ ਜਾ ਖੜਾ ਹੋਇਆ, ਫੌਜਦਾਰ ਸ਼ੇਖਮੁਹੰਮਦ ਬੀ ਆਪਣੀ ਤੇ ਸ਼ੈਹਰੀ ਖਲਕਤ ਨੂੰ ਕੱਠੀ ਕਰਕੇ ਪੀਰ ਨਾਲ ਆ ਮਿਲਜਾ, ਜਦ ਬੰਦਾ ਸਿੰਘਾਂ ਦੀ ਫੌਜ ਲੈ ਸ਼ੈਹਰ ਦੇ ਪਾਸ ਪੁੱਜਾ ਤੇ ਸਿੰਘਾਂ ਦਾ ਹੱਲਾ ਕਰਾਯਾ ਤਾਂ ਓਨਾਂ ਅਗੇਂ ਬਾੜ ਡਾਹਕੇ ਝਾੜੀ ਪਰ ਦੂਜੀ ਵਾਰੀ ਕੱਸਣੀ ਨਾ ਪਾਈ ਸਿੰਘ ਤੇਗੇ ਧੂਹ ਕੇ ਗਲ ਜਾ ਪਏ। ਸ਼ੈਖੁਲਹਿੰਦ ਪੀਰ ਮਾਰਿਆ ਗਿਆ, ਫੌਜਦਾਰ ਸ਼ੇਖ ਮਹੰਮਦ ਨੱਠ ਕੇ ਭਰੋਵਾਲ ਆਪਨੇ ਪਿੰਡ ਜਾ ਵੜਿਆ, ਟੱਬਰ ਟੋਰ ਤਾਂ ਉਸਨੇ ਪਹਿਲੇ ਹੀ ਤੋਰ ਰਖਯਾ ਸੀ, ਪੀਰਮਹੰਮਦ ਫਾਜਲ ਗੱਦੀ ਨਸ਼ੀਨ ਬਥੇਰੀ ਹੱਲਾ ਸ਼ੇਰੀ ਦੇਕੇ ਲੋਕਾਂ ਨੂੰ ਕਹਿੰਦਾ ਰਿਹਾ ਕਿ ਮੈਂ ਹੁਣੇ ਬੰਦੇ ਨੂੰ ਅਜਮਤ ਨਾਲ ਮਾਰ ਦਿੰਦਾ ਹਾਂ, ਪਰ ਜਰਾਕੁ ਠਹਿਰੋ, ਭਲਾ ਕੌਣ ਖੜੋਵੇ ? ਦੂੰਮ ਹਲਾ ਕੇ ਸਭ ਨੱਠ ਤੁਰੇ,ਓੜਕ ਮਹੰਮਦ ਫਾਜਲ ਪੀਰ ਬੀ ਭੀੜ ਦੀ ਬਣੀ ਨੂੰ ਦੇਖਕੇ, ਅਪਣੇ ਸਾਥੀ ਫਕੀਰਾਂ ਤੇ ਅੰਗ ਸਾਕ ਮੁਰੀਦਾਂ ਨੂੰ ਲੈਕੇ ਬਿਆਸ ਟਪ ਕੇ ਸੁਲਤਾਨ ਪੁਰ ਜਾ ਬੈਠਾ ॥

## ਗਾਈਆਂ ਬਚਾਈਆਂ

ਏਥੇ ਹਾਥੀ ਦਰਵਾਜੇ ਤੇ ਅਰਲੀ ਦਰਵਾਜੇ ਦੇ ਵਿਚਕਾਰ ਇਕ ਬੜਾ ਭਾਰੀ ਬੂਚੜਖਾਨਾਂ ਸੀ, ਹਰ ਰੋਜ ਅਠ ੨ ਦਸ ੨ ਗਊਆਂ ਕਟੀਂ ਦੀਆਂ ਸਨ। ਏਹ ਹਾਲ ਸੁਣਦੇ

*ਇਸ ਨੇ ਕਈ ਹਜਾਰ ਹਿੰਦੂ ਮੁਸਲਮਾਨ ਬਣਾਕੇ ਆਪਣੇ ਮੁਰੀਦ ਬਣਾ ਰਖੇ ਸਨ ਸੱਚ ਹੈ (ਹਿੰਦੂ ਅੰਨਾਂ ਤੁਰਕੂ ਕਾਣਾ, ਦੋਹਾਂ ਤੇ ਗਿਆਨੀ ਸਿਆਣਾ) ਹੁਣ ਤੱਕ ਦੁਅਧੀ ਪੰਜਾਬ ਦੇ ਹਿੰਦੂ ਓਸਦੀ ਕਬਰ ਨੂੰ ਮੰਨਦੇ ਹਨ।

ਸਾਰ ਸਿੰਘ ਜਾਕੇ ਦੇ ਇਕੋ ਵਾਰੀ ਕਸਾਈ ਮੁਕਾ ਛਡੇਗਾਈਆਂ ਜੋ ਮਾਰਨ ਲਈ ਇਕ ਕੋਠੇ ਵਿਚ ਰਖ ਛਡੀਆਂ ਸਨ ਸਭ ਹਿੰਦੂਆਂ ਨੂੰ ਸੌਂਪ ਦਿਤੀਆਂ । ਕਾਜ਼ੀ ਦੇ ਮਹੱਲੇ ਤੇ ਹਵੇਲੀਆਂ ਨੂੰ ਬਰਬਾਦ ਹੁੰਦਾ ਦੇਖ ਸਭ ਆਦਮੀ ਤੀਮੀਆਂ ਘਰ ਬਾਰ ਛਡਕੇ ਜਿਧਰ ਕਿਸੇ ਦਾ ਮੂੰਹ ਹੋਯਾ ਨਠ ਗਏ । ਏਹ ਹਾਲ ਦੇਖ ਸੁਣ ਕੇ ਮਝੈਲ ਜੱਟ ਦੁਵੇਰੇ ਦੇ ਪਿੰਡਾਂ ਵਾਲੇ ਜੋ ਤਕ ਹੀ ਰਹੇ ਸੇ, ਬੇਸ਼ੁਮਾਰ ਵਟਾਲੇ ਵਿਚ ਆ ਵੜੇ। ਭਾਵੇਂ ਲੁਟ ਖਸੋਟ ਕੇ ਵੈਰਾਨ ਤਾਂ ਓਹ ਕਰ ਗਏ, ਪਰ ਨਾਮ ਸਿੰਘਾਂ ਦਾ ਹੀ ਉਘਾ ਸੀ; ਜਿਕੂੰ ਹੁਣ ਮੇਰੇ ਸਾਹਮਣੇ ਸੰ: ੧੯੫੧ ਬਿ: ਤੋਂ ਲੈਕੇ ੧੯੬੨ ਤਕ ਮਾਲਵੇ ਮਾਝੇ ਵਿਚ ਤਿੰਨ ਚਾਰ ਜਥੇ ਡਾਕੂਆਂ ਦੇ ਬੜੇ ਜੋਰ ਸ਼ੋਰ ਨਾਲ ਲੁਟਦੇ ਰਹੇ, ਜਿਨਾਂ ਦੇ ਸ਼ਿਰੋਮਣੀ ਜਿਊਣਾ ਮੌੜ, ਕਣੌਜੂ ਬਮਣ ਸੰਤਾ, ਲੌਂਗੋਵਾਲੀਏ, ਬਿਸਨਾ ਗੁਜਰਾਂਵਾਲਾ, ਦੂਲੋ, ਕਲੀ ਪੁਰੀਆ ਸੁੰਦਰ ਸਿੰਘ ਜਗਦੇਵਾਂ ਵਾਲਾ ਆਦਿਕ ਐਸੇ ਦਬ ਦਬੇ ਵਾਲੇ ਮਸ਼ਹੂਰ ਹੋ ਰਹੇ ਸਨ, ਜਿਸ ਸੇਠ ਸ਼ਾਹੂਕਾਰ ਸ੍ਰਦਾਰ ਨੂੰ ਲੁਟਣਾ ਹੁੰਦਾ ਪੈਹਲੇ ਕਹਿ ਭੇਜਦੇ ਯਾ ਕਾਗਜ ਲਿਖ ਕੇ ਉਸਦੇ ਬੂਹੇ ਨਾਲ ਲਾ ਦਿੰਦੇ ਕਿ ਜਾਂ ਤਾਂ ਐਨਾ ਖਰਚ ਭੇਜ ਦੇ ਨਹੀਂ ਤਾਂ ਫਲਾਂਣੀ ਤਰੀਕ ਤੈਨੂੰ ਲੁਟਾਂਗੇ, ਤਕੜਾ ਹੋ ਲੈ। ਜੇੜ੍ਹਾ ਖਰਚ ਦੇਕੇ ਮਾਫੀ ਮੰਗ ਲੈਂਦਾ ਉਹੋ ਬਚਦਾ ਦੂਜਾ ਲੁਟਿਆ ਜਾਂਦਾ। ਐਸੇ ਭਾੜ ਸ਼ਿਕਾਰ ਦੇਖਕੇ ਭਾਵੇਂ ਹੋਰ ਹੋਰ ਬਹਾਦਰ ਭੀ ਆਪ ਨੂੰ ਜਿਊਣਾ, ਸੁੰਦਰ ਵਗੈਰੇ ਨਾਮ ਪ੍ਰਗਟ ਕਰਕੇ ਲੁਟ ਖਸੋਟ ਕਰ ਰਹੇ ਸੇ, ਪਰ ਨਾਮ ਓਨਾਂ ਦਾ ਹੀ ਮਸ਼ਹੂਰ ਸੀ, ਜਿਨਾਂ ਨੂੰ ਫੜਨੇ ਮਾਰਨੇ ਵਾਸਤੇ ਫੂਲਕੇ ਰਾਜਿਆਂ ਦੀ ਤੇ ਫਰੀਦ

Digitized by Panjab Digital Library | www.panjabdigilib.org

ਕੋਟ, ਕਪੂਰਥਲਾ, ਅੰਗ੍ਰੇਜ਼ੀ ਗਸ਼ਤੀ ਫੌਜ ਪੁਲਸ ਦੀ ਹਰ ਵੇਲੇ ਚੜ੍ਹੀ ਰਹਿੰਦੀ ਸੀ, ਬਲਕੇ ਬਾਰ ਬਟਨ ਸਾਹਿਬ ਬਹਾਦਰ ਜੈਸੇ ਜਨਰਲ ਪੁਲਸ ਜਿਨ੍ਹਾਂ ਨੇ ਅਨੇਕ ਜ਼ਿਲਿਆਂ ਦੇ ਬੰਦੋਬਸਤ ਕਰਕੇ ਆਪਣੀ ਧਾਂਕ ਪਾ ਰਖੀ ਸੀ, ਓਹ ਬੀ ਹਾਰਕੇ ਹਥਿਆਰ ਸਿੱਟ ਬੈਠੇ ਸੇ, ਕਿਉਂਕਿ ਓਹ ਸੂਰਬੀਰ ਡਾਢੂ ਬਹਾਦਰ ਜਾਨ ਤਲੀ ਪਰ ਧਰਕੇ ਜਦ ਹੱਲਾ ਕਰਦੇ ਸੇ ਓਨਾਂ ਤੀਹਾਂ ਤੀਹਾਂ ਸ਼ੇਰਾਂ ਅਗੇ ਪੰਜ ਪੰਜ ਸੌ ਜੁਆਨ ਜਾਨ ਬਚਾਉਣੇ ਵਾਲੇ ਕਾਲੇ ਬਾਨੇ ਵਾਲੇ ਸਿਪਾਹੀ ਭੇਡਾਂ ਵਾਂਗੂ ਅੱਗੇ ਭੱਜੇ ਜਾਂਦੇ ਅਸਾਂ ਦੇਖੇ ਹਨ। ਪੁਲਿਸ ਨੂੰ ਤਾਂ ਉਨ੍ਹਾਂ ਨੇ ਸਖਤ ਵਖਤ ਪਾ ਰਖਿਆ ਸੀ ਪੁਲੀਸ ਨੂੰ ਖੀਸ ਪਾ ਛੱਡਦੇ ਜੋ ਆਖਰ ਟਾਮਕਿਨ ਸਾਹਿਬ ਬਹਾਦਰ ਨੇ ਅਨੇਕ ਭਾਂਤ ਦੇ ਧੋਖੇ ਦੇਕੇ ਫੜ ਕਰ ਕਾਲੇ ਪਾਨੀਆਂ ਨੂੰ ਭੇਜ ਦਿੱਤੇ, ਏਹੋ ਹਾਲ ਸਿੰਘਾਂ ਦੇ ਲੁਟੇਰੇ ਜੱਥਿਆਂ ਵਕਤ ਸੀ, ਨਾਲੇ ਉਸ ਸਮੇਂ ਮੁਸਲਮਾਨਾਂ ਦੀ ਹਕੂਮਤ ਵਿੱਚ ਅੰਗ੍ਰੇਜ਼ੀ ਸ੍ਰਕਾਰ ਜੈਸਾ ਇੰਤਜਾਮ ਕਿੱਥੇ ਸੀ? ਤਦੋਂ ਤਾਂ ਹਰੇਕ ਪਿੰਡ ਪਰਗਣੇ ਵਿਚ ਤਲਵਾਰ ਚਲ ਰਹੀ ਸੀ, ਬੇਅੰਤ ਖੂਨ ਰੋਜ ਹੁੰਦੇ ਰਹਿੰਦੇ ਸਨ, ਕੋਈ ਕਿਸੇ ਨੂੰ ਨਹੀਂ ਪੁਛਦਾ ਸੀ, ਹੁਣ ਤਾਂ ਇਕ ਬਕਰੀ ਦੇ ਮਾਰੇ ਜਾਣ ਦਾ ਮੁਕਦਮਾ ਚੀਫ ਕੋਰਟ ਤਕ ਪਹੁੰਚਦਾ ਹੈ।

## ਕੋਹੀ ਰਾਜੇ ਪ੍ਰਗਣਾ ਗੁਰਦਾਸਪੁਰ ਸੋਧਣਾ

ਹੁਣ ਵਟਾਲੇ ਤੋਂ ਉਠਕੇ ਬੰਦੇ ਬਹਾਦਰ ਨੇ ਸਠਾਲੇ ਬੁਤਾਲੇ ਵਾਲੇ ਸਿਖਾਂ ਦੇ ਉਮੰਗ ਦੇਣੇ ਪਰ ਓਥੋਂ ਦੇ ਰੰਘੜਾਂ ਨੂੰ ਜਾ ਘੇਰਿਆ, ਯਦਪਿ ਥੋੜੇ ਜਹੇ ਤਾਂ ਓਹ ਲੜੇ, ਪਰ ਸਿੰਘਾਂ ਨੇ ਐਸੇ ਰਾਮਜੰਗੇ ਦਾਗੇ ਓਹ ਭਾਗੇ ਆਗੇ ਲਾਗੇ ਚਲੇ ਗਏ। ਏਸੇ ਭਾਂਤ ਪਠਾਣ ਕੋਟ ਸੁਜਾਨਪੁਰ ਆਦਿਕ ਨਗਰਾਂ ਨੂੰ

Digitized by Panjab Digital Library | www.panjabdigilib.org

ਫਤੇ ਕਰਦੇ ਹੋਏ ਏਸ ਪਰਗਣੇ ਦੇ ਫੌਜਦਾਰਾਂ ਨੂੰ ਈਨ ਮਨਾਉਂਦਾ ਹੋਯਾ ਨੂਰਪੁਰ ਜਾ ਉਤਰਿਆ; ਏਸ ਧੀਮੀਂ ਜੇਹੀ ਚਾਲ ਨਾਲ ਹੀ ਕਈਹਜਾਰ ਰੁਪਯਾ ਤੇ ਘੋੜੇ ਹਥਿਆਰਵਗੈਰਾ ਸਾਮਾਨ ਬੰਦੇ ਦੇ ਹਥ ਲਗਾ ਜੋ ਉਸਨੇ ਸਬ ਸਿੰਘਾਂ ਨੂੰ ਵੰਡ ਦਿਤਾ। ਨੂਰਪੁਰੀਏ ਰਾਜੇ ਤੋਂ ਨਜਰਾਨਾ ਲੈਕੇ ਪੜੋਲ ਦੜੋਲ, ਚਲੈਣੀ, ਹਰੀਪੁਰ, ਕਾਂਗੜਾ ਆਦਿਕ ਰਿਆਸਤਾਂ ਦੇ ਮਾਲਕਾਂ ਤੇ ਜ਼ਿਮੀਂਦਾਰਾਂ ਨੂੰ ਅਪਨੀ ਈਨ ਮਨਾ ਲੀਤੀ।

ਬੰਦੇ ਦੀ ਏਸ ਸ਼ੇਰ ਵਾਲੀ ਝਪਟ ਤੋਂ ਸਾਰੇ ਪਹਾੜੀ ਰਾਜੇ ਡਰ ਗਏ, ਐਸੀ ਭਿਆਨਕ ਚਰਚਾ ਘਰ ਘਰ ਹੋਣ ਲਗੀ ਜਿਸ ਤੋਂ ਸਭ ਦੇ ਦਿਲ ਕੰਬ ਗਏ, ਕੋਈ ਬੰਦੇ ਬਹਾਦਰ ਨੂੰ ਅਵਤਾਰ, ਕੋਈ ਸਿਧ, ਕੋਈ ਮਹਿਦੀ, ਕੋਈ ਜੋਗੀਸ਼ੁਰ ਦਸਦਾ ਸੀ, ਬਹੁਤੇ ਕੈਂਹਦੇ ਸੇ ਏਸਨੇ ਚਾਰ ਦੇਉ ਸੇਵੇ ਹੋਏ ਹਨ, ਓਨਾਂ ਤੋਂ ਜੋ ਚਾਹੁੰਦਾ ਹੈ ਓਹੋ ਕੰਮ ਕਰਾ ਕਢਦਾ ਹੈ, ਏਹ ਜਾਦੂਗਰ ਕਾਮਲ ਮੌਤ ਦਾ ਪੁਤਲਾ ਬਨ ਰਿਹਾ ਹੈ, ਜੋ ਕੋਈ ਏਸਦੇ ਮੁਕਾ- ਬਲੇ ਪਰ ਜਾਂਦਾ ਹੈ ਓਹੋ ਮਾਰਿਆ ਜਾਂਦਾ ਹੈ, ਮੁਸਲਮਾਨ ਤਾਂ ਹਰ ਜਗਾਂ ਝੂਰ ਝੂਰ ਮੁਰਦੇ ਸਮਾਨ ਬਨ ਰਹੇ ਸੇ। ਬਲਕੇ ਜਿਸ ਕਿਸੇ ਫੌਜਦਾਰ ਸਰਦਾਰ ਨੂੰ ਸੂਬਾ ਲਾਹੌਰ ਫੌਜ ਦੇਕੇ ਬੰਦੇ ਨਾਲ ਲੜਾਈ ਕਰਨ ਵਾਸਤੇ ਹੁਕਮ ਦਿੰਦਾ ਸੀ, ਓਹੋ ਥਰ ਥਰ ਕੰਬਦਾ ਹੋਇਆ ਕੋਈ ਨਾ ਕੋਈ ਬਹਾਨਾ ਕਰਕੇ ਯਾ ਅਸਤੀਫਾ ਦੇਕਰ ਘਰ ਜਾ ਬੈਠਦਾ ਸੀ, ਇਸੇ ਕਰਕੇ ਸਿੰਘ ਲਾਹੌਰ ਦੀ ਫਸੀਲ ਤਕ ਬੇਖਟਕੇ ਚੱਲੇ ਜਾਂਦੇ ਸੇ॥

## ਪਹਾੜੀਆਂ ਦੇ ਕਿਲੇ ਫਤੇ ਕਰਨੇ

ਉਕਤ ਸੰਸਾਰਕ ਚਰਚਾ ਦੇ ਅਸਰ ਨੇ ਬਾਬੇ ਬੰਦੇ ਨੂੰ

Digitized by Panjab Digital Library | www.panjabdigilib.org

ਸਮੇਤ ਸਿੰਘਾਂ ਦੇ ਤਾਂ ਦੂਣੀ ਉਮੰਗ ਚੜ੍ਹਾ ਰਖੀ ਸੀ ਤੇ ਪਹਾੜੀ ਰਾਜਿਆਂ ਸਮੇਤ ਤੁਰਕਾਂ ਦੇ ਦਿਲ ਢਾਹ ਰਖੇ ਸਨ, ਐਸੇ ਚੰਗੇ ਵੇਲੇ ਨੂੰ ਬੰਦੇ ਤੇ ਸਿੰਘਾਂ ਨੇ ਭੀ ਸੁੱਕਾ ਨਾ ਜਾਣ ਦਿਤਾ ਸਾਰੇ ਪਹਾੜਾਂ ਦੇ ਨਾਮੀ ਨਾਮੀ ਰਾਜਿਆਂ ਨੂੰ ਲਿਖ ਭੇਜਿਆ ਕਿ ਆਪ ਖਾਲਸੇ ਦੀ ਈਨ ਮੰਨੋ ਨਹੀਂ ਤਾਂ ਜੰਗ ਲੈਣਾ ਮੰਨੋ। ਏਸ ਸਨੇਹੇ ਦੇ ਜਵਾਬ ਵਿਚ ਰਾਜੇ ਕਟੋਚੀਏ, ਬਿਲਾਸਪੁਰੀਏ ਵਗੈਰਾ ਨੇ ਬੜੇ ਜ਼ੋਰ ਨਾਲ ਲਿਖ ਭੇਜਿਆ ਕਿ ਤੇਰੇ ਜੈਸੇ ਚੇਟਕੀ ਜਾਦੂਗਰ ਕੀਰ ਫਕੀਰ ਪਰਬਤ ਨਿਵਾਸੀ ਸਾਡੇ ਨੌਹਾਂ ਵਿਚ ਪਏ ਹਨ ਤੂੰ ਬੇਸ਼ੱਕ ਚਲਾ ਆ ਅਸੀ ਵੰਗਾਂ ਨਹੀਂ ਪੈਹਨੀਆਂ ਹੋਈਆਂ ਸ਼ਸਤ੍ਰ ਧਾਰੀ ਛਤ੍ਰੀ ਪੁਤ੍ਰ ਜੰਗ ਦੇ ਪਿਆਰੇ ਹਾਂ, ਕੋਈ ਲਾਗੀ ਢਾਗੀ ਨਹੀਂ ਹਾਂ॥

ਏਸ ਜਵਾਬ ਨੂੰ ਸੁਣਦੇ ਸਾਰ ਬਾਬਾ ਬੰਦਾ ਤਾਂ ਵਡੇ ਜੋਸ਼ ਵਿਚ ਆਕਰ ਅੱਗ ਦਾ ਭਾਂਬੜ ਹੋਗਿਆ, ਫੌਰਨ ਚੜ੍ਹਾਈ ਦਾ ਨਗਾਰਾ ਵਜਵਾ ਦਿਤਾ, ਸਿੰਘ ਤਾਂ ਪੈਹਲੇ ਹੀ ਬਿਲਾਸਪੁਰੀਏ ਰਾਜੇ ਪਰ ਦੰਦ ਚਬ ਰਹੇ ਸੇ, ਕਿਉਂਕਿ ਓਥੋਂ ਦੇ ਰਾਜੇ ਭੀਮ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਕੁਛ ਥੋੜੀਆਂ ਬੁਰਾਈਆਂ ਲੜਾਈਆਂ ਨਹੀਂ ਕੀਤੀਆਂ ਸਨ ਬਲਕੇ ਓਸਨੇ ਸ਼ਾਹੀ ਲਸ਼ਕਰ ਨੂੰ ਲਿਆ ਕੇ ਸਿਖਾਂ ਨੂੰ ਤੇ ਗੁਰੂ ਜੀ ਨੂੰ ਅਨੰਦ ਪੁਰੋਂ ਕਢਾਯਾ ਸੀ, ਝਟ ਪਟ ਤਿਆਰ ਹੋਕੇ ਪਹਾੜੀਆਂ ਨੂੰ ਮਾਰੋ ਮਾਰ ਕਰਦੇ ਚਲ ਪਏ, ਅਗੇ ਕੋਹੀ ਰਾਜਿਆਂ ਨੂੰ ਧੁੜਕੂ ਤਾਂ ਪੈ ਹੀ ਰਿਹਾ ਸੀ, ਓਹ ਬੀ ਕਠੇ ਹੋਕੇ ਇਕ ਚੁਨੇ ਹੋਏ ਮਲੂਨ ਦੇ ਪਕੇ ਕਿਲੇ ਵਿਚ ਲੜਾਈ ਨੂੰ ਤਿਆਰ ਹੋ ਬੈਠੇ, ਹੋਰ ਚੀਏ ਮੀਏਂ ਕੌਮਾਂ ਦੇ ਆਦਮੀ ਤੇਰਾਂ ਚੌਦਾਂ ਸੌ ਸਿਪਾਹੀ ਬੁਲਾ ਲੀਤੇ, ਏਧਰੋਂ ਬਾਬਾ ਬੰਦਾ ਭੀ ਸੰ: ੧੭੭੨ ਨੂੰ ਚੜ੍ਹਦੇ ਵਸਾਖ ਬਾਘ

ਸਿੰਘ, ਰਣਜੋਧ ਸਿੰਘ, ਖੜਕ ਸਿੰਘ, ਝੱਡੂ ਸਿੰਘ, ਬਾਘੜ ਸਿੰਘ, ਕੇਹਰ ਸਿੰਘ, ਬਹਾਦਰ ਸਿੰਘ ਆਦਿਕ ਨਾਮੀ ੨ ਸਰਦਾਰਾਂ ਨੂੰ ਤੇ ਚੁਣੇ ਹੋਏ ਸਿੰਘਾਂ ਦੀ ਫੌਜ ਲੈਕੇ ਪਹਾੜੀ ਰਾਜਿਆਂ ਉਤੇ ਬੱਜ੍ਰ ਦੀ ਤਰਾਂ ਜਾ ਪਿਆ, ਹਲਚਲੀ ਪਾ ਦਿਤੀ, ਪਰਬਤੀ ਰਾਜਿਆਂ ਨੇ ਤਿੰਨ ਹਿਰਤਾਂ ਤੀਰ ਗੋਲੀ ਦੀ ਬਰਖਾ ਕੀਤੀ, ਆਖਰ ਬੰਦੇ ਬਹਾਦਰ ਨੇ ਸਿੰਘਾਂ ਦਾ ਹੱਲਾ ਕਰਵਾ ਦਿੱਤਾ, ਖਾਲਸੇ ਨੇ ਕਿਲੇ ਨੂੰ ਤੋੜਕੇ ਅੰਦਰ ਦਾਖਲ ਹੋ ਆਪਣੀ ਤਲਵਾਰ ਨੂੰ ਐਸਾ ਸੁਆਦ ਰਖਾਯਾ ਜੋ ੧੩੦੦ ਤੇਰਾਂ ਸੌ ਚੀਂਏ ਮੀਏਂ ਖਾਕੇ ਬੀ ਨਾ ਰੱਜੀ; ਆਖਰ ਹੋਰ ਜੋ ਵਡੇ ੨ ਹੰਕਾਰੀ ਬਹਾਦਰ ਰਾਜਪੂਤ ਲੜਾਕੇ ਸੇ ਉਨਾਂ ਦਾ ਲਹੂ ਪੀਕੇ ਠਹਿਰੀ। ਏਹ ਤੇਜ ਪ੍ਰਤਾਪ ਖਾਲਸੇ ਦੀ ਤੇਗ ਦਾ ਦੇਖਕੇ ਪਹਾੜੀ ਰਾਜੇ ਤਾਂ ਬੇਗ ਹੀ ਬਾਬੇ ਬੰਦੇ ਦੇ ਪੈਰੀਂ ਆ ਪਏ, ਅਗੇ ਨੂੰ ਈਨ ਮੰਨਕੇ ਏਹ ਲਿਖਤ ਪਾ ਦਿਤੀ ਕਿ ਅਸੀ ਹਮੇਸ਼ ਖਾਲਸੇ ਦੇ ਤਾਏਦਾਰ ਬਨੇ ਰਹਾਂਗੇ। (ਸਚ ਹੈਃ-ਡੰਡਾ ਪੀਰ ਹੈ ਵਿਗ- ੜਿਆਂ ਤਿਗੜਿਆਂ ਦਾ ਸੋਟਾ ਭੂਤ ਨੂੰ ਨਾਚ ਨਚਾਉਂਦਾ ਹੈ) ਫੇਰ ਤਾਂ ਬੰਦੇ ਦੀ ਐਸੀ ਧਾਂਕ ਪਈ ਕਿ ਜਿਧਰ ਜਾਏ ਅਗੋਂ ਹੀ ਪਹਾੜੀ ਰਾਜੇ ਨਜ਼ਰਾਂ ਲੈਕੇ ਆ ਮਿਲਣ। ਰਾਜਾ ਸੁਧ੍ਰ ਸੈਣ ਮੰਡੀ ਵਾਲਾ ਤਾਂ ਮਨ ਤਨ ਤੋਂ ਚੇਲਾ ਹੀ ਬਣ ਗਿਆ ਤੇ ਬੰਦੇ ਨੂੰ ਆਪਣੇ ਘਰ ਰਖਕੇ ਵਜਾਹ ਕਰਾ ਦਿਤਾ, ਜਿਸ ਵਿਚੋਂ ਇਕ ਬੇਟੀ ਜੰਮੀ ਸੀ ਜੋ ਮਰ ਗਈ॥

## ਬੰਦੇ ਦਾ ਚੰਬੇ ਜਾਣਾ

ਹੁਣ ਬਾਈ ਧਾਰ ਪਹਾੜੀ ਰਾਜਿਆਂ ਦਾ ਬਾਦਸ਼ਾਹ ਬਨਕੇ ਬੰਦੇ ਨੂੰ ਬੜਾ ਭਾਰਾ ਮਾਨ ਹੋ ਗਿਆ, ਰਿਆਸਤਾਂ ਵਿਚ ਦੌਰਾ

Digitized by Panjab Digital Library | www.panjabdigilib.org

ਕਰਨ ਦਾ ਆਡਰ ਦੇਕੇ ਪਹਿਲੇ ਚੰਬੇ ਦੇ ਪਹਾੜ ਦੀ ਤਾਰੀਫ ਸੁਣ ਕੇ ਉਧਰ ਨੂੰ ਰਵਾਨਾ ਹੋਯਾ ਤਾਂ ਓਥੋਂ ਦੇ ਰਾਜੇ ਨੇ ਬੰਦੇ ਨੂੰ ਲੈ ਆਉਣ ਵਾਸਤੇ ਆਪਣੇ ਵਜ਼ੀਰ ਨੂੰ ਪੇਸ਼ਵਾਈ ਵਿਚ ਦਰਿਆਓਂ ਪਾਰ ਭੇਜਕੇ ਬੰਦੇ ਦੀ ਪ੍ਰੀਖਯਾ ਕਰਨ ਵਾਸਤੇ ਕਿਸ਼ਤੀਆਂ ਸਬ ਖਿਚਵਾ ਲਈਆਂ। ਵਜ਼ੀਰ ਨੇ ਬੰਦੇ ਨੂੰ ਆਖਿਆ, ਮਹਾਰਾਜ ! ਕਿਸ਼ਤੀ ਕੋਈ ਨਹੀਂ ਰਹੀ ਪਾਰ ਚਲਣਾ ਜ਼ਰੂਰੀ ਹੈ, ਤਦੋਂ ਏਹ ਦੋਵੇਂ ਇਕ ਸਿਲਾ ਉਪਰ ਬੈਠੇ ਸੇ। ਪੋਥੀਆਂ ਵਿਚ ਲਿਖਿਆ ਹੈ ਕਿ ਬੰਦਾ ਉਸੇ ਸਿਲਾ ਨੂੰ ਕਿਸ਼ਤੀ ਵਾਂਗੂੰ ਦਰਿਆ ਪਰ ਤਰਾ ਕੇ ਚੰਬੇ ਵਿਚ ਲੈ ਆਇਆ। ਓਹ ਸਿਲਾ ਨੌ ਗਜ਼ ਲੰਬੀ ੭ ਗਜ਼ ਚੌੜੀ ਕਾਲੇ ਰੰਗ ਦੀ ਹੁਣ ਤਾਂਈ ਉਸੇ ਥਾਂ ਪਈ ਮੰਨੀ ਪੂਜੀ ਜਾਂਦੀ ਹੈ। ਇਸ ਅਜਮਤ ਨੂੰ ਦੇਖਕੇ ਚੰਬੇ ਦਾ ਰਾਜਾ ਬੀ ਬੰਦੇ ਦਾ ਚੇਲਾ ਬਣ ਗਿਆ ਤੇ ਇਕ ਰਜਪੂਤ ਦੀ ਬੇਟੀ ਨਾਲ ਬੰਦੇ ਦੀ ਦੂਸਰੀ ਸ਼ਾਦੀ ਕਰਾ ਦਿਤੀ। ਇਸ ਵਿਚੋਂ ਇਕ ਬੇਟਾ ਜੋਰਾਵਰ ਸਿੰਘ ਪੈਦਾ ਹੋਇਆ ਸੀ ਜੋ ਦਿੱਲੀ ਵਿਚ ਸ਼ਹੀਦ ਹੋਇਆ ਹੈ। ਏਸੇ ਭਾਂਤ ਹੋਰ ਹੋਰ ਪਰਬਤਾਂ ਦਾ ਸੈਲ ਕਰਦਾ ਹੋਇਆ ਸੰ: ੧੭੭੨ ਬਿ: ਨੂੰ ਜਦ ਬੰਦਾ ਕੁਲੂ ਵਿਚ ਗਿਆ ਤਾਂ ਓਥੋਂ ਦੇ ਰਾਜੇ ਨੇ ਸ਼ਾਹੀ ਹਾਕਮਾਂ ਦੇ ਕਹੇ ਫਰੇਬ ਨਾਲ ਬਾਬੇ ਬੰਦੇ ਨੂੰ ਕੈਦ ਕਰ ਲੀਤਾ ਤੇ ਓਧਰ ਅਸਲਮ ਖਾਂ ਸੂਬੇ ਲਾਹੌਰ ਨੂੰ ਲਿਖ ਭੇਜਿਆ ਤੇ ਏਧਰ ਬੰਦੇ ਨੂੰ ਆਖਿਆ ਜੇ ਤੂੰ ਮੇਰੀ ਕੈਦ ਵਿਚੋਂ ਨਿਕਲ ਜਾਵੇਂ ਤਾਂ ਮੈਂ ਤੇਰਾ ਚੇਲਾ ਬਣ ਜਾਵਾਂ। ਬੰਦੇ ਨੇ ਜਵਾਬ ਦਿਤਾ ਜੋ ਗੁਰੂ ਕਰੂ ਸੋ ਹੋਊ ਤੂੰ ਅਪਨੀ ਕਸਰ ਮਿਟਾ ਲੈ, ਮੈਂ ਤੇਰੀ ਕੈਦ ਵਿਚ ਨਹੀਂ ਰੈਹਣਾ, ਪਰ ਦੇਰ ਤਾਂ ਲਾਈਏ

Digitized by Panjab Digital Library | www.panjabdigilib.org

ਜੋ ਹਥੀਂ ਰੰਗਣ ਨਾ ਖੁਲੇ, ਤਦੋਂ ਨੂੰ ਬਾਬੇ ਬੰਦੇ ਦਾ ਕੈਦ ਹੋਣਾ ਸੁਣ ਕੇ ਰਾਜਾ ਸੁਧ੍ਰ ਸੈਣ ਸਿੰਘਾਂ ਦੀ ਫੌਜ ਲੈਕੇ ਕੁਲੂ ਜਾ ਪਹੁੰਚਜਾ। ਸਿੰਘਾਂ ਨੇ ਓਸਦੇ ਦੇਸ ਦੀ ਲੂਟ ਪੂਟ ਕਰਨੀ ਸ਼ੁਰੂ ਕਰ ਦਿਤੀ। ਲਾਚਾਰ ਹੋਕੇ ਕੁਲੂ ਵਾਲੇ ਰਾਜਾ ਨੇ ਬੰਦੇ ਨੂੰ ਛਡ ਦਿਤਾ ਤੇ ਖਾਲਸੇ ਨੂੰ ਨਜ਼ਰਾਨਾ ਦੇਕੇ ਮਿਨਤਾਂ ਨਾਲ ਤੋਰਿਆ। ਰਤਨ ਸਿੰਘ ਨੇ ਲਿਖਜਾ ਹੈ ਕਿ ਜਦ ਰਾਜਾ ਕੁਲੂ ਵਾਲਾ ਲੋਹੇ ਦੇ ਪਿੰਜਰੇ ਵਿਚ ਪਾਕੇ ਬੰਦੇ ਨੂੰ ਲਾਹੌਰ ਦੀ ਤਰਫ ਤੋਰਨ ਲਗਾ ਤਾਂ ਬੰਦੇ ਨੂੰ ਸਣੇ ਪਿੰਜਰੇ ਬੀਰਾਂ ਨੇ ਉਡਾਕੇ ਮੰਡੀ ਵਿਚ ਲੈ ਆਂਦਾ। ਬੰਦੇ ਨੂੰ ਤਾਂ ਰਾਜੇ ਸੁਧਰ ਸੈਨ ਨੇ ਪ੍ਰੇਮ ਨਾਲ ਟਿਕਾ ਰਖਿਆ, ਏਧਰ ਸੰ:੧੭੬੯ ਬਿ: ਨੂੰ ਬਹਾਦਰ ਸ਼ਾਹ ਦੇ ਮਰੇ ਬਾਦ ਇਕ ਬਰਸ ਤਾਂ ਓਸਦੇ ਸ਼ਾਹਜ਼ਾਦਿਆਂ ਵਿਚ ਝਗੜੇ ਲੜਾਈਆਂ ਬਣੇ ਰਹੇ ਫੇਰ ਭਾਵੇਂ ਜਹਾਂਦਾਰ ਸ਼ਾਹ ਤਖਤ ਉਤੇ ਬੈਠਾ, ਪਰ ਅਮਨ ਨਾ ਹੋਇਆ, ਤੇਰਾਂ ਮਹੀਨੇ ਦੇ ਬਾਦ ਜਦ ਓਹ ਬੀ ਮਾਰਿਆ ਗਿਆ ਤਾਂ ਫੇਰ ਅਠ ਮਹੀਨੇ ਰੌਲਾ ਪਿਆ ਰੈਹਣ ਕਰਕੇ ਸਿੰਘਾਂ ਨੇ ਚੰਗੇ ਹਥ ਰੰਗੇ, ਭਾਵੇਂ ਫਰੁਖਸੀਅਰ ਬਾਦਸ਼ਾਹ ਕਾਇਮ ਹੋਗਿਆ ਸੀ, ਪਰ ਓਸ ਨੂੰ ਬੀ ਅਠ ਦਸ ਮਹੀਨੇ ਘਰ ਦੇ ਝਗੜਿਆਂ ਨੇ ਸਿਖਾਂ ਵੱਨੀ ਤੱਕਣ ਨਹੀਂ ਦਿਤਾ, ਨਾਲੇ ਬੰਦੇ ਬਹਾਦਰ ਨੂੰ ਰਾਜੇ ਸੁਧਰ ਸੈਨ ਮੰਡੀ ਵਾਲੇ ਨੇ ਅਪਣੇ ਪ੍ਰੇਮ ਦੇ ਪਿੰਜਰ ਵਿਚ ਪਾਕੇ ਆਪਨੇ ਪਾਸ ਹੀ ਟਿਕਾ ਰਖਿਆ ਸੀ, ਕਿਉਂਕਿ ਰਾਜੇ ਸੁਧਰਸੈਨ ਨੂੰ ਨਾਟਕ ਚੇਟਕ ਤਮਾਸ਼ੇ ਦੇਖਨ ਦਾ ਬਹੁਤ ਸ਼ੌਕ ਸੀ, ਸੋਈ ਬਾਬਾ ਬੰਦਾ ਬਹਾਦਰ ਬੇ ਸ਼ੁਮਾਰ ਕਈ ਪ੍ਰਕਾਰ ਦੇ ਨਾਟਕ ਚੇਟਕ ਜਾਦੂ ਸੱਚੇ ਝੂਠੇ ਬਹੁਤ ਕਰਕੇ ਦਿਖਾਣ ਜਾਣਦਾ ਸੀ, ਸੋ ਦਿਖਾਉਂਦਾ ਰਿਹਾ।

Digitized by Panjab Digital Library | www.panjabdigilib.org

ਦੂਜੇ ਪਹਾੜੀ ਰਾਜੇ ਬੰਦੇ ਤੋਂ ਡਰਦੇ ਹੋਏ ਸੁਧਰ, ਸੈਨ ਦੇ ਖੁਸ਼ਾਮਦੀ ਬਣ ਰਹੇ ਸੇ, ਏਸ ਕਰਕੇ ਵੀ ਰਾਜਾ ਬੰਦੇ ਨੂੰ ਨਹੀਂ ਤੁਰਨ ਦਿੰਦਾ ਸੀ। ਤੀਜਾ ਬੰਦੇ ਦੇ ਪ੍ਰਤਾਪ ਨਾਲ ਸਿੰਘ ਵੀ ਆਪਨੇ ੨ ਇਲਾਕੇ ਵਿਚ ਸੁਤੰਤਰ ਸੁਖ ਭੋਗਦੇ ਹੋਏ ਹਕੂਮਤ ਕਰ ਰਹੇ ਸੇ। ਚੌਥੇ ਸੂਬੇਦਾਰ ਲਾਹੌਰੀ ਅਬਦੁਲ ਸਮੁੰਦ ਖਾਂ ਜੰਗ ਦਲੇਰ ਨੇ ਏਹੋ ਸਮਝ ਰਖੀ ਸੀ ਕਿ ਮੇਰੇ ਤੇਜ ਪ੍ਰਤਾਪ ਦੇ ਇਕਬਾਲ ਨਾਲ ਕੋਈ ਉਪਦ੍ਰਵ ਮੇਰੇ ਇਲਾਕੇ ਵਿਚ ਨਹੀਂ ਉਠਿਆ ਏਹ ਸਿੰਘ ਖੁਦ ਹੀ ਮੈਥੋਂ ਡਰ ਕਰ ਜੰਗ ਜਦਲ ਲੁਟ ਮਾਰ ਕਰਨੋਂ ਹਟ ਬੈਠੇ, ਏਨੇ ਹੀ ਦਿਨਾਂ ਦੀ ਚੁਪ ਚਾਪ ਨੂੰ ਮੁਸਲਮਾਨ ਹਰੇਕ ਹਾਕਮ ਨੇ ਆਪਣੀ ੨ ਹਿਕਮਤ ਤੇ ਕਿਸਮਤ ਦੇ ਪ੍ਰਤਾਪ ਦਾ ਸਿੱਟਾ ਅਮਨ ਚੈਨ ਮੰਨ ਰਖਿਆ ਸੀ॥

## ਜਲਾਲਖਾਂ ਪਰ ਖਾਲਸੇ ਦੀ ਪਰੋਪਕਾਰ ਹਿਤ ਲੜਾਈ

ਹੁਣ ਉਕਤ ਪੰਜ ਚਾਰ ਕਾਰਨਾਂ ਕਰਕੇ ਕਈ ਮਹੀਨੇ ਜੋ ਅਮਨ ਚੈਨ ਵਰਤੀ ਰਹੀ, ਸਿੰਘ ਆਪਨੇ ੨ ਟਕਾਨੇ ਪਰ ਤੇ ਬਾਬਾ ਬੰਦਾ ਅਪਨੇ ਸਹੁਰੇ ਘਰ ਸੁਧ੍ਰਸੈਨ ਮੰਡੀ ਵਾਲੇ ਰਾਜੇ ਪਾਸ ਪਰਚ ਰਿਹਾ ਸੀ, ਤਦੋਂ ਜਲਾਲਾਬਾਦ ਵਾਲੇ ਨਵਾਬ ਜਲਾਲ ਖਾਂ ਨੇ ਇਕ ਵਡਾ ਭਾਰੀ ਅਤਯਾਚਾਰੀ ਦਾ ਜਾਲ ਫੈਲਾ ਕੇ ਆਪਣੀ ਚੰਦ੍ਰੀ ਚਾਹ ਐਉਂ ਪੂਰੀ ਕੀਤੀ:-

ਪਿਛੇ ਪ੍ਰਸੰਗ ਆ ਚੁਕਾ ਹੈ ਜਦ ਮੇਹਰਟ ਦੇ ਇਰਦੇ ਗਿਰਦੇ ਦੂਰ ਦੂਰ ਤਕ ਦੇਸ ਨਿਵਾਸੀ ਲੋਕ ਮੁਸਲਮਾਨਾਂ ਦੇ ਹਥੋਂ ਹਿੰਦੂਆਂ ਉਤੇ ਜੁਲਮ ਹੁੰਦੇ ਦੇਖ ਸੁਣ ਉਨਾਂ ਅਤਯਾ-

ਚਾਰਾਂ ਨੂੰ ਰੋਕਣ ਵਾਸਤੇ ਬਾਬੇ ਬੰਦੇ ਬਹਾਦਰ ਨੇ ਹਿੰਦੂਆਂ ਦੀਆਂ ਫਰਯਾਦਾਂ ਸੁਣ ਕੇ ਉਨ੍ਹਾਂ ਨੂੰ ਸੁਖੀ ਕਰਨ ਲਈ ਪੰਥ ਖਾਲਸੇ ਸਮੇਤ ਲੋਹਗੜ ਤੋਂ ਉਠਕੇ ਪਹਿਲੇ ਸਹਾਰਨ ਪੁਰ ਦੇ ਪਰਗਨੇ ਦੀ ਕਹੀ ਕੀਤੀ, ਫੇਰ ਦੇਉਬਣ, ਮੀਰਾਂਪੁਰ, ਮੁਜ਼ਫਰ ਨਗਰ ਵਗੈਰਾ ਬੇਸ਼ੁਮਾਰ ਸ਼ੈਹਰਾਂ ਕਸਬੇ ਪਿੰਡਾਂ ਦੀ ਸੁਧਾਈ ਕਰਦੇ ਹੋਏ ਜਲਾਲ ਖਾਂ ਨਵਾਬ ਵਰਗੇ ਬਹੁਤ ਸਾਰੇ ਵਡੇ ੨ ਰਈਸਾਂ ਨੂੰ ਦਰੜ ਫਰੜ ਕਰਕੇ ਕਈ ਮਹੀਨੇ ਓਸ ਦੇਸ ਦਾ ਦੌਰਾ ਕਰਕੇ ਮੋਟੀਆਂ ਮੋਟੀਆਂ ਫਤੇ ਦੀਆਂ ਵਡਿਆਈਆਂ ਖਟ ਲਿਆਏ ਸਨ, ਓਸ ਸਮੇਂ ਤੋਂ ਉਸ ਦੇਸ ਦੇ ਨਿਵਾਸੀ ਬਹੁਤ ਸਾਰੇ ਛਤ੍ਰੀ ਦੀ ਚੜ੍ਹਦੀ ਕਲਾ ਬੜ੍ਹਦੀ ਕੌਮ ਦੇਖਕੇ ਮੁਸਲਮਾਨਾਂ ਦੇ ਜ਼ੁਲਮਾਂਜੋਰਾਵਰੀਆਂ ਤੋਂ ਤੰਗ ਆਏ ਹੋਏ ਸਿੰਘ ਸਜਣ ਲਗ ਪਏ ਸੇ, ਜਿਨ੍ਹਾਂ ਵਿੱਚ ਮੁਖੀਏ ਦਰਜੇ ਅਬਲ ਨੁਨਾਰਸੇ ਪਿੰਡ ਵਾਲੇ ਨੁਨਾਰ ਗੋਤੇ ਰਾਜਪੂਤ ਸਨ। ਜਲਾਲ ਖਾਂ ਵਗੈਰਾ ਮਹੰਮਦੀਆਂ ਨੇ ਮਤਾ ਮਤਾ ਕਰ ਮੱਖੀ ਰਾਮ ਪੰਡਤ ਦੀ ਮਾਰਫਤ ਜੋ ਇਕ ਬੜਾ ਮਸ਼ਹੂਰ ਬ੍ਰਾਹਮਣ ਰਾਜਪੂਤਾਂ ਦਾ ਪ੍ਰੋਹਤ ਸੀ, ਓਸ ਦ੍ਵਾਰਾ ਪਹਿਲੇ ਮੇਲ ਗੇਲ ਕਰਕੇ ਫੇਰ ਜਲਾਲ ਖਾਂ ਨੇ ਅਪਨੇ ਪੁਤ੍ਰ ਦੇ ਵਿਆਹ ਵਿਚ ਦਗੇ ਫਰੇਬ ਨਾਲ ਕਿਲੇ ਵਿਚ ਬੁਲਾਕੇ ਦੋ ਢਾਈ ਸੌ ਰਜਪੂਤ ਕੈਦ ਕਰ ਲੀਤੇ, ਕੁਛ ਕਤਲ ਹੋ ਗਏ ਬਹੁਤੇ ਖਾਨੇ ਵਿਚ ਜ਼ਹਿਰ ਪਾਕੇ ਨਬੇੜੇ, ਓਨਾਂ ਵਿਚੋਂ ਅਜੇ ੧੨੫ ਸਿੰਘ ਅਪਣੇ ਰਾਜੇ ਭੀਖਾ ਸਿੰਘ ਸਮੇਤ ਜਲਾਲਾਬਾਦ ਦੇ ਕਿਲੇ ਵਿਚ ਕੈਦ ਸਨ ਜੋ ਹੁਣ ਕਤਲ ਕੀਤੇ ਗਏ। ਏਹ ਖਬਰ ਪਾਕੇ ਏਧਰੋਂ ਪੰਥ ਖਾਲਸੇ ਦੇ ਮੁਖੀਏ ੨ ਸਰਦਾਰਾਂ ਨੇ ਬੰਦੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੌਂਹ ਪਾਕੇ ਛੁਡਾਉਣ ਦਾ ਵਾਇਦਾ ਕਰ

ਲੀਤਾ ਹੋਯਾ ਸੀ। ਜਦ ਜਲਾਲ ਖਾਂ ਨੇ ਪੰਥ ਦੇ ਵਾਇਦੇ ਦਾ ਬ੍ਰਿਤਾਂਤ ਪੱਕੇ ਤੌਰ ਪਰ ਸਹੀ ਕਰ ਲੀਤਾ, ਤਦੋਂ ਓਹੋ ਇਕ ਸੌ ਪੈਂਤੀ ਰਾਜਪੂਤ ਕੈਦੀ ਸਿੰਘ ਬੜੇ ਭਾਰੇ ਭਾਰੇ ਕਸ਼ਟ ਵਿਖਾ ਵਿਖਾ ਸਭ ਮਾਰ ਸੁਟੇ, ਬਲਕੇ ਓਸ ਦੇਸ ਵਿਚੋਂ ਭੀ ਚੁਣ ਚੁਣ ਕਰਕੇ ਬੇਸ਼ੁਮਾਰ ਸਿੰਘ ਮਰਵਾ ਸੁਟੇ ॥

ਓਦੋਂ ਏਧਰ ਜੋ ਪਾਨੀਪਤ ਕਰਨਾਲ ਦੇ ਪਰਗਣੇ ਮਲ ਕੇ ਤਿਰਾਵੜੀ ਦੀ ਸਰਾਂ ਕਿਲੇ ਵਰਗੀ ਵਿਚ ਪੰਜ ਕੁ ਹਜਾਰ ਸਿੰਘ ਸ਼ਾਹੀ ਫੌਜ ਦੀ ਰੋਕ ਵਾਸਤੇ ਬਾਬੇ ਬੰਦੇ ਨੇ ਉਤਾਰ ਰਖੇ ਸਨ, ਓਨਾਂ ਨੂੰ ਖਬਰ ਲਗੀ ਕਿ ਜੋ ਨੁਨਾਰਸੇ ਵਾਲੇ ਸਿੰਘ ਜਲਾਲ ਖਾਂ ਨੇ ਕੈਦ ਕਰ ਰੱਖੇ ਸਨ ਬੁਰੀਬੇਤਰਸੀ ਨਾਲ ਅਤਿਅੰਤ ਦੁਖ ਦੇਕੇ ਮਾਰ ਸੁਟੇ, ਏਸੇ ਭਾਂਤ ਓਸ ਦੇਸ ਦੇ ਨਾਮੀ ਨਾਮੀ ਹੋਰ ਬਹੁਤ ਸਾਰੇ ਲੋਗਾਂ ਨੇ ਜਦ ਦਿਲ ਚੀਰਵੇਂ ਸਨੇਹੇ ਜਿਥੇ ਕਿਤੇ ਸਿੰਘਾਂ ਪਾਸ ਘੱਲੇ ਤਾਂ ਬੜਾ ਭਾਰੀ ਸ਼ੋਕ ਹੋਯਾ, ਪਰ ਬੰਦੇ ਬਹਾਦਰ ਪਾਸ ਖਬਰ ਨਾ ਪੁੱਜੀ ਦੂਸਰੇ ਜੱਥਿਆਂ ਵਾਲੇ ਸੁਣ ਸੁਣਕੇ ਅਜੇ ਤਿਆਰੀਆਂ ਹੀ ਕਰ ਰਹੇ ਸੇ, ਤਦੋਂ ਨੂੰ ਤਿਹਾਵੜੀ ਵਾਲੇ ਸਿੰਘਾਂ ਨੂੰ ਤਾਂ ਐਸੀ ਚਟਪਟੀ ਲੱਗੀ ਫੌਰਨ ਅਰਦਾਸੇ ਸੋਧ ੨ ਚੜ੍ਹ ਬੈਠੇ ਦੋ ਦੋ ਚਾਰ ਚਾਰ ਸੌ ਅਨੇਕ ਠੌਰ ਹੋਕੇ ਰਸਤੇ ਦੇ ਪਿੰਡਾਂ ਦੀ ਲੁੱਟ ਖਸੋਟ ਕਰਦੇ ਅਤੇ ਧਰਮ ਵਿਰੋਧੀਆਂ ਨੂੰ ਦਲਦੇ ਮਲਦੇ ਓਸੇ ਦੇਸ ਵਿੱਚ ਜਾ ਫਿਰੇ। ਏਹ ਹਾਲ ਸੁਣਕੇ ਮਾਲਵੇ, ਮਾਝੇ, ਦੁਆਬੇ ਦੇ ਸਿੰਘ ਭੀ ਟੋਲੇ ਬੰਨ ਬੰਨ ਰਵਾਂਰਵੀਂ ਜਲਾਲਾਬਾਦ ਵੱਨੀਂ ਚਲ ਪਏ, ਕਿਉਂਕਿ ਪਹਿਲੇ ਜੋ ਇਕ ਵਾਰੀ ਓਸ ਦੇਸ ਨਿਵਾਸੀ ਨੁਵਾਬਾਂ ਪਰ ਫਤੇ ਪਾ ਆਏ ਸੇ ਏਸ ਖੁਸ਼ੀ ਵਿਚ ਸਿੰਘਾਂ ਭਾਈਆਂ ਦਾ ਬਦਲਾ ਲੈਣ ਲਈ ਸਿੰਘਾਂ

Digitized by Panjab Digital Library | www.panjabdigilib.org

ਨੂੰ ਐਸੀ ਉਮੰਗ ਹੋਈ ਬਾਬੇ ਬੰਦੇ ਨੂੰ ਸਨੇਹਾ ਭੇਜਕੇ ਆਪ ਜੱਥੇ ਬੰਦ ਹੋਕਰ ਥਨੇਸਰ ਸ਼ੈਹਰ ਤੀਰਥ ਪਰ ਇਸ਼ਨਾਨ ਦਾਨ ਕਰਕੇ ਕੂਚ ਦਰ ਕੂਚ ਮੁਸਲਮਾਨਾਂ ਨੂੰ ਮਾਰੋ ਮਾਰ ਕਰਦੇ ਹੋਏ ਜਲਾਬਾਦ ਲੁਹਾਰੀ ਦੇ ਨੇੜੇ ਜਾ ਢੁਕੇ। ਹੁਣ ਨਵਾਬ ਜਲਾਲ ਖਾਂ ਨੂੰ ਭੀ ਜਦ ਏਹ ਪੱਕੀ ਕਿੜ ਪਈ ਤਾਂਓਹ ਬੀ ਛੇਤੀ ਛੇਤੀ ਮਹੰਮਦੀ ਖਲਕਤ ਫੌਜ ਕੱਠੀ ਕਰਕੇ ਸਿੰਘਾਂ ਦੇ ਮੁਕਾਬਲੇ ਵਾਸਤੇ ਤਿਆਰ ਹੋ ਬੈਠਾ। ਏਧਰ ਜਦ ਬਾਬੇ ਬੰਦੇ ਨੂੰ ਖਬਰ ਪੁੱਜੀ ਤਾਂ ਓਹ ਬੀ ਤੁਰਕਾਂ ਪਰ ਦੰਦ ਚੱਬਦਾ ਹੋਇਆ ਰਸਤੇ ਵਿੱਚੋਂ ਸੈਂਕੜੇ ਸਿੰਘਾਂ ਨੂੰ ਨਾਲ ਲੈਕੇ ਮਾਰੋ ਮਾਰ ਤੇ ਕਤਲਦਾ ਰੰਗ ਖਿੜਾਉਂਦਾ ਹੋਇਆ ਓਸੇ ਦੇਸ ਵਿੱਚ ਜਾ ਗੱਜਿਆ,ਜਿਸ ਤੋਂ ਸਿੰਘਾਂ ਦੇ ਹੌਸਲੇ ਵੱਧ ਗਏ। ਏਥੇ ਪਹਿਲੇ ਮਨਿਹਾਰ ਗੋਤੇ ਰਾਜਪੂਤ ਬਹੁਤ ਰੈਂਹਦੇ ਸੀ,ਸ਼ਾਹਜਹਾਂ ਬਾਦਸ਼ਾਹ ਨੇ ਆਪਣੇ ਮੀਰ ਸ਼ਿਕਾਰੀ ਥੰਨਾਂ ਭਵਨ ਵਾਲੇਨੂੰ ਜਾਗੀਰ ਵਿੱਚ ਦੇ ਦਿੱਤਾ।ਓਸਨੇ ਜਦ ਏਸ ਪਿੰਡ ਪਰਗਣੇ ਦੇ ਸਭ ਹਿੰਦੂ ਬਹੁਤ ਦੁਖਾਏ ਤਾਂ (ਤੰਗ ਆਇਦ ਬਜੰਗ ਆਇਦ)ਮਨਿਹਾਰਾਂ ਨੇ ਕਾਠੇ ਦੇ ਰਜਪੂਤਾਂ ਨੇ ਆਪਣੇ ਸਹਾਇਕ ਬਨਾ ਕੇ ਐਸੀ ਸਖਤ ਲੜਾਈ ਕੀਤੀ, ਹਜਾਰ ਖਾਂ ਸੂਬੇ ਜੈਸੇ ਚੋਣਵੇਂ ਬਹੁਤ ਆਦਮੀ ਮੁਸਲਮਾਨਾਂ ਦੇ ਮਾਰੇ ਗਏ। ਫਤੇ ਤਾਂ ਰਜਪੂਤਾਂ ਦੀ ਹੁੰਦੀ, ਪਰ ਮੀਰ ਸ਼ਿਕਾਰ ਦੀ ਸਹਾਇਤਾ ਵਿੱਚ ਹੋਰ ਫੌਜ ਸ਼ਾਹੀ ਆਗਈ, ਰਜਪੂਤ ਪਿੱਛੇ ਹੱਟ ਗਏ, ਬਾਦਸ਼ਾਹ ਨੇ ਉਨ੍ਹਾਂ ਨੂੰ ਉਜਾੜ ਕੇ ਦੇਹਰੇ ਦੂਣ ਵਸਾ ਦਿੱਤਾ, ਰੋਜ ਰੋਜ ਦਾ ਟੰਟਾ ਮੁਕਿਆ। ਏਸੇ ਭਾਂਤ ਜਲਾਲ ਖਾਂ ਨੇ ਰਾਜਪੂਤਾਂ ਦੇ ਮਨਿਹਾਰ ਸ਼ੈਹਰ ਦੀ ਸਫਾਈ ਕਰਕੇ ਉਥੇ ਜਲਾਲਾਬਾਦ ਵਸਾ ਰਖੀ ਸੀ। ਜਦ ਲੁਹਾਰੀ ਆਦਿ ਪਿੰਡਾਂ ਦੇ ਰਜਪੂਤਾਂ ਨੇ ਉਸਨੂੰ ਵਸਾਣਾ ਮੁਹਾਲ

Digitized by Panjab Digital Library | www.panjabdigilib.org

ਕਰ ਦਿੱਤਾ ਸੀ ਤਾਂ ਉਸਨੇ ਮਕੀਰਾਮ ਬ੍ਰਾਹਮਨ ਦੀ ਸਲਾਹ ਮਨਾਕੇ ਬੇਟੇ ਦੇ ਵਿਆਹ ਵਿੱਚ ਰਾਜਪੂਤਾਂ ਨੂੰ ਬ੍ਰਾਹਮਣਾਂ ਦੀ ਮਾਰਫਤ ਧਿਜ਼ਾ ਕੇ ਬੁਲਾ ਕਰ ਕੁਛ ਤਾਂ ਜ਼ਹਿਰ ਖਵਾਕੇ ਮਾਰੇ ਕੁਛ ਕੈਦ ਕਰ ਲੀਤੇ। ਏਸੇ ਭਾਂਤ ਜਲਾਲ ਖਾਂ ਦੇ ਭਾਈ ਹਸਨ ਖਾਂ ਨੇ ਸਵਾ ਸੌ ਰਾਜਪੂਤ ਨੂੰ ਦਗੇ ਨਾਲ ਮਾਰ ਕੇ ਓਨਾਂ ਦੇ ਪਿੰਡ ਲੁਹਾਰੀ ਉਤੇ ਕਬਜ਼ਾ ਕਰ ਰਖਿਆ ਸੀ ਤਦੋਂ ਦਾ ਜਲਾਬਾਦ ਲੁਹਾਰੀ ਨਾਮ ਪੈਗਿਆ ਸੀ॥

## ਜਲਾਬਾਦ ਲੁਹਾਰੀ ਮਾਰਨਾ

ਹੁਣ ਸਿੰਘਾਂ ਨੇ ਓਸ ਇਲਾਕੇ ਦੇ ਦੇਉਬਨ, ਮੀਰਾਂ ਪੁਰ ਮੁਜ਼ੱਫਰ ਨਗਰ, ਨਨੌਤਾ, ਮਨਿਹਾਰ, ਮੇਰਟ ਵਗੈਰਾ ਕਸਬੇ ਪਿੰਡ ਲੁਟ ਕੇ ਜਲਾਲਾਬਾਦ ਨੂੰ ਜਾ ਘੇਰਿਆ, ਜਲਾਲ ਖਾਂ ਨੇ ਆਪਨੇ ਪੁੱਤਰ ਭਤੀਜੇ ਪੀਰ ਖਾਂ ਜਮਾਲ ਖਾਂ, ਦੀਨਦਾਰ ਖਾਂ, ਅਫਜਲ ਖਾਂ ਵਗੈਰਾ ਨੂੰ ਫੌਜ ਦੇਕੇ ਅੱਗੋਂ ਭੇਜ ਦਿੱਤਾ, ਸਿੰਘਾਂ ਨੇ ਬੀ ਜਾਂਦਿਆਂ ਹੀ ਲੜਾਈ ਛੇੜ ਦਿੱਤੀ,ਪੈਰ ਗਡ ਕੇ ਚੰਗੇ ਲੜੇ, ਤੁਰਕਾਨੀ ਫੌਜ ਨੂੰ ਚੁਤਰਫੋਂ ਘੇਰ ਲਿਆ, ਬਹੁਤ ਮਾਰੇ ਤੰਗ ਕੀਤੇ, ਭੱਜਨ ਨੂੰ ਰਾਹ ਨਹੀਂ ਸੀ, ਓਹ ਬੀ ਵੱਧ ਵਧਕੇ ਰੁਕੇ ਹੋਏ ਲੜਦੇ ਰਹੇ, ਸਵੇਰ ਤੋਂ ਦੋਪਹਿਰ ਤਕ ਹਥ ਖੜੋਤੇ ਤਦੋਂ ਨੂੰ ਜਲਾਲ ਖਾਂ ਨੇ ਬਾਜੀ ਜਾਂਦੀ ਵੇਖ ਕੇ ਹੋਰ ਫੌਜ ਸਤ ਸੌ ਸਵਾਰ ਕੁਮਕ ਪਰ ਭੇਜ ਦਿਤਾ, ਗੁਲਾਮ ਮਹੰਮਦ ਖਾਂ, ਹਜਬਰ ਖਾਂ ਲੈਕੇ ਆਪਏ, ਪਰ (ਮਨ ਕੀ ਮਨ ਹੀ ਮਾਹਿ ਰਹੀ ) ਓਹ ਦੋਵੇਂ ਪੜੱਕ ਮਾਰੇ ਗਏ, ਦੀਨਦਾਰ ਖਾਂ ਬੇਦਿਲ ਹੋਕੇ ਡਿਗ ਪਿਆ, ਪਠਾਣ ਭਜ ਕੇ ਜਲਾਲਾਬਾਦ ਦੇ ਕਿਲੇ ਵਿਚ ਜਾ ਵੜੇ, ਸਿੰਘਾਂ ਨੇ

Digitized by Panjab Digital Library | www.panjabdigilib.org

ਬੀ ਬਿਲੀਆਂ ਸ਼ੇਰਾਂ ਦੀ ਤਰਾਂ ਕੋਟ ਟਪ ਕੇ ਮਾਰ ਮਾਰ ਸਥਾਰ ਲਾਹ ਦਿਤੇ । ਜਲਾਲ ਖਾਂ, ਹਸਨ ਖਾਂ, ਵਗੈਰਾ ਨਾਮੀ ੨ ਪਠਾਣ ਤਾਂ ਪਹਿਲੇ ਹੀ ਪਤ੍ਰਾ ਹੋ ਗਏ ਸੇ, ਬਾਕੀ ਸੰਬੰਧੀ ਓਨਾਂ ਦੇ ਪੁਤ੍ਰ ਪੋਤ੍ਰੇ ਸਿੰਘਾਂ ਨੇ ਓਦੂੰ ਚੌਣੇ ਚੁਣ ਚੁਣ ਕਰ ਕਤਲ ਕਰਕੇ ਆਪਣੇ ਸਿਖ ਭਾਈ ਨੁਨਾਹਸੇ ਵਾਲਜਾਂ ਦਾ ਵੈਰ ਲੈਕੇ ਕਲੇਜਾ ਠੰਢਾ ਕੀਤਾ, ਪਠਾਣਾਂ ਦਾ ਮਾਲ ਮਤਾ ਲੁਟ ਕੇ ਅਠ ਕੋਹ ਮੁੜ ਕੇ ਡੇਰਾ ਆ ਕੀਤਾ, ਅਪਣੇ ਸਾਥੀ ਫਟੜ ਬੀ ਗਡੀਆਂ ਵਿਚ ਪਾ ਲਿਆਏ, ਪੰਜ ਕੁ ਦਿਨ ਓਥੇ ਠਹਿਰ ਕੇ ਬੀਮਾਰਾਂ ਦੀ ਕਾਰੀ ਕੀਤੀ, ਫੇਰ ਫਤੇ ਦੇ ਨਗਾਰੇ ਬਜਾਉਂਦੇ ਤੇ ਹਸਦੇ ਖੇਡਦੇ ਹੋਏ ਕਰਨਾਲ ਵੰਨੀ ਮੁੜ ਆਏ ॥

## ਜੰਗ ਤਿਰਾਵੜੀ

ਜਲਾਲਾਬਾਦ ਦੇ ਜੰਗ ਵਿਚ ਭਾਵੇਂ ਬੰਦਾ ਬਹਾਦਰ ਪੰਥ ਦੀ ਅਜਮਾਈ ਕਰਨ ਵਾਸਤੇ ਨਹੀਂ ਆਇਆ ਸੀ, ਨੇੜੇ ਨੇੜੇ ਏਸ ਲਈ ਫਿਰਦਾ ਰਿਹਾ ਜੇ ਲੋੜ ਹੋਊ ਤਾਂ ਜਾ ਮਿਲਾਂਗੇ, ਪਰ ਮੁਸਲਮਾਨ ਦੇਸ ਵਿਚ ਆਇਆ ਸੁਣਕੇ ਬੰਦੇ ਤੋਂ ਬਹੁਤ ਡਰਦੇ ਰਹੇ, ਏਨੇ ਹੀ ਸੇਕ ਨਾਲ ਸਿੰਘਾਂ ਨੇ ਰੋਟੀ ਰਾੜ ਲੀਤੀ, ਕਿਉਂਕਿ ਤਦੋਂ ਬੰਦੇ ਦਾ ਨਾਮ ਹੀ ਹਊਆ ਬਨ ਰਿਹਾ ਸੀ,ਮੁਸਲਮਾਨਾਂ ਦੇ ਕਲੇਜੇ ਨੂੰ ਅੰਗਾਰੀ ਦੀ ਤਰਾਂ ਸਾੜ ਕੇ ਬੇਦਿਲ ਕਰ ਰਿਹਾ ਸੀ, ਬਲਕੇ ਜਿਥੇ ਬੰਦਾ ਨਹੀਂ ਬੀ ਜਾਂਦਾ ਸੀ ਓਥੇ ਭੀ ਬੰਦੇ ਨੂੰ ਸਿੰਘਾਂ ਦੇ ਦਲ ਵਿਚ ਮੰਨ ਕੇ ਦੁਸ਼ਮਣ ਸਿੰਘਾਂ ਤੋਂ ਡਰਦੇ ਰਹਿੰਦੇ ਸੇ । ਸਿੰਘ ਬੀ ਜਦ ਕਦੇ 'ਆਯਾਬੰਦਾਆਯਾਬੰਦਾ' ਏਹ ਅਵਾਜ਼ਾਂ ਦੇ ਦਿੰਦੇ ਤਾਂ

Digitized by Panjab Digital Library | www.panjabdigilib.org

ਵੈਰੀ ਡੋਰ ਭੌਰ ਹੋਕੇ ਭਜ ਜਾਂਦੇ ਸੇ, ਇਸ ਕਰਕੇ ਸਿੰਘਾਂ ਨੇ ਇਸ ਮੁਹਿੰਮ ਨੂੰ ਬੰਦੇ ਦੇ ਸੇਕ ਨਾਲ ਹੀ ਫਤੇ ਦੀ ਰੋਟੀ ਰਾੜ ਲੀਤੀ। ਹੁਣ ਏਹ ਮੁਹਿੰਮ ਫਤੇ ਹੋਈ ਤੋਂ ਬਾਬਾ ਬੰਦਾ ਬਹਾਦਰ ਤਾਂ ਪੰਥ ਨੂੰ ਵਧਾਈ ਦੇਕੇ ਆਪਣੇ ਸਾਥੀਆਂ ਨੂੰ ਸ਼ਿਕਾਰ ਖਿਡਾਉਂਦਾ ਹੋਇਆ ਮੁੜ ਲੋਹਗੜ ਵੱਨੀ ਚਲਾ ਗਿਆ, ਤੇ ਪੰਥ ਖਾਲਸਾ ਰਾਹ ਦੇ ਲੋਗਾਂ ਤੋਂ "ਧੰਨ ਪੰਥ ਖਾਲਸਾ ! ਧੰਨ ਸਿਖ ਹੋਏ" ਏਹੋ ਜੇਹੇ ਖੁਸ਼ੀ ਦੇ ਬਚਨ ਸੁਣਦਾ ਹੋਇਆ ਕਰਨਾਲ ਜਾ ਪੁੱਜਾ। ਏਸ ਮੁਹਿੰਮ ਨੂੰ ਜਿੱਤ ਕੇ ਸਿੰਘਾਂ ਦੇ ਹੌਸਲੇ ਬਹੁਤ ਵਧ ਰਹੇ ਸੇ। ਤਿਰਾਵੜੀ ਜੇਸਰਾਂਇ ਸਮੇਤ ਸਿੰਘਾਂ ਦੇ ਗਿਆਂ ਪਿਛੋਂ ਸ਼ਾਹੀ ਫੌਜ ਨੇ ਰੋਕ ਲੀਤੀ ਸੀ, ਮੁੜ ਉਸਦਾ ਛੁਡਾ ਲੈਣਾ ਤਾਂ ਸਹਿਜ ਜੇਹੀ ਗਲ ਹੀ ਸਮਝ ਰਖੀ ਸੀ, ਬਾਬੇ ਬੰਦੇ ਦੀ ਸਲਾਹ ਬੀ ਨਾ ਪੁਛੀ ਇਕਾ ਏਕੀ ਕਰਨਾਲ ਤੋਂ ਚੜ੍ਹ ਕੇ ਬਜੀਦ ਖਾਂ ਫੌਜਦਾਰ ਸ਼ਾਹੀ ਨੂੰ ਕਹਿ ਭੇਜਿਆ ਕਿ ਸਰਾਂ ਖਾਲੀ ਕਰ ਦਿਓ ਨਹੀਂ ਤਾਂ ਸਿੰਘਾਂ ਦਾ ਹੱਲਾ ਜੋ ਅਲਾ ਦਾ ਕਹਿਰ ਹੈ, ਤੇਰੇ ਉਤੇ ਹੋਵੇਗਾ। ਏਹ ਸਨੇਹਾ ਸੁਣਕੇ ਸਾਰੀ ਬਾਦਸ਼ਾਹੀ ਫੌਜਦਾਰ ਅਮੀਨ ਖਾਂ, ਬਜੀਦ ਖਾਂ, ਤੇ ਮਹਾਵਤ ਖਾਂ ਵਗੈਰੇ ਆਪਣੀ ਆਪਣੀ ਫੌਜ ਨੂੰ ਤਿਆਰ ਕਰਕੇ ਸਿੰਘਾਂ ਦਾ ਹੱਲਾ ਰੋਕਣ ਲਈ ਤਿਰਾਵੜੀ ਤੇ ਥਨੇਸਰ ਦੇ ਵਿਚਕਾਰ ਉਸ ਵਡੇ ਉਚੇ ਥੇਹ ਉਤੇ ਜਿਸ ਨੂੰ ਲੋਕੀ ਪਾਂਡਵਾਂ ਦਾ ਆਖਦੇ ਹਨ, ਮੋਰਚੇ ਬੰਨ੍ਹ ਬੈਠੇ, ਕਿਉਂਕਿ ਅਮੀਨ ਖਾਂ ਨੇ ਓਥੇ ਇਕ ਪਿੰਡ ਅਮੀਨ ਗੜ ਨਾਮੀ ਵਸਾ ਰਖਿਆ ਸੀ ਅਤੇ ਤਿਰਾਵੜੀ ਭੀ ਰੋਕ ਰਖੀ ਸੀ। ਹੁਣ ਸਿੰਘਾਂ ਦੇ ਬਿਜਈ ਦਲ ਨੇ ਉਸ ਦੀ ਕੁਛ ਪਰਵਾਹ ਨਾ ਕੀਤੀ, ਤਿਰਾਵੜੀ ਦੀ ਸਰਾਂ ਹੀ ਪਹਿਲੇ ਹੱਲੇ

Digitized by Panjab Digital Library | www.panjabdigilib.org

ਜਾ ਮੱਲੀ, ਸ਼ਾਹੀ ਫੌਜ ਛਡ ਕੇ ਅਮੀਨ ਗੜ ਵੱਨੀ ਖਿਸਕ ਗਈ। ਹੁਣ ਸਿੰਘ ਤਾਂ ਅਮੀਨਗੜ ਵਿਚੋਂ ਭੀ ਸ਼ਾਹੀ ਫੌਜ ਨੂੰ ਕਢਣ ਦੇ ਗੁਰਮਤੇ ਕਰਨ ਲਗੇ ਤੇ ਅਮੀਨ ਖਾਂ ਅਪਨੀ ਕੁਮਕ ਮੰਗਾ ਰਿਹਾ ਸੀ ਲਾਹੌਰ ਦੀ ਕੋਤਵਾਲੀ ਦੇ ਥਾਂ ਵਾਂਗੂੰ ਜੋ ਪੰਦ੍ਰਾਂ ਸੋਲਾਂ ਸੌ ਸਾਲ ਤੋਂ ਬੇਅੰਤ ਪੁਰਖਾਂ ਨੂੰ ਕਸ਼ਟ ਦਾ ਕਾਰਨ ਬਨਿਆ ਹੋਇਆ ਸੀ, ਹੁਣ ਬੀ ਓਸੇ ਬੇਤਰਸੀ ਕਰ ਪੂਰਤ ਹੈ। ਹੁਣ ਏਹ ਮੈਦਾਨ ਹੈ ਭੀ ਓਹੋ ਜਿਥੇ ਪਹਿਲੇ ਕੈਰਵ ਪਾਂਡਵਾਂ ਦੇ ਸਮੇਂ ਮਹਾਂਭਾਰਥ ਹੋਇਆ, ਦੂਜੇ ਪ੍ਰਿਥੂਰਾਜ ਚੁਹਾਨ ਤੇ ਸ਼ਹਾਬੂਦੀਨ ਗੌਰੀ ਲੜੇ। ਤੀਸਰੇ ਗੌਰੀ ਪਠਾਣ ਤੇ ਤੁਗਲਾਂ ਦੀ ਕਟ ਵਢ ਹੋਈ। ਚੌਥੇ ਲੋਦੀ ਪਠਾਣ ਇਬਰਾਹੀਮ ਬਾਦਸ਼ਾਹ ਤੇ ਬਾਬਰ ਮੁਗਲ ਚੁਗੱਤੇ ਲੜੇ। ਪੰਜਵੇਂ ਨਾਦਰ ਸ਼ਾਹੀ ਕਜ਼ਲਬਾਸ਼ ਤੇ ਮੁਗਲਾਂ ਦਾ ਕੁਤਰਾ ਹੋਇਆ। ਛੀਵੇਂ ਮਰਹਟੇ ਤੇ ਅਹਿਮਦਸ਼ਾਹ ਦੁਰਾਨੀ ਲਹੂ ਲੁਹਾਨ ਹੋਏ, ਜਿਨਾਂ ਵਿਚੋਂ ਭਾਉ ਜੀ, ਬਿਸਵਾਸ ਰਾਉ ਵਰਗੇ ਬੇਸ਼ੁਮਾਰ ਸਰਦਾਰ ਮਹਾਰਾਜੇ ਓਹ ਜੂਝੇ ਹਨ, ਜਿਨਾਂ ਦੇ ਹੁਕਿਆਂ ਤੇ ਛੜੀਆਂ ਦੇ ਕਈ ਲਖ ਰੁਪਏ ਮੁਲ ਪਏ ਸੇ। ਸਤਵੇਂ ਸਿੰਘਾਂ ਦੀ ਤੇ ਸ਼ਾਹੀ ਫੌਜ ਦੀ ਮੁਠ ਭੇੜ ਭੀ ਏਸੇ ਮੈਦਾਨ ਵਿਚ ਗਜ ਵਜ ਕੇ ਹੋਈ। ਏਹ ਸਤ ਅਠ ਜੰਗ ਤਾਂ ਮਹਾਂ ਘੋਰ ਐਸੇ ਹੋਏ ਹਨ, ਜਿਨਾਂ ਦੇ ਲਹੂ ਨਾਲ ਕਈ ੨ ਮਹੀਨੇ ਧਰਤੀ ਲਾਲ ਸੂਹੀ ਚੁੰਨੀ ਪਹਿਨ ਕੇ ਅਛੇੜ ਬੀਰ ਵਹੁਟੀ ਬਣੀ ਬੈਠੀ ਰਹੀ, ਬਾਕੀ ਛੋਟੇ ਮ੍ਹਾਰਕੇ ਤਾਂ ਏਥੇ ਬੇਅੰਤ ਹੀ ਹੋਏ ਹਨ, ਪਰ ਏਹ ਟੁਕੜਾ ਜਮੀਨ ਦਾ ਸੂਰ ਬੀਰ ਮਨੁਖਾਂ ਦੇ ਤੇ ਘੋੜਿਆਂ ਦੇ ਲਹੂ ਦਾ ਐਸਾ ਪਿਆਸਾ ਰਿਹਾ ਹੈ ਜੋ ਹਰ ਵੇਲੇ ਬੜੇ ਜੋਧੇ ਸੂਰਬੀਰਾਂ ਦੇ ਰਤ ਦੀਆਂ ਘੁੱਟਾਂ ਭਰਦਾ ਹੋਇਆ ਅਜੇ ਤੀਕ ਭੀ ਨਹੀਂ ਰੱਜਿਆ।

Digitized by Panjab Digital Library | www.panjabdigilib.org

# ਜੰਗ ਅਮੀਨ ਗੜ੍ਹ

ਹੁਣ ਸ਼ਾਹੀ ਫੌਜਦਾਰਾਂ ਨੇ ਸਿੰਘਾਂ ਨੂੰ ਜ਼ੋਰ ਦੇ ਪਲੇ ਭੂਹੇ ਹੋਏ ੨ ਵੇਖਕੇ ਕੁਛ ਤਾਂ ਆਪਣੇ ਪਰਗਣੇ ਦੇ ਵਾਹਰੂ ਮਾਹਰੂ ਮੰਗ ਲੀਤੇ ਤੇ ਕੁਛ ਦਿਲੀ ਤੋਂ ਫੌਜ ਮੰਗ ਭੇਜੀ। ਅਸੀਂ ਪਿਛੇ ਦਸ ਆਏ ਹਾਂ ਕਿ ਇਸ ਸਿੰਘੀ ਫੌਜ ਤੇ ਇਲਾਕੇ ਤਿਰਾਵੜੀ ਦਾ ਪਰਬੰਧ ਸਾਰਾ ਭਾਈ ਬਾਜ ਸਿੰਘ ਰਾਮ ਸਿੰਘ ਤੇ ਬਾਬੇ ਬਿਨੋਦ ਸਿੰਘ ਤ੍ਰੇਹਣ ਦੇ ਹਥ ਵਿਚ ਸੀ, ਏਨਾਂ ਤੋਂ ਡਰਦਾ ਵਜੀਦ ਖਾਂ ਫੌਜਦਾਰ ਪਾਨੀਪਤ ਬੈਠਾ ਸਹਾਇਕਾਂ ਨੂੰ ਉਡੀਕ ਰਿਹਾ ਸੀ। ਜਦ ਸ਼ਾਹੀ ਫੌਜ ਤੇ ਪਰਗਣੇ ਦੀਆਂ ਛੇੜਾਂ ਵਾਹਰੂ ਆਦਮੀ ਆ ਕਠੇ ਹੋਏ ਤਾਂ ਸਿੰਘਾਂ ਵੱਨੀ ਰੌ ਕੀਤਾ, ਇਧਰੋਂ ਸਿੰਘਾਂ ਨੇ ਬੀ ਓਸ ਬੇਸ਼ੁਮਾਰ ਦੁਸ਼ਮਨਾਂ ਦੇ ਲਸ਼ਕਰ ਦਾ ਜ਼ਰਾ ਭਰ ਭੈ ਨਾ ਕੀਤਾ, ਸਗੋਂ ਇਕ ਗਸ਼ਤੀ ਜੱਥਾ ਭੇਤ ਲੈਣ ਵਾਸਤੇ ਅਗੇ ਤੋਰ ਦਿਤਾ। ਜਦ ਸ਼ਾਹੀ ਫੌਜ ਅਮੀਨਗੜ੍ਹ ਪੁਜੀ ਤਾਂ ਸਿੰਘਾਂ ਨੇ ਵੀ ਜਾ ਦਰਸ਼ਨ ਦਿਤੇ, ਦੁਵੱਲੋਂ ਲੜਾਈ ਛੋਤੀ ਗਈ, ਸਿੰਘਾਂ ਨੇ ਐਸੇ ਝਾੜ੍ਹੇ ਕਹਿਰ ਦੇ ਹੱਲੇ ਕੀਤੇ ਕਿ ਸ਼ਾਹੀ ਸੈਨਾ ਘਬਰਾ ਉਠੀ ਫਤੇ ਸਿੰਘਾਂ ਦੀ ਹੋਣੀ ਸੀ, ਪਰ ਤਦੋਂ ਹੀ ਮਹਾਵਤ ਖਾਂ ਖਾਨ ਖਾਨੇ ਵਜੀਰ ਦਾ ਪੋਤਰਾ ਕੁੰਮਕ ਲੈਕੇ ਆ ਪੁਜਿਆ। ਸਿੰਘ ਬੀ ਤਾੜ ਗਏ, ਬਾਬਾ ਕਾਹਨ ਸਿੰਘ ਤੇ ਮੀਹੀ ਸਿੰਘ ਭੁਲੇ ਆਦਿਕਾਂ ਨੇ ਪਹਿਲੇ ਸਹਾਇਕ ਨੂੰ ਸੋਧਣਾ ਚੰਗਾ ਸਮਝਕੇ ਓਸੇ ਵਲ ਸਿੰਘ ਝੁਕਾ ਦਿਤੇ ਓਸਦੀ ਸਵਾਰੀ ਫੌਜ ਅਪਣੇ ਬਚਾਉ ਲਈ ਓਸ ਸੰਘਣੇ ਜੰਗਲ ਵਿਚ ਵੜ ਤਾਂ ਗਈ, ਪਰ ਫਿਰਨਾਂ ਔਖਾ ਹੋਇਆ, ਕੁਝ ਤਾਂ ਕੰਡਿਆਂ ਨੇ ਕਪੜੇ ਤੇ ਘੋੜੇ ਉਨਾਂ ਦੇ ਫਾੜੇ ਕੁਝ ਸਿੰਘਾਂ ਨੇ ਵਜੋਤੇ, ਕਿਉਂਕਿ ਸਿੰਘ ਤਾਂ

Digitized by Panjab Digital Library | www.panjabdigilib.org

ਜੰਗਲੀ ਦਰਿੰਦੇ ਹੀ ਬਣ ਰਹੇ ਸਨ, ਪੈਦਲ ਹੋਕੇ ਐਸੀ ਤਲਵਾਰ ਚਲਾਈ ਕਿ ਵੈਰੀਆਂ ਦੇ ਆਹੂ ਲਾਹ ਸਿੱਟੇ, ਏਹ ਹਾਲ ਵੇਖਕੇ ਜਦ ਮਹਾਵਤ ਖਾਂ ਪਿਛੇ ਨੂੰ ਤਿਲਕਿਆ ਤਾਂ ਸਿੰਘਾਂ ਨੇ ਹੱਲਾ ਕਰਕੇ ਉਸਦੀ ਫੌਜ ਖਿੰਡਾ ਫੁੰਡਾ ਛਡੀ। ਹੁਣ ਜੰਗ ਦਾ ਰੰਗ ਹੋਰ ਹੀ ਢੰਗ ਪਰ ਹੋਗਿਆ, ਇਹਹਾਲ ਵੇਖਕੇ ਫੀਰੋਜਖਾਂ ਮੇਵਾਤੀ ਨੂੰ ਭਾਰੀ ਖਿਜ ਛੁਟੀ, ਸਰਦਾਰ ਖਾਂ ਹਰਾਵਲ ਤੇ ਵਜੀਦ ਖਾਂ ਨੂੰ ਆਖਿਆ: ਦੇਖੋ ਸਿੰਘ ਵਧਦੇ ਆਉਂਦੇ ਹਨ, ਸ਼ਾਹੀ ਫੌਜ ਖਿੜਕਦੀ ਜਾਂਦੀ ਹੈ, ਜੇ ਆਪਾਂ ਹਾਰਗਏ ਤਾਂ ਬਾਦਸ਼ਾਹ ਹੱਡੀਆਂ ਚੱਬ ਸਿਟੂ,ਆਖੇਗਾ ਹਰਾਵਲ ਬਣਾਕੇਘਲੇਸਨ, ਸਿੰਘਾਂ ਦੇ ਇਕ ਦਸਤੇ ਤੋਂ ਮਾਰ ਖਾ ਆਏ। ਹਰਾਵਲ ਦੀ ਇਜਤ ਜਿਤੇ ਤਾਂ ਸਭਤੋਂ ਵਡੀ, ਹਾਰੇ ਤਾਂ ਅਤੀ ਬੇਇਜਤੀ ਹੁੰਦੀ ਹੈ। ਹੁਣ ਜਦ ਸਿੰਘਾਂ ਨੇ ਰਪੌਲ ਮਾਰ ੨ ਕੇ ਸ਼ਾਹੀ ਫੌਜ ਦੇ ਆਹੂ ਲਾ ਛਡੇ, ਫੇਰ ਕੀ ਬਣੇਗਾ? ਹਥ ਮਲਦੇ ਹੀ ਰਹਿ ਜਾਓਗੇ, ਏਹ ਸੋਚਕੇ ਸਾਰੇ ਸਰਦਾਰਾਂ ਨੇ ਬਾਰੇ ਦੇ ਸੱਯਦ ਬੁਲਾ ਲੀਤੇ, ਪੈਦਲ ਹੋ ਤਲਵਾਰਾਂ ਧੂਹ ਕੇ ਅਲੀ ੨ ਬੋਲਦੇ ਸਿੰਘਾਂ ਉਤੇ ਟੁਟ ਪਏ। ਭਾਵੇਂ ਸਿੰਘ ਵੀ ਬਥੇਰੇ ਪੈਰ ਗਡਕੇ ਲੜੇ,ਪਰ ਇਕ ਦਾ ਦਾਰੂ ਦੋ,ਦੋ ਦਾ ਚਾਰ, ਜਿਥੇ ਬੇਸ਼ੁਮਾਰ ਟੁਟ ਪਏ, ਫੇਰ ਕੀ ਚਾਰਾ ਚਲੇ? ਸਿੰਘਾਂ ਨੇ ਕਰੀਰੀਆਂ ਵਾਂਗ ਵੱਢ ਬੇਸ਼ੁਮਾਰ ਵੈਰੀਆਂ ਦੇ ਸਿਰ ਲਾਹੇ, ਕੈਹਰ ਦੀ ਤੇਗ ਵਾਹੀ, ਪਰ ਜਿਤ ਹਾਰ ਕਰਤਾਰ ਦੇ ਹੱਥ ਹੈ, ਸਿੰਘ ਵੈਰੀ ਦਾ ਪ੍ਰਬਲ ਹੱਲਾ ਦੇਖਕੇ ਪਿੱਛੇ ਨੂੰ ਹਟ ਗਏ ਓਹ ਸਮਾਂ ਸਿੰਘਾਂ ਉਤੇ ਬੁਰਾ ਕੈਹਰ ਦਾ ਗੁਜਰਜਾ, ਜੇਹੜੇ ਨਸ ਗਏ ਯਾ ਹੌਲੂ ਫੈਨ ਕੇ ਕਰਨਾਲ ਵੰਨੀ ਮੁੜ ਆਏ ਸੋ ਬਚੇ, ਬਾਕੀ ਫਟੜ, ਅਧ ਮੋਏ ਯਾ ਮਰੇ ਹੋਏ ਜੀਊਂਦੇ ਜੋ

Digitized by Panjab Digital Library | www.panjabdigilib.org

ਵੈਰੀ ਦੇ ਹਥ ਲਗੇ ਉਹਨਾਂ ਸਭਨਾਂ ਨੂੰ ਦਰਖਤਾਂ ਨਾਲ ਲਟਕਾ ਦਿਤਾ, ਐਸਾ ਕੋਈ ਰਸਤਾ ਯਾ ਪਿੰਡ ਕਸਬਾ ਉਸ ਗਿਰਦਨੁਵਾਈ ਵਿੱਚ ਨਾ ਛਡਯਾ ਜਿਥੇ ਡਰ ਬੈਠਾਉਂਣ ਵਾਸਤੇ ਤੋਰੀਆਂ,ਔਲਾ ਤੇ ਬਈਆਂ ਦੇ ਆਲਣਿਆਂ ਵਾਂਗੂੰ ਸਿਖ ਨਾ ਲਟਕਾਏ ਗਏ ਹੋਨ,ਧੰਨਯ ਜਨਮ ਓਨਾਂਦੇ ਜਿਨਾਂਜੀਊਂਦਿਆਂ੨ ਧਰਮ ਰਖਯਾ ਵਾਸਤੇ ਵਡੇ ੨ ਕਸ਼ਟ ਸਹਾਰੇ, ਫੇਰ ਅੰਤ ਨੂੰ ਅਪਣਾ ਮਾਸ ਬੀ ਚੀਲਾਂ ਕਾਗਾਂ ਵਗੈਰਾ ਮਾਸਹਾਰੀਆਂ ਨੂੰ ਛਕਾਕੇ ਜਗਯ ਪੂਰੇ ਕਰ ਗਏ। ਯਥਾ:—(ਮਰਨਾ ਭਲਾ ਪ੍ਰਦੇਸ ਕਾ ਜਹਿ ਅਪਣਾ ਨਾਹੀ ਕੋਇ। ਮਾਟੀ ਭਖੀ ਜਨਾਵਰਾਂ ਤੁਰਤ ਮਹੋਛਾ ਹੋਇ।) ਏਸ ਜੰਗ ਦਾ ਪ੍ਰਸੰਗ ਖਾਫੀ ਖਾਂ ਨੇ ਤਾਂ ਬਹੁਤ ਵਿਸਤਾਰ ਨਾਲ ਲਿਖਯਾ ਹੈ,ਤੇ ਜ਼ਿਕਰ ਇਬ੍ਰਤ ਨਾਮੇ ਵਿਚ ਭੀ ਹੈ।

## ਜੰਗ ਸਰਹੰਦ

ਫੀਰੋਜ ਖਾਂ ਮੈਵਾਤੀ ਮੈਦਾਨ ਮਾਰਕੇ ਫੁਲਯਾ ੨ ਫਿਰਨ ਲਗਾ, ਫੌਜ ਲੈਕੇ ਸਰਹੰਦ ਵੰਨੀ ਤੁਰਪਿਆ। ਏਹ ਅਮੀਨ ਗੜ ਦਾ ਜੰਗ ਸਿੰਘਾਂ ਦੇ ਰੰਗ ਨੂੰ ਬਹੁਤ ਕੁਰੰਗ ਕਰਗਿਆ, ਮੁਸਲਮਾਨ ਹਾਕਮ ਜੇਹੜੇ ਮੁਰਦਿਆਂ ਦੀ ਸ਼ਕਲ ਵਿਚ ਸਨ, ਸਾਉਣ ਦੇ ਡਡੂਆਂ ਵਾਂਗੂੰ ਟਰੈਂ ੨ ਮਾਰੋਮਾਰ ਦੀ ਧੁਨ ਲਾਉਂਦੇ ਹੋਏ ਥਾਓਂ ਥਾਈਂ ਦੜਕ ਉਠੇ, ਜੇਹੜਾ ਬਜੀਦ ਖਾਂ ਅਮੀਨਗੜ ਤੋਂ ਅਗੇ ਪੈਰ ਨਹੀਂ ਧਰਦਾ ਸੀ ਤੇ ਉਸਦਾ ਭਤੀਜਾ ਸ਼ਮਸ ਖਾਂ ਸਿੰਘਾਂ ਤੋਂ ਡਰਦਾ ਸੁਲਤਾਨਪੁਰ ਵਿੱਚ ਹੀ ਸਤੀ ਹੋਇਆ ਬੈਠਾ ਸੀ, ਹੁਣ ਸਾਉਣ ਮਹੀਨੇ ਦੀ ਮੁੰਜ ਵਾਂਗੂੰ ਆਕੜ ਖਾਂ ਬਨਗਏ, ਬਾਕੀ ਦੇ ਹਾਕਮ ਬੀ ਸ਼ਿਕਾਰੀ ਦੀ ਸਹਾਇਤਾ ਨਾਲ ਜਿਕੂੰ ਕੁੱਤਾ ਸ਼ਿਕਾਰ ਨੂੰ ਪੈਂਦਾ ਹੈ

Digitized by Panjab Digital Library | www.panjabdigilib.org

ਐਉਂ ਆਪੇ ਆਪਣੇ ਪ੍ਰਗਣੇ ਦੇ ਮੁਲਕੀ ਮੁਸਲਮਾਨਾਂ, ਹਿੰਦੂਆਂ ਨੂੰ ਨਾਲ ਲੈਕੇ ਢੋਲ ਬਜਵਾਉਂਦੇ ਝੰਡੀਆਂ ਖਿਲਾਰ ੨ ਸਰਹੰਦ ਵੰਨੀ ਤੁਰ ਪਏ, ਬਾਜ ਸਿੰਘ ਦੇ ਭਾਈ ਸ਼ਜਾਮ ਸਿੰਘ ਲਖਾ ਸਿੰਘ ਵਗੈਰਾ ਬਹਾਦਰਾਂ ਨੇ ਜਿਨ੍ਹਾਂ ਦੇ ਸਪੁਰਦ ਸਰਹੰਦ ਸੀ, ਕੁਛ ਅਪਣੀ ਫੌਜ ਕੁਛ ਤਿਰਾਵੜੀ ਤੋਂ ਨਸਕੇ ਆਈ ਹੋਈ ਕੱਠੀ ਕਰ ਸ਼ੈਹਰੋਂ ਬਾਹਰ ਹੋਕੇ ਬਾਗਾਂ ਦੀ ਆੜ ਵਿਚ ਵੈਰੀਆਂ ਦਾ ਅੱਗਾ ਲੀਤਾ, ਹੱਲੇ ਰੋਕਦੇ ਹੋਏ ਸੁਬ੍ਹਾ ਤੋਂ ਸੰਝ ਤੱਕ ਲੜਦੇ ਰਹੇ, ਲੜਾਈ ਭੁਲਮੀ ਕਾਇਮ ਰਖੀ, ਓੜਕ ਰਾਤ ਪੈਣ ਕਰਕੇ ਲੜਾਈ ਬੰਦ ਹੋ ਗਈ, ਤਾਂ ਬੀ ਟਾਵੇਂ ਟਾਵੇਂ ਜੰਬੂਰੇ ਰਹਿਕਲੇ ਚਲਦੇ ਰਹੇ, ਅਗਲੇ ਦਿਨ ਬੀ ਲੜਾਈ ਨਿੰਮੀ ਨਿੰਮੀ ਹੁੰਦੀ ਰਹੀ, ਇਕੋ ਵਾਰ ਭਾਂ ਫੌਜਦਾਰਾਂ ਨੂੰ ਬੀ ਸਿੰਘਾਂ ਉਤੇ ਹੱਲਾ ਕਰਕੇ ਸਰਹੰਦ ਛੁਡਾ ਲੈਣ ਦਾ ਹੌਸਲਾ ਨਾ ਹੋਯਾ, ਓੜਕ ਭੀਜੀ ਰਾਤ ਨੂੰ ਸਿੰਘਾਂ ਨੇ ਜਦ ਕਿਧਰੋਂ ਸਹਾਇਤਾ ਆਉਂਦੀ ਨਾ ਦੇਖੀ ਤਾਂ ਸਾਰਾ ਜੰਗੀ ਸਾਮਾਨ ਘੋੜੇ, ਊਠਾਂ, ਖੱਚਰਾਂ ਉਤੇ ਲੱਦ ਸਰਹੰਦ ਨੂੰ ਛੱਡ ਕੇ ਆਪ ਨਾਲ ਪੈਦਲ ਹੋ ਸ਼ਸਤ੍ਰ ਚਮਕਾਉਂਦੇ ਤੇ ਭੜਾਕੇ ਪਾਉਂਦੇ ਹੋਏ ਲੋਹਗੜ ਵੰਨੀ ਤੁਰ ਪਏ। ਸ਼ੰਮਸ ਖਾਂ ਫੌਜਦਾਰ ਨੇ ਸੁੰਨੀ ਪਈ ਸਰਹੰਦ ਵਿੱਚ ਸਵੇਰੇ ਹੀ ਦਖਲ ਕਰ ਲੀਤਾ। ਜਦ ਮਹੰਮਦ ਅਮੀਨ ਖਾਂ ਚੀਨੀ ਬਹਾਦਰ ਹਰਾਵਲ ਨੂੰ ਏਹ ਖਬਰ ਲੱਗੀ ਤਾਂ ਸ਼ੰਮਸ ਖਾਂ ਦੀ ਚਲਾਕੀ ਪਰ ਬਹੁਤ ਰੰਜ ਹੋਕੇ ਓਹ ਤਾਂ ਸ਼ੰਮਸ ਖਾਂ ਨੂੰ ਨੀਚਾ ਦਿਖਾਉਣ ਦੇ ਫਿਕਰ ਵਿੱਚ ਰਿਹਾ, ਸਿੰਘ ਸਾਮਾਨ ਲੈਕੇ ਲੋਹਗੜ ਵਿੱਚ ਜਾ ਵੜੇ। ਉਸਨੇ ਬਾਦਸ਼ਾਹ ਵੱਲ ਲਿਖ ਭੇਜਿਆ ਕਿ ਸ਼ੰਮਸ ਖਾਂ ਬੜਾ ਭਾਰੀ ਹੰਕਾਰੀ ਹੋਗਿਆ ਹੈ,

Digitized by Panjab Digital Library | www.panjabdigilib.org

ਬਾਦਸ਼ਾਹ ਦੇ ਹੁਕਮਾਂ ਦੀ ਕੁਛ ਪਰਵਾਹ ਨਹੀਂ ਰੱਖਦਾ, ਕਿਉਂਕਿ ਉਸਦੇ ਪਾਸ ਆਮਦਨੀ ਖਜਾਨਾ ਫੌਜ ਬਹੁਤ ਹੈ, ਆਪੇ ਸੁਤੰਤਰ ਹੋਇਆ ਚਾਹੁੰਦਾ ਹੈ, ਐਸੇ ਚਲਾਕ ਬੇਬਾਕ ਆਦਮੀ ਨੂੰ ਕਦੇ ਬੀ ਆਪਣਾ ਨਾ ਸਮਝਣਾ ਚਾਹੀਏ। ਏਸ ਅਰਜ਼ੀ ਪਰ ਬਾਦਸ਼ਾਹ ਨੇ ਬਿਨਾਂ ਨਿਰਨੇ ਕੀਤੇ ਸ਼ੰਮਸ ਖਾਂ ਤੋਂ ਬਿਜਵਾੜੇ ਤੇ ਜਲੰਧਰ ਦੀ ਫੌਜਦਾਰੀ ਖੋਹ ਲੀਤੀ, ਓਹ ਤਾਂ ਠੁਸ ਜੇਹਾ ਹੋਕੇ ਘਰ ਨੂੰ ਚਲਾ ਗਿਆ, ਚੀਨੀ ਬਹਾਦਰ ਹਰਾਵਲ ਨੇ ਅਪਣੇ ਸਾਥੀ ਸਰਦਾਰਾਂ ਸਮੇਤ ਸਰਹੰਦ ਪਰ ਕਬਜ਼ਾ ਕਰ ਲਿਆ, ਪਰ ਸਿੰਘ ਕੋਈ ਨਾ ਹੱਥ ਆਇਆ, ਫੇਰ ਤਾਂ ਓਹਬੀ ਲੋਹਗੜ੍ਹ ਵੰਨੀ ਤੁਰ ਪਿਆ ॥

## ਸਹਾਰਨ ਦੇ ਪਰਗਣੇ ਦੀ ਲੁਟ

ਹੁਣ ਸੰ: ੧੭੭੨ ਬਿ: ਨੂੰ ਜਦ ਦੁਬਾਰਾ ਫਿਰ ਕਿਲੇ ਲੋਹਗੜ੍ਹ ਵਿੱਚ ਸਿੰਘ ਜਾ ਕੱਠੇ ਹੋਏ ਅਤੇ ਖਬਰ ਲਗੀ ਕਿ ਮਹੰਮਦ ਅਮੀਨ ਖਾਂ ਚੀਨੀ ਏਧਰ ਆ ਰਿਹਾ ਹੈ ਤੇ ਬਾਦਸ਼ਾਹ ਨੇ ਉਮੰਗ ਦੇਕੇ ਸ਼ਾਹੀ ਲਸ਼ਕਰ ਨੂੰ ਤੋਰ ਕੇ ਆਪ ਬੀ ਏਧਰੇ ਆਉਨ ਦੀ ਮਨਸ਼ਾ ਕਰ ਲੀਤੀ ਹੈ। ਏਹ ਖਬਰ ਸੁਣਕੇ ਬੰਦਾ ਬਹਾਦਰ ਭੀ ਲੋਹਗੜ੍ਹ ਵਿਚ ਆ ਗਜਿਆ, ਹੁਣ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਨ ਵਾਸਤੇ ਜਦ ਬਾਜ ਸਿੰਘ ਨੇ ਬੇਨਤੀ ਕੀਤੀ ਕਿ ਪਹਿਲਾਂ ਮਾਰੇ ਜੀਤੇ ਪੈਂਦੇ ਸਟ ਦਬ ਲੈਣਾ ਵੈਰੀ ਨੂੰ ਚੰਗਾ ਹੈ, ਕਿਉਂਕਿ ਸਾਮਾਨ ਜੰਗ ਦਾ ਆਪਣੇ ਪਾਸ ਥੋੜਾ ਹੈ, ਬਾਬੇ ਬੰਦੇ ਨੇ ਬਰਨ ਕੀਤਾ (ਹਿੰਮਤੇ ਮਰਦਾਂ ਮਦਤੇ ਖੁਦਾ) ਉਦਮੀ ਨਿਰਭੈ ਪੁਰਖ ਤਾਂ ਜੋ ਚਾਹੁਣ ਸ੍ਰਿਸ਼ਟੀ ਵਿਚ ਕਰ ਸਕਦੇਹਨ ਉਨ੍ਹਾਂ ਵਾਸਤੇ ਕਿਸੇ ਭੀ ਚੀਜ਼ ਦਾ

Digitized by Panjab Digital Library | www.panjabdigilib.org

ਪ੍ਰਾਪਤ ਕਰਨਾ ਕੋਈ ਔਖੀ ਗਲ ਨਹੀਂ, ਏਹੋ ਜੇਹੀ ਆਗਿਆ ਸਿੰਘ ਤਾਂ ਚਾਹੁੰਦੇ ਹੀ ਸੇ, ਕੋਈ ਜਥੇ ਕਰਕੇ ਜਿਥੇ ਜਾਗੀਰਦਾਰ ਨਵਾਬ ਕਾਜੀ ਸਯਦ ਵੇਖਸੁਣੇ ਓਸੇ ਥਾਂ ਜਾ ਨਪੇ।ਅਗੋਂ ਕਿਸੇ ਨੇ ਹਥ ਨਾ ਉਠਾਇਆ ਅਤੇ ਸਿੰਘਾਂ ਨੇ ਆਪਣਾ ਕੰਮ ਕੀਤਾ ਅਗੇ ਹੋ ਲਏ।ਇਸੇ ਭਾਂਤ ਮਾਰੋ ਮਾਰ ਕਰਦੇ ਜੋ ਭੀ ਜੰਗੀ ਸਾਮਾਨ ਹਥ ਲਗਦਾ ਲੋਹਗੜ ਵਲ ਭੇਜਦੇ ਰਹੇ, ਬਹੁਤੀ ਜਗਾਂ ਲੜਾਈ ਤਾਂ ਹੋਈ ਪਰ ਸਿੰਘਾਂ ਦੀ ਤੇਗ ਅਗੇ ਕੌਣ ਠਹਿਰੇ ?

## ਦੂਜਾ ਸੰਗ੍ਰਾਮ ਲੋਹਗੜ ਦਾ

ਏਹ ਖਬਰ ਸੁਣਕੇ ਮਹੰਮਦ ਅਮੀਨ ਖਾਂ ਚੀਨੀ ਜਹੇ ਅਨੇਕ ਫੌਜਦਾਰ ਜੋ ਰਵਾਂ ਰਵੀਂ ਲੋਹਗੜ ਵੱਲੀ ਆ ਰਹੇ ਸੇ, ਸਬ ਰੁਕ ਰੁਕਕੇ ਆਉਣ ਲਗੇ ਤੇ ਓਧਰੋਂ ਬਾਦਸ਼ਾਹ ਫਰੁਖਸ਼ੀਅਰ ਨੇ ਬੀ ਸਿੰਘਾਂ ਦੀ ਕਾਰਰਵਾਈ ਤੇਜੀ ਪਰ ਸੁਣ ਕੇ ਸਯਦ ਮੀਰ ਅਹਿਮਦ ਖਾਂ ਨੂੰ ਬੁਲਾ ਭੇਜਿਆ। ਓਹ ਫੌਜਦਾਰ ਬਡੇ੨ ਰੋਣਵੇਂ ਸਰਦਾਰ ਜੰਗ ਦੇ ਮਿਤੱਯਾ ਭੱਯਾ ਸਾਥ ਲੈਕੇ ਗੁਜਰਾਤ ਵਲੋਂ ਚਲਾ ਆਇਆ। ਰੁਸਤਮ ਦਿਲ ਖਾਂ ਫੌਜਦਾਰ, ਹਦਾਇਤੁੱਲਾ ਖਾਂ, ਲੁਤਫ ਖਾਂ ਵਗੈਰਾ ਨੂੰ ਫੌਜ ਦੇਕੇ ਬਾਦਸ਼ਾਹ ਨੇ ਹੁਕਮ ਦਿਤਾ ਕਿ ਸਿੰਘਾਂ ਦਾ ਖੁਰਾ ਖੋਜ ਮਿਟਾ ਦਿਓ ਤੇ ਬੰਦੇ ਨੂੰ ਫੜ ਕੇ ਮੇਰੇ ਪਾਸ ਹਾਜ਼ਰ ਕਰੋ, ਤਦੋਂ ਨੂੰ ਸਿੰਘ ਤਾਂ ਹੜਦੇ ਜਲ ਵਾਂਗੂ ਮਾਰੋ ਮਾਰ ਕਰਦੇ ਹੋਏ ਦੂਰ ਤਕ ਪਹੁੰਚ ਗਏ ਸੇ। ਭਾਵੇਂ ਕੋਟ ਆਬੂਖਾਂ ਦੇ ਪਾਸ ਮੁਲਕੀ ਲੋਕਾਂ ਨੇ ਸਿਖਾਂ ਦਾ ਮੁਕਾਬਲਾ ਤਾਂ ਬਹੁਤ ਕੀਤਾ, ਪਰ ਹਾਰ ਕੇ ਨਠ ਗਏ, ਸਿੰਘ ਬੀ ਜਿਉਂ ਜਿਉਂ ਸ਼ਾਹੀ ਲਸ਼ਕਰ ਆਉਂਦਾ ਸੁਣਦੇ ਸੇ ਤਿਉਂ ੨ ਅਧਕ ਹਥ

Digitized by Panjab Digital Library | www.panjabdigilib.org

ਮਾਰਦੇ ਤੇ ਪਿਛੇ ਨੂੰ ਹਟ ਰਹੇ ਸਨ, ਧਕਾ ਧਕ ਇਕ ਦੂਸਰੇ ਪਰ ਹੱਲਾ ਕਰਨ ਦਾ ਹੌਸਲਾ ਭੀ ਨਹੀਂ ਰਖਦਾ ਸੀ। ਓੜਕ ਜਦ ਸਿੰਘ ਬੇਸ਼ੁਮਾਰ ਜੰਗੀ ਸਾਮਾਨ ਲੁਟ ਕੇ ਮੁੜ ਲੋਹਗੜ ਦੇ ਆਸ ਪਾਸ ਆਕੇ ਉਤਰ ਪਏ, ਤਦੋਂ ਨੂੰ ਸ਼ਾਹੀ ਫੌਜਾਂ ਬੀ ਆ ਢੁਕੀਆਂ। ਇਸ ਲੋਹਗੜ ਦੇ ਚੁਫੇਰੇ ਦੀ ਸ਼ਿਕਾਰਗਾਹ ਦਸ ੨ ਪੰਦ੍ਰਾਂ ੨ ਕੋਹ ਵਿਚ ਪਹਾੜੀਆਂ ਝਾੜੀਆਂ ਬਹੁਤ ਸਨ, ਸਢੌਰੇ ਵਲੋਂ ਪੰਜ ਛੀ ਕੋਹ ਪਹਾੜ ਵੰਨੀ ਇਕ ਉਚੇ ਟਿਬੇ ਪਰ ਪੰਮੂ ਪਿੰਡ ਦੇ ਪਾਸ ਕਿਲਾ ਲੋਹਗੜ ਹੈ ਜੋ ਸ਼ਾਹਜਹਾਂ ਦੇ ਸਮੇਂ ਮੁਖਲਸ ਖਾਂ ਸੂਬੇਦਾਰ ਸਰਹੰਦ ਨੇ ਬਨਵਾਇਆ ਸੀ, ਓਸਦੇ ਦੋਹੀਂ ਪਾਸੀਂ ਦੋ ਖੱਡਾਂ ਪਹਾੜੀ ਪਾਣੀ ਦੀਆਂ ਵਗਦੀਆਂ ਰਹਿੰਦੀਆਂ ਹਨ, ਕਿਲੇ ਦੇ ਆਸ ਪਾਸ ਉੱਚੇ ਪਹਾੜ ਬਹੁਤੇ ਸਨ। ਭਾਵੇਂ ਹੁਣ ਤਾਂ ਓਸ ਕਿਲੇ ਨੂੰ ਲੋਕਾਂ ਨੇ ਖੋਲਾ ਜੇਹਾ ਬੀ ਨਹੀਂ ਛਡਿਆ ਸਬ ਮਲਬਾ ਲੈ ਗਏ,ਸ਼ਾਹੀ ਫੌਜ ਕਿਲੇ ਤੋਂ ਅਠ ਅਠ ਕੋਹ ਸਢੌਰੇ ਗਿਰਦੇ ਜਾ ਉਤਰੀ, ਕਿਉਂਕਿ ਓਸ ਸਮੇਂ ਹਰੇਕ ਤਰਫੋਂ ਸ਼ਾਹੀ ਫੌਜਾਂ ਦੇ ਧਕੇਲੇ ਹੋਏ ਸਿੰਘ ਆਕੇ ਏਸੇ ਕਿਲੇਦੇ ਗਿਰਦੇ ਪਹਾੜੀਆਂ ਪਰ ਮੋਰਚੇ ਕਾਇਮ ਕਰੀ ਬੈਠੇ ਸੇ, ਤਾਹੀਂ ਸ਼ਾਹੀ ਫੌਜ ਦੂਰ ਦੂਰ ਠਹਿਰੀ ਹੋਈ ਅਨੇਕ ਭਾਂਤ ਦੀਆਂ ਗੋਂਦਾਂ ਗੁੰਦ ਰਹੀ ਸੀ। ਕੋਈ ਕਹਿੰਦਾ ਸੀ ਹਲਾ ਕਰਕੇ ਕਿਲੇ ਪਰ ਚੜ੍ਹ ਜਾਓ, ਕੋਈ ਫੌਜਦਾਰ ਘੇਰਾ ਪਾਕੇ ਬੈਠ ਰਹਿਣ ਚੰਗਾ ਸਮਝਦੇ ਸੇ, ਕੋਈ ਕਹਿੰਦੇ ਸੇ ਕਿਲੇ ਅੰਦਰ ਕੁਛ ਨਾ ਜਾਣ ਦੇਓ ਆਪੇ ਭੁਖੇ ਮਰ ਜਾਣਗੇ, ਕੋਈ ਧੀਰੇ ੨ ਲੜਦੇ ਹੋਏ ਮੋਰਚੇ ਵਧਾਉਣ ਨੂੰ ਪਸੰਦ ਕਰਦੇ ਸੇ, ਜਿਤਨੇ ਮੂੰਹ ਓਨੀਆਂ ਸਲਾਹਾਂ, ਬਾਕੀ ਵਡੇ ੨ ਅਮੀਰ

Digitized by Panjab Digital Library | www.panjabdigilib.org

ਜੰਗ ਜਿੱਤਨ ਦੀ ਤਜਵੀਜ਼ ਵੱਖਰੀ ੨ ਕਰ ਹੀ ਰਹੇ ਸੇ, ਉੜਕ ਏਹ ਤਾਂ ਸਲਾਹਾਂ ਹੀ ਕਰਦੇ ਰਹੇ ਬੰਦੇ ਨੇ ਕਿਲੇ ਵਿਚੋਂ ਨਿਕਲ ਕੇ ਰਾਹਾਂ ਦੇ ਸੂੰਹੇਂ ਸਿਖ ਅਗੇ ਲਾਕੇ ਸ਼ਾਹੀ ਫੌਜ ਪਰ ਹੱਲਾ ਕਰ ਦਿਤਾ। ਪੰਦਰਾਂ ਅਠਾਰਾਂ ਹਜ਼ਾਰ ਬਹਾਦਰ ਸਿਖ ਜਦ ਤੁਰਕਾਨੀ ਸੈਨਾ ਪਰ ਅਚਾ ਚੇਤ ਜਾ ਪਏ ਤਾਂ ਘਬਰਾਕੇ ਸਬ ਨੂੰ ਪ੍ਰਾਨ ਬਚਾਣ ਦੀ ਪੈ ਗਈ। ਕੋਈ ਤੰਬੂ ਵਿਚ, ਕੋਈ ਕਨਾਤ ਓਹਲੇ, ਕੋਈ ਦਰੀ ਹੇਠ, ਕੋਈ ਚਾਰਜਾਮਾਂ ਹੀ ਉਤੇ ਲੈਕੇ ਅਖਾਂ ਮੀਟੀ ਪਿਆ ਹੈ, ਬਹੁਤ ਨਠ ਤੁਰੇ, ਪਰ ਸਿੰਘਾਂ ਨੂੰ ਜਿਤਨਾ ਜਿੱਤ ਦਾ ਫਿਕਰ ਸੀ ਉਤਨਾ ਲੁਟਦੇ ਮਾਲ ਚੁਕਣ ਦਾ ਪਿਆਰ ਨਹੀਂ ਸੀ, ਪਰ ਫੇਰ ਬੀ ਜੋ ਕੁਛ ਹਥ ਲਗਾ ਸਬ ਨੇ ਕਿਲੇ ਵਿਚ ਲਿਆ ਰਖਿਆ, ਕਈ ਮਹੀਨੇ ਦੀ ਤਸੱਲੀ ਕਰ ਲੀਤੀ, ਕਪੜੇ ਪਾਲਾ ਕਟਨ ਜੋਗੇ ਆਗਏ, ਤਦੋਂ ਨੂੰ ਮਘਰ ਮਹੀਨਾ ਖ਼ਤਮ ਹੋਕੇ ਪੋਹ ਚੜ੍ਹ ਗਿਆ, ਬਰਖਾ ਹੋਨ ਲਗੀ*ਐਸੀ ਝੜੀ ਲਗੀ ਤੇ ਠੰਡੀ ਪੌਣ ਵਗੀ ਕਿ ਦਸਾਂ ਕੁ ਦਿਨਾਂ ਵਿਚ ਹੀ ਸ਼ਾਹੀ ਘੋੜੇ ਸਵਾਰ ਪਾਲੇ ਨੇ ਜੜ ਬਿਮਾਰ ਕਰ ਦਿਤੇ। ਲੜੇ ਕੌਣ? ਕ੍ਯੋਂਕਿ ਇਕ ਤਾਂ ਮਹੀਨਾ ਪੋਹ ਦਾ, ਦੂਜੇ ਠੱਕਾ ਠਹਿਰਨ ਨਾ ਦੇਵੇ, ਤੀਜੇ ਬਾਲਣ ਗਿੱਲਾ, ਚੌਥੇ ਝਿਮੀ ਝਿਮੀ ਝੜੀ, ਰਾਤ ਦਿਨੇ ਲਗੀ ਰਹੇ, ਪੰਜਵੇਂ ਗੁਦਾਮ ਭਿਜ ਗਿਆ ਛੀਵੇਂ ਰੋਜਸ਼ ਬੁਖਾਰ ਦੀ ਭਰਮਾਰ ਨੇ ਲਚਾਰ ਕਰ ਸਿਟੇ, ਦਾਣੇ ਪੱਠੇ ਬਿਨਾਂ ਸੈਂਕੜੇ ਘੋੜੇ ਬੌਲਦ ਖੱਚਰ ਤਾਂ ਐਤਨੇ ਮਰੇ ਕਿ ਕੋਈ ਚੁੱਕਣ ਵਾਲਾ ਨਾ ਰਿਹਾ, ਦੱਬੇ ਸਾੜੇ ਕੌਣ? ਠਕੇ ਨੇ ਠਾਰ ਕੇ ਹਥ ਪੈਰ ਨਕਾਰੇ ਕਰ ਧਰੇ ਸੇ, ਮੁਰਦਿਆਂ ਦੀ

*ਖਾਫੀਖਾਂ ਦਸ ਦਿਨ ਝੜੀ ਲਗੀ ਰਹੀ ਲਿਖਦਾ ਹੈ।

Digitized by Panjab Digital Library | www.panjabdigilib.org

ਸਰਹਿੰਦ ਉਭਰ ਗਈ, ਬਰਸਾਤ ਅਧਕ ਹੋਣੇ ਕਰ ਪਹਾੜਾਂ ਦੇ ਹੜਾਂ ਨਦੀਆਂ ਨਾਲਿਆਂ ਦੇ ਪਾਣੀ ਤੋਂ ਸਿੰਘ ਤਾਂ ਕਿਲੇ ਵਿਚ ਉੱਚੀ ਜਗਾਂ ਅਰਾਮ ਨਾਲ ਬੈਠੇ ਰਹੇ, ਮਹੰਮਦੀ ਸੈਨਾਂ ਵਾਸਤੇ ਸਚ ਮੁਚ ਕਿਆਮਤ ਸੀ, ਹੜਦੇ ਪਾਣੀ ਕਿਸੇ ਥਾਂ ਖੜੋਨ ਬੈਠਨ ਨਹੀਂ ਦਿੰਦੇ ਸੇ, ਠੰਡੇ ਠਕੇ ਨੇ ਐਡੀ ਤੇਜੀ ਪੌਣਦੀ ਕਰ ਰਖੀ ਸੀ ਕਿ ਤੰਬੂਆਂ ਦੇ ਕਿੱਲੇ ਪੁਟੇ ਗਏ ਸ਼ਾਹੀ ਸੈਨਾਂ ਦੇ ਸਪਾਹੀ ਸਰਦਾਰ ਲਚਾਰ ਹੋਕੇ ਲਾਂਹਬੇ ਦੇ ਪਿੰਡਾਂ ਵਿਚ ਜਾ ਵੜੇ। ਅਗੋਂ ਪਿੰਡਵਾਈ ਲੋਕਾਂ ਦੇ ਘਰ ਤ੍ਰਪ ੨ ਚੋ ਰਹੇ ਸੇ, ਅਤਿਅੰਤ ਕਲੇਸ਼ ਸਹਾਰ ਕੇ ਬਡੀ ਭਾਰੀ ਔਖਿਆਈ ਨਾਲ ਉਹ ਝੜੀ ਦੇ ਦਿਨ ਪੂਰੇ ਕੀਤੇ। ਭਾਵੇਂ ਏਹ ਸਾਰੀ ਬਿਪਤਾ ਕੁਦਰਤੀ ਖੇਡ ਈਸ਼੍ਵਰ ਵਲੋਂ ਹੀ ਸੀ, ਪਰ ਮੁਸਲ-ਮਾਨੀ ਸੈਨਾਂ ਵਿਚ ਇਹੋ ਚਰਚਾ ਧੁੰਮ ਗਈ ਸੀ ਕਿ ਏਹ ਭਾਰੀ ਬਿਪਤਾ ਸਾਰੀ ਬੰਦੇ ਦੇ ਜਾਦੂ ਦਾ ਚਮਤਕਾਰਾ ਹੈ, ਸਬ ਏਹੋ ਕੈਹ ਰਹੇ ਸੇ ਮੀਆਂ ਜਾਦੂ ਬਰਹੱਕ ਹੈ, ਕਰਨ ਵਾਲਾ ਕਾਫਰ ਹੈ, ਬੰਦੇ ਨੇ ਸਾਰੀ ਉਮਰ ਏਹੋ ਕਮਾਈ ਕੀਤੀ ਹੈ, ਜਿਸਦਾ ਸਾਰਟੀਫੀਕੇਟ ਓਸਨੂੰ ਖੁਦਾ ਵਲੋਂ ਮਿਲਿਆ ਹੋਇਆ ਹੈ, ਹੁਣ ਜੋ ਚਾਹੇ ਸੋ ਕਰੇ ਭਲਾ ਕੋਈ ਰੋਕ ਸਕਦਾ ਹੈ? ਖਾਹਮਖਾਹ ਬਾਦਸ਼ਾਹ ਖਲਕਤ ਨੂੰ ਮਰਵਾ ਰਿਹਾ ਹੈ। ਏਹੋ ਜੇਹੀ ਬਿਪਤਾ ਭੋਗ ਕੇ ਜਦ ਬਰਖਾ ਹਟੀ ਤੋਂ ਸਿੰਘਾਂ ਨੇ ਬੀ ਆਪਨੇ ਆਪਨੂੰ ਸੰਭਾਲਿਆ ਅਤੇ ਸ਼ਾਹੀ ਸੈਨਾਂ ਭਾਵੇਂ ਇਸ ਤਬਾਹੀ ਵਿਚੋਂ ਤਾਂ ਨਿਕਲੀ, ਪਰ ਅਜੇ ਜੰਗ ਕਰਨ ਨੂੰ ਤਿਆਰ ਨਹੀਂ ਹੋਈ ਸੀ ਬਿਮਾਰ ਤੇ ਢਿਲੀ ਬਹੁਤ ਹੋ ਰਹੀ ਸੀ। ਏਥੇ ਸ਼ਾਹੀ ਸੈਨਾਂ ਦੇ ਪ੍ਰਸ਼ਨ ਉਤਰ ਦਾ ਨਮੂਨਾ ਨਾਵਲ ਦੇ ਤੌਰ ਪਰ ਦੇਖਾਯਾ ਜਾਂਦਾ ਹੈ।

Digitized by Panjab Digital Library | www.panjabdigilib.org

ਪ੍ਰਸ਼ਨ—ਮਹੰਮਦ ਸ੍ਰੀਫ ਖਾਂ ਮੁਸਾਹਿਬ ਖਾਸਗੀ ਫਰੁਖ ਸ਼ੀਅਰ ਦੇ ਸ਼ਾਹੀ ਤੰਬੂ ਵਿਚੋਂ ਆਕਰ ਆਪਣੇ ਬਡੇ ਤੰਬੂ ਅੱਗੇ ਸਾਏਬਾਨ ਦੇ ਨੀਚੇ ਫੌਜੀ ਅਫ਼ਸਰਾਂਦੇ ਦਰਬਾਰ ਵਿਚ ਚੌਕੀਪਰ ਬੈਠਾ ਹੋਇਆ ਬੋਲਿਆ, ਫੌਜਦਾਰ ਬਹਾਦਰਖਾਂ ਤੁਮਨੇ ਖਬਰਦਾਰ ਰਹਿਨਾ, ਯਹਿ ਸਿੰਘ ਕੌਮ ਵੱਡੀ ਭਾਰੀ ਕਾਫਰ ਜਾਹਲ ਹੈ ਮਰਨੇ ਮਾਰਨੇ ਜਰਾ ਭਰ ਭੀ ਨਹੀਂ ਡਰਤੀ, ਇਨ ਕੰਬਖਤੋਂ ਸੇ ਖੁਦਾ ਹੀ ਬਚਾਏ ਇਨਕਾ ਗੁਰੂ ਬੰਦਾ ਅਕਸਰ ਸ਼ਬ ਖੂਨ ਮਾਰਿਆ ਕਰਤਾ ਹੈ ਬਚਨਾ ॥

ਕਾ:ਮਾ:ਖ਼:—ਅਜੀ ਜਨਾਬ ਮੈਂ ਆਪ ਕੇ ਆਗੇ ਕਿਆ ਬਜਾਨ ਕਰੂੰ ਵੇ ਸਿਖੜੇ ਬਹੁਤ ਬੁਰੇ ਬਦ ਬਲਾਈ ਹੈਂ, ਬੇਸ਼ਕ ਆਪ ਸਚ ਕਹਿਤੇ ਹੈਂ ਪੰਜਾਬ ਮੈਂ ਐਸੀ ਦੂਸ੍ਰੀ ਕੋਈ ਬਹਾਦੁਰ ਕੌਮ ਨਹੀਂ ਜੈਸੀ ਕੇ ਯਹਿ ਹੈ, ਇਨ ਸੇ ਬਚਨਾ ਹੀ ਅਕਲਮੰਦੀ ਹੈ ॥

ਸ੍ਰਦਾਰ ਖਾਂ ਫੌਜਦਾਰ—ਵਿਲਾਹ ਖੁਦਾਵੰਦ ਉਨੋਂ ਨੇ ਤੋ ਘੋੜੋਂ ਕੀ ਪੀਠ ਕੋ ਹੀ ਅਪਨੇ ਲੀਏ ਚਾਰਪਾਈ ਔਰ ਜ਼ੀਨ ਹੀ ਕੋ ਬਿਛਾਈ, ਚਾਰ ਜਾਮੇਂ ਕੋ ਹੀ ਘਰ ਬਨਾ ਰਖਾ ਹੈ, ਖੁਦਾ ਜਾਨੇ ਉਨਕੇ ਬਦਨ ਪਥਰ ਕੇ ਹੈਂ ਯਾ ਗੈਂਡੇ ਕੀ ਖਾਲ ਕੇ, ਸ਼ੈਤਾਨ ਨੇ ਉਨਕੇ ਕਾਨ ਮੇਂ ਐਸਾ ਮੰਤਰ ਫੂਕਾ ਹੈ ਡਰ ਤੋ ਜਾਨਤੇ ਹੀ ਨਹੀਂ, ਅਰਾਮ ਹਰ ਤਰਾਂ ਕਾ ਹਰਾਮ ਸਮਝ ਰਖਾ ਹੈ, ਇਸਲਾਮ ਕੇ ਕਤਲਾਮ ਮੇਂ ਹੀ ਅਪਨਾ ਇਮਾਮ ਨਫਾ ਮਾਨਤੇ ਹੈਂ।

ਮੁਜਫ੍ਰ ਖਾਂ ਮੌਲਵੀ—ਅਲਾਹ ਮੀਆਂ ਆਪ ਨੇ ਸਚ ਕਹਾ ਅਬਤੋ ਹਮਾਰਾ ਪਾਲਾ ਭੀ ਉਨ ਬਦਕਿਰਦਾਰੋਂ ਸੇ ਆ ਪੜਾ, ਇਸੀ ਸੇ ਜਾਨ ਤੰਗ ਹੈ ਖੁਦਾ ਖੈਰ ਕਰੇ, ਕਿਸੀ ਤਰਾਂ ਉਨਕਾ ਗੁਰੂ ਬੰਦਾ ਵੈਰੀ ਹਮਾਰੇ ਹਾਥ ਆ ਜਾਏ ਤੋ ਫਿਰ ਬਾਕੀ

Digitized by Panjab Digital Library | www.panjabdigilib.org

ਸਿਖਾਂ ਕੋ ਪਸਪਾ ਯਾ ਕਾਬੂ ਕਰਨਾ ਸੁਖਾਲਾ ਹੋ ਜਾਏਗਾ।

ਮੁਸਾਹਿਬ—ਹਜ਼ਰਤ ਹਾਥ ਤੋਅਾਹੀ ਜਾਏ, ਲੇਕਨ ਸਰਤੋ ਯੇ ਹੈ ਕੇ ਉਨਕੇ ਖੌਫ ਸੇ ਹਮਾਰੇ ਹਵਾਸ ਬਾਖਤਾ ਹੋ ਰਹੇ ਹੈਂ।

ਸ਼ਰੀਫ ਖਾਂ—ਜਨਾਬ ਸਚ ਹੈ ਉਸ ਬੇਈਮਾਨ ਕੇ ਸਾਹਮਨੇ ਜਾਨੇ ਸੇ ਤੋ ਮੇਰਾ ਦਿਲ ਭੀ ਕਾਂਪਤਾ ਹੈ ਲੜ ਕਰ ਤੋ ਉਸ ਸੇ ਫਤੇ ਮਿਲਣੀ ਬਹੁਤ ਮੁਸ਼ਕਲ ਹੈ, ਇਸ ਲੀਏ ਮੈਂ ਤੋ ਅਬ ਯੇਹੀ ਠਾਨ ਲੀ ਹੈ ਕਿ ਮੌਕਾ ਪਾਕਰ ਉਸਕੋ ਸੋਤੇ ਹੂਏ ਕਿਸੀ ਤਰੇਂ ਗ੍ਰਿਫਤਾਰ ਕਰ ਲੇਨਾ ਚਾਹੀਏ, ਇਸੀ ਲੀਏ ਜਾਸੂਸ ਸਿੰਘ ਬਨਾ ਕਰ ਹਮ ਨੇ ਉਸ ਕੇ ਲਸ਼ਕਰ ਮੇਂ ਛੋੜ ਰਖੈ ਹੈਂ ਅਗਰ ਖੁਦਾ ਕੋ ਇਸਲਾਮ ਕੀ ਰੋਸ਼ਨੀ ਕਾ ਜਲਵਾ ਹਿੰਦੋਸਤਾਨ ਜੁਲਮਤ ਨਿਸ਼ਾਨ ਪਰ ਕਾਇਮ ਰਖਨਾ ਮਨਜ਼ੂਰ ਹੈ ਤੋ ਬੇਸ਼ਕ ਮੇਰੀ ਮੁਰਾਦ ਵਰ ਆਏਗੀ।

ਕਾਜ਼ੀ—-ਇਨਸ਼ਾਏ ਅਲਾ ਤਾਲਾ ਐਸਾ ਹੀ ਹੋ।

ਸ਼ਰੀਫਖਾਂ—-ਕਸਮ ਹੈ ਕਲਮੇਂ ਸ਼ਰੀਫਕੀ ਇਸ ਫਿਕਰ ਮੇਂ ਮੇਰੀ ਖੁਰਾਕ ਆਗੇ ਸੇ ਆਧੀ ਆ ਰਹੀ ਹੈ ਮੀਆਂਉਨੀਂਦ੍ਰੇਸੇ ਆਂਖੇਂ ਫਟੀ ਜਾ ਰਹੀ ਹੈਂ ਮਾਰੇ ਡਰ ਕੇ ਸੋ ਨਹੀਂ ਸਕਤੇ।

ਜਰਨਲ ਗੁਲਾਮ ਰਸੂਲ--ਅਜੀ ਜੁਨਾਬ ਅਗਰ ਮੈਂ ਸਚ ਕੈਹ ਦੂੰ ਤੋ ਆਪ ਹਸੇਂਗੇ, ਮੈਂ ਅਪਨੇ ਖੇਮੇ ਕੇ ਹਰ ਚਹਾਰ ਤਰਫ ਪੈਹਰਾ ਖੜਾ ਕਰ ਜਰਾਕ ਪੜਾ ਹੀ ਥਾ ਦੇਖਾ ਕਿ ਸਿਖ ਨੰਗੀ ਤਲਵਾਰੇਂ ਖੈਂਚੇ ਹੂਏ ਇਸਲਾਮੀਉਂਕੋ ਕਾਟ ੨ ਫੈਂਕ ਰਹੇ ਹੈਂ ਫੌਰਨ ਚੌਕ ਉਠਾ ਆਂਖ ਖੁਲੀ ਤੋ ਕੋਈ ਕੁਛ ਨਾ ਥਾ ਤੋ ਮੈਂ ਕਾਂਪਤਾ ਹੂਆ ਬੇਹੋਸ਼ੀ ਕੀ ਹਾਲਤ ਮੇਂ ਤੀਨ ਘੰਟੇ ਪੜਾ ਰਹਾ।

ਰਜਬ ਅਲੀ ਖਾਂ--ਅਜੀ ਮੀਆਂ ਕੁਛ ਭੀ ਹੋ ਇਨ

Digitized by Panjab Digital Library | www.panjabdigilib.org

ਹਲਕਾਏ ਉਨ੍ਹੋਂ ਸੇ ਬਚਨਾ ਹੀ ਬੇਹਤਰ ਹੈ, ਇਮਾਨ ਕੀ ਕਸਮ ਯੇਹੀ ਕਾਫਰ ਹਮਾਰੇ ਦੁਸ਼ਮਨੇ ਜਾਨੀ ਹੈਂ ਯੇਹ ਪੰਜਾਬਕੀ ਸ੍ਰਦਾਰ ਕੌਮ ਯੂੰ ਕਹਾ ਜਾਏ ਤੋ ਅਹਮਕ ਜਾਂਫ ਨਫਾ ਨੁਕਸਾਨ ਨਾ ਦੇਖਨੇ ਵਾਲੇ ਐਸੇ ਬੁਰੀ ਬਲਾਈ ਹੈਂ ਗੋਯਾ ਮਲਕਲ ਮੌਤ ਭੀ ਇਨ ਸੇਂ ਡਰਤੀ ਹੈ, ਮੀਆਂ! ਇਨ ਕੀ ਤਲਵਾਰ ਹੈ ਕਿ ਗਜ਼ਬ ਖੁਦਾ ਹੈ, ਬਿਜਲੀ ਹੈ ਕਿ ਜਹੰਨਮ ਕੀ ਆਗ ਹੈ,ਇਨਸੇ ਲੜਨਾ ਤੋ ਗੋਯਾ ਮੌਤ ਕਾ ਮੁਕਾਬਲਾ ਕਰਨਾਂ ਹੈ, ਨਹੀਂ ਮਾਲੂਮ ਹਿੰਦ ਕੇ ਜਿਨਹਾਰ ਸੇ ਇਨ੍ਹੋਂ ਕਿਆ ਤਅੱਲਕ ਹੈ ਜੋ ਉਨਕੇ ਬਚਾਨੇ ਵਾਸਤੇ ਜਾਂਨੇ ਦੇ ਰਹੇ ਹੈਂ ॥

(ਇਧਰ) ਬੰਦਾ ---ਐ ਭਾਈ ਖਾਲਸਾ ਜੀ ਇਨ ਤੁਰਕੋਂ ਨੇ ਹਿੰਦ ਪਰ ਵੋਹ ੨ ਜ਼ੁਲਮ ਕੀਏ ਹੈਂ ਜੋ ਬਿਆਨ ਨਹੀਂ ਹੋ ਸਕਤੇ ਯਾਦ ਕਰਨੇ ਸੇ ਛਾਤੀ ਭਰ ਆਤੀ ਹੈ।

ਬਾਜ ਸਿੰਘ----ਮਹਾਰਾਜ ਇਨ ਦੁਸ਼ਟ ਮਲੇਛੋਂ ਨੇ ਆਜ ਹੀ ਕੋਈ ਨਵਾਂ ਕਹਰ ਕਹਾਰ ਤੋ ਨਹੀਂ ਉਠਾਇਆ, ਇਨ ਹੀ ਕੇ ਬਜ਼ੁਰਗ ਮਧੁਕੈਟਭ ਜਲੰਧ੍ਰ, ਮਹਿਖਾਸੁਰ ਕਾਲਨੇਮੀ ਸੁੰਭ, ਨਿਸੁੰਭ, ਰਕਤਬੀਜ ਵਗੈਰੇ ਬੇਸ਼ੁਮਾਰ ਹੋ ਗੁਜ਼ਰੇ ਹੈਂ, ਬਡੇ ੨ ਧਰਮਾਤਮਾਂ ਰਿਖੀ ਮੁਨੀਆਂ ਕੇ ਬਦਨੋਂ ਮੇਂ ਸੇ ਪਛ ਪਛ ਕੇ ਲਹੂ ਨਿਕਾਲਤੇ ਰਹੇ ਹੈਂ। ਅਬੀ ਹਮਾਰੇ ਬਜ਼ੁਰਗ ਸਤਗੁਰਾਂ ਸਾਥ ਕੈਸੇ ਸਲੂਕ ਕੀਏ ਹੈਂ, ਮਾਸੂਮ ਬਚੇ ਸ਼ੀਰ ਖੋਰ ਬੇ ਗੁਨਾਹ ਕੈਸੀ ਬੇਤਰਸੀ ਨਾਲ ਮਾਰੇ ਹੈਂ। ਗਰੀਬ ਨਿਵਾਜ ਇਨਕੇ ਜ਼ੁਲਮ ਯਾਦ ਆਤੇ ਹੈਂ ਤੋ ਯੇਹੀ ਮਨ ਮੇਂ ਠਟ ਜਾਤੀ ਹੈ ਕਿ ਜਹਾਂ ਤਕ ਨਾਕ ਮੇਂ ਦਮ ਹੈ--ਜੀਤ ਹਾਰ ਤੋ ਕਰਤਾਰ ਕੇ ਹਾਥ ਹੈ-ਲੜਨਾ ਹਮਾਰਾ ਕਾਮ ਹੈ ॥

ਬੰਦਾ----ਭਾਈਓ! ਬਾਜ਼ ਸਿੰਘ ਸਚ ਕੈਹਤਾ ਹੈ, ਖਾਲਸਾ

ਜੀ ਕੋ ਐਸਾ ਹੀ ਚਾਹੀਏ, ਕਿਉਂਕਿ ਅਕਾਲ ਪੁਰਖ ਨੇ ਸਤਗੁਰਾਂ ਨੂੰ ਜੀਵੋਂ ਕੀ ਮੁਕਤ ਕਰਨੇ ਕੋ ਭੇਜਾ ਹੈ, ਸੋ ਵੋਹ ਤੋ ਸਿਖ ਹੋਤੇ ਹੀ ਹਾਸਲ ਹੈ, ਔਰ ਦੁਨਿਆਵੀ ਮਾਮਲੇ ਕੇ ਤਹ ਕਰਨੇ ਕੋ ਤੇਗ ਫੜਾਈ ਹੈ।ਪਿਆਰੇ ਭਾਈ ਸਾਹਿਬ! ਸਾਵ-ਧਾਨ ਰਹਿਨਾ ਔਰ ਢਾਈ ਫੱਟ ਲੜਾਈ ਕੇ ਯਾਦ ਰਖਨਾ॥

ਸਿੰਘ—ਗਰੀਬ ਨਿਵਾਜ਼ ਧਰਮ ਜੁੱਧ ਮੇਂ ਤੋ ਯੇਹ ਤੁਰਕ ਹਮੇਂ ਕਬੀ ਨਹੀਂ ਜੀਤੇਂਗੇ, ਲੇਕਨ ਬੇਈਮਾਨੀ ਦਗੇਬਾਜ਼ੀ ਸੇ ਜੋ ਹੋਗਾ ਸੋ ਦੇਖਾ ਜਾਏਗਾ ॥

ਬੰਦਾ—ਪਿਆਰੇ ਖਾਲਸਾ ਭਾਈਓ! ਬੇਸ਼ਕ ਆਪ ਸਚ ਕਹਤੇ ਹੈਂ, ਲੇਕਨ (ਯਤੋ ਧਰਮ ਤਤੋ ਜੈ) ਧਰਮ ਜੁੱਧ ਕਰਨਾ ਤੁਮਾਰਾ ਧਰਮ ਹੈ ਜੀਤੇਂਗੇ ਤੋ ਜੱਸ ਔਰ ਦੁਨਿਆਵੀ ਸੁਖ ਭੋਗੋਗੇ ਜੂਝ ਗਏ ਤੋ ਸ਼ਹੀਦੀ ਸੱਚ ਖੰਡ ਕੀ ਮਿਲੇਗੀ, ਦੋਨੋ ਹਾਥ ਮੇਂ ਤੁਮਾਰੇ ਲਡੂ ਹੈਂ।

ਦਰਬਾਰਾਸਿੰਘ—ਭਲਾ ਏਕਾ ਏਕੀ ਸਿੰਘਾਂ ਨੂੰ ਜੀਤ ਲੈਨਾ ਕੋਈ ਦਾਲ ਭਾਤ ਹੈ? ਯੇਹ ਬਡੀ ਟੇਡੀ ਖੀਰ ਖਾਨੀ ਸਾਰ ਕੇ ਚਨੇ ਚਬਨੇ ਹੈਂ॥

ਬੰਦਾ-ਐ ਗੁਰੂ ਕੇ ਲਾਲ ਬਹਾਦਰੋ! ਆਜ ਸਾਵਧਾਨ ਰਹਿ ਕਰ ਰਾਤ ਭਰ ਸੌਣਾਂ ਨਹੀਂ, ਕਮਰ ਕੱਸੇ ਕੱਸ ਰਹੇਂ, ਕਾਠੀਆਂ ਘੋੜੋਂ ਪਰ ਕੜੀ ਰਹੇ ਤੋੜੇ ਸੁਲਗਤੇ ਤੋਤਿਓਂ ਪਰ ਜੜੇ ਰਖਨਾ, ਦੁਗਾੜੇ ਭਰੇ ਰੱਖੋ ਮਤ ਕਹੀਂ ਗਾੜੇ ਭੰਗ ਦੇ ਭਾੜੇ ਹਾਥ ਮਾਰ ਜਾਏਂ, ਸਬਨੇ ਯਹੀ ਗੁਰਮਤਾ ਮਾਨ ਲੀਆ ॥

(ਓਧਰ ਤੁਰਕ ਆਪਸ ਮੇਂ) ਕਰੀਮ ਬਖਸ਼—ਅਜੀ ਸਾਹਿਬ ਹਮ ਨੇ ਸੁਨਾ ਹੈ ਮਾਰੇ ਡਰ ਕੇ ਕਾਫਰ ਤੋ ਕਹੀਂ ਕੇ ਕਹੀਂ ਪਹਾੜੋਂ ਝਾੜੋਂ ਮੇਂ ਜਾ ਘੁਸੇ ਕਿਲਾ ਖਾਲੀ ਪੜਾ ਹੈ॥

Digitized by Panjab Digital Library | www.panjabdigilib.org

ਕਾਜ਼ੀ—ਵਾਹ ਕਿਉਂ ਨਾ ਐਸਾ ਹੋ ਕਿਸ ਕੀ ਮਜਾਲ ਹੈ ਜੋ ਇਸਲਾਮ ਕੇ ਸਾਮਨੇ ਹੋ ?

ਜਾਨੀ ਖਾਂ--ਮੀਆਂ ਕਾਜ਼ੀ ! ਆਜ ਤੋ ਹੁਕਮ ਦੀਜੀਏ ਜਸ਼ਨ ਹੋ, ਹਾਂ ਜ਼ਰਾ ਸ਼ਾਹਜ਼ਾਦੇ ਕੇ ਮੂੰਹ ਕੀ ਲੇਲੇ ਵਜ਼ੀਰ ਕੇ ਕਾਨੋਂ ਮੇਂ ਸੇ ਕਾਢ ਲੋ ॥

ਝੱਪਟ ਖਾਂ—ਅਰੀ ਭਠਾਰੀ ਮੈਨੇ ਪੁਖਤਾ ਹਾਲ ਸੁਨਾ ਹੈ ਅਬ ਕਾਫਰ ਨਹੀਂ ਲੜੇਂਗੇ, ਵਾਹ ਮੀਆਂ ਫਿਰ ਜ਼ਰਦੇ ਪੁਲਾ ਉੜੇ ਜੋ ਹੋ ਸੋ ਹੋ ਕਿਆ ਜਾਨ ਮਾਂਗ ਕੇ ਲਿਆਏ ਹਾਂ ਕੋਈ ਲੜੇ ਮਰੇ, ਯਹਾਂ ਤੋ ਭਾਗਤੋਂ ਕੇ ਆਗੇ ਲੜਤੋਂ ਕੇ ਪੀਛੇ ਜਬਾਨ ਕੀ ਤੇਗ ਸੇ ਤੋ ਦਸ ਹਜਾਰ ਕੋ ਹਾਥ ਮਾਰੇ ਬਿਨਾਂ ਨਹੀਂ ਰਹਿਤੇ ਲੋਹੇ ਕੀ ਠੋਕਰ ਖਾਨਾਂ ਹੀ ਠੀਕ ਹੈ ॥

ਗਨੀ ਖਾਂ—ਅਜੀ ਜੁਨਾਬ ਆਪਸੇ ਮੇਰਾ ਇਤਫਾਕ ਹੈ ਇਸੀ ਲੀਏ ਤੀਨ ਦਿਨ ਸੇ ਸ਼ਾਹੀ ਖੈਮੇ ਕੀ ਤਰਫ ਨਹੀਂ ਗਿਆ । ਕਲ ਕਾ ਜ਼ਿਕਰ ਹੈ ਮੈਂ ਏਕ ਰੰਡੀ ਕੇ ਘਰ ਸੇ ਫਜਰੇ ਹੀ ਇਧਰ ਆ ਰਹਾ ਥਾ ਉਧਰ ਸੇ ਮਿਰਜ਼ਾ ਜ਼ਾਫਰ ਬੇਗ ਚਾਰ ਆਦਮੀਓਂ ਕੇ ਸਾਥ ਆਮਿਲਾ ਕੁਛ ਬਾਤੇਂ ਕਰ ਰਹੇ ਥੇ; ਸਜਾਮਤ ਫੌਰਨ ਦੋ ਸਿੱਖ ਸੂਰਤ ਫਰੇਸ਼ਤਾ ਆ ਪਹੁੰਚੇ ਬਿਨਾਂ ਹੀਲ ਹੁਜਤ ਮਿਰਜ਼ਾ ਜੀ ਕੋ ਤੋ ਮਏ ਅਸਖਾਸ ਲਾਠੀਓਂ ਸੇ ਪਾਸ਼ ਪਾਸ਼ ਕਰ ਡਾਲਾ ਜਬ ਮੁਝ ਪਰ ਕਜਾਮਤ ਟੂਟੀ ਮੈਂ ਤੋ ਹਾਥ ਬਾਂਧ ਦਾਂਤੋਂ ਮੇਂ ਘਾਸ ਲੇ ਉਨਕੇ ਪਾਉਂ ਪਰ ਗਿਰ ਪੜਾ, ਇਸਲਾਮ ਕੀ ਮੁਜਮਤ ਸਿੱਖੋਂ ਕੀ ਤਾਰੀਫ ਯਹਾਂ ਤਕ ਕੀ ਕਿ ਜਿਸਕੋ ਸੁਨਤੇ ਹੀ ਮੁਝੇ ਛੋੜ ਗਏ ਵਰਨਾ ਆਜ ਜਾਨ ਜਾਤੀ ਰਹੀ ਥੀ ॥

ਦੂਸਰਾ—ਫਿਰ ਕਿਆ ਦੀਨ ਕੇ ਪੀਛੇ ਜਾਨ ਦੇ ਡਾਲਤੇ?

Digitized by Panjab Digital Library | www.panjabdigilib.org

ਗਨੀ ਖਾਂ-ਜਾਨ ਸੇ ਹੀ ਤੋ ਜਹਾਨ ਹੈ, ਕੋਈ ਜੀਤੇ ਕੋਈ ਹਾਰੇ ਹਮੇਂ ਤੋ ਸਿਰਫ ਹਲਵੇ ਮੰਡੇ ਸੇ ਕਾਮ ਹੈ ॥

(ਏਧਰ) ਬੰਦਾ-ਪਿਆਰੇ ਭਾਈ ਖਾਲਸਾ ਜੀ! ਸਜੇ ਧਜੇ ਸਾਵਧਾਨ ਰਹਿਨਾ ਮੈਂ ਜਰਾ ਕੁ ਨੀਂਦ ਲੇ ਲੂੰ ਕਈ ਦਿਨ ਰਾਤ ਗੁਜ਼ਰੇ ਮਲੇਛੋਂ ਨੇ ਜਰਾ ਭਰ ਆਂਖ ਨਹੀਂ ਲਗਨੇ ਦੀ॥

ਸਾਵਲ ਸਿੰਘ ਜਮਾਂਦਾਰ--ਦੇਖਨਾ ਕਹੀਂ ਕੁਛ ਖਟਕਾ ਮਾਲੂਮ ਹੋ ਤੋ ਮੁਝੇ ਜਗਾ ਦੇਨਾ, ਕਮਰਕਸਾ ਕਸੇ ਕਸਾਏ ਬੰਦਾ ਏਕ ਬ੍ਰਿਛ ਕੇ ਨੀਚੇ ਸੋ ਗਿਆ, ਘੋੜਾ ਜ਼ੀਨ ਪਾਏ ਪਾਸ ਬੰਧਾ ਹੈ। ਪਹਿਰੇ ਵਾਲੇ ਔਰ ਟਾਂਗੁ ਸਿਖੋਂ ਕੇ ਭਰੋਸੇ ਸਬ ਸੋ ਗਏ। ਓਧਰੋਂ ਸ਼ਾਹਜ਼ਾਦੋਂ ਕੇ ਜਾਸੂਸ ਜੋ ਸਿੰਘ ਸਜੇ ਹੋਏ ਸਿਖੀ ਦਲ ਮੈਂ ਫਿਰ ਰਹੇ ਥੇ ਉਨਾਂ ਨੇ ਫੌਰਨ ਸ਼ਰੀਫ ਖਾਂ ਹਰਾਵਲ ਕੋ ਖਬਰ ਦਿਤੀ ਕਿ ਆਜ ਸਭ ਸਿਖ ਮੀਠੀ ਗਾਹੜੀ ਨੀਂਦ ਨਿਸ਼ੰਗ ਸੋ ਰਹੇ ਹੈਂ ॥

ਸ਼ਰੀਫ ਖਾਂ--ਅਲਹਮਦ ਪੜ੍ਹ ਕੇ ਅਸਵਾਰ ਹੋ ਦੋ ਹਜ਼ਾਰ ਸਵਾਰ ਸਾਥ ਲੇ ਕਰ ਮਨ ਹੀ ਮਨ ਮੇਂ ਅਲਾਹ ਅਕਬਰ ਬੋਲਤੇ ਹੂਏ ਧਾਵਾ ਕਰ ਆ ਪੜੇ, ਟਾਂਗੂਓਂ ਨੇ ਅਵਾਜ਼ੇਂ ਦੀਂ ਪਰ ਭੰਗ ਕੇ ਨਸ਼ੇ ਮੇਂ ਕਿਸੀ ਨੇ ਸੁਨੀ ਕਿਸੀ ਨੇ ਨਾ ਸੁਨੀ, ਤਦੋਂ ਹੀ ਪਤਾ ਲਗਾ ਜਦ ਸਿਰ ਪਰ ਬੈਰੀ ਆ ਖੜੇ ਹੋਏ। ਬੰਦਾ ਪਕੜਿਆ ਗਿਆ ਬਾਕੀ ਸਿਖ ਕੁਛ ਲੜੇ ਕੁਛ ਭਾਗ ਨਿਕਲੇ ਬੰਦੇ ਕੋ ਦੇਖ ਕਰ ਅਮੀਰ ਬੋਲੇ:ਸ਼ੁਕਰ ਹੈ! ਜਿਸਤਰਾਂ ਖ਼ੁਦਾ ਨੇ ਬੰਦੇ ਕੋ ਫੜਾ ਦੀਆ ਹੈ ਅਬ ਇਸਤਰਾਂ ਔਰ ਸਿਖ ਭੀ ਪਕੜੇ ਮਾਰੇ ਜਾਏਂਗੇ ਤਬੀ ਇਸਲਾਮ ਕੀ ਰਹਿ ਆਵੇਗੀ।

(ਪਾਸ ਤੋ) ਸਦਾਰ ਖਾਂ--ਅਜੀ ਗਰੀਬ ਪਰਵਰ ਸਲਾਮਤ ਅਬ ਕਿਆ ਹੈ, ਇਸੀ ਬੇਈਮਾਨ ਕਾ ਹਾਥ ਆਨਾ ਮੁਸ਼ਕਲ

Digitized by Panjab Digital Library | www.panjabdigilib.org

ਥਾ, ਖੁਦਾ ਕੇ ਹੁਕਮ ਸੇ ਅਬ ਹਰਜਗਾ ਇਸਲਾਮ ਕੀ ਫਤੇ ਹੀ ਫਤੇ ਹੈ, ਸਿਖ ਮਾਰ ਲੀਏ ਤੋ ਫਿਰ ਹਿੰਦੂ ਕਿਆ ਚੀਜ਼ ਹੈਂ, ਏਕ ਤੋ ਖੁਦਾ ਕੀ ਮਾਰ ਉਨੇ ਖੁਦ ਹੀ ਬਨ ਰਹੀ ਹੈ, ਬਹੁਤ ਸਾਰੇ ਫਿਰਕਿਓਂ ਮੇਂ ਬਟ ਕਰ ਤੇਰਹਿ ਤੀਨ ਆਪੇ ਧਾਪ ਬਨ ਰਹੇ ਹੈਂ, ਬਾਕੀ ਉਨ ਕੀ ਬੇਇਤਫਾਕੀ ਉਨ ਕੋ ਖੁਦ ਹੀ ਮਾਰ ਲੇਗੀ ਦੇਖੋ ਸਹੀ ਆਨਨ ਫਾਨਨ ਮੇਂ ਹੀ ਵੋ ਤੋ ਜਹੰਨਮ ਰਸੀਦ ਹੋਂਗੇ। ਵੋ ਤੋ ਸਿਰਫ ਝਾੜ ਕੇ ਆਸਰੇ ਘਾਸ ਬਚਾ ਹੂਆ ਹੈ, ਸਿਖ ਮਾਰੇ ਤੋ ਵੋਹ ਬੀ ਮਾਰੇ ਸਮਝੋ।

ਫਜਲ ਖਾਂ--ਅਜੀ ਖੁਦਾਵੰਦ ਇਸਲਾਮ ਕੇ ਆਫ ਤਾਬ ਆਗੇ ਕੁਫਰ ਕੀ ਤਾਰੀਕੀ ਕਬੀ ਠਹਿਰ ਸਕਤੀ ਹੈ? ਆਪ ਯਕੀਨ ਰਖੇਂ ਅਬ ਆਪ ਕੇ ਸਾਮਨੇ ਹੀ ਚੰਦ ਰੋਜ਼ ਮੇਂ ਸਾਰੇ ਹਿੰਦੂ ਮੋਮਨ ਬਨ ਜਾਏਂਗੇ, ਸਾਰੀ ਦੁਨੀਆਂ ਪਰ ਈਮਾਨ ਕਾ ਜਲਵਾ ਹੋਗਾ, ਕੁਫਾਰ ਦਾਖਲੇ ਜਹੱਨਮ। ਪੈਗੰਬ੍ਰ ਆਖਰੁਲ ਜਮਾਂ ਸਲਲਹ ਅਲੈ ਹੁਸਲਮ ਕਾ ਦੀਨ ਤਮਾਮ ਰੂਏ ਜਮੀਨ ਪਰ ਫੈਲ ਜਾਏਗਾ॥

(ਅਮੀਰ ਆਂਮੀ ਆਂਮੀ ਆਂਮੀ)

ਕਾਜ਼ੀ--ਮੇਰੀ ਰਾਇ ਹੈ ਇਸ ਹਰ ਤਰਾਂ ਕੀ ਗੁਫਤਗੂ ਕੇ ਪੇਸ਼ਤਰ ਬੰਦੇ ਕਾਫਰਕੇ ਗ੍ਰਿਫਤਾਰ ਹੋਨੇ ਕੀ ਖੁਸ਼ੀਪਰ ਖੁਦਾ ਕਾ ਸ਼ੁਕਰੀਆ ਅਦਾ ਕਰੋ, ਮਏ ਸਰਦਾਰਾਂਨ ਸਪਾਹ ਕੇ ਲੀਏ ਖਾਨਾਂ ਨਵੀਸ ਉਮਦਾ ੨ ਖੁਲਾ ਕਰ ਅਨਾਮ ਕੇ ਉਮੈਦਵਾਰ ਕਰ ੨ ਹੌਸਲੇ ਬਢਾਨੇ ਚਾਹੀਏ, ਸਬ ਏਕ ਜ਼ਬਾਨ-ਬੇਸ਼ਕ! ਬੇਸ਼ਕ!! ਕਾਜੀ ਉਠ ਕੇ ਸਬ ਕੇ ਆਗੇ ਘੁਟਨੋਕੇ ਬਲ ਝੁਕਿਆ ਤੇ ਪੀਛੇ ਅਮੀਰ ਸਮੇਤ ਸਬ ਝੁਕ ਪੜੇ।

(ਕਾਜੀ) ਹਾਥ ਉਠਾਕੇ ਕਾਫਰੋਂ ਪਰ ਮੁਸਲਮਾਨ ਕੋ ਫਤੇ·

Digitized by Panjab Digital Library | www.panjabdigilib.org

ਯਾਬ ਬਨਾਯਾ, ਸਭ ਏਕ ਸੰਗ ਬੋਲੇ ਅਲਹੱਮਦ ਲਿੱਲਾ ਅਲਹੱਮਦ ਲਿੱਲਾ ॥

## ਜ਼ਿਕਰ ਮੁਸਲਮਾਨੋਂ ਕੀ ਖੁਸ਼ੀ ਕਾ

(ਕਾਜ਼ੀ) ਸਦਕੇ ਮੈਂ ਨਬੀ ਸੈਯਦੇ ਮਕੇ ਮੁਦੀਨੀ ਕੇ ਇਤ ਫ਼ਾਲੇ ਅਲੀ ਕੇ ਅਜ਼ਹਾਬ ਕੇ ਲਸ਼ਕਰ ਮੇਰਾ ਦੁਸ਼ਮਨੋ ਸੇ ਬਚਾਯਾ॥ ਸਬ ਅਲਹੱਮਦ ਲਿੱਲਾ ।

(ਕਾਜ਼ੀ) ਕੀ ਮੇਹਰ ਬਡੀ ਤੂੰ ਨੇ ਬਸ ਮੇਰੇ ਖ਼ੁਦਾਯਾ ਸਬ ਅਲਹਮਦ ਲਿੱਲਾ ।

ਕਾਜ਼ੀ--ਖਾਲੀ ਕੀਆ ਏਕ ਆਨ ਮੇਂ ਵੈਰੋਂ ਕੋ ਸਨਮਸੇ ਸ਼ਮਸ਼ੇਰ ਦਿਖਾਕੇ ਬੁਤਖਾਨਾ ਗਿਰਾਕਰ ਹਰਮ ਤੂਨੇ ਬਨਾਯਾ । ਸਬ ਅਲਹਮ ਲਿੱਲਾ ॥

ਕਾਜ਼ੀ--ਇਸ ਹਿੰਦ ਸੇ ਸਬ ਦੂਰ ਹੁਈ ਕੁਫਰ ਕੀ ਜੁਲਮਤ ਕੀਈ ਤੁਮਨੇ ਰਹਿਮਤ ਨਜ਼ਾਰਏ ਹਰੇਕ ਸਿਮਤ ਬਜਾਯਾ । ਸਬ: ਅਲਹਮਦਲਿੱਲਾਹ

ਕਾਜ਼ੀ--ਗਿਰ ਕਰ ਨਾ ਉਠੇ ਕਾਫਿਰੇ ਬਦਕਾਰ ਜ਼ਿਮੀ ਸੇ ਐਸੇ ਹੁਏ ਗਾਰਤ ਮੇਰੇ ਮਾਹਿਬੂਬ ਖੁਦਾਯਾ । ਸਬ ਅਲਹਮਦ ਲਿਲਾਹ ॥

ਇਧਰ ਬਾਜ ਸਿੰਘ ਦਰਬਾਰਾ ਸਿੰਘ ਜੁਝਾਰ ਸਿੰਘ ਆਦਕੋਂ ਨੇ ਸਬ ਸਿੰਘੋਂ ਕੋ ਜਮਾ ਕਰ ਗੁਰਮਤਾ ਕੀਤਾ ਕਿ ਬਾਬੇ ਬੰਦੇ ਕਾ ਪਿੰਜਰਾ ਦਿਲੀ ਪਹੁੰਚਨਾ ਨਾ ਪਾਵੇ ਜਿਸ ਤਰਾਂ ਹੋਸਕੇ ਛੁਡਾਓ ॥

ਚਲੋ ਦੇਰ ਮਤ ਕਰੋ ਉਠੋ ਵਿਜੈ ਝੰਡਾ ਝੁਲਾਓ । ਲੋਹ
ਮਯਾਨ ਸੇ ਖੈਂਚ ਖੰਡੇ ਰਣ ਰੰਗ ਮਚਾਓ । ਕਮਰੇਂ ਕਸ
ਕਰ ਉਠੋ ਧਨਖ ਮੁਖਸਰ ਧਰ ਸਾਧੋ। ਸਜੋ ਕੇਸਰੀ ਬਸਤ੍ਰ

ਕਰ ਕੰਗਨੇ ਬਾਧੇ। ਤੁਮ ਆਗੇ ਇਹ ਕੌਨ ਨੀਚ ਹੈਂ ਯਵਨ ਬਿਚਾਰੇ। ਸਿੰਘ ਜਗੇ ਬਹੁ ਸ੍ਵਾਨ ਠੈਹਰੰਤ ਹੈ ਸਮਰ ਮਝਾਰੇ। ਪੰਜ ਤਲ ਇਨ ਕੋ ਦਲੋ ਕਟ ਤ੍ਰਿਨ ਸੂਯਯਵਨ ਦਲ। ਤਨਕ ਸ਼ੰਕ ਨਾਕਰੋ ਧਰਮ ਜਿਤਹੈ ਤਿਤਜੈਜ ਭਲ। ਧਰਮ ਰਖਿਆ ਹੇਤ ਪੰਥ ਇਹ ਸਤਗੁਰ ਕੀਓ। ਗੋ ਗਰੀਬ ਦਿਜ ਸੰਤ ਹਿੰਦ ਪਾਲਕ ਤੁਮ ਥੀਓ। ਸਿੰਘ ਨਾਮ ਕੀ ਲਾਜ ਆਜ ਤੁਮ ਪਾਲਹੁ ਬੀਰੋ। ਯਵਨ ਬੰਦ ਕੋ ਧ੍ਵੰਸ ਕਰੋ ਬਿਨ ਦੇਰਹਿੰ ਚੀਰੋ । ਇਨ ਦੁਸ਼ਟੋਂ ਕੇ ਪਾਪ ਆਪ ਕੋ ਪ੍ਰੇਰ ਲਿਆਏ। ਧ੍ਰਿਗ ਤਿਸਕੋ ਜੋ ਸਿੰਘ ਹੋਏ ਨਹਿ ਤੁਰਕਹਿੰ ਘਾਏ। ਅਹੋ ਬੀਰ ਧਰ ਧੀਰ ਖੈਂਚ ਸ਼ਮਸ਼ੇਰੈਂ ਧਾਵੋ। ਧਰ ਅਕਾਲ ਕਾ ਧਿਆਨ ਮੁਗਲ ਪਾਠਾਨਹਿੰਘਾਵੋ। ਜਿਨ ਨਿਰਦੱਯਨ ਪਿਖੋ ਗੁਰੂ ਕੇ ਬਾਲਕ ਮਾਰੇ। ਕਸਮ ਕੁਰਾਨੈਂ ਖਾਇ ਫੇਰ ਛਲ ਕੀਨੇ ਭਾਰੇ। ਧ੍ਰਿਗ ਹੈ ਇਨਕਾ ਦੀਨ ਮਾਤਪਿਤ ਧ੍ਰਿਗ ਆਚਾਰਜ। ਦਗਾ ਦਰੋਗ ਸਿਖਾਇ ਕਰੇ ਈਮਾਨੋਂ ਖਾਰਜ। ਧਰਮ ਹੀਨ ਕਾ ਦੀਨ ਖੀਨ ਸੁਖ ਕਰ ਹੈ ਦੋਊ। ਮਾਰ ਯਵਨ ਕੁਲ ਭਲੇ ਹਿੰਦ ਪਾਲਕ ਤੁਮ ਹੋਊ। ਜੂਝੇ ਪੈ ਹੋ ਮੁਕਤਿ ਜੀਤ ਲੈਹੋ ਧਰ ਰਾਜੂ । ਸਨਮੁਖ ਦੁਸ਼ਟੈ ਮਾਰ ਕਰਤ ਕਿਨ ਅਪਨਾ ਕਾਜੂ । ਚਮਕੈ ਦਮਕੈ ਤੇਗ ਠਨਕ ਸ਼ਸਤ੍ਰ ਬਖਤਰ। ਛੋਡੋ ਤੀਰ ਤੁਫੰਗ ਹਤੋ ਰਣ ਮਹਿ ਆਰਣ ਚਲ ਕਰ।ਇਹ ਸੁਨ ਸਿੰਘਨ ਸਬਨ ਕਰੀ ਪ੍ਰਤਗਜ਼ਾ ਐਸੀ। ਕਹੇਂਨਸਿੰਘ ਬਨ ਲੜੈਂ ਸਜਾਰ ਗਨ ਤੁਰਕੂ ਕੈਸੀ। ਦਿਲੀ ਕਾਬਲ ਪਤੀਸ਼ਾਹ ਚੜਕੈ ਕਿਨ ਆਵੈ। ਹਮ ਨਾਹਿ ਡਰ ਹੈਂ ਕਬੀ ਪਕੜ ਖੰਡੇ ਅਰਿ-

Digitized by Panjab Digital Library | www.panjabdigilib.org

ਘਾਵੈ । ਗੁਰੂ ਹਮਾਰੇਪੀਠ ਠੋਕ ਸਿੰਘਨ ਪ੍ਰਤਿ ਭਾਖਜੋ । ਸਵਾ ਲਾਖ ਸੈ ਏਕ ਲੜਾਊਂ ਨਿਸਰਾ ਰਾਖਜੋ। ਬੂਜੋ ਮਾਰ ਹੈ ਸ਼ੇਰ ਚਿੜੀ ਤੈ ਬਾਜ ਤੁੜਾਊਂ। ਤਬ ਹੀ ਨਾਮ ਗੋਬਿੰਦ ਸਿੰਘ ਜਗ ਮੈਂ ਬਿਦਤਾਊਂ। ਟਰੈ ਮੇਰੁ ਧਰ ਧ੍ਰੂਵ ਸਸੀ ਸੂਰਜ ਮਰਜਾਦੈ । ਬਚਨ ਗੁਰੂ ਕਾ ਟਰੈ ਨਾਹਿੰ ਰਾਖਹੁ ਦਿੜ ਯਾਦੈ। ਇਹ ਬਿਧਿ ਕਰ ਗੁਰਮਤਾ ਕਤਾ ਲੜਨੇ ਸਾਜੀ । ਜੋਧ ਅਰਦਾਸੇ ਚੜ੍ਹੇ ਬੀਰ ਹਿਨਨਾਏ ਤਾਜੀ । ਦੁਹਿਰੀ ਚੋਬਾਂ ਲਗੀਨਗਾਰੇ ਧੌਸਨ ਪਰ ਹੈ। ਸਿੰਘਨ ਤੁਰੰਗਨ ਤਈ ਬੀਰ ਰਸ ਚੜਜੋ ਅਡਰਹੈ । ਉਤ ਦਿਸ ਤੁਰਕਨ ਜਸ਼ਨ ਖੁਸ਼ੀ ਕਾ ਥਾ ਬਡ ਕੀਆ । ਬੈਠੇ ਸਭਾ ਲਗਾਇ ਚਾਇ ਭਰ ਮਦਰਾ ਪੀਆ। ਕਰਤ ਕੰਚਨੀ ਨਾਰ ਗਾਇ ਕਰ ਸਬਨ ਰਿਝਾਵਤ। ਸਾਕੀ ਪਿਆਲਾ ਬਾਰ ਬਾਰ ਭਰ ਸਬ ਨੂੰ ਪਿਆਵਤ। ਰਹੇ ਨਸ਼ੇ ਮੈਂ ਝੂਮ ਧੂੰਮ ਹੁਕੇਕਾ ਘੂਟਤ । ਫੇਰੀ ਲੈ ਲੈ ਨਚਤ ਕੰਚਨੀ ਦੌਲਤ ਲੂਟਤ।ਸਭਾ ਵੀਚ ਅੰਮੀਰ ਜਿਤਕ ਥੇ ਬੈਠੇ ਸੋਹਿਤ । ਟੱਪਾ ਠੁਮਰੀ ਗਜਲ ਗਾਇ ਬੇਸਿਆ ਮਨ ਮੋਹਿਤ । ਆਜ ਏਹੁ ਦਰਬਾਰ ਖੁਸ਼ੀ ਕਾ ਰਹੇ ਮੁਬਾਰਕ। ਸ਼ਹਿਨ ਸ਼ਾਹਿ ਇਸਲਾਮ ਰਹੇ ਸਦ ਮੁਲਕਹਿ ਧਾਰਕ। ਦੀਨੀ ਦੁਸ਼ਮਨ ਫੜਿਓ ਤੁਮੈ ਇਹੁ ਬੰਦਾ ਪਾਪੀ। ਡੰਕਾ ਜਸਕਾ ਬਜਜੋ ਤੁਮਾਰਾ ਜਗਮੈਂ ਆਪੀ ।

ਦੋਹਿਰਾ॥ਖੁਸ਼ੀ ਹੋਇ ਸ਼ਾਹੀਦਖਾਂ ਗੂਠੀ ਦਈ ਉਤਾਰ । ਕਹਜੋ ਮੁਬਾਰਕ ਇਹ ਤੁਮੈ ਹੋਵੈ ਭਲ ਪੁਕਾਰ।

ਕਬਿੱਤ ॥ ਤਾਹੀਂ ਛਿਨ ਖਾਲਸਾ ਨਿਰਾਲਸਾ ਹੈ

Digitized by Panjab Digital Library | www.panjabdigilib.org

ਆਇ ਪੁਜਿਓ ਸੁਝਿਓ ਨਾਹਿ ਤੁਰਕੈਂ ਤਬ ਕਿਛੂ ਨਾ ਵਿਚਾਰਿਓ। ਸੁਨਕੇ ਅਵਾਜ ਸੀਂਹ ਵਾਜ ਖਾਨ ਫੌਜ- ਦਾਰ ਚੌਕ ਉਠਿਓ ਸੀਘ੍ਰ ਪੈ ਜਾਨ ਲੈ ਪਧਾਰਿਓ। ਸ਼ੇਰੈਂ ਸਮ ਕੂਦ ਪਰੇ ਸਿੰਘ ਸ਼ਮਸ਼ੇਰੈਂ ਖਿੱਚ ਹਾਇ ਹਾਇ ਤੋਬਾ ੨ ਤੁਰਕਨ ਉਚਾਰਿਓ। ਉਡ ਗਏ ਹਵਾਸ ਤ੍ਰਾਸ ਖਾਇ ਗਿਰੇ ਭੂਮਿ ਕੋਊ ਭਾਗਿਓ ਨ ਜਾਤ ਝੂਮ ਝੂਮ ਹੋ ਸਹਾਰਿਓ ॥

## ਸਿੰਘਾਂ ਨੇ ਜੰਗ ਜਿੱਤਣਾ

ਤਾਂਹੀ ਛਿਨ ਗਿਨ ਗਿਨ ਸਿੰਘਨ ਚਲਾਈ ਤੇਗ ਏਗ ਹੀ ਪਛਾੜ ਸੁਟੇ ਛਤ੍ਰ ਕਦੀਮ ਕੇ। ਨਸ਼ੇ ਨੇ ਬਿਗਾੜੀ ਬਾਜੀ ਭਾਗ ਚਾਲੇ ਗਾਜੀ ਕਾਜੀ ਸਾਜੀ ਨਾ ਲੜਾਈ ਤਾਜੀ ਹਾਜੀ ਗਿਰੇ ਬੀਮ ਕੇ। ਕਧੋ ਜੋ ਬਿਰਲ ਦਲ ਲਾਗੀ ਨਾਹਿ ਏਕ ਪਲ ਸਿੰਘਨ ਲਗਾਇ ਬਲ ਪਾਰ ਕਰੇ ਸੀਮ ਕੇ। ਜਬ ਹੀ ਸਰਦਾਰ ਭਾਗੇ ਔਰੈਂ ਸਭ ਪੀਛੇ ਲਾਗੇ ਦਾਗੇ ਨਾਹਿ ਰਾਮ ਜੰਗੇ ਨਾਮ ਲੈ ਕਰੀਮ ਕੇ ॥

ਸਿੰਘੋਂ ਨੇ ਛੈ ਸਾਤ ਕੋਸ ਪੀਛਾਲੀਓਸਾਥਜੋਸ਼ਆਏ ਮੁੜ ਠੌਰ ਓਸ ਬੰਦੇ ਕੋ ਸੰਭਾਰਿਓ। ਕਾਟ ਬੇੜੀ ਪਿੰਜਰਾ ਤਬਕ ਹਾਥ ਕੜੀ ਛੜੀ ਗੜੀ ਮੈਂ ਲਿਆਏ ਪਾਇ ਆਨੰਦ ਅਪਾਰਿਓ। ਤੁਰਕਨ ਕੀ ਹੋਈ ਹਾਰ ਸਿੰਘਨ ਕੋ ਜੈ ਜੈ ਕਾਰ ਜਹਾਂ ਤਹਾਂ ਫੈਲੀ ਸਾਰ ਏਹੈ ਬਿਨ ਬਾਰਿਓ। ਸਾਤ ਧਾਹਿ ਪਾਇ ਸ਼ਾਹਿ ਭੂਰਜੋ ਮਨ ਮਾਹਿ ਬਹੁ ਫੇਰ ਹੋਰ ਫੌਜ ਭੇਜੀ

ਜੰਗ ਜੈਤਵਾਰਿਓ ॥

# ਛੇਕੜਲਾ ਲੋਹਗੜ ਦਾ ਜੰਗ

ਹੁਣ ਫਰਖਸ਼ੀਯਰ ਬਾਦਸ਼ਾਹ ਨੇ ਸਿਖਾਂ ਦਾ ਹਾਲ ਸੁਣਕੇ ਮਹੰਮਦ ਅਮੀਨ ਖਾਂ ਫੌਜਦਾਰ ਗੁਜਰਾਤੀ ਅਤੇ ਜ਼ਬਰਦਸਤ ਖਾਂ ਸੂਬੇਦਾਰ ਕਸ਼ਮੀਰ, ਅਬਦਲ ਸਮੁੰਦ ਖਾਂ ਨਾਜ਼ਮ ਲਾਹੌਰ, ਮੋਮਨ ਖਾਂ ਤੇ ਸਫਦਰ ਜੰਗ ਵਗੈਰੇ ਫੌਜਦਾਰਾਂ ਨੂੰ ਹੁਕਮ ਦਿਤਾ ਕਿ ਤੁਸੀ ਅਪਨੀ ਅਪਨੀ ਫੌਜ ਲੈ ਜਾਕਰ ਏਨਾਂ ਕਾਫਰਾਂ ਸਿੰਘਾਂ ਨੂੰ ਮੁਕਾ ਛਡੋ ਤੇ ਬੰਦੇ ਨੂੰ ਫੜ ਕੇ ਮੇਰੇ ਪੇਸ਼ ਕਰੋ। ਏਹ ਹੁਕਮ ਦੇਕੇ ਦੂਜਾਹੋਰਸਿਖਾਂ ਦੇ ਹੌਸਲੇ ਤੋੜਨ ਲਈ ਐਸਾ ਛਲ ਕੀਤਾ,ਕਿ ਇਕਵਾਰ ਨਵੀਸਾਂ ਤੋਂ ਏਹ ਮਸ਼ਹੂਰ ਕਰਾ ਦਿੱਤਾ ਕਿ ਬੰਦਾ ਕੁਲੂ ਵਿਚ ਕੈਦ ਹੋਕੇ ਮਰ ਮੁਕਿਆ, ਏਹ ਸ਼ਾਹੀ ਫੌਜਾਂ ਦੇ ਮੁਕਾਬਲੇ ਕਰਨੇ ਓਸੇ ਦੀ ਬਰਕਤ ਸੀ, ਹੁਣ ਵਿਚਾਰੇ ਸਿਖ ਖੁਦ ਹੀ ਮਾਰੇ ਫਰਾਰੇ ਜਾਣਗੇ, ਸ਼ਾਹੀ ਫੌਜ ਚਿੜੀਆਂ ਵਾਂਗ ਸਿਖਾਂ ਨੂੰ ਬਿਨਾਂ ਭੁੰਨੇ ਖਾਜਾਵੇਗੀ, ਹੁਣ ਜਿਸ ਮੋਮਨ ਨੂੰ ਬਹਿਸ਼ਤੀ ਯਾ ਦੁਨੀਆਵੀ ਸੁਜਸ ਸੁਖ ਲੈਣਾ ਹੈ ਓਹ ਸ਼ਾਹੀ ਲਸ਼ਕਰ ਸਾਥ ਮਿਲਕੇ ਖੇਤੀ ਦੇ ਨਦੀਣ ਵਾਂਗੂ ਚੁਨ ਚੁਨ ਕੇ ਕਾਫਰ ਸਿਖਾਂ ਨੂੰ ਮੁਕਾ ਛਡੇ, ਏਸ ਇਕ ਵਾਰ ਦੇ ਰਾਮ ਰੌਲੇ ਨੂੰ ਸੁਣ ਸੁਣ ਬੇਸ਼ੁਮਾਰ ਮੁਸਲਮਾਨ ਢੋਲ ਬਜਾਉਂਦੇ ਅਪਣੇ ੨ ਘਰਾਂ ਤੋਂ ਖਰਚੇ ਸ਼ਸਤਰ ਲੈਕੇ ਟੋਲਜਾਂ ਦੇ ਟੋਲੇ ਭਾਦਰੋਂ ਦੇ ਬੱਦਲਾਂ ਵਾਂਗੂੰ ਅਕਬਰ ਅਲੀ ਦੀ ਗੜਗੱਜ ਪਾਉਂਦੇ ਹੋਏ ਕਿਲੇ ਲੋਹਗੜ ਵੱਨੀ ਉਮਡ ਆਏ। ਏਹਨਾਂ ਟੋਲੀਆਂ ਨੂੰ ਦੇਖ ਦੇਖ ਤੇ ਬੰਦੇ ਦਾ ਮਰਨਾ ਸੁਣਕੇ ਪਹਿਲੇ ਤਾਂ ਗਸ਼ਤੀ ਜਥੇ

Digitized by Panjab Digital Library | www.panjabdigilib.org

ਸਿੰਘਾਂਦੇ ਘਬਰਾਕੇ ਠਠੰਬਰ ਗਏ, ਪਰ ਫੇਰ ਜਦ ਨਿਰਨੇਕਰਕੇ ਸਿੰਘੀ ਦਲ ਵਿਚ ਬੰਦੇ ਦਾ ਕਾਇਮ ਹੋਣਾ ਦੇਖ ਸੁਣ ਲੀਤਾ ਭ੍ਰਾਸ਼ੇਰਾਂ ਵਾਂਗੂੰ ਗਜ ਉਠੇ, ਜਥੇ ਬੰਨ ਬੰਨਕੇ ਰਸਤੇ ਦੇ ਮਹੰਮਦੀ ਟੋਲਿਆਂ ਤੇ ਪਿੰਡਾਂ ਨੂੰ ਲੁਟ ਖਸੋਟ ਕਰਦੇ ਹੋਏ ਲੋਹਗੜ ਵਿਚ ਪਹੁਚਣ ਲਗ ਪਏ, ਬਲਕੇ ਸਿੰਘਾਂ ਦੇ ਹੌਸਲੇ ਵਧਾਉਂਣੇ ਤੇ ਤੁਰਕਾਂ ਦੇ ਘਟਾਉਣ ਵਾਸਤੇ ਬੰਦੇ ਬਹਾਦਰ ਨੇ ਇਕ ਦਿਨ ਹੱਲਾ ਬੋਲ ਦਿਤਾ, ਸਿੰਘਾਂ ਦਾ ਹਲਾ ਅਲਾਦਾ ਕੈਹਰ ਕੌਣ ਰੋਕੇ "ਆਧਾ ਬੰਦਾ ਆਧਾ ਬੰਦਾ" ਪੁਕਾਰਦੇ ਕਈ ਹਜਾਰ ਸਿੰਘ ਤੁਰਕਾਨੀ ਦਲ ਵਿਚ ਜਾ ਧਸਿਆ, ਬੰਦੇ ਦਾ ਨਾਮ ਸੁਣਕੇ ਥਰਥੱਲਾ ਮਚ ਗਿਆ, ਅਚਨ ਚੇਤ ਪੈਣੇ ਕਰ ਮਹੰਮਦੀਆਂ ਨੂੰ ਭਾਜ ਪੈ ਗਈ।

ਭਾਵੇਂ ਲੋਹਗੜ ਵਾਲੇਸਿੰਘਾਂ ਨੇ ਸ਼ਾਹੀ ਤੇਮੁਲਕੀ ਮਹੰਮਦੀ ਫੌਜ ਨੂੰ ਸ਼ਿਕਸਤ ਦੇ ਦਿਤੀ ਸੀ, ਪਰ ਸ਼ਾਹੀ ਹੁਕਮ ਨਾਲ ਤਦੋਂ ਨੂੰ ਵਜੀਰ ਖਾਂ ਜੰਮੂ ਦਾ ਸੂਬਾ ਚਾਰਕ ਹਜਾਰ [illegible] ਲੈਕੇ ਪਹਿਲੇ ਓਹਨਾਂ ਸਿੰਘਾਂ ਦੇ ਪਿਛੇ ਆ ਲਗਾ ਜੋ ਦੁਆਬੇ ਵਿਚ ਚਪੌਲ ਖੇਡ ਰਹੇ ਸੇ।

## ਜੰਗ ਫਕੋ ਤੇ ਬਸੀਆਂ ਦਾ

ਪਿਛਲੇ ਸਾਲ ਲੋਹਗੜ ਦੇ ਸੰਗ੍ਰਾਮ ਵਿਚ ਰੁਝੇ ਹੋਏ ਦੇਖਕੇ ਏਨੇ ਕਸ਼ਮੀਰ ਦੇ ਸੂਬੇ ਵਜੀਰ ਖਾਂ ਨੇ ਬਹੁਤ ਸਿੰਘ ਦੁਆਬੇ ਵਿਚੋਂ ਫੜ ਫੜ ਭਾਰੀ ਬੇਤਰਸੀ ਨਾਲ ਮਾਰੇ ਸੇ ਓਹੇ ਗਰ ਕਢਣ ਵਾਸਤੇ ਸਿੰਘਾਂ ਨੇ ਇਕ ਮੁਠ ਹੋਕੇ ਬੰਗਜਾਂ ਪਾਸ ਵਜੀਰ ਖਾਂ ਨੂੰ ਜਾ ਭਿਆਨਕ ਮੂੰਹ ਦਿਖਾਏ, ਓਥੋਂ ਏਧਰ ਓਧਰ ਜੰਗ ਕਰਨ ਦੇ ਯੋਗ ਜਗਾ ਤਕਦੇ ਤਕਾਂਦੇ

Digitized by Panjab Digital Library | www.panjabdigilib.org

ਦੋਵੇਂ ਦਲ ਅਗੋਂ ਪਿਛੀ ਫਿਰਦੇ ਹੋਏ ਦੇਸ ਨੂੰ ਵਸ਼ੇਸ਼ ਲੁਟ ਖਸੋਟ ਉਜਾੜ ਰਹੇ ਸੇ, ਓੜਕ ਸਿੰਘਾਂ ਨੇ ਆਪਣੇ ਦੇਸ ਭਾਈ ਜਿਮੀਦਾਰਾਂ ਨੂੰ ਅਤਿ ਅੰਤ ਕਸ਼ਟ ਤੇ ਹਰਜਾ ਪਹੁੰਚਦਾ ਦੇਖ ਕੇ ਫਰਾਲੇ ਪਿੰਡ ਦੇ ਪਰਗਣੇ ਢੱਕੇ ਵਿਚ ਮੂਠ ਭੇੜ ਕਰ ਦਿਤੀ, ਪੈਰ ਗਡਵੀਂ ਦੋਹਾਂ ਵਲੋਂ ਤੁਕੜੀ ਲੜਾਈ ਹੋਈ, ਕਦੇ ਸਿੰਘ ਤੁਰਕਾਂ ਨੂੰ ਧਕੇਲ ਦਿੰਦੇ ਸੇ, ਕਦੇ ਤੁਰਕ ਸਿੰਘਾਂ ਨੂੰ ਪੇਲਦੇ ਸੇ, ਇਕੋ ਇਕ ਨਾ ਹੋਣੇ ਕਰ ਲੜਦੇ ਭਿੜਦੇ ਆਪੋ ਆਪਣਾ ਬਚਾਉ ਵੇਖਦੇ ਹੋਏ ਓੜਕ ਹੁਸ਼ਿਆਰ ਪੁਰ ਦੇ ਪਰਗਣੇ ਪਠਾਣਾਂ ਦੀਆਂ ਬਸਤੀਆਂ ਪਿੰਡਾਂ ਪਾਸ ਸ਼ਾਹੀ ਫੌਜ ਪੈਰ ਗਡ ਖੜੋਤੀ, ਨਾਲੇ ਉਨਾਂ ਦੇ ਹੋਰ ਸਾਥੀ ਮੁਸਲਮਾਨ ਬਹੁਤ ਕਠੇ ਹੋਣੇ ਕਰ ਇਕ ਵਡਾ ਭਾਰੀ ਲਸ਼ਕਰ ਹੋਗਿਆ, ਹਿੰਦੂ ਵਿਚਾਰੇ ਸਾਹਿਣੀ, ਕੰਬੋ ਗ੍ਰੀਬ ਕੌਮਾਂ ਦੁਆਬੀਏ ਮਕੀ ਦਾ ਦਲੀਆ ਖਾਣੇ ਜੋ ਪਹਿਲੇ ਹੀ ਮੁਸਲਮਾਨਾਂ ਨੂੰ ਹਊਆ ਸਮਝ ਕੇ ਥਰਥਰ ਪਏ ਕੰਬਦੇ ਸੇ, ਉਨਾਂ ਦਾ ਸਿੰਘਾਂ ਨਾਲ ਮਿਲ ਕੇ ਜੰਗ ਕਰਨਾਂ ਤਾਂ ਕਿਧਰੇ ਰਿਹਾ ਦਾਣੇ ਘਾਸ ਰਸਤ ਵਗੈਰਾ ਦਾਰੂ ਸਿਕੇ ਦੀ ਸਹਾਇਤਾ ਬੀ ਨਹੀਂ ਕਰ ਸਕਦੇ ਸੇ, ਪਰ ਸਿੰਘਾਂ ਨੂੰ ਅਕਾਲ ਪੁਰਖਨੇ ਓਹੋ ਜੇਹੀ ਅਕਲ ਬੇ ਹਿੰਮਤੀ ਨਹੀਂ ਬਖਸ਼ੀ ਸੀ ਜੋ ਦੂਸਰੇ ਦੇ ਹਥ ਵੱਨੀ ਵੇਖਣ, ਆਪਹੀ ਉਦਮ ਕਰਕੇ ਚੰਗਾ ਨਿਰਬਾਹ ਕਰੀ ਜਾਂਦੇ ਸੇ ।

## ਜੰਗ ਦੁਆਬਾ

ਓੜਕ ਸ਼ਮਦ ਖਾਂ ਬਿਜਵਾੜੇ ਦਾ ਫੌਜਦਾਰ ਬਹੁਤ ਸਾਰੀ ਮੁਸਲਮਾਨੀ ਸੈਨਾ ਕਠੀ ਕਰ ਢੋਲ ਵਜਾਂਦੇ ਗਾਨੇ ਬੰਨਕੇ ਮੈਂਹਦੀ ਲਾਈ ਹੋਈ ਝੰਡੀਆਂ ਨੀਲੀਆਂ ਫੜੇ ਹੋਏ ਨੀਲੇ

Digitized by Panjab Digital Library | www.panjabdigilib.org

ਬਾਣੇਂ ਮੇਘਾਂ ਦੀ ਤਰਾਂ ਗੜਗੜਾਹਟ ਅਲਾਹ ਅਕਬਰ ਦਾ ਪਾਉਂਦੇ ਰ ਆ ਪਹੁੰਚੇ ਇਸ ਕਰਕੇ ਉਨਾਂ ਦੀ ਸ਼ਹਿ ਨਾਲ ਸ਼ਾਹੀਸੈਨਾ ਸੌ ਗੁਣੀ ਹੌਸਲੇ ਵਿਚ ਹੋਗਈ। ਏਹ ਖਬਰ ਜਦ ਬੰਦੇ ਨੂੰ ਪੁਜੀ ਤਾਂ ਫੌਰਨ ਪਹਾੜਾਂ ਵਿਚੋਂ ਨਿਕਲ ਕੇ ਖਾਲਸਈ ਦਲ ਵਿਚ ਆ ਗਿਆ, ਜਿਸ ਤੋਂ ਸਿੰਘਾਂ ਦੇ ਹੌਸਲੇ ਬਹੁਤ ਵਧ ਗਏ॥

## ਵਜ਼ੀਰਖਾਂ ਦਾ ਮਾਰੇ ਜਾਣਾ

ਭਾਵੇਂ ਸਿੰਘ ਜਾਨਾਂ ਤੋੜ ਕੇ ਲੜ ਰਹੇ ਸਨ ਪਰ ਜਹਾਨੀ ਮੁਸਲਮਾਨੀ ਦਲ ਅਗੇ ਤਾਂ ਸਿੰਘ ਆਟੇ ਵਿਚ ਲੂਣ ਹੀ ਸਨ, ਪਰ ਬੰਦੇ ਦੇ ਆਉਨੇ ਤੇ ਇਕ ਇਕ ਵਿਚ ਦਸ ਦਸ ਦਾ ਬਲ ਹੋਗਿਆ ਐਸੇ ਜਾਨਾਂ ਤੋੜ ਕੇ ਲੜੇ ਬੇ ਸ਼ੁਮਾਰ ਖ਼ੂਨ ਕਰ ਕਢੇ, ਧਰਤੀ ਨੇ ਸੂਹੀ ਪੁਸ਼ਾਕ ਪਹਰ ਲਈ, ਦੋਹਾਂ ਦਲਾਂ ਨੇ ਦੇਸ ਵੈਰਾਨ ਕਰ ਸੁਟਿਆ। ਇਕ ਦਿਨ ਜੰਗ ਹੁੰਦੇ ਵਿਚ ਵਜੀਰ ਖਾਂ ਫੌਜਦਾਰ ਦਿਨ ਢਲੇ ਦੀ ਨਿਮਾਜ ਪੜਕੇ ਵਜੀਫਾ ਕਰ ਰਿਹਾ ਸੀ, ਅਰਥਾਤ ਦੋਵੇਂ ਹਥ ਪਸਾਰੇ ਹੋਏ ਰਬ ਤੋਂ ਕੁਛ ਮੰਗ ਰਿਹਾ ਸੀ, ਜਦ ਉਨੇ ਸਿਰ ਝੁਕਾਯਾ ਤਾਂ ਐਨ ਉਸੇ ਵਕਤ ਨਾਹਰਸਿੰਘ ਨੇ ਵਜੀਰ ਖਾਂ ਦਾ ਸਿਰ ਕੱਟ ਕੇ ਬੰਦੇ ਅਗੇ ਲਿਆ ਰਖਿਆ। ਬੰਦੇ ਨੇ ਥਾਪੀ ਦਿਤੀ ਤੇ ਸ਼ਾਬਾਸ਼ ਦੇਕੇ ਪੰਥ ਵਿਚ ਉਸਦੀ ਬਹੁਤ ਵਡਿਆਈ ਸੁਨਾਈ,ਜਿਸਨੂੰ ਸੁਣ ਕੇ ਹੋਰ ਸਿੰਘ ਬੀ ਏਹੋ ਜੇਹੇ ਹਥ ਮਾਰਨ ਨੂੰ ਤਿਆਰ ਹੋ ਖਲੋਤੇ॥

## ਦੁਆਬੇ ਦਾ ਜੰਗ ਜਿੱਤਣਾ

ਹੁਣ ਏਕਾ ਏਕੀ ਅਚਾਚੇਤ ਵਜੀਰ ਖਾਂ ਦੇ ਮਰਣੇ ਨੇ ਸਾਰੇ

Digitized by Panjab Digital Library | www.panjabdigilib.org

ਮੁਸਲਮਾਨਾਂ ਦੇ ਦਿਲ ਪਰ ਬੰਦੇ ਦੇ ਜਾਦੂ ਦਾ ਏਹ ਦ੍ਰਿੜ ਭਰੋਸਾ ਕਰਾ ਦਿਤਾ ਕਿ ਜੋ ਕੋਈ ਬੰਦੇ ਦੇ ਸਾਮ੍ਹਣੇ ਜਾਏਗਾ ਜਾਨ ਗਵਾਏਗਾ, ਕੁਛ ਤਾਂ ਏਸ ਕਰਕੇ ਡਰ ਕੇ ਹਟ ਬੈਠੇ, ਕੁਛ ਮੁਖੀਏ ੨ ਕਈਕੁ ਸਰਦਾਰਾਂ ਦੇ ਮਾਰੇ ਜਾਣੇ ਨੇ ਹੌਸਲੇ ਤੋੜ ਛਡੇ ਸੇ। ਬਹੁਤੇ ਤਾਂ ਜੰਗ ਖਤਮ ਹੋਇਆ ਹੀ ਸਮਝ ਕੇ ਇਧਰ ਉਧਰ ਖਿੰਡ ਗਏ, ਬਾਕੀ ਥੱਕੇ ਮਾਂਦੇ ਫਦੜ ਹੋਣੇ ਵਿਚ ਤਾਂ ਦੋਹਾਂ ਦਲਾਂ ਵਿਚ ਕਾਈ ਕਸਰ ਬਾਕੀ ਨਹੀਂ ਰਹੀ ਸੀ। ਹੁਣ ਹੋਰ ਤਾਂ ਕਿਸੇ ਨੇ ਕਿਧਰੋਂ ਨਾ ਸਿਰ ਚੁਕਿਆ, ਕੇਵਲ ਸ਼ੰਮਸ ਖਾਂ ਫੌਜਦਾਰ ਜੋ ਚਾਰ ਪੰਜ ਫੌਜਦਾਰਾਂ ਪਰ ਹਾਕਮ ਨਿਗਰਾਨ ਬੜਾ ਉੱਘਾ ਸ਼ਮਸ਼ੇਰ ਬਹਾਦਰ ਚਾਲਾਕ ਚੜ੍ਹਦੀ ਜਵਾਨੀ ਤੁੰਦ ਮਜ਼ਾਜ ਖੁਦ ਪਸੰਦ ਧਕੜ ਆਦਮੀ ਕਸੂਰੀ ਪਠਾਣ ਸੀ, ਓਸ ਨੇ ਇਸਲਾਮ ਦੀ ਬਾਜ਼ੀ ਹਥੋਂ ਜਾਂਦੀ ਵੇਖਕੇ ਅਪਣੇ ਚਾਚੇ ਕੁਤਬ ਦੀਨ ਖਾਂ ਤੇ ਚਚੇਰੇ ਭਾਈ ਸ਼ਾਹਦਾਦ ਖਾਂ ਨੂੰ ਜੋ ਪਹਾੜਾਂ ਦੀ ਕੰਢੀ ਦੇ ਹਾਕਮ ਫੌਜਦਾਰ ਰਾਇਪੁਰ ਵਿਚ ਰਿਹਾ ਕਰਦੇ ਸਨ, ਜਾ ਚੁਕੇ ਅਤੇ ਆਖਿਆ ਕਿ ਹੁਣ ਥੋੜੇ ਜਿਹੇ ਸਿੰਘਾਂ ਨਾਲ ਬੰਦਾ ਫਿਰ ਰਿਹਾ ਹੈ ਫੜਕੇ ਯਾ ਮਾਰਕੇ ਵਡੇ ੨ ਹੁਦੇ ਬਾਦਸ਼ਾਹ ਤੋਂ ਕਿਉਂ ਨਾ ਲਈਏ? ਸ਼ਾਹਦਾਦ ਖਾਂ ਨੂੰ ਓਥੇ ਛਡਕੇ ਹਜ਼ਾਰ ਬਾਰਾਂ ਸੌ ਸਵਾਰ ਪਜਾਦਾ ਨਾਲ ਲੈਕੇ ਬੰਦੇ ਦੇ ਮਗਰ ਲਗ ਗਏ।

## ਕੰਡੀ ਵਿਚ ਜੰਗ

ਜਦ ਏਹ ਸਿੰਘਾਂ ਦੇ ਜੱਥੇ ਪਾਸ ਪਹੁੰਚੇ ਤਾਂ ਸਿੰਘ ਬਿਨਾਂ ਲੜੇ ਹੀ ਕਿਸੇ ਪਾਸੇ ਤੁਰ ਪਏ। ਹੁਣ ਕੁਤਬ ਦੀਨ ਖਾਂ ਨੇ ਤਾਂ ਸਿੰਘਾਂ ਦੇ ਚਾਲੇ ਪਰਖੇ ਹੋਏ ਸਨ ਏਨਾਂ ਦੇ ਮਗਰ ਜਾਣਾ ਨਹੀਂ ਚਾਹੁੰਦਾ ਸੀ, ਸ਼ੰਮਸ ਖਾਂ ਉਤਨਾਂ ਪਰਖਊਆ ਨਹੀਂ ਸੀ,

Digitized by Panjab Digital Library | www.panjabdigilib.org

ਜੁਆਨੀ ਦੇ ਜ਼ੋਰ ਹਿਕ ਦਾ ਧੱਕਾ ਕਰਕੇ ਪਿੱਛੇ ਹੀ ਲਗਾ ਚਲਾ ਗਿਆ। ਕੁਤਬ ਦੀਨ ਨੂੰ ਬੀ ਉਸਦੇ ਸਾਥ ਹੀ ਵਧਨਾ ਪਿਆ।ਸਿੰਘਾਂ ਨੇ ਐਸੀ ਧੀਮੀਂ ਚਾਲ ਫੜੀ ਨਾਂ ਤਾਂ ਦੂਰ ਦੌੜੇ ਨਾ ਉਨਾਂ ਦੇ ਨੇੜੇ ਠਹਿਰੇ, ਮਨ ਵਿੱਚ ਏਹ ਸੀ ਜਦ ਪਠਾਨ ਨੇੜੇ ਢੁਕਣਗੇ ਤਦੋਂ ਹਥ ਦਿਖਾਵਾਂਗੇ*ਏਸੇ ਦਾਉ ਦੀ ਤਾੜ ਪਰ ਚਲੇ ਜਾ ਰਹੇ ਸੇ, ਜਦ ਪਠਾਣ ਨੇੜੇ ਢੁਕੇ ਤਾਂ ਇਕੋ ਵਾਰ ਹੱਲਾ ਕਰਕੇ ਮੁੜ ਪਏ, ਤੀਰਾਂ ਗੋਲੀਆਂ ਦੀ ਬਰਖਾ ਕਰ ਦਿੱਤੀ, ਸ਼ਮਸ ਖਾਂ ਕੁਤਬ ਦੀਨ ਖਾਂ ਹਾਥੀਆਂ ਪਰ ਬੈਠੇ ਖਿਚ ੨ ਕੇ ਤੀਰ ਚਲਾ ਰਹੇ ਸੇ ॥

## ਸ਼ਮਸ ਖਾਂ ਕੁਤਬ ਦੀਨ ਖਾਂ ਕਸੂਰੀਏ ਦਾ ਮਰਨਾ

ਏਧਰੋਂ ਸਿੰਘ ਤੇ ਪਠਾਣ ਵੱਡੇ ਜ਼ੋਰ ਸ਼ੋਰ ਨਾਲ ਤਲਵਾਰਾਂ ਵਾਹ ਰਹੇ ਸੇ, ਠਠੇਰਿਆਂ ਦੇ ਬਜ਼ਾਰ ਵਾਂਗੂ ਲੋਹੇ ਨਾਲ ਲੋਹਾ ਠਣਕ ਰਿਹਾ ਸੀ ਘੱਟ ਦੋਹਾਂ ਧਰਾਂ ਵਿਚੋਂ ਕੋਈ ਨਹੀਂ ਸੀ, ਏਸੇ ਗਹਿ ਗਚ ਵਿਚ ਸ਼ਮਸ਼ ਖਾਂ ਮਾਰਿਆ ਗਿਆ, ਕੁਤਬਦੀਨ ਖਾਂ ਭਾਰੀ ਜ਼ਖਮੀ ਹੋਯਾ, ਪਠਾਣਾਂ ਨੇ ਏਸ ਨੂੰ ਬੀ ਬੰਦੇ ਦੇ ਜਾਦੂ ਦਾ ਹੀ ਕਾਰਨ ਮੰਨ ਕੇ ਜਿਤ ਦੀ ਆਸ ਤਾਂ ਛੱਡ ਦਿੱਤੀ ਆਪਣੇ ਸਰਦਾਰਾਂ ਦੀਆਂ ਲੋਥਾਂ ਚੁਕਣ ਦੀ ਬਣ ਗਈ, ਨਾਲੇ ਕੰਬਦੇ ਸੇ ਕਿ ਏਨਾਂ ਲੋਥਾਂ ਨਾਲ ਅਸੀਂ ਬੀ ਪੜੇਥੜ ਨਾ ਹੋ ਜਾਈਏ, ਤਾਂ ਬੀ ਲੋਥਾਂ ਚੁਕਣ ਪਰ ਲਹੂ ਵਹਾ ਰਹੇ ਸੇ,ਸਿੰਘ ਚੁਕਣ ਨਹੀਂ ਦੇਂਦੇ ਸੇ, ਓਸੇ ਸਮੇਂ ਕੁਤਬ ਦੀਨ ਦੀ ਸਹਾਇਤਾ ਵਾਸਤੇ ਖਬਰ ਪਾਕੇ ਸ਼ਾਦਾਦ ਖਾਂ ਪੰਦਰਾਂਕੁ ਸੌ ਸਪਾਹ ਨਾਲ ਲੈਕੇ ਆ ਪੁੱਜਾ,

*ਏਸੇ ਚਾਲ ਦੀ ਤਾਰੀਫ ਸ਼ਾਹ ਅਬਦਾਲੀ ਦੇ ਕਾਜ਼ੀ ਨੂਰ ਦੀਨ ਨੇ ਅਪਣੇ ਇਤਹਾਸ ਵਿੱਚ ਬਹੁਤ ਲਿਖੀ ਹੈ ਕਹਿੰਦਾ ਹੈ ਜੰਗ ਦੀ ਫਤੇ ਏਸੇ ਚਾਲ ਨਾਲ ਖਟੀਦੀ ਹੈ, ਸ਼ਾਹ ਅਬਦਾਲੀ ਫੌਜ ਨੂੰ ਸਿੰਘਾਂ ਦੇ ਪਿਛੇ ਏਸੇ ਕਰਕੇ ਨਹੀਂ ਲਾਉਂਦਾ ਸੀ॥

Digitized by Panjab Digital Library | www.panjabdigilib.org

ਓਸਨੂੰ ਵੇਖਦੇ ਹੀ ਸਿੰਘਾਂ ਨੇ ਵਾਗਾਂ ਮੋੜ ਲਈਆਂ, ਸ਼ਾਦਾਦ ਖਾਂ ਨੇ ਸਿੰਘਾਂ ਤੋਂ ਲੋਥਾਂ ਲੈਣੀਆਂ ਹੀ ਜਿਤ ਸਮਝ ਕੇ ਰਾਇ ਪੁਰ ਦਾ ਰਾਹ ਲੀਤਾ ॥

## ਸਿੰਘਾਂ ਦੀ ਜਿੱਤ

ਏਸ ਲੜਾਈ ਦਾ ਜ਼ਿਕਰ ਆਗਰ ਖਾਂ ਤੇ ਅਮਾਨਤ ਖਾਂ ਔਰ ਖਾਫੀ ਖਾਂ ਨੇ ਬਹੁਤ ਖੋਲ੍ਹ ਕੇ ਕੀਤਾ ਹੈ । ਭਾਵੇਂ ਏਹ ਖਬਰ ਸੁਣ ਕੇ ਬਾਦਸ਼ਾਹ ਨੇ ਬਹੁਤ ਹੀ ਸ਼ੋਕ ਕੀਤਾ ਅਤੇ ਬੰਦੇ ਨੂੰ ਫੜਨੇ ਤੇ ਸਿੰਘਾਂ ਨੂੰ ਮਾਰਨ ਵਾਸਤੇ, ਰੁਸਤਮ ਦਿਲ, ਅਗਰ ਖਾਂ ਵਗੈਰੇ ਕਈ ਸਰਦਾਰ ਫੌਜ ਦੇਕੇ ਭੇਜੇ, ਪਰ ਸ਼ਾਹੀ ਹੁਕਮ ਤਾਂ ਪੂਰਾ ਓਹ ਕਰੇ ਜੇੜਾ ਦਿਲ ਦੇਕੇ ਲੜੇ । ਸਰਦਾਰ ਫੌਜਦਾਰ ਸ਼ਾਹੀ ਅਮੀਰ ਤਾਂ ਸਬ ਏਹੋ ਚਾਹੁੰਦੇ ਸੇ ਕਿ ਬੰਦੇ ਦੇ ਸਾਹਮਣੇ ਨਾ ਜਾਈਏ, ਜੇ ਬੰਦੇ ਨੇ ਕਿਤੇ ਸਾਨੂੰ ਵੇਖ ਲਿਆ ਤਾਂ ਜਾਨ ਹੈ ਨਹੀਂ, ਜਾਨ ਨਾਲ ਹੀ ਜਹਾਨ ਹੈ, ਏਹੋ ਜੇਹੇ ਖਿਆਲਾਂ ਵਾਲੇ ਬੰਦੇ ਨੂੰ ਫੜ ਕਿਕੂੰ ਲੈਣ? ਫੌਜ ਲੈਕੇ ਆਏ ਫਿਰ ਗਿਰਾਕੇ ਮੁਹਿਮ ਪੂਰੀ ਕਰ ਮੁੜ ਜਾਣਾਂ ਹੀ ਗਨੀਮਤ ਸਮਝਜਾ, ਘਰੀਂ ਜਾਕੇ ਰਜ ਕੇ ਰੋਟੀ ਖਾਂਦੇ ਸੇ, ਜਿਨਾਂ ਫਿਰ ਸਿੰਘਾਂ ਦੀ ਮੁਹਿਮ ਪਰ ਰਹਿੰਦੇ, ਸਿੰਘਾਂ ਦੀ ਬੀਰਤਾ, ਬੰਦੇ ਦੇ ਜਾਦੂ ਤੋਂ ਮੌਤ ਤੋਂ ਐਉਂ ਡਰਦੇ ਰਹਿੰਦੇ ਜਿਕੂੰ ਸ਼ੇਰ ਤੋਂ ਬੱਕਰਾ, ਭਲਾ ਏਹੋ ਜੇਹੇ ਬੁਜ਼ਦਿਲ ਡਰਪੋਕ ਸ੍ਰਦਾਰ ਸਿੰਘਾਂ ਪਰ ਕਦੋਂ ਫਤੇ ਪਾ ਸਕਦੇ ਸੇ ਜੇੜੇ ਖਾਲਸੇ ਦਾ ਨਾਮ ਹੀ ਸੁਣ ਸੁਣ ਪਏ ਚਮਕ ੨ ਉਠਦੇ ਸਨ ?

Digitized by Panjab Digital Library | www.panjabdigilib.org

# ਸ਼ਾਹੀ ਦਰਬਾਰ ਦਾ ਮਸ਼ਵਰਾ ਤੇ ਸਿੰਘਾਂ ਦੇ ਪੰਥ ਵਿੱਚ ਫੋਟਕ ਪਾਉਣਾ

ਹੁਣ ਜਦ ਹੋਰ ਕਿਸੇ ਪਰਕਾਰ ਬੰਦਾ ਬਹਾਦਰ ਤੇ ਸਿੰਘ ਕਾਬੂ ਨਾ ਆਏ ਤਾਂ ਬਾਦਸ਼ਾਹੀ ਫੌਜੀ ਅਫਸਰਾਂ ਨੇ ਸ਼ਾਹੀ ਦਰਬਾਰ ਨੂੰ ਆਪਣੇ ਵੱਲ ਪ੍ਰੇਰ ਕੇ ਕਿਉਂਕਿ ਸਿੰਘਾਂ ਦੇ ਇਸ ਗਦਰ ਵਿੱਚ ਨੁਕਸਾਨ ਤਾਂ ਸਭ ਨੂੰ ਪਹੁੰਚ ਚੁੱਕਾ ਸੀ, ਕਿਸੇ ਦੇ ਕੋਈ ਸਬੰਧੀ ਮਰੇ, ਕਿਸੇ ਦਾ ਪਿੰਡ ਧਨ ਮਾਲ ਲੁੱਟ ਚੁੱਕਾ ਸੀ, ਇਸ ਲਈ ਸਭਨੇ ਇਕ ਜ਼ਬਾਨ ਹੋ ਕਰ ਬਾਦਸ਼ਾਹ ਪਾਸ ਜਦ ਬੰਦੇ ਦਾ ਜ਼ਿਕਰ ਹੋ ਰਿਹਾ ਸੀ, ਉਸ ਵੇਲੇ ਐਉਂ ਅਰਜ਼ ਕੀਤੀ—ਜਹਾਂ ਪਨਾਹ! ਜਿਸ ਰੋਜ਼ ਸੇ ਇਨ ਕਾਫਰ ਸਿੱਖੋਂ ਕਾ ਫਿਰਕਾ ਨਿਕਲਾ ਹੈ ਉਸੀ ਦਿਨ ਸੇ ਐਸਾ ਖੋਟਾ ਫਤੂਰ ਉਠ ਕਰ ਗਦਰ ਮਚ ਰਹਾ ਹੈ, ਜਿਸ ਕਾ ਕੁਛ ਬਿਆਨ ਨਹੀਂ ਹੋ ਸਕਤਾ, ਸੈਂਕੜੋਂ ਸਰਦਾਰ ਫੌਜ-ਦਾਰ ਅਮੀਰ ਔਰ ਹਜ਼ਾਰਾਂ ਸ਼ਾਹੀ ਸਿਪਾਹੀ ਬਹਾਦੁਰ ਮਰ ਚੁਕੇ ਹੈਂ ਔਰ ਪਰਜਾ ਐਸੀ ਵੈਰਾਨ ਹੋ ਰਹੀ ਹੈ ਕਿ ਲੁਟੇਰਿਆਂ ਨੇ ਕਿਸੀ ਕੋ ਘਰ ਮੈਂ ਕੁਛ ਨਹੀਂ ਛੱਡਿਆ, ਫੌਜਾਂ ਨੇ ਔਰ ਫੌਜਦਾਰੋਂ ਨੇ ਖ਼ੂਨ ਬਹਾਉਣੇ ਵਿੱਚ ਕੋਈ ਕਸਰ ਨਹੀਂ ਰਖੀ, ਉਲਟਾ ਗਦਰ ਹਮੇਸ਼ ਬਢਤਾ ਜਾ ਰਹਾ ਹੈ, ਇਸ ਲੀਏ ਇਸ ਗਦਰ ਨੂੰ ਮੇਟਣ ਵਾਸਤੇ ਹਮਾਰੀ ਸਭ ਕੀ ਏਹੋ ਰਾਇ ਹੈ ਕਿ ਜੋ ਹਾਥ ਸੇ ਗਾਠ ਖੁਲ ਜਾਏ ਉਸਕੋ ਦੰਦ ਲਾਉਣੇ ਨ ਚਾਹੀਏ, ਅਬ ਇਕ ਸਹਿਜ ਜੈਸੀ ਚਾਲ ਹੈ ਪਸਿੰਦ ਆਵੇ ਤਾਂ ਮਾਨ ਲੇਨਾ, ਵੋਹ ਯੇਹ ਹੈ ਕਿ ਖਾਲਸੇ ਦੇ ਨਾਲ ਮੇਲ ਕਰ ਲੈਣਾ ਚਾਹੀਦਾ ਹੈ

Digitized by Panjab Digital Library | www.panjabdigilib.org

# ਮਾਤਾ ਸੁੰਦਰੀ ਜੀ ਦਾ ਹੁਕਮ ਨਾਮਾ

- ਬੰਦੇ ਦੇ ਸਿਖ ਅਸੂਲਾਂ ਦੇ ਵਿਰੁਧ ਕੰਮ ਕਰਨ ਦੀਆਂ ਖਬਰਾਂ ਦਿੱਲੀ ਪੁਜੀਆਂ ਤੇ ਮਾਤਾ ਸੁੰਦਰੀ ਤੇ ਸਾਹਿਬਦੇਵਾਂ ਜੀ ਨੇ ਬੰਦੇ ਨੂੰ ਗੁਰਸਿਖੀ ਤੋਂ ਉਲਟ ਰਹੁਰੀਤ ਚਲਾਣ ਤੇ ਸਿੱਖਾਂ ਨੂੰ ਗੁਰਮਤ ਤੋਂ ਉਲਟੇ ਰਾਹ ਪਾਣ ਤੋਂ ਵਰਜਿਆ ਕਿੰਤੂ ਜਦ ਬੰਦਾ ਕਿਸੇ ਕੁਲੀ ਤੇ ਨਾ ਆਇਆ ਤਦ ਮਾਤਾ ਜੀ ਨੇ ਹੁਕਮਨਾਮਾ ਪੰਥ ਖਾਲਸੇ ਵਲ ਐਉਂ ਲਿਖਭੇਜਿਆ:--ਕਿ ਤੁਸੀ ਸਿਖ ਪੁਤ੍ਰ ਗੁਰੂਕੇ ਲਾਲ ਹਮਾਰੇ ਏਸ ਬੰਦੇ ਗੰਦੇ ਅਕਲ ਦੇ ਅੰਧੇ ਮਨਮਤੀਏ ਨੇ ਗੁਰੂ ਜੀ ਦਾ ਹੁਕਮ ਨਹੀਂ ਮੰਨਿਆ ਗੁਰੂਜੀ ਸਿਖੀ ਤੋਂ ਉਲਟੀ ਚਾਲ ਚਲਾਣ ਲਗਾ ਹੈ, ਹੁਣ ਤੁਸੀ ਇਸਦਾ ਸੰਗ ਛਡ ਦੇਵੋ ਤੁਹਾਡਾ ਰਾਖਾ ਤੇ ਮਦਦਗਾਰ ਅਕਾਲ ਪੁਰਖ ਰਹੇਗਾ, ਤੁਸੀ ਹਮੇਸ਼ ਫਲਦੇ ਫੁਲਦੇ ਫੈਲਦੇ ਰਹੋਗੇ, ਏਸਦਾ ਤੇਜ ਪਰਤਾਪ ਘਟ ਜਾਏਗਾ, ਕਿਉਂਕਿ ਏਸ ਨੇ ਗੁਰੂ ਜੀ ਦੇ ਹੁਕਮ ਭੰਗ ਕੀਤੇ ਹਨ।

(੧) ਲੰਗੋਟੇ ਦਾ ਜਤੀ ਨਹੀਂ ਰਿਹਾ।

(੨) ਪੰਥ ਆਪਨਾ ਚਲਾਇਆ।

[੩] ਚਰਨ ਪਾਹੁਲ ਦੇਨ ਲਗਪਿਆ।

[੪] ਫਤੇ ਵਾਹਿਗੁਰੂ ਜੀ ਦੀ ਜਗਾਬਾਬੇ ਬੰਦੇ ਦੀ ਦਰਸ਼ਨੀ ਫਤੇ ਬੁਲਾਉਂਦਾ ਹੈ, ਗੁਰੂ ਦੇ ਸਿੱਖਾਂ ਦੀ ਥਾਂ ਬੰਦਈ ਸਿਖ ਕਰ ਲਏ ਹਨ, ਜਿਗਾ ਕਲਗੀ ਪਹਿਨਕੇ ਗਦੀ ਉਤੇ ਬੈਠ ਕੇ ਚੌਰ ਕਰਾਉਂਦਾ ਹੈ, ਆਪਨੂੰ ਗਿਆਰਵਾਂ ਗੁਰੂ ਸਦਾਉਂਦਾ ਹੈ, ਗੁਰੂ ਕੇ ਸਿੱਖਾਂ ਉਤੇ ਸਖਤ ਹਕੂਮਤ ਕਰਦਾ ਹੈ, ਵਡਾ ਹੰਕਾਰੀ ਹੋਗਿਆ ਹੈ।

ਗੁਰੂਕੇ ਸਿੰਘ ਤਾਂ ਪਹਿਲੇ ਹੀ ਬੰਦੇ ਤੋਂ ਜੁਦਾ ਹੋਨਾ ਚਾਹੁੰਦੇ ਸਨ

Digitized by Panjab Digital Library | www.panjabdigilib.org

ਕਿਉਂਕਿ ਓਹ ਸਿੰਘਾਂ ਦੇ ਦਰਬਾਰ ਵਿਚ ਤੇ ਗੁਰ ਅਸਥਾਨਾਂ ਵਿਚ ਗਦੇਲਾ ਬਿਛਾਕੇ ਬੈਠ ਕਰ ਚੌਰ ਸਾਹਾ ਕਰਾਉਂਦਾ ਤੇ ਦਰਸ਼ਨੀ ਫਤੇ ਬੁਲਾਉਂਦਾ ਸੀ। ਏਨਾਂ ਬਾਤਾਂ ਤੋਂ ਸਿੰਘਾਂ ਨੂੰ ਨਹੀਂ ਭਾਉਂਦਾ ਸੀ, ਏਸ ਕਰਕੇ ਸਿੰਘ ਤਾਂ ਪਹਿਲੇ ਹੀ ਓਸ ਨਾਲ ਵਿਟਰੇ ਹੋਏ ਸਨ, ਹੁਣ ਤਾਂ ਮਾਤਾ ਜੀ ਦੇ ਹੁਕਮ ਨਾਮੇ ਤੇ ਆਜ਼ਾਣ ਤੋਂ ਵਧੇਰੇ ਵਿਰੋਧੀ ਹੋ ਗਏ।

## ਪੰਥ ਨੇ ਹੁਕਮ ਨਾਮਾ ਮਾਤਾ ਜੀ ਦਾ ਮੰਨਣਾ

ਏਸੇ ਸਾਲ ਸੰ:੧੭੭੪ ਬਿ: ਨੂੰ ਵਸਾਖੀ ਦੇ ਮੇਲੇ ਪਰ ਜਦ ਬਾਬਾ ਬੰਦਾ ਪਹਿਲੇ ਵਾਂਗੂੰ ਹੰਕਾਰ ਨਾਲ ਅੰਮ੍ਰਿਤਸਰ ਹਰਿ ਮੰਦਰ ਵਿੱਚ ਗੱਦੀ ਲਾਕੇ ਬੈਠਾ ਤੇ ਚੌਰ ਕਰਾਉਣ ਲਗਾ ਤੇ ਬੰਦਈ ਸਿੱਖ ਅਰਦਾਸਾਂ ਕਰਾਉਣ ਲੱਗੇ ਤਾਂ ਬਾਵਾ ਕਾਹਨ ਸਿੰਘ ਭੱਲਾ, ਬਾਵਾ ਬਿਨੋਦ ਸਿੰਘ ਤੇਹਣ, ਫਤੇ ਸਿੰਘ, ਗੁਰਬਖਸ਼ ਸਿੰਘ ਭਾਈ ਭਗਤੂ ਕੇ, ਪ੍ਰੇਮ ਸਿੰਘ ਧਰਮ ਸਿੰਘ ਭਾਈ ਰੂਪੇਕੇ, ਰਾਮ ਸਿੰਘ ਤਿਲੋਕਾ ਸਿੰਘ ਫੂਲਕੇ ਦੀਵਾਨ ਦਰਬਾਰਾ ਸਿੰਘ, ਬਹਾਦਰ ਸਿੰਘ, ਬੁਢਾ ਸਿੰਘ ਦੇਸੀ, ਸ਼ਾਮ ਸਿੰਘ ਨਾਰੋਵਾਲੀਆ, ਭੋਜਾ ਸਿੰਘ ਕੇਸਰਾ ਸਿੰਘ ਬਾਘ ਸਿੰਘ ਕਲਾਲ, ਤੇਜਾ ਸਿੰਘ ਜੀਉਣ ਸਿੰਘ ਰੰਧਾਵੇ, ਨਗਾਹੀਆ ਸਿੰਘ, ਚੂਹੜ ਸਿੰਘ ਦਲਟ ਤਾਰਾ ਸਿੰਘ ਭੋਮਾ ਸਿੰਘ ਹਰਾ ਸਿੰਘ ਬੜਾੜ, ਇਤਯਾਦਿਕ ਨਾਮੀ ੨ ਬੈਰਾੜ ਸਿੰਘ ਸ੍ਰਦਾਰਾਂ ਨੇ ਸਲਾਹ ਕਰਕੇ ਬਾਬੇ ਬੰਦੇ ਨੂੰ ਦਰਬਾਰ ਵਿੱਚੋਂ ਉਠਾ ਦਿੱਤਾ ਅਤੇ ਅਕਾਲ ਤਖਤ ਸਾਹਿਬ ਦੀਵਾਨ ਲਗਾ ਕਰ ਪਹਿਲੇ ਤਾਂ ਬੰਦੇ ਦਾ ਚਾਲ ਚਲਨ ਵਿਪਰਜਜ ਹੋਣਾ ਬਤਾਇਆ, ਫਿਰ ਮਾਤਾ ਸਾਹਿਬ ਦਾ ਹੁਕਮ ਨਾਮਾਂ ਸੰਗਤਾਂ ਨੂੰ ਸੁਣਾ ਕਰਕੇ

Digitized by Panjab Digital Library | www.panjabdigilib.org

ਅਰਦਾਸ ਕਰਾ ਦਿੱਤੀ, ਜੋ ਕੋਈ ਗੁਰੂ ਕਾ ਸਿੱਖ ਹੈ ਬੰਦੇ ਨੂੰ ਨਾ ਮੰਨੇ, ਅਤੇ ਅਜ ਤੋਂ ਗੁਰੂ ਕੇ ਦਲ ਵਿੱਚ ਆਜਾਵੇ, ਜੋ ਬੰਦੇ ਦਾ ਸਿੱਖ ਹੈ ਸੋ ਉਸਦੀ ਤਰਫ ਚਲਿਆ ਜਾਵੇ। ਐਸੇ ਕੈਹ ਕਰ ਬਿਬੇਕਸਰ ਦੇ ਕਿਨਾਰੇ ਤੇ ਖਾਲਸੇ ਨੇ ਅਪਣਾ ਝੰਡਾ ਜਾ ਲਾਇਆ,ਦੂਹਾਂ ਦੇ ਨਾਮ ਭੀ ਵਖਰੇ ੨ ਹੋਏ-ਇਕ ਤਤ ਖਾਲਸਾ, ਦੂਸਰਾ ਬੰਦਈ ਖਾਲਸਾ ॥

## ਸਿੰਘਾਂ ਨੇ ਬੰਦੇ ਨਾਲ ਵਿਗੜਨਾ

ਫੇਰ ਤਾਂ ਆਪਸ ਵਿੱਚ ਵਿਰੋਧ ਹੋਗਿਆ, ਬੰਦੇ ਦੀ ਇਸ ਕੁਚਾਲ ਨੇ ਦੁਸ਼ਮਨਾਂ ਦੇ ਹੌਸਲੇ ਵਧਾ ਦਿੱਤੇ ਤੇ ਖਾਲਸੇ ਦੀ ਏਹ ਦਸ਼ਾ (ਫੁਟ) ਵੇਖਕੇ ਮੁਸਲਮਾਨਾਂ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਗਈਆਂ, ਘਿਉ ਦੇ ਦੀਵੇ ਮਚ ਪਏ ॥

ਤਤੁਖਾਲਸੇ ਤੇ ਬੰਦੇਈ ਖਾਲਸੇ ਵਿਚ ਇਹ ਮਤ ਭੇਦ ਦਿਨ ਬਦਿਨ ਵਧਦਾ ਤੇ ਖਤੁਰਨਾਕ ਸੂਰਤ ਫੜਦਾ ਗਿਆ। ਇਕ ਦਿਨ ਸ੍ਰੀ ਅੰਮ੍ਰਿਤਸਰ ਸ੍ਰੋਵਰ ਕਿਨਾਰੇ ਦਰਸ਼ਨੀ ਦਰਵਾਜੇ ਅਗੇ ਆਪੋ ਵਿਚ ਲੜਾਈ ਹੋਪਈ, ਜਿਸ ਵਿਚ ਕਈ ਆਦਮੀ ਦੁਹਾਂ ਪਾਸਿਆਂ ਦੇ ਫਟੜ ਹੋਗਏ। ਬਾਬੇ ਬੰਦੇ ਨੇ ਗੁਰਦਾਸਪੁਰ ਦੀ ਤਰਫ ਕੂਚ ਕਰ ਦਿਤਾ ॥

## ਬਾਦਸ਼ਾਹ ਨੇ ਪੰਥ ਨਾਲ ਮੇਲ ਕਰਨਾ

ਫਰੁਖਸ਼ੇਰ ਨੇ ਆਪਣੇ ਮਾਤੁਬਰ ਤੱਤ ਖਾਲਸੇ ਪਾਸ ਭੇਜ ਕਰ ਨਾਮੀ ਨਾਮੀ ਸਿੰਘਾਂ ਨੂੰ ਦੁਸ਼ਾਲੇ ਸ਼ਸਤਰ ਭੇਜੇ, ੫੧੦੦੦ ਇਕਵੰਜਾ ਹਜਾਰਖਰਚ ਤੇ ਜਾਗੀਰਾਂ ਦੇਣਦਾ ਹੁਕਮਸੂਬੇ ਲਾਹੌਰ ਦੇ ਨਾਮ ਹੋਯਾ,ਸਿੰਘਾਂ ਦੀ ਤਾਰੀਫ ਕਰਕੇ ਆਖਿਆ,ਹੇ ਖਾਲਸਾ ਜੀ! ਅਸੀ ਤਾਂ ਤੁਹਾਡੇ ਗੁਰੂ ਨਾਨਕ ਸਾਹਿਬ ਦੀ ਬਖਸ਼ੀ

Digitized by Panjab Digital Library | www.panjabdigilib.org

ਹੋਈ ਬਾਦਸ਼ਾਹੀ ਕਰਦੇ ਹਾਂ ਜੋ ਸਾਡੇ ਬਾਬਰ ਸ਼ਾਹ ਨੂੰ ਓਨਾਂ ਨੇ ਬਖਸ਼ੀ ਸੀ, ਸੋ ਅਸੀ ਹੁਣ ਤੁਹਾਡੇ ਵਿਰੁਧ ਕੋਈ ਕੰਮ ਨਹੀਂ ਕਰਾਂਗੇ ਤੁਸੀ ਵੀ ਸਾਡੇ ਨਾਲ ਲੜਾਈ ਦਾ ਖਿਆਲ ਛਡ ਦੇਵੋ।

## ਜਾਗੀਰ ਵਜ਼ੀਫਾ ਮਿਲਣਾ

ਓੜਕ ਪੰਜ ਸੌ ਸਵਾਰ ਤਾਂ ਲਾਹੌਰ ਰਹਨ ਲੱਗੇ। ਏਹਨਾਂ ਵਿਚ ਬਾਬਾ ਕਾਨ ਸਿੰਘ, ਮੀਰੀ ਸਿੰਘ, ਭੱਲੇ ਸਾਹਿਬਜ਼ਾਦੇ ਤੇ ਛੁਤੇ ਸਿੰਘ ਭਾਈ ਭਗਤੂ ਕਾ ਸਜਾਮ ਸਿੰਘ ਨਾਰੰਗੀ ਵਾਲਾ ਸਰਦਾਰ ਬਨਾਏ ਗਏ। ਬਾਕੀ ਖਾਲਸਾ ਜੋ ਅਮ੍ਰਿਤਸਰ ਰਿਹਾ, ਓਹਨਾਂ ਨੂੰ ਪੰਜ ਹਜਾਰ ਰੁਪਯਾ ਨਕਦ ਖਰਚ ਮਹੀਨੇ ਦਾ ਤੇ ਪੁਰਾਣਾ ਝੁਬਾਲ ਜੋ ਪਹਿਲੇ ਅਕਬਰ ਬਾਦਸ਼ਾਹ ਦੇ ਵਕਤ ਵਿਚ ਗੁਰੂ ਸਾਹਿਬਾਂ ਦੇ ਨਾਮ ਮਾਫੀ ਸੀ, ਓਹੋ ਘੋੜਿਆਂ ਦੇ ਦਾਣੇ ਘਾਸ ਲੰਗਰ ਵਾਸਤੇ ਵੱਖਰਾ ਦੇਕਰ ਅਹਿਦ ਪੈਮਾਨ ਵਿਚ ਏਹ ਸ਼ਰਤਾਂ ਲਿਖ ਦਿਤੀਆਂ :-

## ਅਕਰਾਰ ਨਾਮਾ

[੧] ਪੰਥ ਖਾਲਸਾ ਬਾਦਸ਼ਾਹ ਦੇ ਕਿਸੇ ਮੁਲਕ ਪਰ ਹਥ ਨਾ ਪਾਵੇਗਾ ॥

[੨] ਜਦ ਕਦੇ ਕੋਈ ਗਨੀਮ ਪੰਜਾਬ ਦੀ ਤਰਫ ਆਵੇ ਤਾਂ ਤਤ ਖਾਲਸਾ ਪੰਜਾਬ ਦੇ ਸੂਬੇ ਦੀ ਸਹਾਇਤਾ ਕਰਕੇ ਪਰਜਾ ਦੀ ਰੱਖਯਾ ਵਾਸਤੇ ਮੱਦਦ ਦੇਵੇਗਾ ।

[੪] ਜੋ ਜਾਗੀਰ ਤੇ (ਬਸਤਾ) ਵਜ਼ੀਫਾ ਖਾਲਸੇ ਦਾ ਮੁਕੱਰਰ ਹੋਯਾ ਹੈ, ਇਸ ਵਿਚ ਕਮੀ ਬੇਸ਼ੀ ਨਾ ਹੋਵੇਗੀ।

[੫] ਅਗੇ ਨੂੰ ਮੁਲਕ ਪੰਜਾਬ ਵਿਚ ਕਿਸੇ ਹਿੰਦੂ ਨੂੰ ਮੱਲੋ

Digitized by Panjab Digital Library | www.panjabdigilib.org

ਮਲੀ ਮੁਸਲਮਾਨ ਨਾ ਕੀਤਾ ਜਾਵੇਗਾ ।

[੬] ਕਿਸੇ ਨੂੰ ਆਪਣੇ ਮਜ਼੍ਹਬ ਦੇ ਮੰਦਰ, ਮੂਰਤਾਂ, ਪੂਜਾ, ਕਰਮ, ਧਰਮ, ਕਰਣੇ ਤੋਂ ਰੋਕਿਆ ਨਾ ਜਾਵੇਗਾ ।

[੭] ਪੰਜਾਬ ਦੇ ਹਿੰਦੂਆਂ ਤੋਂ ਜੇਜ਼ੀਆ ਮਾਮੂਲਾ ਅਗੇ ਨੂੰ ਨਾ ਲੀਤਾ ਜਾਵੇਗਾ ॥

[੮] ਜੋ ਕੋਈ ਸਿੰਘ ਖੇਤੀ ਕਰੇਗਾ ਉਸਤੋਂ ਅੱਧਾ ਮਾਮੂਲਾ ਲੀਤਾ ਜਾਵੇਗਾ ।

[੯]ਪੰਜਾਬ ਦੇ ਮੁਲਕ ਵਿਚ ਗਊ ਬਧ ਨਾ ਹੋਵੇਗਾ ।

[੧੦]ਕਿਸੇ ਦੀ ਬਹੂ ਬੇਟੀ ਨੂੰ ਕੋਈ ਮੁਸਲਮਾਨ ਜਬਰਨ ਹੱਥ ਨਾ ਪਾਵੇਗਾ ।

ਇਸਤਰਾਂ ਦਾ ਪਰਜਾ ਦੀ ਭਲਾਈ ਤੇ ਹਿੰਦੂਆਂ ਦੀ ਰੱਖਯਾ ਮਨੋਰਥ ਮੁਖ ਰੱਖਕੇ ਖਾਲਸੇ ਨੇ ਪੰਜਾਬ ਦੇ ਹਾਕਮਾਂ ਤੋਂ ਇਕਰਾਰ ਨਾਮਾ ਲਖਵਾ ਲਿਆ ।

## ਕਲਾਨੌਰ ਮਾਰਨੀ

ਏਧਰ ਬਾਬੇ ਬੰਦੇ ਨੇ ਤੱਤ ਖਾਲਸੇ ਦੇ ਮਿਲਣ ਵਾਸਤੇ ਵਕੀਲ ਭੇਜਕੇ ਮੇਲ ਦੇ ਫਾਇਦੇ ਤੇ ਬੇਮੇਲ ਦੇ ਨੁਕਸਾਨ ਬਹੁਤ ਸਮਝਾਏ ਬੁਝਾਏ, ਪਰ ਬੰਦੇ ਦੀ ਮਨ ਮਤ ਦੀ ਚਾਲ ਤੇਖਾਲਸੇ ਨੂੰ ਗੁਰਮਤਵਲੋਂਗੁੰਮਰਾਹਕਰਨਵਾਲੇਕਾਰਿਆਂ ਨੇ ਤਤ ਤੇ ਬੰਦਈ ਸਿੰਘਾਂ ਦਾ ਮੇਲ ਨਾ ਹੋਣ ਦਿਤਾ । ਜੱਦਯਪਿ ਬੰਦਾ ਬਹਾਦਰ ਤੱਤ ਖਾਲਸੇ ਤੋਂ ਜੁਦਾ ਹੋਜਾਣੇ ਕਰ ਬਹੁਤ ਕਮਜ਼ੋਰ ਹੋਗਿਆ ਸੀ, ਪਰ ਉਸ ਨੇ ਹਿੰਮਤ ਨਾ ਹਾਰੀ, ਅਠ ਦਸ ਹਜ਼ਾਰ ਅਸਵਾਰ ਪਿਆਦੇ ਦੀ ਭੀੜ ਭਾੜ ਨਾਲ ਲੈਕੇ ਸੰ:੧੭੭੫ ਬਿ: ਵਿਚ ਕਲਾਨੌਰ ਦੇ ਹਾਕਮ ਫਤੇ ਦੀਨ ਨੂੰ

Digitized by Panjab Digital Library | www.panjabdigilib.org

ਜਾ ਘੇਰਿਆ, ਉਸਨੇ ਸੂਬੇ ਲਾਹੌਰ ਤੋਂ ਮਦਦ ਮੰਗੀ। ਸੂਬੇ ਨੇ ਸਿੰਘਾਂ ਨੂੰ ਭੇਜਣਾ ਚਾਹਿਆ ਤਾਂ ਸਿੰਘਾਂ ਨੇ ਜਵਾਬ ਦਿਤਾ ਕਿ ਬਾਹਰ ਤੋਂ ਆਏ ਗਨੀਮ ਦੇ ਮੁਕਾਬਲੇ ਪਰ ਜਾਣੇ ਦਾ ਸਾਡਾ ਕੰਮ ਹੈ ਪੰਜਾਬ ਦੇ ਵਿਚਲੇ ਝਗੜੇ ਮੇਟਣ ਦਾ ਸਾਡਾ ਕੰਮ ਨਹੀਂ ਬਾਕੀ ਸਿੰਘਾਂ ਨਾਲ ਬੀ ਅਸੀ ਨਹੀਂ ਲੜਾਂਗੇ। ਏਹ ਜਵਾਬ ਸੁਣ ਕੇ ਸੂਬਾ ਚੁਪ ਹੋ ਗਿਆ। ਖਾਲਸੇ ਦੇ ਇਸ ਉਤਰ ਤੋਂ ਬੰਦੇ ਦੀਆਂ ਅੱਖਾਂ ਖੁਲ ਜਾਣੀਆਂ ਚਾਹੀਦੀਆਂ ਸਨ, ਕਿ ਖਾਲਸਾ ਕਿਸੇਦੀ ਚਾਲ ਤੇ ਮਾਇਆ ਦੇ ਜਾਲ ਵਿਚ ਨਹੀਂ ਫਸਦਾ, ਉਹ ਦੇ ਨਾਲ ਮੇਲ ਕਰ ਲੈਣਾ ਚਾਹੀਦਾ ਹੈ, ਪਰੰਤੂ ਬੰਦੇ ਦੀਅਕਲਤੇ ਜੋਪ੍ਰਦਾਪਿਆਸੀਸੋਨਾਉਠਿਆ।ਓਧਰਫਤੇਦੀਨ ਨੇ ਬਾਬੇ ਬੰਦੇ ਨੂੰ ਕੁਛ ਨਕਦ, ਸ਼ਸਤ੍ਰ, ਘੋੜੇ ਨਜ਼ਰ ਦੇਕੇ ਆਪਣੀ ਜਾਨ ਛੁਡਾਈ। ਤਦ ਬੰਦੇ ਬਹਾਦਰ ਨੇ ਰਾਵੀ ਪਾਰ ਹੋਕੇ ਦਰਪ ਦੇਸ ਵਡੇ ਵਡੇ ਪਿੰਡ ਮੁਸਲਮਾਨਾਂ ਦੇ ਬਹੁਤ ਹੀ ਲੁਟੇ ਮਾਰੇ। ਗੁਜਰਾਂਵਾਲਾ, ਵਜ਼ੀਰਾਬਾਦ, ਸਿਆਲ ਕੋਟ, ਆਦਿਕ ਹਾਕਮਾਂ ਤੋਂ ਮਨ ਭਾਏ ਨਜ਼ਰਾਨੇ ਪਾਏ ਤੇ ਵਜ਼ੀਰਾ-ਬਾਦੀਏ ਸ਼ਿਵ ਚੰਦ ਕਪੂਰ ਖੱਤ੍ਰੀ ਦੀ ਬੇਟੀ ਸਾਹਿਬ ਕੌਰ ਜੋ ਅਤੀ ਸੁੰਦਰ ਸੀ, ਪਸੰਦ ਕਰਕੇ ਵਿਆਹ ਲਈ, ਏਸ ਵਿਚੋਂ ਸੰਃ ੧੭੭੭ ਬਿਃ ਨੂੰ ਅਜੀਤ ਸਿੰਘ ਪੈਦਾ ਹੋਯਾ, ਜਿਸਦੀ ਸੰਤਾਨ ਹੁਣ ਦਯਾ ਸਿੰਘ ਆਦਿਕ ਵਜ਼ੀਰਾਬਾਦ ਵਿਚ ਸੋਢੀ ਖੱਤ੍ਰੀ ਮਸ਼ਹੂਰ ਹਨ॥

## ਬੰਦੇ ਦਾ ਦੌਰਾ ਸਿੰਧ ਤਕ

ਬੰਦਾ ਦਰਪ, ਧੰਨੀ, ਪੋਠੋਹਾਰ, ਥਲ, ਸਿੰਧ, ਆਦਿਕ ਦੇਸ਼ਾਂ ਵਿਚ ਫਿਰਦਾ ਅਟਕ ਤਕ ਫਿਰ ਨਿਕਲਿਆ, ਮੁਸਲ-

Digitized by Panjab Digital Library | www.panjabdigilib.org

ਮਾਨਾਂ ਨੂੰ ਕਰਾਮਤ ਦਿਖਾ ਛਡੀ, ਬੇਸ਼ੁਮਾਰ ਹਿੰਦੂ ਬੰਦਈ ਸਿਖ ਬਨਗਏ, ਜੋ ਹੁਣ ਤਕ ਸਿਵਾਇ ਬੰਦੇ ਦੇ ਹੋਰ ਕਿਸੇ ਨੂੰ ਨਹੀਂ ਮੰਨਦੇ। ਜਿਥੇ ਜਿਥੇ ਬੰਦਾ ਗਿਆ ਸੀ, ਓਥੇ੨ ਓਸ ਦੇ ਸੇਵਕਾਂ ਨੇ ਉਸਦੇ ਨਾਮ ਪਰ ਧਰਮਸਾਲਾ ਬਣਾ ਰਖੀਆਂ ਹਨ। ਦੇਖੋ ਪੰਜਵਾਂ ਹਿਸਾ। ਏਸੇ ਤਰਾਂ ਪੰਦ੍ਰਾਂ ਚੌਦਾਂ ਮਹੀਨੇ ਓਸ ਦੇਸਦਾ ਦੌਰਾ ਕਰਕੇ ਕਟਾਸ ਤੀਰਥ ਦਾ ਮੇਲਾ ਦੇਖਜਾ ਤੇ ਫੇਰ ਗੁਰਦਾਸ ਪੁਰ ਵਿਚ ਆ ਠਹਰਿਆ। ਏਸ ਦੀਰਘ ਦੌਰੇ ਵਿਚ ਬਹੁਤ ਦੌਲਤ ਬੰਦਈ ਸਿਖਾਂ ਦੇ ਹਥ ਆਈ, ਜਿਸ ਤੋਂ ਓਹਨਾਂ ਨੂੰ ਬਹੁਤ ਹੰਕਾਰ ਹੋ ਗਿਆ ਸੀ॥

ਏਧਰ ਏਸ ਦੇ ਇੰਤਜ਼ਾਮ ਨਾ ਹੋਣੇ ਦੇ ਕਾਰਣ ਅਸਲਮ ਖਾਂ ਨੂੰ ਨਾਯਬ ਸੂਬਾ, ਤੇ ਅਬਦੁਲ ਸਮੁੰਦ ਖਾਂ ਨੂੰ ਏਸਦੀ ਜਗਾ ਪੂਰਾ ਸੂਬਾ ਲਾਹੌਰ ਦਾ ਮੁਕੱਰਰ ਕੀਤਾ ਗਿਆ। ਸੰਮਤ ੧੭੭੬ ਬਿ: ਨੂੰ ਰਾਜਾ ਮੰਡੀ ਵਾਲਾ ਸੁੱਧ੍ਰ ਸੈਣ ਜੋ ਬੰਦੇ ਦਾ ਸਿਦਕੀ ਸਿਖ ਬਣ ਰਿਹਾ ਸੀ, ਗੁਰਦਾਸ ਪੁਰ ਬੰਦੇ ਪਾਸ ਆਯਾ ਤੇ ਕੁਛ ਦਿਨ ਰਹਿਕੇ ਬੰਦੇ ਨੂੰ ਭੀ ਆਪਣੇ ਨਾਲ ਹੀ ਮੰਡੀ ਵਿਚ ਲੈ ਗਿਆ॥

## ਪੋਥੀ ਦੀ ਮਹਿਮਾ

ਬਾਬੇ ਬੰਦੇ ਪਾਸ ਇਕ ਪੋਥੀ ਲੂਣੀਏ ਸਿਧ ਦੀ ਬਖਸ਼ੀ ਹੋਈ ਸੀ, ਜਿਸ ਵਿਚ ਬੌਹਟ ਵਿਦਿਆ ਪ੍ਰਸਿੱਧ ਸਨ। ਓਸ ਵਿਚ ਓਹ ਮੰਤ੍ਰ ਜੰਤ੍ਰ ਤੰਤ੍ਰ ਭੀ ਸਨ ਜਿਨਾਂ ਦੇ ਜੋਰ ਨਾਲ ਸਰੀ ਹਜਰਾਤ ਕਰਨੇ ਸੇ ਦੇਵਤਾ ਪਰੀਆਂ, ਮੁਵੱਕਲ, ਭੂਤ ਪ੍ਰੇਤ ਸਭ ਹਾਜ਼ਰ ਹੋ ਜਾਂਦੇ ਸੇ, ਮਨ ਭਾਏ ਕੰਮ ਉਨਾਂ ਤੋਂ ਕਰਾ ਲੈਂਦਾ ਸੀ, ਸਭ ਤਰਾਂ ਦੇ ਜਾਦੂ, ਰਸਾਇਣ ਤੇ ਪਾਰਸ

Digitized by Panjab Digital Library | www.panjabdigilib.org

ਕਰਕੇ ਦਿਖਾ ਦੇਂਦਾ ਸੀ। ਰਾਜਾ ਸੁਧ੍ਰਸੈਣ ਨੇ ਭੇਤ ਪਾਕੇ ਓਹ ਪੋਥੀ ਤੇ ਇਕ ਗੁਟਕਾ ਜਿਸਦੇ ਨਾਲ ਬੰਦਾ ਉਡ ਸਕਦਾ ਸੀ, ਦੋਵੇਂ ਚੀਜ਼ਾਂ ਗੁੰਮ ਕਰ ਲਈਆਂ। ਫੇਰ ਓਸੇ ਪੋਥੀ ਦੇ ਬਲ ਨਾਲ ਰਾਜਾ ਸੁਧ੍ਰਸੈਨ ਨੇ ਅਪਨੀ ਕਾਯਾਂ ਬੀ ਸੌ ਬਰਸ ਤਕ ਰਖੀ ਤੇ ਕਰਾਮਾਤਾਂ ਭੀ ਬੇਸ਼ੁਮਾਰ ਲੋਕਾਂ ਨੂੰ ਦਿਖਾਉਂਦਾ ਰਿਹਾ ਜੋ ਹੁਣ ਤਕ ਸਾਰੇ ਪਹਾੜ ਵਿਚ ਮਸ਼ਹੂਰ ਹਨ। ਆਖਰ ਮਰਨ ਲਗਾ ਓਹ ਦੋਵੇਂ ਚੀਜ਼ਾਂ ਦਰਿਆ ਵਿਚ ਸੁਟ ਗਿਆ। ਏਹ ਹਾਲ ਰਜਾਸਤ ਮੰਡੀ ਦੀ ਤਵਾਰੀਖ ਵਿਚ ਸਰ ਲੈਪਲਗ੍ਰੀਫਨ ਸਾਹਿਬ ਨੇ ਲਿਖਯਾ ਹੈ।

## ਲਾਹੌਰ ਪਰ ਚੜ੍ਹਾਈ

ਭਾਵੇਂ ਬਾਬਾ ਬੰਦਾ ਤਾਂ ਆਪਨੀ ਜਿੰਦਤੇ ਸ਼ਕਤੀ ਜਿਸਦੇ ਬਲ ਨਾਲ ਓਹ ਹਮੇਸ਼ ਫਤੇ ਪਾਉਂਦਾ ਤੇ ਲੋਕਾਂ ਨੂੰ ਦਬਾਉਂਦਾ ਰਹਿੰਦਾ ਸੀ, ਗਵਾ ਕੇ ਗੁਰਦਾਸਪੁਰ ਵਿਚ ਚਲਾ ਆਇਆ, ਪਰ ਫੇਰ ਭੀ ਅਸੂ ਮਹੀਨੇ ਸੰ: ੧੭੭੨ ਬਿ: ਨੂੰ ਬਾਬੇ ਬੰਦੇਨੇ ਆਪਣੀ ਹਿੰਮਤ ਤੇ ਕਿਸਮਤ ਅਜ਼ਮਾਉਣ ਵਾਸਤੇ ਬਹੁਤ ਫੌਜ ਕੱਠੀ ਕਰ ਮੁਸਲਮਾਨਾਂ ਤੋਂ ਲਾਹੌਰ ਛੁਡਾਉਣ ਵਾਸਤੇ ਚੜ੍ਹਾਈ ਕੀਤੀ। ਸ਼ਾਲਾਮਾਰ ਬਾਗ ਪਾਸ ਜਾ ਉਤਰਿਆ। ਭਗਵਾਨਪੁਰੇ ਪਾਸ ਦੋ ਦਿਨ ਭਾਰੀ ਲੜਾਈ ਹੋਈ ਆਖਰ ਤੁਰਕਾਨੀ ਫੌਜ ਜਦ ਹਾਰ ਗਈ ਤੇ ਅਸਲਮ ਖਾਂ ਸੂਬਾ ਫੌਜਾਂ ਨੂੰ ਲੈਕੇ ਆ ਪਹੁੰਚਾ, ਲੜਾਈ ਫੇਰ ਸ਼ੁਰੂ ਕਰਾ ਦਿਤੀ ਤਾਂ ਬੰਦੇ ਨੇ ਲੜਾਈ ਕਰਨੀ ਮੁਨਾਸਿਬ ਨਾ ਸਮਝਕੇ ਵਟਾਲੇ ਦੀ ਤਰਫ ਵਾਗ ਮੋੜ ਲੀਤੀ।

Digitized by Panjab Digital Library | www.panjabdigilib.org

# ਬੰਦੇ ਦਾ ਦੀਪਮਾਲਾ ਪਰ ਆਉਨਾ

ਏਸ ਸਾਲ ਜਦ ਅੰਮ੍ਰਿਤਸਰ ਦੀਪ ਮਾਲਾ ਪਰ ਪੰਥ ਖਾਲਸਾ ਇਕੱਠਾ ਹੋਇਆ ਤਾਂ ਬਾਬੇ ਬੰਦੇ ਨੇ ਅਰਦਾਸ ਦੇਕੇ ਆਪਣੇ ਵਕੀਲ ਤਤ ਖਾਲਸੇ ਪਾਸ ਭੇਜਕੇ ਆਖਿਆ ਕਿ ਸਾਨੂੰ ਆਪਸ ਵਿੱਚ ਮੇਲ ਕਰ ਲੈਣਾ ਚਾਹੀਦਾ ਹੈ ਮਿਲਕੇ ਰੈਹਣ ਦੇ ਬਹੁਤ ਸਾਰੇ ਫਾਇਦੇ ਹਨ ਮੈਂ ਦਾਇਆ ਬਣਕੇ ਜੰਗ ਵਿੱਚ ਤੁਹਾਡੇ ਨਾਲ ਰਿਹਾ ਹਾਂ।

ਏਹ ਉਕਤ ਕਥਨ ਬੰਦੇ ਬਹਾਦਰ ਦਾ ਅਕਾਲ ਤਖਤ ਅਗੇ ਦੀਵਾਨ ਵਿਚ ਜਦ ਸਾਰੇ ਪੰਥ ਨੂੰ ਸੁਨਾਇਆ ਗਿਆ ਤਾਂ ਭਾਵੇਂ ਪੰਥ ਵਿਚ ਹੋਰ ਭੀ ਬਹੁਤ ਦਾਨੇ ਦਾਨੇ ਸਿਆਨੇ ਸਿੰਘ ਥੇ, ਪਰ ਜੇਹੜੇ ਨਿਹੰਗ ਸਿੰਘ ਸਨ ਉਹ ਬੋਲ ਉਠੇ ਕਿ ਜੇਕਰ ਬੰਦਾ ਤਤ੍ਵ ਖਾਲਸੇ ਨਾਲ ਮੇਲ ਰਖਣਾ ਚਾਹੁੰਦਾ ਹੈ ਤਾਂ ਆਪਣੇ ਸਾਰੇ ਬੰਦਈ ਸਿਖਾਂ ਸਮੇਤ ਗਲ ਵਿਚ ਪੱਲਾ ਪਾਕੇ ਹਥ ਜੋੜ ਕਰ ਪੰਥ ਦੇ ਦੀਵਾਨ ਅਗੇ ਆ ਖੜੋਵੇ, ਪਹਿਲੇ ਸਭ ਦੇ ਜੋੜੇ ਝਾੜੇ, ਫੇਰ ਤਨਖਾਹ ਬਖਸ਼ਾਵੇ, ਜੋ ਗੁਰਮਤਾ ਕਰਕੇ ਖਾਲਸਾ ਦੰਡ ਲਾਵੇ ਓਹ ਦੇਵੇ, ਵਾਹਿਗੁਰੂ ਜੀ ਕੀ ਫਤੇ ਬੁਲਾਵੇ, ਪਿੱਛਲੀ ਬੋਲ ਚਾਲ ਦੇ ਕੱਚੇ ਬੋਲੇ ਛੱਡਕੇ ਖਾਲਸੇ ਵਾਲੇ ਪੱਕੇ ਬੋਲੇ ਸਿੱਖੇ, ਸਭਾ ਵਿੱਚ ਗੱਦੀ ਨਾ ਬਿਛਵਾਏ, ਗੁਰੂ ਨਾ ਸਦਾਏ, ਪੰਥ ਨਾ ਚਲਾਏ ਹੋਰ ਜੋ ਬੰਦੇ ਨੇ ਆਪ ਨੂੰ ਪੰਥ ਦਾ ਦਾਯਾ ਬਤਾਯਾ ਹੈ ਸੋ ਉਂਜ ਹੀ ਸਹੀ ਹੈ ਪਰ ਦਾਯਾ ਬਾਲਕ ਦੀ ਟੈਹਲ ਕਰਦਾ ਹੋਇਆ ਪਾਲਦਾ ਪੋਸਦਾ ਤੇ ਓਸਦਾ ਬਿਸਟਾ ਮੂਤ੍ਰ ਥੁਕ ਲਾਲ ਧੋਂਦਾ ਹੈ ਉਸ ਨੂੰ ਬੱਚੇ ਦੀ ਜਾਨ ਲੈਣ ਦਾ ਹਕ ਨਹੀਂ ਹੁੰਦਾ, ਹੁਣ ਗੁਰੂ ਦੇ ਪੁਤ੍ਰ ਪੰਥ ਨੇ ਜਵਾਨ ਹੋਕੇ

Digitized by Panjab Digital Library | www.panjabdigilib.org

ਆਪਣਾ ਆਪ ਸੰਭਾਲ ਲੀਤਾ। ਧਰਮ ਦੇ ਮਾਮਲੇ ਵਿਚ ਉਹ ਦਾ ਦਖਲ ਨਹੀਂ ਸਹਾਰਿਆ ਜਾ ਸਕਦਾ, ਵਾਧਾ ਜਹਾਂ ਜਾਧਾ ਚਾਹੇ ਜਾਏ, ਹੋਰ ਜੋ ਬੰਦੇ ਨੇ ਬਾਂਹਸਾਥ ਰੇਹਣ ਦੀ ਲਾਜ ਪਾਲਣੀ ਆਖਿਆ ਹੈ ਸੋ ਬੜੀ ਖੁਸ਼ੀ ਦੀ ਬਾਤ ਹੈ ਆਓ ਸਗੋਂ ਮੁਖੀਆ ਬਨ ਕੇ ਪੰਥ ਦਾ ਸਰੂਪ ਬਣੇ ਰਹੇ ਜੈ ਜੋ ਮੂਧਾਦਾ ਖਾਨ ਪਾਨ ਪਹਿਰਾਨ ਖ਼ਾਲਸੇ ਦੀ ਹੈ ਸੋ ਧਾਰਣ ਕਰੋ॥

ਏਹੋ ਜੇਹੇ ਜਵਾਬ ਸੁਨਕੇ ਬੰਦੇ ਦੇ ਵਕੀਲਾਂ ਨੇ ਬਿਨਾ ਢੀਲ ਜਦ ਜਾਕੇ ਬੰਦੇ ਦੇ ਪਾਸ ਏਹ ਸਾਰਾ ਹਾਲ ਦੱਸਿਆ ਬੰਦੇ ਲਈ ਆਪਣਾ ਮਾਨ ਤੇ ਗੌਰਵਤਾ ਛਡਣੀ ਅਸੰਭਵ ਹੋ ਰਹੀ ਸੀ ਤਾਂ ਬੰਦਾ ਬੋਲਿਆ ਏਸ ਪੰਥ ਦੇ ਅਗਵਾਨੀ ਜਦੋਂ ਤੱਕ ਨਿਹੰਗ ਤੇ ਗੁਰਦਵਾਰੀਏ ਪੁਜਾਰੀ ਹਨ, ਉਤਨਾਂ ਚਿਰ ਏਹ ਪੰਥ ਕਦੇ ਉਨਤੀ ਨਹੀਂ ਕਰੇਗਾ।

ਏਸ ਭਾਂਤ ਦੇ ਉਤ੍ਰ ਪ੍ਰਸ਼ਨ ਕਰਕੇ ਬੰਦਾ ਤਾਂ ਪੰਜ ਛੀ ਹਜ਼ਾਰ ਸਿੰਘ ਨਾਲ ਨੈਣੇ ਦੇ ਕੋਟ ਵੱਨੀ ਤੁਰਕੇ ਪਹਾੜਾਂ ਦੀ ਤਲੀ ਕੰਢੀ ਦੇ ਮੁਲਕ ਨੂੰ ਜੋ ਬਹੁਤ ਮਾਲਦਾਰ ਸੀ, ਲੁਟਣ ਖਸੋਟਨ ਲਗ ਪਿਆ, ਓਸ ਰਾਜ ਰੌਲੇ ਵਿੱਚ ਹੋਰ ਬੀ ਬੇਅੰਤ ਲੁਟੇਰੇ ਬੰਦਈ ਦਲ ਨਾਲ ਰਲ ਪਏ ਜੋ ਬਾਰਾਂ ਪੰਦ੍ਰਾਂ ਹਜਾਰ ਦੇ ਕੱਠੇ ਹੋਕੇ ਧੂਮ ਮਚਾ ਦਿੱਤੀ॥

## ਜੰਗ ਨੈਣੇ ਦੇ ਕੋਟ

ਜਦ ਉਕਤ ਹਾਲ ਦੀਆਂ ਬੇਸ਼ੁਮਾਰ ਅਰਜ਼ੀਆਂ ਨਾਜ਼ਮ ਲਾਹੌਰ ਦੇ ਪਾਸ ਭਾਵੇਂ ਲੋਗਾਂ ਨੇ ਦਿੱਤੀਆਂ, ਪਰ ਓਸ ਨੂੰ ਬੰਦੇ ਦੇ ਸਾਹਮਣੇ ਜਾਣਾਂ ਮਨਜ਼ੂਰ ਨਹੀਂ ਸੀ, ਕਿਉਂਕਿ ਓਸ ਨੇ ਪੱਕਾ ਭਰੋਸਾ ਕਰ ਰਖਿਆ ਸੀ ਕਿ ਜਦੋਂ ਮੈਂ ਓਸਨੂੰ ਮਾਰਨੇ

Digitized by Panjab Digital Library | www.panjabdigilib.org

ਫੜਨੇ ਦੀ ਨੀਤ ਕਰਾਂਗਾ ਓਹ ਅੱਗੇ ਹੀ ਪ੍ਰਤੀਤ ਕਰਕੇ ਮੈਨੂੰ ਹੀ ਮਾਰ ਦੇਵੇਗਾ । ਜਦ ਸੂਬੇਦਾਰ ਅਬਦਲ ਸਮੁੰਦ ਖਾਂ ਲਾਹੌਰੀ ਦਾ ਏਹ ਹਾਲ ਸੀ ਤਾਂ ਓਸਦੇ ਮਾਤਹਿਤ ਫੌਜਦਾਰ ਕਦੋਂ ਖੜੇ ਹੁੰਦੇ ਸੇ ? ਏਸੇ ਵਾਸਤੇ ਲੋਕਾਂ ਨੇ ਬਾਦਸ਼ਾਹ ਫਰੁਖਸੀਅਰ ਪਾਸ ਬੇਅੰਤ ਅਰਜ਼ੀਆਂ ਸ਼ਕਾਇਤੀ ਦੇ ਰਖੀਆਂ ਸਨ, ਜਿਨਾਂ ਤੋਂ ਖਿਝ ਕੇ ਬਾਦਸ਼ਾਹ ਨੇ ਜਲਾਲ ਦੀਨ ਜੰਗ ਦਲੇਰ ਬੁਲੰਦ ਖਾਂ ਵਗੈਰਾ ਨੂੰ ਦਸ ਹਜ਼ਾਰ ਫੌਜ ਸਮੇਤ ਭੇਜ ਕੇ ਸਾਰੇ ਫੌਜਦਾਰਾਂ ਦੇ ਨਾਮ ਫੁਰਮਾਨ ਜਾਰੀ ਕਰ ਦਿੱਤੇ ਕਿ ਤੁਸੀਂ ਸਬ ਆਪਣੀ ੨ ਫ਼ੌਜ ਲੈਕੇ ਨਾਜ਼ਮ ਲਾਹੌਰ ਦੇ ਨਾਲ ਰਲ ਕਰ ਬੰਦੇ ਨੂੰ ਮਾਰੋ ਯਾ ਫੜਕੇ ਮੇਰੇ ਪਾਸ ਭੇਜੋ, ਨਹੀਂ ਤਾਂ ਆਪ ਨੂੰ ਸ਼ਾਹੀ ਨੌਕਰ ਨਾ ਸਮਝਨਾ ॥ ਹੁਣ ਐਸੇ ਕਰੜੇ ਸ਼ਾਹੀ ਹੁਕਮ ਦੀ ਤਾਮੀਲ ਸਬ ਨੂੰ ਕਰਨੀ ਪਈ, ਅਪਨੀ ੨ ਫੌਜ ਨੂੰ ਸਜਾ ਧਜਾ ਕੇ ਆ ਕੱਠੇ ਹੋਏ, ਤਦੋਂ ਨੂੰ ਏਧਰੋਂ ਬੰਦਈ ਸਿੰਘ ਅਠਕੁ ਹਜ਼ਾਰ ਜੁੜਕੇ ਬੰਦੇ ਬਹਾਦੁਰ ਦੇ ਸਾਥ ਹੋ ਲੀਤਾ । ਮਘਰ ਸੰ: ੧੭੭੨ ਬਿ: ਨੂੰ ਨੈਣੇ ਦੇ ਕੋਟ ਪਾਸ ਦੋਹਾਂ ਦਲਾਂ ਦਾ ਮੁਕਾਬਲਾ ਹੋ ਪਿਆ । ਬੜੇ ਜ਼ੋਰ ਸ਼ੋਰ ਨਾਲ ਦੋਹਾਂ ਪਾਸਿਆਂ ਦੇ ਬਹਾਦੁਰਾਂ ਨੇ ਜੰਗ ਕੀਤਾ, ਬੰਦਈ ਸਿੰਘ ਤਾਂ ਜਾਨਾਂ ਤੋੜ ਤੋੜ ਵਧ ਵਧ ਕੇ ਲੜਦੇ ਸੇ ਤੇ ਸ਼ਾਹੀ ਫੌਜ ਜਾਨ ਬਚਾ ੨ ਕੇ ਲੜਦੀ ਹੋਈ (ਫ਼ਜ ਓਲੇ ਧਾਰ ਪਿਟਦੀ ਸੀ ) ਤਾਂ ਬੀ ਸਿੱਖਾਂ ਨਾਲੋਂ ਅਠ ਦਸ ਗੁਣੀਅਧਕ ਹੋਣੇ ਕਰ ਕਦੇ ਓਹ ਸਿਖਾਂ ਨੂੰ ਧਕੇਲ ਕੇ ਪਿਛੇ ਹਟਾ ਦਿੰਦੇ ਕਦੀ ਸਿਖ ਓਨਾਂ ਨੂੰ ਪਛਾੜਦੇ ਹੋਏ ਦਬਾ ਕੇ ਲੈ ਜਾਂਦੇ ਸੇ, ਪੰਜ ਛੀ ਕੋਹ ਵਿਚ ਬੜਾ ਭਾਰੀ ਰਣ ਪਿਆ, ਲੋਥ ਪਰ ਲੋਥ ਚੜ੍ਹ ਗਈ, ਸੈਂਕੜੇ ਜਖਮੀ ਤੜਫਦੇ

ਹੋਏ ਪਾਣੀ ੨ ਪੁਕਾਰ ਰਹੇ ਸਨ, ਸੂਰਬੀਰ ਮਾਰੋਮਾਰ ਉਚਾਰ ਕਰ ਸ਼ਸਤ੍ਰ ਵਾਹ ਰਹੇ ਸਨ, ਏਸੇ ਭਾਂਤ ਤੁਲਵੀਂ ਲੜਾਈ ਹੁੰਦੀ ਰਹੀ, ਹਾਰ ਜਿਤ ਓਸ ਦਿਨ ਕਿਸੇ ਦੀ ਨਾ ਹੋਈ ਤਦੋਂ ਨੂੰ ਸੰਝ ਹੋ ਗਈ ਤੇ ਲੜਾਈ ਠਹਿਰ ਗਈ। ਅਧੀ ਕੁ ਰਾਤ ਹੋਈ ਤਾਂ ਚਾਰ ਕੁ ਸੌ ਬੰਦਈ ਸਿੰਘ ਬੰਦੇ ਦਾ ਸਹਾਇਕ ਦੜਪ ਦੇਸ ਵਿਚੋਂ ਆ ਪੁਜਾ, ਓਹਨਾਂ ਨੇ ਗੱਜ ਕੇ ਸਤ ਸ੍ਰੀ ਅਕਾਲ ਬੁਲਾਇਆ ਤਾਂ ਅਕਾਸ਼ ਗੂੰਜ ਉਠਿਆ, ਸ਼ਾਹੀ ਸੈਨਾ ਏਹ ਅਵਾਜ ਸੁਣ ਕੇ ਘਬਰਾ ਗਈ, ਓਨਾਂ ਨੇ ਏਹ ਜਾਣਿਆ ਕਿ ਤਤ੍ਰ ਖਾਲਸਾ ਆ ਗਜਿਆ, ਹੁਣ ਸਾਡੀ ਪੇਸ਼ ਨਹੀਂ ਜਾਣੀ, ਐਸਾ ਨਾ ਹੋਵੇ ਕਿਤੇ ਹੁਣੇ ਹੱਲਾ ਕਰਕੇ ਸਿੰਘ ਆ ਪੈਣ ਘਾਸ ਫੂਸ ਵਾਂਗੂੰ ਵੱਢ ਕੇ ਚਲੇ ਜਾਣ, ਹਾਲ ਅਪਨੀ ਜਾਨ ਬਚਾਓ। ਏਹ ਜੇਰਕੇ ਸ਼ਾਹੀ ਲਸ਼ਕਰ ਵਿੱਚ ਹਲਚਲੀ ਪੈਣੇ ਕਰ ਭਾਜ ਪੈ ਪਈ ਸਿਖਾਂ ਦਾ ਪਾਸਾ ਬਚਾ ਕੇ ਭੱਜ ਤੁਰੇ ਅਫਸਰਾਂ ਨੂੰ ਭੀ ਫੌਜ ਦੇ ਨਾਲ ਹੀ ਭੱਜਣਾ ਪਿਆ, ਏਸ ਕਰਕੇ ਅਚਾਚੇਤ ਫਤੇ ਸਿੰਘਾਂ ਦੇ ਹੱਥ ਆਗਈ।

## ਬੰਦੇ ਨੇ ਕਿਲਾ ਬਨੌਣਾ

ਉਕਤ ਜੰਗ ਨੈਣੇ ਦੇ ਕੋਟ ਗਿਰਦੇ ਜੋ ਬੜਾ ਭਾਰੀ ਹੋਯਾ ਏਥੋਂ ਜੈ ਪਾਕੇ ਬੰਦਾ ਭਾਰੀ ਹੰਕਾਰੀ ਹੋਗਿਆ, ਪਹਾੜ ਦੀ ਕੰਡੀ ਦਾ ਪਰਗਨਾ ਵਸਾਇਆ, ਰਾਵੀ ਦੇ ਵਿਚਕਾਰ ਦੂਰ ਦੂਰ ਤੱਕ ਬੰਦਈ ਸਿੰਘਾਂ ਦੇ ਸ਼ਰਰੇ ਲੁੱਟ ਖਸੋਟ ਕਰਦੇ ਹੋਏ ਫਿਰ ਨਿਕਲੇ, ਸਾਮਾਨ ਤੇ ਨੱਕਦ ਬਹੁਤ ਹੱਥ ਆਯਾ। ਜੋ ਬੰਦੇ ਨੇ ਆਣੇ ਰਾਜ ਦੀ ਕਾਇਮੀ ਕਰਨ ਵਾਸਤੇ ਕੋਟ ਮਿਰਜ਼ਾ ਜਾਨਦੇ ਪਾਸ ਜੋ ਕਿਲਾ ਬਣਾਉਣਾ ਅਰੰਭਿਆ

ਹੋਇਆ ਸੀ ਉਸਦੀ ਪੁਖਤਾਈ ਕਰਨ ਵਾਸਤੇ ਬਹੁਤ ਰਾਜ ਮਜੂਰ ਲਾ ਦਿੱਤੇ,ਨਾਲ ਬੰਦਈ ਸਿੱਖ ਆਪ ਭੀ ਹਰ ਪ੍ਰਕਾਰ ਦੀ ਸੇਵਾ ਬੜੀ ਸਰਧਾ ਸਾਥ ਕਰ ਰਹੇ ਸਨ, ਕਿਉਂਕਿ ਉਨਾਂ ਨੂੰ ਭਰੋਸਾ ਸੀ ਹੁਨ ਬਾਬਾ ਬੰਦਾ ਕੋਈ ਦਿਨ ਨੂੰ ਮਾਝੇ ਦੇਸ ਦਾ ਮਾਲਕ ਸੁਤੰਤ੍ਰ ਰਾਜਾ ਬਣ ਜਾਏਗਾ, ਅਸੀਂ ਸਬ ਲੋਕ ਜਾਗੀਰ ਦਾਰ ਹੋਵਾਂਗੇ, ਏਹੋ ਜੇਹੇ ਖਤਾਲੀ ਪਲਾਉ ਪਕਾਉਂਦੇ ਹੋਏ ਮਨੋਂ ਤਨੋਂ ਕੰਮ ਵਿੱਚ ਲੱਗ ਰਹੇ ਸੇ। ਏਹ ਕਿਲਾ ਬਾਬੇ ਬੰਦੇ ਨੇ ਕਲਾਨੌਰ ਤੇ ਵਟਾਲੇ ਨੂੰ ਮਾਰਕੇ ਏਸ ਖਿਆਲ ਨਾਲ ਕੱਸੀ ਨਦੀ ਦੇ ਕਨਾਰੇ ਬਹੁਤ ਚੰਗੀ ਜਗ੍ਹਾ ਦੇਖਕੇ ਅਰੰਭਿਆ ਸੀ, ਕਿਉਂਕਿ ਏਥੋਂ ਇੱਕ ਪਾਸੇ ਬੜਾ ਲੰਬਾ ਚੌੜਾ ਹਰਾ ਭਰਾ ਸੰਘਣਾ ਜੰਗਲ ਸੀ, ਜੇ ਹਾਰੇ ਤਾਂ ਏਸ ਬਣ ਬਾਣੀ ਪਹਾੜਾਂ ਵਿੱਚ ਜਾ ਵੜਾਂਗੇ, ਦੂਜੇ ਪਾਸੇ ਮੈਦਾਨ ਤੇ ਪਾਣੀ ਦੀ ਬਹੁਲਤਾ ਦੇਖ ਲੀਤੀ ਸੀ, ਤਾਹੀਂ ਏਸੇ ਕਿਲੇ ਵਿੱਚ ਜੰਗ ਦਾ ਸਾਮਾਨ ਜਮਾਂ ਕਰ ਰਿਹਾ ਸੀ ॥

## ਫਰੁਖਸ਼ੀਅਰ ਨੂੰ ਖਬਰ ਹੋਣੀ

ਖਾਫ਼ੀਖਾਂ੧੦੯ਸਫੇਪਰਲਿਖਦਾਹੈਕਿਜਦ ਬਾਦਸ਼ਾਹਨੇ ਸਿਖਾਂ ਦੇਦੋਧੜੇਆਪਸ ਵਿੱਚਬਿਰੋਧੀਹੋਏ ਸੁਣੇ ਤਾਂ ਬੜੀਖੁਸ਼ੀ ਮਨਾਈ, ਤਤ੍ਤ ਖਾਲਸੇ ਨੂੰ ਬਹੁਤ ਖਿਲਤ ਇਨਾਮ ਦੇਕੇ ਵਿਦਿਆ ਕਰ ਬਡੇ ਪ੍ਰੇਮ ਨਾਲ ਧਿਜਾ ਧਿਜਾ ਕੇ ਸਿੱਖਾਂਨੂੰ ਮਸਾਂ ਮਸਾਂ ਆਪਣੇ ਕੀਤਾ ਸੀ,ਫੇਰ ਜਦ ਏਧਰੋਂ ਜੰਗ ਕੱਟਣੈਣੇਦੀਤੇ ਬੰਦ ਦੇ ਕਿਲਾ ਬਣਾਉਣੇ ਦੀ ਖਬਰ ਫਰੁਖਸ਼ੀਅਰ*ਬਾਦਸ਼ਾਹ ਨੂੰ ਪਹੁੰਚੀ ਤਾਂ ਉਸਨੇ

*ਫਰੁਖਸ਼ੀਅਰ ਬਹਾਦਰ ਸ਼ਾਹ ਬਾਦਸ਼ਾਹ ਦਾ ਪੋਤਾ ਔਰੰਗਜ਼ੇਬ ਦਾ ਪੜੋਤਾ ਸੀ, ਨੌਰੰਗੇ ਦੇ ਤਿੰਨ ਪੁਤ ਸੇ,ਮੁਅੱਜ਼ਮਸ਼ਾਹ ਵੱਡਾ ਸੀ ਜੋ ਤਖਤ ਬੈਠਕੇ ਬਹਾਦਰ ਸ਼ਾਹ ਮਸ਼ਹੂਰ ਹੋਇਆ, ਏਹੋ ਬੰਦਈ ਦਲ ਨਾਲ ਲੋਹਗੜ੍ਹ ਦੇ ਕਿਲੇ ਪਰ ਕਈ ਮਹੀਨੇ ਲੜਦਾ ਰਿਹਾ, ਫੇਰ ਲਾਹੌਰ ਜਾਕੇ ਪਗਲਾ ਹੋਗਿਆ,ਪਹਿਲੇ ਪਰਗਣੇ ਦੇ ਕੁਤੇ ਮਰਵਾਏ,ਫੇਰ

ਦਲੇਰ ਜੰਗ ਨਾਜਮ ਲਾਹੌਰ ਨੂੰ ਲਿਖ ਭੇਜਿਆ ਕਿ ਬੰਦੇ ਨੂੰ ਫੜ ਕੇ ਮੇਰੇ ਪਾਸ ਭੇਜ ਦਿਓ ਸਾਥ ਹੀ ਗੁਜਰਾਤ ਦੇ ਫੌਜਦਾਰ ਮੀਰ ਅਹਿਮਦ ਖਾਂ ਨੂੰ ਤੇ ਅਰਾਦਤ ਖਾਂ ਏਮਨਾ ਬਾਦੀ ਤੇ ਨੂਰਮਹੰਮਦ ਖਾਂ ਨੌਰੰਗਾਬਾਦ ਦੇ ਫੌਜਦਾਰ ਨੂੰ ਸ਼ੇਖ ਮਹੰਮਦ ਦਾਇਮ ਪਸਰੂਰੀ ਨੂੰ, ਸੁਹਰਾਬ ਖਾਂ ਕਲਾਨੌਰੀ ਨੂੰ, ਅਬਦੁਲ ਸਮੁੰਦ ਫੌਜਦਾਰ ਵਗੈਰਾ ਕਈ ਫੌਜਦਾਰ ਭੇਜੇ, ਬਾਕੀ ਦਿੱਲੀ ਤੋਂ ਫੌਜ ਰਵਾਨੇ ਕੀਤੀ॥

# ਜੰਗ ਗੁਰਦਾਸ ਪੁਰ

## ਇਹ ਖਬਰ ਸੁਨਕੇ ਬੰਦੇ ਨੇ ਕਿਲੇ ਦਾ ਬਣਾਉ ਤਨਾਉ

ਮੁਲਾਣਿਆਂ ਨੇ ਕੰਨ ਭਰ ਦਿੱਤੇ ਕਿ ਕੁਫਰ ਬਹੁਤ ਵਧ ਗਿਆ ਬਹਾਦਰ ਸ਼ਾਹ ਨੇ ਬੇ ਸ਼ੁਮਾਰ ਹਿੰਦੂ ਬੇਗੁਨਾਹ ਮਰਵਾ ਸੁੱਟੇ ਜਿਨਾਂ ਵੱਲੀ ਮੁਲਾਣਿਆਂ ਕਾਜੀਆਂ ਨੇ ਉਂਗਲ ਕੀਤੀ ਓਨਾਂ ਦੇ ਹੀ ਸਿਰ ਕਲਮ ਹੋਗਏ। ਉਸ ਸਮੇਂ ਰਾਵੀ ਕਨਾਰੇ ਬੈਰਾਗੀ ਜੋਗੀ ਫਕੀਰ ਬਹੁਤ ਰਿਹਾ ਕਰਦੇ ਸੇ, ਸੰਖ ਦੇ ਵਜਣ ਦੀ ਸ਼ਕਾਇਤ ਕਰਕੇ ਮੁਲਾਣਿਆਂ ਨੇ ਓਹ ਸਾਧੂ ਬਹੁਤੇ ਮਰਵਾ ਸੁੱਟੇ ਬਾਕੀ ਭੱਜ ਗਏ, ਫੇਰ ਕਿਤੇ ਗਧਾ ਹੀਂਗਦਾ ਸੁਣਕੇ ਬਾਦਸ਼ਾਹ ਨੇ ਗਧੇ ਮਰਵਾਏ ਓੜਕ ਫਗਨ ਸੰ: ੧੭੬੯ ਨੂੰ ਮਰ ਗਿਆ॥

ਪਿੱਛੋਂ ਉਸਦੇ ਪੁੱਤਰਾਂ ਵਿੱਚ ਝਗੜਾ ਅੱਠ ਮਹੀਨੇ ਰਿਹਾ, ਤਦੋਂ ਸਿੰਘਾਂ ਨੇ ਚੰਗੀ ਤਰਾਂ ਸੋਧ ਕੀਤੀ ਉਸਦੇ ਚਾਰ ਬੇਟੇ ਸਨ, ਅਜੀਮਸ਼ਾਹ, ਜਹਾਨਸ਼ਾਹ, ਰਫੀਉਲਸ਼ਾਨ, ਜਹਾਂਦਾਰ ਸ਼ਾਹ। ਅੰਤਨੂੰ ਵਗੇ ਫਰੇਬ ਜੰਗ ਕਰ ਕਰ ਜਹਾਂਦਾਰ ਸ਼ਾਹ ਓਨ੍ਹਾਂ ਤਿੰਨਾਂ ਨੂੰ ਮਾਰ ਕੇ ਤਖਤ ਪਰ ਬੈਠਾ। ਏਹ ਬਹੁਤ ਹੋਛਾ ਦਿਲ ਚਲਾ ਤਮਾਸ਼ਬੀਨ ਸੀ, ਜਿਤਨੇ ਅਮੀਰ ਏਸ ਦੇ ਭਾਈਆਂ ਦੇ ਸਾਥੀ ਸੇ, ਏਸਨੇ ਸਭ ਮਰਵਾ ਸਿੱਟੇ, ਨਾਈ ਧੋਬੀ ਡੂੰਮ ਭੰਡ ਕੰਜਰ ਏਸਦੇ ਅਹਿਲਕਾਰ ਸਨ। ਹਰ ਵੇਲੇ ਤਬਲਾ ਸਰੰਗੀ ਵਜਦੇ, ਮੁਜਰੇ ਹੁੰਦੇ ਰਹਿੰਦੇ ਸੇ, ਸੰ:੧੭੭੦ ਬਿ: ਨੂੰ ਏਸੇ ਦੇ ਵੇਲੇ ਐਸਾ ਕਾਲ ਪਿਆ ਚਾਰ ਸੇਰ ਕੱਚਾ ਅਨਾਜ ਨਾ ਲਭਿਆ, ਸੈਂਕੜੇ ਮੁੰਡੇ ਕੁੜੀਆਂ ਇਕ ਇਕ ਰੁਪਏ ਨੂੰ ਵਿਕੇ ਅਰ ਭੁਖ ਦੇ ਦੁਖ ਨਾਲ ਬੇਅੰਤ ਬਚੇ ਖਾਧੇ ਗਏ; ਬੇਅੰਤ ਖਲਕਤ ਭੁਖੀ ਮਰ ਗਈ, ਬਾਦਸ਼ਾਹ ਤੋਂ ਕੋਈ ਇੰਤਜ਼ਾਮ ਨਾ ਹੋਇਆ, ਤੇ ਬੰਦੇ ਨੇ ਬਹੁਤ ਲੁੱਟ ਖਸੋਟ ਰਖੀ। ਓੜਕ ਫਰੁਖਸ਼ੀਅਰ ਜਹਾਂਦਾਰ ਦੇ ਭਤੀਜੇ ਨੇ ਜੋ ਬੰਗਾਲੇ ਦਾ ਸੂਬਾ ਸੀ, ਅਪਣੇ ਬਾਪ ਦਾ ਵੈਰ ਲੈਣ ਵਾਸਤੇ ਬੜੀ ਭਾਰੀ ਲੜਾਈ ਮਾਰੀ। ਸਯਦਾਂ ਵਜੀਰਾਂ ਦੀ ਸਹਾਇਤਾ ਨਾਲ ਫਤੇ ਪਾਕਰ ਜਹਾਂਦਾਰ ਸ਼ਾਹ ਨੂੰ ਮਾਰ ਕੇ ਬਾਦਸ਼ਾਹ ਬਨ ਗਿਆ। ਜਹਾਂਦਾਰ ਸ਼ਾਹ ਨੇ ਤੇਰਾਂ ਮਹੀਨੇ ਬਾਦਸ਼ਾਹੀ ਭੋਗੀ। ਫਰੁਖਸ਼ੀਰ ਬੜਾ ਭਾਰੀ ਮੁਤੱਸਬ ਨਿਰਦਈ, ਛਲੀਆ, ਦਗੇਦਾਰ, ਸੁਖਣ ਦਾ ਝੂਠਾ ਤੇ ਡਰਪੋਕ ਭੀ ਸੀ ਭਾਵੇਂ ਕਈ ਬਰਸ ਬੰਦੇ ਨਾਲ ਲੜਦਾ ਭਿੜਦਾ ਰਿਹਾ, ਪਰ ਸਿੰਘਾਂ ਨੇ ਭੀ ਉਸਨੂੰ ਸੌਣ ਨਹੀਂ ਦਿੱਤਾ।

Digitized by Panjab Digital Library | www.panjabdigilib.org

ਛਡ ਕੇ ਸਤ ਅਠ ਹਜਾਰ ਸਿਖ ਨੂੰ ਲੈਕੇ ਮੁੜ ਗੁਰਦਾਸ ਪੁਰ ਦੁਨੀ ਚੰਦ ਦੀ ਹਵੇਲੀ ਜੋ ਕਿਲੇ ਵਰਗੀ ਬਹੁਤ ਪੁਖਤਾ ਸੀ, ਜੋਰੋ ਜੋਰੀ ਮਲ ਕੇ ਲੜਨੇ ਦੀ ਤਿਆਰੀ ਕਰ ਲੀਤੀ। ਓਧਰੋਂ ਸ਼ਾਹੀ ਫੌਜ ਪੰਦ੍ਰਾਂ ਕੁ ਹਜ਼ਾਰ ਸਵਾਰ ਪਿਆਦਾ ਲੈਕੇ ਜਲਾਲ ਦੀਨ ਤੂਰਾਨੀ ਜੰਗਦਲੇਰ ਤੇ ਮੁਹੰਮਦ ਅਕਬਰ ਖਾਂ ਵਗੈਰਾ ਫੌਜਦਾਰ ਬੇਸ਼ੁਮਾਰ ਢੋਲ ਨਗਾਰੇ ਬਜਾਉਂਦੇ ਹੋਏ ਆ ਪੁਜੇ, ਲੜਾਈ ਸ਼ੁਰੂ ਹੋਗਈ, ਪਰ ਬੰਦੇ ਦੇ ਜਾਦੂ ਦਾ ਡਰ ਤੁਰਕਾਂ ਦੇ ਮਨ ਪਰ ਐਸਾ ਅਸਰ ਕਰ ਚੁਕਾ ਸੀ ਜੈਸਾ ਹਊਏ ਦਾ ਡਰ ਤਿੰਨ ਚਾਰ ਬਰਸ ਦੇ ਬਾਲਕ ਨੂੰ ਹੁੰਦਾ ਹੈ। ਬੰਦੇ ਪਾਸ ਕਾਹਲ ਦੇ ਸਬਬ ਦਾਣਾ ਘਾਸ ਬਹੁਤ ਥੋੜਾ ਜਮਾਂ ਹੋਣਾ ਪਾਇਆ ਸੀ, ਸ਼ੈਹਰ ਦੀ ਚੀਜ ਉਠਾਣ ਤੋਂ ਬੰਦੇ ਨੇ ਸਿਖਾਂ ਨੂੰ ਪਹਿਲੇ ਹੀ ਕਸਮ ਦੇ ਰਖੀ ਸੀ, ਕਯੋਂਕਿ ਓਹ ਜਾਣਦਾ ਸੀ ਕਿ ਜੇ ਸ਼ੈਹਰ ਦੀ ਕਾਈ ਚੀਜ ਸਿਖ ਚੁਕਣਗੇ ਤਾਂ ਸ਼ਹਿਰੀ ਲੋਕ ਵੈਰੀ ਬਣ ਕੇ ਗੜੀ ਵਿੱਚ ਨਾ ਰਹਿਣ ਦੇਣਗੇ ਦੋਹਾਂ ਪਾਸਿਆਂ ਦੀ ਮਾਰ ਤੋਂ ਬਚਣਾ ਮੁਹਾਲ ਹੋ ਜਾਊ॥

## ਕਹੀ ਕਰਨ ਗਿਆਂ ਜੰਗ ਹੋਣਾਂ

ਦਸਕੁ ਦਿਨ ਤਾਂ ਸਿਖ ਅੰਦ੍ਰੋਂ ਲੜਦੇ ਰਹੇ ਤਦੋਂ ਨੂ ਦਾਣਾ ਘਾਸ ਮੁਕ ਜਾਣੇ ਕਰ ਇਕ ਦਿਨ ਚਾਰਕੁ ਹਜ਼ਾਰ ਸਿਖ ਬੰਦਈ ਕਹੀ ਕਰਨ ਵਾਸਤੇ ਬਾਹਰ ਚਲਾ ਗਿਆ, ਦਾਣੇ ਘਾਸ ਦੇ ਘੋੜੇ ਖੱਚਰਾਂ ਲੱਦ ਕੇ ਮੁੜੇ ਤਾਂ ਤੁਰਕੀ ਫੌਜਦਾਰਾਂ ਨੇ ਪੰਜਕੁ ਹਜ਼ਾਰ ਸਵਾਰ ਪਿਆਦਾ ਲੈਜਾਕੇ ਸਿਖ ਘੇਰ ਲਏ, ਬਹੁਤ ਕਟਾ ਵਢ ਹੋਈ, ਅਚਾਚੇਤ ਬੰਦਈ ਸਿੰਘ ਪੰਜਕੁ ਸੌ ਮਝੈਲ ਆ ਪੁਜਾ, ਓਹ ਬਿਸਮੇ ਹੋਏ ਐਸੇ ਜੋਰੋ ਜੋਰ ਲੜੇ ਤੁਰਕਾਂ ਦੇ ਪੈਰ ਹਿਲਾ ਦਿਤੇ, ਆਪ ਸਾਥੀਆਂ ਸਮੇਤ ਦਾਣਾਂ ਘਾਸ ਰਸਤਾਂ ਲੈਕੇ ਗੜੀ

Digitized by Panjab Digital Library | www.panjabdigilib.org

ਵਿਚ ਆ ਵੜੇ, ਏਹ ਸਹਿਲ ਸ਼ਾਹੀ ਫੌਜ ਤੇ ਤੋਂ ਸਿੰਘਾਂ ਦੇ ਵਿਚ ਬਹੁਤ ਵਧ ਗਏ ॥

ਓਸ ਵੇਲੇ ਪਹਾੜੀ ਰਾਜੇ ਬੀ, ਧ੍ਰੂਵ ਦੇਵ ਕਟੋਚੀਆ, ਰਾਜਾ ਭੀਮ ਦੇਵ ਜੰਮੂਵਾਲਾ ਵਗੈਰੇ ਆ ਪੁਜੇ, ਚੁਫੇਰੇ ਘੇਰੇ ਘਤ ਬੈਠੇ, ਪਰ ਬੰਦੇ ਦੇ ਜਾਦੂ ਤੋਂ ਡਰਦਾ ਕੋਈ ਨੇੜੇ ਨਾ ਆਵੇ। ਬੰਦੇ ਦੇ ਲਸ਼ਕਰ ਨੂੰ ਬਾਹਰ ਜਾਣੋਂ ਭਾਵੇਂ ਬੰਦ ਬਥੇਰਾ ਕੀਤਾ, ਪਰ ਤਾਂ ਬੀ ਬੰਦਈ ਹਟੇ ਨਾ ਤਾਂ ਐਸਾ ਸਖਤ ਬੰਦੋਬਸਤ ਸ਼ਾਹੀ ਅਫਸਰਾਂ ਨੇ ਕੀਤਾ ਇਕ ਬੀ ਸਿਪਾਹੀ ਬਾਹਰ ਨਾ ਹੋਣਾ ਪਾਵੇ। ਚਾਰਕ ਮਹੀਨੇ ਲੜਾਈ ਹੁੰਦੀ ਰਹੀ, ਬਹੁਤੇ ਤਾਂ ਭੁਖੇ ਮਰ ਗਏ, ਕੁਛ ਬਾਹਰ ਨਿਕਲ ਕੇ ਲੜ ੨ ਕੇ ਮਰ ਗਏ, ਘੋੜੇ ਖਚਰ ਭੀ ਕੱਟ ਕੇ ਖਾ ਲੀਤੇ, ਜੇ ਕਦੇ ਬੰਦਾ ਕਿਲੇ ਵਿਚ ਨਾ ਘਿਰਦਾ ਮੈਦਾਨ ਵਿਚ ਲੜਦਾ ਤਾਂ ਸਿੰਘ ਕਦੇ ਨਾ ਹਾਰਦੇ, ਭਾਵੀ ਨੇ ਐਸੀ ਪੁਠੀ ਭਵਾਲੀ ਦਿਤੀ ਫੇਰ ਬੀ ਕਿਲੇ ਤੋਂ ਬਾਹਰ ਨਾ ਹੋਇਆ ਜੇ ਕਦੇ ਸਾਰੇ ਸਿਖਾਂ ਸਮੇਤ ਹੱਲਾ ਕਰਕੇ ਵੈਰੀਆਂ ਉੱਤੇ ਬਾਹਰ ਟੁਟ ਪੈਂਦਾ ਤਾਂ ਜ਼ਰੂਰ ਸ਼ਾਹੀ ਫੌਜ ਭੱਜਣ ਨੂੰ ਤਿਆਰ ਬੈਠੀ ਸੀ, ਪਰ ਹੋਣੀ ਨੂੰ ਕੌਣ ਮੋੜੇ ਕੁਝ ਨਾ ਸੁਝਿਆ ਬਾਰ ਮਹੀਨੇ ਲੜਾਈ ਹੁੰਦੀ ਰਹੀ, ਓੜਕ ਕਮਰਦੀਨ ਖਾਂ ਨੇ ਜੋ ਦਿਲੀ ਤੋਂ ਫੌਜ ਲੈਕੇ ਆਇਆ ਸੀ, ਇਸ਼ਤਿਹਾਰ ਦੇਕੇ ਰਹਿਮਾਨੀ ਨਾਮ ਝੰਡਾ ਖੜਾ ਕਰਕੇ ਹੁਕਮ ਦਿਤਾ ਕਿ ਜੋ ਸਿਪਾਹੀ ਨੇ ਜਾਨ ਅਮਾਨ ਲੈਕੇ ਘਰ ਜਾਣਾ ਹੋਵੇ ਸ਼ਸਤ੍ਰ ਸਿਟ ਕੇ ਇਸ ਝੰਡੇ ਹੇਠ ਆ ਜਾਵੇ ਖਰਚ ਦੇਕੇ ਘਰ ਪੁਚਾਇਆ ਜਾਵੇਗਾ। ਏਹ ਹੁਕਮ ਸੁਣ ਕੇ ਬਹੁਤੇ ਹਿੰਦੂ ਅਧਮੋਏ ਜੇਹੇ ਮਜਨੂੰ ਦੀ ਸ਼ਕਲ ਭੁਖ ਦੇ ਮਾਰੇ ਡਿਗਦੇ ਢੈਂਹਦੇ ਓਸ ਝੰਡੇ ਹੇਠ ਜਾ ਪਏ, ਜਦ ਤਿੰਨਕੁ ਸੌ ਆਦਮੀ ਕੱਠਾ ਹੋਗਿਆ ਪਹਿਲੇ ਤਾਂ

Digitized by Panjab Digital Library | www.panjabdigilib.org

ਓਨਾਂ ਨੂੰ ਹਿੰਦੂਆਂ ਤੋਂ ਚਾਵਲ ਖਿਚੜੀ ਬਨਵਾਕੇ ਛਕਾਉਂਦੇ ਰਹੇ, ਬਾਕੀ ਜਦ ਸਚੇ ਸਿਦਕੀਆਂ ਨੇ ਮਰਣਾਂ ਕਬੂਲ ਕਰ ਬਾਹਰ ਆਉਂਣਾ ਛੱਡ ਦਿੱਤਾ ਤਾਂ ਮੁਸਲਮਾਨਾਂ ਨੇ ਆਪਨੀ ਜ਼ੁਬਾਨ ਨੂੰ ਆਪੇ ਕੱਟਕੇ ਐਡੀ ਬੇਈਮਾਨੀ ਬਦਨੀਤੀ ਕੀਤੀ ਜਿਤਨੇ ਆਦਮੀ ਬਾਹਰ ਆਏ ਸਨ ਸਬਨੂੰ ਪੇਹਲੇ ਦੀਨ ਮੰਨਾਉਣਾ ਚਾਹਿਆ ਜਦ ਇਕ ਨੇ ਭੀ ਨਾਂ ਮੰਨਿਆਂ ਤਾਂ ਸਬ ਕਤਲ ਕਰਵਾ ਸੁੱਟੇ। ਏਸ ਮਹਾਂ ਹਤਯਾ ਨੂੰ ਵੇਖ ਸੁਣਕੇ ਸਾਰੇ ਦੇਸ ਦੇ ਲੋਗ ਫੌਜਦਾਰਾਂ ਨੂੰ ਲਾਣਤ ਦੀ ਪਦਵੀ ਦੇਂਦੇ ਹੋਏ ਰਹਿਮਾਨੀ ਝੰਡੇ ਨੂੰ ਕਹਿਰਾਨੀ ਕਹਿ ਰਹੇ ਸੇ, ਭਾਵੇਂ ਏਸ ਭਾਂਤ ਤੁਰਕਾਂ ਨੇ ਆਪਨੇ ਇਮਾਨ ਪੈਮਾਨ ਨੂੰ ਬੇਜਾਨ ਕਰਕੇ ਅਪਜਸ ਬਹੁਤ ਲੀਤਾ ਤੇ ਸਿੰਘ ਬੀ ਬੰਦੇ ਪਾਸ ਥੋੜ੍ਹੇ ਹੀ ਰਹਿ ਗਏ ਸਨ, ਪਰ ਗੜ੍ਹੀ ਉਤੇ ਹੱਲਾ ਕਰਕੇ ਅੰਦਰ ਵੜਨੋਂ ਐਉਂ ਡਰਦੇ ਰਹੇ ਜਿਕੂੰ ਬਿੱਲੀ ਤੋਂ ਮੂਸਾ, ਗੜ੍ਹੀ ਹਿਮਾਲ ਦਿਸਦੀ ਸੀ, ਅੱਗੇ ਕੌਣ ਵਧੇ ? ਕੇਵਲ ਘੇਰਾ ਹੀ ਘੱਤ ਕੇ ਬੈਠੇ ਫੋਕੇ ਤੜਾਕੇ ਛੱਡਦੇ ਰਹੇ।

## ਬਾਬੇ ਬੰਦੇ ਨੇ ਫੜੇ ਜਾਣਾ

ਅੰਦਰ ਬੰਦੇ ਨੂੰ ਬੜੀ ਉਮੈਦ ਸੀ ਕਿ ਤਤ੍ਵ ਖਾਲਸੇ ਵਲੋਂ ਸ਼ਾਇਦ ਕੁਝ ਮਦਦ ਮਿਲ ਜਾਏ, ਐਸ ਵੇਲੇ ਔਕੜ ਦੀ ਬਨੀ ਨੂੰ ਓਹ ਜਰੂਰ ਮੇਰੀ ਸਹਾਇਤਾ ਕਰਨਗੇ, ਪਰ ਮੁਸਲਮਾਨ ਹਾਕਮਾਂ ਵਲੋਂ ਹਾਲਤ ਕੁਝ ਅਜਹੀ ਪੇਚੀਦਾ ਬਣਾ ਦਿਤੀ ਗਈ ਸੀ ਕਿ ਖਾਲਸਾ ਨਾ ਅਪੜ ਸਕਿਆ। ਬਾਬੇ ਬੰਦੇ ਨੂੰ ਵੀ ਓਸਦੀ ਬਹਾਦਰੀ ਨੇ ਬੈਠਣ ਨਾ ਦਿੱਤਾ, ਚਾਰਕੁ ਹਜਾਰ ਸਿੱਖ ਜੋ ਕਿਲੇ ਅੰਦਰ ਭੁਖੇ ਪਿਆਸੇ ਸੀ, ਸਬਨੂੰ ਨਾਲ ਲੈਕੇ ਬਾਹਰ

Digitized by Panjab Digital Library | www.panjabdigilib.org

ਆਗਿਆ, ਸਿੰਘ ਭੀ ਮਰਣਾ ਮੰਡਕੇ ਕਮਰ ਤੇ ਪੇਟ ਕਸ ਕਸ ਕੇ ਤੇਗਾਂ ਸੂਤ ੨ ਮੁਸਲਮਾਨਾਂ ਦੇ ਲਸ਼ਕਰ ਵਿੱਚ ਜੋ ਕਾਲੀ ਘਟਾਂ ਦੀ ਤਰਾਂ ਉਮਡ ਰਿਹਾ ਸੀ, ਬਿਜਲੀ ਵਾਂਗੂੰ ਧਸ ਗਏ, ਆਪ ਤੋਂ ਆਪ ਚੌਗੁਣਿਆਂ ਨੂੰ ਮਾਰ ਕੇ ਭੁਖ ਦੇ ਮਾਰੇ ਕਮਜ਼ੋਰ, ਬੇਹੋਸ਼ ਹੋ ਹੋ ਕਰ ਗਿਰ ਗਿਰ ਸ਼ਹੀਦ ਹੋ ਗਏ, ਕੁਛ ਫੜ ਲੀਤੇ। ਲਿਖਿਆ ਹੈ ਕਿ ਜਦ ਬੰਦਾ ਬਹਾਦਰ ਤੁਰਕੀ ਫੌਜਦੇ ਘੇਰੇ ਵਿੱਚ ਆਗਿਆ ਤਾਂ ਫੜਨ ਵਾਸਤੇ ਉਸਦੇ ਸਾਹਮਣੇ ਕੋਈ ਨਾ ਜਾਵੇ। ਓੜਕ ਕਦਮ ੨ ਚੁਫੇਰੇ ਤੋਂ ਵੱਧ ਕੇ ਜਦ ਨੇੜੇ ਢੁਕੇ ਤਾਂ ਇਕਤਰਫ ਨੂੰ ਬੰਦਾ ਝੁਕਿਆ, ਜਿਸ ਨਾਲ ਅਨੇਕ ਦਹਿਸ਼ਤ ਖਾਕੇ ਗਿਰ ਗਏ। ਪੰਜਾਹ ਆਦਮੀ ਕਤਲ ਹੋਏ ਤਾਂ ਬੰਦਾ ਫੜਿਆ ਗਿਆ, ਸ਼ਾਹੀ ਫੌਜ ਨੇ ਗੜ੍ਹੀ ਅੰਦਰ ਵੜ ਕੇ ਬੰਦੇ ਦਾ ਖਜ਼ਾਨਾ ਸਭ ਲੁਟ ਲਿਆ, ਬਲਕੇ ਲੋਭ ਦੇ ਵੱਸ ਹੋਕੇ ਸਾਰੀ ਗੜ੍ਹੀ ਪੁਟਕੇ ਪੋਲੀ ਕਰ ਛੱਡੀ ॥

ਹੁਣ ਏਥੇ ਤਵਾਰੀਖਾਂ ਵਾਲੇ ਕੋਈ ਮੁਸਲਮਾਨ ਜੰਬੂਰਾਂ ਨਾਲ ਬੰਦੇ ਦਾ ਮਾਸ ਤੋੜ ਤੋੜ ਮਾਰਿਆ ਲਿਖਦਾ ਹੈ, ਕੋਈ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਘਸੀਟ ੨ ਮਾਰਿਆ ਦੱਸਦਾ ਹੈ, ਕੋਈ ਟੁਕੜੇ ੨ ਕਰ ਕੁੱਤੇ ਚੀਲ੍ਹਾਂ ਨੂੰ ਖੁਲਾਇਆ ਕੈਂਹਦਾ ਹੈ, ਕੋਈ ਦੱਸਦਾ ਹੈ ਪਹਿਲੇ ਅੰਧਾ ਕਰਕੇ ਫੇਰ ਜਮਨਾ ਕਨਾਰੇ ਕਤਲ ਕਰਾ ਸੁਟਿਆ। ਏਸੇ ਤਰਾਂ ਅੰਗ੍ਰੇਜ਼ੀ ਹਿਸਟਰੀਆਂ ਦੀ ਭੀ ਇਕ ਰਾਇ ਨਹੀਂ। ਬੰਦਈ ਸਿੰਘ ਕੁਛ ਹੋਰ ਹੀ ਬਤਾਉਂਦੇ ਹਨ। ਹੁਣ ਅਸੀ ਸਾਰੀਆਂ ਤਵਾਰੀਖਾਂ ਤੇ ਲੋਕਾਂ ਦੀਆਂ ਜੁਬਾਨਾਂ ਦਾ ਸਹੀ ਸਹੀ ਸਾਰ ਦਸਦੇ ਹਾਂ ॥

## ਬੰਦੇ ਦੀ ਕੈਦ ਦਾ ਹਾਲ

ਜਦ ਮਾਘ ਫਗਣ ਦੇ ਦਿਨਾਂ ਵਿਚ ਸੰ: ੧੭੭੮ ਬਿ: ਨੂੰ

Digitized by Panjab Digital Library | www.panjabdigilib.org

ਪੰਜਕੁ ਸੌ ਸਿੰਘ ਤੇ ਬਾਬਾਬੰਦਾ ਇਕ ਬੇਟੇ ਤੇ ਇਸਤ੍ਰੀ ਸਮੇਤ ਮੁਸਲਮਾਨਾਂ ਦੇ ਕਾਬੂ ਵਿਚ ਆਗਿਆ, ਤਾਂ ਸਬ ਨੂੰ ਖਿਰੜੀ ਖੜਾ ਖੜਾ ਗੱਡੀਆਂ ਉਤੇ ਲਦ ਲੀਤਾ। ਲਾਹੌਰ ਪੁਜੇ ਤਾਂ ਨਾਹਰ ਸਿੰਘ ਨੇ ਵਜ਼ੀਰ ਖਾਂਨ ਫੌਜਦਾਰ ਨੂੰ ਨਿਮਾਜ ਵਿਚ ਮਾਰਿਆਸੀ, ਉਸਦੀ ਮਾਈ ਨੇ ਇਕ ਦੁਕਾਨ ਦੀ ਛਤ ਉਤੋਂ ਐਸਾ ਇਕ ਪਥਰ ਨਾਹਰ ਸਿੰਘ ਦੇ ਮਾਰਿਆ ਓਸਦੀ ਜਾਨ ਲੈਗਿਆ। ਉਸਨੂੰ ਵੇਖਕੇ ਜਦ ਹੋਰ ਲੋਗ ਭੀ ਰੌਲਾ ਪਾਉਣ ਲਗੇ ਤਾਂ ਜ਼ਿਕਰੀਏ ਖਾਂ ਸੂਬੇਦਾਰ ਲਾਹੌਰ ਨੇ ਬਹੁਤ ਛੇਤੀ ਸਿੰਘਾਂ ਦੇ ਹਥਕੜੀਆਂ ਲਾਕੇ ਬੇੜੀਆਂ ਪਾਕੇ ਸਿਰਾਂ ਉਤੇ ਕਾਗਜਾਂ ਦੀਆਂ ਟੋਪੀਆਂ ਚੜ੍ਹਾਕੇ ਤੇ ਗੱਡਜਾਂ ਵਿਚ ਪਾਕੇ ਦਿਲੀ ਵੱਨੀ ਤੋਰ ਦਿਤਾ; ਨਾਲ ਜਿਕਰੀਏ ਖਾਂ, ਮਹੰਮਦ ਜਾਫਰਾ ਆਦਿਕ ਫੌਜਦਾਰ ਮੁਸਲਮਾਨ ਅਫਸਰ ਹੋ ਲੀਤੇ। ਸਿੰਘ ਗੱਡਿਆਂ ਉਤੇ ਬੈਠੇ ਸਬਦ ਪੜਦੇ ਤੇ ਸ਼ਹੀਦ ਹੋਣ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਜਾ ਰਹੇ ਸਨ, ਪ੍ਰੰਤੂ ਰਾਹਾਂ ਦੇ ਪਿੰਡਈ ਲੋਕ ਓਨਾਂ ਨੂੰ ਵੇਖ ਵੇਖ ਅਚਰਜ ਹੁੰਦੇ ਸਨ।ਜਦ ਸਰਹੰਦ ਵਿਚੋਂ ਲੰਘੇ ਤਾਂ ਮੁਸਲਮਾਨ ਵਸੋਂ ਦੇ ਆਦਮੀ ਗਾਲੀਆਂ ਦੇਣ ਤੇ ਇਟਾਂ ਮਾਰਨ ਲਗੇ ਤਾਂ ਸਿੰਘ ਉਛਲ ਉਛਲ ਕੇ ਉਨਾਂ ਨੂੰ ਆਖਦੇ ਸਨ ਕਿ ਹੁਣ ਅਸੀ ਕਦਫਲਦੇ ਹਾਂ, ਸਾਡੇ ਭਾਈ ਤੁਹਾਡੀਆਂ ਕਸਰਾਂ ਕਢਕੇ ਜੜਾਂ ਪੁਟਕੇ ਸਤਲੁਜ ਵਿਚ ਸਿਟਣਗੇ॥

ਸਾਰਿਆਂ ਨੂੰ ਸਿੱਧੀਆਂ ਸੁਣਾ ਕੇ ਮਾਰਨ ਨੂੰ ਉਛਲਦੇ ਸਨ। ਜਿਕਰੀਏ ਖਾਂ ਸੂਬੇਦਾਰ ਲਾਹੌਰ ਆਦਿ ਮੁਸਲਮਾਨ ਹਾਕਮਾਂ ਨੇ ਓਸ ਵੇਲੇ ਐਡੇ ਜੁਲਮ ਬਾਦਸ਼ਾਹ ਨੂੰ ਖੁਸ਼ ਕਰਨ ਲਈ ਕੀਤੇ ਕਿ ਜਿਸ ਪਿੰਡ ਵਿਚ ਕੋਈ ਸਿੰਘ ਸੁਣਿਆਂ ਓਹੋ ਫੜ ਲੀਤਾ, ਪ੍ਰੰਤੂ ਬਹੁਤ ਸਾਰੇ ਹਿੰਦੂ ਵੀ ਕੇਸ ਦਾੜੀ ਵਾਲੇ ਫੜਕੇ

Digitized by Panjab Digital Library | www.panjabdigilib.org

ਕੈਦੀਆਂ ਦੀ ਗਿਣਤੀ ਆਪਣੀ ਬਹਾਦਰੀ ਰਲਾਕੇ ਵਿਖਾਉਣ ਲਈ ਵਧਾ ਲਈ ਪੈਹਲੇ ਪੰਜ ਛੀ ਸੌ ਸਿੰਘ ਸੀ ਉਨਾਂ ਜ਼ਾਲਮਾਂ ਨੇ ਹਜਾਰ ਬਾਰਾਂ ਸੌ ਕਠਾਕਰ ਲੀਤਾ,ਦਿਲੀ ਗਏ ਤਾਂ ਬਾਦਸ਼ਾਹ ਫਰੁਖਸ਼ੀਅਰ ਨੇ ਸੁਣ ਕੇ ਏਤਮਾਦੁਲ ਦੌਲਾ ਵਜ਼ੀਰ ਨੂੰ ਤੇ ਮਹੰਮਦ ਅਮੀਨ ਖਾਂ ਨੂੰ ਅੱਗੇ ਭੇਜ ਕੇ ਹੁਕਮ ਦਿਤਾ ਕਿ ਇਨਾਂ ਕਾਫਰਾਂ ਨੂੰ ਅਜੇਹੇ ਢੰਗ ਨਾਲ ਲਿਆਓ ਜੋ ਸਭ ਤੇ ਡਰ ਬੈਠ ਜਾਵੇ। ਉਨਾਂ ਨੇ ਤਿੰਨਕੁ ਹਜਾਰ ਸਿੰਘਾਂ ਦਾ ਤੇ ਹੋਰ ਨਵੇਂ ਪੁਰਾਣੇ ਹਿੰਦੂਆਂ ਦੇ ਸਿਰ ਜੋ ਆਪਣੇ ੨ ਇਲਾਕੇ ਵਿਚੋਂ ਫੌਜਦਾਰ ਬਾਦਸ਼ਾਹ ਨੂੰ ਵਿਖਾਉਣ ਲਈ ਲਿਆਏ ਸਨ, ਬਰਛੀਆਂ ਸੇਲਿਆਂ ਉਤੇ ਟੰਗ ਕੇ ਅੱਗੇ ੨ ਸਿੰਘਾਂ ਦੇ ਕਤਾਰ ਬੰਨਕੇ ਤੋਰੇ, ਪਿਛੇ ੨ ਸਾਰੇ ਸਿੰਘਾਂਦੇ ਮੂੰਹ ਕਾਲੇ ਕਰਾਕੇ ਟੋਪੀਆਂ ਚੜਾਕੇ ਗਡੇ ਤੁਰਾਏ ਓਦੂੰ ਪਿੱਛੇ ਬਾਜ ਸਿੰਘ ਰਾਮਸਿੰਘ ਬਿਨੋਦ ਸਿੰਘ ਆਦਿਕ ਸਿਖ ਸਰਦਾਰ ਉਲਾਣੇ ਊਠਾਂ ਉਤੇ ਬੈਠਾਏ ਸਾਰਿਆਂ ਦੇ ਪਿਛੇ ਬੰਦੇ ਦਾ ਅਤੇ ਉਸਦੀ ਤੀਮੀਂ ਤੇ ਪੁਤਰ ਦੇ ਪਿੰਜਰੇ ਟੋਰੇ ਇਕ ਦਿਲੀ ਤੋਂ ਦਸਦਿਲੀਆਂ ਤਮਾਸ਼ਾ ਦੇਖਣ ਵਾਲਿਆਂ ਦੀਆਂ ਹੋਗਈਆਂ,ਬਜਾਰਾਂਕੋਠਿਆਂ ਤੇ ਖਲਕਤਸਮਾਉਂਦੀਨਹੀਂ ਸੀ ਅਤੇ ਸਿੰਘਾਂ ਦੇ ਸਰੂਪ ਵੇਖ ੨ ਲੋਕੀ ਕੁਰਬਾਨ ਹੋ ਰਹੇ ਸਨ,ਬਾਦਸ਼ਾਹ ਅਤੇ ਵਜੀਰ ਨੂੰ ਧ੍ਰਿਕਾਰ ਰਹੇ ਸਨ, ਲਾਹੌਰੀ ਦਰਵਾਜੇ ਤੋਂ ਵੜਕੇ ਸ਼ੈਹਰ ਵਿਚ ਫੇਰਦੇ ਹੋਏ ਕਤਾਰ ਦੀ ਕਤਾਰ ਚਾਨਨੀ ਚੌਕ ਕੁਤਵਾਲੀ ਅਗੇ ਉਤਾਰ ਕੇ ਹਵੇਲੀ ਵਿੱਚ ਕੈਦ ਕਰ ਦਿੱਤੇ,ਹੋਰ ਬੰਦੇ ਦਾ ਪਿੰਜਰਾ ਤੇ ਸਰਦਾਰ ਕਿਲੇ ਵਿਚ ਕੈਦ ਰਖੇ।

ਬਾਦਸ਼ਾਹਨੇਜੋ ਸੁਣਿਆਂ ਹੋਇਆ ਸੀ ਕਿ ਸਿੰਘਕੌਮ ਸਚਮੁਚ ਸ਼ੇਰ ਹੈ,ਇਕ ੨ ਸਿੰਘ ਦਸ ੨ ਵੀਹ ੨ ਨੂੰ ਜਿਤ ਲੈਂਦਾ ਹੈ,

Digitized by Panjab Digital Library | www.panjabdigilib.org

ਇਕ ਦਿਨ ਕਤਾਰ ਬੰਨ੍ਹਾ ਕੇ ਖੜੇ ਕਰ ਅਨੇਕ ਅਮੀਰਾਂ ਸਣੇ ਵੇਖਿਆ ਤਾਂ ਸਿੰਘਾਂ ਨੇ ਉਸ ਹਾਲਤ ਵਿੱਚ ਵੀ ਗੱਜਕੇ ਫਤੇ ਬੁਲਾਈ ਸਤਿ ਸ੍ਰੀ ਅਕਾਲ ਗਜਾਇਆ, ਜਿਸ ਤੋਂ ਰੰਜ ਮੰਨ ਕੇ ਬਾਦਸ਼ਾਹ ਨੇ ਹੁਕਮ ਦਿੱਤਾ ਜੋ ਦੀਨ ਮੰਨੇ ਕਲਮਾ ਪੜੇ ਉਸਨੂੰ ਛੱਡ ਦੇਓ ਹੋਰ ਸਭ ਨੂੰ ਕਤਲ ਕਰ ਦੇਓ। ਏਸ ਹੁਕਮ ਦੇ ਅਨੁਸਾਰ ਹਰ ਰੋਜ ਬਜਾਰਾਂ ਦੇ ਚੌਕਾਂ ਵਿੱਚ ਤੇ ਕੁਤਵਾਲੀ ਅਤੇ ਕਿਲੇ ਅੱਗੇ ਪੰਜੀ ੨ ਤੀਹ ੨ ਕਤਲ ਹੋਣ ਲੱਗੇ ਸ਼ੈਹਰ ਦੇ ਚੌਂਕ ਵਿਚ ਬਿਠਾਕੇ ਪੈਹਲੇ ਦੀਨ ਮਨਾਉਣ ਲਈ ਸ਼ਾਹੀ ਚਾਰ ਅਮੀਰ ਆਕੇ ਬਹੁਤ ਸਮਝਾ ਬੁਝਾ ਦਮ ਦਿਲਾਸੇ ਦੇਂਦੇ ਲਾਲਚ ਵਿਖਾ੨ ਮੁਸਲਮਾਨ ਕਰਨ ਲਈ ਬਹੁਤ ਜੋਰ ਲਉਂਦੇ, ਪਰ ਜਦ ਉੱਕਾ ਹੀ ਮੁਸਲਮਾਨ ਹੋਣਾ ਕੋਈ ਵੀ ਨਾ ਮੰਨਦਾ ਤਾਂ ਕਤਲ ਕੀਤੇ ਜਾਂਦੇ॥

ਖਾਫੀ ਖਾਂ ਅਤੇ ਇਬਰਤ ਨਾਮੇ ਵਿਚ ਲਿਖਿਆ ਹੈ ਕਿ ਉਨਾਂ ਸਿੰਘਾਂ ਦੇ ਸਿਦਕ ਭਰੋਸੇ ਹਠ ਵੇਖ ੨ ਖਲਕਤ ਕੁਰਬਾਨ ਹੁੰਦੀ ਤੇ ਕਹ ਰਹੀ ਸੀ ਵੇਖੋ ਜੀ ਏਨਾਂ ਸੂਰਬੀਰ ਸਿਖਾਂ ਨੂੰ ਅਮੀਰ ਵਜੀਰ ਜਗੀਰਾਂ ਅਤੇ ਨਾਤੇ ਦੇਣ ਲਈ ਸੌਂਹਾਂ ਖਾਂਦੇ ਹਨ, ਪਰ ਏਹ ਅਜੇਹੇ ਹਠੀਏ ਹਨ ਜਾਨਾਂ ਦਿੰਦੇ ਹਨ ਕਸ਼ਟ ਪਾਉਂਦੇ ਹਨ, ਪਰ ਮੁਸਲਮਾਨ ਹੋਕੇ ਅਰਾਮ ਦੇ ਦਿਨ ਨਹੀਂ ਕਟਦੇ ਸਗੋਂ ਕਤਲ ਦੀ ਤਲਵਾਰ ਮਸ਼ਾਲ ਵਾਂਙੂ ਚਮਕਦੀ ਅੱਗੇ ਪਤੰਗੇ ਬਣ ਰਹੇ ਹਨ, ਵੱਡੀ ਖੁਸ਼ੀ ਨਾਲ ਇਕ ਤੋਂ ਅੱਗੇ ਇਕ ੨ ਵਧ ਵਧ ਕੇ ਗੁਰਬਾਣੀ ਪੜ੍ਹਦੇ ਹੋਏ ਸ਼ਹੀਦੀ ਲੈਂਦੇ ਹਨ, ਬੇਸ਼ੁਮਾਰ ਖਲਕਤ ਖੜੀ ਤ੍ਰਾਹਿ ਤ੍ਰਾਹਿ ਕਰਦੀ ਨੇਤ੍ਰਾਂ ਤੋਂ ਜਲ ਵਹਾ ਰਹੀ ਹੈ, ਕੋਈ ਏਨਾਂ ਨੂੰ ਸੁਦਾਈ ਕਹਿੰਦਾ ਹੈ, ਕੋਈ ਹਕੀਕੀ ਇਸ਼ਕ ਦੇ ਸਮੁੰ-

Digitized by Panjab Digital Library | www.panjabdigilib.org

ਦਰ ਵਿੱਚ ਮੌਜਾਂ ਲੈਂਦੇ ਦਸਦਾ ਹੈ, ਕੋਈ ਮੂਰਖ ਬਤਾਉਂਦੇ ਹੈਨ ਕਹਿੰਦੇ ਸੇ ਦੇਖੋ ਜੀ ਜਾਨ ਜਹਾਨ ਮਾਯਾ ਮਾਨ ਏਨਾਂ ਨੂੰ ਮਿਲਦਾ ਹੈ, ਪਰ ਏਹਨਾਂ ਨੇ ਭੁਲਦੀ ਭੰਗ ਪੀਕੇ ਮਰਨਾ ਹੀ ਚੰਗਾ ਮੰਨ ਰਖਿਆ ਹੈ, ਓਸ ਵੇਲੇ ਦੀ ਇਕ ਹੋਰ ਸੁਵਾਦਲੀ ਕਹਾਣੀ ਖਾਫੀ ਖਾਂ ਲਿਖਦਾ ਹੈ, ਕਿ ਓਹਨਾਂ ਸਿੱਖਾਂ ਵਿੱਚ ਇਕ ਮੁਛਫੁਟ ਸੁੰਦਰ ਜੁਵਾਨ ਲੜਕਾ ਰੰਡੀ ਦਾ ਪੁਤ੍ਰ ਫੜਿਆ ਹੋਇਆ ਆਯਾ, ਤਾਂ ਓਸਦੀ ਮਾਂ ਵਹੁਟੀ ਨੂੰ ਲੈਕੇ ਦਿੱਲੀ ਆ ਪੁਜੀ, ਅਨੇਕ ਅਰਜੀਆਂ ਦਿੱਤੀਆਂ ਪਰ ਕੌਣ ਸੁਣੇ (ਮਾਇਆ ਧਾਰੀ ਅਤ ਅੰਨਾ ਬੋਲਾ। ਸਬਦ ਨ ਸੁਣਈ ਬਹੁ ਰੋਲ ਘਚੋਲਾ) ਇਕ ਦਿਨ ਓਹ ਬੁੱਢੀ ਦੌੜਕੇ ਬਾਦਸ਼ਾਹ ਦੀ ਅਸਵਾਰੀ ਦੇ ਹਾਥੀ ਅੱਗੇ ਢਹਿ ਪਈ। ਬਾਦਸ਼ਾਹ ਦੇ ਪੁਛਣੇ ਪਰ ਓਸਨੇ ਆਖਿਆ, ਮੇਰਾ ਰੰਡੀ ਦਾ ਇਕੋ ਪੁਤ੍ਰ ਹੈ ਸਿਖ ਨਹੀਂ, ਧੋਖੇ ਵਿੱਚ ਫੜਿਆ ਗਿਆ ਹੈ, ਹੁਣੇ ਵਜਾਹ ਕੇ ਲਿਆਂਦਾ ਹੈ ਅਜੇ ਤੀਕ ਗਾਨਾ ਨਹੀਂ ਖੋਲਿਆ ਵਹੁਟੀ ਮੈਂਦੜੀ ਰੰਗੇ ਹੱਥੀਂ ਹੈ, ਬੇਗੁਨਾਹਾ ਅਜ ਕਤਲ ਹੋਜਾਵੇਗਾ ਮੈਂ ਚਾਹੁੰਦੀ ਹਾਂ ਪੁਤਰ ਦੇ ਕਤਲ ਹੋਣ ਤੋਂ ਪਹਿਲੇ ਮੈਂ ਮਰ ਜਾਵਾਂ ਤਾਂ ਓਸਦਾ ਕਤਲ ਹੋਣਾ ਨਾ ਦੇਖਾਂ। ਬਾਦਸ਼ਾਹਨੇ ਓਸ ਦੇ ਛੁੱਡਣ ਦਾ ਹੁਕਮ ਦੇ ਦਿੱਤਾ। ਜਦ ਓਹ ਹੁਕਮ ਖਲਾਸੀ ਦਾ ਲੈਕੇ ਗਈ, ਅੱਗੇ ਲਹੂ ਲਿਬੜੀ ਤਲਵਾਰ ਜਲਾਦ ਖਿਚਕੇ ਓਸ ਮੁੰਡੇ ਦੀ ਗਰਦਨ ਪਰ ਵਾਹੁਣ ਲਗਾ ਸੀ, ਮਾਈ ਦੇ ਪੁਤਰ ਨੇ ਰੌਲਾ ਪਾ ਦਿੱਤਾ ਕਿ ਮੇਰੀ ਮਾਂ ਝੂਠ ਬੋਲਦੀ ਹੈ ਮੈਂ ਸਚ ਮੁਚ ਸਿੰਘ ਗੁਰੂ ਦਾ ਹਾਂ ਮੈਨੂੰ ਛਬਦੇ ਮੇਰੇ ਭਾਈਆਂ ਨਾਲ ਰਲਾਓ, ਏਹ ਮੇਰੀ ਮਾਤਾ ਨਹੀਂ, ਸਗੋਂ ਵੈਰਨ ਹੈ ਜਿਸਨੇ ਮੈਨੂੰ ਬੈਕੁੰਠ ਦੇ ਜਹਾਜ ਪਰ ਚੜ੍ਹਦੇ ਨੂੰ ਹਟਾ ਲਿਆ, ਵਾਸਤੇ ਰੱਬਦੇ

Digitized by Panjab Digital Library | www.panjabdigilib.org

ਜਲਾਦ ਮੈਨੂੰ ਛੇਤੀ ਕਤਲ ਕਰ ਮੇਰੇ ਪਿਆਰੇ ਗੁਰ ਭਾਈ ਸੰਸਾਰ ਸਾਗਰ ਤੋਂ ਪਾਰ ਜਾ ਰਹੇ ਹਨ ਮੈਂ ਮੰਦਭਾਗੀ ਉਰਾਰ ਹੀ ਬੈਠਾ ਹਾਂ, ਮੈਂ ਏਸ ਅਸਾਰ ਬਿਕਾਰ ਭਰੇ ਸੰਸਾਰ ਵਿਚ ਨਹੀਂ ਰਹਿਣਾ ਚਾਹੁੰਦਾ, ਮੈਂ ਆਪਣੇ ਸਤਗੁਰਾਂ ਪਾਸ ਸਚਖੰਡ ਵਿਚ ਜਾਣਾ ਚਾਹੁੰਦਾ ਹਾਂ। ਏਹ ਬਚਨ ਸੁਣਕੇ ਉਸਦੇ ਚੰਦ ਜੇਹੇ ਸੁੰਦਰ ਮੁਖੜੇ ਨੂੰ ਵੇਖਦੀ ਹੋਈ ਖਲਕਤ ਜ਼ਾਰ ਜ਼ਾਰ ਰੋਰਹੀ ਸੀ ਤੇ ਹਰ ਤਰਫੋਂ ਵਾਹ ਵਾਹ ਦੀ ਧੁਨੀ ਧਰਮ ਦੇ ਰਸ ਭਰੀ ਆ ਰਹੀ ਸੀ। ਏਹ ਬ੍ਰਿਤਾਂਤ ਸੁਣਕੇ ਬਾਦਸ਼ਾਹ ਨੇ ਬੀ ਅਖੀਆਂ ਭਰਕੇ ਹੁਕਮ ਦੇ ਦਿਤਾ ਕਿ ਏਹੋ ਜੇਹੇ ਸਿਦਕੀ ਬਹਾਦਰ ਸਿੰਘਾਂ ਨੂੰ ਮਾਰਣਾ ਚੰਗਾ ਨਹੀਂ, ਜਿਤਨੇ ਬਾਕੀ ਹਨ ਸਭ ਨੂੰ ਛਡ ਦਿਓ ਓਸ ਸਚੇ ਸਿਦਕੀ ਭੁਜੰਗੀ ਪਿਛੇ ਬਹੁਤੇ ਛੁਟ ਗਏ, ਸਚ ਹੈ (ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ) ਏਹ ਕਹਾਣੀ ਖਾਫੀਖਾਂ, ਮੁਹੰਮਦਸ਼ਾਹੀ, ਤੇ ਅੰਗ੍ਰੇਜ਼ੀ ਵਕੀਲ ਅਖੀਂ ਦੇਖੀ ਸਹੀ ੨ ਸਮਝ ਕੇ ਲਿਖਦੇ ਹਨ, ਤਵਾਰੀਖ ਮਹੰਮਦ ਸ਼ਾਹੀ ਵਾਲਾ ਜ਼ਰਾਕੁ ਏਸ ਬਾਤ ਨੂੰ ਲਿਖਦਾ ਹੈ ਕਿ ਜਦ ਜ਼ਿਕਰੀਏ ਖਾਂ ਸੂਬਾ ਲਾਹੌਰ ਮਸ਼ਹੂਰ ਖਾਂਨ ਬਹਾਦਰ ਕੈਦੀ ਸਿੰਘਾਂ ਦੀ ਗਿਨਤੀ ਵਧਾਕੇ ਬਾਦਸ਼ਾਹ ਨੂੰ ਖੁਸ਼ੀ ਕਰਨ ਲਈ ਪਿੰਡਾਂ ਵਿਚੋਂ ਬੇਗੁਨਾਹ ਬਿਚਾਰੇ ਸਿੰਘਾਂ ਨੂੰ ਫੜਦਾ ਫਿਰਦਾ ਸੀ,ਓਦੋਂ ਹੀ ਏਹ ਭੁਜੰਗੀ ਵਜਾਹਕੇ ਜਦ ਘਰ ਆਇਆ ਅਜੇ ਡੋਲੇ ਵਿਚੋਂ ਵਹੁਟੀ ਉਤਾਰੀ ਬੀ ਨਹੀਂ ਸੀ ਸੂਬੇ ਦੇ ਸਿਪਾਹੀ ਜਮਦੂਤ ਪਹੁੰਚ ਗਏ, ਫੜਕੇ ਜ਼ੋਰੋ ਜ਼ੋਰੀ ਲੈ ਆਏ, ਪਿਤਾ ਮਰ ਚੁਕਾ ਸੀ,ਮਾਤਾ ਨੇ ਬਹੁਤ ਬੇਨਤੀਆਂ ਦੁਸ਼ਟਾਂ ਅਗੇ ਕੀਤੀਆਂ ਰੋਈ ਪਿਟੀ, ਪਰ ਓਹ ਪਥਰ ਦਿਲ ਜ਼ਰਾ ਨਾ ਨਰਮ ਹੋਏ, ਕੈਦੀਆਂ ਵਿਚ ਮਿਲਾ ਕੇ ਦਿਲੀ ਨੂੰ ਲੈ ਤੁਰੇ, ਰੰਡੀ ਬੁਢੀਆ ਮਾਈ ਭੀ ਵਿਧਵਾ

Digitized by Panjab Digital Library | www.panjabdigilib.org

ਹੁੰਦੀ ਨੂੰਹ ਨੂੰ ਨਾਲ ਲੈ ਰੋਂਦੀ ਕੁਰਲਾਉਂਦੀ ਦਿਲੀ ਵੱਲ ਵਗ ਤੁਰੀ, ਵਾਹੋਦਾਹ ਮਜਲਾਂ ਮੁਕਾਕੇ ਸ਼ਾਹੀ ਕਚੈਹਰੀ ਵਿਚ ਜਾ ਕੁਰਲਾਹਟ ਪਾਇਆ। ਬੁਢੀ ਦੇ ਵਿਰਲਾਪ ਨੇ ਪਥਰ ਦਿਲ ਹਾਕਮ ਮੋਮ ਕਰ ਦਿਤੇ, ਸਚ ਬੋਲਿਆਂ ਛੁਟਕਾਰਾ ਨਾਂ ਹੁੰਦਾ ਵੇਖਕੇ ਬੁਢੀ ਨੇ ਏਹ ਅਰਜ਼ ਗੁਜ਼ਾਰੀ ਕਿ ਇਕ ਦਿਨ ਸਿਖ ਸਾਡੇ ਪਿੰਡ ਨੂੰ ਲੁਟਣ ਆਏ ਸੇ, ਮੇਰੇ ਪੁਤ੍ਰ ਨੂੰ ਫੜਕੇ ਲੈਗਏ ਸੇ, ਮੇਰਾ ਪੁਤ੍ਰ ਸਿਖ ਨਹੀਂ। ਏਹ ਬਾਤ ਸੁਣਕੇ ਬਾਦਸ਼ਾਹ ਨੇ ਮੁੰਡੇ ਦੇ ਛਡਣ ਦਾ ਹੁਕਮ ਦੇ ਦਿਤਾ, ਭੁਜੰਗੀ ਨੇ ਆਖਿਆ, ਮੈਂ ਨਹੀਂ ਪਛਾਨਦਾ ਏਹ ਬੁਢੀ ਕੌਣ ਹੈ ਤੇ ਏਸ ਵਹੁਟੀ ਨੂੰ ਕਿਥੋਂ ਲਿਆਈ ਹੈ? ਮੈਨੂੰ ਵਿਲ ਨਾ ਪਾਓ ਤੁਹਾਨੂੰ ਕਲਮੇ ਦੀ ਕਸਮ ਹੈ ਦੇਹਦੇ ਪਿੰਜਰੇ ਵਿਚੋਂ ਛੁਡਾਓ ਮੈਂ ਸੀਘ੍ਰ ਹੀ ਜਾਵਾਂ ਵਖਤ ਬੀਤ ਰਿਹਾ ਹੈ। ਕਸਮ ਦੇਣੇ ਪਰ ਜਲਾਦ ਨੇ ਸ਼ਹੀਦ ਕਰ ਦਿਤਾ (ਏਹ ਲੇਖ ਮਹੰਮਦਸ਼ਾਹ ਦਾ ਹੈ) ਏਸੇ ਭਾਂਤ ਸਤਾਂ ਅਠਾਂ ਦਿਨਾਂ ਵਿਚ ਸਬ ਸਿੰਘ ਮੁਕਾ ਛਡੇ, ਓਨ੍ਹਾਂ ਦੇ ਸਿਰ ਕਿਤੇ, ਹਥ ਪੈਰ ਕਿਧਰੇ, ਧੜ ਨਿਆਰੇ ਦਰਖਤਾਂ ਨਾਲ ਲਟਕਾਏ ਗਏ। ਬਲਕੇ ਸੋਹਣੇ ਜਵਾਨ ਦਾੜ੍ਹੇ ਕੇਸਾਂ ਵਾਲੇ ਸਿੰਘਾਂ ਦੇ ਸਿਰ ਬਰਛੀਆਂ ਵਿਚ ਪਰੋਕੇ ਠਿਕਾਨੇ ੨ ਖਲਕਤ ਨੂੰ ਦੇਖਣ ਵਾਸਤੇ ਮਹੀਨਾ ਟੰਗ ਰਖੇ ਜਿਨਾਂ ਨੂੰ ਦੇਖ ਦੇਖ ਖਲਕਤ ਹਜਕੋੜੇ ਲੈ ਲੈ ਪਈ ਰੋਂਦੀ ਸੀ। ਏਹ ਬ੍ਰਿਤਾਂਤ ਫਗਣ ਦੀ ਪਹਿਲੀ ਸੰਃ ੧੭ ਬਿਃ ਨੂੰ ਹੋਇਆ। ਬ੍ਰਿਧ ਸਿਖ ਦਸਦੇ ਹਨ, ਅਜੇਹੇਖੂਨ ਕਰਕੇ ਬੀ ਜੁਲਮ ਦੀ ਹਦ ਨਹੀਂ ਹੋਈ ਸੀ, ਪਾਪੀ ਬੇਫਿਕਰ ਸਿੰਘਾਂ ਦਾ ਨਾਮ ਨਿਸ਼ਾਨ ਖੋਹਣ ਨੂੰ ਬਥੇਰੇ ਜੋਰ ਜੁਲਮ ਕਰ ਰਹੇ ਸੇ, ਪਰ ਅਕਾਲਪੁਰਖ ਨੇ ਜਿਕੂੰ ਪ੍ਰਹਿਲਾਦ ਵੇਲੇ ਬਿੱਲੀ ਦੇ ਬਚੇ ਅਗ ਵਿਚੋਂ ਰਖੇ ਸਨ ਐਉਂ ਪੰਥ ਖਾਲਸੇ ਨੂੰ ਰਖ ਲੀਤਾ।

Digitized by Panjab Digital Library | www.panjabdigilib.org

ਜੇਹੜੇ ਸ੍ਰਦਾਰ ਬੰਦੇ ਨਾਲ ਕਿਲੇ ਵਿਚ ਕੈਦ ਸੇ ਓਨਾਂ ਨੂੰ ਸਿੰਘਾਂ ਦੇ ਜਥੇ ਨਾਲ ਏਸ ਵਾਸਤੇ ਨਹੀਂ ਮਾਰਿਆ ਸੀ ਕਿ ਉਨਾਂ ਨੂੰ ਪੁਛਿਆ ਜਾਵੇ ਜੋ ਏਨਾਂ ਨੇ ਸਰਹੰਦ ਤੇ ਸਮਾਣੇ ਵਰਗੇ ਵਡੇ ੨ ਦੌਲਤ ਵਾਲੇ ਸ਼ੈਹਰ ਲੁਟਕੇ ਖਜ਼ਾਨੇ ਜੰਗਲਾਂ ਵਿਚ ਦਬੇ ਹਨ ਸੋ ਕਢਾਏ ਜਾਣ, ਏਸੇ ਵਾਸਤੇ ਚਾਰ ਪੰਜ ਹਿੰਦੂ ਮੁਸਲਮਾਨ ਅਮੀਰ ਹਰ ਰੋਜ ਬੰਦਈ ਸਰਦਾਰਾਂ ਪਾਸ ਆਕੇ ਬੜੇ ਪ੍ਰੇਮ ਨਾਲ ਬਾਤਾਂ ਦੇ ਹੇਰ ਫੇਰ ਪਾਕੇ ਖਜ਼ਾਨਿਆਂ ਦਾ ਭੇਤ ਪੁਛਦੇ ਰਹਿੰਦੇ, ਪਰ ਏਹ ਕਰੇ ਨਹੀਂ ਸੇ। ਜਦ ਓਨਾਂ ਦੀ ਏਹ ਇਛਿਆ ਨਾ ਪੂਰੀ ਹੋਈ ਤਾਂ ਬਾਜ ਸਿੰਘ ਸ਼ਾਮ ਸਿੰਘ ਰਾਮ ਸਿੰਘ ਆਦਕ ਸਬ ਸਰਦਾਰ ਚਾਂਦਨੀ ਚੌਕ ਵਿਚ ਲੈਜਾਕੇ ਬੜੇ ਬੜੇ ਬੁਰੇ ਕਸ਼ਟ ਦੇ ਦੇਕੇ ਕਤਲ ਕੀਤੇ ਗਏ।* ਹੁਣ ਵਾਰੀ ਆਈ ਬੰਦੇ ਦੀ, ਓਸਨੂੰ ਉਸਦੇ ਪੁਤ੍ਰ ਇਸਤ੍ਰੀ ਸਮੇਤ ਅਜਮੇਰੀ ਦਰਵਾਜ਼ੇ ਪੀਰ ਕੁਤਬ ਦੀਨ ਕਾਕੀ ਦੀ ਦਰਗਾਹ ਅਗੇ ਲੈ ਜਾਕੇ ਖੜੇ ਕਰ ਦਿਤੇ, ਖਲਕਤ ਦੇਖਣ ਲਈ ਕੁਛ ਸ਼ਾਹੀ ਹੁਕਮ ਸੁਨਕੇ ਢੋਲ ਬਜਵਾਂਦੀ ਹੋਈ ਬੇਅੰਤ ਜੁੜ ਗਈ, ਪਹਿਲੇ ਬੰਦੇ ਦੇ ਪੁਤ੍ਰ ਨੂੰ ਮੁਸਲਮਾਂਨ ਕਰਨੇ ਪਰ ਬਹੁਤ ਕੁਛ ਲਾਲਚ ਸੁਖ ਦਿਖਾਏ, ਫੇਰ ਭੈ ਐਸੇ ਸਖਤ ਦਿਤੇ ਮਾਰ ਪਈ ਜੋ ਗਭਰੂ ਭੀ ਨਾ ਸਹਾਰ ਸਕੇ, ਪਰ ਓਸਨੇ ਮਰਨਾ ਹੀ ਮੰਨਿਆਂ ਦੀਨ ਨਾ ਮੰਨਿਆਂ, ਫੇਰ ਬੰਦੇ ਦੇ ਹਥੋਂ ਉਸਨੂੰ ਮਰਵਾਕੇ ਉਸਦੀ ਕਲੇਜੀ ਦੰਪਤਿ ਦੇ ਮੂੰਹਾਂ ਵਿੱਚ ਤੁੰਨੀ ਗਈ। ਫੇਰ ਬੰਦੇ ਦੇ ਪਟਾਂ ਦਾ ਤੇ ਪਿੰਨੀਆਂ ਦਾ ਮਾਸ ਜਦ ਜੰਬੂਰ ਤਪਾ ਤਪਾ ਤੋੜਨ ਲਗੇ ਤੇ ਓਸਦੀ ਤੀਮੀ ਨੂੰ ਕੁਤਿਆਂ ਤੋਂ ਤੁੜਾਉਨ ਵਾਸਤੇ ਧਰਤੀ ਵਿਚ ਗਡਣ ਲਗੇ ਤਾਂ ਓਨ ਅਤਿਅੰਤ ਭੈਭੀਤ ਹੋਕੇ ਮੁਸਲਮਾਨੀ

*ਏਹ ਸਾਰੀਆਂ ਕਥਾ ਦੇਖੋ ਤਵਾਰੀਖ ਮੁਨਤਖਿਬ ਅਤੇ ਖਾਫੀਖਾਂ ਮਹੰਮਦ ਸ਼ਾਹੀ

Digitized by Panjab Digital Library | www.panjabdigilib.org

ਹੋਣਾ ਮੰਨ ਲਿਆ, ਉਸਨੂੰ ਤੁਰਕਨੀ ਕਰਕੇ ਦੱਖਣੀ ਬੇਗਮ ਪਾਸ ਭੇਜਿਆ ਗਿਆ, ਉਸਨੇ ਕਾਫਲੇ ਨਾਲ ਹਜ ਨੂੰ ਤੋਰ ਦਿਤੀ।

## ਬੰਦੇ ਤੋਂ ਕਸ਼ਟ ਦੀ ਦਸ਼ਾ ਵਿਚ ਵਜੀਰ ਨੇ ਮੌਤ ਪੁੱਛਣੀ

ਹੁਣ ਅੰਤ ਨੂੰ ਬਾਦਸ਼ਾਹ ਨੇ ਜਦ ਬੰਦੇ ਨੂੰ ਪੁਛ ਭੇਜਜਾ ਕਿ ਤੈਨੂੰ ਕੇਹੜੀ ਮੌਤ ਮਾਰੀਏ ? ਓਨ ਜਵਾਬ ਦਿਤਾ, ਜਿਸ ਮੌਤੇ ਬਾਦਸ਼ਾਹ ਨੇ ਮਰਨਾ ਹੈ ਓਸੇ ਮੌਤ ਮੈਨੂੰ ਮਾਰ ਦਿਓ। ਏਹ ਬੇਅਦਬੀ ਦਾ ਜਵਾਬ ਸੁਣਕੇ ਬਾਦਸ਼ਾਹ ਨੇ ਜੰਬੂਰਾਂ ਨਾਲ ਰੋਜ ਥੋੜਾ ੨ ਮਾਸ ਤੋੜਨ ਦਾ ਹੁਕਮ ਦੇ ਦਿੱਤਾ, ਜਦ ਦੋ ਦਿਨ ਪਿੰਨੀਆਂ ਪੱਟਾਂ ਦਾ ਮਾਸ ਤੋੜਿਆ ਤੇ ਬੰਦੇ ਨੇ ਜਰਾ ਪੀੜ ਨਾ ਮੰਨੀ ਤੇ ਅਡੋਲ ਬੈਠਾ ਰਿਹਾ ਤਾਂ ਏਹ ਹਾਲ ਨਜਬੁਲ ਦੌਲਾ ਵਜੀਰ ਆਜ਼ਮ ਦੇਖਕੇ ਹੈਰਾਨ ਹੋਕਰ ਬੰਦੇ ਨੂੰ ਪੁਛਣ ਲਗਾ, ਤੂੰ ਪੀੜ ਕਿਉਂ ਨਹੀਂ ਮੰਨਦਾ? ਜੇ ਕਿਸੇ ਨੂੰ ਇਕ ਕੰਡਾ ਚੁਭਦਾ ਹੈ ਯਾ ਜ਼ਰਾਕੁ ਜਖਮ ਲਗਦਾ ਹੈ ਤਾਂ ਪੀੜ ਸਹਾਰੀ ਨਹੀਂ ਜਾਂਦੀ, ਆਦਮੀ ਬਜਾਕੁਲ ਹੋ ਜਾਂਦਾ ਹੈ, ਜਦ ਚੂੰਢੀ ਵਢੀ ਸਹਾਰਨੀ ਔਖੀ ਹੈ ਤੇਰਾ ਮਾਸ ਨੋਚਿਆ ਜਾਂਦਾ ਹੈ, ਫੇਰ ਤੂੰ ਐਡੇ ਧੀਰਜ ਨਾਲ ਪ੍ਰਸੰਨ ਬਦਨ ਬੈਠਾ ਮਾਸ ਤੁੜਾ ਰਿਹਾ ਹੈਂ ਚਿਹਰੇ ਪਰ ਬੀ ਪਰਸੀਨਾ ਨਹੀਂ ਆਯਾ ਤੇ ਨਾ ਤੈਂ ਨੱਕ ਵਟਿਆ ਨਾ ਤੈਂ ਸੀ ਕੀਤੀ ਏਹ ਕੀ ਕਾਰਨ ਹੈ ਸਚ ਕਹੁ ਤੈਨੂੰ ਪੀੜਾ ਕਿਉਂ ਨਹੀਂ ਬਜਾਪੀ ? ਬੰਦੇ ਨੇ ਆਖਿਆ—ਏਹ ਸੱਚੇ ਬ੍ਰਹਮਗਿਆਨ ਤੇ ਸੂਰਬੀਰ ਬਣਨੇ ਦਾ ਫਲ ਹੈ, ਦੁਖ ਸੁਖ ਮੰਨਣਾ ਮਨ ਦਾ ਧਰਮ ਹੈ, ਸੋ ਮੈਂ ਅਪਣੇ ਮਨ ਨੂੰ ਮਾਰ ਛਡਿਆ ਹੈ, ਕਿਉਂਕਿ

Digitized by Panjab Digital Library | www.panjabdigilib.org

ਮੈਂ ਜੀਉਂਦਾ ਹੀ ਮਰ ਰਿਹਾ ਹਾਂ ਏਸ ਦੇਹ ਤੇ ਮਨ ਤੋਂ ਰੂਹ ਆਤਮਾ ਵਖਰਾ ਹੋਕੇ ਇਨਾਂ ਤੋਂ ਬਾਂਛਤ ਕੰਮ ਲੈਂਦਾ ਹੈ। ਜਿਵੂੰ ਕੋਠੇ ਨੂੰ ਕੋਈ ਖੁਣਦਾ ਪੁਟਦਾ ਹੋਵੇਤਾਂ ਕੋਠੇ ਵਿਚ ਬੈਠਣ ਵਾਲਾ ਰਖਵਾਲੀ ਤਾਂਕਰਦਾਹੈ,ਪਰਪੀੜਾਨਹੀਂਹੁੰਦੀ,ਜਦ ਕੋਠੇ ਵਾਲਾ ਬਚਾ ਨਹੀਂ ਸਕਦਾ ਤੇ ਨਾ ਰਖਿਆ ਕਰ ਸਕਦਾ ਹੈ ਤਾਂ ਛਡਕੇ ਕਨਾਰੇ ਹੋਜਾਂਦਾ ਹੈ, ਏਸੇ ਭਾਂਤ ਮੈਂ ਹੁਣ ਏਸ ਦੇਹ ਕੋਠੇ ਨੂੰ ਰਖ ਨਹੀਂ ਸਕਦਾ ਛਡਣੇ ਨੂੰ ਤਿਆਰ ਹਾਂ, ਸਮਤਾ ਨੂੰ ਦੁਖ ਹੈ ਹੁਣ ਮੈਂ ਏਸੇ ਕੋਠੇ ਦੀ ਮਮਤਾਮੇਰ ਛਡ ਰਖੀ ਹੈ, ਏਸ ਕਰਕੇ ਮੈਨੂੰ ਕਸ਼ਟ ਨਹੀਂ॥

ਪ੍ਰਸ਼ਨ--ਵਜੀਰ ਬੋਲਿਆ ਜਦ ਤੂੰ ਐਸਾ ਸਚਾ ਬ੍ਰਹਮ ਗਿਆਨੀ ਸਮਦਰਸੀ ਹੈਂ ਫੇਰ ਤੈਂ ਐਡੇ ਵਡੇ ਜੰਗ ਕਿਉਂ ਕੀਤੇ ਕਰਾਏ ਤੇ ਮੁਸਲਮਾਨਾਂ ਨੂੰ ਕਿਉਂ ਦੁਖ ਦਿਤੇ, ਪੀਰਾਂ ਫਕੀਰਾਂ ਅਮੀਰਾਂ ਦੀਆਂ ਕਬਰਾਂ ਪੁਟਾਕੇ ਹਡੀਆਂ ਸਾੜੀਆਂ ਐਡਾ ਵਡਾ ਤਅੱਸਬ ਕਿਉਂ ਕੀਤਾ ? ਅਨੇਕਾਂ ਮੋਮਨ ਜੀਉਂਦੇ ਜਲਾਏ ਬਚੇ ਮਾਸੂਮ ਮਰਵਾਏ ਐਡੀ ਜਿਦ ਰਖੀ ਰੋਜ ਇਕ ਦੋ ਮੋਮਨਾਂ ਨੂੰ ਕਤਲ ਕਰਾਕੇ ਓਨਾਂ ਦੀ ਛਾਤੀ ਪਰ ਪੈਰ ਧਰ ਕੇ ਅਸਵਾਰ ਹੁੰਦਾ ਰਿਹਾ ਹੈਂ ਏਹੋ ਜੇਹੇ ਬੁਰੇ ਕੰਮ ਜ਼ੁਲਮ ਦੇ ਜ਼ਾਲਮਾਂ ਮੂਰਖਾਂ ਵਾਲੇ ਕਿਉਂ ਕੀਤੇ ?

ਉਤਰ--ਏਹ ਨਟ ਦੀਆਂ ਪੁਤਲੀਆਂ ਵਾਂਗੂ ਜੋ ਕੁਛ ਰਬ ਕਰਾਉਂਦਾ ਹੈ ਓਹੋ ਜੀਵ ਕਰਦੇ ਹਨ ਹੋਰ ਜੋ ਤੈਂ ਮੈਨੂੰ ਜ਼ਾਲਮ ਦਸਿਆ ਹੈ ਏਹ ਭੀ ਓਸੇ ਦੀ ਮਰਜੀ ਨਾਲ ਹੋਇਆ ਹੈ। ਜਦ ਮੁਸਲਮਾਨਾਂ ਨੇ ਵਡੇ ੨ ਭਾਰੇ ਅਸਹਿ ਦੁਖਦਾਈ ਜੁਲਮ ਹਿੰਦੂਆਂ ਉਤੇ ਕੀਤੇ ਤਾਂ ਓਨਾਂਦਾ ਫਲ ਭੋਗਾਉਣ ਲਈ ਓਸ ਸਾਹਿਬ ਨੇ ਮੈਨੂੰ ਜਾਲਮ ਬਣਾ ਦਿਤਾ॥

Digitized by Panjab Digital Library | www.panjabdigilib.org

ਪ੍ਰਸ਼ਨ—ਤੂੰ ਐਡਾ ਵਡਾ ਕਰਾਮਾਤੀ ਹੋਕੇ ਸਾਡੀ ਕੈਦ ਵਿਚ ਕਿਉਂ ਆਗਿਆ?

ਉਤਰ—ਏਹ ਮੇਰੀ ਗਫ਼ਲਤ ਭੁਲ ਦਾ ਨਤੀਜਾ ਹੈ। ਜੇਕਰ ਮੈਂ ਆਪਣੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਵਿਚ ਕਾਇਮ ਰਹਿੰਦਾ ਤਾਂ ਤੁਸਾਡੀ ਕੀ ਮਜਾਲ ਸੀ ਜੋ ਮੈਨੂੰ ਫੜ ਸਕਦੇ?

ਪ੍ਰਸ਼ਨ—ਤੂੰ ਅਜੇਹਾ ਗਿਆਨੀ ਤੇ ਅਜ਼ਮਤੀ ਹੋਕੇ ਅਜੇਹੇ ਕਸ਼ਟ ਕਿਉਂ ਸਹਾਰਦਾ ਹੈਂ ਗ਼ਾਇਬ ਹੋਜਾ?

ਉਤਰ—ਗ਼ਾਇਬ ਹੋਣਾ ਕੁਛ ਔਖਾ ਨਹੀਂ, ਪਰ ਜੋ ਮੈਂ ਆਪਣੇ ਗੁਰੂ ਦੇ ਹੁਕਮ ਤੋਂ ਵਧ ਕੇ ਕੰਮ ਕੀਤੇ ਹਨ ਉਨਾਂ ਦਾ ਫਲ ਫੇਰ ਦੇਹ ਧਾਰਕੇ ਭੋਗਨ ਨਾਲੋਂ ਹੁਣੇ ਭੋਗ ਲੈਣਾ ਚੰਗਾ ਸਮਝਦਾ ਹਾਂ, ਏਸ ਕਰਕੇ ਖੁਸ਼ੀ ਨਾਲ ਭੁਗਤਦਾ ਹਾਂ, ਕਿਸੇ ਦੇ ਭੋਗਾਏ ਕਸ਼ਟ ਨਹੀਂ ਭੋਗਦਾ। ਜੇ ਮੈਂ ਐਸ ਵੇਲੇ ਚੀਕਾਂ ਮਾਰਾਂ ਬਿਆਕੁਲ ਹੋ ਪਵਾਂ ਤਾਂ ਕੀ ਤੁਸੀ ਜਲਾਦ ਤਰਸ ਖਾਕੇ ਮੈਨੂੰ ਛਡ ਦਿਓਗੇ? ਜਦ ਏਸੇ ਭਾਂਤ ਵਰਤਾਓ ਵਰਤਣਾ ਹੈ ਤਾਂ ਧੀਰਜ ਵੀਚਾਰ ਨਾਲ ਪ੍ਰਭੂ ਦਾ ਭਾਣਾ ਮਿਠਾ ਮੰਨਕੇ ਕਿਉਂ ਨਾਂ ਭੋਗੀਏ? ਅਪਣੇ ਗੁਰੂ ਦਾ ਬਚਨ ਕਿਉਂ ਨਾ ਕਮਾਈਏ (ਯਥਾ ਗੁਰੂ ੫) 'ਬ੍ਰਹਮ ਗਿਆਨੀ ਕੈ ਧੀਰਜ ਏਕ, ਜਿਉਂ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।' ਹੋਰ—'ਜੋ ਵਰਤਾਏ ਸਾਈ ਜੁਗਤਿ। ਨਾਨਕ ਓਹ ਪੁਰਖ ਕਹੀਐ ਜੀਵਨ ਮੁਕਤਿ।' ਏਹੋ ਜੇਹੇ ਬਚਨ ਸੁਣਕੇ ਅਤੇ ਬੰਦੇ ਦਾ ਸਾਰਾ ਹਾਲ ਵੇਖਕੇ ਸਦ ਵਜ਼ੀਰ ਨੇ ਜਾਕੇ ਬਾਦਸ਼ਾਹ ਪਾਸ ਤਾਰੀਫ ਨਾਲ ਤਰਸ ਖਾਕੇ ਦੱਸਿਆ ਤਾਂ ਬਾਦਸ਼ਾਹ ਨੇ ਨਰਮ ਹੋਕੇ ਆਖਿਆ, ਜੇ ਅਜੇਹਾ ਕਾਮਲ ਸ਼ਖਸ ਦੀਨ ਮੰਨੇ ਤਾਂ ਕਿਉਂ ਮਾਰਨਾ ਹੈ ਤੁਸੀ ਫੇਰ ਜਾਓ

Digitized by Panjab Digital Library | www.panjabdigilib.org

ਦੀਨ ਮਨਾਓ।ਏਸ ਹੁਕਮ ਅਨੁਸਾਰ ਚਾਰ ਕੁ ਹੋਰ ਅਮੀਰਾਂ ਸਮੇਤ ਵਜੀਰ ਨੇ ਜਾਕੇ ਬੰਦੇ ਨੂੰ ਦੀਨ ਮੰਨਣਲਈ ਆਖਿਆ ਤਾਂ ਬੰਦੇ ਨੇ ਦੀਨ ਮਹੰਮਦੀ ਪਰ ਅਤੇ ਦੀਨਮੰਨਣ ਵਾਲੇ ਉਤੇ ਹਜ਼ਾਰ੨ ਗਾਲਾਂ ਤੇ ਲਾਨਤ ਦੇ ਕੇ ਆਖਿਆ, ਮੈਂ ਸੱਚਾ ਦੀਨ ਗੁਰੂ ਜੀ ਦਾ ਛਡ ਕੇ ਤੁਸਾਡਾ ਦੀਨ ਮੰਨਾਂ ਜੋ ਕਪਟ ਛਲ ਦੀ ਖਾਣ ਧੋਖੇ ਦੀ ਟੱਟੀ ਹੈ। ਏਹ ਗਲਾਂ ਸੁਣਕੇ ਬਾਦਸ਼ਾਹ ਨੇ ਬੰਦੇ ਨੂੰ ਪੁਛ ਭੇਜਿਆ ਕਿ ਜਿਸ ਮੌਤ ਨਾਲ ਤੂੰ ਮਰਨਾਂ ਚਾਹੁੰਦਾ ਹੈਂ ਤੂੰ ਕਹੁ ਤੈਨੂੰ ਓਸੇ ਮੌਤ ਮਾਰਿਆ ਜਾਵੇ, ਬੰਦੇ ਨੇ ਆਖਿਆ ਜਿਸ ਮੌਤ ਬਾਦਸ਼ਾਹ*ਮਰਨਾ ਚਾਹੁੰਦਾ ਹੈ ਓਸੇ ਮੌਤ ਮੈਨੂੰ ਮਾਰ ਦੇਵੋ॥

## ਬੰਦੇ ਦਾ ਮਰਕੇ ਜੀਉਣਾ

ਏਹ ਜਵਾਬ ਸੁਣਕੇ ਬਾਦਸ਼ਾਹ ਨੇ ਖਫਾ ਹੋਕੇ ਹੁਕਮ ਦਿੱਤਾ, ਏਸ ਕਾਫਰ ਨੂੰ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਘਸੀਟ ਵਿੱਚ ਮਾਰਕੇ ਜਮਨਾ ਕਨਾਰੇ ਸੁਟਵਾ ਦੇਉ ਗਿਦੜ ਕੁਤੇ ਖਾ ਜਾਨਗੇ। ਏਸ ਹੁਕਮ ਨਾਲ ਜਦ ਬੰਦੇ ਦੀਆਂ ਲੱਤਾਂ ਹਾਥੀ ਦੀ ਲੱਤ ਨਾਲ ਬੰਨ੍ਹ ਕੇ ਥੋੜੀ ਜਿਨੀਂ ਖਿਚ ਘਸੀਟ ਕਰਾਈ ਤਾਂ ਬੰਦੇ ਨੇ

---

### *ਫਰਖ਼ਸ਼ੀਅਰ ਦਾ ਮਰਨਾ

ਏਸੇ ਭਾਂਤ ਘਸੀਟ ਵਿੱਚ ਫਰਖਸ਼ੀਅਰ ਬਾਦਸ਼ਾਹ ਮਰਿਆ ਸੀ, ਕਿਉਂਕਿ ਬਾਦਸ਼ਾਹ ਦੇ ਵਜੀਰ ਸੱਯਦ ਅਬਦੁਲੇ ਨੇ ਓਸ ਨਾਲ ਵਿਗੜ ਕੇ ਪਹਿਲੇ ਬਾਦਸ਼ਾਹ ਨੂੰ ਕੈਦ ਕੀਤਾ ਫੇਰ ਅੰਨਾ ਕਰਾਕੇ ਓਸੇ ਦੇ ਪੁਤਰ ਮਹੰਮਦ ਸ਼ਾਹ ਨੂੰ ਤਖਤ ਉਤੇ ਬੈਠਾ ਦਿੱਤਾ। ਇਕ ਦਿਨ ਬਾਦਸ਼ਾਹ ਕੈਦ ਵਿਚੋਂ ਨੱਠ ਕੇ ਨਵਕਰਾਂ ਦੀ ਸਹਾਇਤਾ ਨਾਲ ਜਦ ਲਖਨਊ ਵੱਲ ਨੱਸ ਚਲਿਆ ਸੀ, ਵਜੀਰ ਨੇ ਰਾਹ ਵਿੱਚੋਂ ਫੜ ਲਿਆਂਦਾ ਚਾਬਕਾਂ ਨਾਲ ਮਾਸ ਉਡਵਾ ਦਿੱਤਾ, ਫੇਰ ਇਕ ਘੋੜੀ ਉਤੇ ਚੜ੍ਹਕੇ ਜੋ ਇਸਨੇ ਇਕ ਲੱਖ ਰੁਪਯੇ ਨੂੰ ਲੀਤੀ ਸੀ, ਸਵਾਰ ਹੋਕੇ ਕਿਲੇ ਦੇ ਅੰਦਰ ੨ ਫਿਰਨ ਦੀ ਆਗਿਆ ਲੈ ਲੀਤੀ। ਘੁੜੀ ਤੇ ਫਿਰ ਹੀ ਰਿਹਾ ਸੀ ਕਿ ਘੋੜੀ ਤ੍ਰਿਬਕ ਕੇ ਨਫਰਤੋਂ ਛੁਟ ਕੇ ਐਸੀ ਬੇਬਸੀ ਦੌੜੀ ਬਾਦਸ਼ਾਹ ਡਿੱਗ ਪਿਆ, ਪੈਰ ਰਕਾਬ ਵਿਚ ਫਸਿਆ ਰੇਹ ਗਿਆ ਸੋ ਘਸੀਟ ਵਿੱਚ ਹੀ ਤੇਰੀ ਤੇਈ ਉਡਕੇ ਮਰ ਗਿਆ। ਬਾਬੇ ਬੰਦੇ ਦਾ ਬਚਨ ਪੂਰਾ ਹੋਇਆ।

Digitized by Panjab Digital Library | www.panjabdigilib.org

ਆਪਣੇ ਪਰਾਣ ਦਸਵੇਂ ਦੁਆਰ ਚੜ੍ਹਾ ਲੀਤੇ ਓਨਾਂ ਨੇ ਮਰ ਗਿਆ ਸਮਝ ਕੇ ਜਮਨਾ ਕਨਾਰੇ ਲੋਥ ਸਿੱਟ ਦਿੱਤੀ।

ਬੰਦਈ ਸਿੰਘ ਜੋ ਮਾਈ ਰਾਮ ਦੇਈ ਬੰਦੇ ਦੀ ਇਸਤ੍ਰੀ ਦੇ ਭੇਜੇ ਹੋਏ ਮੁਸਲਮਾਨੀ ਲਿਬਾਸ ਦਿਲੀ ਫਿਰ ਰਹੇ ਸਨ, ਓਨਾਂ ਨੇ ਮਾਈ ਦੇ ਹੁਕਮ ਅਨੁਸਾਰ ਰਾਤ ਪਈ ਬੰਦੇ ਦੀ ਲੋਥ ਚੁਕ ਕੇ ਪੰਜਾਬ ਦੇਸ ਲਾਹੌਰ ਦੇ ਜਿਲੇ ਪਰਗਣੇ ਸਰਕ ਪੁਰ ਭੁਚੋਕੇ ਠੱਕਰ ਪਿੰਡ ਮਾਈ ਪਾਸ ਲੈ ਆਂਦਾ । ਉਸਨੂੰ ਪ੍ਰਾਂਣ ਉਤਾਰਨ ਦਾ ਢੰਗ ਯਾਦ ਸੀ ਬੰਦੇ ਦੇ ਪ੍ਰਾਂਣ ਉਤਾਰਕੇ ਬਹੁਤ ਸੇਵਾ ਕੀਤੀ, ਜਖਮ ਤਾਂ ਰਾਜੀ ਹੋਗਏ, ਪਰ ਕੈਦ ਤੇ ਜੰਬੂਰਾਂ ਆਦਿਕਾਂ ਦੀ ਮਾਰਾਂ ਤੇ ਤਕਲੀਫ ਨੇ ਸਰੀਰ ਜਰਜਰਾ ਕਰ ਦਿੱਤਾ ਸੀ ॥

## ਬੰਦੇ ਦੇ ਸੇਵਕ ਮਿਲੇ

ਓਸ ਸਮੇਂ ਜਿਲੇ ਝੰਗ ਤਸੀਲ ਸ਼ੋਰਕੋਟ ਦੇ ਰਹਿਨੇ ਵਾਲਾ ਮੇਹਰ ਸਿੰਘ ਦਸਮ ਗੁਰੂ ਜੀ ਦਾ ਮਾਸ਼ਕੀ ਦੂਜਾ ਅਰੋੜਾ ਬੁਲ੍ਹਾਕੀ ਮਸੰਦ ਡੱਬ ਪਿੰਡ ਦੇ ਰਹਿਣ ਵਾਲਾ, ਤੀਜਾ ਰਾਮ ਸਿੰਘ ਅਰੋੜਾ ਵਗੈਰੇ ਪੰਜ ਛੀ ਸਿਖ ਸੇਵਕ ਬੰਦੇ ਦੇ ਪਾਸ ਆ ਕੱਠੇ ਹੋਏ, ਓਹਨਾਂ ਨੇ ਬਹੁਤ ਚਾਹਿਆ ਕਿ ਇਕ ਵਾਰ ਬਾਬੇ ਬੰਦੇ ਨੂੰ ਪੰਥ ਖਾਲਸੇ ਦੇ ਦਲ ਦਾ ਮੁਹੈਲੀ ਬਣਾਕੇ ਫੇਰ ਕਿਸਮਤ ਅਜਮਾਈ ਕਰੀਏ ਮੁਸਲਮਾਨਾਂ ਤੋਂ ਓਹਨਾਂ ਦੇ ਜੋਰ ਜੁਲਮਾਂ ਦੇ ਬਦਲੇ ਲਈਏ ਜੋ ਓਨਾਂ ਨੇ ਕੀਤੇ ਹਨ, ਪਰ ਓਸੇ ਵੇਲੇ ਤਾਂ ਬੰਦੇ ਵਿਚ ਓਹ ਪਹਿਲੀ ਤਾਕਤ ਤੇ ਹੌਸਲਾ ਰਿਹਾ ਨਹੀਂ ਸੀ, ਇਸ ਕਰਕੇ ਬੰਦੇ ਨੇ ਗੁਪਤ ਰਹਿਣਾ ਹੀ ਚੰਗਾ ਸਮਝਕੇ ਜੰਮੂ ਦੇ ਪਹਾੜਾਂ ਵੱਲੀ ਤੁਰ ਗਿਆ।ਰਿਆਸੀ

Digitized by Panjab Digital Library | www.panjabdigilib.org

ਦੇ ਕਿਲੇ ਪਾਸ ਭੁਬਰ ਪਿੰਡ ਇਕ ਬੋਹੜ ਹੇਠ ਜਾ ਬੈਠਾ, ਜੋ ਹੁਣ ਤਕ ਪੂਜਜ ਹੈ ॥

ਦਸਕੁ ਮਹੀਨੇ ਪਿਛੋਂ ਓਥੋਂ ਅਗੇ ਰੰਦਰ ਕਾਗਾ ਨਦੀ ਕੰਢੇ ਇਕ ਪਰਬਤੀ ਕੰਦ੍ਰਾ ਵਿਚ ਜਾ ਬੈਠੇ, ਸਿਛਕ ਮਨ ਓਹਨਾਂ ਦੇ ਤਨ ਨੂੰ ਸਿਹਬਲ ਨਹੀਂ ਹੋਣ ਦਿੰਦਾ ਸੀ, ਸਬਰ ਸੰਤੋਖ ਤੋਂ ਪੂਰਾ ਕੰਮ ਲੈ ਰਿਹਾ ਸੀ, ਓਸ ਦੇ ਨੇੜੇ ਇਕ ਲੁਬਾਣਿਆਂ ਦਾ ਪਿੰਡ ਟਾਂਡਾ ਨਾਮ ਸੀ, ਓਥੋਂ ਦੇ ਢੋਟਾ ਨਾਮੇ ਪੈਂਚ ਗੁਰੂ ਘਰਦੇ ਮਸੰਦ ਨੇ ਬੰਦੇ ਨੂੰ ਸਿਞਾਣ ਲਿਆ ਓਹ ਚੰਗੀ ਸੇਵਾ ਕਰਦਾ ਕਰਾਉਂਦਾ ਰਿਹਾ। ਇਕ ਸਾਲ ਪਿਛੋਂ ਮੇਹਰ ਸਿੰਘ ਡਬ ਪਿੰਡ ਵਾਲੇ ਨੂੰ ਜੋ ਓਸਦਾ ਗੂੜ੍ਹਾ ਪਰੇਮੀ ਸੀ ਲੁਬਾਣਿਆਂ ਤੋਂ ਸੂੰਧਕ ਪਾਕੇ ਬੰਦੇ ਪਾਸ ਜਾ ਪੁਜਾ, ਓਹ ਆਪਣੇ ਦੇਸੀ ਬੰਦਈ ਸਿਖਾਂ ਨੂੰ ਪਰੇਰਕੇ ਬੰਦੇ ਦੀ ਤਕੜੀ ਮੰਨਤ ਪੂਜਾ ਕਰਾਉਂਦਾ ਰਿਹਾ, ਓਸ ਸਮੇਂ ਮੇਹਰਸਿੰਘ ਇਕ ਵਾਰੀ ਵਜੀਰਾਬਾਦ ਆਯਾ ਬੰਦੇ ਦੀ ਮਹਿਮਾਂ ਸੁਣਾਈ ਤਾਂ ਇਕ ਕਪੂਰ ਖਤ੍ਰੀ ਹਰੀਰਾਮ ਦੀ ਬੇਟੀ ਸਾਹਿਬ ਕੌਰ ਮੁਟਿਆਰ ਸੀ; ਆਪਣੀ ਮਾਈ ਨੂੰ ਓਸਨੇ ਕਹਿ ਦਿਤਾ ਮੇਰਾ ਸਬੰਧ ਬੰਦੇ ਨਾਲ ਕਰ ਦਿਓ, ਓਸਦੇ ਬਾਪਨੇ ਬੀ ਓੜਕ ਏਸੇ ਬਾਤ ਨੂੰ ਮੰਨ ਕਰ ਕੁੜੀ ਨੂੰ ਆਪ ਬੰਦੇ ਪਾਸ ਲੈ ਜਾਕੇ ਅਨੰਦ ਪੜ੍ਹਾ ਆਇਆ, ਜਿਸ ਵਿਚੋਂ ਸੰ: ੧੭੮੩ ਬਿ: ਨੂੰ ਇਕ ਪੁੱਤਰ ਅਜੀਤ ਸਿੰਘ ਪੈਦਾ ਹੋ ਪਿਆ। ਕਰਮ ਸਿੰਘ ਪਰਾਸੀ ਵਿਚ ਲਿਖਦਾ ਹੈ। ਬੰਦੇ ਦੇ ਉਪਾਸਜ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਨ, ਆਪ ਦਰਸ਼ਨ ਕਰਦਾ ਤੇ ਮੇਹਰਸਿੰਘ, ਬੁਲਾਕੀ ਮਸੰਦ, ਢੋਟੇ ਪੈਂਚ ਵਗੈਰੇ ਬਹੁਤ ਪਰੇਮੀਆਂ ਨੂੰ ਕਦੇ ਕਦੇ ਦਰਸ਼ਨ ਕਰਾ

Digitized by Panjab Digital Library | www.panjabdigilib.org

ਦਿੰਦਾ* । ਓਹੋ ਪਰੇਮੀ ਮਸੰਦ ਪ੍ਰੇਰ ਕਰਕੇ ਹਰ ਸਾਲ ਬੰਦੇ ਪਾਸ ਬੰਦਈ ਸੰਗਤ ਨੂੰ ਲਿਆਕੇ ਬੰਦੇ ਦੀ ਪੂਜਾ ਮਾਨਤਾ ਕਰਾਉਂਦੇ ਰਹਿੰਦੇ, ਬੰਦਈ ਸੰਗਤ ਹੁਣ ਤਕ ਵਡੇ ਸਿਦਕ ਇਮਾਨ ਨਾਲ ਦਸਵੰਧ ਓਦੋਂ ਬੀ ਦਿੰਦੀ ਸੀ ਤੇ ਹੁਣ ਬੀ ਦਿੰਦੀ ਹੈ । ਫੇਰ ਮੇਹਰ ਸਿੰਘ ਦਾ ਪੁਤ੍ਰ ਪੋਤ੍ਰਾ ਦਿਲਬਰ ਸਿੰਘ ਮਸੰਦ ਸੰਗਤਾਂ ਨੂੰ ਲੈ ਜਾਂਦਾ ਰਿਹਾ । ਹੁਣ ਉਸਦਾ ਪੋਤ੍ਰਾ ਗੁਰਮੁਖ ਸਿੰਘ ਮਸੰਦ ਹਰਨਾਮ ਸਿੰਘ ਵਗੈਰੇ ਮਸੰਦ ਬੰਦਈ ਸੰਗਤਾਂ ਨੂੰ ਲੈ ਜਾਕੇ ਕਾਰ ਭੇਟ ਦਸਵੰਧ ਦਾ ਰੁਪਯਾ ਦਿਵਾਉਂਦੇ ਰਹਿੰਦੇ ਹਨ

---

*ਜੈਸੇ ਕਿ ਹੁਣ ਬੀ ਮਿਸਮਰੇਜ਼ਮ ਇਲਮ ਦੀ ਕਮਾਈ ਵਾਲੇ ਲੋਗ ਪਿਛਲੇ ਗੁਜ਼ਰੇ ਹੋਏ ਆਪਣੇ ਪਿਤਾ ਪਿਤਾਮਾ ਮਾਤਾ ਪਰਮਾਤਾ ਵਗੈਰੇ ਦਾ ਦਰਸ਼ਨ ਗੱਲਾਂ ਕਰਾ ਦਿੰਦੇ ਹਨ, ਬਲਕਿ ਜੇਠ ਸੰ: ੧੯੬੯ ਨੂੰ ਇਕ ਮਿਸਮਰੇਜ਼ੀਆ ਪਟਿਆਲੇ ਆਯਾ ਕਿਲੇ ਦੇ ਅਗੇ ਚੌਂਕ ਵਿਚ ਤੰਬੂ ਲਗਾ ਰਖਯਾ ਸੀ, ਵਡੇ ਵਡੇ ਗਜ਼ਬ ਦੇ ਤਮਾਸ਼ੇ ਦੇਖਾ ਰਿਹਾ ਸੀ, ਇਕ ਅੰਗੂਠੀ ਨੂੰ ਅੱਖ ਵਿਚ ਪਾਕੇ ਖੂਹ ਵਿਚੋਂ ਕਢ ਦਿੰਦਾ ਸੀ, ਦਸ ਅਠ ਬਰਸ ਦੇ ਕੁੜੀ ਮੁੰਡੇ ਨੂੰ ਮਾਰਨ ਦਾ ਪਾਸ ਦੇਕੇ ਮਾਰ ਦਿੰਦਾ ਸੀ ਤੇ ਜੀਵਾਉਂਨ ਦਾ ਪਾਸ ਦੇਕੇ ਜੀਵਾ ਦਿੰਦਾ ਸੀ ॥

ਬਲਕਿ ਉਸ ਮੁਰਦੇ ਬਾਲਕ ਨੂੰ ਮੇਜ਼ ਉਤੇ ਪਾਕੇ ਹੇਠੋਂ ਮੇਜ ਕਢਕੇ ਨਿਰਾਸਰੇ ਅਧਰ ਵਿਚ ਅਡੋਲ ਪਾ ਰਖਦਾ ਸੀ ਉਪਰ ਨੂੰ ਲੈ ਜਾਂਦਾ ਸੀ ਹੇਠਾਂ ਨੂੰ ਲੈ ਆਉਂਦਾ ਸੀ, ਜੇਹੜੀ ਚੀਜ ਦੂਰ ਦੇਸ ਦੀ ਕੋਈ ਆਦਮੀ ਮੰਗੇ ਓਥੋਂ ਮੰਗਾ ਦਿੰਦਾ ਸੀ, ਇਸੇ ਭਾਂਤ ਬੰਦੇ ਦੀਆਂ ਅਚਮਤਾਂ ਸੁਣਕੇ ਰਾਜਾ ਰਤਨ ਦੇਉ ਜੰਮੂ ਦਾ ਰਾਜਾ ਭੀ ਬੰਦੇ ਦਾ ਸੱਚਾ ਸੇਵਕ ਬਣਕੇ ਬਹੁਤ ਸੇਵਾ ਕਰਦਾ ਰਿਹਾ, ਉਪਾਸ਼ਨਾ ਭੀ ਉਨਨੇ ਐਸੀ ਦ੍ਰਿੜ ਕੀਤੀ ਦਸਮੇਸ ਗੁਰੂ ਜੀ ਦੇ ਦਰਸ਼ਨ ਪਰਤੱਖ ਹੋਣ ਲਗ ਪਏ। ਇਕ ਦਿਨ ਰਾਜੇ ਦੇ ਪ੍ਰੋਹਤ ਨੇ ਹਰਿ ਭਜ ਨੂੰ ਤੇ ਵਜੀਰ ਨੇ ਰਾਣੀਆਂ ਨੂੰ ਸਿਖਾ ਦਿਤਾ ਕਿ ਸਾਨੂੰ ਗੁਰੂ ਜੀ ਦੇ ਦਰਸ਼ਨ ਕਰਾਓ ॥

ਰਾਣੀਆਂ ਦਾ ਹਠ ਨਿਸਚਾ ਵੇਖਕੇ ਰਾਜੇ ਨੇ ੧੫ ਵਸਾਖ ਸੰ: ੧੭੯੧ ਨੂੰ ਇਕ ਵਡੇ ਉਚੇ ਮੰਦਰ ਦੀ ਛਤ ਪਰ ਰੇਤਾ ਵਿਛਵਾ ਦਿਤਾ, ਰਾਤ ਜਾਗਾ ਭਜਨ ਕਰਾਯਾ, ਤਿੰਨ ਪੈਹਰ ਰਾਤ ਬੀਤੀ ਤੋਂ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਸਵਾਰਾਂ ਨਾਲ ਆਏ। ਰਾਜਾ ਇਕ ਪਟਰਾਣੀ, ਪ੍ਰੋਹਤ ਹਰ ਭਜ ਨੂੰ ਤੇ ਨੈਨੂ ਵਜੀਰ, ਇਕ ਸਿਪਾਹੀ, ਸਾਵਧਾਨ ਰਹੇ ਹੋਰ ਸਬ ਨੀਂਦ ਵਸ ਹੋਗਏ, ਦਿਨ ਚੜੇ ਘੋੜਿਆਂ ਦੇ ਸੁੰਭ ਲਗੇ ਹੋਏ ਪੈੜਾਂ ਨਸ਼ਾਨ ਤੇ ਲਿੱਦ ਕੀਤੀ ਹੋਈ ਸਬ ਨੇ ਵੇਖੀ ਤਾਂ ਸਚ ਮੰਨਿਆਂ ।

ਉਦੋਂ ਭੀ ਮਸੰਦ ਹੀ ਸੰਗਤਾਂ ਨੂੰ ਨਾਲ ਲੈਜਾਂਦੇ ਸਨ, ਬੰਦੇ ਨੇ ਆਪਣੇ ਅੰਤ ਦੇ ਦਿਨ ਚੰਗੇ ਸ਼ਾਂਤੀ ਨਾਲ਼ ਸੁਖਦਾਈ ਗੁਜ਼ਾਰੇ, ਕਈ ਵਾਰ ਬੰਦੇ ਦੇ ਸੇਵਕਾਂ ਉਤੇ ਭਾਰੀ ੨ ਬਿਪਤਾ ਪਈ ਤੇ ਮੁਸਲਮਾਨਾਂ ਦੇ ਜ਼ੁਲਮ ਹੱਦੋਂ ਵਧੇ ਹੋਏ ਵੇਖਕੇ ਬੰਦੇ ਅੱਗੇ ਬੇਨਤੀ ਕੀਤੀ ਕਿ ਇਕ ਵਾਰੀ ਸਿੰਘਾਂ ਦੀ ਜੈ ਫੇਰ ਕਰਾ ਦਿਓ ਮੁਸਲਮਾਨ ਤਾਂ ਤੁਸਾਡਾ ਨਾਮ ਸੁਣਦੇ ਸਾਰ ਹੀ ਸ਼ੇਰ ਅਗੇ ਹਰਨਾਂ ਦੀ ਤਰਾਂ ਦੌੜ ਜਾਣਗੇ। ਪਰ ਬੰਦਾ ਆਪਣੇ ਸੰਤਾਂ ਵਾਲੇ ਆਨੰਦ ਵਿਚ ਮਗਨ ਰਹਿਕੇ ਓੜਕ ਫਗਣ ਦੀ ਪੂਰਨਮਾਸ਼ੀ ਸੰ: ੧੭੯੩ ਬਿ: ਨੂੰ ਇਸ ਅਸਾਰ ਸੰਸਾਰ ਤੋਂ ਕੂਚ ਕਰ ਦਿਤਾ, ਤਾਹੀਂ ਏਸ ਦਿਨ ਬੰਦਈ ਸੰਗਤ ਹਰ ਸਾਲ ਬੰਦੇ ਦੀ ਸਮਾਧ ਪਰ ਇਕਠੀ ਹੋਕੇ ਬੜਾ ਉਤਸ਼ਾਹ ਕਰਦੀ ਹੈ, ਮੇਲਾ ਭਰਦਾ ਹੈ, ਕੜਾਹ ਪ੍ਰਸ਼ਾਦ ਹੁੰਦੇ ਹਨ, ਨਜ਼ਰ ਭੇਟਾ ਮਾਇਆ ਚੜ੍ਹਦੀ ਹੈ। ਬੰਦੇ ਬਹਾਦੁਰ ਦੇ ਕਰਤਾ ਨੇ ਜੇਠ ਸੁਦੀ ੧੪ ਸੰ: ੧੭੯੮ ਲਿਖਿਆ ਹੈ ਉਸ ਦਿਨ ਕੋਈ ਉਤਸ਼ਾਹ ਓਥੇ ਨਹੀਂ ਹੁੰਦਾ। ਜੇਕਰਜੇਠ ਨੂੰ ਦੇਹ ਛਡਦੇ, ਤਾਂ ਜੇਠ ਵਿਚ ਮੇਲਾ ਭਰਦਾ॥

ਬੰਦਾ ਪਤਲਾ ਕਣਕ ਵੰਨਾ ਗੋਲ ਚਿਹਰਾ ਬਾਘ ਮੁਖ ਭੂਰੇ ਕੇਸ ਪੈਰਾਂ ਤੋਂ ਸਿਰ ਤਕ ਪੋਹੇ ਵਰਗਾ ਸੁੰਦਰ ਜਵਾਨ ਲੰਬਾ ਹਜ਼ਾਰਾਂ ਵਿੱਚੋਂ ਉਚਾ ਸੀ, ਘੋੜੇ ਦਾ ਸਵਾਰ ਤੀਰ ਤਲਵਾਰ ਦਾ ਚਲਵੱਯਾ ਕਰੜਾ ਸੂਰ ਮੁਨਸਫ ਮਜਾਜ਼ ਨਿਰਲੋਭ ਨਿਰਭੈ ਜੋਗੀ ਰਾਜ, ਹਰ ਪ੍ਰਕਾਰ ਦੀ ਵਿਦਜਾ ਰਸਾਇਣ ਵਗੈਰਾ ਬੂਟੀਆਂ ਦੇ ਗੁਣ ਗਿਆਤਾ ਮਿਸਮਰੇਜ਼ਮ ਜਿਸ ਨੂੰ ਜਾਦੂ ਹੁਨਰ ਆਖਿਆ ਜਾਂਦਾ ਹੈ, ਓਸਦੇ ਜਾਣਨ

Digitized by Panjab Digital Library | www.panjabdigilib.org

ਵਾਲਾ ਪੂਰਾ ਪੁਰਖ, ਕਿਆਸ ਐਸਾ ਅਧਕ ਰਖਦਾ ਸੀ ਹੋਣ ਵਾਲੀ ਬਾਤ ਅਗੇ ਹੀ ਦਸ ਛਡਦਾ, ਜੰਗ ਦੇ ਢੰਗ ਬੈਰਾਗੀ ਫਕੀਰਾਂ ਦੀ ਜਮਾਤ ਵਿਚੋਂ ਜਿਨ੍ਹਾਂ ਦੀ ਲੜਾਈ ਹਮੇਸ਼ ਗੁਸਾਈਂ ਫਕੀਰਾਂ ਨਾਲ ਹੁੰਦੀ ਰਹਿੰਦੀ ਸੀ, ਸਭ ਚੰਗੇ ਸਿਖ ਰਖੇ ਸੇ। ਜਦ ਤੋਂ ਬੰਦੇ ਨੇ ਗੁਰੂ ਦੇ ਹੁਕਮ ਅਨੁਸਾਰ ਅਪਨਾਂ ਕੰਮ ਕਰਨ ਦਾਉੱਦਮ ਕੀਤਾ ਸੀ, ਉਸਦੇ ਸਾਥ ਹੀ ਸ਼ਾਹੀ ਹਾਕਮ ਉਸਦੇ ਵੈਰੀ ਖੜੇ ਹੋ ਗਏ ਸਨ, ਪਰ ਏਸ ਨੇ ਉਸ ਮੁਹਿੰਮ ਦੇ ਬੋਝ ਨੂੰ ਇਕ ਐਸੀ ਬਚਿਤ੍ਰ ਘਟਨਾ ਨਾਲ ਨਿਬਾਹਿਆ ਜੋ ਅਜ ਤਕ ਸਲਾਹਿਆ ਜਾਂਦਾ ਹੈ, ਉਸਨੇ ਕਿਸੇ ਵਡੇ ਆਦਮੀ ਦਾ ਆਸਰਾ ਨਹੀਂ ਲੀਤਾ ਨਾਂ ਕੋਈ ਨੀਚ ਗੋਂਦ ਗੁੰਦੀ ਕੇਵਲ ਮੁਲਕ ਦੀ ਹਮਦਰਦੀ ਨੂੰ ਅਗੇ ਰਖਕੇ ਸਮਰ ਸਮੁੰਦਰ ਵਿਚ ਆਪੇ ਠਿਲ ਪਿਆ, ਅਪਣੇ ਆਦਮੀਆਂ ਤੋਂ ਕੋਈ ਗਲ ਲੁਕੋ ਕੇ ਕਦੇ ਨਹੀਂ ਰਖੀ ਸੀ, ਦੁਖੀ ਪ੍ਰਜਾ ਦੇ ਆਦਮੀ ਹਾਕਮਾਂ ਦੇ ਦੁਖਾਏ ਹੋਏ ਅਪਣੇ ੨ ਵੈਰੀਆਂ ਤੋਂ ਵੈਰ ਲੈਣੇ ਚਾਹੁੰਦੇ ਸੇ, ਕਿਉਂਕਿ ਉਸ ਵੇਲੇ ਦੇ ਹਾਕਮ ਸਭ ਮਲੇਛ ਬੁਧੀ ਅਤਿਆ-ਚਾਰੀ ਭਾਰੀ ਨਿਰਦਈ, ਪ੍ਰਜਾ ਨੂੰ ਕਸਾਈ ਵਾਂਗੂ ਕੁਹਣ ਦੀ ਨੀਤ ਰਖਦੇ ਸਨ, ਦੁਖੀ ਪ੍ਰਜਾ ਦੀ ਰਤਨਿਚੋੜ ੨ ਕਰਕੰਚਨੀਆਂ ਦੇ ਘਰ ਭਰ ਰਹੇ ਸਨ, ਫੇਰ ਬੀ ਐਡੀ ਬੇਸਬਰੀ ਬਯਾਪ ਰਹੀ ਸੀ ਆਪਣੀਆਂ ਦੋ ਦੋ ਚਾਰ ੨ ਔਰਤਾਂ ਤੇ ਕੰਚਨੀਆਂ ਦੇ ਹੁੰਦਿਆਂ ਫੇਰ ਬੀ ਪਰਾਈਆਂ ਧੀਆਂ ਨੋਹਾਂ ਦੇ ਜਬਰਨ ਸਤ ਤੋੜੇ ਬਿਨਾਂ ਸਬਰ ਨਹੀਂ ਕਰਦੇ ਸਨ, ਨਿਆਉਂ ਰੁਪਯਾਂ ਦੀ ਥੈਲੀ ਦੇ ਆਸਰੇ ਸੀ, ਕਾਜ਼ੀ ਕਸਾਈ ਬੇਫਿਕਰ ਸਰੇ ਨੂੰ ਝੂਠਾ ਕਰਕੇ ਭਾਵੇਂ ਦੋਜ਼ਖ ਦੇ ਭਾਗੀ ਹੁੰਦੇ ਸਨ, ਪਰ

Digitized by Panjab Digital Library | www.panjabdigilib.org

ਲੋਭ ਪਾਪਾਂ ਦਾ ਬਾਪ ਸਾਫ ਇਨਸਾਫ ਨਹੀਂ ਕਰਨ ਦਿੰਦਾ, ਨਿਆਉਂ ਦਾ ਖੰਨ ਕਰਕੇ ਗਰੀਬ ਦੀ ਪੁਕਾਰ ਕੋਈ ਨਾਂ ਸੁਣਦਾ ਬਲਕੇ ਓਨਾਂ ਹੀਣੀਆਂ ਅਸਾਮੀਆਂ ਉਤੇ ਸਬ ਗੱਰ ਕਢਦੇ ਸਗੋਂ ਬੇਦੋਸਿਆਂ ਨੂੰ ਝੂਠਾ ਦੋਸ਼ ਲਾਕੇ ਕੁਤਿਆਂ ਤੋਂ ਤੁੜਵਾ ਸਿਟਦੇ ਯਾ ਸਕੰਜੇ ਵਿਚ ਚੜ੍ਹਵਾ ਕੇ ਹਡੀਆਂ ਦਾ ਚੂਰਨ ਕਰ ਕਢਦੇ; ਜਿਉਂ ਜਿਉਂ ਓਹ ਮਰਨ ਤੋਂ ਪਹਿਲੇ ਚੀਕਾਂ ਮਾਰਦਾ ਤਿਉਂ ਤਿਉਂ ਖਿਲੀਆਂ ਪਾਉਂਦੇ,ਛਿਬੀਆਂ ਦਿੰਦੇ, ਤਾੜੀ ਬਜਾ ਬਜਾ ਹਸਦੇ ਖੁਸ਼ੀਆਂ ਮਨਾਉਂਦੇ, ਓਸਦਾ ਮਾਲ ਜ਼ਬਤ ਕਰਕੇ ਉਸਦੇ ਸੰਬੰਧੀਆਂ ਨੂੰ ਘਰੋਂ ਕਢ ਛਡਦੇ, ਓਨਾਂ ਦੇ ਪਿਛੇ ਕੁਤੇ ਲਾਉਂਦੇ, ਕਪੜੇ ਪੜਵਾ ਪੜਵਾ ਲੱਤਾਂ ਬਾਹਾਂ ਤੇ ਦੰਦੀਆਂ ਵਢਵਾਉਂਦੇ, ਕੁਤੇ ਸ਼ਿਕਾਰੀ ਬੋਟੀਆਂ ਉਡਾ ਖਾਂਦੇ, ਓਨਾਂ ਦੇ ਮੁੰਡੇ ਕੁੜੀਆਂ ਮੰਡੀ ਵਿਚ ਵੇਚੇ ਜਾਂਦੇ। ਏਹੋ ਜੇਹੇ ਅਤਿਆਚਾਰੀ ਜ਼ਾਲਮ ਹਾਕਮਾਂ ਤੋਂ ਆਜਜ਼ ਪ੍ਰਜਾ ਦੇ ਬਦਲੇ ਲੈਣ ਵਾਸਤੇ ਜਦ ਬੰਦੇ ਨੂੰ ਖੜਾ ਹੋਇਆ ਵੇਖਯਾ ਤਾਂ ਸਾਰੇ ਦੇਸ ਦੇ ਬਹਾਦਰ ਏਸਦੇ ਸਾਥੀ ਬੰਦਈ ਲਸ਼ਕਰ ਬਣਕੇ ਕਰਨੇ ਯੋਗ ਕੰਮ ਕਰਨ ਲਗ ਪਏ। ਭਾਵੇਂ ਏਸ ਦਲ ਵਿਚ ਕੰਮ ਦੇਣ ਵਾਲੇ ਸਿੰਘ ਥੋੜੇ ਹੀ ਸੇ,ਪਰ ਸਾਰੇ ਸਿੰਘ ਹੀ ਬੋਲੇ ਜਾਂਦੇ ਸਨ, ਏਸੇ ਵਾਸਤੇ ਮੁਗਲ ਡਰਦੇ ਓਨਾਂ ਅਗੇ ਠਹਿਰਦੇ ਨਹੀਂ ਸੇ। ਭਾਵੇਂ ਓਹ ਸਿੰਘਾਂ ਤੋਂ ਕਈ ਗੁਣੇ ਬਾਹਲੇ ਸੇ,ਪਰ ਐਸ਼ ਅਰਾਮ ਨੇ ਮੁਗਲਾਂ ਨੂੰ ਕਦੇ ਨਾ ਜਿਤਨ ਦਿਤਾ,ਸਿੰਘ ਹੀ ਓਨਾਂਦੀਜੜੀਂ ਤੇਲ ਦਿੰਦੇ ਰਹੇ, ਕਿਉਂਕਿ ਸਿੰਘ ਮੇਹਨਤੀਕ ਕੜੇਐਸੇ ਸਨ ਚਾਰ ਚਾਰਦਿਨ ਰਾਤਾਂ ਘੋੜਿਆਂ ਦੀ ਪਿਠ ਉਤੇ ਹੀ ਗੁਜ਼ਰ ਜਾਂਦੇ,ਟਿਕ ੨ ਮੁਠੀ ਛੋਲੇ ਚੱਬਕੇ ਵੈਰੀਆਂ ਉਤੇ ਸ਼ੇਰਾਂ ਵਾਂਗੂ ਗੱਜ ੨ ਕਰ ਜਾ ਪੈਂਦੇ। ਬੰਦਾ ਤੇ ਓਸਦਾ ਦਲ ਭਾਵੇਂ ਬਹਾਦਰ ਸੀ, ਪਰ ਜਦੋਂ ਤਕ ਬੰਦੇ

Digitized by Panjab Digital Library | www.panjabdigilib.org

ਨੂੰ ਅਪਣੀ ਜੈ ਹੋਣ ਦਾ ਭਰੋਸਾ ਨਾ ਹੁੰਦਾ ਤਦੋਂ ਤੋੜੀ ਟਾਕਰਾ ਹੀ ਨਹੀਂ ਕਰਦਾ ਸੀ, ਕਿਉਂਕਿ ਭਾਂਜ ਨਾਲੋਂ ਨਾ ਲੜਨਾ ਚੰਗਾ ਸਮਝਦਾ ਹੁੰਦਾ ਸੀ, ਘਾਤਕ ਚਾਲਾਂ ਤੋਂ ਬਹੁਤ ਘ੍ਰਿਣਾਂ ਕਰਦਾ, ਐਨੀ ਫੌਜ ਉਸ ਪਾਸ ਕਦੇ ਨਹੀਂ ਕਠੀ ਹੋਈ ਸੀ ਜੋ ਬਹੁਤੇ ਫੌਜਦਾਰਾਂ ਨਾਲ ਟਾਕਰਾ ਲੈਂਦਾ, ਇਸ ਕਰਕੇ ਉਥੋਂ ਪੈਹਲੇ ਹੀ ਕਤਰਾ ਜਾਂਦਾ ਸੀ, ਤੇ ਸਚੇ ਸਿੰਘਾਂ ਤੋਂ ਬਿਨਾਂ ਧਾੜਵੀਆਂ ਪਰ ਭਰੋਸਾ ਨਹੀਂ ਰਖਦਾ ਸੀ, ਉਸਦੀ ਜਿੱਤ ਦਾ ਅਧਕ ਕਾਰਨ ਏਹੋ ਸੀ ਕਿ ਉਹ ਜਕੋ ਤਕੀ ਛਡਕੇ ਏਕਾ ਏਕੀ ਬੈਰੀ ਪਰ ਹੱਲਾ ਕਰਕੇ ਜਾ ਪੈਂਦਾ ਉਸ ਨੂੰ ਸੰਭਲਨੇ ਤੋਂ ਪਹਿਲਾਂ ਹੀ ਹਾਲ ਚਾਲ ਪਾ ਦਿੰਦਾ, ਉਸਦੀ ਜਾਚ ਐਸੀ ਸੀ ਪਲੋ ਪਲੀ ਵਿਚ ਕਾਰਜ ਦੇ ਫਲ ਤਕ ਪੁਜ ਪੈਂਦਾ, ਜੰਗ ਵਿੱਚ ਘਾਬਰਦਾ ਨਹੀਂ ਸੀ; ਕਰਨ ਜੋਗ ਕੰਮ ਨੂੰ ਤੜੱਕ ਹੀ ਕਰ ਕਢਦਾ, ਤਾਹੀਂ ਉਸ ਨੂੰ ਵਹਿਮੀ ਲੋਕਾਂ ਨੇ ਜਾਦੂਗਰ ਉੱਘਾ ਕਰ ਰਖਿਆ ਸੀ, ਸ਼ਾਹੀ ਅਮੀਰ ਅਪਨੇ ਐਸ਼ ਵਿਚ ਮੱਤੇ ਹੋਏ ਇਤਨਾ ਫਿਕਰ ਬਾਦਸ਼ਾਹੀ ਕੰਮ ਦਾ ਨਹੀਂ ਰਖਦੇ ਸੇ ਜਿਤਨਾ ਜਾਨ ਦਾ ਬਚਾਉ ਰਖਦੇ, ਹਰ ਵੇਲੇ ਏਹੋ ਇਛਿਆ ਰਹਿੰਦੀ ਬੰਦੇ ਦਾ ਨਾਮ ਬਾਦਸ਼ਾਹ ਪਾਸ ਕੋਈ ਨਾ ਲਵੇ, ਨਹੀਂ ਤਾਂ ਸਾਨੂੰ ਜਾਣਾ ਪਏਗਾ। ਇਕ ਸ਼ਾਹੀ ਅਮੀਰਾਂ ਦੀ ਹਾਰ ਦਾ ਕਾਰਨ ਹੋਰ ਭਾਰੀ ਏਹ ਸੀ ਕਿਜੇਹੜਾ ਅਮੀਰ ਮੁਹਿੰਮ ਪਰ ਭੇਜਿਆ ਜਾਂਦਾ ਉਸਦੀ ਹੇਠੀ ਕਰਾਉਣ ਦੇ ਫਿਕਰ ਉਪਾਇ ਦੂਜੇ ਅਮੀਰ ਏਸ ਵਾਸਤੇ ਕਰਦੇ ਰਹਿੰਦੇ, ਜੇਕਰ ਏਹ ਜਿਤ ਆਇਆ ਤਾਂ ਬਾਦਸ਼ਾਹ ਏਸੇ ਨੂੰ ਲਾਇਕ ਸਾਨੂੰ ਨਾਲਾਇਕ ਸਮਝ ਲਏਗਾ, ਏਸ ਭਾਂਤ ਆਪੋ ਵਿੱਚ ਵੀ ਮਤਸਰ ਬਣੀ ਰਹਿੰਦੀ। ਉਨਾਂ ਤੋਂ ਵੈਰੀ ਨੂੰ ਅਪਣਾ ਆਪ ਬਚਾਉਣਾ ਸ਼ਾਹੀ ਸੈਨਾਂ ਨੂੰ ਹਥਾਂ

Digitized by Panjab Digital Library | www.panjabdigilib.org

ਪੈਰਾਂ ਦੀ ਪਾ ਦੇਣੀ ਕੋਈ ਔਖੀ ਚਾਲ ਨਹੀਂ ਸੀ । ਨਾਲੇ ਬੰਦੇ ਦਾ ਏਹ ਪੱਕਾ ਮਨਤੱਵ ਸੀ ਜਦੋਂ ਤਕ ਉਸ ਪਾਸ ਫੌਜ ਫਤੇ ਲੈਣ ਜੋਗ ਕੱਠੀ ਨਾ ਹੁੰਦੀ ਤਾਂ ਲੜਾਈ ਕਰਨ ਤੋਂ ਪਹਿਲੇ ਹੀ ਪਿਛੇ ਹਟ ਜਾਂਦਾ। ਏਦਾਂ ਦਾ ਪਿਛੇ ਹਟਨਾਂ ਭਾਜ ਨਹੀਂ ਅਖਵਾਂਦੀ ਬਲਕੇ ਜੰਗ ਦੀ ਚਾਲ ਹੈ ਜੋ ਸਿੰਘ ਬੰਦੇ ਤੋਂ ਪਿੱਛੋਂ ਬੀ ਕਰਦੇ ਸਨ, ਕਿਉਂਕਿ ਭਾਂਜ ਸਮਝ ਕੇ ਵੈਰੀ ਪਿੱਛੇ ਲਗ ਪੈਂਦਾ ਹੈ, ਦਾਉ ਤਕਾਕੇ ਇਕੋ ਵਾਰੀ ਭੌਂ ਕੇ ਸ਼ਤ੍ਰ ਉਤੇ ਟੁਟ ਪੈਨਾਂ ਇਕ ਤਾਂ ਏਹ ਫਤੇ ਲੈਣ ਦਾ ਕਾਰਨ ਸੀ, ਦੂਸਰੇ ਜਦ ਅਪਣੀ ਫੌਜ ਥੋੜ੍ਹੀ ਵੇਖਦਾ ਤੇ ਵੈਰੀ ਵਧੇ ਆ ਰਹੇ ਹੁੰਦੇ ਉਸੇ ਵੇਲੇ ਚਟ ਪੱਟ ਕਿਸੇ ਕਿਲੇ ਦੀ ਆੜ ਵਿੱਚ ਵੜ ਕੇ ਵੇਲੇ ਕੁਵੇਲੇ ਬਾਹਰ ਨਿਕਲ ਕੇ ਵੈਰੀ ਦੀ ਫੌਜ ਪਰ ਜਾ ਪੈਂਦਾ, ਵੱਢ ਟੁਕ ਲੁੱਟ ਪੁੱਟ ਕੇ ਮੁੜ ਕਿਲੇ ਵਿੱਚ ਆ ਜਾਂਦਾ, ਯਾ ਆਪਣੀ ਫੌਜ ਵਿਚੋਂ ਕਈ ਜੱਥੇ ਬਾਹਰ ਭੇਜ ਦੇਂਦਾ ਬਾਹਰੋਂ ਵੈਰੀ ਉਤੇ ਛਾਪੇ ਮਾਰ ੨ ਹੈਰਾਨ ਕਰਕੇ ਘੇਰੇ ਨੂੰ ਉਠਾ ਦਿੰਦੇ ਸੀ, ਏਹੋ ਕਾਇਦੇ ਮਿਸਲਾਂ ਦੇ ਸਰਦਾਰਾਂ ਨੇ ਵਰਤਕੇ ਦੁਰਾਨੀਆਂ ਤੋਂ ਦੇਸ ਛੁਡਾ ਲੀਤਾ ਸੀ। ਤੀਸਰੇ ਜਦ ਬੰਦੇ ਪਾਸ ਟਾਕਰੇ ਜੋਗੀ ਫੌਜ ਹੁੰਦੀ ਤਾਂ ਬਿਨਾਂ ਪੇਤ ਵਟ ਬਿਜਲੀ ਵਾਂਗ ਸ਼ਾਹੀ ਸੈਨਾਂ ਪਰ ਜਾ ਪੈਂਦਾ ਤੇ ਐਡੀ ਛੋਹਲੀ ਕਰਦਾ ਸ਼ਾਹੀ ਸੈਨਾਂ ਦੇਖਦੀ ਹੀ ਰੈਹ ਜਾਂਦੀ ਏਹ ਆਪਣਾ ਕੰਮ ਕਢ ਜਾਂਦਾ।

ਮੁਸਲਮਾਨ ਮੁਸੰਨਫਾਂ ਨੇ ਬੰਦੇ ਨੂੰ ਜ਼ਾਲਮ ਲਿਖਿਆ ਹੈ । ਪਰ ਏਹ ਨਹੀਂ ਸੋਚਿਆ ਜਾਲਮ ਉਤੇ ਜੁਲਮ ਕਰਨਾ ਜਾਲਮ ਪਨਾਂ ਨਹੀਂ ਇਨਸਾਫ ਹੈ, ਬਲਕੇ ਮਹੰਮਦੀ ਤਾਂ ਜਿਸਨੂੰ ਮਾਰਨਾ ਚਾਹੁੰਦੇ ਉਸਦੇ ਸਾਕ ਸਨਬੰਧੀਆਂ ਨੂੰ ਭੀ ਮੁਕਾ ਛੱਡਦੇ ਬਲਕੇ ਇਲਾਕੇ ਦਾ ਬੁਰਾ ਹਾਲ ਕਰ ਛੱਡਦੇ,ਨੇਮ ਪਾਲਣਾਂ ਤਾਂ

ਉੱਕਾ ਹੀ ਛੱਡ ਰਖਿਆ ਸੀ, ਕਿਉਂਕਿ ਜਦ ਏਨਾਂ ਦੇ ਪੈਗੰਬਰ ਨੇ ਹੁਕਮ ਹਦੀਸ ਜਾਉਲਾ ਵਿਚ ਏਹੋ ਦੇ ਰਖਿਆ ਹੈ ਕਿ ਹਜ਼ਾਰ ਕਸਮ ਖਾਕੇ ਦਗੇ ਦੇਕੇ ਕਾਫਰਾਂ ਨੂੰ ਮਾਰੋ ਬਹਿਸ਼ਤ ਪਾਓਗੇ, ਤਾਂ ਏਹ ਕਿਉਂ ਨਾ ਅਹਿਦ ਸ਼ਿਕਨੀ ਕਰਨ ?

ਬੰਦੇ ਦਾ ਨੇਮ ਸੀ ਪਹਿਲੇ ਅਪਣੇ ਸ਼ਤ੍ਰੂ ਵੱਲ ਆਦਮੀ ਭੇਜਕੇ ਕੈਹ ਦੇਣਾ ਕਿ ਲੜਾਈ ਤੋਂ ਪਹਿਲਾਂ ਤਾਬੇਦਾਰੀ ਮੰਨ ਲਓ, ਇਸ ਗੱਲੋਂ ਸਾਫ ਪਾਇਆ ਜਾਂਦਾ ਹੈ ਕਿ ਬੰਦੇ ਦਾ ਸੁਭਾਉ ਦਗੇ ਫਰੇਬ ਧੋਖੇ ਦੇਣ ਦਾ ਨਹੀਂ ਸੀ, ਉਸਦੇ ਅੰਦਰ ਸੂਰਬੀਰਤਾ ਤੇ ਦਯਾ ਤਾਂ ਕੁਟਕੁਟ ਕੇ ਭਰੀ ਹੋਈ ਸੀ, ਏਹੋ ਮਸਾਲਾ ਸਿੰਘਾਂ ਵਿੱਚ ਭਰ ਗਿਆ, ਕਿਉਂਕੇ ਸੰਗਤ ਦਾ ਫਲ ਹੋਏ ਬਿਨਾ ਨਹੀਂ ਰੁਕਦਾ। ਸਰਹੰਦ ਨਾਲ ਤਾਂ ਇਕ ਖਾਸ ਵੈਰ ਸੀ ਸਿੰਘਾਂ ਦਾ ਜਿਸ ਕਰਕੇ ਓਸਦੀ ਦੁਰਦਸ਼ਾ ਬਰਬਾਦੀ ਕੀਤੀ ਗਈ, ਇਸ ਤੋਂ ਬਿਨਾਂ ਦੇਖੋ ਹੋਰ ਕੋਈ ਕਸਬਾ ਸ਼ੈਹਰ ਨਹੀਂ ਉਜਾੜਿਆ। ਜੋ ਸ਼ੈਹਰ ਲੜ ਕੇ ਲੁਟਯਾ ਪੁੱਛਿਆ ਜਾਵੇ ਤਾਂ ਚਮਤਕਾਰੇ ਨਜ਼ਾਰੇ ਓਥੇ ਦੇਖੇ ਜਾਂਦੇ ਹਨ, ਓਹੋ ਜੇਹੇ ਹੋਰ ਕਿਸੇ ਥਾਂ ਨਹੀਂ ਨਜ਼ਰ ਪੈਂਦੇ। ਬੰਦੇ ਦੀ ਫੌਜ ਨਾਲ ਲੁਟ ਮਾਰ ਦੇ ਵੇਲੇ ਬਹੁਤਾ ਜੋਰ ਧਾੜਵੀ ਲੁਚੇ ਬੇਰਹਿਮੀ ਲੋਗਾਂ ਦਾ ਹੁੰਦਾ ਸੀ, ਜ਼ੁਲਮ ਜੋਰ ਓਹ ਕਰਦੇ ਜੁੰਮੇ ਸਿੰਘਾਂ ਦੇ ਲਗਦੇ, ਦੁਨੀਆਂ ਵਿੱਚ ਸਿਵਾਏ ਮੁਸਲਮਾਨਾਂ ਦੇ ਐਸੀ ਲੜਾਈ ਬੇਫਿਕਰੀ ਦੀ ਹੋਰ ਕਿਸੇ ਕੌਮ ਨੇ ਕਦੇ ਨਹੀਂ ਅਜ ਤਕ ਕੀਤੀ, ਜਿਸ ਵਿੱਚ ਲੋਕਾਂ ਦੇ ਘਰਾਂ ਨੂੰ ਅੱਗ ਲਾ ਕਰ ਸਾੜਿਆ ਹੋਵੇ, ਗਲੀਆਂ ਬਜ਼ਾਰਾਂ ਵਿਚ ਤਲਵਾਰ ਦੀ ਭੇਟਾ ਹਜ਼ਾਰਹਾਂ ਆਦਮੀ ਕੀਤੇ ਹੋਣ, ਲਹੂ ਲੁਹਾਨ ਘਬਰਾਂਦੇ ਹੋਏ ਨੱਠੇ ਜਾਣ, ਔਰਤਾਂ ਬੇਪਤ ਕੀਤੀਆਂ ਗਈਆਂ ਹੋਣ, ਨਿਆਣੇ ਬਚੇ ਜੀ ਭਯਾਣੇ ਫੜੇ

Digitized by Panjab Digital Library | www.panjabdigilib.org

ਹੋਏ ਰੋਂਦੇ ਕੁਰਲਾਂਦੇ ਮਾਪਿਆਂ ਤੋਂ ਵਿਛੋੜ ਕੇ ਗਜਨੀ, ਕਾਬਲ, ਕੰਧਾਰ ਵਗੈਰਾ ਸ਼ੈਹਰਾਂ ਗਿਰਦੇ ਦੋ ਦੋ ਰੁਪਯੇ ਨੂੰ ਵੇਚ ਕੇ ਉਮਰ ਭਰ ਗੁਲਾਮੀ ਕਰਾਈ ਗਈ ਹੋਵੇ, ਏਹ ਅਤੀ ਭੈਦਾਇਕ ਨਜ਼ਾਰੇ ਇਸਲਾਮ ਬਿਨਾਂ ਕਿਸੇ ਨੇ ਕਦੇ ਨਹੀਂ ਦਿਖਾਏ। ਸਰਹੰਦ ਦੀ ਦੁਰਦਸ਼ਾ ਜੋ ਹੋਈ ਓਹ ਕੇਵਲ ਓਥੋਂ ਦੇ ਹਾਕਮਾਂ ਦੇ ਜੋਰ ਜੁਲਮ ਦਾ ਸਿੱਟਾ ਲੱਗਾ, ਬਿਨਾਂ ਗੁਨਾਹ ਸ਼ੀਰ ਖੋਰ ਮਾਸੂਮ ਬਚੇ ਜਿੱਥੇ ਨੀਹਾਂ ਵਿੱਚ ਚਿਨੇ ਅਰ ਕਤਲ ਕੀਤੇ ਉਸ ਕੈਹਰ ਦੀ ਅਗ ਨੇ ਭੜਕਾਏ ਹੋਏ ਦਿਲ ਦਗਦੇ ਹੋਏ ਸਰਹੰਦ ਸ਼ੈਹਰ ਨੂੰ ਦਗਧ ਕਰ ਗਏ, ਕਿਉਂਕਿ ਬਦਲਾ ਲੈਣ ਦੀ ਅਗ ਦੌਦੇ ਭਾਂਬੜਾਂ ਵਾਂਗੂੰ ਗਿਲੇ ਸੁਕੇ ਸਬ ਨੂੰ ਫੂਕ ਗਈ। ਇਹੋ ਕੰਮ ਲੈਣ ਵਾਸਤੇ ਸਿਖਾਂ ਨੇ ਜਾਨ ਤਲੀ ਪਰ ਧਰ ਰਖੀ ਸੀ ਜ਼ਾਲਮਾਂ ਦੇ ਮੈਹਲ ਮਾੜੀਆਂ ਕੁਟੰਬ ਸਮੇਤ ਬਦਲੇ ਲੈਣ ਦੀ ਅਗ ਨੇ ਜੋ ਸਤਾਂ ਪੀੜੀਆਂ ਤਕ ਸੜਦੀ ਚਲੀ ਜਾਂਦੀ ਹੈ, ਜਿਸਦੇ ਅਗੇ ਵਡੇ ੨ ਅਕਲ ਇਲਮਾਂ ਦੇ ਧਨੀ ਭੀ ਅਪਣੇ ਆਪ ਨੂੰ ਤੇ ਵੈਰੀਆਂ ਦੇ ਅਮਾਪ ਟੱਬਰਾਂ ਨੂੰ ਸਾੜਕੇ ਸੁਵਾਹ ਕਰ ਛਡਦੇ ਹਨ, ਸੰਨ ੧੯੧੪ ਵਿਚ ਅਖੀਂ ਵੇਖੀ ਗਲ ਦਸਦੇ ਹਾਂ--ਪੂਰਬੀਏ ਲੋਕਾਂ ਨੇ ਲਾਗ ਦੀ ਅਗ ਸੇ ਭੜਕਦੇ ਫਰੰਗੀਆਂ ਦੇ ਟਬਰ ਵਢ ਸੁਟੇ, ਜਦ ਗੋਰਿਆਂ ਨੇ ਜਿਤਕੇ ਬਦਲੇ ਲੀਤੇ ਓਹ ਕਥਨ ਕਰਨ ਤੋਂ ਕਲੇਜਾ ਉਛਲ ਪੈਂਦਾ ਹੈ ਬਦਲੇ ਲੈਣੇ ਜੁਲਮ ਨਹੀਂ ਆਖੇ ਜਾਂਦੇ, ਬਸ ਜੋ ਕੁਛ ਬੰਦੇ ਨੇ ਕੰਮ ਕੀਤੇ ਸਭ ਸਲਾਘਾ ਯੋਗ ਸਮੇਂ ਦੇ ਅਨੁਸਾਰ ਕੀਤੇ। ਕੋਈ ੨ ਲੋਗ ਏਹ ਬੀ ਅਪਣੇ ਇਤਿਹਾਸ ਵਿੱਚ ਲਿਖਦੇ ਹਨ ਕਿ ਬੰਦਾ ਕੋਈ ਹੋਰ ਪੁਰਖ ਨਹੀਂ ਸੀ ਸਿਰਫ ਗੁਰੂ ਗੋਬਿੰਦ ਸਿੰਘ ਜੀ

Digitized by Panjab Digital Library | www.panjabdigilib.org

ਨੇ ਰੂਪ ਬਦਲ ਕੇ ਬੰਦਾ ਨਾਮ ਮਸ਼ਹੂਰ ਕਰ ਰਖਿਆ ਸੀ, ਪਰ ਏਹ ਕਥਨ ਓਨਾਂ ਦਾ ਅਯੋਗ ਹੈ, ਕਿਉਂਕਿ ਦਸਮੇਂ ਗੁਰੂ ਦੇ ਪਾਸ ਬਹੁਤ ਸਿੰਘ ਰਹਿਣ ਵਾਲੇ ਬੰਦੇ ਦੇ ਸਾਥੀ ਰਹਿ ਕੇ ਫੇਰ ਪੰਥ ਖਾਲਸੇ ਵਿੱਚ ਰਹੇ ਹਨ, ਓਨਾਂ ਨੇ ਹੀ ਬੰਦੇ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਵਿੱਚ ਗੱਦੀ ਬਿਛਵਾ ਕੇ ਬੈਠਣੋਂ ਹਟਾਇਆ ਸੀ, ਜਿਸ ਤੇ ਉਸਦੀ ਨਿਰਾਦਰੀ ਹੋਣੇ ਕਰ ਬੰਦਈ ਸਿਖਾਂ ਦੀ ਖਾਲਸੇ ਪੰਥ ਨਾਲ ਵਿਗੜੀ ਸੀ, ਜੇ ਗੁਰੂ ਨੇ ਰੂਪ ਬਦਲਿਆ ਹੁੰਦਾ ਤਾਂ ਓਨਾਂਨੂੰ ਦਰਬਾਰ ਵਿੱਚੋਂ ਸਿੱਖ ਕਦੇ ਨਹੀਂ ਉਠਾ ਸਕਦੇ ਸੇ ॥

ਏਹ ਬੰਦੇ ਦੇ ਪੁਤ੍ਰ ਪੋਤ੍ਰੇ ਅਰ ਸਿਖ ਸੇਵਕ ਸਬ ਗੁਰੂ ਗ੍ਰੰਥ ਸਾਹਿਬ ਗੁਰਬਾਨੀ ਤੇ ਬੰਦੇ ਦੇ ਸਿਵਾ ਹੋਰ ਕਿਸੇ ਨੂੰ ਨਹੀਂ ਮੰਨਦੇ, ਅਰਦਾਸ ਵਿੱਚ ਦਸੋ ਪਾਤਸ਼ਾਹੀਆਂ ਦਾ ਨਾਮਲੈਕੇ ਫੇਰ ਬੰਦੇਦਾ ਉਪ੍ਰੰਤਅਜੀਤ ਸਿੰਘ ਜੁਝਾਰ ਸਿੰਘ ਫਤੇ ਸਿੰਘ ਦਾ ਨਾਮ ਲੈਂਦੇ ਹਨ। ਬਾਬੇ ਬੰਦੇ ਦੇ ਦਰਬਾਰ ਵਿੱਚ ਦਮਦਮੇ ਪਰ ਸਵਾ ਪਹਿਰ ਦੇ ਤੜਕੇ ਨੌਬਤ ਵਜਦੀ ਹੈ, ਕੀਰ-ਤਨ ਦੋਨੋਂ ਵੇਲੇ ਹੁੰਦਾ ਹੈ, ਰਹਿਰਾਸ ਪੜ੍ਹ ਕੇ ਚੌਂਕੀ ਕੀਰਤਨ ਕਰਦੀ ਹੋਈ ਸੰਗਤ ਦਮਦਮੇ ਦੀਆਂ ਪਰਕ੍ਰਮਾਂ ਲੈਂਦੀ ਹੈ ॥

ਬੰਦਈ ਗੰਗਾ ਫੁਲ ਨਹੀਂ ਪਾਉਂਦੇ ਜਦ ਵਸਾਖੀ ਦਿਵਾਲੀ ਹੋਲੇ ਨੂੰ ਡੇਹਰੇ ਸਾਹਿਬ ਆਉਂਦੇ ਹਨ ਤਾਂ ਵੰਦ੍ਰ ਭਾਗਾ ਵਿੱਚ ਪਾ ਜਾਂਦੇ ਹਨ, ਦੀਪਮਾਲਾ ਨੂੰ ਹਰੇਕ ਪ੍ਰਗਣੇ ਦਾ ਭਾਈ ਜਿਸ ਨੂੰ ਕਦੇ ਮਸੰਦ ਆਖੀਦਾ ਸੀ, ਅਪਣੀ ੨ ਸੰਗਤ ਦੀ ਉਗਰਾਹੀ ਕਰਕੇ ਨਾਲ ਲੈਕੇ ਆਉਂਦਾ ਹੈ, ਚੜ੍ਹਾਵਾ ਚੜ੍ਹਾਉਂਦੇ ਹਨ, ਸੁਖਣਾਂ ਪੂਰੀ ਹੋਣ ਦਾ ਵਖਰਾ, ਪੁਤ੍ਰ ਜੰਮੇ ਵਿਆਹੇ ਮੁਕਲਾਏ

Digitized by Panjab Digital Library | www.panjabdigilib.org

ਦਾ ਵੱਖਰਾ ਗੋਲਕ ਦਾ ਦਸਵੰਧ ਦਾ ਸਭ ਵਖਰੀ ੨ ਪੂਜਾ ਦੇਕੇ ਵਹੀਆਂ ਵਿੱਚ ਦੋਹੀਂ ਪਾਸੀਂ ਲਿਖਾ ਜਾਂਦਾ ਹੈ,ਵਿਜਾਹ ਮੁਕਲਾਵੇ ਆਈ ਨੂੰਹ ਪੁਤ੍ਰ ਨੂੰ ਲੈਜਾਕੇ ਓਥੇ ਮਥਾ ਟਿਕਾਉਂਦੇ ਹਨ ਮੁੰਡਨ ਜਨੇਊਕਰਨ ਦੀ ਰਸਮ ਭੀ ਓਥੇਹੀ ਜਾਕੇ ਕਰਦੇ ਹਨ,ਦਮਦਮੇ ਸਾਹਿਬ ਪਰ ਨਿਸਚਾ ਭਰੋਸਾ ਅਦੁਤੀ ਹੈ। ਬੰਦਈ ਸਿਖੀ ਦੀਆਂ ਜੇਲਾਂ ਮੁਲਤਾਨ,ਝੰਗ,ਬਹਾਵਲ ਪੁਰ,ਲਾੜਕਾਨੇ, ਰੋੜੀ, ਸਖਰ, ਸ਼ਿਕਾਰ ਪੁਰ,ਸਿੰਧਹੈਦ੍ਰਾਬਾਦ,ਰਾਵਲ ਪਿੰਡੀ,ਛੇਰਾਖੁਸ਼ਾਬ,ਦੜਪ, ਟਾਵੇਂ ਟਾਵੇਂ ਮਾਝੇ ਦੁਆਬੇ ਦੇ ਬੀ ਹਨ। ਏਹ ਸਭ ਮੇਲੇਦੇ ਜੋੜ ਮੇਲਪਰ ਆਕੇ ਪਾਹੁਲ ਉਪਦੇਸ਼ ਗੁਰਮੰਤਰ ਗੱਦੀ ਨਸ਼ੀਨ ਤੋਂ ਲੈਂਦੇ ਹਨ,ਸਿੰਘ ਖੰਡੇਦਾ ਅੰਮ੍ਰਤ ਛਕਦੇ ਹਨ ਤੇ ਸਹਿਜਧਾਰੀ ਚਰਨਪਾਹੁਲ ਲੈਂਦੇ ਹਨ, ਓਹ ਭਾਈ ਜੇਹੜੇ ਉਗਰਾਹੀ ਕਰਨ ਜਾਂਦੇ ਹਨ, ਗੱਦੀ ਵਾਲੇ ਤੋਂ ਹੁਕਮਨਾਮਾ ਮੁਹਿਰੀ ਇਕੋ ਮਜ਼ਮੂਨ ਦਾ ਲੈ ਜਾਂਦੇ ਹਨ ਓਹ ਮਜ਼ਮੂਨ ਹਮੇਸ਼ ਲਈ ਇਕੋ ਏਹ ਹੈ:-

੧ ਓ ਸਤਿਗੁਰਪ੍ਰਸਾਦਿ

ਫਤਹਿ ਸੱਚੇ ਸਾਹਿਬ ਜੀ ਕੀ, ਸ੍ਰੀ ਅਕਾਲ ਪੁਰਖ ਸਚੇ ਸਾਹਿਬ ਜੀ ਕੇ ਤਖਤ ਦੇ ਸਲਾਮੀ ਭਾਈ ਸੋਭਾ ਸੰਤ ਹੋਰ ਸਰਬਤ ਸਾਧ ਸੰਗਤ ਵਾਸੀ ਵਿਹਾਦੀ ਨੂੰ ਗੁਰੂ ਰੱਖੇਗਾ, ਗੁਰੂ ਗੁਰੂ ਜਪਣਾ ਜਨਮ ਸਵਰੇਗਾ, ਹੋਰ ਹੁਕਮ ਸ੍ਰੀ ਦਮ-ਦਮੇ ਸਾਹਿਬ ਦਾ, (ਏਥੇ ਪਿੰਡਾਂ ਦੇ ਨਾਮ ਲਿਖਕੇ ਅੱਗੇ ਫੇਰ ਏਹ ਲਿਖਿਆ ਜਾਂਦਾ ਹੈ) ਕਾਰ, ਭੇਟ, ਦਸਵੰਧ, ਚਲੀਆ, ਮੰਨਤ ਮਨੌਤੀ, ਪੁਤ੍ਰਾਈ, ਬਧਾਈ, ਗੋਲਕ, ਅਰਦਾਸ, ਹੋਰ ਜੋ ਕੁਛ ਕੌਡੀ ਦਮੜੀ ਗੁਰੂ ਕੇ ਨਮਿਤ ਕੀ ਹੋਵੇ ਸੋ

Digitized by Panjab Digital Library | www.panjabdigilib.org

ਹੁਕਮਨਾਮਾ ਵੇਖਦਿਆਂ ਤਾਰ ਦੇਵਣੀ ਜੋ ਖੁਸ਼ੀ ਵਕਤ ਸਿੱਖ ਸਿਖਣੀ ਤਾਰ ਦੇਵੇਗਾ ਸੋ ਨਿਹਾਲ ਹੋਵੇਗਾ, ਸਾਸਾਂ ਦਾ ਭਲਾ ਹੋਵੇਗਾ, ਮਨੋਰਥ ਪੂਰਾ ਹੋਵੇਗਾ, ਰਿਜਕ ਦਾ ਵਾਧਾ ਹੋਵੇਗਾ, ਹੋਰ ਰਹਿਤ ਪਰ ਰਹਿਣਾਂ, ਸਚ ਪਰ ਚਲਣਾਂ, ਹੋਰ ਜੋ ਕੁਛ ਭਾਈ ਸੋਭਾ ਸੰਤ ਮੁਖ ਬਚਨੀ ਕਹੇ ਸੋ ਪਰਵਾਂਨ ਕਰਨਾਂ, ਸੰ: ੧੯੫੮ ਮੱਘਰ ਦਿਨ ੫ ਸਤੂਾਂ ਲਿਖਕੇ ਮੁਹਿਬ (ਦੇਗੋ ਤੇਗੋ ਫਤਹਿ ਓ ਨਸਰਤ ਬੇਦ ਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ)

ਏਹ ਹੁਕਮਨਾਮਾ ਲੈਜਾਣ ਵਾਲੇ ਦੀ ਬੜੀ ਸੇਵਾ ਮਾਨਤਾ ਹੁੰਦੀ ਹੈ,ਪਿੰਡ ਦੀ ਹੱਦੋਂ ਬਾਹਰ ਸਿਖ ਲੈਣ ਆਉਂਦੇ ਹਨ, ਬੜੀਆਂ ਅਰਜੋਈਆਂ ਕਰ ਕਰ ਪ੍ਰੇਮ ਨਾਲ ਹੁਕਮ ਨਾਮਾ ਸੁਣਕੇ ਆਪ ਨੂੰ ਧੰਨਜਾਭਾਗੀ ਮੰਨਦੇ ਹਨ। ਅਦਬ ਹੁਕਮ ਨਾਮੇ ਦਾ ਐਡਾ ਕਰਦੇ ਹਨ ਜਿਤਨਾ ਚਿਰ ਭਾਈ ਕਾਰ ਭੇਟ ਲੈਕੇ ਮੋੜ ਨਾ ਆਵੇ ਓਨਾ ਚਿਰ ਓਹਬੀ ਅਤੇ ਸੰਗਤਬੀ ਭੁੰਜੇਸੌਂਦੇਹਨ। ਸੰਗਤ ਬਿਦਾ ਕਰਨ ਆਈਨੂੰ ਜਿੰਨਾ ਚਿਰ ਭਾਈ ਤਿੰਨ ਵਾਰੀ ਨਾ ਮੁੜੇ ਮੁੜਦੀ ਨਹੀਂ, ਏਸੇ ਭਾਂਤ ਗੱਦੀ ਨਸ਼ੀਨ ਪਾਸ ਆਈ ਹੋਈ ਸੰਗਤ ਨੂੰ ਜਿੰਨਾਂ ਚਿਰ ਬਿਦਾਈ ਨਾ ਦੇਵੇ ਉਨਾਂ ਚਿਰ ਭਾਵੇਂ ਪਿੱਛੇ ਘਰ ਵਿੱਚ ਕੈਸਾ ਹੀ ਕੰਮ ਵਿਗੜੇ ਸੰਗਤ ਜਾਂਦੀਨਹੀਂ, ਹੁਕਮ ਨਾਮੀਏਂ ਨੂੰ ਇਕ ਪਿੰਡੋਂ ਦੂਜੇ ਪਿੰਡ ਓਥੋਂ ਤੀਜੇ ਪਿੰਡ ਸਾਰੇ ਪਿੰਡ ਦੀ ਸੰਗਤ ਆਕੇ ਬੜੇ ਅਦਬ ਉਤਸ਼ਾਹ ਨਾਲ ਲੈ ਜਾਂਦੇ ਹਨ, ਅਰਦਾਸ ਕਰੇ ਬਿਨਾਂ ਕੋਈ ਕੰਮ ਨਹੀਂ ਕਰਦੇ, ਬੰਦਈ ਸਿੱਖ ਬ੍ਰਾਹਮਣ ਨੂੰ ਪੀਰ ਫਕੀਰ ਮੜ੍ਹੀ ਮਸਾਣੀਂ ਦੇਵੀ ਦੇਵਤਾ ਸਗਨ ਅਪਸਗਨ ਤਿਥਿ ਵਾਰ ਦਾ

Digitized by Panjab Digital Library | www.panjabdigilib.org

ਕੋਈ ਵੀਚਾਰ ਨਹੀਂ ਰੱਖਦੇ ਸਾਰੇ ਕੰਮਾਂ ਦੇ ਸੁਧਾਰ ਵਾਸਤੇ ਇਕ ਅਕਾਲਪੁਰਖ ਨੂੰ ਹੀ ਮੰਨਦੇ ਧਿਆਉਂਦੇ ਰਹਿੰਦੇ ਹਨ। ਬੰਦਈ ਸਿੱਖ ਸਿੰਧ ਵਿੱਚ ਬਹੁਤ ਹਨ, ਪਰ ਹੁਣ ਓਹ ਬੰਦਈ ਕਹਾਉਣੋਂ ਘ੍ਰਿਣਾਂ ਤੇ ਟਾਲਾ ਕਰਦੇ ਹੋਏ ਸਿੰਘ ਸਦਾਉਣ ਵਿੱਚ ਖੁਸ਼ ਹਨ, ਤਾਹੀਂ ਬੰਦਈ ਘਟਦੇ ਜਾਂਦੇ ਹਨ, ਮੇਰੇ ਲਿਖਨ ਤੋਂ ਬਿਨਾਂ ਹੀ ਏਸ ਤਵਾਰੀਖ ਦੇ ਪੜ੍ਹਨੇ ਸੁਣਨੇ ਵਾਲੇ ਆਪ ਹੀ ਸਮਝ ਸਕਦੇ ਹਨ ਕਿ ਏਹ ਬੰਦਾ ਬਹਾਦਰ ਕੈਸਾ ਕਾਇਮ ਮਿਜਾਜ਼, ਸ਼ੇਰ ਦਿਲ, ਆਪਣੇ ਸਮੇਂ ਦਾ ਸਿਕੰਦਰ ਰੁਸਤਮ ਜਵਾਂ ਮਰਦ ਸੂਰਬੀਰ ਹੋ ਗੁਜ਼ਰਿਆ ਹੈ। ਮੁਸਲਮਾਨ ਹਾਕਮਾਂ ਨੇ ਪੰਜ ਸੌ ਬਰਸ ਜੇਹੜੇ ਜੇਹੜੇ ਜ਼ੋਰ ਜ਼ੁਲਮ ਹਿੰਦੂਆਂ ਉਤੇ ਕੀਤੇ ਦੁਖ ਦਿੱਤੇ ਹਨ ਓਹ ਪਿਛਲੀਆਂ ਤਵਾਰੀਖਾਂ ਦੇਖਣ ਤੋਂ ਅੰਗਜਾਰਾਂ ਵਾਂਗੂ ਹਿੰਦੂਆਂ ਨੂੰ ਜਲਾ ਜਲਾ ਤੜਫਾਉਂਦੇ ਹੋਏ ਕੰਡੇ ਵਾਂਗੂੰ ਚੁਭਦੇ ਸਨ। ਜਦਪਿ ਹਿੰਦੁਸਤਾਨ ਦੇ ਬੜੇ ੨ ਬਹਾਦਰ ਰਾਜਪੂਤਾਂ ਨੇ ਮੁਸਲਮਾਨਾਂ ਦੇ ਮੁਕਾਬਲੇ ਕੀਤੇ, ਆਪਣੇ ਲਹੂ ਨਾਲ ਧਰਤੀ ਰੰਗੀ, ਪਰ ਆਖਰ ਸਭ ਨੂੰ ਮੁਸਲਮਾਨਾਂ ਦੀ ਤਾਬੇਦਾਰੀ ਉਠਾਉਣੀ ਪਈ। ਏਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਖਾਲਸਾ ਦੀ ਹਿੰਮਤ ਦਾ ਫਲ ਹੈ ਜੋ ਛੀ ਸੱਤ ਸੌ ਬਰਸ ਦੀ ਜੰਮੀ ਹੋਈ ਬਾਦਸ਼ਾਹੀ ਨੂੰ ਉਠਾ ਦੇਣਾ ਤੇ ਦੁਸ਼ਮਣਾਂ ਦਾ ਬੁਰਾ ਹਾਲ ਕਰਨਾਂ, ਸਭ ਤੋਂ ਵਧਕੇ ਖਾਲਸਾ ਧੰਨਜਤਾ ਦੇ ਜੋਗ ਏਸ ਵਾਸਤੇ ਹੈ ਕਿ ਜਿਨ੍ਹਾਂ ਹਿੰਦੂਆਂ ਨੇ ਬੀ ਏਨਾਂ ਨਾਲ ਦੁਸ਼ਮਣੀ ਕੀਤੀ ਸੀ ਖਾਲਸਾ ਓਨਾਂ ਨੂੰ ਬੀ ਪਾਲਦਾ ਰਿਹਾ, ਕਿਉਂਕਿ ਹੁਕਮ ਗੁਰੂ ਦਾ ਹੈ (ਬੁਰੇ ਦਾ ਭਲਾ ਕਰ ਗੁਸਾ ਮਨ ਨਾ ਹਢਾਇ) (ਅਗੈ ਮੂਲ ਨਾ ਆਵਈ ਦੋਜ਼ਖ ਸੰਦੀ ਭਾਹ)।

Digitized by Panjab Digital Library | www.panjabdigilib.org

# ਸਿੰਘਾਂ ਦੀ ਤੇ ਬੰਦੇ ਦੀ ਬਹਾਦਰੀ ਬਾਬਤ ਤਵਾਰੀਖ਼ ਮੁਹੱਯਤ ਆਜ਼ਮ ਦੀ ਗਵਾਹੀ

ਖਾਲਸੇ ਦੀ ਤੇ ਬਾਬੇ ਬੰਦੇ ਦੀ ਬਹਾਦਰੀ ਦਾ ਜ਼ਿਕਰ ਮੌਲਵੀ ਗੁਲਾਮ ਅਲੀ, ਫਰੁਖਸੀਅਰ* ਦੇ ਮੁਨਸ਼ੀ ਨੇ ਐਉਂ ਲਿਖਿਆ ਹੈ ਕਿ:-ਸਿੰਘਾਂ ਦੇ ਪੰਥ ਤੇ ਬੰਦੇ ਬੈਰਾਗੀ ਵਿਚ ਈਸ਼੍ਵਰ ਦੀ ਕੁਦਰਤ ਨੇ ਐਸੀ ਲਾਸਾਨੀ ਤਾਕਤ ਬਖਸ਼ੀ ਹੈ ਜੋ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੋਈ, ਏਨ੍ਹਾਂ ਲੁਟੇਰਿਆਂ ਨੇ ਸੂਬੇ ਸਰਹੰਦ ਤੇ ਲਾਹੌਰ ਨੂੰ ਬਰਬਾਦ ਕਰ ਛਡਿਆ, ਅਨੇਕ ਵਾਰੀ ਏਨਾਂ ਪਰ ਲਸ਼ਕਰ ਗਿਆ, ਪਰ ਏਹ ਕਾਬੂ ਨਾ ਆਏ, ਏਨ੍ਹਾਂ ਨੇ ਐਸੇ ਐਸੇ ਚਾਲੇ ਵੰਧ ਫਰੇਬ ਕੀਤੇ ਤੇ ਸ਼ਾਹੀ ਅਫਸਰਾਂ ਨੂੰ ਹਥ ਦਿਖਾਏ ਜੋ ਮੈਂ ਸਾਰੇ ਲਿਖਾਂ ਤਾਂ ਪੜ੍ਹਨ ਵਾਲੇ ਲੋਗ ਝੂਠ ਸਮਝਣਗੇ, ਏਸ ਕਰਕੇ ਮੈਂ ਨਹੀਂ ਲਿਖਦਾ। ਓੜਕ ਬਾਦਸ਼ਾਹ ਨੇ ਏਨਾਂ ਵਿਚ ਨਿਫਾਕ ਪਾਕੇ ਕੁਛ ਸਿਖਾਂ ਸਮੇਤ ਬੰਦੇ ਨੂੰ ਬੜੀ ਮੁਸ਼ਕਿਲ ਨਾਲ ਫੜਕੇ ਦਿਲੀ ਮੰਗਾ ਕੇ ਮਰਵਾਇਆ, ਸੋ ਬੀ

*ਫਰੁਖਸੀਅਰ ਔਰੰਗਜ਼ੇਬ ਦਾ ਪੋਤਾ ਸੀ। ਔਰੰਗਜ਼ੇਬ ਦੇ ਮਰਨੇ ਬਾਦ ਤਿੰਨਾਂ ਬੇਟਿਆਂ ਵਿਚ ਲੜਾਈ ਹੋਈ ਓੜਕ ਬਹਾਦਰਸ਼ਾਹ ਬਾਦਸ਼ਾਹ ਬਨ ਗਿਆ, ਪਰ ਏਹ ਭੀ ਜਦ ਦੱਖਣ ਦੇ ਝਗੜੇ ਦਾ ਫੈਸਲਾ ਕਰਕੇ ਬੰਦੇ ਦੇ ਮਾਰਨ ਨੂੰ ਆਇਆ ਤਾਂ ਆਪ ਹੀ ਲਾਹੌਰ ਪਹੁੰਚ ਕੇ ਸੰਮਤ ੧੭੬੯ ਬਿ: ਨੂੰ ਕਾਲਵਸ ਹੋ ਗਿਆ। ਦੋ ਬਰਸ ਬਰਾਬਰ ਜੰਗ ਕਰਨੇ ਦੇ ਬਾਦ ਏਸਦਾ ਬੇਟਾ ਜਹਾਂਦਾਰ ਸ਼ਾਹ ਅਮੀਰ ਜ਼ੁਲਫਕਾਰ ਖਾਂ ਦੀ ਮਦਦ ਨਾਲ ਤਖਤ ਪਰ ਬੈਠਾ, ਪਰ ਏਸਨੇ ਇਕ ਕੰਜਰੀ ਦੇ ਅਧੀਨ ਹੋਕੇ ਉਸਦੇ ਸਨਬੰਧੀਆਂ ਨੂੰ ਬੜੇ ੨ ਉਹਦੇ ਦਿਤੇ ਜਿਸ ਤੋਂ ਜ਼ੁਲਫਕਾਰ ਖਾਂ ਆਦਿਕ ਅਮੀਰਾਂ ਨੇ ਦੁਖੀ ਹੋਕੇ ਏਸਦੇ ਭਤੀਜੇ ਫਰੁਖਸੀਅਰ ਨੂੰ ਜੋ ਬੰਗਾਲੇ ਦਾ ਸੂਬਾ ਸੀ, ਜਾ ਚਮਕਾਇਆ। ਫਰੁਖਸੀਅਰ ਨੇ ਇਲਾਹਾਬਾਦ ਦੇ ਸੂਬੇ ਅਬਦੁਲਾ ਖਾਂ ਦੀ ਸਲਾਹ ਨਾਲ ਵਜ਼ੀਰ ਸਮੇਤ ਜਹਾਂਦਾਰ ਸ਼ਾਹ ਨੂੰ ਕਤਲ ਕਰਾਕੇ ਤਖਤ ਮਲ ਲੀਤਾ, ਅਬਦੁਲਾ ਖਾਂ ਨੂੰ ਆਪਣਾ ਵਜ਼ੀਰ ਬਣਾ ਲਿਆ ਫਿਰ ਜਹਾਂਦਾਰਸ਼ਾਹ ਦੇ ਸਬ ਬੇਟੇ ਕਤਲ ਕਰਾ ਸੁਟੇ। ਫਰੁਖਸੀਅਰ ਨੇ ਅਜੀਤ ਸਿੰਘ ਜੋਧਪੁਰੀਏ ਦੀ ਬੇਟੀ ਨਾਲ ਵਡੀ ਧੂੰਮ ਧਾਮ ਦੀ ਸ਼ਾਦੀ ਕੀਤੀ, ਤੇ ਅੰਤ ਨੂੰ ੧੭੭੬ ਬਿ: ਨੂੰ ਮਾਰਿਆ ਗਿਆ॥

ਧੋਖੇ ਵਿਚ ਆਕੇ ਫੜਿਆ ਗਿਆ, ਨਹੀਂ ਤਾਂ ਉਸਨੂੰ ਕਿਸ ਮਾਈ ਦੇ ਪੁੱਤ੍ਰ ਨੇ ਫੜਨਾ ਸੀ।ਇਨਾਂ ਸਿਖਾਂ ਵਿਚ ਐਸੀ ਮਿਲਤ ਮੁਹਬਤ ਤੇ ਹਿੰਮਤ ਹੈ ਜੋ ਦੂਸਰੇ ਕਿਸੇ ਵਿਚ ਨਹੀਂ। ਏਹ ਸਬ ਹਥਜਾਰ ਨਾਲ ਅਪਾਰ ਪਿਆਰ ਰਖਦੇ ਹਨ ਤੇ ਨਿਹਾਯਤ ਲੜਾਕੇ ਤਾਕਤਵਰ ਕਸਰਤ ਕਰਨੇ ਵਾਲੇ ਨਿਰ ਭੈ, ਸੂਰਬੀਰ, ਜਵਾਂ ਮਰਦ, ਸੁਖਨ ਦੇ ਸਚੇ ਤੇ ਗਰੀਬ ਰਖਯਕ ਹਨ। ਏਨਾਂ ਦਾ (ਪੇਸ਼ਵਾ) ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਤੋਂ ਦਸਮੀ ਪੁਸ਼ਤ, ਆਪਨੇ ਸਮੇਂ ਦਾ ਰੁਸਤਮ ਸਿਕੰਦਰ ਹੋਇਆ ਹੈ। ਏਸ ਗੁਰੂ ਤਕ ਗੁਰੂ ਨਾਨਕ ਦੇ ਘਰਾਨੇ ਦਾ ਚਾਲ ਚਲਨ ਬੰਦਗੀ ਵਾਲੇ ਸੂਫੀ ਫਕੀਰਾਂ ਜੈਸਾ ਰਿਹਾ ਹੈ ਤੇ ਮਜ਼੍ਹਬ ਬੀ ਏਨਾਂ ਦਾ ਸਾਧਾਰਨ ਹੈ, ਕੋਈ ਪਖ ਪਾਤ ਨਹੀਂ ਰਖਿਆ। ਗੁਰੂ ਨਾਨਕ ਸਾਹਿਬ ਬਾਬਰ ਸ਼ਾਹ ਦੇ ਵਕਤ ਬੜੇ ਮਾਤਬਰ ਪੁਰ ਤਾਸੀਰ ਕਲਾਮ ਵਾਲੇ ਐਸੇ ਹੋਏ ਹਨ, ਜਿਨਾਂ ਦੇ ਉਪਦੇਸ਼ ਨਾਲ ਪੱਥਰ ਦਿਲ ਭੀ ਮੋਮ ਹੋ ਜਾਂਦੇ ਸਨ, ਉਨਾਂ ਦੀ ਪਾਕ ਕਲਾਮ ਨੇ ਇਕ ਆਲਮ ਪਵਿੱਤ੍ਰ ਕਰ ਦਿਤਾ ਸੀ, ਸਯਦ ਪੀਰ ਹੁਸੈਨ ਜੋ ਉਸ ਸਮੇਂ ਦਾ ਚਰਾਗ ਦੀਨੀ ਮੰਨਜਾਂ ਜਾਂਦਾ ਸੀ, ਓਹ ਆਪ ਗੁਰੂ ਨਾਨਕ ਸਾਹਿਬ ਜੀ ਦੀ ਬਹੁਤ ਤਾਰੀਫ ਕਰਦਾ ਹੁੰਦਾ ਸੀ।ਜੋ ਕੁਛ ਇਲਮ, ਹੁਨਰ ਤੇ ਚੰਗੇ ੨ ਤ੍ਰੀਕੇ ਹਨ, ਜਿਨਾਂ ਦੇ ਕਮਾਉਣੇ ਕਰ ਪੈਗੰਬਰੀ ਦਰਜੇ ਨੂੰ ਪਹੁੰਚ ਸਕੀਦਾ ਹੈ, ਓਹ ਅਮੋਲਕ ਦੈਵੀ ਗੁਣ ਸਵਾਇ ਗੁਰੂ ਨਾਨਕ ਤੇ ਹੋਰ ਕਿਸੇ ਨੂੰ ਰਬ ਨੇ ਨਹੀਂ ਦਿਤੇ॥

ਗੁਰੂ ਨਾਨਕ ਜੀ ਨਿਹਾਯਤ ਸੁੰਦਰ ਮਿਠ ਬੋਲੇ, ਮੋਹਣੀ ਮੂਰਤ, ਹਸੂ ਹਸੂ ਕਰਨ ਵਾਲੇ ਸੇ। ਜੋ ਕੋਈ ਉਨ੍ਹਾਂ ਨੂੰ ਦੇਖਦਾ ਤੇ ਬਚਨ ਸੁਣਦਾ, ਓਹੋ ਮੁਰੀਦ ਬਣ ਜਾਂਦਾ।

Digitized by Panjab Digital Library | www.panjabdigilib.org

ਸਿਖਾਂ ਦਾ ਫ਼ਿਰਕਾ ਹਿੰਦੂ ਮੁਸਲਮਾਨ ਦੋਹਾਂ ਤੋਂ ਨਿਆਰਾ ਹੈ, ਦੋਹਾਂ ਦੀਨਾਂ ਵਿਚ ਜੋ ਚੰਗੇ ੨ ਤਰੀਕੇ ਹਨ ਸੋ ਸਭ ਏਨ੍ਹਾਂ ਨੇ ਚੁਣ ਕੇ ਰਖ ਲਏ ਹਨ। ਗੁਰੂ ਨਾਨਕ ਨੇ ਦੋਹਾਂ ਦੀਨਾਂ ਨੂੰ ਇਕ ਕਰਨੇ ਦਾ ਤਰੀਕਾ ਨਿਕਾਲਿਆ ਹੈ, ਜਿਸਨੂੰ ਦੋਵੇਂ ਦੀਨ ਚੰਗਾ ਸਮਝਦੇ ਹਨ, ਪੂਰਾ ਭਰੋਸਾ ਹੈ ਕਿ ਕਦੇ ਦੋਹਾਂ ਦੀਨਾ ਤੋਂ ਦ੍ਵੈਤ ਦੂਰ ਹੋਕੇ ਇਕ ਸਿਖ ਮਜਹਬ ਹੀ ਹੋ ਜਾਏਗਾ, ਕਿਉਂਕਿ ਨਿਮਾਜ਼, ਰੋਜ਼ਾ, ਸੁੰਨਤ, ਕਾਬਾ, ਬੁਤਪਰਸਤੀ, ਛੂਆ ਛਾਹੀ, ਜਨੇਊ ਪਾਉਣਾ, ਕਿਸੇ ਜ਼ਾਤਿ ਦੀ ਵਡਜਾਈ ਛੋਟਾਈ, ਆਦਿ ਏਨਾਂ ਵਿਚ ਕੋਈ ਨਹੀਂ, ਏਸੇ ਵਾਸਤੇ ਇਹ ਫ਼ਿਰਕਾ ਸਭ ਨੂੰ ਪਸੰਦ ਹੈ ॥

ਏਸੇ ਢੰਗ ਦੀ ਤਾਰੀਫ਼ ਉਸ ਸਮੇਂ ਦੇ ਸਿਖਾਂ ਦੀ ਹਿੰਦੂਆਂ, ਮੁਸਲਮਾਨਾਂ ਅੰਗ੍ਰੇਜ਼ਾਂ ਨੇ ਅਨੇਕ ਤਵਾਰੀਖਾਂ ਵਿਚ ਲਿਖੀ ਹੈ। ਏਸੇ ਕਰਕੇ ਹੁਣ ਅਸੀ ਸਿੱਖਾਂ ਭਾਈਆਂ ਅਗੇ ਬੇਨਤੀ ਕਰਦੇ ਹਾਂ ਕਿ ਐ ਖਾਲਸਾ ਜੀ! ਤੁਸੀ ਗੈਰਮਜ਼੍ਹਬ ਦੇ ਲੋਗਾਂ ਦੇ ਬਚਨਾਂ ਦਾ ਲਿਹਾਜ਼ ਰਖਕੇ ਸ਼ਰਮ ਪਾਲੋ, ਇਤਫਾਕ ਰਖੋ, ਹੋਰ ਸਭ ਬਾਤਾਂ ਤੁਹਾਡੇ ਵਿਚ ਸਾਰੇ ਮਜ਼੍ਹਬਾਂ ਨਾਲੋਂ ਚੰਗੀਆਂ ਹਨ ਇਕ ਇਤਫਾਕ ਤੁਸੀ ਛੱਡ ਰਖਯਾ ਹੈ, ਸੋ ਆਪਣੀਆਂ ਖੁਦਗਰਜ਼ੀਆਂ ਨੂੰ ਛਡਕੇ ਇਕ ਜਾਂਨ ਬਣੇ ਰਹੋਗੇ ਤਾਂ ਦੁਨੀਆਂ ਵਿਚ ਆਪ ਦੀ ਵਡਿਆਈ ਤੇ ਪ੍ਰਮਾਰਥ ਦੋਵੇਂ ਸੌਰਦੇ ਰਹਿਨਗੇ ਨਹੀਂ ਤਾਂ ਘਟਦੇ ਘਟਦੇ ਘਟ ਜਾਓਗੇ ॥

ਇਤਿ

Digitized by Panjab Digital Library | www.panjabdigilib.org

੧ ੴ ਸਤਿਗੁਰਪ੍ਰਸਾਦਿ ॥

# ਤਵਾਰੀਖਗੁਰੂਖਾਲਸਾ

## ਹਿੱਸਾ ੨ ਨੰਬਰ ੨

# ਤਤ੍ਰਖਾਲਸੇਦਾਪ੍ਰਸੰਗ

ਹੁਣ ਅਸੀ ਓਸ ਤੱਤ੍ਰ ਖਾਲਸੇ ਦਾ ਬੇਅੰਤ ਵਾਰੀ ਧੰਨਜਵਾਦ ਕਰਦੇ ਹਾਂ ਤੇ ਓਨਾਂ ਸਿੰਘਾਂ ਦੀਆਂ ਹਿੰਮਤਾਂ ਤੇ ਕਸੌਟੀਆਂ ਦਾ ਜ਼ਿਕਰ ਅਪਣੇ ਭਰਾਵਾਂ ਅਗੇ ਕਰਦੇ ਹਾਂ, ਜਿਨ੍ਹਾਂ ਦੀ ਤੇਗ ਦੇ ਪ੍ਰਤਾਪ ਨਾਲ ਹੁਣ ਤਕ ਅਸੀ ਸਿੰਘਾਂ ਦੇ ਤੇ ਹਿੰਦੂਆਂਦੇ ਦਰਸ਼ਨ ਕਰਦੇ ਹਾਂ,ਨਹੀਂ ਤਾਂ ਜਿਕੂੰ ਸੱਠ ਬਰਸ ਦਿੱਲੀ ਕਾਬੁਲ ਦੀ ਜ਼ੁਲਮ ਰੂਪੀ ਜੇਠ ਹਾੜ ਦੀ ਤਪਸ਼ ਵਿਚੋਂ ਇਸ ਸਿੰਘੀ ਮਜ਼ਹਬ ਦੇ ਬਾਗ ਨੂੰ ਆਪਣੇ ਲਹੂ ਨਾਲ ਸਿੰਜ ੨ ਕੇ ਸੁੱਕਣ ਨਾ ਦਿਤਾ, ਸਗੋਂ ਉਨਾਂ ਬੇਮੁਹਾਰਾਂ ਹਲਕਾਏ ਊਂਠ ਹਾਥੀਆਂ ਤੋਂ ਬਚਾ ਕਰ ਹਰਾ ਭਰਾ ਰਖਕੇ ਫਲਿਆ ਫੁਲਿਆ ਕਰ ਦਿਖਾਇਆਹੈ। ਹੁਣ ਤਾਂ ਨਾ ਕਿਧਰੋਂ ਤੱਤੀ ਵਾਉ ਦਾ ਝੋਲਾ ਹੈ ਤੇ ਨਾ ਹੀ ਉਜਾੜ ਹੈ, ਜੇਕਰ ਇਸ ਅਮਨ ਰੂਪੀ ਸਾਵਣ ਦੇ ਮਹੀਨੇ ਵਿਚ ਭੀ ਸਾਡੇ ਸਿੰਘ ਭਾਈ ਆਪਣੇ ਪੰਥ ਦੇ ਬਾਗ ਨੂੰ ਮੁਹੱਬਤ ਤੇ ਉਪਦੇਸ਼ ਦਾ ਪਾਣੀ ਦੇ ਕੇ ਨਾ ਵਧਾਉਣਗੇ ਤਾਂ ਸਾਵਣ ਵਿਚ ਬੇਕਾਰ ਬੈਠੇ ਰਹਿਣ ਵਾਲੇ ਜਟ ਦੀ ਤਰਾਂ

Digitized by Panjab Digital Library | www.panjabdigilib.org

ਏਸ ਵਕਤ ਨੂੰ ਪਛੋਤਾਉਣਗੇ, ਤਾਂਤੇ ਅਸੀ ਆਪਣੇ ਭਰਾਵਾਂ ਨੂੰ ਪਿਛਲੇ ਸਿੰਘਾਂ ਦੀਆਂ ਕਥਾਂ ਸੁਣਾਉਨੇ ਹਾਂ, ਤਾਂਕਿ ਆਪਣੇ ਵਡਿਆਂ ਦੀਆਂ ਹਿੰਮਤਾਂ ਨੂੰ ਸੁਣਕੇ ਆਪਣੇ ਧਰਮ ਨੂੰ ਸੰਭਾਲ ਲੈਨ ॥

# ਤੁਰਕਾਂ ਨੇ ਧੋਖਾ ਦੇ ਕੇ ਸਿੰਘਾਂ ਦੇ ਜਥੇ ਤੋੜਨੇ

ਜਦ ਪੰਥ ਖਾਲਸੇ ਵਿਚ ਫਰਕ ਪਾਕੇ ਤੁਰਕਾਂ ਨੇ ਬਾਬੇ ਬੰਦੇ ਬਹਾਦੁਰ ਪੰਥ ਦੇ ਸੂਰਜ ਦੀ ਕੁੰਦੀ ਕਰ ਕੱਢੀ ਤੇ ਬੰਦਈ ਸਿੰਘਾਂ ਨੂੰ ਸਾਫ ਕਰ ਲਿਆ ਹੁਣ ਤੱਤ੍ਰ ਖਾਲਸੇ ਨਾਲ ਭੀ ਓਹੋ ਸਲੂਕ ਕਰਨ ਲਗ ਪਏ (ਕੇ ਅਪਣਾ ਕੀਤਾ, ਕੂਏ ਪੜੇ ਜੀਤਾ) (ਜਿਨਾਂ ਦੇ ਜ਼ੋਰ ਨਾਲ ਬੰਦੇ ਜੈਸੇ ਪਰਬਤਾਂ ਨੂੰ ਸਾਧਿਆ ਸੀ) ਰਿਕਸਾਂ ਭੇੜਨੀਆਂ ਸ਼ੁਰੂ ਕਰ ਦਿਤੀਆਂ। ਜੇਹੜਾ ਪੰਜ ਸੌ ਸਿੰਘ ਨੌਕਰ ਸੀ, ਉਨਾਂ ਨੂੰ ਪਹਿਰੇ ਨੌਕਰੀਆਂ ਵਿਚ ਘੁਰਕਣ ਲਗ ਪਏ ਤੇ ਜੇਹੜਾ ਜੱਥਾ ਅੰਮ੍ਰਿਤਸਰ ਵਿੱਚ ਸੀ ਓਨਾਂ ਦਾ ਵਜ਼ੀਫਾ ਅਬਦੁਲ ਸਮੁੰਦ ਖਾਂ ਸੂਬੇ ਨੇ ਬੰਦ ਕਰ ਦਿੱਤਾ ਤੇ ਨੌਕਰ ਸਿੰਘਾਂ ਦੀ ਅਧੀ ਤਨਖਾਹ ਕਰਕੇ ਅਨੇਕ ਜਗਾ ਕਾਬੁਲਦੀਆਂ ਸਰਹੱਦਾਂ ਉਤੇ ਜਾਣਦਾ ਹੁਕਮਦੇ ਦਿਤਾ। ਅੰਮ੍ਰਿਤਸਰੀਏ ਜਥੇਨੂੰ ਆਖਿਆ, ਤੁਸੀ ਲਾਹੌਰ ਰਹਿਕੇ ਨੌਕਰੀ ਦਿਆ ਕਰੋ। ਜਦ ਸਿੰਘਾਂ ਨੇਏਹੋ ਜੇਹੇ ਦੁਖਦਾਈ ਹੁਕਮ ਨਾ ਮੰਨੇ, ਫੇਰ ਤਾਂ ਝਟ ਪਟ ਹੁਕਮ ਅਦੂਲੀ ਦਾ ਬਹਾਨਾ ਧਰਕੇ ਜੇਹੜੇ ੧੨ ਪਿੰਡ ਅਮਨ ਰੱਖਣ ਦੀ ਸ਼ਰਤ ਪਰ ਮਾਫੀ ਸਿੰਘਾਂ ਦੇ ਕਬਜੇ ਹੋ ਰਖੇ ਸੇ ਓਥੇ ਆਪਣੇ ਠਾਣੇਦਾਰ ਭੇਜ ਦਿੱਤੇ। ਸਿੰਘਾਂ ਨੂੰ ਆਖਿਆ, ਤੁਸੀ ਖੇਤੀ ਕਰੋ ਅੱਧਾ ਮਾਮੂਲਾ ਤੁਹਾਨੂੰ ਮਾਫ ਕੀਤਾ ਜਾਊ। ਬਹੁਤੇ ਸਿੰਘ ਤਾਂ ਖੇਤੀ ਕਰਣ ਜਾ ਲਗੇ ਤੇ ਬੁਢ ਧਰਮਸਾਲਾ

Digitized by Panjab Digital Library | www.panjabdigilib.org

ਗੁਰਦ੍ਵਾਰਿਆਂ ਦੇ ਆਸ੍ਰੇ ਹੋ ਬੈਠੇ । ਬਾਕੀ ਰਾਜ ਪੰਜ ਹਜ਼ਾਰ ਜਵਾਨ ਅਣਖ ਵਾਲੇ ਬੀਕਾਨੇਰ, ਜੈਸਲਮੇਰ, ਜੋਧ ਪੁਰ ਆਦਿਕ ਰਾਜਪੂਤਾਨੇ ਵਿੱਚ ਨੌਕਰ ਜਾ ਰਹੇ । ਹੋਰ ਜੇਹੜੇ ਸਿੰਘ ਲਾਹੌਰ ਸੂਬੇ ਦੇ ਮਾਤਹਿਤ ਸੇ ਉਨ੍ਹਾਂ ਵਿੱਚੋਂ ਬਹੁਤ ਤਾਂ ਆਪਣੇ ਆਪਣੇ ਘਰੀਂ ਜਾ ਬੈਠੇ ਤੇ ਕੁਛ ਜਿੱਥੇ ਜਿੱਥੇ ਫੁਜੇ ਓਥੇ ਚਲੇ ਗਏ ।

## ਸਿੰਘਾਂ ਉਤੇ ਜ਼ੋਰ ਜ਼ੁਲਮ ਹੋਣੇ

ਹੁਣ ਜਦ ਸਿੰਘਾਂ ਦੇ ਦੋਵੇਂ ਜੱਥੇ ਤਿੱਤ੍ਰ ਬਿਤ੍ਰ ਹੋ ਗਏ ਤੇ ਸੂਬੇ ਨੇ ਜਾਣ ਲਿਆ ਕਿ ਸਿੰਘਾਂ ਵਿੱਚ ਤਾਕਤ ਨਹੀਂ ਰਹੀ ਤਾਂ ਸੰ: ੧੭੮੧ ਬਿ: ਨੂੰ ਢੌਂਡੀ ਦੇ ਕੇ ਸਾਰੀ ਪੰਜਾਬ ਵਿਚ ਏਸਤਰ੍ਹਾਂ ਦੀ ਢੌਂਡੀ ਫਿਰਾ ਦਿੱਤੀ ਕਿ ਬੰਦੇ ਦੇ ਵਕਤ ਜਿਸ ਕਿਸੇ ਦਾ ਕੁਛ ਨੁਕਸਾਨ ਸਿੰਘਾਂ ਦੇ ਹੱਥੋਂ ਹੋਇਆ ਹੈ ਯਾ ਕਿਸੇ ਦੀ ਕੋਈ ਜਾਇਦਾਦ ਕਿਸੇ ਸਿੰਘ ਨੇ ਦਬਾ ਲਈ ਹੈ ਓਹ ਦਾਵਾ ਕਰੇਗਾ ਤਾਂ ਮੋੜਕੇ ਦਿਵਾਈ ਜਾਊ (ਸ਼ੇਖਸਾਦੀ ਨੇ ਲਿਖਿਆ ਹੈ ਕਿ ਜਿਸ ਮੁਲਕਦੀ ਜਦ ਖੋਟੀ ਕਿਸਮਤ ਹੁੰਦੀ ਹੈ ਤਾਂ ਓਹ ਜ਼ਾਲਮ ਹਾਕਮ ਦੇ ਪੰਜੇ ਵਿਚ ਆਉਂਦਾ ਹੈ ਸੋਈ ਗਲ ਏਥੇ ਹੋਈ) ਬਸ ਏਹ ਢੌਂਡੀ ਸੁਣਕੇ ਹਿੰਦੂ ਮੁਸਲਮਾਨ ਸਬ ਸਿੰਘਾਂ ਉਤੇ ਉਲਟ ਪਏ ਭਲਾ ਤੁਰਕਾਂ ਨੇ ਤਾਂ ਬਾਦ ਬਿਬਾਦ ਕਰਕੇ ਝੂਠੇ ਮੂਠੇ ਦਾਵੇ ਕਰਨੇ ਹੀ ਸੇ, ਪਰ (ਭੇਡਾਂ ਕੁਦੀਆਂ ਤਾਂ ਲੇਲੇ ਭੀ ਟੱਪ ਪਏ) ਹਿੰਦੂਆਂ ਦੁਸ਼ਟਾਂ ਨੇ ਭੀ (ਜਿਨਾਂ ਦੇ ਧਰਮ ਰਖਣ ਵਾਸਤੇ ਸਿੰਘ ਆਪਣਾ ਲਹੂ ਡੋਲ੍ਹ ਰਹੇ ਸੇ) ਬੇਅੰਤ ਚਿੱਠੀਆਂ ਪਾ ਦਿੱਤੀਆਂ । ਹਾਕਮ ਅੰਨ੍ਹੇ ਨਿਰਦਈ ਬੇਅਦਲੀ ਕਾਜ਼ੀਆਂ ਨੇ ਕਿਸੇ ਸਿੰਘ ਨੂੰ ਬੁਲਾਕੇ

ਨਾ ਪੁਛਿਆ ਐਵੇਂ ਹੀ ਝੁਟ ਪੱਟ ਡਿਗਰੀਆਂ ਕਰਕੇ ਸਿੰਘਾਂ ਦੇ ਘਰ ਜਮੀਨ, ਬੈਲ ਘੋੜੇ, ਗਊ, ਭੈਂਸ ਅਸਬਾਬ ਕੌਡੀਆਂ ਦੇ ਭਾਉ ਲਿਲਾਮ ਕਰ ਸੁਟੇ, ਸਿੰਘਾਂ ਦੀ ਕੋਈ ਆਵਾਜ ਨਾ ਸੁਣੀ, ਸਗੋਂ ਜਿਨਾਂ ਦੀ ਜਾਇਦਾਦ ਵਿੱਚ ਡਿਗਰੀ ਦੇ ਰੁਪਯਾ ਪੂਰਾ ਨਾ ਹੋਯਾ ਓਨਾਂ ਨੂੰ ਜੇਲਖਾਨੇ ਪਹੁੰਚਾ ਦਿੱਤਾ। ਐਸਾ ਕੋਈ ਸਿੰਘ ਪੰਜਾਬ ਵਿੱਚ ਨਾ ਰਿਹਾ ਜਿਸ ਉਤੇ ਛੇ ਯਾ ਸੱਤ ਦਾਵੇ ਨਾ ਹੋਏ ਹੋਣਗੇ। ਜਿਸ ਸਿੰਘ ਉਤੇ ਕਿਸੇ ਨੇ ਖੂਨ ਦਾ ਦਾਵਾ ਕੀਤਾ ਓਹ ਕਤਲ ਕੀਤਾ ਗਿਆ।

# ਸਿੰਘ ਰਾਜਪੂਤਾਨਿਓਂ ਆਏ ਤੇ ਵੈਰੀਆਂ ਤੋਂ ਬਦਲੇ ਲਏ

ਜਦ ਏਸ ਅੰਧੇਰ ਖਾਤੇ ਦੀ ਖਬਰ ਰਾਜਪੂਤਾਨੇ ਵਾਲੇ ਸਿੰਘਾਂ ਨੂੰ ਪਹੁੰਚੀ ਤਾਂ ਓਹ ਆਪਣੇ ਸਬੰਧੀਆਂ ਦਾ ਦੁਖ ਸੁਣ ਕੇ ਸਹਿ ਨਾ ਸਕੇ, ਰਾਜਿਆਂ ਤੋਂ ਅਗਯਾ ਲੈਕੇ ਮਾਲਵੇ ਵਿੱਚ ਪੰਜ ਛੀ ਹਜਾਰ ਆ ਕੱਠਾ ਹੋਯਾ। ਰਾਜਾ ਆਲਾ ਸਿੰਘ ਆਦਿਕ ਮਲਵਈ ਸਿੰਘਾਂ ਨੇ ਭੀ ਗੁਪਤ ੨ ਬਹੁਤ ਮਦਦ ਕੀਤੀ। ਓਨ੍ਹਾਂ ਸਿੰਘਾਂ ਦਾ ਆਉਣਾ ਸੁਣਕੇ ਮੁਸਲਮਾਨਾਂ ਨੂੰ ਤਾਂ ਐਸੇ ਪਿੱਸੂ ਪਏ ਕਿ ਜਾਣੋਂ ਮੌਤ ਆ ਗਈ, ਹਾਕਮਾਂ ਨੇ ਸਤਲੁਜ ਦੀਆਂ ਬੇੜੀਆਂ ਸਬ ਫੜਕੇ ਪੱਤਣ ਰੋਕ ਲੀਤੇ, ਪਰ (ਸੁਥਣਾ ਪੈਹਨਣ ਵਾਲੇ ਨਾਲੇ ਬੰਨ੍ਹਣ ਭੀ ਜਾਣਦੇ ਹੁੰਦੇ ਹਨ) ਸਿੰਘ ਗਾਹਣ ਲੰਘ ਪਏ ਦੋ ਦੋ ਸੌ ਤਿੰਨ ਤਿੰਨ ਸੌ ਦੇ ਜੱਥੇ 1724 ਬਣਾਕੇ ਭੁੱਖੇ ਬਘਜਾੜਾਂ ਵਾਂਗੂ ਰੁਖੇ ਹੋਕੇ ਚੇਤ ਸੰ: ੧੭੮੧ ਬਿ: ਨੂੰ ਪੰਜਾਬ ਵਿਚ ਧਸ ਗਏ। ਝਟਾ ਪਟ ਸਾਰੇ ਦੇਸ ਵਿਚ ਫਿਰ ਨਿਕਲੇ, ਛੇਰ ਤਾਂ ਹੋਰ ਅਨੇਕ ਲੁਟੇਰੇ, ਧਾੜਵੀ ਲੋਗ

Digitized by Panjab Digital Library | www.panjabdigilib.org

ਸਿੰਘ ਝਾੜਾਂ ਵਿਚੋਂ ਖੁੰਬਾਂ ਵਾਂਗ ਨਿਕਲਕੇ ਖਾਲਸੇ ਜੀਦੇ ਨਾਲ ਰਲ ਗਏ । ਜਿਨ੍ਹਾਂ ਜਿਨ੍ਹਾਂ ਨੇ ਝੂਠੀਆਂ ਤੁਹਮਤਾਂ ਲਗਾਕੇ ਸਿੰਘਾਂ ਦਾ ਨੁਕਸਾਨ ਕੀਤਾ ਸੀ ਓਨਾਂ ਨੂੰ ਓਹਨਾਂ ਦੇ ਕੀਤੇ ਦਾ ਫਲ ਦਿਤਾ, ਜੋ ਕੋਈ ਨੱਠ ਗਿਆ ਸੋ ਬਚ ਗਿਆ, ਜੋ ਸਾਹਮਣੇ ਆਯਾ ਸੋ ਤਲਵਾਰ ਦੇ ਘਾਟ ਲੰਘਾਯਾ, ਸੈਂਕੜੇ ਮਸ਼ਹੂਰ ੨ ਜ਼ਾਲਮ ਤੁਰਕ ਕੁਰਕ ਛਡੇ, ਜਿਨਾਂ ਹਿੰਦੂਆਂ ਨੇ ਮੁਸਲਮਾਨਾਂ ਦੇ ਆਖੇ ਲਗਕੇ ਜ਼ੁਲਮ ਕਰਨਾ ਸ਼ੁਰੂ ਕੀਤਾ ਓਹ ਬੋਦੀ ਜਨੇਊ, ਦੰਦੀਆਂ ਦਿਖਾ ੨ ਕਾਲੀ ਗਊ ਬਣ ਬਣ ਛੁਟੇ, ਸਿੰਘਾਂ ਨੇ ਫੇਰ ਭੀ ਬੁਰੇ ਦਾ ਭਲਾ ਕੀਤਾ ਕਿਸੇ ਹਿੰਦੂ ਉੱਤੇ ਹੱਥ ਖੜਾ ਨਾ ਕੀਤਾ, ਜੋ ਚੀਜਾਂ ਤੇ ਜਾਇਦਾਦਾਂ ਸਿੰਘਾਂ ਦੀਆਂ ਜਿਨਾਂ ੨ ਨੇ ਨੀਲਾਮ ਕਰਾ ਲਈਆਂ ਸਨ, ਓਹੋ ਹੱਥ ਜੋੜ ਜੋੜ ਆਪੇ ਮੋੜ ਗਏ, ਸਗੋਂ ਓਨਾਂ ਨਾਲ ਤਾਂ ਏਹ ਕਹਾਵਤ ਹੋਈ 'ਘਰ ਤੋਂ ਬਛੁੜਾ ਲੈ ਗਈ ਬਿਜੈ ਰਾਮ ਦੀ ਗਾਇ" । ਮੁਸਲਮਾਨ ਜ਼ਾਲਮਾਂ ਨੂੰ ਖੂਬ ਸੋਧਿਆ, ਸਬ ਜੇਹਲਖਾਨੇ ਤੋੜਕੇ ਕੈਦੀਆਂ ਨੂੰ ਆਪਣੇ ਸਾਥੀ ਬਣਾਲਿਆ । ਜੋ ਦੁਖ ਮੁਸਲਮਾਨਾਂ ਨੇ ਸਿੰਘਾਂ ਨੂੰ ਦਿਤੇ ਸਨ, ਉਸਦਾ ਫਲ ਉਨ੍ਹਾਂ ਨੂੰ ਬੜੀ ਛੇਤੀ ਹੀ ਭੁਗਤਣਾ ਪਿਆ ਫੇਰ ਤਾਂ ਸਬ ਸੌਹਾਂ ਸੁਗੰਧਾਂ ਕਰ ਕਰ ਦੇਸੀ ਭਾਈ ਬਣਕੇ ਸੁਲ੍ਹਾ ਕਰਨ ਲਗ ਪਏ, ਅਬਦੁਲ ਸਮੁੰਦ ਖਾਂ ਡਰਦਾ ਮਾਰਿਆ ਲਾਹੌਰੋਂ ਬਾਹਰ ਨਾ ਨਿਕਲੇ, ਸਿੰਘਾਂ ਦੇ ਤੇਜ ਦੇ ਸਾਹਮਣੇ ਕੋਈ ਫੌਜਦਾਰ ਭੀ ਨਾ ਆਵੇ । ਭਾਵੇਂ ਓਹ ਦੁਸ਼ਟ ਤਾਂ ਆਪਣੀ ਤਰਫੋਂ ਸਿੰਘਾਂ ਨੂੰ ਬਰਬਾਦ ਕਰ ਚੁਕਾ ਸੀ, "ਪਰ (ਜਦ ਕਰਤਾ ਕੁਛ ਕੀਤਾ ਲੋੜੇ । ਅਨਿਕ ਸਬਬ ਛਿਨਕ ਮੈਂ ਜੋੜੇ) ॥"

Digitized by Panjab Digital Library | www.panjabdigilib.org

# ਜ਼ਿਕਰੀਆ ਖਾਂ ਦਾ ਸੂਬਾ ਹੋਨਾ

ਏਸੇ ਸਮੇਂ ਵਜ਼ੀਰ ਆਜ਼ਮ ਹਸਨ ਖਾਂ ਤੇ ਅਬਦੁਲਾ ਖਾਂ ਫਰੁਖਸੀਅਰ ਬਾਦਸ਼ਾਹ ਨਾਲ ਵਿਗੜ ਗਏ । ਦੋ ਧੜੇ ਹੋਕਰ ਦਿੱਲੀ ਦੇ ਦਰਬਾਰ ਵਿਚ ਤਲਵਾਰ ਚਲ ਪਈ, ਏਸੇ ਕਾਰਣ ਡੇਢ ਬਰਸ ਤਕ ਰੌਲਾ ਪਿਆ ਰਿਹਾ। ਲਾਹੌਰੀ ਸੂਬੇ ਆਦਿਕ ਪੰਜਾਬੀ ਹਾਕਮਾਂ ਨੂੰ ਆਪੋ ਆਪਣੇ ਜੋੜ ਤੋੜ ਲਾਉਣ ਦੀ ਬਿਪਤਾ ਬਣੀ ਰਹੀ,ਸਿੰਘਾਂ ਉਤੇ ਚੜ੍ਹਾਈ ਨਾ ਕਰ ਸਕੇ, ਜੇ ਕੁਛ ਆਏ ਭੀ ਤਾਂ ਸਿੰਘਾਂ ਦੀ ਲਹੂ ਪੀਣੀ ਤਲਵਾਰ ਅਗੇ ਕੁਛ ਪੇਸ਼ਨਾਗਈ।ਜਦ ਵਜ਼ੀਰਾਂ ਨੇ ਓਧਰ ਬੰਦੋਬਸਤ ਕਰ ਲਿਆ ਤੇ ਪੰਜਾਬ ਦਾ ਹਾਲ ਸੁਣਿਆਂ ਤਾਂ ਉਸ ਬੇਇੰਤਜ਼ਾਮੀ ਦਾ ਇਲਜ਼ਾਮ ਦੇਕੇ ਸੂਬੇ ਅਬਦੁਲ ਸਮੁੰਦ ਖਾਂ ਨੂੰ ਤਾਂ ਮੁਲ-ਤਾਨ ਬਦਲ ਦਿਤਾ ਤੇ ਓਸਦੀ ਜਗਾ ਓਸੇ ਦਾ ਬੇਟਾ ਜ਼ਿਕ-ਰੀਆ ਖਾਂ ਜੋ ਉਸ ਨਾਲੋਂ ਭੀ ਜ਼ਾਲਮ ਤੇਜ ਮਜਾਜ਼ ਬਹਾਦਰ ਸ਼ਖਸ ਸੀ ਅਤੇ ਵਜ਼ੀਰ ਅਬਦੁਲੇਖਾਂ ਪਾਸ ਦਿਲੀਰਿਹਾ ਕਰਦਾ ਸੀ, ਸੂਬਾ ਬਣਾਕੇ ਲਾਹੌਰ ਭੇਜ ਦਿੱਤਾ । ਇਧਰ ਖਾਲਸੇ ਨੇ ਸੰ: ੧੭੮੨ ਬਿ: ਨੂੰ ਅੰਮ੍ਰਤਸਰ ਦੀਪਮਾਲਾ ਦਾਮੇਲਾ ਲਾਉਣ ਵਾਸਤੇ ਚਿਠੀਆਂ ਭੇਜ ਕਰ ਸਭ ਸੰਗਤਾਂ ਬੁਲਾ ਲਈਆਂ । ਕਈ ਸਾਲ ਦੇ ਬਾਦ ਦੀਪ ਮਾਲਾ ਹੋਣੇ ਕਰ ਬਹੁਤ ਸੰਗਤਾਂ ਆਈਆਂ, ਬੰਦਈ ਸਿੰਘ ਭੀ ਪੰਜ ਸੱਤ ਹਜ਼ਾਰ ਕੱਠਾ ਹੋ ਗਿਆ । ਤਦ ਜ਼ਿਕਰੀਏ ਖਾਂ ਨੇ ਏਸ ਡੂਮਣੇ ਮਖੀਰ ਨੂੰ ਉਜਾੜ ਦੇਣ ਨਾਲੋਂ ਕੀਲ ਰਖਣਾ ਚੰਗਾ ਸਮਝਕੇ ਵਡੇ ੨ ਨਾਮੀ ਹਿੰਦੂ ਚੌਧਰੀ ਆਪਣੀ ਤਰਫੋਂ ਮੁਖਬਰ ਭੇਜ ਦਿਤੇ ਏਹ ਕਪਟੀ ਸਹਜਧਾਰੀ ਸਿਖ ਬਣਕੇ ਤੱਤ੍ਰ ਖਾਲਸੇ ਤੇ ਬੰਦਈ

Digitized by Panjab Digital Library | www.panjabdigilib.org

ਸਿੱਖਾਂ ਵਿੱਚ ਜਿਸਤਰਾਂ ਵਿਰੋਧ ਵਧੇ ਓਹੋ ਚਾਲ ਚਲਦੇ ਰਹੇ।

## ਤਤ੍ਵ ਖਾਲਸੇ ਦਾ ਤੇ ਬੰਦਈ ਸਿੱਖਾਂ ਦਾ ਵਿਰੋਧ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਬੰਦਈ ਤੇ ਤਤਖਾਲਸਾ ਦੋਨਾਂ ਦੇ ਡੇਰੇ ਲਗੇ ਹੋਏ ਸਨ। ਬੰਦੇ ਦੀ ਮਨਸ਼ਾ ਇਹ ਸੀ ਕਿ ਸ੍ਰੀ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਮੇਰੇ ਹਥ ਰਹੇ ਤੇ ਪੂਜਾ ਤੇ ਚੜ੍ਹਾਵਾ ਜੋ ਆਵੇ ਮੈਨੂੰ ਮਿਲੇ। ਤਤਖਾਲਸਾ ਕਿਸੇ ਹਾਲਤ ਵਿਚ ਵੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ, ਇਨ੍ਹਾਂ ਦੀ ਇੱਛਾ ਸੀ ਕਿ ਪ੍ਰਬੰਧ ਪੰਥ ਦੇ ਹਥ ਰਹੇ ਤੇ ਚੜ੍ਹਾਵਾ ਸ੍ਰੀ ਦਰਬਾਰ ਸਾਹਿਬ ਜੀ ਦੇ ਟਹਲੇ ਤੇ ਲੰਗਰ ਪਰ ਖਰਚ ਕੀਤਾ ਜਾਵੇ।ਇਹ ਵਿਚਾਰ ਹੋਈ ਕਿ ਪਰਚੀਆਂ ਪਾਕੇ ਫੈਸਲਾ ਕਰਲਿਆ ਜਾਏ। ਏਸ ਬਾਤ ਪਰ ਦੋਵੇਂ ਧੜੇ ਰਾਜ਼ੀ ਹੋਗਏ।ਤਦ ਇੱਕ ਕਾਗਜ਼ ਉਤੇ "ਵਾਹਿਗੁਰੂ ਜੀ ਕੀ ਫਤੇ" ਅਤੇ ਦੂਜੇ ਪਰ "ਦਰਸ਼ਨੀ ਫਤੇ" ਲਿਖਕੇ ਸ਼ਰਤ ਕੀਤੀ ਕਿ ਚਿੱਠੀਆਂ ਤਲਾਉ ਵਿੱਚ ਪਾਈਆਂ ਜਾਣ, ਜਿਸਦੀ ਤਰ ਆਵੇ ਸੋ ਮਾਲਕ। ਦੋਵੇਂ ਚਿੱਠੀਆਂ ਬਾਲਕ ਦੇ ਹੱਥੋਂ ਹਰਿਕੀ ਪੌੜੀ ਅੰਮ੍ਰਿਤ ਵਿੱਚ ਸੁਟਵਾ ਦਿੱਤੀਆਂ। ਅੰਮ੍ਰਿਤ ਵਿੱਚ ਪੈਕੇ "ਵਾਹਿਗੁਰੂ ਜੀ ਕੀ ਫਤੇ" ਤਰਦੀ ਰਹੀ "ਦਰਸ਼ਨੀ ਫਤੇ" ਡੁੱਬ ਗਈ। ਏਸ ਫੈਸਲੇ ਨੂੰ ਮੰਨਕੇ ਬਹੁਤ ਸਾਰੇ ਬੰਦਈ ਸਿੰਘ ਤਾਂ ਓਸੇ ਦਿਨ ਖੰਡੇ ਦਾ ਅੰਮ੍ਰਿਤ ਛਕਕੇ ਤਤ੍ਵਖਾਲਸੇ ਵਿੱਚ ਆ ਗਏ, ਬਾਕੀ ਦੇ ਦਾਵਾ ਛਡ ਬੈਠੇ। ਪੂਜਾ ਦਾ ਰੁਪਯਾ ਭਾਈ ਮਨੀ ਸਿੰਘ ਜੀ ਨੇ ਮਾਤਾ ਸਾਹਿਬਾਂ ਪਾਸ ਭੇਜ ਦਿੱਤਾ, ਕੁਛ ਦਰਬਾਰ ਦੀ ਮੁਰੰਮਤ ਤੇ ਲੰਗਰ ਵਿੱਚ ਖਰਚ ਕੀਤਾ, ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਰਹਿਕੇ ਬਹੁਤ ਰੌਣਕ ਕਰ ਦਿੱਤੀ।

Digitized by Panjab Digital Library | www.panjabdigilib.org

# ਗਸ਼ਤੀ ਫੌਜ ਦੀ ਚੜ੍ਹਾਈ ਤੇ ਨੌਸ਼ਹਿਰੇ ਦੇ ਚੌਧਰੀ ਦਾ ਜ਼ੁਲਮ ਤੇ ਭਾਈ ਤਾਰਾ ਸਿੰਘ ਦੀ ਸ਼ਹੀਦੀ

ਖਾਨ ਬਹਾਦਰ ਨੇ ਦੀਵਾਨ ਲਖਪਤ ਨੂੰ ਆਪਣਾ ਮਦਾਰੁਲਮੁਹਾਮ (ਕਾਰਕੁਨ) ਬਣਾਕੇ ਉਸਦੀ ਸਲਾਹ ਨਾਲ ਮਾਘ ਸੰ: ੧੭੮੨ ਬਿ: ਨੂੰ ਜਗਾ ੨ ਸਿੱਖਾਂ ਨੂੰ ਫੜਨ ਤੇ ਮਾਰਨ ਵਾਸਤੇ ਗਸ਼ਤੀ ਫੌਜ ਭੇਜ ਦਿੱਤੀ। ਜਿਥੇ ਸਿੱਖਾਂ ਦਾ ਜੱਥਾ ਸੁਣਿਆਂ ਉਥੇ ਹੀ ਮੋਮਨ ਖਾਂ ਆਦਿਕ ਫੌਜਦਾਰਾਂ ਨੇ ਪਹੁੰਚਕੇ ਸਿੰਘਾਂ ਉਤੇ ਜ਼ੁਲਮ ਕੀਤੇ। ਉਸ ਸਮੇਂ ਨੌਸ਼ਹਿਰੇ ਪਿੰਡ (ਤਹਿਸੀਲ ਤਰਨਤਾਰਨ) ਜੋ ਕਈ ਘਰ ਸਿੱਖਾਂ ਦੇ ਵਸਦੇ ਸੇ, ਉਨ੍ਹਾਂ ਵਿਚੋਂ ਚੌਧਰੀ ਸਾਹਿਬ ਰਾਇ ਸਿੱਖਾਂ ਦੀਆਂ ਖੇਤੀਆਂ ਵਿੱਚ ਘੋੜੀਆਂ ਛੱਡ ਰੱਖਦਾ, ਜੇਕਰ ਸਿੱਖ ਹਟਾਉਂਦੇ ਤਾਂ ਉਨ੍ਹਾਂ ਨੂੰ ਫੜਾ ਦੇਣਦੀ ਧਮਕੀ ਦਿੰਦਾ ਤੇ ਆਖਦਾ ਕਿ ਮੈਂ ਹੁਣੇ ਸ਼ਾਹੀ ਫੌਜ ਲਿਆਕੇ ਤੁਹਾਨੂੰ ਪਕੜਵਾ ਦੇਂਦਾ ਹਾਂ। ਇਸ ਗਲੋਂ ਸਿੰਘਾਂ ਨੇ ਤੰਗ ਹੋਕੇ ਬਘੇਲ ਸਿੰਘ ਤੇ ਅਮਰਸਿੰਘ ਭੁੱਸੇ ਪਿੰਡ ਵਾਲੇ ਬੁਲਾ ਲਏ, ਓਹ ਘੋੜੀਆਂ ਕੱਢਕੇ ਲੈ ਗਏ, ਤੇ ਮਾਲਵੇ ਦੇਸ ਰਾਜਾ ਆਲਾ ਸਿੰਘ ਪਾਸ ਵੇਚ ਆਏ ਅਤੇ ਉਨ੍ਹਾਂ ਰੁਪਯਾਂ ਦੀ ਰਸਦ ਖਰੀਦਕੇ ਤਾਰਾ ਸਿੰਘ ਦੇ ਲੰਗਰ ਵਿੱਚ ਪਾ ਦਿੱਤੀ, ਤੇ ਓਹ ਸਿੱਖ ਭੀ ਤਾਰਾ ਸਿੰਘ ਪਾਸ ਹੀ ਰਹਣ ਲਗ ਗਏ।

ਏਹ ਤਾਰਾ ਸਿੰਘ ਉਸ ਸਮੇਂ ਭਾਈ ਵੀਰ ਸਿੰਘ ਨੌਰੰਗਾ ਬਾਦੀਏ ਵਾਂਗੂ ਸਾਰੇ ਦੇਸ ਵਿੱਚ ਮਸ਼ਹੂਰ ਬਹਾਦਰ ਸੀ, ਪਰ ਗਨੇ ਪੱਟੀ ਤਹਸੀਲ ਕਸੂਰ ਡੱਲਵਾਂ ਪਿੰਡ ਵਿਖੇ ਇਸ ਨੇ ਆਪਣੇ ਖੇਤ ਵਿੱਚ ਬੁਰਜ ਤੇ ਕੋਠੇ ਪਵਾ ਰੱਖੇ ਸੇ। ਖੇਤੀ ਕਰਾਉਂਦਾ ਤੇ ਲੰਗਰ ਗਰੀਬ ਗੁਰਬੇ ਮੁਸਾਫਰ ਨੂੰ ਦਿੰਦਾ ਰਹਿੰਦਾ, ਸੌ ਪਰਾਸ

Digitized by Panjab Digital Library | www.panjabdigilib.org

ਸਿੰਘ ਬੜਾ ਬਹਾਦਰ ਸੂਰਬੀਰ ਏਸਦੇ ਪਾਸ ਟਿਕਿਆ ਰਹਿੰਦਾ, ਬਲਕੇ ਇਸਦੇ ਨੇਕ ਸੁਭਾਵ ਤੇ ਬਾਦਸ਼ਾਹੀ ਨੌਕਰ ਭੀ ਜੋ ਕੋਈ ਭੱਜਕੇ ਏਸ ਦੀ ਸ਼ਰਨ ਆ ਜਾਂਦਾ ਓਹ ਫੇਰ ਨਾ ਜਾਂਦਾ॥ ਸੁੱਖੇ ਦੀ ਦੇਗ ਤੇ ਪ੍ਰਸ਼ਾਦ ਹਰ ਵਕਤ ਸਬ ਨੂੰ ਮਿਲਦਾ ਰਹਿੰਦਾ, ਅਨੇਕ ਸਿੰਘ ਜੰਗਲ ਵਿੱਚੋਂ ਸ਼ਿਕਾਰ ਮਾਰਕੇ ਮਹਾਂਪ੍ਰਸ਼ਾਦ ਦੀ ਦੇਗ ਜੁਦੀ ਤਯਾਰ ਰੱਖਦੇ ॥

ਜਦ ਸਾਹਿਬ ਰਾਇ ਚੌਧਰੀ ਨੂੰ ਘੋੜੀਆਂ ਦੇ ਲੈਜਾਣ ਦਾ ਹਾਲ ਮਾਲੂਮ ਹੋਯਾ ਤਾਂ ਪੱਟੀ ਦੇ ਠਾਣੇਦਾਰਨੂੰ ਤਾਰਾ ਸਿੰਘ ਪਰਚਲਾਕੇ ਲੈ ਗਿਆ ਤੇ ਬੋਲਜਾ ਸਾਡੇ ਚੋਰ ਪਕੜਾ ਦੇਹ? ਸਿੰਘ ਜੀ ਨੇ ਜਵਾਬ ਦਿੱਤਾ, ਸਾਡੇ ਪਾਸ ਕੋਈ ਕਿਸੇ ਦਾ ਚੋਰ ਨਹੀਂ ਸਬ ਸਿੰਘ ਗੁਰੂ ਕੇ ਲਾਲ ਹਨ। ਤਦ ਚੌਧਰੀ ਨੇ ਡੇਰੇ ਦੀ ਤਲਾਸ਼ੀ ਕਰਨੀ ਚਾਹੀ, ਪਰ ਸਿੰਘ ਜੀ ਨੇ ਇਨਕਾਰ ਕੀਤਾ, ਏਸ ਪਰ ਝਗੜਾ ਵਧ ਗਿਆ ਤਦੋਂ ਹੀ ਸਿੰਘ ਜੀ ਦੀ ਆਗਜਾ ਅਨੁਸਾਰ ਖਾਲਸੇ ਦਾ ਹੱਲਾ ਹੋ ਪਿਆ। ਤਲਵਾਰ ਚੱਲੀ, ਬਹੁਤ ਆਦਮੀ ਮਾਰੇ ਗਏ,ਠਾਣੇਦਾਰ ਜਖਮ ਖਾਕੇ ਨੱਠ ਗਿਆ,ਚੌਧਰੀ ਨੂੰ ਪਕੜ ਕੇ ਖੂਬ ਸੋਧਿਆ ਅਤੇ ਫੇਰ ਛੱਡ ਕੇ ਆਖਜਾ ਜਾਹ ਕਿਸੇ ਆਪਣੇ ਹਿਮਾਯਤੀ ਨੂੰ ਚੜ੍ਹਾ ਲਿਆ। ਠਾਣੇਦਾਰ ਤੇ ਚੌਧਰੀ ਪੱਟੀ ਪਹੁੰਚਕੇ ਓਥੋਂ ਦੇ ਫੌਜਦਾਰ ਮਿਰਜੇ ਜ਼ਾਫਰ ਬੇਗਨੂੰ ਪੰਜ ਸੌ ਅਸਵਾਰ ਸਮੇਤ ਚੜ੍ਹਾਲਿਆਏ। ਵੱਗਣ ਸੰਃ ੧੭੮੨ ਬਿਃ ਨੂੰ ਤਾਰਾ ਸਿੰਘ ਪਾਸ ਪਹਿਲੇ ੨੨ ਬਾਈ ਸਿੰਘ ਬੇ ਫੇਰ ਸੌ ਸਵਾ ਸੌ ਹੋਗਿਆ,ਐਸੀ ਕਟਾਵੱਢ ਕੀਤੀ ਜੋ ਤੁਰਕ ਠਹਿਰ ਨਾ ਸੱਕੇ, ਭੱਜ ਨਿਕਲੇ। ਆਪ ਤਾਂ ਮਿਰਜ਼ਾ ਜ਼ਖਮੀ ਹੋਯਾ ਤੇ ਭਤੀਜਾ ਓਸਦਾ ਹਿੰਮਤ ਬੇਗ ਬਹੁਤ ਸਾਥੀਆਂ ਸਮੇਤ ਤੇਗ ਦਾ ਭੱਖ ਹੋਯਾ, ਜ਼ਾਫਰ ਬੇਗ ਭੱਜਕੇ

ਚਾਰ ਕੋਸ ਰੰਬੇ ਮਾੜੀ ਪਿੰਡ ਜਾ ਉਤਰਿਆ ॥

ਜਦ ਮਿਰਜ਼ੇ ਜ਼ਾਫਰ ਬੇਗ ਨੇ ਆਪਣਾ ਹਾਲ ਲਾਹੌਰ ਦੇ ਸੂਬੇ ਨੂੰ ਲਿਖਯਾ ਤਾਂ ਓਸਨੇ ਫੌਜਦਾਰ ਮੋਮਨ ਖਾਂ ਪੰਜ ਹਜਾਰੀ ਨੂੰ ਚਾਰ ਹਜਾਰ ਅਸਵਾਰ ਦੇਕੇ ਬੈਸਾਖ ਸੰ:੧੭੯੩ ਬਿ: ਨੂੰ ਤਾਰਾ ਸਿੰਘ ਪਰ ਚੜ੍ਹਾ ਦਿੱਤਾ। ਇਸਦੇ ਪਹੁੰਚਣ ਤੋਂ ਪਹਿਲੇ ਰੂਪ ਸਿੰਘ ਤਖਾਣ ਲਾਹੌਰੀ ਸਿੱਖਨੇ ਰਾਤੋਰਾਤ ਦੌੜ ਕੇ ਤਾਰਾ ਸਿੰਘ ਨੂੰ ਜਾ ਆਖਯਾ, ਆਪ ਦੋ ਦਿਨ ਜੰਗਲ ਵਿੱਚ ਚਲੇ ਜਾਓ ਕਯੋਂਕਿ ਹੜ ਦੇ ਪਾਣੀ, ਹੈਜ਼ੇ ਦੀ ਬੀਮਾਰੀ ਦੌਂਦੀ ਅਗਨਿ, ਦੁਸ਼ਮਨ ਦੇ ਲਸ਼ਕਰ ਤੋਂ ਕਿਨਾਰੇ ਹੋਣਾਂ ਹੀ ਚੰਗਾ ਹੈ, ਪੌਣ ਦਾ ਬਚਾਉ ਕੀਤੇ ਦੀਵਾ ਜਗਦਾ ਹੈ, ਸਾਹ-ਮਣੇ ਹੋਯਾਂ ਬੁਝ ਜਾਂਦਾ ਹੈ, ਤੇ ਆਪ ਜੈਸੇ ਪਰੋਪਕਾਰੀਆਂ ਦਾ ਜੀਊਣਾ ਹੀ ਚੰਗਾ ਹੈ। ਜਾਂਨ ਨਾਲ ਹੀ ਦੀਨ ਈਮਾਨ ਜਹਾਨ ਹੈ। ਤਾਰਾ ਸਿੰਘ ਜੀ ਨੇ ਜਵਾਬ ਦਿੱਤਾ (ਜਿਵ ਜਿਵ ਹੁਕਮ ਤਿਵੈ ਤਿਵ ਕਾਰ) ਭਾਈ ਸਿੰਘਾ! ਭਾਵੀ ਅਮੇਟ ਹੈ ਪੀਰ, ਫਕੀਰ, ਅਵਤਾਰ ਪੈਗੰਬਰ, ਰਾਜੇ ਮਹਾਰਾਜੇ ਸਾਰੇ ਹੋਣੀ ਦੇ ਪਾਣੀਹਾਰ ਹਨ ਤੇ ਗੁਰੂ ਜੀ ਦਾ ਬਚਨ ਹੈ—ਸ੍ਵੈਯਾ ॥ (ਜੋ ਕਹੂੰ ਕਾਲ ਤੇ ਭਾਜਕੇ ਬਾਚਤ ਤੋ ਕਹੁ ਕੁੰਟ ਕਿਤੈ ਭੱਜ ਜੱਯੈ। ਆਗੇ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸ ਅੱਯੈ। ਐਸੋ ਨ ਕਹਿ ਗਯੋ ਕੋਊ ਸੋਦਾਵਰੋ ਜਾਂਹਿ ਉਪਾਵ ਸੋਂ ਘਾਵ ਬਚੱਯੈ ॥ ਜਾਂਤੇ ਨ ਛੂਟੀਐ ਮੂਢ ਕਹੂੰ ਹਸਿ ਤਾਂਕੀ ਨ ਕਯੋਂ ਸ਼ਰਨਾਗਤ ਜੱਯੈ) ਫੇਰ ਅਸੀਂ ਸਿੰਘ ਸਦਾਉਂਦੇ ਹਾਂ, ਸ਼ੇਰ, ਮੋਰ, ਸਤੀ, ਸੂਰ ਏਹ ਪਿੱਛੇ ਹਟੇ ਸੋਭਦੇ ਨਹੀਂ ਨੱਠਣਾ ਸਾਨੂੰ ਹਰਾਮ ਹੈ, ਸਿੰਘ ਜੀਦਾ ਸਿਦਕ ਦੇਖਕੇ ਲਾਹੌਰੀ ਸਿੱਖ ਭੀ ਸਾਥੀ ਹੋਗਿਆ। ਫੇਰ ਤਾਰਾ ਸਿੰਘ ਨੇ ਸਭ

Digitized by Panjab Digital Library | www.panjabdigilib.org

ਸਿੰਘਾਂ ਨੂੰ ਸੁਣਾ ਕੇ ਆਖਯਾ ਏਥੇ ਸਿਰਦੇਣਦੀਬਾਜੀ ਲੱਗੀ ਹੈ ਜਿਸਨੇ ਸਿਰ ਨਹੀਂ ਦੇਣਾ ਸੋ ਹੁਣੇ ਚਲਾ ਜਾਵੇ ਜੋ ਜੰਗ ਵਿੱਚੋਂ ਜਾਏਗਾ ਸੋ ਸਿੰਘੀ ਨੂੰ ਕਲੰਕ ਤੇ ਸਾਨੂੰ ਲਾਜ ਲਾਏਗਾ; ਜਿਸਨੇ ਸਿਰ ਦੇਕੇ ਸ਼ਹੀਦੀ ਲੈਣੀ ਹੋਵੇ ਸੋ ਰਹੇ। ਏਹ ਸੁਣਕੇ ਭੰਗ ਤੇ ਪ੍ਰਸਾਦ ਦੇ ਛੱਕੂਏ ਤਾਂ ਖਿਸਕੇ ਜੀ ਵਾਰ ਹੋਗਏ ਤੇ ਸਿਰਫ ੨੨ ਸਿੱਖ ਰੈਹ ਗਏ, ਸੂਰਾ ਸਿੰਘ ਤਖਾਣ ਖਾਲੜੇ ਦਾ ਲਖਮੀਰ ਸਿੰਘ ਸ਼ੇਰੋਕਾ, ਮਾਲੀ ਸਿੰਘ, ਗੁਰ-ਬਖਸ਼ ਸਿੰਘ ਸੰਧੂ ਭੜਾਨੇਦੇ, ਹਾਤਾ ਸਿੰਘ ਰੂੰਘ,ਬੁਲਾਕਾ ਸਿੰਘ ਸਾਂਘਾ, ਭੀਮ ਸਿੰਘ, ਬਾਦਲਾ ਸਿੰਘ ਰੱਤੋਕੇ, ਜੋਧਸਿੰਘ ਨਾਰੋਕਾ ਰੱਤਾ ਸਿੰਘ ਫੱਤਾ ਸਿੰਘ ਬਾਠ ਹੋਰ ਮਲਵਈ ਸਿੰਘ ਸੇ, ਪਰ ਜੰਗ ਕਰਨ ਵਾਲੇ ਬਹਾਦਰ ਹੋਰ ਹੀ ਸੁਣ ਸੁਣ ਕੇ ਢਾਈ ਤਿੰਨ ਸੌ ਦੇ ਲਗ ਭਗ ਆ ਕੱਠੇ ਹੋਏ। ਏਤਨੇ ਨੂੰ ਤੁਰਕਾਂ ਦੀ ਫੌਜ ਭੀ ਆ ਪਹੁੰਚੀ, ਸਿੰਘ ਸ਼ਸਤ੍ਰ ਬਸਤ੍ਰ ਸਜਾਕੇ, ਮੁੱਛਾਂ ਨੂੰ ਤਾਉਂਦੇ, ਗਰਜਦੇ ਹੋਏ ਤਲਾਉ ਕਿਨਾਰੇ ਮੋਰਚੇ ਵਿੱਚ ਬੈਠ ਕੇ ਬੰਦੂਕਾਂ ਮਾਰਨ ਲੱਗੇ, ਜਦ ਤਕ ਗੋਲੀ ਬਾਰੂਦ ਰਿਹਾ ਤਦਤਕ ਬੰਦੂਕਾਂ ਚਲਦੀਆਂ ਰਹੀਆਂ ਫੇਰ ਤੀਰਾਂ ਤੋਂ ਕੰਮ ਲਿਆ ਗਿਆ, ਆਖਰ ਤਲਵਾਰਾਂ ਉਤੇ ਆਗਈ, ਹੱਲਾ ਕਰਕੇ ਦੁਸ਼ਮਨਾਂ ਦੀ ਫੌਜ ਵਿੱਚ ਜਾ ਧਸੇ, ਸਿੰਘਾਂ ਨੇ ਬੇਸੁਮਾਰ ਕਟਾ ਵੱਢ ਕੀਤੀ,ਲੋਥਾਂ ਦੇ ਸਥਾਰ ਲਗ ਗਏ। ਮਿਰਜ਼ਾਤਕੀਬੇਗ ਜੰਗ ਦਲੇਰ ਨੇ ਤਾਰਾ ਸਿੰਘ ਨੂੰ ਲਲਕਾਰ ਕੇ ਤੀਰਾਂ ਦੀ ਝੜੀ ਲਾਈ, ਸਿੰਘ ਜੀ ਨੇ ਵੇਖਯਾ ਕਿ ਏਸਦੇ ਮੂੰਹ ਤੋਂ ਸਿਵਾਇ ਹੋਰ ਕੋਈ ਥਾਂਉ ਨੰਗਾ ਨਹੀਂ ਐਸੀ ਸ਼ੀਘ੍ਰ ਉਛਲਕੇ ਮਿਰਜ਼ੇ ਦੇ ਮੂੰਹ ਵਿੱਚ ਤਲਵਾਰ ਦਾ ਪਿੱਪਲਾ ਚਲਾ ਦਿੱਤਾ, ਕਿ ਲਹੂ ਵਗਦੇ ਹੋਏ ਮਿਰਜ਼ਾ ਪਿੱਛੇ

Digitized by Panjab Digital Library | www.panjabdigilib.org

ਹਟਿਆ ਤਾਂ ਹਾਥੀ ਪਰ ਬੈਠੇ ਮੋਮਨਖਾਂਨੇ ਕਿਹਾ, ਮਿਰਜ਼ਾ ਜੀ! ਪਾਨ ਰਬਾਉਂਦੇ ਹੋ, ਮਿਰਜ਼ਾ ਬੋਲਯਾ ਹਾਂ ਖਾਂਜੀ ਤਾਰਾ ਸਿੰਘ ਬੀੜੇ ਦੇ ਰਿਹਾ ਹੈ, ਆਪ ਭੀ ਅੱਗੇ ਹੋਕੇ ਲਵੋ। ਮਿਰਜ਼ਾ ਤਾਂ ਏਹ ਕੈਂਹਦਾ ਹੀ ਪਾਰ ਬੋਲਿਆ, ਏਧਰੋਂ ਤਾਰਾ ਸਿੰਘ ਘੋੜਾ ਛੇੜਕੇ ਮੋਮਨ ਖਾਂ ਦੇ ਹਾਥੀ ਨੂੰ ਜਾ ਲਪਕਿਆ, ਮੋਮਨ ਖਾਂ ਜਾਨੋਂ ਤਾਂ ਬਚ ਰਿਹਾ, ਪਰ ਇਕ ਬਾਂਹ ਕੱਟ ਗਈ, ਦੂਸਰੇ ਵਾਰ ਨਾਲ ਹਾਥੀ ਦੀ ਸੁੰਡ ਕੱਟ ਸੁਟੀ, ਮੋਮਨ ਖਾਂ ਤਾਂ ਡਿਗ ਪਿਆ ਤੇ ਹਾਥੀ ਚੀਕ ਮਾਰਕੇ ਪਿਛਾਂਹਾਂ ਉਠ ਨੱਠਾ, ਤਾਰਾ ਸਿੰਘ ਜੀ ਨੇ ਅਨੇਕਾਂ ਨੂੰ ਮਾਰਕੇ ਪੁਰਜੇ ੨ ਹੋਕਰ ਸ਼ਹੀਦੀ ਪਾਈ। ਮੁਰੀਦ ਖਾਂ ਮੋਮਨ ਖਾਂ ਦੇ ਭਤੀਜੇ ਨੇ ਆਪਣਾ ਹਾਥੀ ਸਿੰਘਾਂ ਵਲ ਝੁਕਾਇਆ ਤੇ ਤਕ ਤਕ ਤੀਰ ਮਾਰਨ ਲੱਗਾ, ਭੀਮ ਸਿੰਘ ਜੋ ਨਟ ਬਿਦਯਾ ਵਿਚ ਪੂਰਾ ਸੂਰਬੀਰ ਸੀ, ਫੁਰਤੀ ਨਾਲ ਹਾਥੀ ਪਰ ਜਾ ਕੁਦਿਆ ਤੇ ਮੁਰੀਦ ਖਾਂ ਦਾ ਸਿਰ ਕੱਦੂ ਦੀ ਤਰਾਂ ਉਤਾਰ ਸਿਟਿਆ। ਕੁੰਦਲ ਪੁਰੀਏ ਮਨਸਾ ਰਾਮ ਤੇ ਦਯਾ ਰਾਮ ਆਦਿਕ ਕਈ ਸਰਦਾਰ ਅੱਗੇ ਵਧਕੇ ਲੜਦੇ ਰਹੇ, ਪਰ ਜਦ ਦਯਾਰਮ, ਮੁਰੀਦ ਖਾਂ ਤਕੀ ਬੇਗ ਮਾਰੇ ਗਏ ਤੇ ਮੋਮਨ ਖਾਂ ਦਾ ਹਾਥੀ ਭੀ ਉਲਟਾ ਡਿਗਿਆ ਹੋਇਆ ਵੇਖਿਆ ਤਾਂ ਫੌਜ ਨੇ ਭਾਜ ਪਾ ਦਿਤੀ, ਭਲਾ ਫੇਰ ਕੌਣ ਖੜਾ ਹੋਵੇ? ਸਿੰਘਾਂ ਨੇ ਤੇਗਾਂ ਨਾਲ ਭੁੱਖੇ ਸ਼ੇਰਾਂ ਵਾਂਗੂ ਲਪਕ ਲਪਕ ਅਨੇਕਾਂ ਦੇ ਮੋਢੇ ਲਾਹੇ॥

ਸ਼ਾਹੀ ਫੌਜ ਨੇ ਤਾਂ ਕੰਬੋ ਮਾਛੀ ਪਿੰਡ ਉਤਰਕੇ ਜ਼ਖਮੀ ਸੰਭਾਲੇ ਤੇ ਏਧਰ ਸਿੰਘਾਂ ਨੇ ਮੁਰਦਿਆਂ ਦੇ ਘੋੜੇ ਹਥਯਾਰ ਸੰਭਾਲ ਕੇ ਤਾਰਾ ਸਿੰਘ ਜੈਸੇ ਬਹਾਦਰਾਂ ਦੀਆਂ ਦੇਹਾਂ ਨੂੰ ਅੰਗੀਠੇ ਦੀ ਭੇਟਾ ਕੀਤਾ। ਆਪ ਵਾਹ ਵਾਹ ਕਹਾਕੇ ਰਾਹ

Digitized by Panjab Digital Library | www.panjabdigilib.org

ਪਏ। ਮੈਦਾਨ ਜੰਗ ਖਾਲੀ ਪਿਆ ਸੁਣਕੇ ਮੁਸਲਮਾਨ ਫੇਰ ਓਥੇ ਚਲੇ ਗਏ ਤੇ ਆਪਣਿਆਂ ਮੁਰਦਿਆਂ ਨੂੰ ਦਫਨ ਕਰ ਫਤੇ ਦੇ ਨਗਾਰੇ ਵਜਾਕੇ ਲਾਹੌਰ ਜਾ ਵੜੇ। ਤਾਰਾ ਸਿੰਘ ਜੀ ਦਾ ਜਿੱਥੇ ਸਸਕਾਰ ਕੀਤਾ ਸੀ, ਓਹ ਹੁਣ ਸ਼ਹੀਦ ਗੰਜ ਮਸ਼ਹੂਰ ਹੈ, ਲੰਗਰ ਚਲਦਾ ਹੈ॥

## ਮੁਰਤਜਾ ਖਾਂ ਸੌਦਾਗਰ ਆਦਿਕਾਂ ਨੂੰ ਸੋਧਨਾ

ਜੱਦਪਿ ਓਦੋਂ ਸਿਖਾਂ ਦੀ ਤਾਕਤ ਨੂੰ ਕਮਜ਼ੋਰ ਕਰਨ ਵਾਸਤੇ ਗਸ਼ਤੀ ਫੌਜ ਫਿਰ ਰਹੀਸੀ,ਪਰ ਏਹ ਐਸੇਫੁਲਾਦੀ ਸਰੀਰ ਸਨ ਜੋ ਗਸ਼ਤੀ ਫੌਜ ਦੀ ਕੁਛ ਪ੍ਰਵਾਹ ਕਦੇ ਨਾ ਕੀਤੀ ਤੇ ਜ਼ੁਲਮਦੀ ਨੀਂਹ ਪੁਟਨ ਦਾ ਕੰਮ ਗਰਮਹੀ ਰੱਖਯਾ॥ ਪੋਹ ਸੰ:੧੭੯੩ ਸਿੰ: ਨੂੰ ਕਸਬੇ ਚੁਵਿੰਡ ਦੀ ਤਹਸੀਲ ਦਾ ਸ਼ਾਹੀ ਮਾਮਲਾ ਉਗਰਾਹੀ ਹੋਕੇ ਲਾਹੌਰ ਨੂੰ ਜਾਂਦਾਸੀ ਸਿੰਘਾਂਨੇਉਨ੍ਹਾਂ ਥੋਂ ਖੋਹਕੇਲੋੜਵੰਦਾਂ ਨੂੰ ਵੰਡ ਦਿਤਾ। ਇਧਰ ਤਾਂ ਏਨ੍ਹਾਂ ਦੇ ਫੜਨ ਵਾਸਤੇ ਫੌਜ ਚੜ੍ਹੀ ਤੇ ਓਧਰ ਦਰਬਾਰਾ ਸਿੰਘ, ਫਤੇਸਿੰਘ,ਖੜਕ ਸਿੰਘ ਆਦਿਕਾਂ ਨੇ ਚੂਹਣੀਆਂ ਪ੍ਰਗਨੇ ਕਸੂਰਦਾ ਮਾਮਲਾ ਜੋ ਲਾਹੌਰ ਨੂੰ ਜਾ ਰਿਹਾ ਸੀ,ਥਾਨੇ ਕਾਛੇ ਪਿੰਡ ਪਾਸ ਰਾਤ ਦੇ ਵਕਤ ਜਾ ਹੱਲਾ ਬੋਲਿਆ ਅਨੇਕਾਂ ਨੂੰ ਮਾਰਕੇ ਜ਼ਖਮੀ ਕਰਕੇ ਘੋੜੇ ਦੌੜਾ ਸਾਂਦਲਬਾਰ ਦੇ ਜੰਗਲਾਂ ਵਿੱਚ ਜਾ ਵੜੇ। ਏਸੇ ਸਮੇਂ ਮੁਰਤਜਾਖਾਂ ਕੰਧਾਰੀ ਮਸ਼-ਹੂਰ ਸੌਦਾਗਰ ਘੋੜੇ ਲੈਕੇ ਦਿੱਲੀ ਨੂੰ ਚੱਲਜਾ ਸੀ, ਓਸਨੂੰ ਜ਼ਿਲੇ ਅਮ੍ਰਿਤਸਰ ਜੰਡਯਾਲੇ ਪਿੰਡ ਪਾਸ ਘੇਰ ਲਿਆ। ਸੌਦਾਗਰ ਆਪ ਤਾਂ ਘੋੜਿਆਂ ਦੇ ਘਾਹ ਵਿੱਚ ਲੁਕਕੇ ਬਚਿਆ ਤੇ ਸਾਥੀ ਕੁਛ ਮਾਰੇ ਗਏ ਤੇ ਬਾਕੀ ਦੇ ਨੱਠ ਗਏ, ਸਿੰਘ ਘੋੜੇ ਤੇ ਅਸਬਾਬ ਲੈਕੇ ਬੁੰਡਾਲੇ ਦੀ ਬੀੜ ਵਿਚ ਜਾ

Digitized by Panjab Digital Library | www.panjabdigilib.org

ਵੜੇ। ਸੌਦਾਗਰ ਨੂੰ ਜੰਡਯਾਲੇ ਦੇ ਮਹੰਤ ਆਕੁਲ ਦਾਸ ਨੇ ਘਾਹ ਵਿਚੋਂ ਕੱਢਕੇ ਲਾਹੌਰ ਪਹੁੰਚਾਯਾ। ਏਸੇ ਸਾਲ ਜਾਫਰਖਾਂ ਬਾਰਾਂ ਹਜ਼ਾਰੀ ਮਹੰਮਦ ਸ਼ਾਹ ਬਾਦਸ਼ਾਹ ਦਾ ਸਾਲਾ ਆਪਣੇ ਕਬੀਲਦਾਰਾਂ ਸਮੇਤ ਕਾਬਲ ਵੱਲੋਂ ਦਿੱਲੀ ਨੂੰ ਜਾਂਦਾ ਸੀ। ਸੋ ਓਸ ਦਾ ਸ਼ਿਕਾਰ ਬਾਘ ਸਿੰਘ ਹੱਲੋ ਵਾਲੀਏ ਨੇ ਗੋਇੰਦਵਾਲ ਦੇ ਪੱਤਣ ਪਰ ਖੇਲਯਾ॥

ਓਦੋਂ ਓਹ ਸਿੱਖ ਸਿਵਾਇ ਸ਼ਾਹੀ ਫੌਜ ਦੇ ਹੋਰ ਕਿਸੇ ਨੂੰ ਨਹੀਂ ਲੁਟਦੇ ਸੇ, ਜੇ ਕੋਈ ਬੇਦੋਸੀ ਭੁਲੇਖੇ ਨਾਲ ਲੁਟਿਆ ਵੀ ਜਾਂਦਾ ਤਾਂ ਓਸਨੂੰ ਓਸਦਾ ਮਾਲ ਮੋੜਕੇ ਦਿੱਤਾ ਜਾਂਦਾ। ਜੈਸੇ ਸ੍ਰੀ ਹਰਿਗੋਬਿੰਦ ਪੁਰ ਦੇ ਪਾਸ ਪ੍ਰਤਾਪਚੰਦ ਖੱਤ੍ਰੀ ਸਯਾਲਕੋਟੀਏ ਸੌਦਾਗਰ ਦੇ ਊਠਾਂ ਦੀ ਕਤਾਰ; ਜਿਨ੍ਹਾਂ ਪਰ ਪਸ਼ਮੀਨਾ ਲੱਦਯਾ ਹੋਯਾ ਸੀ, ਸਿੰਘਾਂ ਨੇ ਲੁੱਟ ਲਈ, ਪਰ ਜਦ ਮਾਲੂਮ ਹੋਯਾ ਤਾਂ ਸਬ ਮਾਲ ਓਸਦਾ ਮੋੜ ਦਿੱਤਾ, ਜਿਸਤੇ ਓਹ ਹਮੇਸ਼ ਸਿੰਘਾਂ ਦੀ ਮਦਦ ਕਰਦਾ ਰਿਹਾ। ਓਨ੍ਹਾਂ ਦਿਨਾਂ ਵਿਚ ਸਿੰਘਾਂ ਦੇ ਦੋ ਦੋ ਤਿੱਨ ਤਿਨ ਸੌ ਅਸਵਾਰਾਂ ਦੇ ਅਨੇਕ ਝੁੰਡ ਪੰਜਾਬ ਵਿਚ ਫਿਰ ਰਹੇ ਸੇ। ਰਾਤ ਨੂੰ ਤਾਂ ਸ਼ਾਹੀ ਸੈਨਾਂ ਵਿਚ ਮਾਰੋ ਮਾਰ ਕਰਦੇ ਰਹਿੰਦੇ ਤੇ ਦਿਨੇ ਚੰਗਾ ਘਾਹ, ਜਲ, ਜੰਗਲ ਦੇਖਕੇ ਗੁਜ਼ਾਰਾ ਕਰਦੇ ਤੇ ਲੂਟਦੇ ਮਾਲਦਾ ਮਲੀਦਾ ਕੁੱਟ ਕੁੱਟਦਾ ਸ਼ਿਕਾਰ ਭੁੰਨ ਭੁੰਨ ਛਕ ਛਕ ਸੌਂ ਰਹਿੰਦੇ। ਘੋੜਿਆਂ ਨੂੰ ਭੀ ਸ਼ਿਕਾਰ ਤੇ ਮਲੀਦਾ ਛਕਾਉਣ ਸਿਖਾ ਰੱਖਯਾ ਸੀ, ਏਸ ਕਰਕੇ ਅੱਸੀ ੨ ਸੌ ਸੌ ਕੋਸ ਤਕ ਓਨ੍ਹਾਂ ਦੇ ਘੋੜੇ ਨਿਕਲ ਜਾਂਦੇ ਸੇ। ਜਦ ਗਸ਼ਤੀ ਫੌਜ ਕਿਧਰੋਂ ਆਂਵਦੀ ਤਾਂ ਝਟਾ ਝਟ ਕਾਠੀਆਂ ਪਾਕੇ ਅੱਡੀ ਲਗਾ ਜਾਂਦੇ। ਜੇ ਕਦੇ ਘੇਰੇ ਜਾਂਦੇ ਤਾਂ ਚੰਗੇ ਹੱਥ ਦਿਖਾ ਕਰ ਮੂੰਹ ਮੋੜ ਜਾਂਦੇ। ਜੰਗਲ ਮੈਦਾਨ ਵਿੱਚ ਤਾਂ ਸਿੰਘ

Digitized by Panjab Digital Library | www.panjabdigilib.org

ਦੁਸ਼ਮਣਾਂ ਦੇ ਅੜਿਕੇ ਨਹੀਂ ਆਉਂਦੇ ਸੇ, ਕਿਉਂਕਿ ਸਿੰਘ ਤਾਂ ਜੰਗਲਾਂ ਦੇ ਰਾਹਾਂ ਦੇ ਭੇਤੀ ਸੇ ਤੇ ਬਾਦਸ਼ਾਹੀ ਫੌਜ ਨੂੰ ਜੰਗਲਾਂ ਵਿੱਚ ਵੜਨਾ ਮੌਤ ਸੀ।

## ਚੁਵਿੰਡੇ ਪਿੰਡ ਦਾ ਜੰਗ

ਸੰ: ੧੭੮੪ ਚੜ੍ਹਦੇ ਚੁਵਿੰਡੇ ਵਾਲੇ ਬਹਾਦਰ ਸਿੰਘ ਜਥੇਦਾਰ ਦੇ ਬੇਟੇ ਦੇ ਆਨੰਦ ਉਤੇ ਬਹੁਤ ਸਿੰਘ ਕਠੇ ਹੋਏ ਤਾਂ ਮੋਰੀ ਔਰ ਮਾੜੀ ਪਿੰਡ ਦੇ ਚੁਗਲ ਠਾਣੇ ਤੋਂ ਫੌਜ ਚੜ੍ਹਾ ਲਜਾਏ, ਗਸ਼ਤੀ ਫੌਜ ਨੇ ਸਿੰਘਾਂ ਨੂੰ ਆ ਘੇਰਿਆ। ਭਲਾ ਓਹ ਸ਼ੇਰ ਘੇਰੇ ਵਿੱਚ ਕਦ ਰਹਿ ਸਕਦੇ ਸੇ? ਤਲਵਾਰਾਂ ਖਿੱਚ ਖਿੱਚ ਬਡੀ ਦਲੇਰੀ ਨਾਲ ਸੱਤ ਸ੍ਰੀ ਅਕਾਲ ਗਜਾਉਂਦੇ ਹੋਏ ਬਾਹਰ ਨਿਕਲ ਪਏ ਤੇ ਮੁਸਲਮਾਨਾਂ ਨੂੰ ਮਾਰਦੇ ਮਾਰਦੇ ਨਿਕਲ ਗਏ। ਦਸਕੁ ਸਿੰਘ ਤੀਹਾਂਕੁ ਨੂੰ ਮਾਰਕੇ ਸ਼ਹੀਦ ਹੋ ਗਏ, ਜਦ ਮੁਸਲੇ ਸਿੱਖਾਂ ਦੇ ਬਾਲ ਬੱਚੇ ਤੇ ਔਰਤਾਂ ਨੂੰ ਹੱਥ ਪਾਉਣ ਲੱਗੇ ਤਾਂ ਵਜਾਹ ਵਾਲੇ ਘਰ ਜੋ ਬਹੁਤ ਸਿੰਘਣੀਆਂ ਕੱਠੀਆਂ ਹੋ ਰਹੀਆਂ ਸਨ, ਉਨ੍ਹਾਂ ਨੇ ਸੋਟੇ ਫੜ ਲਏ, ਉਨ੍ਹਾਂ ਨੂੰ ਵੇਖਕੇ ਹੋਰ ਭੀ ਜੱਟੀਆਂ ਉਠ ਪਈਆਂ, ਸਲਘਾਂ, ਸੋਟੇ ਮਾਰ ਮਾਰ ਤੁਰਕਾਂ ਨੂੰ ਪਿੰਡੋਂ ਕੱਢ ਛੱਡਿਆ। ਏਸੇ ਤਰਾਂ ਅਨੇਕ ਪਿੰਡਾਂ ਵਿੱਚ ਹੁੰਦੀ ਰਹਿੰਦੀ ਸੀ।

## ਗਦਰ ਦਾ ਰਵਾਜ ਸਾਰੇ ਦੇਸ ਵਿਚ

ਬਹੁਤ ਮੁਦਤ ਤਕ ਏਸ ਤਰਾਂ ਦਾ ਰੌਲਾ ਪਿਆ ਰਿਹਾ। ਗਸ਼ਤੀ ਫੌਜ ਤੋਂ ਸਿੰਘਾਂ ਦਾ ਜ਼ਰਾ ਭੀ ਬੰਦੋਬਸਤ ਨਾ ਹੋਯਾ, ਸਗੋਂ ਬਹੁਤ ਗਦਰ ਵਧ ਗਿਆ, ਸਿੰਘਾਂ ਨੂੰ ਲੁੱਟ ਮਾਰ ਕਰਦੇ ਦੇਖਕੇ ਸਾਰੇ ਮੁਲਕ ਦੇ ਲੁਟੇਰੇ ਹਿੰਦੂ ਮੁਸਲਮਾਨ ਇੱਕ ਦੂਸਰੇ ਨੂੰ ਲੁੱਟਣ ਉਠ ਪਏ। ਸਾਰੀ ਪੰਜਾਬ ਤੇ ਮਾਲਵੇ ਵਿੱਚ ਦਿਨ

ਰਾਤ ਬੰਦੂਕ ਚਲਦੀ ਰਹੇ। ਗਊ ਭੈਂਸ,ਬੈਲ,ਘੋੜਾ, ਘਰ,ਖੇਤ, ਔਰਤ,ਮੁੰਡਾ,ਕੁੜੀ ਆਦਿਕ ਕੋਈ ਚੀਜ਼ ਕਿਸੇ ਦੀ ਰਹਿਣੀ ਨਾ ਪਵੇ, ਰਾਤ ਦਿਨੇ ਕਟਕ ਪਏ ਦੌੜਨ, ਛੋਟੇ ੨ ਪਿੰਡ ਉਜੜ ਗਏ, ਹਰ ਇਕ ਪਿੰਡ ਦੇ ਦੁਆਲੇ ਕੋਟ, ਖਾਈ ਦਰਵਾਜ਼ੇ ਬੁਰਜ ਬਣ ਗਏ, ਬੁਰਜਾਂ ਉਤੇ ਟਮਕ ਰੱਖੇ ਰਹਿੰਦੇ,ਵਾਰੀ ਸਿਰ ਪਿੰਡ ਦੇ ਆਦਮੀ ਬੁਰਜਾਂ ਪਰ ਯਾ ਉਚੇ ੨ ਦਰਖਤਾਂ ਪਰ ਟਾਂਗੂ ਬੈਠੇ ਰਹਿੰਦੇ, ਜਦ ਕਿਧਰੋਂ ਕਟਕ ਆਉਂਦਾ ਗਰਦ ਉਡਦੀ ਦੇਖਕੇ ਟਾਂਗੂ ਟਮਕ ਬਜਾ ਦੇਂਦੇ ਤਾਂ ਸਬ ਲੋਗ ਬੰਦੂਕਾਂ ਕਸ ਕਸ, ਨੇਜੇ, ਬਰਛੇ, ਤਲਵਾਰਾਂ ਫੜ ੨ ਮੋਰਚਿਆਂ ਵਿਚ ਕੋਟ ਉੱਤੇ ਚੜ੍ਹ ਬੈਠਦੇ।

ਏਸੇਤਰਾਂ ਆਪਨੇ ਜਾਨ ਮਾਲ ਨੂੰ ਬਚਾਲੈਣ, ਕੋਈ ਕੋਈ ਪਿੰਡਾਂ ਵਾਲੇ ਬਹਾਦਰ ਲੋਗ ਢੋਲ ਬਜਵਾਕੇ, ਪਿੰਡੋਂ ਬਾਹਰ ਨਿਕਲ ਕੇ ਲੜਾਈ ਕਰਦੇ ਤੇ ਕਟਕ ਦੀ ਭੀ ਲੁੱਟ ਮਾਰ ਕਰ ਲੈਂਦੇ। ਏਸੇ ਤਰਾਂ ਦਿਨੇ ਕਟਕ, ਧਾੜਾ, ਡਾਕੇ, ਖ਼ੂਨ ਹੁੰਦੇ ਰਹਿੰਦੇ, ਕੋਈ ਹਾਕਮ ਕਿਸੇ ਤਰਾਂ ਦਾ ਬੰਦੋਬਸਤ ਨਹੀਂ ਕਰ ਸਕਦਾ ਸੀ। ਦਿਨ ਛਿਪਦੇ ਨਾਲ ਹੀ ਪਿੰਡਾਂ ਦੇ ਦਰਵਾਜ਼ੇ ਲੱਗ ਜਾਂਦੇ, ਚਾਰ ਘੜੀ ਦਿਨ ਚੜ੍ਹੇ ਖੁੱਲਦੇ, ਮਾਲ ਬਾਹਰ ਚਰਨ ਚੁਗਨ ਜਾਂਦੇ ਤਾਂ ਬਿਗਾਨੇ ਸਮਝੇ ਜਾਂਦੇ, ਘਰ ਆ ਜਾਂਦੇ ਤਾਂ ਆਪਣੇ ਸਮਝੇ ਜਾਂਦੇ। ਏਸੇ ਤਰਾਂ ਮੁੰਡੇ, ਕੁੜੀਆਂ, ਔਰਤਾਂ ਦਾ ਹਾਲ ਸੀ ਜੋ ਜਿਸਦੇ ਹੱਥ ਆਯਾ ਸੋਈ ਲੈਗਿਆ। ਬਾਹਰੋਂ ਗਊਆਂ ਭੈਸਾਂ ਨੂੰ ਕਟਕ ਲੈ ਜਾਂਦਾ, ਘਰ ਕਟਰੂ, ਬਛਰੂ ਅਰੜਾਕੇ ਮਰ ਜਾਂਦੇ। ਕਈ ਵਾਰ ਬਾਹਰ ਹਾਲੀਆਂ, ਪਾਲੀਆਂ ਨੂੰ ਨਰੜ ਕੇ ਸਿੱਟ ਜਾਂਦੇ ਤੇ ਕਪੜੇ ਉਤਾਰ, ਮਾਲ ਹੱਕਕੇ ਲੈ ਜਾਂਦੇ। ਜ਼ੋਰ ਵਾਲੇ ਦਾ ਤੇ ਇਤਫਾਕ ਵਾਲੇ ਦਾ ਨਿਰਬਾਹ ਹੁੰਦਾ

Digitized by Panjab Digital Library | www.panjabdigilib.org

ਸੀ ਦੂਸਰੇ ਦਾ ਬੁਰਾ ਹਾਲ। ਪਰ ਇਕ ਗੱਲ ਚੰਗੀ ਸੀ ਜੋ ਪਿੰਡ ਵਿਚਲੇ ਦੀ ਚੀਜ਼ ਨੂੰ ਪਿੰਡ ਵਸਦਾ ਕੋਈ ਨਹੀਂ ਛੇੜਦਾ ਸੀ, ਸਗੋਂ ਇਕ ਦੂਸਰੇ ਦਾ ਰਾਖਾ ਹੁੰਦਾ ਸੀ। ਅਤੇ ਏਹਨਾਂ ਪਚਾਧੇ, ਭੱਟੀ, ਡੋਗਰ, ਬਲੋਚ, ਖਰਲ, ਜੱਟ, ਬੈਰਾੜ, ਆਦਿਕ ਕੌਮਾਂ ਦੇ ਸਰਦਾਰ ਮਖਣਾ, ਪੀਰਾ, ਮਿੱਤੂ, ਨਕਟਾ, ਜੋਧਾ, ਸੋਢ, ਦੱਲੂ, ਰੂਹੜ, ਭਾਰਾ ਆਦਿਕ ਸੇ। ਜ਼ਿਲੇ ਫੀਰੋਜ਼ਪੁਰ ਦੇ ਹਲਵਾਰਾ, ਆਡਰੂ, ਝਲ, ਝੁੰਡ ਮੰਜ, ਬਹਿਕਾ, ਬਿੱਲੂਕੇ, ਹਰੀਕੇ ਆਦਿਕ ਪਿੰਡਾਂ ਤੋਂ ਕਟਕ ਨਿਕਲਦੇ ਸੇ ਤੇ ਬੀਂਘੜਾ, ਬੋਹਯਾ, ਹਰਜਾਊ, ਬੁਲਾਢਾ, ਰਾਣੀਆ, ਟੋਹਾਣਾ ਸਰਸੇ ਆਦਿਕ ਪਰਗਨਿਆਂ ਵਿਚੋਂ ਕਟਕ ਆਂਵਦੇ ਸੇ। ਏਸੇ ਤਰਾਂ ਮੁਲਕ ਮਾਝੇ ਦੁਾਬੇ ਦੜਪ ਝੰਗ ਆਦਿਕ ਅਨੇਕ ਪਿੰਡਾਂ ਵਿਚੋਂ ਮਸ਼ਹੂਰ ਧਾੜੇ ਦੌੜਦੇ ਸੇ। ਏਨਾਂ ਡਕੈਤਾਂ ਦੇ ਝੁੰਡਾਂ ਨੂੰ ਲੋਗ ਧਾੜਾ, ਪੇੜਾ, ਕਟਕ ਨਾਮ ਕਰਕੇ ਪੁਕਾਰਦੇ ਹੁੰਦੇ ਸੇ। ਜੱਦਪਿ ਹਾਕਮਨੇ ਅਨੇਕ ਉਪਾਇ ਕੀਤੇ, ਪਰ ਸੰ: ੧੭੬੫ ਤੋਂ ਲੈਕਰ ਸੰ: ੧੯੨੨ ਬਿ: ਤਕ ਅਮਨ ਨਾ ਹੋਯਾ। ਜਯੋਂ ੨ ਔਰੰਗਜ਼ੇਬ ਦੇ ਜ਼ੁਲਮਾਂ ਦੇ ਸਤਾਇਏ ਹੋਏ ਦੱਖਣ ਵਿੱਚ ਮਰਹਟੇ, ਜਬਲਪੁਰ ਆਦਿਕ ਵਿੱਚ ਪੰਡਾਰੇ, ਬੰਗਾਲੇ ਕਾਂਸ਼ੀ ਅਵਧ ਵਿੱਚ ਠੱਗ ਪੰਜਾਬ ਵਿੱਚ ਸਿੱਖ ਏਹ ਲੋਗ ਸ਼ਾਹੀ ਹਾਕਮਾਂ ਦੇ ਮੁਕਾਬਲੇ ਵਿੱਚ ਖੜੇ ਹੋਏ ਤਯੋਂ ੨ ਮੁਗਲਾਂ ਦੀ ਬਾਦਸ਼ਾਹੀ ਦਾ ਅੰਤ ਕਰਕੇ ਹਟੇ, ਫੇਰ ਨਾਦਰਸ਼ਾਹ ਅਹਿਮਦਸ਼ਾਹ ਦੇ ਹੱਲੇ ਹੁੰਦੇ ਰਹੇ ਤਾਂ ਭੀ ਗਦਰ ਬਣਿਆਂ ਰਿਹਾ, ਆਖਰ ਹਿੰਦੁਸਤਾਨ ਤੇ ਦੱਖਣ ਵਿੱਚ ਤੇ ਸਰਕਾਰ ਅੰਗ੍ਰੇਜ਼ੀ ਦਾ ਰਾਜ ਹੋਯਾ ਤੇ ਪੰਜਾਬ ਮਾਲਵੇ ਬਾਗੜ ਵਿੱਚ ਸਿੱਖਾਂ ਦਾ ਰਾਜ ਹੋਯਾ ਤਾਂ ਗਦਰ ਬੰਦ ਹੋਯਾ, ਨਹੀਂ ਤਾਂ ਓਸ ਪੰਜਾਹ, ਸੱਠ ਬਰਸਦੇ ਰੌਲੇ ਵਿੱਚ ਹਜ਼ਾਰਾਂ ਪਿੰਡ ਉਜੜ ਗਏ, ਬੇਸ਼ੁਮਾਰ ਲੋਗ ਕਤਲ

1765
57
1708

1765

Digitized by Panjab Digital Library | www.panjabdigilib.org

ਹੋਏ। ਜਯੋਂ ਜਯੋਂ ਮੁਸਲਮਾਨ ਬੰਦੋਬਸਤ ਕਰਨ ਵਾਸਤੇ ਸਿੱਖਾਂ ਉਤੇ ਜ਼ੁਲਮ ਕਰਦੇ ਰਹੇ,ਤਯੋਂ ੨ ਰਾਜ ਰੌਲਾ ਵਧਦਾ ਗਿਆ॥

# ਸਿੰਘਾਂ ਉੱਤੇ ਜ਼ੁਲਮ ਹੋਣੇ

ਜਦ ਸੂਬੇ ਲਾਹੌਰ ਜਾਲੰਧਰ ਆਦਿਕ ਮਕਾਨਾਂ ਦੇ ਹਾਕਮ ਅਨੇਕ ਵੇਲਣ ਵੇਲਕੇ ਹਾਰ ਗਏ ਤੇ ਗਸ਼ਤੀ ਫੌਜ ਭੀ ਘੱਟਾ ਛਾਣਕੇ ਰੈਹ ਗਈ ਤਾਂ ਮੱਘਰ ਸੰ: ੧੭੯੪ ਬਿ: ਵਿੱਚ ਸੂਬੇ ਲਾਹੌਰ ਨੇ ਏਸਤਰਾਂ ਦੀ ਡੌਂਡੀ ਫਿਰਾ ਦਿੱਤੀ ਕਿ ਜੋ ਕੋਈ ਇੱਕ ਸਿੱਖ ਨੂੰ ਫੜਾਵੇਗਾ ਓਸਨੂੰ ਪੰਜ ਰੁਪਯੇ ਜੋ ਆਪ ਫੜਕੇ ਲੈ ਆਵੇ ਓਸ ਨੂੰ ਦਸ ਰੁਪਏ, ਜੋ ਕੋਈ ਸਿੱਖ ਦਾ ਸਿਰ ਕੱਟ ਕੇ ਲਯਾਵੇ ਓਸਨੂੰ ਵੀਹ ਰੁਪਏ ਇਨਾਮ ਸਰਕਾਰੋਂ ਮਿਲੇਗਾ, ਏਸ ਤੋਂ ਅਧਿਕ ਜੋ ਕੋਈ ਹੋਰ ਕੰਮ ਕਰੇਗਾ ਓਸਨੂੰ ਅਧਿਕ ਇਨਾਮ, ਜਾਗੀਰ, ਖਿਲਤ ਆਦਿਕ ਮਿਲਨਗੇ, ਇਸ ਲਾਲਚ ਬਦਲੇ ਬਹੁਤੇ ਹਿੰਦੂ ਮੁਸਲੇ ਬੇਈਮਾਨ ਹੋਕਰ ਸਿਖਾਂ ਦੇ ਫੜਨੇ ਫੜਾਉਣੇ ਤੇ ਮਾਰਨੇ ਪਰ ਲੱਕ ਬੰਨ੍ਹ ਖੜੋਤੇ। ਫੇਰ ਤਾਂ ਕੋਈ ਸਿੱਖ ਕਿਸੇ ਪਿੰਡ ਵਿੱਚ ਨਾ ਰਿਹਾ ਸਬ ਘਰ ਛੱਡ ਛੱਡ ਕੇ ਨੱਠ ਗਏ, ਬਾਲਕ ਤੇ ਬੁਢੇ ਤਾਂ ਮਾਲਵੇ ਵਿੱਚ ਜਾ ਵੜੇ ਤੇ ਜੁਆਨ ੨ ਸਿੰਘ ਜੱਥੇ ਬਨਾਕੇ ਫਿਰਨ ਲੱਗ ਪਏ। ਸੈਂਕੜੇ ਸਿਖ ਮੁਖਬਰਾਂ ਨੇ ਫੜਾ ਦਿੱਤੇ। ਕਈ ਦੁਸ਼ਟਾਂ ਨੇ ਹਿੰਦੂ ਮੁਸਲਮਾਨਾਂ ਦੀਆਂ ਔਰਤਾਂ ਦੇ ਸਿਰ ਕੱਟ ਕੱਟ ਕੇ ਕੇਸਾਂ ਤੋਂ ਫੜ ਫੜ ਸਿੱਖਾਂ ਦੇ ਪੁਤ੍ਰ ਕਹਕੇ ਦਰੋਗਯਾਂ ਨੂੰ ਮਿਲ ਮਿਲਾ ਇਨਾਮ ਪਾਏ। ਜਦ ਏਹੋ ਜੇਹੇ ਹਰਾਮ ਖੋਰਾਂ ਦੀ ਖਬਰ ਸੂਬੇ ਨੂੰ ਹੋਈ ਤਾਂ ਓਨਾਂ ਦਗੇ ਦਾਰਾਂ ਤੋਂ ਬਹੁਤ ਚੱਟੀ

Digitized by Panjab Digital Library | www.panjabdigilib.org

ਲਈ। ਜਿਨ੍ਹਾਂ ਜਿਨ੍ਹਾਂ ਲੋਗਾਂ ਨੇ ਸਿੰਘਾਂ ਨੂੰ ਫੜਾਕੇ ਇਨਾਮ ਲੀਤੇ ਸੇ ਓਨਾਂ ਨੂੰ ਸਿੰਘਾਂ ਨੇ ਬੀ ਖੂਬ ਦੰਡ ਦਿਤਾ। ਜੱਦਪਿ ਏਸਤਰਾਂ ਬਹੁਤ ਸਿੰਘ ਮਾਰੇ ਗਏ ਤਾਂ ਬੀ ਅਪਨਾ ਸੁਭਾਵ ਸਿੰਘਾਂ ਨੇ ਨਾ ਛੱਡਿਆ॥

## ਦਿੱਲੀ ਦੇ ਟਗਿਆਂ ਲਈ ਅਫੜਾ ਦਫੜੀ ਤੇ ਖਜਾਨਾਂ ਸਿੱਖਾਂ ਤੋਂ ਲੁਟਾਨਾ

ਹੁਣ ਏਸ ਜ਼ੁਲਮ ਦੇ ਕਾਰਨ ਦੇਸ ਵਿੱਚ ਖੇਤੀ ਬਾੜੀ ਸੁਦਾਗਰੀ ਬੰਦ ਹੋਣੇ ਕਰ ਪਰਜਾ ਭੁਖੀ ਮਰਨ ਲੱਗੀ, ਸੂਕਾਰੀ ਹਾਲਾ ਉਘ੍ਰੇ ਨਹੀਂ ਜ਼ਿਮੀਦਾਰਾਂ ਨੂੰ ਸਪਾਹੀਆਂ ਨੇ ਮਾਰ ਕੁਟ ਕੇ ਉਲਟਾ ਵੈਰੀ ਬਨਾ ਲੀਤਾ, ਬਹੁਤੇ ਤਾਂ ਸਿੰਘ ਸਜ ਕੇ ਖਾਲਸੇ ਵਿੱਚ ਜਾ ਮਿਲੇ ਕਈ ਮਜੂਰੀਆਂ ਨੌਕਰੀਆਂ ਕਰਨ ਜਾ ਲਗੇ, ਏਸ ਕਰਕੇ ਜਦ ਸੂਬੇ ਲਾਹੌਰ ਦੇ ਟਕੇ ਤਿੰਨ ਬਰਸ ਦਿਲੀ ਨਾਂ ਪਹੁੰਚੇ ਤਾਂ ਮੁਹੰਮਦ ਸ਼ਾਹ ਬਾਦਸ਼ਾਹ ਨੇ ਹੈਬਤ ਖਾਂ ਤੇ ਅਬਦੁਲਾ ਖਾਂ ਰੁਹੇਲੇ ਸਰਦਾਰਾਂ ਨੂੰ ਦੋ 1786 ਹਜ਼ਾਰ ਰੁਹੇਲਾ ਦੇਕੇ ਸੰ: ੧੭੮੬ ਬਿ: ਨੂੰ ਹੁਕਮ ਦਿੱਤਾ ਕਿ 57 1729 ਜਦੋਂ ਤਾਈਂ ਲਾਹੌਰ ਦਾ ਸੂਬਾ ਟਕੇ ਨਾ ਪਹੁੰਚਾਵੇ ਤਦੋਂ ਤੱਕ ਪੰਜ ਹਜ਼ਾਰ ਰੁਪਯਾ ਰੋਜ ਦਸੂਤ ਲੈਂਦੇ ਰਹੋ, ਓਨਾਂ ਨੇ ਲਾਹੌਰ ਪਹੁੰਚਕੇ ਏਹੋ ਕੰਮ ਕੀਤਾ। ਸੂਬੇ ਨੇ ਤੰਗ ਹੋਕੇ ਚੌਧਰੀਆਂ ਨੂੰ ਫੜਿਆ। ਜੇਹੜੇ ਚੌਧਰੀ ਸਿਖਾਂ ਦੇ ਫੜਾਉਣ ਵਿੱਚ ਸੇ ਹੁਣ ਓਹੇ ਕੁੜੱਕੀ ਵਿੱਚ ਚੜ੍ਹ ਗਏ, ਰੁਹੇਲਿਆਂ ਨੇ ਮਾਰ ਮਾਰ ਬੁਰਾ ਹਾਲ ਕੀਤਾ, ਚੌਧਰੀਆਂ ਨੇ ਪਰਜਾ ਉਪਰ ਕੋਰੜਾ ਬਰਸਾਯਾ॥ ਰੱਯਤ ਪਾਸ ਤਾਂ ਪਹਿਲੇ ਹੀ ਮਿੱਟੀ ਦੇ ਤਵੇ ਸੇ, ਕਿਉਂਕਿ ਬਾਹਰ ਤੋਂ ਲੁਟੇਰੇ ਖੇਤੀ ਖੋਸ ਖਾਂਦੇ, ਘਰ ਵਿੱਚ ਭਾਂਡੇ ਨਾ

Digitized by Panjab Digital Library | www.panjabdigilib.org

ਰਹਿਨੇ ਪਾਉਂਦੇ ਸ਼ਾਹੂਕਾਰਾਂ ਨੇ ਸਬ ਕੁਛ ਜ਼ਮੀਨ ਵਿੱਚ ਦੱਬ ਕੇ ਦਿਵਾਲੇ ਕੱਢ ਛੱਡੇ, ਹਜ਼ਾਰਾਂ ਲੋਕ ਭੁਖੇ ਤ੍ਰੇਹ ਮਾਰੀਏ ਮਰ ਗਏ। ਦਸ ੨ ਰੁਪਏ ਨੂੰ ਅਨੇਕਾਂ ਦੇ ਮੁੰਡੇ ਕੁੜੀਆਂ ਵਿਕ ਗਏ, ਬੁਰਾ ਹਾਲ ਬਾਂਕੇ ਦਿਹਾੜੇ ਹੋਗਏ, ਸੂਬੇ ਨੂੰ ਟਕਾ ਵਸੂਲ ਨਾ ਹੋਵੇ, ਉੱਧਰੋਂ ਦਸੂਕ ਵਾਲੇ ਰੋਜ਼ ਪੰਜ ਹਜ਼ਾਰ ਲੈਕੇ ਰੋਟੀ ਪੱਕਣ ਦੇਂਦੇ। ਪਰਜਾ ਵਿਚੋਂ ਰੁਪਯਾ ਮਿਲੇ ਨਹੀਂ, ਹਾਰਕੇ ਸੂਬੇ ਨੇ ਮਨ ਵਿੱਚ ਕਪਟ ਰੱਖ ਕੁਛ ਜ਼ੇਵਰ ਵੇਚਜਾ ਤੇ ਕੁਛ ਕਰਜਾ ਲਿਆ, ਰੁਹੇਲੇ ਸਰਦਾਰਾਂ ਨੂੰ ਵੱਢੀ ਦੇਕੇ ਨਰਮ ਕੀਤਾ ਫੇਰ ਕਈ ਲੱਖ ਰੁਪਯਾ ੮੦ ਅੱਸੀ ਗਡੀਆਂ ਵਿਚ ਥੋੜਾ ੨ ਲੱਦ ਕੇ ਤਲਬ ਤੋਰੀ ਤਾਂ ਰੱਜ ਕੇ ਰੋਟੀ ਖਾਧੀ। ਖਾਨ ਬਹਾਦਰ ਨੇ ਆਪਣੇ ਕਪਟ ਦੀ ਲੀਕ ਮੇਟਣ ਵਾਸਤੇ ਏਹ ਚਾਲ ਚੱਲੀ ਕਿ ਭਾਈ ਸਬੇਗ ਸਿੰਘ ਜੰਬਰਾਂ ਵਾਲੇ ਨੂੰ (ਜੋ ਅਰਬੀ ਫਾਰਸੀ ਪੜ੍ਹਿਆ ਹੋਇਆ ਸੀ ਤੇ ਲਾਹੌਰ ਠੇਕੇਦਾਰੀ ਸੌਦਾਗਰੀ ਕਰਦਾ ਹੁੰਦਾਸੀ)ਬੁਲਾਕੇ ਆਖਿਆ,ਜੇਕਰ ਏਹ ਖਜ਼ਾਨਾ ਸਿੰਘ ਲੁਟ ਲੈਣ ਤਾਂ ਮੇਰੇ ਸਿਰੋਂ ਹਿਸਾਬ ਦੇਣ ਦੀ ਬਲਾ ਟਲਦੀ ਹੈ। ਸਬੇਗਸਿੰਘ ਨੇ ਖਾਲਸੇ ਨੂੰ ਖਬਰ ਕਰਦਿੱਤੀ, ਸਿੰਘਾਂ ਝਟਾਪਟ ਚਾਰ ਕੁ ਹਜ਼ਾਰ ਨੇ ਕੱਠੇ ਹੋਕੇ ਤਰਨਤਾਰਨ ਦੇ ਪਰਗਣੇ ਨੂਰਦੀਨ ਦੀ ਸਰਾਇ ਪਾਸ ਜਿੱਥੇ ਰੁਹੇਲੇ ਉਤਰੇ ਹੋਏ ਸਨ, ਦੋ ਜਥੇ ਬਣਾਕੇ ਜਾ ਦਰਸ਼ਨ ਦਿੱਤਾ। ਇਕ ਜਥੇ ਨੇ ਅੱਗੇ ਹੋਕੇ ਲੜਾਈ ਪਾਈ ਤੇ ਦੂਸਰੇ ਜੱਥੇ ਨੇ ਪਿਛਲੇ ਰਾਖਿਆਂ ਨੂੰ ਮਾਰਕੇ ਸਬ ਖਜ਼ਾਨਾ ਲੁੱਟ ਲੀਤਾ, ਜੇਹੜਾ ਜੱਥਾ ਸਾਹਮਣੇ ਲੜਦਾ ਸੀ ਓਹ ਭੀ ਘੋੜੇ ਦੌੜਾ ਗਿਆ, ਰੁਹੇਲੇ ਦੇਖਦੇ ਹੀ ਰੈਹ ਗਏ ॥

ਸਬ ਸਿੰਘ ਭੁਬਾਲ ਪਾਸ ਗੁਰੂਕੀ ਬੀੜ ਵਿੱਚ ਜਾ ਬੈਠੇ

Digitized by Panjab Digital Library | www.panjabdigilib.org

ਹੋਏ, ਖਜ਼ਾਨਾ ਦੀਵਾਨ ਦਰਬਾਰਾ ਸਿੰਘ ਤੇ ਲਾਂਗਰੀ ਹਰੀ ਸਿੰਘ ਆਦਿਕ ਵਡੇ ੨ ਸਿੰਘਾਂ ਅਗੇ ਰੱਖ ਦਿੱਤਾ, ਉਨਾਂ ਨੇ ਦਸਵਾਂ ਹਿੱਸਾ ਗੁਰੂ ਦੇ ਨਮਿੱਤ ਕੱਢਕੇ ਬਾਕੀ ਸਭ ਨੂੰ ਇਕੋ ਜੇਹਾ ਵੰਡ ਦਿੱਤਾ, ਸਗੋਂ ਜੋ ਲੁਟੇਰੇ ਜੱਟ ਭੀ ਉਦੋਂ ਆ ਰਲੇ ਸਨ, ਉਨਾਂ ਨੂੰ ਭੀ ਬਰਾਬਰ ਹਿੱਸਾ ਦੇਕੇ ਆਪਣੇ ਸਾਥੀ ਬਣਾ ਲਿਆ। ਦਸਵੰਧ ਦੇ ਹਿੱਸੇ ਦਾ ਰੁਪਯਾ ਅੰਮ੍ਰਿਤਸਰ ਭਾਈ ਮਨੀ ਸਿੰਘ ਜੀਨੂੰ ਲੰਗਰ ਵਾਸਤੇ ਦੇਕੇ ਆਪ ਰਮਤੇ ਹੋਏ, ਏਸ ਰੁਪਯੇ ਨਾਲ ਸਾਮਾਨ ਹੱਥਜ਼ਾਰ ਬਣਾਕੇ ਤਿਆਰ ਬਰਤਿਆਰ ਹੋ ਗਏ ॥

## ਸੂਬੇ ਨੇ ਦਿਲੀਓਂ ਫੌਜ ਮੰਗਾਈ ਤੇ ਸਿੰਘਾਂ ਨੇ ਛਾਪੇ ਮਾਰਕੇ ਫੌਜ ਨੂੰ ਤੰਗ ਕਰਨਾ

ਜਦ ਖਜ਼ਾਨਾ ਲੁਟਿਆ ਗਿਆ ਤਾਂ ਰਹੇਲੇ ਤੇ ਗਸ਼ਤੀ ਫੌਜ ਕੁਛ ਦਿਨ ਤਾਂ ਸਿਖਾਂ ਦੇ ਪਿੱਛੇ ਫਿਰਦੀ ਰਹੀ, ਓੜਕ ਥੱਕਾਂ ਮਾਰ ਮਾਰ ਲਾਹੌਰ ਨੂੰ ਚਲੀ ਗਈ। ਤਦੋਂ ਖਾਨ ਬਹਾਦਰ ਨੇ ਬਾਦਸ਼ਾਹ ਪਾਸ ਲਿਖ ਭੇਜਿਆ, ਮੈਂ ਤਾਂ ੮੦ ਅਸੀ ਗੱਡੇ ਲੱਦਕੇ ਮਾਇਆ ਦੇ ਦਿਲੀ ਨੂੰ ਤੋਰੇ ਸਨ, ਤੇ ਚਾਰ ਹਜ਼ਾਰ ਫੌਜ ਭੀ ਨਾਲ ਸੀ, ਪਰ ਸਿੰਘਾਂ ਨੇ ਮਾਰਕੇ ਫੌਜ ਨੂੰ ਭਜਾ ਦਿੱਤਾ ਤੇ ਖਜ਼ਾਨਾ ਲੁਟ ਲੀਤਾ, ਖੇਤੀ ਹੋਣ ਨਹੀਂ ਦਿੰਦੇ, ਰੱਯਤ ਭੁਖੀ ਮਰਦੀ ਕੰਗਾਲ ਹੋਕੇ ਉਜੜਦੀ ਜਾਂਦੀ ਹੈ, ਅਗੇ ਨੂੰ ਟਕਾ ਵਸੂਲ ਨਹੀਂ ਹੋਣਾ, ਆਪ ਫੌਜ ਭੇਜੋਗੇ ਤਾਂ ਗਦਰ ਹਟੇਗਾ। ਏਹ ਅਰਜ਼ੀ ਸੁਣਕੇ ਬਾਦਸ਼ਾਹ ਦੇ ਤਾਂ ਤਨ ਮਨ ਨੂੰ ਅੱਗ ਲੱਗ ਉਠੀ ਤੇ ਝੱਟ ਪੱਟ ਵੀਹ ਹਜ਼ਾਰ ਫੌਜ ਦੇਕੇ ਰੁਹੇਲੇ ਨਜੀਬ ਖਾਂ ਤੇ ਸਫਦਰ ਖਾਂ

ਜਫਰ ਜੰਗ, ਮੁਨੀਯਮ ਖਾਂ ਆਦਿਕ ਜ਼ਾਲਮ ਫੌਜਦਾਰਾਂ ਨੂੰ ਸਿੱਖਾਂ ਦਾ ਨਾਮ ਨਿਸ਼ਾਨ ਮੇਟਣ ਵਾਸਤੇ ਸੰ: ੧੭੮੭ ਬਿ: ਨੂੰ ਪੰਜਾਬ ਦੀ ਤਰਫ ਰਵਾਨੇ ਕੀਤਾ ਤੇ ਪੰਜਾਬ ਦੇ ਹਾਕਮਾਂ ਨੂੰ ਪਰਵਾਨੇ ਲਿਖ ਭੇਜੇ ਜੋ ਤੁਸੀ ਭੀ ਸ਼ਾਹੀ ਫੌਜ ਦੇ ਨਾਲ ਹੋਕੇ ਸਿੱਖਾਂ ਦੇ ਪਿੰਡ ਤੇ ਕਿਲ੍ਹੇ ਦੱਸੋ ਤੇ ਹਰਤਰਾਂ ਦੀ ਮਦਦ ਦੇਕੇ ਇਸ ਲੁਟੇਰੀ ਕੌਮ ਦਾ ਨਾਸ ਕਰੋ। ਏਸ ਵਕਤ ਸੂਬੇ ਲਾਹੌਰ ਨੇ ਸੋਚਿਆ ਜੇਕਰ ਏਹ ਫੌਜ ਸਿੱਖਾਂ ਉਤੇ ਫਤੇ ਪਾ ਗਈ ਤਾਂ ਮੈਨੂੰ ਹਾਣ ਆਊ, ਸੋਚਕੇ ਸਵੈਗ ਸਿੰਘ ਹੱਥ ਕਹਿ ਭੇਜਿਆ ਕਿ ਦਿੱਲੀ ਦੀ ਫੌਜ ਨੂੰ ਖਾਲਸਾ ਚੰਗੇ ਹੱਥ ਵਿਖਾਵੇ ॥

ਸਿੰਘਾਂ ਨੇ ਸਰਹੰਦ ਦੇ ਪਰਗਣੇ ਵਿਚ ਹੀ ਪਹੁੰਚਕੇ ਮਾਰੋ ਮਾਰ ਕਰਨੀ ਸ਼ੁਰੂ ਕਰ ਦਿਤੀ ਬਾਕੀ ਕੁਛ ਹਰੀ ਦੇ ਪਤਣ ਦਰੀਆ ਲੰਘਦੇ ਲੁਟੇ ਮਾਰੇ, ਕਿਉਂਕਿ ਸ਼ਾਹੀ ਫੌਜ ਤਾਂ ਬੇੜੀਆਂ ਵਿੱਚ ਲੰਘਦੀ ਸੀ, ਸਿੰਘਾਂ ਨੂੰ ਗਾਹਣ ਮਲੂਮ ਸੇ ॥

ਹਾਕਮ ਜਾਲੰਧਰ ਤੇ ਸੂਬੇ ਲਾਹੌਰ ਦੀ ਫੌਜ ਬੀ ਲਸ਼ਕਰ ਦੇ ਨਾਲ ਹੋ ਗਈ, ਸਿੰਘਾਂ ਦੇ ਪਿੰਡ, ਕਿਲ੍ਹੇ, ਜੰਗਲ, ਦਰਿਆਵਾਂ ਦੇ ਝੱਲ ਦੱਸ ਛੱਡੇ ਤੇ ਮੁਲਤਾਨ ਦੀ ਤਰਫ ਨੂੰ ਫੌਜ ਤੋਰ ਲਈ, ਵਿਚਾਰੇ ਮੁਗਲ, ਪਠਾਣ, ਹਿੰਦੁਸਤਾਨੀ, ਕੁਛ ਤਾਂ ਜੰਗਲਾਂ ਨੂੰ ਦੇਖਕੇ ਡਰੇ, ਕੁਛ ਪਾਣੀ ਦਾ ਤੋੜਾ, ਅੰਨ ਮੋਠ ਬਾਜਰੀ ਜੋ ਉਨਾਂਨੇ ਕਦੇ ਨਹੀਂ ਖਾਧਾ ਸੀ ਤੇ ਨਾ ਖਾ ਸਕਦੇ ਸਨ, ਬਾਕੀ ਉਚੇਰੇ ਤੇ ਸਿਰਾਲੇ ਘਾਹ ਨੇ ਕਪੜੇ ਪਾੜ ਸਿੱਟੇ, ਜਿਸ ਤੋਂ ਅਤੀ ਦੁਖੀ ਹੋ ਗਏ। ਸ਼ਾਹੀ ਫੌਜ ਲਾਹੌਰ ਵੱਨੀ ਮੁੜ ਪਈ, ਬਾਕੀ ਸਿੰਘਾਂ ਨੇ ਚੰਗੀ ਮਾਰੋ ਮਾਰ ਕੀਤੀ ਜੋ ਭੁਖੀ ਤਿਹਾਈ ਤੋਬਾ ੨ ਪੁਕਾਰਦੀ ਹੋਈ ਮੁੜ ਲਾਹੌਰ ਜਾ ਵੜੀ ॥

Digitized by Panjab Digital Library | www.panjabdigilib.org

# ਸਿੰਘਾਂ ਨੇ ਦੇਸ ਛਡਣਾ

ਹੁਣ ਸੂਬੇ ਨੇ ਸੋਚਿਆ ਕਿ ਸ਼ਾਹੀ ਲਸ਼ਕਰ ਦੀ ਬਹਾਦਰੀ ਤਾਂ ਹੋ ਲਈ, ਜੇਕਰ ਹੁਣ ਫੇਰ ਭੀ ਸਿੰਘ ਦੇਸ ਵਿੱਚ ਰਹੇ ਤਾਂ ਦੂਣੇ ਮੱਛਰ ਜਾਣਗੇ ਤੇ ਮੈਨੂੰ ਬਹੁਤ ਦੁਖੀ ਕਰਨਗੇ, ਭਾਂਤੇ ਇਸ ਫੌਜ ਦੀ ਮਦਦ ਨਾਲ ਏਨ੍ਹਾਂ ਦਾ ਨਾਮ ਨਿਸ਼ਾਨ ਹੀ ਮਿਟਾ ਦੇਈਏ ਤਾਂ ਚੰਗਾ ਹੈ। ਏਹ ਸੋਚਕੇ ਸੂਬੇ ਨੇ ਲਸ਼ਕਰ ਦੇ ਅਨੇਕ ਹਿੱਸੇ ਕਰਕੇ ਸਿੰਘਾਂ ਦੇ ਪਿੱਛੇ ਲਾ ਦਿੱਤੇ, ਤੇ ਦੇਸੀ ਮੁਸਲਮਾਨਾਂ ਤੋਂ ਜੰਗਲਾਂ ਨੂੰ ਅੱਗਾਂ ਲਗਵਾ ਦਿੱਤੀਆਂ, ਫੇਰ ਤਾਂ ਸਿੰਘਾਂ ਨੂੰ ਬੀ ਮੁਸ਼ਕਿਲ ਬਣੀ, ਦੌੜ ਦੌੜ ਕੁਛ ਪਹਾੜਾਂ ਵਿਚ ਤੇ ਕਈ ਬੈਰਾੜਾਂ ਦੇ ਪਿੰਡਾਂ ਵਿਚ ਜਾ ਰਹੇ, ਬਹੁਤੇ ਰਾਜਪੂਤਾਂਨੇ ਦੀ ਤਰਫ਼ ਨਿਕਲ ਗਏ, ਜੇੜ੍ਹਾ ਕੋਈ ਖੇਤੀ ਵਪਾਰ ਕਰਨ ਵਾਲਾ ਸਿੰਘ ਸ਼ਾਹੀ ਫੌਜ ਨੂੰ ਲੱਭਿਆ ਸੋ ਕਤਲ ਕੀਤਾ ਗਿਆ, ਬਲਕਿ ਦਾੜ੍ਹੀ ਕੇਸਾਂ ਵਾਲਾ ਜੋ ਕੋਈ ਸਿੱਖ ਯਾ ਅਸਿੱਖ ਧੱਕੇ ਚੜ੍ਹ ਗਿਆ ਓਹੋ ਪਾਰ ਬੁਲਾਇਆ, ਇਸ ਭਾਂਤ ਆਪਣੀ ਤਰਫੋਂ ਸਿੰਘਾਂ ਨੂੰ ਮੁਕਾਕੇ ਸ਼ਾਹੀ ਫੌਜ ਦਿੱਲੀ ਨੂੰ ਮੋੜ ਦਿੱਤੀ॥

# ਸਿੱਖਾਂ ਨੇ ਮੁੜ ਆਨਕੇ ਸੋਧਨਾ ਤੇ ਪਤਤ ਸ਼ੁਧ ਕਰਨੇ

ਜਦ ਬਾਦਸ਼ਾਹੀ ਫੌਜ ਦਾ ਪੰਜਾਬ ਵਿੱਚੋਂ ਤੁਰ ਜਾਣਾ ਸਿੰਘਾਂ ਨੇ ਸੁਣਿਆਂ ਤਾਂ ਫੇਰ ਸੰ: ੧੭੮੭ ਬਿ: ਨੂੰ ਝਾੜਾਂ ਪਹਾੜਾਂ ਬਿਰਾੜਾਂ ਵਿੱਚੋਂ ਸਿੰਘ ਖੁੰਬਾਂ ਵਾਂਗੂੰ ਸਿਰ ਕੱਢ ਆਏ, ਕਈ ਹਜ਼ਾਰ ਕੱਠਾ ਹੋ ਗਿਆ, ਧੀਰੇ ਧੀਰੇ ਰਾਜਪੂਤਾਨੇ ਵਾਲੇ ਭੀ ਪਹੁੰਚ ਪਏ, ਫੇਰ ਓਹੋ ਕਜਾਮਤ ਦੀ ਰਾਤ ਨਾਜ਼ਮ ਫਲੀਏ

Digitized by Panjab Digital Library | www.panjabdigilib.org

ਨੂੰ ਤੇ ਦੁਸ਼ਾਲਿਆਂ ਨੂੰ ਕਰ ਵਿਖਾਈ, ਨਾਲੇ ਜੇਹੜੇ ਸਿੰਘ ਤੇ ਹਿੰਦੂ ਮੱਲੋ ਮਲੀ ਮਹੰਮਦੀ* ਬਣਾਏ ਗਏ ਸਨ, ਉਨਾਂ ਨੂੰ ਫੇਰ ਅੰਮ੍ਰਤ ਛਕਾ ੨ ਆਪਣੇ ਨਾਲ ਮਿਲਾ ਲਿਆ, ਸਿੰਘਾਂ ਦੇ ਏਸ ਤ੍ਰੀਕੇ ਨੂੰ ਵੇਖਕੇ ਹਿੰਦੂ ਮੁਸਲਮਾਨ ਸਬ ਏਹੋ ਆਖ ਉੱਠੇ ਕਿ ਸਿੰਘਾਂ ਜੈਸਾ ਪੱਕਾ ਤੇ ਸੱਚਾ ਮਜ਼ੁਬ ਕੋਈ ਨਹੀਂ, ਹੁਣ ਫੇਰ ਭਾਦ੍ਰੋਂ ਦੇ ਬੱਦਲਾਂ ਵਾਂਗੂੰ ਸਿੰਘਾਂ ਦੇ ਜੱਥੇ ਉਮਡ ੨ ਕੇ ਗੁਸੇ ਦੇ ਗੋਲੇ ਬਰਸਾਉਂਦੇ ਹੋਏ ਫਿਰਨ ਲਗ ਪਏ, ਓਹੋ ਕਦੀਮੀ ਰੰਗ ਝਲਕਾਕੇ ਮੁਸਲਮਾਨਾਂ ਨੂੰ ਅਰਾਮ ਹਰਾਮ ਕਰ ਦਿੱਤਾ, ਕਈ ਵਾਰੀ ਲਾਹੌਰ ਦੇ ਬਾਜ਼ਾਰਾਂ ਥੀਂ ਹੁੰਦਿਆਂ ਹੋਇਆਂ ਸੂਬੇ ਨੂੰ ਫਤੇ ਜਾ ਬੁਲਾਈ॥

## ਮੁਲਾਣਿਆਂ ਦਾ ਉਭਾਰ ਹੈਦ੍ਰੀ ਝੰਡਾ ਤੇ ਕਾਹਨੂੰਵਾਨ ਦਾ ਜੁੱਧ

ਜਦ ਏਸ ਭਾਂਤ ਸਿੰਘਾਂ ਨੇ ਫੇਰ ਮੁਸਲਮਾਨਾਂ ਨੂੰ ਸੋਧਿਆ ਤਾਂ ਮੁਲਾਣਿਆਂ ਨੇ ਉਪਦੇਸ਼ ਦੇ ਦੇਕੇ ਤੁਰਕਾਂ ਨੂੰ ਐਸੀ ਕ੍ਰੋਧ ਦੀ ਪਾਂਣ ਚੜ੍ਹਾਈ ਓਹ ਮਰਨ ਮਾਰਨਨੂੰ ਤਿਆਰ ਹੋ ਖਲੋਤੇ, ਪਿੰਡ ੨ ਹੋੱਕਾਫੇਰ ਦਿੱਤਾ ਕਿ ਜੇਕਰ ਏਹੋ ਹਾਲ ਰਿਹਾ ਤਾਂ ਏਨ੍ਹਾਂ ਸਿੱਖਾਂ ਨੇ ਸਾਨੂੰ ਕੱਢ ਛਡਿਆ, ਜਿਨਾਂ ਤੋਂ ਸ਼ਾਹੀ ਫੌਜ ਹਾਰਕੇ ਚਲੀ ਗਈ, ਡਰਦੇ ਮਾਰੇ ਖਾਨ ਬਹਾਦਰ ਦਾ ਮੂਤ ਤੰਬੇ ਵਿੱਚ ਨਿਕਲ ਰਿਹਾ

---

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੋਬਰੂ ਸੰ: ੧੭੬੦ ਬਿ: ਨੂੰ ਅਨੰਦਪੁਰ ਦੇ ਜੰਗ ਵਿੱਚੋਂ ਇਕ ਰਾਮ ਸਿੰਘ ਸਿਖ ਨੂੰ ਮੁਸਲਮਾਨਾਂ ਨੇ ਲੈਜਾਕਰ ਮੁਸਲਮਾਨ ਕਰ ਲਿਆ ਸੀ ਤੇ ਉਸਦੀ ਸੁੰਨਤ ਭੀ ਕਰਾ ਦਿੱਤੀ ਸੀ। ਪੰਦ੍ਰਾਂ ਦਿਨਾਂ ਬਾਦ ਜਦ ਓਹ ਗੁਰੂ ਜੀ ਪਾਸ ਆਯਾ ਤਾਂ ਉਸਨੂੰ ਅਮ੍ਰਿਤ ਛਕਾ ਕੇ ਫੇਰ ਆਪਣੇ ਪੰਥ ਵਿਚ ਮਿਲਾ ਲੀਤਾ ਤੇ ਅਗੇ ਨੂੰ ਹੁਕਮ ਦਿਤਾ ਜੋ ਕੋਈ ਹਿੰਦੂ ਯਾ ਸਿੰਘ ਮੁਸਲਮਾਨ ਹੋ ਜਾਵੇ ਉਸਨੂੰ ਅੰਮ੍ਰਿਤ ਛਕਾ ਕਰ ਨਾਲ ਰਲਾ ਮਿਲਾ ਲੈਣਾ, ਏਸੇ ਕਰਕੇ ਸੋਢੀ ਬਡਭਾਗ ਸਿੰਘ ਆਦਿਕਾਂ ਮੁਸਲਮਾਨੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘਾਂ ਦੇ ਹਵਾਲੇ ਕਰ ਦਿਤਾ ਸੀ॥

Digitized by Panjab Digital Library | www.panjabdigilib.org

ਹੈ,ਸਾਡੇ ਭਾ ਦੀ ਸ਼ਾਂਮਤ ਹੈ, ਜੇ ਬਚਣਾ ਹੈ ਤਾਂ ਹੁਣ ਸਬ ਦੀਨੀ ਭ੍ਰਾਈ ਕੱਠੇ ਹੋਕੇ ਏਹਨਾਂ ਧਾੜਵੀਆਂ ਦਾ ਨਾਸ ਕਰੋ। ਏਹੋ ਮਤਾ ਮਤਾਕੇ ਸੈਂਕੜੇ ਚੌਧਰੀ ਤੇ ਕਾਜ਼ੀ ਮੌਲਵੀ ਫਕੀਰ ਟੋਲੇ ਬੰਨ੍ਹ ੨ ਲਾਹੌਰ ਨੂੰ ਚਲੇ ਆਏ। ਨਵਾਬ ਖਾਨ ਬਹਾਦਰ ਨੂੰ ਆਖਣ ਲੱਗੇ, ਤੂੰ ਤਾਂ ਹੁਣ ਵਹੁਟੀ ਬਣ ਬੈਠਾ ਹੈਂ, ਅਸੀਂ ਕਿਧਰ ਜਾਈਏ, ਏਨਾਂ ਸਿੱਖਾਂ ਨੇ ਸਾਡਾ ਤਾਂ ਕੱਖ ਨਹੀਂ ਛਡਿਆ, ਤੂੰ ਮਦਦ ਕਰੇਂ ਤਾਂ ਅਸੀ ਕਠੇ ਹੋਕੇ ਏਨਾਂ ਦੀ ਖਬਰ ਲਈਏ? ਏਸ ਗਲ ਨੂੰ ਸੁਣਕੇ ਨਵਾਬ ਨੇ ਬੜੀ ਖੁਸ਼ੀ ਮੰਨੀ ਤੇ ਲੱਕ ਬੰਨ੍ਹ ਖੜੋਤਾ। ਹੈਦਰੀ ਝੰਡਾ ਈਦਗਾਹ ਵਿੱਚ ਗਡਵਾਕੇ ਸਾਰੀ ਪੰਜਾਬ ਵਿੱਚ ਢੰਡੋਰਾ ਫੇਰ ਦਿੱਤਾ ਕਿ ਦੀਨ-ਮਜ਼੍ਹਬ ਦਾ ਜੰਗ ਹੋਊ, ਜੋ ਦੀਨਦਾਰ ਨਬੀ ਦੇ ਕਲਮੇਂ ਦੀ ਆਣ ਮੰਨਦਾ ਹੈ ਓਹ ਦੀਨ ਦੇ ਦੁਸ਼ਮਣਾਂ ਨੂੰ ਦਫੇ ਕਰਨ ਵਾਸਤੇ ਹੈਦਰੀ ਝੰਡੇ ਹੇਠ ਆ ਜਾਵੇ! ਏਹ ਸੁਣਦੇ ਹੀ ਮਹੰਮਦੀਆਂ ਨੂੰ ਤਾਂ ਤਲੇ ਮੱਛੀ ਲਗ ਪਈ, ਹੋਰਦੀ ਕੀ ਆਖੀਏ ਜੁਲਾਹੇ ਭੀ ਖੱਡੀਆਂ ਵਿੱਚੋਂ ਉਠਕੇ ਮੁੰਗਲੀਆਂ ਤੇ ਕੀਲੀਆਂ ਲੈਕੇ ਤੁਰ ਪਏ। ਭੱਟੀ ਪਰਾਧੇ ਬੋਦਲੇ, ਡੋਗਰੇ, ਟਵਾਣੇ, ਚੱਠੇ ਸਜਾਲ, ਬਲੋਚ, ਭੂੰਡੇ, ਜੱਟ, ਰਾਂਈ, ਕੰਬੋ, ਕੱਕੇਜਈ, ਕਸ਼ਮੀਰੀ, ਪਠਾਣ, ਮੁਗਲ, ਸ਼ੇਖ, ਸੱਯਦ ਆਦਿਕ ਬੇਅੰਤ ਜਾਤਾਂ ਦੇ ਮੁਸਲਮਾਨ ਹਥੀਂ ਮੌਂਦੀ ਲਾ, ਗਾਨੇ, ਹਥਜਾਰ ਬੰਨ, ਦੀਨ ਮਜ਼੍ਹਬ ਦੇ ਜੰਗ ਵਿਚ ਸ਼ਹੀਦ ਹੋਣ ਲਈ ਢੋਲ ਬਜਵਾਉਂਦੇ, ਛੂ ਛਕੜੇ ਪਾਉਂਦੇ ਹੋਏ, ਸਾਉਣ ਦੇ ਨਾਲੇ ਨਦੀਆਂ ਵਾਂਗ ਉਛਲ ੨ ਸਿੰਘ ਪੰਥ ਬੜਵਾਨਲ ਦੇ ਉਤੇ ਪੈਣ ਲਈ ਲਾਹੌਰ ਵੱਨੀ ਆਟੇ ਦੇ ਗਠੜੇ ਸਿਰਾਂ ਉਤੇ ਚੁਕ ਕੇ ਚਲੇ ਆਏ। ਇਕ ਪੱਖ ਦੇ ਅੰਦਰ ਕਈ ਲੱਖ ਦੀਨਦਾਰ ਕੱਠਾ ਹੋਗਿਆ।

ਬਡੇ ਬਡੇ ਦੌਲਤ ਤੇ ਜਾਗੀਰਾਂ ਵਾਲੇ ਮਿਰਜ਼ਾ ਹਾਜੀ ਬੇਗ, ਮੁਰਤਜ਼ਾ ਖਾਂ ਮੁਗਲ ਸੌਦਾਗਰ, ਮੀਆਂ ਮੁਲਾਂ ਚੁਗਲ, ਦੌਲਤ ਖਾਂ ਨਜੀਬ ਗੜ੍ਹੀਆ, ਇਮਾਨਤ ਖਾਂ ਸ਼ੇਖੂਪੁਰੇ ਦਾ, ਹੁਸੈਨ ਖਾਂ ਕਸੂਰੀ, ਜਾਫਰ ਖਾਂ, ਸਲੇਮ ਖਾਂ ਰਸੂਲ ਨਗਰ ਦੇ, ਤੁਰਕੀਬੇਗ, ਸ਼ੱਮਸ ਦੀਨ ਅਲੀਗੜ੍ਹੀਏ ਆਦਿਕ ਮੁਸਲਮਾਨ ਤੇ *ਟੋਡਰ ਮਲ ਦੀਵਾਨ ਦਾ ਪੋਤਾ ਪਹਾੜ ਚੰਦ ਚੂਹਣੀਆਂ ਵਾਲਾ, ਚੌਧਰੀ ਸਾਹਿਬਰਾਇ ਨੌਸ਼ਹਿਰੇ ਦਾ ਆਕੁਲਦਾਸ ਜੰਡਯਾਲੇ ਦਾ, ਧਰਮ ਦਾਸ ਆਦਿਕ ਅਨੇਕ ਹਿੰਦੂ ਉਸ ਖੁਦਾਈ ਲਸ਼ਕਰ ਦੇ ਸਹਾਇਕ ਬਣ ਗਏ। ਹੁਣ ਸੰ:੧੭੯੮ਬਿ: ਨੂੰ ਨਵਾਬ ਖਾਨ ਬਹਾਦਰ ਨੇ
1735 ਇਸ ਦੀਨੀ ਸੈਨਾਂ ਨੂੰ ਬਹੁਤ ਸਾਰਾ ਜੰਗੀ ਸਾਮਾਨ ਤੇ ਫੌਜ ਦੀ ਮਦਦ ਦੇਕੇ ਮੀਰ ਅਨਾਯਤੁਲਾ ਖਾਂ ਬਖਸ਼ੀ ਨੂੰ ਸਭ ਦੇ ਉਤੇ ਹਾਕਮ ਕਰਕੇ ਸਿੰਘਾਂ ਦੇ ਮਾਰਣ ਵਾਸਤੇ ਤੋਰ ਦਿੱਤਾ। ਏਧਰ ਪੰਥ ਖਾਲਸਾ ਭੀ ਅਕਾਲਪੁਰਖ ਉਤੇ ਡੋਰੀ ਰੱਖਕੇ ਸ਼ਹੀਦੀ ਮਰਤਬਾ ਲੈਣ ਨੂੰ ਤਿਆਰ ਹੋਕਰ ਵੀਹ

---

*ਟੋਡਰ ਮਲ ਦੀਵਾਨ ਚੂਹਣੀ ਪਿੰਡ ਦਾ ਸੀ, ਏਸ ਦਾ ਬਾਪ ਬਹੁਤ ਗਰੀਬ ਘੁੰਗਣੀਆਂ ਵੇਚਕੇ ਗੁਜ਼ਾਰਾ ਕਰਦਾ ਹੁੰਦਾ ਸੀ। ਜਦ ਟੋਡਰ ਮਲ ਪੇਟ ਵਿਚ ਆਯਾ ਤਾਂ ਏਸਦੀ ਮਾਂ ਚੰਗੇ ੨ ਕਪੜੇ ਗਹਿਣੇ ਅਤਰ ਆਦਿਕ ਖੁਸ਼ਬੋਈਆਂ ਤੇ ਅੰਗੂਰ ਸੇਓ ਮੰਗਣ ਲਗੀ, ਪਰ ਏਸ ਦਾ ਬਾਪ ਗਰੀਬ ਸੀ, ਕਿਥੋਂ ਲਿਆਕੇ ਦਿੰਦਾ? ਇਕ ਦਿਨ ਐਸਾ ਸੰਜੋਗ ਆਕੇ ਬਣਿਆਂ ਜੋ ਏਸਦੇ ਬਾਪ ਤੋਂ ਸਜਾਦਤਖਾਂ ਮੇਵੇ ਦੇ ਸੌਦਾਗਰ ਨੇ ਪਹਿਲੋਂ ਘੁੰਗਣੀਆਂ ਖਾਧੀਆਂ ਤੇ ਫੇਰ ਜਦ ਖੁਸ਼ ਹੋਕੇ ਕੁਛ ਦੇਣ ਲੱਗਾ ਤਾਂ ਏਸਦੇ ਬਾਪ ਨੇ ਆਪਣੀ ਔਰਤ ਦਾ ਸਾਰਾ ਹਾਲ ਸੁਣਾਯਾ। ਸੌਦਾਗਰ ਨੇ ਓਸਦੇ ਪੇਟ ਵਿਚ ਭਾਗ ਵਾਲਾ ਪੁਰਖ ਪੈਦਾ ਹੋਣਾ ਸਮਝ ਕੇ ਇਕ ਲਿਖਤ ਕਰਵਾ ਲਈ ਤੇ ਫੇਰ ਹਮੇਸ਼ ਪਰਵਰਸ਼ ਕਰਦਾ ਰਿਹਾ, ਤੇ ਓਦੋਂ ਭੀ ਜੋ ਕੁਛ ਓਸਨੇ ਮੰਗਯਾ ਸੋ ਸਭ ਕੁਛ ਦਿਤਾ। ਓਸ ਵਿਚੋਂ ਏਹ ਟੋਡਰਮਲ ਪੈਦਾ ਹੋਯਾ ਤੇ ਜਦ ਏਹ ਅਕਬਰ ਸ਼ਾਹ ਦਾ ਦੀਵਾਨ ਬਣਿਆਂ ਤਾਂ ਸਜਾਦਤ ਖਾਂ ਸੌਦਾਗਰ ਨੇ ਓਹ ਲਿਖਤ ਵਿਖਾ ਕੇ ਬੜਾ ਓਹਦਾ ਤੇ ਇਨਾਮ ਪਾਯਾ॥

Digitized by Panjab Digital Library | www.panjabdigilib.org

ਪੰਜੀ ਹਜ਼ਾਰ ਸਿੰਘ ਦੀਨੀਆਂ ਨਾਲ ਜੁੱਝਣ ਵਾਸਤੇ*ਕਾਨੂੰਵਾਣ ਛੰਭ ਦੇ ਵਿੱਚ ਜਾ ਕੱਠਾ ਹੋਯਾ, ਕਿਉਂਕਿ ਸਿਖਾਂ ਦੇ ਕਿਲੇ ਕੋਟ ਜਖੀਰੇ ਜੰਗਲ ਹੀ ਸੇ । ਹੈਦਰੀ ਝੰਡੇ ਵਾਲੀ ਖਲਕਤ ਕਾਨੂੰਵਾਣ ਦੇ ਛੰਭ ਦੇ ਇਰਦ ਗਿਰਦ ਪੰਜ ੨ ਕੋਹ ਉਤਰ ਪਈ । ਕਦੇ ਕਦੇ ਵੇਲੇ ਕੁਵੇਲੇ ਸਿੰਘ ਬਾਹਰ ਨਿਕਲ ਕੇ ਮੁਸਲਮਾਨੀ ਫੌਜ ਉਤੇ ਛਾਪਾ ਮਾਰ ਜਾਂਦੇ ਤੇ ਸ਼ਿਕਾਰ ਮਾਰ ਮਾਰ ਕੇ ਕੱਚਾ ਭੁੰਨਾ ਛਕ ਛਕ ਸਬਦ ਬਾਣੀ ਪੜ੍ਹਦੇ ਹੋਏ ਜੈਕਾਰੇ ਗਜਾਉਂਦੇ ਰਹਿੰਦੇ।ਜਦ ਇਕ ਮਹੀਨਾ ਏਸੇਤਰਾਂ ਲੰਘਜਾ ਤੇ ਦੀਨੀਆਂ ਦਾ ਅਤੇ ਦੇਸ ਦਾ ਬਹੁਤ ਨੁਕਸਾਨ ਹੋਯਾ ਤਾਂ ਦੀਵਾਨ ਲਖਪਤ ਰਾਇ ਨੇ ਜਾਕਰ ਰੱਯਤ ਨੂੰ ਤੇ ਦੀਨੀ ਦਲ ਨੂੰ ਬੰਦੂਕਾਂ ਭਰਵਾ ਕੇ ਛੰਭ ਦੇ ਚੁਫੇਰੇ ਖੜੇ ਕਰ ਦਿਤਾ ਤੇ ਜੰਗਲ ਨੂੰ ਅੱਗ ਲਵਾ ਦਿਤੀ । ਜਦ ਸਿੰਘਾਂ ਨੇ ਵੇਖਜਾ ਕਿ ਹੁਣ ਏਥੇ ਕਿਸੇਤਰਾਂ ਬਚ ਨਹੀਂ ਸਕਦੇ ਤਾਂ ਮਰਣਾ ਮੰਡਕੇ ਬੰਦੂਕਾਂ ਕਸ ੨ ਤਲਵਾਰਾਂ ਸੂਤ ੨ ਬਾਹਰਨੂੰ ਕੁੱਦ ਪਏ,ਲੜਦੇ ਭਿੜਦੇ ਸਤਅੱਠ ਕੋਹ ਨਿਕਲ ਗਏ । ਫਿਰ ਸਿੰਘਾਂ ਦੇ ਕਈ ਜੱਥੇ ਬਣ ਗਏ, ਜਦ ਕਿਸੇ ਇਕ ਜੱਥੇ ਪਿਛੇ ਮੁਸਲਮਾਨੀ ਸੈਨਾਂ ਜਾਵੇ ਤਾਂ ਦੂਸਰੇ ਜਥੇ ਰਾਤੋ ਰਾਤ ਓਸ ਪਰ ਜਾ ਪੈਣ । ਇਸੇ ਤਰਾਂ ਕਦੇ ਹੈਦਰੀ ਝੰਡਾ ਸਿਖਾਂ ਦੇ ਪਿਛੇ ੨ ਤੇ ਕਦੇ ਸਿੱਖ ਹੈਦਰੀ ਝੰਡੇ ਦੇ ਪਿਛੇ ੨ ਫਿਰਦੇ ਸਨ । ਦੇਸ ਵਿਚ ਬੰਦੋਬਸਤ ਤੇ ਅਮਨ ਕਰਣ ਦੀ ਥਾਉਂ ਸਗੋਂ ਰਾਜਰੌਲਾ ਪੈ ਗਿਆ । ਜੱਦਪਿ ਮੁਸਲ-

*ਕਾਨੂੰਵਾਣ ਪਿੰਡ ਗੁਰਦਾਸਪੁਰ ਦੇ ਜ਼ਿਲੇ ਵਿਚ ਚੱਕੀ ਨਦੀਦੇਕਿਨਾਰੇ ਸੰ:੧੨੪੩ ਖਿ: ਨੂੰ ਕਾਨੋ ਜੱਟੀ ਨੇ ਵਸਾਯਾ ਸੀ। ਏਥੇ ਇਕ ਝੀਲ ਐਸੀ ਹੈ ਜੋ ਸੈਂਕੜੇ ਚਸ਼ਮੇ ਪਾਣੀ ਦੇ ਵਿਚੋਂ ਨਿਕਲਦੇ ਹਨ, ਸਬਜ਼ੀ ਬਹੁਤ ਰਹਿੰਦੀ ਹੈ, ਪਿਛਲੇ ਰਾਜੇ ਸਭ ਏਥੇ ਆਕਰ ਸ਼ਿਕਾਰ ਖੇਲਦੇ ਰਹਿੰਦੇ ਸਨ । ਮਹਾਰਾਜਾ ਰਣਜੀਤ ਸਿੰਘ ਤੇ ਖੜਕ ਸਿੰਘ ਭੀ ਜਾਂਦੇ ਰਹੇ ਹਨ, ਹੁਣ ਅੰਗ੍ਰੇਜ਼ ਭੀ ਸ਼ਿਕਾਰ ਖੇਲਣ ਜਾਂਦੇ ਹਨ।।

Digitized by Panjab Digital Library | www.panjabdigilib.org

ਮਾਨਾਂ ਨੇ ਸਿੱਖਾਂ ਦੇ ਪਿੰਡ ਤੇ ਘਰ ਸਭ ਬਰਬਾਦ ਕਰ ਦਿੱਤੇ, ਪਰ ਏਹ ਜ਼ੋਰਾਵਾਰ ਬਹਾਦਰ ਪੰਥ ਤੁਰਕਾਂ ਦੇ ਕਾਬੂ ਨਾ ਚੜ੍ਹਿਆ, ਅੰਤ ਨੂੰ ਇਕ ਜਥਾ ਸਿਖਾਂ ਦਾ ਰਾਵੀ ਦਰਿਆ ਦੇ ਕੰਢੇ ਭੁਰਥਗੜ੍ਹ ਪਿੰਡ ਵਿੱਚ ਹੈਦਰੀ ਝੰਡੇ ਦੇ ਅੜਿੱਕੇ ਆ ਗਿਆ, ਦੋ ਦਿਨ ਓਥੇ ਲੜਾਈ ਹੋਈ, ਸਿੱਖ ਕੁਛ ਮਾਰੇਗਏ, ਕੁਛ ਜ਼ਖਮੀ ਹੋਗਏ, ਮੁਸਲਮਾਨ ਆਪਣਾ ਸਿਰ ਢੱਕਣ ਕਰ ਝੂਠ ਮੂਠ ਫਤੇ ਦੇ ਨਗਾਰੇ ਵਜਾ ਕੇ ਲਾਹੌਰ ਵੱਨੀ ਮੁੜ ਪਏ। ਕੋਈ ਆਖੇ ਸਬ ਸਿੰਘ ਮਾਰੇ ਗਏ, ਕੋਈ ਕਹੇ ਨਹੀਂ ਦਸ ਬੀਸਕ ਨੱਠ ਬੀ ਗਏ, ਕੋਈ ਬੋਲੇ ਜੇਹੜੇ ਨੱਠੇ ਸਨ, ਓਹ ਭੀ ਅਗੇ ਜਾਕੇ ਦੀਨੀਆਂ ਦੇ ਹਥੋਂ ਤਲਵਾਰ ਦੇ ਘਾਟ ਉਤਾਰੇ ਗਏ। ਏਸੇ ਤਰਾਂ ਜਿਤਨੇ ਮੂੰਹ ਓਤਨੇ ਟਪੇ।

## ਭੀਲੋਵਾਲ ਦੀ ਕਟਾ ਵੱਢ

ਓੜਕ ਭੀਲੋਵਾਲ ਪਿੰਡ ਦੇ ਕੋਲ ਲਾਹੌਰ ਤੋਂ ੧੫ ਕੋਹ ਦੱਖਣ ਵੱਨੀ ਏਹ ਸਲਾਹ ਕਰਕੇ ਠੈਹਰ ਗਏ, ਜੇਹੜੇ ਸਿੰਘਾਂ ਨੇ ਸ਼ਾਹੀ ਲਸ਼ਕਰ ਤੇ ਨਵਾਬ ਨੂੰ ਚਣੇ ਚਬਾ ਛੱਡੇ ਸਨ, ਓਨਾਂ ਨੂੰ ਅਸੀ ਮੁਕਾਕੇ ਆਏ ਹਾਂ, ਹੁਣ ਸਾਨੂੰ ਰਾਗ ਰੰਗ ਦੇ ਬੜੇ ਭਾਰੇ ਜਲਸੇ ਕਰਕੇ ਕਿਸੇ ਚੰਗੇ ਸਾਇਤ, ਨੇਕ ਤਾਰੀਖ, ਲਾਹੌਰ ਜਾਨਾ ਚਾਹੀਏ, ਜਿਸ ਕਰਕੇ ਨਵਾਬ ਭੀ ਅਗੋਂ ਲੈਣ ਆਵੇ, ਓਧਰ ਮੁਸਲਮਾਨ ਤਾਂ ਸਿੰਘਾਂ ਦੀ ਤਰਫੋਂ ਬੇ ਖਟਕੇ ਹੋਕੇ ਜਲਸੇ, ਨਾਚ, ਮੁਜਰੇ ਦੇਖਣ ਵਿਚ ਰਾਗ ਤਾਂਨ ਸੁਨਣੇ ਔਰ ਨਸ਼ੇ ਵਿਚ ਚੂਰ ਸਨ, ਏਧਰ ਸਿੰਘਾਂ ਪਾਸ ਜਦ ਨਨਕਾਣੇ ਦੀ ਬਾਰ ਵਿਚ ਏਹ ਖਬਰ ਪਹੁੰਚੀ ਤਾਂ ਵੀਹਾਂ ਕੋਹਾਂ ਤੋਂ ਧਾਵਾ ਕਰਕੇ ਰਾਤੋ ਰਾਤ ਰਾਵੀ ਦਰਿਆ

Digitized by Panjab Digital Library | www.panjabdigilib.org

ਦੇ ਗਾਹਣ ਲੰਘ ਪਏ, ਅੰਮ੍ਰਿਤ ਵੇਲੇ ਅਸੂ ਮਹੀਨੇ ਸੰ: ੧੭੮੮ ਬਿ: ਨੂੰ ਅੱਠਕ ਹਜ਼ਾਰ ਸਿੰਘ ਕੱਠਾ ਹੋਕੇ ਬਿਜਲੀ ਵਾਂਗੂ ਅਚਾਨਕ ਦੀਨੀ ਲਸ਼ਕਰ ਉੱਤੇ ਆ ਪਿਆ। ਦੀਨੀ ਕੁਛ ਨਾਂ ਸੰਭਾਲ ਸੱਕੇ, ਕਿਉਂਕਿ ਬਹੁਤੇ ਤਾਂ ਨਸ਼ੇ ਦੀ ਖੁਮਾਰੀ ਵਿਚ ਸੁਤੇ ਪਏ ਸਨ, ਤੇ ਕੋਈ ਪਸਵਾੜੇ ਮਾਰ ਰਹੇ ਸਨ, ਕਈ ਨਿਮਾਜ਼ਾਂ ਪੜ੍ਹਦੇ ਵੁਜ਼ੂ ਕਰਦੇ ਸਨ, ਆਪਸ ਵਿਚ ਕੱਠੇ ਨਾ ਹੋਣੇ ਪਾਏ, ਜਿਧਰ ਕਿਸੇ ਨੂੰ ਸਹੂਲਤ ਦਿੱਸੀ ਉਧਰੇ ਦੌੜ ਗਿਆ, ਸਿੰਘਾਂ ਨੇ ਭੁੱਖੇ ਸ਼ੇਰਾਂ ਵਾਂਗੂ ਮੁਸਲ-ਮਾਨਾਂ ਨੂੰ ਥਾਂਓ ਥਾਂਈ ਭੇਡਾਂ ਵਾਂਗੂ ਦੱਬ ਲਿਆ, ਲੋਥ ਪਰ ਲੋਥ ਚੜ੍ਹਾ, ਲਹੂ ਦੇ ਨਾਲੇ ਬਹਾ, ਧਰਤੀ ਨੂੰ ਸੁਹਾਗ ਦੀ ਸੂਹੀ ਚਾਦਰ ਪੈਹਨਾ ਦਿੱਤੀ, ਮੁਰਤਜ਼ਾ ਖਾਂ ਸੌਦਾਗਰ, ਮੀਰਮੁਹੰਮਦ, ਹਾਜੀ ਬੇਗ, ਹੁਸੈਨ ਖਾਂ, ਤਕੀਬੇਗ ਪਹਾੜ ਚੰਦ ਆਦਿਕ ਨਾਮੀ ੨ ਲੋਗ ਤਾਂ ਸਿੰਘਾਂ ਨੇ ਚੁਣ ਚੁਣਕੇ ਤੇਗ ਦੀ ਭੇਟਾ ਕਰ ਛੱਡੇ, ਹੱਥਜਾਰ ਘੋੜੇ ਜੰਗੀ ਸਾਮਾਨ ਲੈਕੇ ਸਿੰਘ ਤਾਂ ਸਾਂਦਲ ਬਾਰ ਦੇ ਸੰਘਣੇ ਜੰਗਲ ਵਿੱਚ ਜਾ ਵੜੇ, ਮੁਸਲਮਾਨਾਂ ਦੇ ਘਰ ਘਰ ਸਜ਼ਾਪੇ ਹੋਣ ਲੱਗੇ, ਓਦੋਂ ਦੀ ਹੀ ਏਹ ਕਹਾਵਤ ਹੈ ( ਮਾਰਨ ਗਏ ਸੋ ਮਰ ਗਏ ਖੋਏ ਈਮਾਨ ਤੇ ਮਾਲ। ਨੰਗੋ ਨੰਗ ਚੁਤਾਲ ਸੌ ਡੇਰਾ ਭੀਲੋਵਾਲ ) ਸੂਬਾ ਖਾਨ ਬਹਾਦਰ ਤਾਂ ਏਹ ਹਾਲ ਸੁਣਕੇ ਸੋਗ ਦੇ ਸਮੁੰਦਰ ਵਿੱਚ ਡੁਬ ਗਿਆ॥

## ਨਾਜ਼ਮ ਲਾਹੌਰ ਨੇ ਦਿੱਲੀ ਅਰਜ਼ੀ ਭੇਜਨੀ

ਹੁਣ ਖਾਨ ਬਹਾਦਰ ਨੇ ਸਿੰਘਾਂ ਦਾ ਬੰਦੋਬਸਤ ਹੋਣਾ ਆਪਣੇ ਬਲ ਤੋਂ ਬਾਹਰ ਦੇਖਕੇ ਮੱਘ੍ਰ ਸੰ: ੧੭੮੯ ਬਿ: ਨੂੰ

1732 AD.

Digitized by Panjab Digital Library | www.panjabdigilib.org

ਮਹੰਮਦ ਸ਼ਾਹ ਬਾਦਸ਼ਾਹ ਨੂੰ ਏਸ ਤਰਾਂ ਦੀ ਅਰਜ਼ੀ ਲਿਖ ਭੇਜੀ ਕਿ ਅਸੀਂ ਤਾਂ ਸਿੱਖਾਂ ਦਾ ਨਾਮ ਨਿਸ਼ਾਨ ਖੋਹਣ ਵਾਸਤੇ ਕੋਈ ਕਸਰ ਨਹੀਂ ਛੱਡੀ, ਸਾਰੀ ਵਾਹ ਲਾ ਚੁਕੇ ਹਾਂ, ਪਰ ਏਹ ਐਸੀ ਕਰੜੀ ਕੌਮ ਹੈ ਕਦੇ ਹਾਰਦੇ ਨਹੀਂ, ਉਲਟਾ ਏਨਾਂਨੇ ਸਾਨੂੰ ਹਰਾ ਛਡਿਆ, ਫੇਰ (ਨੰਗਰੜੇ ਆਕੀ, ਲੁਰਾ ਖੁਦਾ ਤੋਂ ਉੱਚਾ) ਏਨਾਂ ਦਾ ਕੋਈ ਦੇਸ ਪਿੰਡ ਕਿਲਾ ਕੋਟ ਖਜਾਨਾ ਨਹੀਂ, ਏਨ੍ਹਾਂ ਦੇ ਪੈਗੰਬਰ ਗੁਰੂ ਗੋਬਿੰਦ ਸਿੰਘ ਜੀ ਨੇ ਖੁਦਾ ਦੇ ਹੁਕਮ ਨਾਲ ਐਸੀ ਡਾਢੀ ਕਲਾ ਏਨ੍ਹਾਂ ਵਿੱਚ ਪਾਈ ਹੈ, ਜੋ ਦੁਖ ਭੁਖ ਨੂੰ ਕੁਛ ਸਮਝਦੇ ਹੀ ਨਹੀਂ, ਇਕ ਹਜ਼ਾਰ ਮਾਰੀਦਾ ਹੈ ਚਾਰ ਹਜ਼ਾਰ ਹੋਰ ਪੈਦਾ ਹੋ ਜਾਂਦਾ ਹੈ, ਲੋਗ ਆਖਦੇ ਹਨ ਕਿ ਸਿੱਖਾਂ ਦਾ ਗੁਰੂ ਏਨਾਂ ਨੂੰ ਆਬਹੱਯਾਤ (ਅੰਮ੍ਰਿਤ) ਬਨਾਵਣ ਦੀ ਜੁਗਤਿ ਦਸ ਗਿਆ ਹੈ, ਓਸ ਕਰਕੇ ਭੀ ਏਹ ਨਹੀਂ ਮਰਦੇ, ਸੋ ਜੇਕਰ ਏਹੋ ਹਾਲ ਰਿਹਾ ਤਾਂ ਥੋੜੇ ਹੀ ਚਿਰ ਨੂੰ ਸਾਨੂੰ ਮਾਰਕੇ ਦਿੱਲੀ ਪਹੁੰਚੇ ਜਾਣੇ, ਫੇਰ ਆਪ ਨੂੰ ਭੀ ਏਸ ਡੂੰਮਣੇ ਮਖੀਰ ਤੋਂ ਪਿੱਛਾ ਛੁਡਾਉਣਾ ਮੁਸ਼ਕਿਲ ਹੋ ਜਾਊ, ਤਾਂਤੇ ਪੈਹਲੇ ਵਾਂਗੂ ਕੁਛ ਜਾਗੀਰ ਦੇਕੇ ਇਨਾਂ ਨੂੰ ਟਿਕਾਇਆ ਜਾਵੇ ਤਾਂ ਅਮਨ ਹੋ ਸਕਦਾ ਹੈ, ਹੋਰ ਕੋਈ ਅਮਨ ਹੋਣਦੀ ਸੂਰਤ ਨਹੀਂ, ਤਾਂਤੇ ਇਨ੍ਹਾਂ ਨੂੰ ਸੁਲਾ ਸਫਾਈ ਨਾਲ ਆਪਣੇ ਬਣਾਈ ਰੱਖੋ, ਕਿਉਂਕਿ ਓਧਰੋਂ ਨਾਦਰ ਦੀ ਚੜ੍ਹਾਈ ਦੀ ਅਵਾਈ ਲੱਗ ਰਹੀ ਹੈ, ਜੇ ਓਹ ਆਇਆ ਤਾਂ ਵੈਰੀ ਦੀ ਛਾਤੀ ਨਾਲ ਸੱਪ ਮਾਰਨ ਵਾਂਗੂੰ ਓਸਦੇ ਅੱਗੇ ਏਨਾਂ ਨੂੰ ਝੋਕ ਦੇਵਾਂਗੇ, ਏਸ ਲਈ ਏਸ ਬਹਾਦਰ ਕੌਮ ਨੂੰ ਹੱਥ ਹੇਠ ਰੱਖਣਾ ਹੀ ਚੰਗਾ ਹੈ, ਅੱਗੇ ਆਪ ਮਾਲਕ ਹੋ ਜੋ ਹੁਕਮ ਹੋਵੇ ਸੋ ਵਰਤਿਆ ਜਾਵੇ। ਬਾਦਸ਼ਾਹ ਨੇ ਏਹ ਅਰਜ਼ੀ ਖਾਨ ਬਹਾਦਰ ਦੀ

Digitized by Panjab Digital Library | www.panjabdigilib.org

ਸੁਣਕੇ ਹੁਕਮ ਦਿੱਤਾ ਕਿ ਭੰਡਾਂ ਪਾਸੋਂ ਸਿੰਘਾਂ ਦੀ ਨਕਲ ਵੇਖੀ ਜਾਵੇ ॥

## ਸਿੰਘਾਂ ਦੀ ਨਕਲ ਬਾਦਸ਼ਾਹ ਨੇ ਵੇਖਣੀ

ਦੋਹਰਾ ॥ ਹੁਕਮ ਪਾਇ ਪਤਿਸ਼ਾਹ ਕਾ ਸਬ ਭੰਡਨ ਤਬ ਆਇ। ਮੁਹਲਤ ਲੈ ਤ੍ਰੈ ਧਾਮ ਕੀ ਕਰ ਸਮਾਨ ਸਭ ਭਾਇ ।।੧।।

ਚੌਪਈ ॥ ਮਿਲ ਬਹੁ ਭੰਡਨ ਰਚੀਆਂ ਨਕਲਾਂ । ਲੱਗੇ ਸਜਨ ਤਬ ਸਿੰਘਨ ਸ਼ਕਲਾਂ। ਕੇਤਕ ਰਚੀਆਂ ਨੀਲ ਨਿਹੰਗਾਂ । ਕੇਤਕ ਸਜੀਆਂ ਸ੍ਰੈਭ ਭੁਜੰਗਾਂ। ਛੁਟੇ ਰੁਮਾਲੇ ਧਾ.ਬਿਧ ਝੂਲੈਂ । ਮਨੋ ਲੰਗੂਰ ਸੁਕੇਹਰ ਹੂਲੈਂ।ਕਮਰ ਕਛੈਹਰੇ ਪਹਰੇ ਫਾਟੇ।ਲਟਕਤ ਮਨੋ ਸੁਕੇਹਰ ਸਾਟੇ। ਭੂਰੇ ਚਾਦਰ ਫਾਟੇ ਬਸਤਰ। ਟੂਟੇ ਫੂਟੇ ਜ਼ਰਖਲ ਸ਼ਸਤ੍ਰ। ਸਿਰ ਪਰ ਚੱਕਰ ਖੰਡੇ ਤੋੜੇ । ਸਜੇ ਨਾ ਔਰੇ ਸ਼ਸਤ੍ਰ ਥੋੜੇ।ਇਕ ਇਕ ਚੁਕਿਓ ਮਣ ਮਣ ਲੋਹਾ। ਪਹੁੰਚੇ ਸ਼ਾਹਿ ਨਜ਼ੀਕ ਸਰੋਹਾ । ਫਤੇ ਅਕਾਲ ਅਕਾਲ ਗਜਾਈ। ਧੂਮ ਕਚੈਹਰੀ ਬੀਚ ਮਚਾਈ। ਨਾਮ ਸੁਨਾਵਨ ਲਾਗੇ ਅਪਨੇ। ਸੁਨੇ ਨ ਕਬੀ ਜੋ ਥੇ ਉਨ ਸੁਪਨੇ। ਅਧੋ ਬਖੇੜਾ ਸਿੰਘ ਦੁਤੇੜਾ। ਤੁਕੜਾ.ਸਿੰਘ ਲਕੜਾ ਸਿੰਘ ਝੇੜਾ । ਬਾਘੜ ਸਿੰਘ ਖਾਗੜ ਸਿੰਘ ਵੌੜਾ। ਅਘੜ ਝਘੜ ਸਿੰਘ ਭਗੜ ਭਘੋੜਾ । ਧਰਤਿ ਧਕੇਲ ਸਿੰਘ ਪਹਾੜਾ । ਦਿੱਲੀ ਤੋੜ ਸਿੰਘ ਸਹਿਲਾੜਾ । ਗੜਪੁਟਸਿੰਘ ਪਹਾੜਉਕਾੜਾ।ਮੁਗਲ ਮਾਰਸਿੰਘ ਕਾਜ਼ੀ ਸਾੜਾ। ਖਾਨ ਮਾਰ ਸਿੰਘ ਸੱਯਦ ਗਾਰਾ । ਬਾੜ ਝਾੜ ਸਿੰਘ ਫਾੜ ਲਤਾਰਾ। ਬੱਜਣ ਸਿੰਘ ਗੱਜਣ ਸਿੰਘ ਲੋਹਾ। ਡਾਢਾ ਸਿੰਘ ਖੁਦਾਇ ਅਛੋਹਾ। ਸਿੰਘ ਕਲੇਜ਼ ਉਪੱਦ੍ਰਵ ਜੰਗੀ । ਧਾੜਮਾਰ ਸਿੰਘ ਡੇਗ ਕੁਢੰਗੀ। ਤੁਰਕ ਮਾਰਸਿੰਘ ਨਾਮ ਇਤਧਾਰੀ।

ਸਭਨ ਸੁਨਾਇ ਕਰਤਾ ਦਾਦੀ। ਸੁਨਕੈ ਨਾਮ ਰਹੇ ਸਬ ਤਜਬ। ਕੈਹ ਨ ਸਕੈਂ ਕਿਛੁ ਠਾਨੇ ਗੱਜਬ। ਪੈ ਸਰੂਪ ਪਿਖ ਬਾਤੈਂ ਸੁਨ ਸੁਨ। ਹਸ ਹਸ ਪਰਤ ਲੋਗ ਸਭ ਪੁਨ ਪੁਨ। ਅਰਨ ਨੈਨਸਿੰਘ ਲੋਹਤ ਆਨਨ। ਨਰ ਸਰੂਪ ਜਨ ਬਨੇ ਪੰਚਾਨਨ। ਰਚੇ ਸੁਚਾਲੇ ਬਹੁ ਲਖਬਾਹੇ। ਸੂਰਬੀਰ ਜੋ ਪਰਮ ਸਰਾਹੇ। ਜੇਤਕ ਥੇ ਸਿੰਘਨ ਕੇ ਬੋਲੇ। ਸਬੀ ਸੁਨਾਇ ਕਰਤ ਠਠੋਲੇ। ਕੈਹੈਂ ਮੁਗਲਾਂ ਦੀਏ ਮਾਏ। ਤੇਰੇ ਸਿੰਘ ਜਵਾਈ ਆਏ।ਸੁਣ ਨੀ ਤੁਰਕਾਂ ਦੀਏ ਭੈਣੇ। ਤੇਰੇ ਸਿੰਘਾਂ ਗੈਣੇ ਲੈਣੇ। ਸੁਣ ਨੀ ਸੱਯਦਾਨੀ ਮੁਗਲਾਣੀ। ਤੈਥੋਂ ਚੱਕੀ ਸਿੰਘਾਂ ਪਿਹਾਣੀ। ਭਾਬੀ ਸ਼ੇਖਾਣੀ ਪਠਾਣੀ। ਤੁਮਨੇ ਘੋੜਨਿ ਲੀਦ ਉਠਾਣੀ। ਤੁਮਸੋਂ ਸਿੰਘ ਅਨੰਦ ਪੜੈ ਹੈਂ। ਪੈਹਲੇ ਅੰਮ੍ਰਿਤ ਸੂਰ ਛੱਕੈ ਹੈਂ। ਨੀ ਹਮ ਗੁਰਕੇ ਸਿੰਘ ਅਕਾਲੀ। ਜਿਨਕੀ ਸਬਤੋਂ ਰੀਤਿ ਨਿਰਾਲੀ। ਤੇੜੈਂ ਸਭਰ ਕੁਫਰ ਕੇ ਜੰਦੇ। ਰਾਖੈਂ ਤੁਰਕਨ ਕੋ ਕਰ ਬੰਦੇ। ਹਮ ਅਬ ਦਿੱਲੀ ਤਖਤ ਸੰਭਾਲੈਂ। ਤੁਮਕੋ ਖੁਲ੍ਹੀ ਮੌਜ ਦਿਖਾਲੈਂ। ਹਮਰਾ ਨਿਹਕਲੰਕ ਹੈ ਪੰਥਾ। ਮਾਨੈ ਸ਼ਰਾ ਨ ਕਿਸ ਕੀ ਸੰਥਾ। ਹਿੰਦੂ ਅੰਧੇ ਤੁਰਕੂ ਕਾਣੇ। ਹਮ ਅਲਗ ਹੈਂ ਦੁਹੂ ਤੇ ਸਿਆਣੇ। ਅਬ ਹਮ ਸਾਤ ਵਲਾਇਤ ਲੈਹੈਂ। ਹਿੰਦੂ ਤੁਰਕੈਂ ਸਿੰਘ ਸਜੈਹੈਂ॥ ਏਕੈ ਦੀਨ ਅਕਾਲ ਸਜੈ ਹੈਂ। ਦੂਜਾ ਕੋਊ ਨ ਰੈਹਨੇ ਪੈਹੈਂ। ਅਬ ਨਹਿ ਕਰੌ ਖਾਲਸਾ ਢਿੱਲੀ। ਸੁਖੇ ਛਕੋ ਮਾਰ ਲੇਹੁ ਦਿੱਲੀ। ਪਕੜ ਸਲੋਤਰ ਵੀਰ ਸੁਨੈਹਰੇ। ਰਗੜੀਓ ਸੁਖਾ ਸਿਖਰ ਦੁਪੈਹਰੇ। ਛਾਣਿਓ ਮਾਣਿਓ ਤਕ ਤੱਕ ਨੁਗਦਾ। ਕਹੈਂ ਜਾਹੁ ਤੁਰਕਨ ਜੜ ਚੁਗਦਾ। ਢੱਠੇ ਪੜ੍ਹਦੇ ਰੱਖੇ ਬਾਜੀ। ਨਿਘਰੇ ਮੁਲਾਂ ਉਜੜੇ ਕਾਜੀ। ਮਾਰੇ ਮੁਗਲ ਦੁਗਲ ਭਏ ਭਾਜੀ।ਗੁਰੂ ਖਾਲਸਾ ਸਦਹੀ ਰਾਜੀ॥

ਦੋਹਰਾ ॥ ਰਾਜ ਕਰੈਗਾ ਖਾਲਸਾ ਆਕੀ ਰਹੇ ਨ ਕੋਇ । ਖ੍ਵਾਰ ਹੋਇ ਸਭ ਮਿਲੈਂਗੇ ਬਚੈ ਸ਼ਰਨ ਜੋ ਹੋਇ ॥ ੨ ॥

ਚੌਪਈ ॥ ਅਹੋ ਸੁਖਿਆਂ ਸੁਖ ਬਤਲਾਈਂ । ਅੰਧਾ ਕਾਣਾ ਨਜ਼ਰ ਲਿਆਈਂ । ਲੈਣਾ ਸੂਝੇ ਦੇਣਾ ਨਾਹੀਂ । ਪਰਬਤ ਲਾਈ ਸਮ ਦਰਸਾਹੀਂ । ਦੇਗ ਤਿਆਰ ਕਰੈਂ ਅਵਾਜੈਂ । ਜਿਨਕੋ ਸੁਨ ਸੁਨ ਤੁਰਕ ਸੁਲਾਜੈਂ । ਮੈਦਾਨੀ ਕਾਬੇ ਹੁਵੈ ਅਈਏ । ਰਸਤ ਕਾਜੀਆਂ ਕੋ ਦੇ ਦਈਏ । ਭੁਗੋ* ਬੇਗਮਾਂ ਮੌਜ ਸਬਾਈ । ਦੇਗ ਤੇਗ ਲੇਹੁ ਗੁਰੂ ਛਕਾਈ । ਸੁਖ ਨਿਧਾਨ ਸਰਦੌਨੇ ਛਕੀਏ । ਖੇਲ ਰਪੋਲ ਕੋਲ ਨਾ ਬਕੀਏ । ਛਿੱਕੂ ਪੌਲਾ ਮੁਲਾਂ ਤੈਹੈਂ । ਮੁਫਤੀ ਕਾਜੀ ਗਾਜ਼ੀ ਖੈਹੈਂ । ਬਾਤਾਂ ਕਰੇ ਸੁਰੇਤੇ ਬੈਠੇ । ਤੁਰਕੀ ਸਰਦਾਰਨ ਕੋ ਐਠੇ । ਜੂਤੇ ਝਾੜ ਤਲੇ ਫੜਕਾਵੈਂ । ਕਹੈਂ ਪਠਾਨਨ ਮੂੰਡ ਛਿੜਾਵੈਂ । ਪਾਦ ਮਾਰ ਵੱਡ ਸ਼ਬਦ ਸੁਨਾਵਾ । ਮਾਰਿਓ ਮੁਗਲ ਸੁਭੇਣ ਜਹਾਵਾ । ਖਤਰਾ ਪੜਾ ਸਮੁਗਲ ਬਤਾਇਆ । ਜਮ ਜਮ ਆਬ ਪੇਸ਼ਾਬ ਦਿਖਾਇਆ । ਗੜ੍ਹ ਚਤੌੜ ਤੋੜੈਂ ਤਜ ਧਾਰਾ । ਕਹੈਂ ਪਰਤ ਤੁਰਕਨ ਮੁਖ ਸਾਰਾ । ਰੁੱਪੇ ਭੰਨ ਕਹੈਂ ਸਿਰ ਮੁਗਲੈਂ । ਪੋਸਤ ਡੋਡੇ ਮਲਹੀ ਚੁਗਲੈਂ । ਭਾਖੈਂ ਤੁਰਕਨ ਕੋ ਕਰਬੰਨੇ । ਲੇਹੁ ਪਤਿਸ਼ਾਹੀ ਹੰਨੇ ਹੰਨੇ । ਅੱਗਿਓ ਖੈਚੈਂ ਪਿੱਛੋਂ ਧੱਕੈ । ਅਸ੍ਵ ਦਿਖਾਏ ਵਹੀ ਅਥੱਕੇਂ । ਸਾਗਪਾਤ ਰਚ ਦੇਗ ਅਲੂਣੀ । ਰੁੱਖੀ ਮਿੱਸੀ ਘ੍ਰਿਤ ਵਿਹੂਣੀ । ਅੰਮ੍ਰਿਤ ਸ੍ਵਾਦ ਬਨਿਓ ਕਹਿ ਭਾਈ । ਇੰਦ੍ਰਾਦਿਕ ਧਾ ਸਮ ਨਹੀਂ ਪਾਈ । ਦੇਗ ਮਸਤ ਦਿਨ ਕਿਤਕ ਦਿਖਾਵੈਂ । ਚਨੋਂ ਬਦਾਮ ਚਬਾਇ ਬਤਾਵੈਂ । ਮੀਰੀ ਪੀਰੀ ਸ਼ਾਹਤ ਹੰਨਾ । ਮਿਲੀ ਸੁਨਾਈ ਦਰਗਹ ਕੰਨਾ । ਖੜੇ

*ਭੀਮ

ਸੌਣ ਅਰ ਚਲਤੇ ਖਾਣਾ। ਸ਼ੁਕਰ ਇਬਾਦਤ ਸਤਿਗੁਰ ਭਾਣਾ।
ਢੱਕੀ ਪੀਸ ਫਿਰਨ ਅਸਵਾਰੀ। ਲਾਠੀ ਫਤੇ ਕੁਮੈਤ ਦਿਖਾਰੀ।
ਬੀਆਬਾਨ ਮੈਂ ਕੀਆ ਡੇਰਾ। ਤਾਂਗੂ ਬੈਠਾ ਕਰ ਇਮਟੇਰਾ। ਹਿੰਦੂ
ਮੁਸਲਾ ਜੋ ਚੜ੍ਹ ਆਈ। ਤਾਰੋ ਤੂੰ ਛੁੱਟ ਖਬਰ ਬਤਾਈ। ਗਾਫ਼ਲਤਾ
ਨਹਿ ਭਾਵ ਬਤਾਇਆ। ਕੂਹੀ ਬਾਜ ਸ਼ਿਕਾਰ ਦਿਖਾਇਆ।
ਸਾਲੋਤਰ ਸੁਨੈਹਰੇਲੈਕੇ। ਸਿਰ ਤੁਰਕਨ ਰਗੜੈਂ ਭੰਗ ਕੈਕੇ।
ਮਾਲਸ਼ ਕਰਨ ਲਗੇ ਬਹੁ ਅਸੂਨ। ਬਾਤੈਂ ਕਰ ਕਰ ਤੁਰਕਨ
ਹੱਸਨ। ਬਾਤੈਂ ਕਰਤ ਲੰਗਰ ਭਾ ਤਿਆਰੇ। ਲਗੇ ਛੱਕਨ ਸਿੰਘਅਤਿ
ਮੁਦਧਾਰੇ। ਸਬਜ਼ ਪੁਲਾਓ ਸਾਗ ਦਿਖਰਾਇਆ। ਬਿਨਾਨਿਮਕ
ਕੈਂਹ ਕੂਣਕਾ ਪਾਇਆ। ਚਣੇ ਉਬਾਲੇ ਬੂੰਦੀ ਲੇਬੀ। ਟੀਂਡ
ਲੱਡੂ ਜੰਡ ਫਲੀ ਜਲੇਬੀ। ਪੀਲੂ ਪੀਲ ਬਿਦਾਣ ਮਿਠਾਈ।
ਪੱਤ ਗਲੋਟਨ ਪੂਰੀ ਪਾਈ। ਭਾਖੈਂ ਖੁਰਮੇਂ ਖਾਇ ਕੰਢੂਰੀ।
ਕੌਲ ਗਟੇ ਭਿਸ ਸੇਉ ਸਪੂਰੀ। ਗੱਠੇ ਸਰ ਨਾਲੀ ਕੀ ਖਾਵੈਂ।
ਅੰਮ੍ਰਿਤਸ੍ਵਾਦ ਮਿਠਾਈ ਗਾਵੈਂ। ਕਬੀ ਨ ਬੈਠਤ ਸੋਵਤ ਪੈਹੈਂ।
ਨਿਸ ਦਿਨ ਬਾਣੀ ਗੁਰਾਂ ਰਟੈ ਹੈਂ। ਚਾਲ ਚਲਨ ਅਰ ਸੁਨਸੁਨ
ਬਾਤੈਂ। ਸਿੰਘਨ ਕੀ ਪਿਖ ਨਕਲ ਬਖਜਾਤੈਂ। ਸ਼ਾਹਿ ਸਮੇਤ
ਕਚੈਹਰੀ ਸਬਹੀ। ਹਸ ਹਸ ਪਰਤ ਕੋਪ ਹੈ ਕਬਹੀ॥ ਫਿਰ
ਤੁਰਕਨ ਕੀ ਰਚੀਆਂ ਨਕਲਾਂ। ਲੱਗੇ ਦਿਖਾਵਨ ਛੱਡ ਕਦ
ਸ਼ਕਲਾਂ। ਤੁਰਕਸਤਾਨੀ ਹਿੰਦੁਸਤਾਨੀ। ਮੁਗਲ ਪਠਾਣ
ਸੁਬਨੇ ਦੁਰਾਨੀ। ਸੱਯਦ ਸ਼ੇਖ ਬਨੇ ਬਹੁ ਭਾਇ। ਮੇਵੇ ਮਾਸ
ਜਿਨੇਂ ਸਦਖਾਏ। ਦੇਸ ਦੇਸਕੇ ਰਚੇ ਸਿਪਾਹੀ। ਘੋੜਾ ਤਿਸਪੈ
ਤਿਸ ਦਿਸਕਾਹੀ। ਪਸ਼ਮੀਨੇਂ ਲੌਹੁਮਦੇ ਬਸਤਰ। ਬਾਢ ਰੜ੍ਹੇ
ਬਹੁ ਉੱਜਲ ਸ਼ਸਤਰ। ਸੈਫ ਸੰਜੋਏ ਸਿਪਰ ਭਿਰਾਨੇ।
ਆਹਨਿ ਟੋਪ ਸੰਗ ਦਸਤਾਨੇ। ਅੱਸੁ ਸਿਪਾਹੀ ਆਹਨਿ

Digitized by Panjab Digital Library | www.panjabdigilib.org

ਸੰਪਟ । ਮਢੇ ਮਨੋਹਿਤ ਸੱਤ੍ਰਨ ਝੰਪਟ । ਐਸੀ ਅਨੀ ਘਨੀ ਰਜ਼ੁ ਧਾਈ । ਟਾਂਗੂ ਸਿੰਘਨ ਕਹਿਓ ਸੁਨਾਈ । ਉਡੀ ਗਰਦ ਕੈਂਹ ਤੁਰਕ ਸੁਆਏ । ਸੁਨ ਸਿੰਘਨ ਕੇ ਮਨ ਹਰਖਾਏ । ਊਰਧ ਕੇ ਸਭਏ ਅਤਿ ਠਾਢੇ । ਇਸ ਮਿਸ ਦਿਸਨ ਭਜਨ ਮਨ ਬਾਢੇ । ਚਢਿਓ ਬੀਰ ਰਸ ਜਸਦ ਅਪਾਰੀ । ਭਯਾਨਕ ਰੂਪ ਭਏ ਸਬ ਭਾਰੀ । ਫੂਲ ਗਏ ਤਨ ਬੂਲ ਭਰਾਰੇ । ਬਨੇ ਦੇਉ ਜਨ ਇਛਿਆ ਚਾਰੇ । ਚਿਤੇਂ ਉੱਤੇ ਰਖੁ ਲਾਲ ਕਰਾਲੈਂ । ਜਨ ਗਜ ਗਨ ਦਿਸ ਸ਼ੇਰ ਬਿਸਾਲੈਂ । ਗਾਜੀ ਗਜੈ ਸੁੰਬ ਧਰ ਪਾਰੈਂ । ਦੁਬਲੇ ਸੇ ਜਬਲੇ ਭਏ ਤਿਆਰੈਂ । ਚਢਿਜੋ ਰੰਗ ਸੁਨ ਜੰਗ ਭਦਾਏ । ਸਿੰਘਨ ਝਟਪਟ ਪਾਖਰ ਪਾਏ । ਫਾਟੇ ਤੈਹਰੂ ਟੂਟੀ ਕਾਠੀ । ਕਿਨਹੂ ਆਰ ਰੰਬੀ ਕਢ ਸਾਠੀ । ਠੌਰ ਲਗਾਮਨ ਦੀਨੀ ਖੱਬੀ । ਜਗਾ ਰਕਾਬਨ ਰੱਸੀ ਢੱਬੀ । ਸਾਖਤ ਪੂਜੀ ਤੰਗ ਫਰਾਕੀ । ਟੂਟੇ ਫੂਟੇ ਸਾਜ ਇਰਾਕੀ । ਫਾਟੀ ਚਾਦਰ ਭੂਰੇ ਗਲਤੀ । ਸੋਊ ਲਪੇਟੇ ਸਿੰਘਨ ਜਲਤੀ । ਛੀਰਨ ਸੀਰਨ ਵੱਟੀ ਰੱਸੀ । ਕਮਰ ਸਮਰ ਹਿਤ ਭੂਖਜੋ ਕਸੀ । ਤਬ ਤਰਵਾਰੇਂ ਲਾਗੇ ਖੈਂਚਨ । ਰਕਤ ਭਰੀ ਨਹਿ ਸਾਕੇਂ ਐਂਚਨ । ਦੁਹਿ ਚਹੁੰ ਮਿਲ ਬਲ ਕਰ ਨਿਕਸਾਈ । ਪਾਹਨ ਰੇਤੇ ਸੰਗ ਘਸਾਈ । ਬਹੁ ਅਜਾਨ ਸਿਦਕੀ ਯਹ ਕੀਨਾ । ਗੋਰੀਡਾਰ ਬਰੂਦ ਭਰੀਨਾ । ਜਾਨ ਕਾਰ ਲੱਖ ਭਿਨੈਂ ਅਲਾਏ । ਕੌਨ ਸਕੈ ਅਬ ਧਾਹਿ ਚਲਾਇ । ਤਬ ਤਿਨ ਭਾਖਜੋ ਗੁਰੂ ਚਲਾਊ । ਉਲਟ ਮੁਹਿਰ ਸਮ ਸੁਲਟ ਕਰਾਊ । ਦੁਹੁ ਦਲਨ ਕਾ ਪਰਜੋ ਮੁਕਾਬਲ । ਤੁਰਕਨ ਪਰ ਸਿੰਘ ਕੀਨੇ ਕਾਬਲ । ਸਾਣ ਚੜੀ ਤੁਰਕਨ ਤਰਵਾਰੈਂ । ਸਕੈਂ ਨ ਸਿੰਘਨ ਕਾ ਕਟਬਾਰੈਂ । ਜਯੋਂ ਜਯੋਂ ਘਾਵ ਚੋਰ ਸਮ ਲਾਗੈ ।

Digitized by Panjab Digital Library | www.panjabdigilib.org

ਭਜੇਂ ਭਜੇਂ ਰੋਸ ਕ੍ਰੋਹਰੇ ਜਾਗੈਂ। ਲਹੂ ਭਰੀ ਸ਼ਰੀਯਤ ਮਜਾਨੇ। ਮਾਰੀ ਉੱਛਰਉੱਛਰ ਸਿੰਘ ਜ੍ਵਾਨੇ। ਸਹਿਤ ਸੰਜੋਏ ਤੁਰਕਨ ਕਟਕੈ। ਜੀਨਕਾਟ ਘੋਰਨ ਮਧ ਜਟਕੈ। ਮੁਰਦੇ ਸੇਜੁ ਸਿੰਘਨ ਕੇ ਘੋੜੇ। ਦੌੜਤ ਨਾਹਿ ਜੰਗ ਮੈਂ ਥੋੜੇ। ਕੂਦ ਕੂਦ ਤੁਰਕਨ ਪਬ ਚੜਹੀਂ। ਪਾਉਂ ਜਾਇ ਫੀਲਨ ਸਿਰ ਧਰਹੀਂ। ਗੱਜ ਕੱਟਾ ਕੈਹਲੇ ਸਿੰਘ ਛਾਲੀ। ਕਰੈਂ ਤੇਗਹਤ ਹੌਦੇ ਖਾਲੀ। ਤੁਰਕਨ ਬਾਰ ਜਾਇ ਜਬ ਫੇਟੇ। ਮਾਰ ਗਿਰਾਵਤ ਸਿੰਘ ਜਟੇਟੇ। ਲਗੈਂ ਘਾਵ ਸਿੰਘਨ ਤਨ ਜੇਤੇ। ਗੈਂਡੇ ਚਰਮ ਸਮਾਨ ਸੁਤੇਤੇ। ਝੂੰਦੇਂ ਨਿਕਸ ਲਹੂ ਕਿਛ ਜਮਹੈ। ਗਿਰੈਂ ਸਿੰਘ ਨਹਿਮਾਨੇ ਗਮ ਹੈ। ਤੇਗਾਂ ਤੁਰਕਨ ਤਨ ਯੋਂ ਧਸ ਹੈਂ। ਛੁਰੀ ਜੈਸ ਖਰਬੂਜੇਂ ਧਸਹੈਂ। ਧਾਰੈਂ ਛੂਟੈਂ ਖੂਨ ਪ੍ਰਨਾਰੈਂ। ਗਿਰ ਗੇਰੂ ਜਜੋਂ ਝਰਤ ਅਪਾਰੈਂ। ਜ਼ਰਾਕ ਜ਼ਖਮ ਜਾਂਹਿ ਕਛੁ ਲਾਗੈਂ। ਗਿਰਤ ਬੇਹੋਸ਼ ਹੋਸ਼ ਸਭ ਭਾਗੈਂ। ਦਸਕ ਤਾਂਹਿ ਸੰਭਾਰਨ ਕਰ ਹੈਂ। ਦਿਲਏ ਦਲ ਤੁਰਕੀ ਨਹਿ ਲਰਹੈਂ। ਜੇਉ ਬੰਦੂਕ ਕਸੀ ਥੀ ਉਲਟੀ। ਤੁਰਕਨ ਪਰ ਚਾਲੀ ਹ੍ਵੈ ਸੁਲਟੀ। ਹਾਥ ਹੀਨ ਥੇ ਜੇ ਸਰਦੂਲਾ। ਹਾਥ ਦਿਖਾਏ ਬਹੁ ਕਰ ਹੂਲਾ। ਅਵਰ ਹੀਨ ਥੇ ਜੇਤਕ ਪੈਰਾ। ਸੱਤ੍ਰਨ ਦੀ ਹਿਤ ਭਏ ਸਪੇਰਾ। ਨਾਈ ਝੀਵਰ ਛੀਂਬੇ ਖਾਤੀ। ਬ੍ਰਹਮਣ ਬਣੀਏ ਜੱਟ ਸੁਜਾਤੀ। ਸੈਣੀ ਸੂਦ ਸੁਨਾਰ ਕਮੀਨੇ। ਮਜਾਰ ਨਸੇ ਥੇ ਮ੍ਰਿਗ ਪਤਿ ਚੀਨੇ। ਗਾਲਬ ਸਿੰਘ ਤੁਰਕ ਮਗਲੂਬੈਂ। ਭਏ ਜਬੈਂ ਯੋਂ ਲੜ ਕਰ ਖੂਬੈਂ। ਬਨ ਮੈਂ ਧਸੇ ਸਿੰਘ ਤਬ ਧਾਈ। ਕੈਹੈਂ ਸਤਿਗੁਰ ਫਤੇ ਦਿਲਾਈ। ਪਿਖ ਪਤਿਸ਼ਾਹਿ ਲਗੀ ਰਟਪਾਟੀ। ਹੈਰਤ ਅੰਗੁਰੀ ਦਾਂਤਨ ਕਾਟੀ। ਊਰਧ ਸ੍ਵਾਸ ਖੈਂਰ ਇਕਬਾਰਾ। ਕੀਨ ਵਜੀਰਨ ਤਰਫ ਇਸ਼ਾਰਾ।

Digitized by Panjab Digital Library | www.panjabdigilib.org

ਦੇਖੋ ਕੁਦਰਤ ਅਜਬ ਖੁਦਾ ਕੀ। ਕਹੀ ਨ ਜਾਤ ਬਾਤ ਕੁਛ ਤਾਂਕੀ। ਚਿੜੀਯਨ ਤੈ ਕਰ ਬਾਜ਼ ਦਿਖਾਵਤ। ਸੋ ਫਿਰ ਲਗਰਨ ਝਗਰਨ ਖਾਵਤ। ਇਹ ਕੌਤਕ ਪਿਖ ਸੁਨ ਤੁਰਕਾਨੀ। ਲਰਜਾਨੀ ਮਨ ਅਧਿਕ ਰਿਸਾਨੀ। ਜਨ ਸਬਕੇ ਸਿਰ ਪਰਯੋ ਪਾਨੀ। ਪੇਸ਼ ਨ ਲੇਸ ਬਸੇਸ ਭੁਲਾਨੀ। ਪੜਯੋ ਲਾਹੌਲ ਬਧਯੋ ਦਿਲ ਹੌਲਾ। ਕਹਯੋ ਸਮੇਟੈ ਇਨਕੋ ਮੌਲਾ। ਬਾਦਸ਼ਾਹ ਚਿਤ ਚਕ੍ਰਿਤ ਭਯੋ। ਆਖਰਯਾ ਬਿਧ ਬਯੋਂਤ ਬਨਯੋ॥

## ਸਿੰਘਾਂ ਨੂੰ ਜਾਗੀਰ ਤੇ ਨਵਾਬੀ ਕਪੂਰ ਸਿੰਘ ਜੀ ਨੂੰ ਮਿਲਨੀ

ਏਹ ਨਕਲ ਦੇਖ ਕਰ ਬਾਦਸ਼ਾਹ ਨੇ ੧ ਲੱਖ ਰੁਪਏ ਦੀ ਜਾਗੀਰ ਤੇ ਇਕ ਖਿਲਤ ਬਹੁਤ ਕੀਮਤੀ ਨਵਾਬੀ ਖਿਤਾਬ ਪੰਥ ਖਾਲਸੇ ਨੂੰ ਦੇ ਭੇਜਿਆ। ਖਾਨ ਬਹਾਦਰ ਨੇ ਸਬੇਗ ਸਿੰਘ ਸਿੰਘਾਂ ਦੇ ਵਕੀਲ ਨੂੰ ਓਹੋ ਖਿਲਤ, ਖਿਤਾਬ, ਸਨਦ, ਜਾਗੀਰ ਦੇਕੇ ਵੈਸਾਖ ਸੰਃ ੧੭੯੦ ਬਿਃ ਨੂੰ ਇਸ ਸ਼ਰਤ ਪਰ ਸਿੰਘਾਂ ਪਾਸ ਭੇਜਿਆ ਕਿ ਏਹ ਜਾਗੀਰ ਲੈਕੇ ਫੇਰ ਕੋਈ ਸਿੰਘ ਲੁਟ ਖਸੋਟ ਨਾ ਕਰੇ। ਜਦ ਸਬੇਗ ਸਿੰਘ ਨੇ ਅੰਮ੍ਰਿਤਸਰ ਪਹੁੰਚਕਰ ਸਿੰਘਾਂ ਦੇ ਦੀਵਾਨ ਵਿੱਚ ਦਰਬਾਰਾ ਸਿੰਘ ਭੁਲਾਂਗਣੀ ਹਰੀ ਸਿੰਘ* ਆਦਿਕ ਬੜੇ ਬੜੇ ਜਥੇਦਾਰਾਂ ਅੱਗੇ ਖਿਲਤ ਰੱਖਿਆ ਤਾਂ ਦਰਬਾਰਾ ਸਿੰਘ ਨੇ ਆਖਿਆ: ਤੁਰਕਾਂ ਦੀ ਦਿੱਤੀ ਹੋਈ ਕੋਈ ਚੀਜ਼ ਖਾਲਸਾ ਨਹੀਂ ਲਏਗਾ, ਅਸੀ ਤਾਂ ਤੇਗ ਦੇ ਜ਼ੋਰ

*ਹਰੀ ਸਿੰਘ ਦੇ ਹੱਥ ਵਿੱਚ ਪਦਮ ਦਾ ਚਿੰਨ੍ਹ ਸੀ, ਇਸ ਕਰਕੇ ਸਾਰੇ ਪੰਥ ਨੂੰ ਲੰਗਰ ਵਰਤਾਉਂਦਾ ਤੇ ਕਦੇ ਕੋਈ ਚੀਜ਼ ਨਾ ਨਿਖੁੱਟਦੀ ਸੀ।

Digitized by Panjab Digital Library | www.panjabdigilib.org

ਨਾਲ ਗੁਰੂ ਜੀ ਦੇ ਬਚਨਾਂ ਅਨੁਸਾਰ ਹੱਨੇ ਹੱਨੇ* ਬਾਦਸ਼ਾਹੀ ਕਰਨੀ ਹੈ, ਬਾਦਸ਼ਾਹੀ ਛਡਕੇ ਨਵਾਬੀ ਖਰਾਬੀ ਕਿਉਂ ਲਈਏ? ਵਕੀਲ ਨੇ ਬਹੁਤ ਕੁਛ ਸਮਝਾ ਬੁਝਾ ਕੇ ਅਰਜ਼ ਕੀਤੀ ਕਿ ਏਹ ਤਾਂ ਮੁਸਲਮਾਨਾਂ ਨੇ ਆਪਣੀ ਬੇਟੀ (ਬਾਦਸ਼ਾਹੀ) ਖਾਲਸੇ ਨੂੰ ਦੇਣ ਵਾਸਤੇ ਟਿੱਕਾ (ਸਗਨ) ਭੇਜਿਆ ਹੈ, ਤੁਸੀ ਘਰ ਆਈ ਵਧਾਈ ਮੋੜੋ ਨਹੀਂ, ਏਹ ਲੈਕੇ ਭੀ ਬਾਦਸ਼ਾਹੀ ਲੈਣ ਦੇ ਦਾਵੇਦਾਰ ਬਣੇ ਰਹੋ, ਦੇਇਕ ਘੜੀ ਤਾਂ ਸਬਨੇ ਐਸੀ ਬੇਪਰਤ-ਵਾਹੀ ਵਿਖਾਈ ਜੋ ਨਵਾਬੀ ਦਾ ਖਿਲਤ ਚੌਗਾਨ ਦੀ ਗੇਂਦ ਕਰ ਰਖਿਆ, ਜਿਸ ਅਗੇ ਰਖਿਆ ਜਾਵੇ ਓਹੋ ਪੈਰ ਦੀ ਠੋਕਰ ਮਾਰਕੇ ਧਕੇਲ ਦੇਵੇ। ਜਦ ਹੋਰ ਕਿਸੇ ਨੇ ਨਾ ਕਬੂਲਿਆ ਤਾਂ ਸਬੇਗ ਸਿੰਘ ਨੇ ਫੇਰ ਏਹ ਬੇਨਤੀ ਕੀਤੀ, ਜੇਕਰ ਮੁਖੀਆ ਸਿੰਘ ਕੋਈ ਨਹੀਂ ਲੈਂਦਾ ਤਾਂ ਕਿਸੇ ਟੈਹਲ ਵਾਲੇ ਨੂੰ ਦੇ ਛੱਡੋ, ਮੋੜਨਾ ਚੰਗਾ ਨਹੀਂ, ਏਹ ਬਾਤ ਵਕੀਲ ਦੀ ਮੰਨਕੇ ਸਿੰਘਾਂ ਨੇ ਕਪੂਰ ਸਿੰਘ ਬ੍ਰਿਕ ਜ਼ਿਮੀਂਦਾਰ ਫੈਜ਼ੁਲਾ ਪੁਰੀਏ ਨੂੰ ਜੋ ਓਸ ਵਕਤ ਦੀਵਾਨ ਵਿਚ ਪੱਖਾ ਕਰ ਰਿਹਾ ਸੀ, ਨਵਾਬੀ ਦਾ ਖਿਲਤ ਪੈਹਨਾ ਕਰ ਖਾਲਸੇ ਦਾ ਨਵਾਬ ਮੰਨ ਲੀਤਾ।

## ਖਾਲਸੇ ਦੀ ਵਰਤੋਂ

ਹੁਣ ਕਪੂਰ ਸਿੰਘ ਨੂੰ ਆਪਣਾ ਨਵਾਬ ਥਾਪਕੇ ਪੰਥ ਖਾਲਸਾ ਅੰਮ੍ਰਿਤਸਰ ਰੈਹਨ ਲੱਗਾ। ਦਪਾਲਪੁਰ, ਕੰਗਨਵਾਲ, ਝੁਬਾਲ, ਏਹ ਪਰਗਣੇ ਜੋ ਜਾਗੀਰ ਵਿਚ ਮਿਲੇ ਸਨ, ਏਨਾਂ

*ਹੱਨੇ ਹੱਨੇ ਕਾਠੀ ੨ ਪ੍ਰਤੀ ਸਿੰਘਾਂ ਦੀ ਬਾਦਸ਼ਾਹੀ ਹੋਵੇਗੀ, ਸੋ ਠੀਕ ਹੋ ਗਈ, ਮੈਨਦਾਬ ਦੇਸ ਵਿੱਚ ਪ੍ਰਤੱਖ ਮਸ਼ਹੂਰ ਹੈ, ਝੂੜੇ, ਚਮਾਰ, ਨਾਈ, ਧੋਬੀ, ਛੀਂਬੇ, ਕੰਬੋ, ਕਲਾਲ, ਜੱਟ, ਤਖਾਣ ਭੀ ਆਪਣੇ ੨ ਪਿੰਡ ਦੀ ਸੁਤੰਤ੍ਰ ਬਾਦਸ਼ਾਹੀ ਸੰ: ੧੮੨੦ ਬਿ: ਤੋਂ ੧੮੬੬ ਬਿਕ੍ਰਮੀ ਤਕ ਕਰਦੇ ਰਹੇ॥

ਦੀ ਆਮਦਨੀ ਗੁਰੂ ਦੇ ਖਜ਼ਾਨੇ ਵਿਚ ਜਮਾ ਰੱਖਕੇ ਦੀਵਾਨ ਦਰਬਾਰਾ ਸਿੰਘ ਤੇ ਨਵਾਬ ਕਪੂਰ ਸਿੰਘ ਲੰਗਰ ਆਦਿਕ ਦਾ ਸਬ ਵਿਹਾਰ ਚਲਾਉਂਦੇ ਰਹੇ, ਮਾਰੋ ਮਾਰ ਕਰਨੀ ਸਬ ਛੱਡ ਦਿੱਤੀ ॥

ਉਸ ਸਮੇਂ ਸਿੰਘਾਂ ਦਾ ਆਪਸ ਵਿਚ ਬਹੁਤ ਪਿਆਰ ਤੇ ਏਕਾਧਤ ਸੀ, ਇੱਕ ਦੂਸਰੇ ਨੂੰ ਆਪਣੇ ਪ੍ਰਾਣਾਂ ਜੈਸਾ ਪਿਆਰਾ ਤੇ ਸੱਕਾ ਭਾਈ ਸਮਝਦਾ ਸੀ, ਨੀਚੀ, ਊਚੀ, ਜਾਤਿ ਪਾਤ ਦਾ ਭੇਦ ਕੋਈ ਨਹੀਂ ਸੀ, ਸਬ ਆਪ ਨੂੰ ਇਕ ਰੂਪ ਸੋਢ ਬੰਸ ਛੱਤ੍ਰੀ ਖਾਲਸਾ ਮੰਨਦੇ ਸਨ, ਜੋ ਕੋਈ ਕੁਛ ਕਮਾਕੇ ਕਿਧਰੋਂ ਲਿਆਉਂਦਾ ਸੋ ਸਬ ਗੁਰੂ ਕੇ ਖਜ਼ਾਨੇ ਵਿੱਚ ਜਮਾਂ ਕਰਕੇ ਸਭਨਾਂ ਭਾਈਆਂ ਦੇ ਨਾਲ ਰਲਕੇ ਗੁਜ਼ਾਰਾ ਕਰਦਾ, ਵੱਧ ਘੱਟ ਲੈਣ ਦਾ ਕਦੇ ਕਿਸੇ ਨੂੰ ਖਯਾਲ ਹੀ ਨਾ ਫੁਰਦਾ, ਜੋ ਕੁਛ ਨਵਾਬ ਆਦਿਕ ਮੁਖੀ ਸਿੰਘ ਵਰਤਾਉਂਦੇ ਉਸੇ ਪਰ ਸਬ ਆਨੰਦ ਰੈਂਹਦੇ, ਤੇ ਰਾਤ ਦਿਨੇ ਗੁਰੂ ਦੀ ਬਾਣੀ ਪੜ੍ਹਦੇ ਹੋਏ ਸ਼ਸਤ੍ਰ ਵਿੱਦਯਾ ਸਿੱਖਦੇ ਸਿਖਾਉਂਦੇ, ਘੋੜਿਆਂ ਦੀ, ਸ਼ਸਤ੍ਰਾਂ ਦੀ, ਲੰਗਰ ਦੀ ਟੈਹਲ ਕਰਦੇ ਰੈਂਹਦੇ, ਜੇਕਰ ਕਦੇ ਕਿਸੇ ਤੋਂ ਬਰਿਆਈ ਹੋ ਜਾਂਦੀ ਤਾਂ ਖਾਲਸੇ ਦੇ ਦੀਵਾਨ ਦੀ ਆਗਯਾ ਲੈਕੇ ਭਾਈ ਮਨੀ ਸਿੰਘ ਜੀ ਜੱਥਾਜੋਗ ਉਸਨੂੰ ਤਨਖਾਹ ਲਾ ਦਿੰਦੇ ਤੇ ਓਹ ਭੀ ਬਿਨਾ ਹੀਲ ਹੁਜਤ ਮੰਨ ਲੈਂਦੇ ॥

## ਮੁਖੀਏ ਸਿੰਘਾਂ ਦੀ ਗਿਣਤੀ

ਏਸ ਸਮੇਂ ਹਜ਼ੂਰੀਏ ਤੇ ਮੁਖੀਏ ਪੰਥ ਵਿਚ ਏਹ ਸਿੰਘ ਸਨ-ਦਰਬਾਰਾ ਸਿੰਘ ਦੀਵਾਨ, ਸੰਗਤ ਸਿੰਘ ਖਜ਼ਾਨਚੀ,

Digitized by Panjab Digital Library | www.panjabdigilib.org

ਹਰੀ ਸਿੰਘ ਲਾਂਗਰੀ, ਭਗਤ ਸਿੰਘ ਮੋਦੀ; ਬੁੱਢਾ ਸਿੰਘ ਦੇਸੀ ਹਰਦਿੱਤ ਸਿੰਘ, ਗਰਜਾ ਸਿੰਘ, ਸੱਜਨ ਸਿੰਘ, ਈਸ਼ਰ ਸਿੰਘ ਗਿਆਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ ਸੁਖਈ, ਦੀਪ ਸਿੰਘ, ਗੁਰਬਖਸ਼ ਸਿੰਘ ਸ਼ਹੀਦ, ਬਰਾਜ ਸਿੰਘ, ਜੱਸਾ ਸਿੰਘ, ਕਰਮ ਸਿੰਘ, ਭੋਮਾ ਸਿੰਘ, ਅਤਰ ਸਿੰਘ, ਸੀਹਾਂ ਸਿੰਘ, ਬਦਨ ਸਿੰਘ, ਕੇਹਰ ਸਿੰਘ, ਬੱਜੂ ਸਿੰਘ, ਘਨਘੋਰ ਸਿੰਘ, ਅਮਰ ਸਿੰਘ ਆਦਿਕ ਬਹੁਤ ਨਾਮੀ ਨਾਮੀ ਸਿੰਘ ਪੰਥ ਵਿੱਚ ਮੰਨੇ ਪਰਮੰਨੇ ਹੋਏ ਸਨ।

## ਤਰਨਾ ਦਲ ਬੁੱਢਾ ਦਲ ਦੋ ਨਾਮ ਹੋਣੇ

1795/1735 ਸਾਉਣ ਸੰ:੧੭੯੧ ਬਿ: ਨੂੰ ਦਰਬਾਰਾ ਸਿੰਘ ਦੀਵਾਨ ਦੇ ਪ੍ਰਲੋਕ ਹੋਜਾਣ ਪਿੱਛੋਂ ਲੰਗਰ ਤੇ ਦਾਣਾ ਵਰਤਾਉਣ ਦੇ ਵਕਤ ਆਪਸ ਵਿੱਚ ਸਿੰਘਾਂ ਦਾ ਬੋਲਾ ਠੋਲਾ ਹੋਣ ਲੱਗਾ, ਤਾਂ ਮੁਖੀਏ ੨ ਸਿੰਘਾਂ ਨੇ ਸਾਰੇ ਪੰਥ ਦਾ ਇਕ ਜਗਾ ਨਿਬਾਹ ਨਾ ਹੁੰਦਾ ਦੇਖ ਕਰ ਨਾਮੀ ੨ ਜੁਆਨ ੨ ਸਿੰਘਾਂ ਨੂੰ ਇਕ ੨ ਨਗਾਰਾ ਇਕ ੨ ਨਿਸ਼ਾਨ, ਦੇਗ ਲੋਹ; ਕੜਾਹਾ ਵਗੈਰੇ ਲੰਗਰ ਦਾ ਸਮਾਨ ਅਰ ਤੰਬੂ ਕਨਾਤਾਂ ਖਜ਼ਾਨਾਂ ਜੱਥਾ ਜੋਗ ਦੇਕਰ ਬਬੇਕ ਸਰ ਪਰ ਉਤਾਰ ਦਿੱਤਾ, ਏਸਦਾ ਨਾਮ ਤਰਨਾ ਦਲ ਮਸ਼ਹੂਰ ਕੀਤਾ ਗਿਆ, ਬਾਕੀ ਜੋ ਬ੍ਰਿਧ ਬ੍ਰਿਧ ਸਰਦਾਰ ਹਜ਼ੂਰੀਏ ਹਰੀ ਸਿੰਘ, ਹਰਦਿੱਤ ਸਿੰਘ, ਭਾਗ ਸਿੰਘ ਬਖਤਾ ਸਿੰਘ ਬੁੱਢਾ ਸਿੰਘ ਦੇਸੀ ਜੇਹੇ ਵਡੇ ਸਿੰਘ ਸਨ, ਉਨਾਂ ਦੇ ਸਾਥੀ ਸਿੰਘਾਂ ਦਾ ਨਾਮ ਬੁੱਢਾ ਦਲ ਹੁੰਦਾ ਹੋ ਗਿਆ, ਓਸ ਵੇਲੇ ਤੋਂ ਬੁੱਢਾ ਦਲ ਤਰਨਾ ਦਲ ਦੋ ਨਾਮ ਖਾਲਸੇ ਦੇ ਹੋਗਏ ॥

Digitized by Panjab Digital Library | www.panjabdigilib.org

# ਪੰਥ ਦੇ ਪੰਜ ਜੱਥੇ ਹੋਣੇ

ਏਹ ਉਕਤ ਘੱਟਨਾਂ ਹੋਈ ਨੂੰ ਅਜੇ ਕੋਈ ਪੂਰਾ ਸਾਲ ਨਹੀਂ ਹੋਇਆ ਸੀ, ਕਿ ਤਰਣ ਦਲ ਦੇ ਡੇਰੇਦਾਰਾਂ ਵਿੱਚ ਖਿੰਚਾ ਖਿੰਚੀ ਬੋਲੀ ਕੁਬੋਲੀ ਹੋਣ ਲਗੀ, ਜਿਸ ਤੋਂ ਬੇਇਤਫਾਕੀ ਹੋਕਰ ਲੁਟ ਮਾਰ ਦਾ ਮਾਲ ਤੇ ਦਾਣਾਂ ਘਾਸ ਲੰਘਰ, ਸੁਖਾ, ਸਰਦਾਈ ਵੰਡਣ ਪਰ ਆਪਸ ਮੈਂ ਦੰਗਾ ਫਸਾਦ ਹੋਕੇ ਬਖੇੜਾ ਵਧਣ ਲੱਗਾ, ਤਾਂ ਬੁਢੇ ਦਲ ਦੇ ਮੁਖੀਏ ਸਿੰਘਾਂ ਨੇ ਗੁਰਮਤਾ ਪੱਕ ਪਕਾਕੇ ਤਰਣੇ ਦਲ ਦੇ ਪੰਜ ਜੱਥੇ ਬਣਾ ਦਿੱਤੇ, ਅਤੇ ਏਹ ਬੀ ਅਰਦਾਸ ਕਰਾ ਦਿੱਤੀ ਕਿ ਜਿਸ ਸਿੰਘ ਦਾ ਮਨ ਜਿਸ ਜੱਥੇਦਾਰ ਪਾਸ ਯਾ ਜੱਥੇ ਵਿੱਚ ਰੈਹਣ ਨੂੰ ਚਾਹੇ ਓਹ ਬੇਸ਼ਕ ਓਸੇ ਥਾਂ ਜਾ ਰਹੇ, ਸਰਬ ਥਾਂ ਗੁਰੂ ਕਾ ਪੰਥ ਗੁਰੂ ਕਾ ਘਰ ਇੱਕੋ ਹੈ, ਪਰ ਜਿਸ ਕਿਸੇ ਸਿੰਘ ਉੱਤੇ ਬਿਨਾ ਕਾਰਣ ਜਾਹਰ ਕੀਤੇ ਕੁਛ ਬੁਰਾਈ ਉਠਾਵੇਗਾ, ਉਸਨੂੰ ਤਨਖਾਹੀਆ ਕਰਕੇ ਪੰਥ ਵਿੱਚੋਂ ਕਢਿਆ ਜਾਵੇਗਾ, ਏਹ ਗੁਰਮਤਾ ਕਾਇਮ ਕਰਕੇ ਪੰਜ ਜਥੇ ਏਸ ਭਾਂਤ ਬਨਾਏ ਗਏ:—

(੧) ਜਥਾ ਪੈਹਲਾ ਸ਼ਹੀਦਾਂ ਦਾ, ਜਿਸ ਵਿੱਚ ਦੀਪ ਸਿੰਘ ਨੱਥਾ ਸਿੰਘ, ਗੁਰਬਖਸ਼ ਸਿੰਘ, ਪ੍ਰੇਮਸਿੰਘ ਆਦਿਕ ਸਰਦਾਰ ਸ਼ਹੀਦ ਬੋਲੇ ਜਾਂਦੇ ਸਨ (੨) ਜਥਾ ਦੂਜਾ ਅੰਮ੍ਰਿਤਸਰੀਆਂ ਦਾ, ਜਿਸ ਵਿੱਚ ਪ੍ਰੇਮਸਿੰਘ, ਧਰਮ ਸਿੰਘ ਖੱਤ੍ਰੀ ਅੰਮ੍ਰਿਤਸਰੀਏ (ਜਿਨਾਂ ਦੀ ਸੰਤਾਨ ਹੁਣ ਖਰੜ ਜ਼ਿਲੇ ਅੰਬਾਲੇ ਵਿਚ ਤੇ ਦੁਾਬੇ ਵਿੱਚ, ਬਸੀ ਆਦਿਕ ਪਿੰਡਾਂ ਦੀ ਜਾਗੀਰਦਾਰ ਹੈ) (੩) ਜਥਾ ਤੀਜਾ ਡੱਲੇ ਵਾਲੀਆਂ ਦਾ, ਜਿਸ ਵਿਚ ਦਸੌਂਧਾ ਸਿੰਘ ਗਿੱਲ, ਫਤੇ ਸਿੰਘ ਭਗਤੂ ਕਾ, ਕਰਮ ਸਿੰਘ, ਗੁਰਦਯਾਲ ਸਿੰਘ, ਹਰ-

Digitized by Panjab Digital Library | www.panjabdigilib.org

ਦਿਆਲ ਸਿੰਘ ਖੱਤ੍ਰੀ, ਡਲੇ ਪਿੰਡ ਵਾਲੇ ਸਨ (੪) ਚੌਥਾ ਜਥਾ ਸਾਹਿਬਜ਼ਾਦਿਆਂ ਦਾ, ਜਿਸ ਵਿੱਚ ਬਾਵਾ ਕਾਹਨ ਸਿੰਘ, ਬਿਨੋਦ ਸਿੰਘ, ਮੀਰੀ ਸਿੰਘ ਭੱਲੇ, ਤੇ ਹਰੀ ਸਿੰਘ ਢਿੱਲੋਂ, ਬਾਘ ਸਿੰਘ ਹੱਲੋਵਾਲੀਆ ਕਲਾਲ ਏਹ ਮੁਖੀਏ ਹੋਏ (੫) ਪੰਜਵਾਂ ਜਥਾ ਰਮਦਾਸੀਆਂ ਦਾ, ਜਿਸ ਵਿਚ ਬੀਰ ਸਿੰਘ, ਜੀਊਣ ਸਿੰਘ, ਮਦਨ ਸਿੰਘ, ਅਮਰ ਸਿੰਘ, ਕਰਮ ਸਿੰਘ, ਰਣ ਸਿੰਘ ਆਦਿਕ ਮਜ਼ਬੀ ਰਮਦਾਸੀਏ ਜ਼ਿਮੀਂਦਾਰ ਥੋੜੇ ਸਿੱਖ ਸਰਦਾਰ ਬਹੁਤੇ ਸਨ। ਬਾਕੀ ਜੋ ਨਵਾਬ ਕਪੂਰ ਸਿੰਘ, ਜੱਸਾ ਸਿੰਘ, ਥਰਾਜ ਸਿੰਘ ਆਦਿਕ ਅਨੇਕ ਸਿੰਘ ਵਡੇ ਵਡੇ ਸਨ, ਡੇਰੇ ਦੇ ਮਾਲਕ ਰਹੇ। ਉਨਾਂ ਦੇ ਜਥੇ ਦਾ ਨਾਮ ਬੁੱਢਾ ਦਲ ਤੇ ਪੰਜਾਂ ਜਥਿਆਂ ਦਾ ਨਾਮ ਤਰਨਾ ਦਲ ਮਸ਼ਹੂਰ ਹੋ ਗਿਆ, ਦਿਨ ਬਦਿਨ ਖਾਲਸਾ ਵਧਣ ਲੱਗਾ॥

ਜਦ ਜਾਗੀਰ ਤੇ ਨਜ਼ਰ ਭੇਟਾ ਨਾਲ ਲੰਗਰ ਦਾ ਖਰਚ ਅੱਛੀ ਤਰਹ ਨਾ ਚਲ ਸਕਿਆ ਤਾਂ ਬਹੁਤ ਸਿੰਘ ਅਪਣੇ ੨ ਘਰਾਂ ਨੂੰ ਚਲੇ ਗਏ ਤੇ ਪੰਜੇ ਜਥੇ ਦੌਰਾ ਕਰਦੇ ਹੋਏ ਹਾਂਸੀ ਹੰਸਾਰ ਦੀ ਤਰਫ ਨੂੰ ਨਿਕਲ ਗਏ।

## ਜਾਗੀਰ ਜਬਤੀ ਤੋਂ ਮਾਰੋ ਮਾਰ ਸ਼ੁਰੂ

ਜ਼ਿਕਰੀਏ ਖਾਂ ਮਸ਼ਹੂਰ ਖਾਨਬਹਾਦਰ ਨੇ ਸਿੰਘਾਂ ਨੂੰ ਇਰਲੇ ਬਿਰਲੇ ਸਮਝ ਕਰ ਪਿਛਲੇ ਵੈਰ ਲੈਣ ਦੀ ਤੇ ਜਗੀਰ ਜ਼ਬਤ ਕਰਨ ਦੀ ਮਨਸ਼ਾ ਥਾਪਕੇ ਨਵਾਬ ਕਪੂਰ ਸਿੰਘ ਨੂੰ ਲਿਖ ਭੇਜਆ, ਜਿਸ ਸਿੰਘ ਨੂੰ ਇੱਛਆ ਹੋਵੇ ਨੌਕਰੀ ਕਰ ਲਵੇ ਹੁਣ ਜਾਗੀਰ ਨਹੀਂ ਰਹੇਗੀ, ਸਿੰਘ ਜੀ ਨੇ ਜਵਾਬ ਭੇਜਿਆ ਤੁਹਾਡੀ ਤਾਬੇਦਾਰੀ ਸਿੰਘਾਂ ਨੂੰ ਮਨਜ਼ੂਰ ਨਹੀਂ, ਸੁਹਿਮ ਵਿੱਚ ਤੁਸਾਡੀ

ਸਹਾਇਤਾ ਕਰਨ ਨੂੰ ਖ਼ਾਲਸਾ ਤਯਾਰ ਬਰ ਤਯਾਰ ਹੈ । ਹੁਣ ਜੇ ਤੁਸੀਂ ਆਪਣੇ ਕੌਲ ਕਰਾਰ ਤੋਂ ਝੂਠੇ ਹੋਕਰ ਆਨੇ ਬਹਾਨੇ ਬਣਾਕੇ ਸਿੰਘਾਂ ਦੀ ਜਾਗੀਰ ਜ਼ਬਤ ਕਰਦੇ ਹੋ ਏਸਤੋਂ ਫੇਰ ਫਸਾਦ ਉਠੇਗਾ। ਏਸ ਪਰ ਸੂਬੇ ਨੇ ਫੇਰ ਆਖ ਭੇਜਯਾ, ਜੇਕਰ ਨੌਕਰੀ ਨਹੀਂ ਕਰਦੇ ਤਾਂ ਖੇਤੀ ਕਰੋ ਸਿੰਘਾਂ ਤੋਂ ਅਸੀਂ ਹਾਲਾ ਨਹੀਂ ਲਵਾਂਗੇ। ਖਾਨ ਬਹਾਦਰ ਤਾਂ ਸਿੰਘਾਂ ਨੂੰ ਮਕਰ ਫਰੇਬ ਨਾਲ ਕਮਜ਼ੋਰ ਕਰਕੇ ਮਾਰਨਾ ਚਾਹੁੰਦਾ ਸੀ, ਪਰ ਸਿੰਘ ਭੀ ਓਸਦੇ ਵਾਕਬਸੇ ਪੇਚ ਵਿੱਚ ਨਾ ਆਏ। ਓੜਕ ਜਦ ਸੰ:੧੭੯੨ ਬਿ: ਨੂੰ ਸੂਬੇ ਨੇ ਬੇਈਮਾਨ ਹੋਕੇ ਜਗੀਰ ਬੰਦ ਕਰ ਲਈ ਤਾਂ ਸਿੰਘਾਂ ਨੇ ਭੀ ਜੈਸੇ ਨੂੰ ਤੈਸਾ ਹੋਕੇ ਮਿਲਣਾ ਮਥ ਲਿਆ, ਓਹੋ ਆਪਣਾ ਗਤਕਾ ਫਰੀ ਉਠਾਕੇ ਕੌਡੀ ਕੁਬੱਡੀ ਖੇਲ੍ਹਨੀ ਸ਼ੁਰੂ ਕਰ ਦਿੱਤੀ। ਤੁਰਕਾਂ ਦੀ ਬੇਈਮਾਨੀ ਉਤੇ ਖਿਝਕੇ ਪਹਿਲੇ ਨਾਲੋਂ ਭੀ ਚੰਗੀ ਤਰਾਂ ਸੋਧਣਾ ਸ਼ੁਰੂ ਕੀਤਾ।

## ਲਖਪਤ ਰਾਇ ਮੁਖਲਸ ਖਾਂ ਦੀ ਚੜ੍ਹਾਈ

ਖਾਨ ਬਹਾਦਰ ਨੇ ਲਖਪਤ ਰਾਇ ਤੇ ਮੁਖਲਸ ਖਾਂ ਨੂੰ ਪੰਜਕ ਹਜ਼ਾਰ (ਗਸ਼ਤੀ) ਫਿਰਨੀ ਫੌਜ ਦੇਕੇ ਸਿੰਘਾਂ ਦੇ ਪਿੱਛੇ ਲਾਕਰ ਏਹ ਢੰਢੋਰਾ ਫੇਰ ਦਿੱਤਾ ਕਿ ਜੋ ਕੋਈ ਕਿਸੇ ਸਿੰਘ ਨੂੰ ਫੜਾਵੇਗਾ ਯਾ ਕੱਟਕੇ ਸਿਰ ਪਹੁੰਚਾਵੇਗਾ ਓਹ ਬਹੁਤ ਇਨਾਮ, ਇੱਜ਼ਤ ਪਾਵੇਗਾ॥

ਏਸ ਸਮੇਂ ਲੋਭੀ ਲੋਗ ਤਾਂ ਥੋੜੇ ਹੀ ਸਿੰਘਾਂ ਦੇ ਪਿੱਛੇ ਪਏ, ਕਯੋਂਕੇ ਪਹਿਲੇ ਜਦ ਸੰ: ੧੭੮੭ ਬਿ: ਨੂੰ ਜਿਨ੍ਹਾਂ ੨ ਨੇ ਸਿੰਘ ਮਾਰੇ ਮਰਵਾਏ ਇਨਾਮ ਪਾਏ ਸਨ, ਮੌਕਾ ਪਾਕੇ ਸਿੰਘਾਂ ਨੇ ਭੀ ਓਨ੍ਹਾਂ ਦੀ ਜੜ ਖੂਬ ਘਰੜ੨ ਵੱਢੀ ਸੀ, ਓਸ ਗੱਲੋਂ

Digitized by Panjab Digital Library | www.panjabdigilib.org

ਡਰਦੇ ਦੁਗਲ ਤਾਂ ਦੱਬੇ ਰਹੇ, ਪਰ ਗਸ਼ਤੀ ਫੌਜ ਨੇ ਚਾਰਕ ਮਹੀਨੇ ਸਿੰਘਾਂ ਦੇ ਪਿੱਛੇ ਫਿਰ ੨ ਕੇ ਭਾਵੇਂ ਦਗੇ ਫਰੇਬ ਨਾਲ ਸਿੰਘ ਤਾਂ ਅਨੇਕ ਮਾਰੇ, ਪਰ ਦੇਸ ਵੈਰਾਨ ਹੋਗਿਆ ਤੇ ਆਪ ਭੀ ਗੋਲਿਆਂ ਵਾਂਗੂ ਖੇਤ ਵਿਚ ਹੀ ਗਲੇ।

## ਚੂਹਣੀਆਂ ਦਾ ਜੰਗ ਹੋਣਾ

ਤਦ ਮੱਘਰ ਸੰ:੧੭੯੩ ਬਿ:ਨੂੰ ਕਸਬੇ ਚੂਹਣੀਆਂ ਪਾਸ ਬੜਾ ਭਾਰੀ ਜੰਗ ਹੋਇਆ, ਦੋਹਾਂ ਤਰਫਾਂ ਦਾ ਕਈ ਹਜ਼ਾਰ ਬੰਦਾ ਜਾਨੋਂ ਜਾਂਦਾ ਰਿਹਾ, ਸਿੰਘਾਂ ਦੇ ਜਥੇ ਮਾਰਕੁਟ ਕਰਕੇ ਝੱਲਾਂ ਝੂੰਡਾਂ ਵਿਚ ਧਸ ਜਾਂਦੇ ਸਨ, ਓਥੇ ਸ਼ਾਹੀ ਫੌਜ ਨਹੀਂ ਜਾ ਸਕਦੀ ਸੀ। ਚਾਰਕ ਮਹੀਨੇ ਦੀ ਕਟਾ ਵੱਢੀ ਨਾਲ ਮੁਖਲਸ ਖਾਂ ਆਦਿਕ ਬਹੁਤ ਸਰਦਾਰ ਤੇ ਸਿਪਾਹੀ ਮਾਰੇ ਗਏ, ਫੌਜ ਜਰਜਰੀ ਹੋਕੇ ਲਾਹੌਰ ਨੂੰ ਮੁੜਪਈ।

## ਤਰਨੇ ਦਲ ਨੇ ਮੰਜਕੀ ਸੋਧਨੀ

ਜਦ ਏਹ ਖਬਰ ਤਰੁਣੇ ਦਲ ਨੂੰ ਪਰਗਨੇ ਸਰਹੰਦ ਵਿਚ ਪਹੁੰਚੀ ਤਾਂ ਛੇਤੀ ਨਾਲ ਪੰਜਾਬ ਵਿਚ ਆਗਿਆ, ਤਰੁਣੇ ਦਲ ਦੇ ਸਿੰਘਾਂ ਨੇ ਸਤਲੁਜ ਲੰਘਕੇ ਮੰਜ ਰਾਜਪੂਤਾਂ ਦਾ ਦੇਸ ਮੰਜਕੀ* ਜਿਸ ਵਿਚ ਜੰਡਿਆਲਾ, ਬੂੰਡਾਲਾ,

*ਮੰਜਕੀ ਇਕ ਦੇਸ ਦਾ ਨਾਉਂ ਹੈ ਜਿਸ ਵਿਚ ੩੯੪ ਪਿੰਡਾਂ ਦੀ ਚੌਧਰਾਯਤ ਮੰਜ ਗੋਤ ਦੇ ਰਾਜਪੂਤਾਂ ਦੀ ਸੀ, ਜਦਯਪਿ ਓਨਾਂ ਨੂੰ ਸਿੰਘਾਂ ਨੇ ਭੰਨ ਤੋੜ ਛਡਿਆ ਸੀ ਪਰ (ਰੱਸੀ ਜਲੀ ਵੱਟ ਨਾ ਸੜ) ਜਦ ਅਦੀਨਾਬੇਗ ਖਾਂ ਦਾ ਰਾਜ ਸਾਰੇ ਦੁਾਬੇ ਦੇਸ ਵਿਚ ਹੋ ਗਿਆ ਤਾਂ ਓਹ ਅਦੀਨਾਬੇਗ ਨੂੰ ਇਕ ਮੁਗਲ ਹਾਕਮ ਦਾ ਪਾਲਕ, ਰਾਂਈ ਦਾ ਪੁਤ੍ਰ ਕਮੀਣੀ ਜਾਤਿ ਸਮਝਕੇ ਸਲਾਮ ਨਹੀਂ ਕਰਦੇ ਸਨ, ਇਸ ਗੱਲੋਂ ਓਸਨੇ ਖਿਝਕੇ ਵਡੇ ਪਿੰਡ ਦੇ ਪੋਤ ਗੋਤ ਵਾਲੇ ਜੱਟਾਂ ਨੂੰ ਮੰਜਕੀ ਦੀ ਚੌਧਰਾਯਤ ਦੇ ਦਿੱਤੀ, ਜਿਨਾਂ ਵਿਚੋਂ ਰਾਇ ਸਰਜਾ ਤੇ ਭਾਗਮਲ ਵਡੇ ਮਸ਼ਹੂਰ ਚੋਧਰੀ ਹੋਏ ਹਨ। ਭਾਗਮਲ ਦਾ ਪੋਤਰਾ ਸਰਦਾਰ ਗੁਲਾਬ ਸਿੰਘ ਮੰਜਕੀ ਦਾ ਹਾਕਮ ਬਣ ਗਿਆ ਸੀ, ਹੁਣ ਓਸਦੀ ਔਲਾਦ ਵਿਚੋਂ ਹਰਨਾਮ ਸਿੰਘ ਮਤਾਬ ਸਿੰਘ ਆਦਿਕ ਮਸ਼ਹੂਰ ਚੌਧਰੀ ਜ਼ੈਲਦਾਰ ਹਨ।

Digitized by Panjab Digital Library | www.panjabdigilib.org

ਤੁਲਵਣ, ਸਰੀਹ, ਸਾਕਰ, ਰੁੜਕਾ, ਨਕੋਦਰ, ਬਿਲਗਾ, ਨੂਰਮੈਹਲ, ਤੁਲਵੰਡੀ, ਦੁਸਾਂਝਾ, ਮੈਮਾਰੀ, ਦੱਖਣੀ ਆਦਿਕ ਵਡੇ ੨ ਧਨੀ ਪਿੰਡ ਸਨ, ਚੰਗੀ ਤਰਾਂ ਸੋਧਿਆ ਤੇ ਮੰਜ ਰਾਜਪੂਤਾਂ ਨੂੰ ਭੀ ਚੰਗੇ ਦਾਖੂ ਦਾਣੇ ਚਬਾਇ।

ਫੇਰ ਢੱਕ ਤੇ ਦੌਨਾਂ, ਕੰਢੀ, ਸਜਾਮ ਦੁਰਾਸੀ ਆਦਿਕ ਦੂਾਰੇ ਦੇ ਪਰਗਣੇ ਨੂੰ ਖੂਬ ਸੋਧਿਆ, ਏਤਨੇ ਨੂੰ ਬੁੱਢਾ ਦਲ ਭੀ *ਚੂਹਣੀਆਂ ਪਾਸ ਲੜਾਈ ਕਰਕੇ, ਸਤਲੁਜ ਪਾਰ ਮਾਲਵੇ ਦੇਸ ਵਿੱਚ ਠੀਕਰੀ ਵਾਲੇ ਪਿੰਡ ਜਾ ਠੈਹਰਿਆ ॥

## ਬਾਬੇ ਆਲਾ ਸਿੰਘ ਨੇ ਸਿੰਘ ਸਜਨਾਂ

ਏਸੇ ਸਮੇਂ ਪੈਹਲੇ ਪੈਹਲ ਬਾਬੇ ਆਲਾ ਸਿੰਘ ਨੇ ਆਪਣੀ ਰਾਜਧਾਨੀ ਬਰਨਾਲੇ ਵਿੱਚ ਪੰਡਤ ਨਿਕਾ ਸਿੰਘ ਨਿਰਮਲੇ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਵਾਯਾ ਤੇ ਬੁੱਢੇ ਦਲ ਨੂੰ ਲੈਜਾ ਕਰ ਨਵਾਬ ਕਪੂਰ ਸਿੰਘ ਦੇ ਹੱਥੋਂ ਖੰਡੇਦਾ ਅੰਮ੍ਰਿਤ ਆਪ ਛੱਕਿਆ ਤੇ ਆਪਣੇ ਤਿੰਨਾਂ ਪੁਤ੍ਰਾਂ ਨੂੰ ਭੀ ਛਕਵਾਯਾ ॥ ਸਬ ਸਿੰਘਾਂ ਨੂੰ ਡਬੇ ਖੇਸ ਤੇ ਲਾਚੇ, ਲੁੰਗੀਆਂ, ਪਹਿਨਾਉਣੀਆਂ ਦਿਤੀਆਂ ਓਸੇ ਥਾਓਂ ਚੜ੍ਹ ਕੇ ਬੁੱਢਾ ਦਲ ਮਲੇਰ ਕੋਟਲੇ ਪਾਇਲ ਸਰਹੰਦ ਆਦਿਕ ਸ਼ਹਿਰਾਂ ਨੂੰ ਸੋਧਦਾ ਹੋਯਾ

---

*ਚੂਹਣੀ ਸੰਃ ੪੩੩ ਬਿਃ ਨੂੰ ਏਥੇ ਦਰਿਆ ਸਤਲੁਜ ਵਗਦਾ ਸੀ, ਏਸਦੇ ਕਿਨਾਰੇ ਇਕ ਸੰਤ ਸੀ, ਓਸਦੀ ਸੇਵਾ ਇਕ ਸਤਵੰਤੀ ਰੰਡੀ ਖੱਤ੍ਰਾਣੀ ਕਰਦੀ ਹੁੰਦੀ ਸੀ, ਓਹ ਜੱਟਾਂ ਦੀਆਂ ਕੁਪਾਹਾਂ ਚੁਣਕੇ ਚੁਣਾਈ ਪਰ ਗੁਜਾਰਾ ਕਰਦੀ, ਏਸੇ ਕੰਮ ਤੋਂ ਉਸਦਾ ਨਾਮ ਚੋਣੀ ਉੱਘਾ ਹੋਗਿਆ। ਸੰਤ ਨੇ ਓਸਦੀ ਇਛਿਆ ਨਾਮ ਰੈਹਣ ਦੀ ਸਮਝਕੇ ਆਪਣੇ ਪਾਸ ਓਸਨੂੰ ਪਿੰਡ ਬਸਵਾ ਦਿੱਤਾ, ਹਾਕਮ ਨੂੰ ਕੈਹਕੇ ਪਿੰਡ ਦੀ ਅਧਕਾਰੀ ਕਰਾ ਦਿੱਤੀ, ਜਿਸ ਕਰਕੇ ਓਥੇ ਬਹੁਤ ਵਸੋਂ ਹੋ ਗਈ। ਚੋਣੀ ਨਾਮ ਤੋਂ ਪਿੰਡਦਾ ਨਾਮ ਚੂਹਣੀ ਹੋਗਿਆ। ਫੇਰ ਏਥੇ ਟੋਡਰ ਮਲ ਬੜਾ ਪ੍ਰਤਾਪੀ ਹੋਇਆ ਹੈ, ਜਿਸ ਕਰਕੇ ਇਹ ਪਿੰਡ ਵੱਡਾ ਤੇ ਮਾਲਦਾਰ ਹੋਇਆ ਹੈ, ਫੇਰ ਸਿਖਾਂ ਦੀਆਂ ਲੜਾਈਆਂ ਵਿਚ ਲੁਟਿਆ ਗਿਆ, ਏਥੇ ਤਿੰਨ ਲੜਾਈਆਂ ਭਾਰੀਆਂ ਸੰਃ ੧੭੭੧ ਬਿਃ ਤੇ ੧੭੯੨ ਬਿਃ ਤੇ ੧੮੨੭ ਬਿਃ ਵਿਚ ਹੋਈਆਂ ॥

Digitized by Panjab Digital Library | www.panjabdigilib.org

ਅੰਮ੍ਰਿਤਸਰ ਦੀ ਤਰਫ ਰੁਖ ਕਰ ਆਯਾ, ਜਿਸ ਕਰਕੇ ਫੇਰ ਮਾਝੇ ਦੁਆਬੇ ਵਿੱਚ ਲੁੱਟ ਮਾਰ ਦੀ ਧੂੰਮ ਮਚ ਗਈ ਤੇ ਟਿਡੀ ਦਲ ਵਾਂਗੂੰ ਸਿੰਘ ਝਾੜ ੨ ਵਿੱਚ ਫਿਰ ਨਿਕਲੇ। ਨਵਾਬ ਕਪੂਰ ਸਿੰਘ ਨੇ ਬੁਢੇ ਦਲ ਨੂੰ ਲੈਕੇ ਸੰ: ੧੭੯੩ ਨੂੰ ਅੰਮ੍ਰਿਤਸਰ ਦੀਪਮਾਲਾ ਜਾ ਕੀਤੀ, ਬਾਸਰਕੇ ਪਿੰਡ ਪਾਸ ਉਤਾਰਾ ਰਖਿਆ। ਖਾਨ ਬਹਾਦਰ ਨੇ ਲਖਪਤ ਰਾਇ ਨੂੰ ਸੱਤ ਹਜ਼ਾਰ ਫੌਜ ਦੇਕੇ ਭੇਜਜਾ, ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਬਹੁਤ ਆਦਮੀ ਦੋਹਾਂ ਤਰਫਾਂ ਦੇ ਮਾਰੇ ਗਏ। ਓੜਕ ਸਿੱਖਾਂ ਨੇ ਚੂਹਣੀਆਂ ਦੀ ਤਰਫ ਕੂਚ ਕਰਦਿੱਤਾ।*ਖੇਮ ਕਰਨ ਤਕ ਸ਼ਾਹੀ ਫੌਜ ਨੱਠਦੀ ਚਲੀ ਗਈ॥

## ਮਾਝੇ ਰਿਹਾੜਕੀ ਦਾ ਗਦਰ

ਜਦ ਏਹ ਖਬਰ ਤਰੁਣੇ ਦਲ ਨੂੰ ਪਹੁੰਚੀ ਤਾਂ ਝਟਾ ਝੱਟ ਬੁਢੇ ਦਲ ਦੀ ਸਹਾਇਤਾ ਨੂੰ ਚੜ੍ਹ ਆਯਾ। ਅਜੇ ਸ਼ਾਹੀ ਫੌਜ ਲਾਹੌਰ ਨਹੀਂ ਗਈ ਸੀ ਕਿ ਭੀਖੀ ਪਿੰਡ ਪਾਸ ਭਟ ਭੇੜ ਹੋ ਪਿਆ ਤੀਰ ਤੁਫੰਗ ਦਾ ਬੜਾ ਭਾਰੀ ਘਮਸਾਣ ਮਚਿਆ। ਜਦ ਸਿੰਘ ਸ਼ਮਸ਼ੇਰਾਂ ਖਿੱਚ ੨ ਸ਼ੇਰਾਂ ਵਾਂਗੂੰ ਕੁਦ ਪਏ ਤਾਂ ਦੁਨੀ ਚੰਦ ਲਖਪਤ ਦਾ ਭਤੀਜਾ ਤੇ ਜਮਾਲ ਖਾਂ ਤੱਤਾਰ ਖਾਂ ਆਦਿਕ ਅਫਸਰ ਬਹੁਤ ਸਾਰੇ ਸਿਪਾਹੀਆਂ ਸਮੇਤ ਮਾਰੇ ਗਏ। ਸ਼ਾਹੀ ਫੌਜ ਹਾਰ ਕੇ ਲਾਹੌਰ ਨੂੰ ਚਲੀ ਗਈ। ਫੇਰ ਤਾਂ ਸਿੰਘਾਂ ਨੇ ਖੂਬ ਚੰਗੀ ਤਰਾਂ ਸੋਧ ਕੀਤੀ ਪਰਗਣੇ ਗੁਰਦਾਸਪੁਰ, ਕਲਾਨੌਰ, ਪਸਰੂਰ, ਸਿਆਲਕੋਟ, ਸੋਦਰਾ,

*ਖੇਮਕਰਨ ਅਕਬਰਸ਼ਾਹ ਦੇ ਦਫਤਰੀ, ਦਲਪਤ ਰਾਇ ਦੇ ਬੇਟੇ ਛੇਮ ਕਰਨ ਨੇ ਟੋਡਰ ਮਲ ਦੀ ਸਹਾਇਤਾ ਨਾਲ ਸੰ: ੧੬੧੩ ਬਿ: ਵਿਚ ਕਸੂਰ ਤੋਂ ਉਠਕੇ ਆਬਾਦ ਕੀਤਾ ਸੀ, ਹੁਣ ਭੀ ਉਸਦੀ ਸੰਤਾਨ ਦੋ ਪਤੀਆਂ ਦੀ ਮਾਲਕ ਹੈ॥

ਵਜ਼ੀਰਾਬਾਦ, ਕੁੰਜਾਹ, ਅਲੀਗੜ੍ਹ, ਸ਼ਰਕਪੁਰ ਆਦਿਕ ਮਕਾਨਾਂ ਦੇ ਹਾਕਮਾਂ ਨੂੰ ਓਹ ਚਣੇ ਚਬਾਏ ਜੋ ਦੰਦ ਖੱਟੇ ਕਰ ਛਡੇ। ਮੁਸਲਮਾਨਾਂ ਨੇ ਸਿੰਘਾਂ ਦਾ ਬੰਦੋਬਸਤ ਕਰਨ ਲਈ ਸਾਰੇ ਉਦਮ ਕੀਤੇ, ਪਰ ਏਹ ਉਨ੍ਹਾਂ ਦੇ ਕਾਬੂ ਨਾ ਚੜ੍ਹੇ॥

## ਮੁਸਲਮਾਨਾਂ ਦੇ ਅੰਮ੍ਰਿਤਸਰ ਪਹਿਰੇ ਬੈਠਣੇ

ਹੁਣ ਸੂਬੇ ਨੇ ਦਿਨ ਬਦਿਨ ਸਿੰਘਾਂ ਦੀ ਤੇਜੀ ਹੁੰਦੀ ਵੇਖਕੇ ਕਾਜੀ ਮੌਲਵੀ ਨਜੂਮੀ ਪੁਛੇ ਤਾਂ ਓਨਾਂ ਨੇ ਉਖੜੇ ਕੁਹਾੜੇ ਏਹ ਗਲ ਘੜ ਮਾਰੀ ਕਿ ਸਿੰਘਾਂ ਦੇ ਗੁਰੂ ਨੇ ਆਬਹਯਾਤ (ਅੰਮ੍ਰਿਤ) ਦਾ ਇਕ ਤਾਲਾਬ ਅੰਮ੍ਰਿਤਸਰ ਬਨਾਯਾ ਹੈ ਏਸੇ ਵਾਸਤੇ ਸਿੰਘ ਨਹੀਂ ਮਰਦੇ ਏਥੋਂ ਅੰਮ੍ਰਿਤ ਪੀ ਜਾਂਦੇ ਹਨ। ਇਸ ਪਾਣੀ ਮਾਰੀ ਗੱਲ ਉਤੇ ਹੀ ਯਕੀਨ ਕਰਕੇ ਅਕਲ ਦੇ ਧਨੀ ਸੂਬੇ ਨੇ ਕਾਜੀ ਅਬਦੁਲ ਰਹਿਮਾਨ ਤੇ ਮਹੰਮਦ ਬਖਸ਼ ਨੂੰ ਦੋ ਹਜ਼ਾਰ ਫੌਜ ਦੇਕੇ ਅੰਮ੍ਰਿਤਸਰ ਦੀ ਰਖਵਾਲੀ ਨੂੰ ਭੇਜ ਦਿਤਾ। ਉਨ੍ਹਾਂ ਨੇ ਅੰਮ੍ਰਿਤਸਰ ਦੇ ਚੁਵੇਰੇ ਪਹਿਰੇ ਬੈਠਾਕੇ ਹੁਕਮ ਦਿਤਾ ਕਿ ਕੋਈ ਸਿਖ ਨਾਉਣ ਤੇ ਜਲ ਪੀਣਾ ਨਾ ਪਾਵੇ। ਕਾਜੀ ਨੇ ਸਿੰਘਾਂ ਨੂੰ ਕਹਿ ਭੇਜਿਆ ਜੇ ਹੁਣ ਤੁਸੀ ਅੰਮ੍ਰਿਤ ਪੀ ਜਾਓ ਤਾਂ ਅਸੀ ਤੁਹਾਨੂੰ ਸਿੰਘ ਜਾਣੀਏ, ਨਹੀਂ ਤਾਂ ਗਿਦੜ ਸਦਾਓ। ਏਹ ਗਲ ਸੁਣਕੇ ਸੁਖਾ ਸਿੰਘ ਤ੍ਰਖਾਣ ਤੇ ਬਾਜ ਸਿੰਘ ਜੱਟ ਮਨੀ ਸਿੰਘ ਦਾ ਭਤੀਜਾ, ਏਹ ਦੋਵੇਂ ਭੇਸ ਬਦਲ ਕੇ ਅੰਮ੍ਰਿਤ ਵੇਲੇ ਆਏ ਘੋੜਿਆਂ ਨੂੰ ਸੂਧਾ ਪਿਲਾਕੇ ਆਪ ਇਸ਼ਨਾਨ ਪਾਨ ਕਰ, ਅਸਵਾਰ ਹੋ, ਸਤਿ ਸ੍ਰੀ ਅਕਾਲ, ਗੁਰਬਰ ਅਕਾਲ ਉਚਾਰਦੇ ਹੋਏ ਚਲ ਪਏ। ਏਹ ਅਵਾਜ਼ ਸੁਣਕੇ ਤੁਰਕ ਹੁਮਹੁਮਾਕੇ ਉਠ ਪਏ, ਪਰ ਸਿੰਘ ਅਨੇਕਾਂ ਨੂੰ ਜ਼ਖਮੀ ਕਰਕੇ ਨਿਕਲ ਗਏ, ਉਸ ਸਮੇਂ ਏਹੋ ਜੇਹੀਆਂ ਅਨੇਕਾਂ

Digitized by Panjab Digital Library | www.panjabdigilib.org

ਬਹਾਦਰੀਆਂ ਸਿੰਘ ਦਿਖਾਉਂਦੇ ਰੈਂਹਦੇ ਸਨ ॥

ਤਦੋਂ ਭਾਈ ਮਨੀ ਸਿੰਘ ਜੀ ਦੇ ਨਾਲ ਥੋੜੇ ਜਹੇ ਸਿੰਘ ਅੰਮ੍ਰਿਤਸਰ ਰੈਂਹਦੇ ਸੀ, ਭਾਈ ਸਾਹਿਬ ਦੇ ਗੁਰਬਾਣੀ ਦੀ ਕਥਾ ਦਾ ਢੰਗ ਅਜੇਹਾ ਹੋਂਦਾ ਸੀ ਕਿ ਹਿੰਦੂ ਤੇ ਮੁਸਲਮਾਨ ਸੁਣਕੇ ਗਦ ਗਦ ਹੋਂਦੇ ਸਨ ਮੁਸਲਮਾਨ ਸੂਫੀ ਫਕੀਰਾਂ ਦਾ ਇਕੱਠ ਸਦਾ ਹੀ ਆਪ ਦੇ ਪਾਸ ਰੈਂਹਦਾ ਸੀ ਤੇ ਸੂਫੀ ਫਕੀਰ ਇਨ੍ਹਾਂ ਦੀ ਬੜੀ ਇਜ਼ਤ ਕਰਦੇ ਸਨ ॥

## ਭਾਈ ਮਨੀ ਸਿੰਘ ਜੀ ਦੀ ਯੋਗਤਾ

ਜਦ ਕੋਈ ਮੁਸਲਮਾਨ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਖਰਾਬੀ ਕਰਨ ਵਾਸਤੇ ਆਉਂਦਾ ਤਾਂ ਭਾਈ ਸਾਹਿਬ ਓਸਨੂੰ ਹਲੀਮੀ ਤੇ ਮਿੱਠੀ ਬਾਣੀ ਦੀ ਰਸਾਈ ਨਾਲ ਫਕੀਰਾਂ ਵਾਲੀਆਂ ਬਾਤਾਂ ਬਿਨਾ ਪੱਖ ਪਾਦ ਦੇ ਸੁਣਾਕੇ ਐਸਾ ਮੋਮ ਕਰ ਲੈਂਦੇ, ਜਿਸਤੋਂ ਓਹ ਕੁਛ ਸੇਵਾ ਹੀ ਕਰ ਜਾਂਦਾ, ਤੇ ਇਨਾਂ ਦਾ ਫਕੀਰੀ ਭੇਸ, ਨੇਕ ਚਾਲ ਚਲਨ, ਚੇਹਰਾ ਮੁਹਰਾ, ਸੂਧਾ ਸੁਭਾਵ, ਲੰਗਰ ਚਲਦਾ ਵੇਖਕੇ ਹਰੇਕ ਆਦਮੀ ਮੋਮ ਹੋ ਜਾਂਦਾ,ਏਸੇ ਤਰਾਂ ਕਈ ਉਪਾਵਾਂ ਕਰਕੇ ਦਰਬਾਰ ਸਾਹਿਬ ਦੀ ਸੇਵਾ ਭਾਈ ਸਾਹਿਬ ਕਰਦੇ ਰਹੇ ॥

## ਮੇਲਾ ਦੀਪਮਾਲਾ ਦਾ ਕਰਨਾ ਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ

ਦੀਪਮਾਲਾ ਦਾ ਮੇਲਾ ਜੋ ਕਈ ਸਾਲਤੋਂ ਮੁਸਲਮਾਨਾਂ ਨੇ ਬੰਦ ਕਰ ਛਡਿਆ ਸੀ, ਸੋ ਭਾਈ ਮਨੀ ਸਿੰਘ ਜੀ ਨੇ ਕਾਜ਼ੀ ਅਬਦੁਲ ਰਜ਼ਾਕ ਓਥੋਂ ਦੇ ਹਾਕਮ ਨਾਲ ਬਹੁਤ ਰਸਾਈ ਪੈਦਾ ਕਰਕੇ ਪੰਜ ਹਜ਼ਾਰ ਰੁਪਯਾ ਠੇਕਾ ਦੇਣਾ ਕਰਕੇ

Digitized by Panjab Digital Library | www.panjabdigilib.org

ਦੀਪਮਾਲ਼ਾ ਦਾ ਮੇਲਾ ਸੰ: ੧੭੯੪ ਬਿ: ਨੂੰ ਲਾਉਣ ਦੀ ਲਿਖਾ ਪੜ੍ਹੀ ਕਰਕੇ ਸਾਰੇ ਦੇਸਾਂ ਵਿੱਚ ਚਿਠੀਆਂ ਫੇਰ ਦਿੱਤੀਆਂ। ਗੁਰੂ ਕੇ ਸੇਵਕ ਤਾਂ ਪੈਹਲੇ ਹੀ ਅੰਮ੍ਰਿਤਸਰ ਦੇ ਦਰਸ਼ਨ ਤੇ ਇਸ਼ਨਾਨ ਨੂੰ ਤਰਸ ਰਹੇ ਸਨ, ਬੇਸ਼ੁਮਾਰ ਸੰਗਤਾਂ ਚਲ ਪਈਆਂ। ਜਦ ਬਹੁਤ ਖਲਕਤ ਆਉਂਦੀ ਦੇਖੀ ਤਾਂ ਏਥੋਂ ਦੇ ਹਾਕਮ ਨੇ ਮੇਲੇ ਦਾ ਬੰਦੋਬਸਤ ਕਰਨ ਵਾਸਤੇ ਲਾਹੌਰੋਂ ਹੋਰ ਫੌਜ ਮੰਗਾ ਲੀਤੀ। ਖਾਨ ਬਹਾਦਰ ਬੇਈਮਾਨ ਕਪਟੀ ਨੇ ਸੋਚਿਆ ਕਿ ਹੁਣ ਏਥੇ ਬੜੇ ੨ ਨਾਮੀ ੨ ਸਿੱਖ ਸਰਦਾਰ ਆਉਣਗੇ, ਸਬ ਏਥੋਂ ਹੀ ਫੜੇ ਜਾਣ ਤਾਂ ਚੰਗਾ ਹੈ। ਏਹੋ ਮਤਾ ਪਕਾਕੇ ਬਹੁਤ ਸਾਰੀ ਫੌਜ ਤੇ ਜ਼ਾਲਮ ਜ਼ਾਲਮ ਮਸ਼ਹੂਰ ਫੌਜਦਾਰਾਂ ਨੂੰ ਸਿੰਘਾਂ ਦੇ ਫੜਨ ਲਈ ਰਾਖੀ ਕਰਨ ਦੇ ਬਹਾਨੇ ਭੇਜ ਦਿੱਤਾ। ਭਲਾ ਸਿੰਘ ਛੱਤੀਆਂ ਪੱਤਣਾਂ ਦੇ ਤਾਰੂ, ਉਸਦੇ ਦਾਓ ਹੇਠ ਕਦ ਆਉਂਦੇ ਸਨ? ਸੂਬਾ ਅੱਖੀਆਂ ਟੱਡਕੇ ਵੇਖਦਾ ਹੀ ਰੈਹ ਗਿਆ, ਕੋਈ ਭੀ ਸਿੰਘ ਉਸਦੇ ਪੇਚ ਵਿੱਚ ਨਾ ਆਇਆ। ਸਿਰਫ ਸੌ ਪਚਾਸ ਫਕੀਰ ਉਦਾਸੀ ਨਿਰਮਲੇ ਹੀ ਬੈਠੇ ਰੈਹ ਗਏ, ਬਾਕੀ ਸਬ ਸਿੱਖ ਫੌਜ ਦੀ ਅਵਾਈ ਸੁਣਕੇ ਪੱਤਾ ਤੋੜ ਗਏ, ਸੂਬੇ ਨੇ ਏਹ ਤਾਂ ਨਾ ਸਮਝਿਆ ਕਿ ਮੇਲਾ ਤਾਂ ਮੇਰੇ ਹੀ ਪਾਪ ਨੇ ਨਹੀਂ ਲੱਗਣ ਦਿੱਤਾ, ਸੋਚਟਕੇ ਕਿਉਂ ਮੰਗਾਂ? ਸਗੋਂ ਇਨਸਾਫ ਦੀਆਂ ਅੱਖਾਂ ਮੀਟਕੇ ਭਾਈ ਮਨੀ ਸਿੰਘ ਜੀ ਤੋਂ ਪੰਜ ਹਜਾਰ ਰੁਪਯਾ ਠੇਕੇ ਦਾ ਮੰਗ ਲੀਤਾ। ਭਾਈ ਸਾਹਿਬ ਨੇ ਏਹ ਸੋਚਿਆ ਸੀ ਕਿ ਮੇਲਾ ਲੱਗੂ, ਪੂਜਾ ਬਹੁਤ ਆਊ, ਪੰਜ ਹਜ਼ਾਰ ਹਾਕਮਾਂ ਨੂੰ ਦੇਕੇ ਬਾਕੀ ਗੁਰੂ ਦੇ ਲੰਗਰ ਤੇ ਮੰਦਰ ਉੱਤੇ ਲਾ ਦੇਵਾਂਗੇ, ਸੋ ਮੇਲਾ ਨਾ ਹੋਣੇ ਕਰ ਪੂਜਾ ਕੁਛ ਭੀ ਨਾ ਆਈ, ਠੇਕੇ ਦਾ ਰੁਪਯਾ ਕਿਸਤਰਾਂ ਪੂਰਾ ਹੁੰਦਾ? ਓੜਕ ਨੂੰ ਭਾਈ ਸਾਹਿਬ ਜੀ ਨੂੰ ਫੜਕੇ

Digitized by Panjab Digital Library | www.panjabdigilib.org

ਸੂਬੇ ਲਾਹੌਰ ਦੇ ਸਾਹਮਣੇ ਭੇਜਿਆ ਗਿਆ। ਇਨਾਂ ਨੇ ਆਪਣੇ ਮਜ਼ਬੀ ਕਾਇਦੇ ਮੂਜਬ ਸਲਾਮ ਅਦਾਬ ਦੀ ਜਗਾ "ਵਾਹਿਗੁਰੂ ਜੀਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹ" ਏਹ ਅਵਾਜ਼ ਕੀਤੀ। ਏਹ ਸੁਣਕੇ ਸੂਬੇ ਨੂੰ ਅੱਗ ਭੁੜਕ ਉੱਠੀ, ਮਾਨੋ ਬਾਰੂਦ ਉਪਰ ਚਿੰਗਾੜੀ ਪੈ ਗਈ, ਗੁੱਸੇ ਹੋਕੇ ਬੋਲਯਾ: ਪੰਜ ਹਜ਼ਾਰ ਰੁਪਯਾ ਦਾਖਲ ਕਰ, ਯਾ ਮੁਸਲਮਾਨ ਬਣ, ਨਹੀਂ ਤਾਂ ਕਤਲ ਹੋਣਾ ਪਊ। ਮਨੀ ਸਿੰਘ ਜੀ ਨੇ ਆਖਿਆ: ਜਦ ਤੁਸੀਂ ਲਾਹੌਰੋਂ ਫੌਜ ਭੇਜਕੇ ਮੇਲਾ ਲਗਣੋਂ ਆਪੇ ਹਟਾ ਦਿੱਤਾ, ਹੁਣ ਠੇਕੇ ਦਾ ਰੁਪਯਾ ਕੇਹੜੇ ਨਿਆਉਂ ਨਾਲ ਮੰਗਦੇ ਹੋ ? ਇਹੋ ਜੇਹੇ ਹੋਰ ਭੀ ਕਈ ਸਚੇ ੨ ਉਜਰ ਕੀਤੇ, ਪਰ ਉਸ ਪਾਪੀ ਨੇ ਕੋਈ ਨਾ ਮੰਨਿਆਂ, ਘੜੀ ੨ ਇਹੋ ਆਖੇ: ਠੇਕੇ ਦਾ ਰੁਪਯਾ ਭਰਦੇ ਯਾ ਦੀਨ ਮੰਨ, ਨਹੀਂ ਤਾਂ ਕਤਲ ਹੋ। ਓੜਕ ਜਦ ਭਾਈ ਮਨੀ ਸਿੰਘ ਜੀਨੇ ਮੁਸਲਮਾਨ ਹੋਣਾ ਨਾ ਮੰਨਯਾ ਤਾਂ ਸੂਬੇ ਨੇ ਮੁਫਤੀ (ਕਾਜ਼ੀ) ਨੂੰ ਆਖਿਆ ਏਹੋ ਜੇਹੇ ਸਿਖ ਨੂੰ ਕੇਹੜੀ ਸਜ਼ਾ ਦੇਣੀ ਚਾਹੀਏ ? ਸ਼ਰਾ ਵਿੱਚ ਕੀ ਲਿਖਿਆ ਹੈ ? ਕਾਜ਼ੀ*ਤਾਂ (ਇਕ ਬਾਂਦਰ ਦੂਜੇ ਬਿੱਛੂ ਲੜਯਾ) ਅਗੇ ਹੀ ਸੜਿਆ ਬਲਿਆ ਬੈਠਾ ਸੀ, ਉਸਨੇ ਹੋਰ ਸ਼ਰਾ ਕੀ ਦਸਣੀਸੀ? ਜ਼ੁਬਾਨ ਹੀ ਉਸਦੀ ਲੋਹ ਕਲਮ ਸੀ, ਆਖਣ ਲੱਗਾ: ਏਸਨੇ ਠੇਕੇ ਦਾ ਰੁਪਯਾ ਤਾਰਿਆ ਨਹੀਂ ਤੇ ਹਾਕਮ ਨੂੰ ਸਲਾਮ ਨਹੀਂ ਕੀਤਾ, ਸਗੋਂ ਕੁਫਰ ਦਾ ਕਲਮਾ ਬੋਲਯਾ ਹੈ, ਦੂਸਰੇ ਏਹ ਸਿਖਾਂ ਦਾ ਕਾਜ਼ੀ ਹੈ ਸਿੰਘਾਂ ਨੂੰ ਇਸਲਾਮ ਨਾਲ ਮੁਕਾਬਲਾ ਕਰਨ ਦਾ ਉਪਦੇਸ਼ ਕਰਦਾ ਹੈ, ਏਸ ਕਰਕੇ ਏਸਦਾ ਬੰਦ ਬੰਦ ਕਟਾਕੇ ਮਾਰਣਾ ਸ਼ਰਾ ਦਾ ਹੁਕਮ

*ਮੁਫਤੀ ਸ਼ਰਾ ਦਾ ਫਤੁਵਾ ਦੇਣ ਵਾਲੇ ਕਾਜ਼ੀ ਦਾ ਨਾਮ ਹੈ, ਜੋ ਸਿੱਖਾਂ ਵਿੱਚ ਤਨਖ਼ਾਹ ਤੇ ਹਿੰਦੂਆਂ ਵਿੱਚ ਪ੍ਰਾਸਚਿਤ ਲਾਉਂਦਾ ਹੈ।

Digitized by Panjab Digital Library | www.panjabdigilib.org

ਹੈ। ਸੂਬੇ ਤੋਂ ਏਹੋ ਹੁਕਮ ਸੁਣਕੇ ਭਾਈ ਮਨੀ ਸਿੰਘ ਜੀ ਨੂੰ ਜਲਾਦ ਨਿਖਾਸ *ਚੌਂਕ ਵੱਨੀ ਲੈ ਚਲੇ, ਓਹ ਤਾਂ ਅਜੇ ਦੂਜੇ ਤੀਜੇ ਹੁਕਮ ਦੀ ਉਡੀਕ ਵਿੱਚ ਹੀ ਸਨ, ਤੇ ਲਾਹੌਰੀ ਸਿੱਖ ਝਟਾਝੱਟ ਪੰਜ ਹਜ਼ਾਰ ਰੁਪਯਾ ਕੱਠਾ ਕਰਕੇ ਨਵਾਬ ਪਾਸ ਲੈ ਆਏ। ਭਾਈ ਜੀਨੇ ਆਖਿਆ, ਮੇਰੇ ਵਾਸਤੇ ਤੁਸੀਂ ਰੁਪਯਾ ਨਾ ਦੇਓ, ਹੁਣ ਏਨਾਂ ਦੀ ਨੀਤ ਫਿਟ ਗਈ ਹੈ, ਜੇ ਤੁਸੀ ਹੁਣ ਛੁਡਾ ਲਓਗੇ ਤਾਂ ਫੇਰ ਕੋਈ ਨਾ ਕੋਈ ਬਹਾਨਾ ਬਣਾਕੇ ਮੈਨੂੰ ਮਾਰ ਦੇਣਗੇ, ਏਨਾਂ ਦੇ ਪਾਪ ਦਾ ਬੇੜਾ ਭਰਕੇ ਡੁਬਣਾ ਹੈ, ਜਿਸ ਮੇਰੀ ਦੇਹ ਨੂੰ ਏਹ ਕੱਟਣਾ ਚਾਹੁੰਦੇ ਹਨ, ਮੈਂ ਏਹ ਅੱਗੇ ਹੀ ਬਿਬੇਕ ਦੀ ਕਰਦ ਨਾਲ ਛੇਕ ਛੱਡੀ ਹੈ। ਮੇਰੇ ਪਿਆਰੇ ਭਾਈਓ! ਤੁਸੀਂ ਠੀਕ ਠੀਕ ਜਾਣ ਲਵੋ ਕਿ ਵਰਮੀ ਦੇ ਮਾਰਨ ਨਾਲ ਸੱਪ ਨਹੀਂ ਮਰਦਾ, ਮੰਦਰ ਢਾਹੁਣ ਤੋਂ ਮੰਦਰ ਵਾਲਾ ਨਹੀਂ ਢੈਂਹਦਾ, ਜੋ ਨਾਸ ਹੋਣ ਵਾਲੀ ਚੀਜ ਹੈ ਓਹੋ ਨਾਸ ਹੋਵੇਗੀ, ਤੇ ਜੋ ਅਬਿਨਾਸ਼ੀ ਹੈ ਓਹਦਾ ਕਦੇ ਨਾਸ ਨਹੀਂ ਹੁੰਦਾ, ਮੈਨੂੰ ਕੋਈ ਮਾਰ ਨਹੀਂ ਸਕਦਾ, ਮੈਂ ਸਤਚਿਤ ਆਨੰਦ ਰੂਪ, ਅਜਰ, ਅਮਰ ਆਤਮਾ ਪਰਮਾਤਮਾ ਰੂਪ ਹਾਂ, ਦੇਹ ਨਾਲ ਮੇਰਾ ਕੋਈ ਸੰਬੰਧ ਨਹੀਂ, ਏਹ ਕੱਟਣਗੇ, ਮੈਂ ਸਾਖੀ ਹੋਕੇ ਦੇਖਾਂਗਾ, ਫੇਰ (ਸੁਖ ਦੁਖ ਦੋਨੋ ਸਮ ਕਰ ਜਾਨੈ ਅਉਰ ਮਾਨ ਅਪਮਾਨਾ। ਜਨ ਨਾਨਕ ਇਹੁ ਖੇਲ ਕਠਿਨ ਹੈ ਕਿਨਹੂ ਗੁਰਮੁਖਿ ਜਾਨਾ)ਪੁਨਾਃ (ਇਤ ਮਾਰਗ ਪੈਰ ਧਰੀਜੈ ਸਿਰਦੀਜੈ ਕਾਣ ਨ ਕੀਜੈ)ਏਹ ਬਚਨ ਭੀ ਗੁਰੂ ਜੀ ਦੇ ਕਿਸੇ ਨੇ

*ਨਿਖਾਸ ਚੌਂਕ ਕਿਲੇ ਲਾਹੌਰ ਦਾ ਦਰਵਾਜਾ ਜੇਹੜਾ ਸ਼ੈਹਰ ਵਲ ਸੀ, ਓਸਦੇ ਅਗਲੇ ਚੌਂਕ ਦਾ ਨਾਮ ਹੈ, ਹੁਣ ਓਥੇ ਪੁਰਾਣੀ ਮਸੀਤ ਤੇ ਭਾਈ ਮਨੀ ਸਿੰਘ ਜੀ ਦਾ ਸ਼ਹੀਦ ਗੰਜ ਹੈ ॥

Digitized by Panjab Digital Library | www.panjabdigilib.org

ਕਮਾਉਣੇ ਹਨ, ਜੇ ਅਸੀਂ ਤੁਸੀਂ ਹੀ ਨਾ ਕਮਾਵਾਂਗੇ ਤਾਂ ਹੋਰ ਕੌਣ ਮੰਨੇਗਾ ?

ਭਾਈ ਮਨੀ ਸਿੰਘ ਜੀ ਦੇ ਏਸ ਹੌਸਲੇ ਤੇ ਰਸ ਦੇ ਭਰੇ ਹੋਏ ਬਚਨ ਸੁਣਕੇ ਤੇ ਧੀਰ ਧੁਰੰਤਰ ਵੇਖਕੇ ਸਬ ਲੋਕ ਅਸਚਰਜ ਹੋ ਰਹੇ ਸਨ । ਸਿੱਖਾਂ ਨੇ ਰੁਪਯਾ ਦੇਕਰ ਛੁਡਾ ਲੈਣ ਨੂੰ ਬਹੁਤ ਜ਼ੋਰ ਲਾਇਆ, ਪਰ ਭਾਈ ਸਾਹਿਬ ਨੇ ਏਹੋ ਸੁਣਾਇਆ, ਜਦ ਏਸ ਚੋਲੇ ਨੇ ਦਸ ਦਿਨ ਅੱਗੇ ਪਿੱਛੇ ਰਹਣਾ ਨਹੀਂ ਤਾਂ ਹੁਣੇ ਹੀ ਚਮਾਰਾਂ ਦੇ ਮੱਥੇ ਚੱਮ ਕਿਉਂ ਨਾ ਮਾਰੀਏ, ਜਦ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭੀ ਬੜੇ ੨ ਕਸ਼ਟ ਸਹਾਰਕੇ ਧਰਮ ਵਾਸਤੇ ਆਪਣਾ ਸਿਰ ਦਿੱਤਾ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਭੀ ਆਪਣਾ ਸਰਬੰਸ ਤੇ ਪਰਮ ਪਿਆਰੇ ਪੁਤ੍ਰਾਂ ਸਮੇਤ ਧਰਮ ਉੱਤੋਂ ਕੁਰਬਾਨ ਕਰ ਚੁਕੇ ਹਨ, ਤਾਂ ਮੇਰੇ ਜੈਸੇ ਤੁਛ ਪੁਰਖਾਂ ਦੀ ਕੀ ਗਿਣਤੀ ਹੈ ਜੋ ਬਰਾਉਂਦੇ ਹੋ? ਸਗੋਂ ਤੁਸੀਂ ਅਸੀਸ ਤੇ ਹੌਸਲਾ ਦਿਓ ਕਿ ਮੇਰਾ ਮਨ ਕਾਇਮ ਰਹੇ, ਦੇਹ ਪੀੜਾ ਮੈਨੂੰ ਨਾ ਬਯਾਪੇ, ਅਤੇ ਤੁਸੀਂ ਭੀ ਏਸ ਦੇਹ ਤੋਂ ਨਜਾਰੇ ਸਤਚਿਤ ਆਨੰਦ ਰੂਪ ਆਪ ਨੂੰ ਸਮਝਕੇ ਦੇਹ ਦੀ ਮਮਤਾ ਛੱਡ ਰੱਖੋ, ਏਹ ਦੇਹ ਅਧਯਾਸ ਹੀ ਸਰਬ ਦੁਖ ਤੇ ਜਨਮ ਮਰਣ ਦਾ ਕਾਰਣ ਹੈ । ਭਾਈ ਜੀ ਦੇ ਏਸ ਸੱਚੇ ਉਪਦੇਸ਼ ਨੂੰ ਸੁਣਕੇ ਤਾਂਵੇ ਨਿਡਰ ਸੁਭਾਵ ਨੂੰ ਦੇਖਕੇ ਹਿੰਦੂ ਮੁਸਲਮਾਨ ਸਬ ਵਾਹ ੨ ਕੈਹ ਰਹੇ ਸਨ, ਏਤਨੇ ਨੂੰ ਜਲਾਦਾਂ ਪਾਸ ਤੀਜਾ ਹੁਕਮ ਆ ਪਹੁੰਚਿਆ, ਭਾਈ ਮਨੀ ਸਿੰਘ ਜੀ ਵੱਡੀ ਖੁਸ਼ੀ ਨਾਲ ਲੋਗਾਂ ਨੂੰ ਫਤੇ ਬੁਲਾਕੇ ਆਪ ਹੀ ਜਲਾਦਾਂ ਦੇ ਅੱਡੇ ਉਤੇ ਹੋ ਬੈਠੇ । ਜਦ ਜਲਾਦਾਂ ਨੇ ਚਾਹ ਟੁਕੜੇ ਕਰਨੇ ਚਾਹੇ ਤਾਂ ਭਾਈ ਸਾਹਿਬਜੀਨੇ ਆਖਯਾ—

Digitized by Panjab Digital Library | www.panjabdigilib.org

ਤੁਹਾਨੂੰ ਹੁਕਮ ਹੈ ਕਿ ਬੰਦ ਬੰਦ ਕੱਟੋ, ਸੋ ਅੰਗੁਲੀਆਂ ਦੇ ਸਭ ਜੋੜ ਪਹਿਲੇ ਕੱਟੇ, ਫੇਰ ਪਹੁੰਚਾ, ਕੂਹਣੀ, ਮੋਢਾ ਵੱਢੋ, ਏਸੇ ਤਰਾਂ ਦੂਜੀ ਬਾਂਹ ਤੇ ਦੋਵੇਂ ਲੱਤਾਂ ਕੱਟੋ। ਭਾਈ ਸਾਹਿਬ ਨੇ ਆਪਣੇ ਅੰਗਾਂ ਨੂੰ ਬੜੀ ਧੀਰਜਤਾ ਨਾਲ ਜਾਣੋ ਕਿਸੇ ਲਕੜੀ ਦੇ ਮੋਛੇ ਪਵਾਉਂਦੇ ਹਨ, ਇਸ ਤਰਾਂ ਬੇਧੜਕ ਬੈਠਕੇ ਕਟਾਉਂਦੇ ਰਹੇ ਤੇ ਦੇਹ ਨੂੰ ਪੰਜ ਭੂਤਾਂ ਦੀ ਬਿਗਾਨੀ ਸਮਝਕੇ ਆਪ ਸਾਖੀ ਹੋਕੇ ਦੇਖਦੇ ਰਹੇ ਤੇ ਸੁਖਮਨੀ ਵਿੱਚੋਂ ਬ੍ਰਹਮ ਗਿਆਨੀ ਦੀ ਅਸ਼ਟਪਦੀ ਦਾ ਪਾਠ ਕਰਦੇ ਰਹੇ। ਜਲਾਦਾਂ ਨੇ ਭੀ ਭਾਈ ਜੀ ਦਾ ਬਚਨ ਮੰਨਕੇ ਪੁਰਜਾ ੨ ਕਟਿਆ ਤਾਂ ਸਹੀ, ਪਰ ਸਿਦਕ ਧੀਰਜ ਨੂੰ ਦੇਖਕੇ ਚਕ੍ਰਿਤ ਹੋ ਗਏ; ਹੋਰ ਲੋਗ ਜੋ ਇਕੱਠੇ ਹੋ ਰਹੇ ਸਨ, ਦੇਖ ਦੇਖ ਕੇ ਹੱਕੇ ਬੱਕੇ ਹੋ ਗਏ। ਕੋਈ ਵਾਹ ੨ ਕੋਈ ਧੰਨ ੨ ਕੋਈ ਹਾਇ ੨ ਤੋਬਾ ੨ ਦੀ ਆਵਾਜ ਕਰ ਰਿਹਾ ਸੀ, ਅਨੇਕ ਕੋਮਲ ਚਿਤ ਗਸ਼ੀ ਖਾਕੇ ਗਿਰ ਗਏ, ਕਈਆਂ ਨੇ ਅੱਖੀਆਂ ਮੀਚ ਲਈਆਂ, ਕਈ ਝੁਣਝੁਣੀਆਂ ਖਾਕੇ ਨੱਠ ਗਏ, ਐਸਾ ਕੋਈ ਹਿੰਦੂ ਮੁਸਲਮਾਨ ਨਹੀਂ ਸੀ ਜੋ ਭੁੱਬਾਂ ਮਾਰਕੇ ਨਹੀਂ ਰੋਇਆ। ਭਾਵੇਂ ਜਲਾਦਾਂ ਨੇ ਕਿਤਨੀ ਬੇਰੈਹਮੀ ਕੀਤੀ, ਪਰ ਭਾਈ ਸਾਹਿਬ ਦੇ ਮੱਥੇ ਪਰ ਤਿਊੜੀ ਤ੍ਰੂਲੀ ਤਕ ਨਾ ਆਈ, ਤੇ ਨਾ ਮੂੰਹੋਂ ਸੀ ਉਚਾਰਿਆ, ਮੂੰਹ ਦੀ ਲਾਲੀ ਤੇ ਖੁਸ਼ੀ ਦੀ ਆਵਾਜ਼ ਬਰਾਬਰ ਕਾਇਮ ਰਹੀ। ਓੜਕ ਜਦ ਜਲਾਦ ਨੇ ਸਿੰਘ ਜੀ ਦੇ ਸਿਰ ਨੂੰ ਤੇਗ ਉਠਾਈ ਤਾਂ ਬੋਲ ਵਾਹਿਗੁਰੂ ਜੀ ਕੀ ਫਤਹ ਇਹ ਅਵਾਜ਼ ਆਈ, ਜਾਣੋ ਸਿਰ ਅਗੇ ਹੀ ਲੱਥਾ ਪਿਆ ਸੀ॥

ਇਸ ਕਥਾ ਨੂੰ ਲਿਖਦੀ ਹੋਈ ਮੇਰੀ ਕਲਮ ਤੇ ਛਾਤੀ ਇਸ ਵਾਸਤੇ ਅਧਕ ਤੜਫਦੀ ਹੈ ਕਿ ਏਹ ਮੇਰੇ ਬਾਪ ਦਾ

ਦਾਦਾ ਸੀ, ਤੇ ਹੋਰ ਭੀ ਐਸਾ ਸਿੰਘ ਯਾ ਕੋਈ ਹੋਰ ਪੱਥਰ ਦਿਲ ਨਹੀਂ ਹੋਵੇਗਾ ਜੋ ਏਸ ਸਿੰਘ ਦੇ ਬ੍ਰਿਤਾਂਤ ਨੂੰ ਪੜ੍ਹ ਸੁਣਕੇ ਕੰਬ ਨਾਂ ਉਠੇਗਾ ਤੇ ਨੇਤ੍ਰਾਂ ਵਿਚੋਂ ਜਲ ਨਾ ਵਹਾਏਗਾ ॥

ਜਦ ਭਾਈ ਮਨੀ ਸਿੰਘ ਜੀ ਅਲੌਕਿਕ ਬ੍ਰਹਮ ਗਿਆਨੀ ਮੱਘਰ ਸੁਦੀ ਪੰਚਮੀ ਸੰ:੧੭੯੫ ਬਿ: ਨੂੰ ਸਚੇਸ਼ਹੀਦ,ਸਚਖੰਡ ਵਿੱਚ ਜਾ ਵਸੇ ਤਾਂ ਉਨਾਂ ਦੇ ਭਤੀਜੇ ਬਰਾਜਸਿੰਘ ਨੇ ਲਾਹੌਰ ਦੀ ਸੰਗਤ ਸਮੇਤ ਦਿੱਲੀ ਦਰਵਾਜੇ ਤੋਂ ਬਾਹਰ ਜਿੱਥੇ ਹੁਣ ਉਨਾਂ ਦੀ ਸਮਾਧ ਹੈ, ਦਾਹ ਕਰਕੇ ਦੁਸ਼ਮਣਾਂ ਨੂੰ ਸੋਧਣ ਦੀ ਥਾਪ ਲਈ ॥

ਜਦ ਸਿੰਘਾਂ ਦੇ ਦਲਾਂ ਨੇ ਭਾਈ ਮਨੀ ਸਿੰਘ ਜੀ ਦਾ ਹਾਲ ਸੁਣਿਆਂ ਤਾਂ ਅੱਖੀਆਂ ਵਿੱਚੋਂ ਲਹੂ ਟਪਕ ਪਿਆ, ਕਿਉਂਕਿ ਸਾਰਾ ਪੰਥ ਖਾਲਸਾ ਭਾਈ ਸਾਹਿਬ ਜੀ ਦਾ ਬੜਾ ਸਤਕਾਰ ਕਰਦਾ ਸੀ, ਉਹ ਭੀ ਸਿੰਘਾਂ ਨੂੰ ਕਥਾ ਵਾਰਤਾ ਧਰਮ ਦਾ ਉਪਦੇਸ਼ ਨਵੀਆਂ ੨ ਸਾਖੀਆਂ ਜੋ ਉਨਾਂ ਦੀ ਰਚਤ ਪੋਥੀ ਵਿਚ ਭਰੀਆਂ ਹੋਈਆਂ ਹਨ, ਸੁਣਾ ਕਰ ਪ੍ਰਸੰਨ ਰਖਦੇ ਸੇ ।

## ਖਾਲਸੇ ਦਾ ਸੋਧ ਕਰਨ ਲਈ ਤਿਆਰ ਹੋਣਾ

ਭਲਾ ਐਡੇ ਵੱਡੇ ਜ਼ੁਲਮ ਨੂੰ ਸੁਣਕੇ ਸਿੰਘ ਕਦ ਚੁਪ ਕੀਤੇ ਬੈਠਦੇ ਸਨ ? ਉਸੇ ਵਕਤ ਹੱਲਾ ਕਰਕੇ ਪੈਹਲੇ ਤਾਂ ਅਬਦੁਲ ਰਜ਼ਾਕ ਕਾਜ਼ੀ ਦਾ ਕਜੀਆ ਮੁਕਾਯਾ, ਏਸੇ ਨੇ ਭਾਈ ਮਨੀ ਸਿੰਘ ਜੀ ਨੂੰ ਪਕੜਾਕੇ ਲਾਹੌਰ ਪਹੁੰਚਾਯਾ ਸੀ, ਸੋ ਏਸਦਾ ਕਾਲ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਦੇ ਹੱਥੋਂ ਹੋਇਆ, ਫੇਰ ਪੰਥ ਨੇ ਅਲੀਗੜ੍ਹ ਪਹੁੰਚਕੇ ਉਸਦੇ ਕੁਟੰਬ ਦਾ ਕਲੀਆ ਕਰ ਅਲੀਗੜ੍ਹ ਤੋਂ ਮੁੜ ਅਕਾਲਗੜ੍ਹ

ਬਣਾਇਆ, ਫੇਰ ਓਸ ਮੁਫ਼ਤੀ ਨੂੰ ਜਿਸਨੇ ਫਤੂਵਾ ਦਿੱਤਾ ਸੀ, ਮੁਜ਼ੰਗ ਪਿੰਡ ਵਿਚ ਘੇਰਕੇ ਬਰਾਜ ਸਿੰਘ ਨੇ ਜਰਜਰੀ ਕਰਕੇ ਦੰਡ ਦਿੱਤਾ, ਬਾਕੀ ਦੇ ਸਿੰਘਾਂ ਨੇ ਓਸਦੇ ਕੁਟੰਬ ਨੂੰ ਸੋਧਿਆ, ਇਸ ਵਕਤ ਜੋ ਜੋ ਜ਼ਾਲਮ ਮੁਸਲਮਾਨ ਸਿੰਘਾਂ ਦੇ ਅੜਿੱਕੇ ਆਇਆ ਸੋ ਤੇਗ ਦੀ ਭੇਟਾ ਚੜ੍ਹਾਯਾ।

## ਸਿੰਘਾਂ ਦੇ ਬਦਲੇ ਇਨਾਮ

ਜਦ ਇਸ ਪ੍ਰਕਾਰ ਬਹੁਤ ਰੌਲਾ ਪੈ ਗਿਆ ਤਾਂ ਸੂਬੇ ਨੇ ਸਾਰੇ ਦੇਸ ਦੇ ਚੌਧਰੀ, ਪੈਂਚ ਤੱਲਕੇਦਾਰ ਬੁਲਾਕੇ ਓਨਾਂ ਤੋਂ ਇਹ ਲਿਖਤ ਕਰਾ ਲਈ ਕਿ ਜਿਸਦੇ ਪਿੰਡ ਵਿਚ ਯਾ ਪਿੰਡਦੀ ਜੂਹ ਵਿਚ ਸਿੰਘ ਸਹੀ ਹੋ ਜਾਵੇਗਾ, ਓਸ ਨੰਬਰਦਾਰ ਤੋਂ ਸੌ ਰੁਪਯਾ ਚੱਟੀ ਲੈਕੇ ਨੰਬਰਦਾਰੀ ਤੋਂ ਖਾਰਜ ਕੀਤਾ ਜਾਊ, ਤੇ ਜੋ ਕੋਈ ਸਿੰਘਾਂ ਨੂੰ ਫੜਾਵੇਗਾ ਓਸਨੂੰ ਇੱਜ਼ਤ ਤੇ ਇਨਾਮ ਮਿਲੇਗਾ। ਏਹ ਸੁਣਕੇ ਸਾਰਾ ਦੇਸ ਹੀ ਸਿੰਘਾਂ ਦਾ ਵੈਰੀ ਬਣ ਗਿਆ, ਸਿੰਘ ਭੀ ਸਮਾਂ ਵਿਚਾਰ ਮਾਲਵੇ ਦੇਸ ਵਲ ਸਰਕ ਗਏ।

## ਚਰਖੀ ਦਾਦਰੀ ਲੁਟਣੀ

ਏਸੇ ਸਮੇਂ ਰਾਜੇ ਆਲਾ ਸਿੰਘ ਦੇ ਬੇਟੇ ਲਾਲ ਸਿੰਘ ਨੇ ਆਪਣੇ ਬਾਪ ਤੋਂ ਕੁਛ ਜਾਗੀਰ ਮੰਗੀ ਤਾਂ ਆਲਾ ਸਿੰਘ ਨੇ ਆਖਿਆ ਮੈਨੂੰ ਕਿਸੇ ਨੇ ਦਿੱਤੀ ਨਹੀਂ, ਮੈਂ ਕਿਸੇ ਨੂੰ ਦੇਣੀ ਨਹੀਂ, ਜਿਸ ਤਰਾਂ ਮੈਂ ਹਿੰਮਤ ਕੀਤੀ ਹੈ ਤੂੰ ਭੀ ਉੱਦਮ ਕਰ ਲੈ, ਕੌਰ ਲਾਲ ਸਿੰਘ ਮਝੈਲਾਂ ਨੂੰ ਨਾਲ ਲੈਕੇ ਚਰਖੀ ਦੇ ਮੁਲਕ ਵਿਚ ਜਾ ਵੜਿਆ। ਦਾਦਰੀਦਾ ਹਾਕਮ ਇਸਮਾਈਲ ਖਾਂ ਜੋ ਨਵਾਬ ਝੱਜਰ ਦੇ ਮਾਤੈਹਤ ਸੀ, ਦੇਸੀ ਲੋਗਾਂ ਨੂੰ ਕੱਠੇ

Digitized by Panjab Digital Library | www.panjabdigilib.org

ਕਰ ਸਿੰਘਾਂ ਨਾਲ ਟੱਕਰ ਤਾਂ ਪਿਆ, ਪਰ ਪਿੱਛਾ ਛੁਡਾਉਣੋਂ ਔਖਾ ਹੋਇਆ,ਹਾਰਕੇ ਚਾਰ ਘੋੜੇ ਪੰਜ ਹਜ਼ਾਰ ਨਕਦ ਨਵਾਬ ਕਪੂਰ ਸਿੰਘ ਨੂੰ ਨਜ਼ਰ ਦੇਕੇ ਪਿੱਛਾ ਛੁਡਾਇਆ।

ਰਿਆਸਤ ਦੁਜਾਨੇ ਦਾ ਨਵਾਬ ਅਬਦੁਲ ਸਮੁੰਦ ਖਾਂ, ਪਟੌਦੀ ਦਾ ਨਵਾਬ ਫੈਜ਼ਤਲਬ ਖਾਂ, ਬਹਾਦਰ ਗੜ੍ਹੀਆ ਸ਼ਮਸ਼ੇਰ ਖਾਂ ਝਾਂਰਮਦੇ ਰਜਪੂਤ ਆਦਿਕ ਬਹੁਤ ਲੋਗ ਲੜੇ, ਪਰ ਅੰਤ ਨੂੰ ਹਾਰੇ। ਜਦ ਪੰਜ ਚਾਰ ਜਗਾਂ ਸਿੰਘਾਂ ਨੇ ਫਤੇ ਪਾ ਲਈ ਤਾਂ ਫੇਰ ਕਿਸੇ ਨੇ ਹੱਥ ਨਾ ਉਠਾਇਆ, ਗੋਹਾਨਾ ਰੁਹਤਕ, ਜਰੌਦਾ, ਕਾਦਮਾਂ ਆਦਿਕ ਕਸਬੇ ਫੀਰੋਜ਼ਸ਼ਾਹੀ ਨੈਹਰ ਦੇ ਕਿਨਾਰੇ (ਜੋ ਸੰ: ੧੮੨੫ ਈ: ਵਿਚ ਸਾਫ ਕਰਾਕੇ ਸਰਕਾਰ ਨੇ ਦੇਸ ਵਿੱਚ ਫੇਰੀ ਹੈ) ਵਡੇ ਵਡੇ ਧਨੀ ਥੇ, ਸੋ ਸਿੰਘਾਂ ਨੇ ਭਲੀ ਭਾਂਤ ਸੋਧਿਆ। ਜਾਰਜ ਗੜ੍ਹ ਵਾਲੇ ਜਾਰਜ ਟਾਂਮਸਨ ਸਾਹਿਬ ਫਰਾਂਸੀਸ ਫਰੰਗੀਨੇ(ਜੋ ਸੇਂਧੀਆਂ ਦੀ ਤਰਫੋਂ ਏਸ ਮੁਲਕ ਦਾ ਹਾਕਮ ਸੀ) ਲੜਾਈ ਕੀਤੀ, ਸਿੰਘ ਜੰਮਕੇ ਨਾ ਲੜੇ, ਦਾਓ ਘਾਓ ਕਰਕੇ ਅੱਗੇ ਨਿਕਲ ਗਏ, ਮਹੇਲੀ, ਅਲੀਪੁਰ, ਬਲਮਗੜ੍ਹ, ਕੋਟਲਾ, ਫੀਰੋਜ਼ ਸ਼ਾਹ ਵਾਲਾ, ਫਰੀਦਾ ਬਾਦ, ਗਾਜ਼ੀਪੁਰ, ਸੋਹਣਾ, ਨੋਹ, ਟਾਵਰਾ, ਕੁੜਗਾਵਾਂ, ਬਾਦਸ਼ਾਹ ਪੁਰ, ਪਾਲੀ ਪੋਨਾਨਾ ਪਲੋਲ, ਪਟਗਾਦ ਆਦਿਕ ਬਹੁਤ ਪਿੰਡ ਤੇ ਕਸਬੇ ਸੋਧੇ, ਜਿਸ ਨੇ ਕੁਛ ਅੱਗੇ ਆ ਧਰਿਆ ਸੋਈ ਬਚਿਆ ਤੇ ਜੇਹੜਾ ਅੜਿਆ ਓਸੇ ਨੂੰ ਭੰਨ ਤੋੜਕੇ ਸਾਫ ਕਰ ਛਡਿਆ, ਮਥੁਰਾ, ਖੁਰਜਾ, ਫਰੁਖਾਬਾਦ ਤਕ ਸਿੰਘਾਂ ਦੇ ਜੱਥੇ ਫਿਰ ਨਿਕਲੇ। ਜਦ ਕਿਸੇ ਨਾਲ ਮੁਕਾਬਲਾ ਪੈਂਦਾ ਤਾਂ ਪਚਾਸ ੨ ਕੋਸ ਤੋਂ ਰਾਤੋਰਾਤ ਆਕੇ ਕੱਠੇ ਹੋਕਰ ਫਤੇ ਕਰਦੇ ਰਹੇ, ਓੜਕ

ਏਸੇ ਸਾਲ ਆਉਂਦੇ ਹੋਏ ਮੂਣਕ ਦਾ ਪਰਗਣਾ ਭੀ ਕੌਰ ਲਾਲ ਸਿੰਘ ਨੂੰ ਫਤੇ ਕਰਾ ਆਏ, ਜੋ ਹੁਣ ਤਕ ਰਿਆਸਤ ਪਟਿਆਲੇ ਦੇ ਕਬਜੇ ਵਿਚ ਹੈ।

## ਮੁਲਕ ਦੀ ਬੇਚੈਨੀ

ਜਦਪਿ ਮੁਸਲਮਾਨਾਂ ਦੇ ਰਾਜ ਵਿਚ ਕਦੇ ਭੀ ਅਮਨ ਨਹੀਂ ਹੋਇਆ ਸੀ, ਪਰ ਔਰੰਗਜ਼ੇਬ ਦੇ ਮਰੇ ਤੋਂ ਪਿੱਛੇ ਤਾਂ ਦਿਨ ਬਦਿਨ ਹੁਲੜ ਹੀ ਮਚ ਗਿਆ, ਮਹੰਮਦ ਸ਼ਾਹ ਦੇ ਸਮੇਂ ਕਿਧਰੋਂ ਮਰਹਟੇ ਦੇਸ ਨੂੰ ਦੱਬੀ ਜਾਂਦੇ ਸਨ, ਕਿਧਰੇ ਡਰ ਲੋਗ ਮੁਸਲਿਆਂ ਦੀ ਕੱਚ ਬੱਚ ਕੱਟ ਰਹੇ ਸਨ; ਕਿਤੇ, ਭੀਲ, ਕਿਤੇ ਪੰਡਾਰੇ, ਕਿਤੇ ਫਰਾਂਸੀਸ ਕਿਤੇ ਸਿਖ, ਪਰ ਸਭ ਤੋਂ ਵਧੀਕੀ ਵਿਚ ਅੰਗ੍ਰੇਜ਼ ਸਨ, ਕੋਈ ਕਿਸੇ ਨੂੰ ਨਹੀਂ ਪੁਛਦਾ ਸੀ, ਕਿ ਤੁਹਾਡੇ ਮੂੰਹ ਵਿਚ ਕਿਤਨੇ ਦੰਦ ਹਨ, ਏਹ ਕਹਾਵਤ ਵਾਂਗੂ (ਅੰਨੀ ਨੂੰ ਬੋਲਾ ਘਾੜੀਸੇ। ਨਾ ਓਹਨੂੰ ਸੁਣੀਏ ਨਾ ਓਹਨੂੰ ਦੀਸੇ) ਅੰਧਾ ਧੁੰਦ ਮਚ ਰਹੀ ਸੀ।

## ਬੋਤਾ ਸਿੰਘ ਦਾ ਪ੍ਰਸੰਗ

1796 − 57 = 1739

ਜਦ ਸੰ: ੧੭੯੬ ਬਿ: ਵਿਚ ਸਭ ਸਿੰਘ ਪੰਜਾਬ ਛੱਡ ਕੇ ਮਾਲਵੇ ਤੇ ਹਾਂਸੀ ਹਸਾਰ ਵਲ ਦੌੜ ਧੁਪ ਕਰ ਰਹੇ ਸਨ, ਇਕ ਬੋਤਾ ਸਿੰਘ ਸੰਧੂ ਜੱਟ ਭੜਾਣੇ ਦਾ ਤੇ ਇਕ ਮਜ਼੍ਹਬੀ ਗਰਜਾ ਸਿੰਘ, ਅੰਮ੍ਰਿਤਸਰ ਇਸ਼ਨਾਨ ਰਾਤ ਬਿਰਾਤੇ ਕਰਕੇ ਤਰਨ ਤਾਰਨ ਦੇ ਇਰਦ ਗਿਰਦ ਛਿੱਛਿਆਂ ਵਿਚ ਲੁਕੇ ਰੈਂਹਦੇ ਤੇ ਗਾਜਰ, ਮੂਲੀ, ਸਾਗ, ਪਾਤ ਖਾ ਕੇ ਦਿਨ ਗੁਜ਼ਾਰਦੇ ਸੇ। ਇਕ ਦਿਨ ਦੋ ਜੱਟਾਂ ਨੇ ਏਨਾਂ ਨੂੰ ਵੇਖਿਆ ਤਾਂ ਇੱਕ ਨੇ

Digitized by Panjab Digital Library | www.panjabdigilib.org

ਆਖਿਆ ਇਹ ਸਿੰਘ ਲੁਕੇ ਹੋਏ ਹਨ, ਦੂਜੇ ਨੇ ਬੋਲੀ ਮਾਰੀ ਇਹ ਸਿੰਘ ਨਹੀਂ ਗਿੱਦੜ ਹਨ, ਜੇ ਸਿੰਘ ਹੋਣ ਤਾਂ ਲੁਕਦੇ ਕਿਉਂ ਫਿਰਨ ? ਏਹ ਬੋਲੀ ਸਿੰਘਾਂ ਨੂੰ ਖਾ ਗਈ, ਓਸੇ ਦਿਨ ਨੂਰਦੀਨ ਦੀ ਸਰਾਇ ਦੇ ਨੇੜੇ, ਦਿੱਲੀ ਲਾਹੌਰ ਦੀ ਸੜਕ ਉੱਤੇ ਸੋਟੇ ਫੜਕੇ ਤਿਆਰ ਹੋ ਬੈਠੇ, ਇੱਕ ਆਨਾਂ ਗੱਡਾ, ਪੈਸਾ ਖੋਤਾ, ਜਗਾਤ ਲਏ ਬਿਨਾ ਕਿਸੇ ਨੂੰ ਲੰਘਣ ਨਾ ਦੇਣ, ਜੇ ਕੋਈ ਨਾਹ ਨੁਕਰ ਕਰੇ ਤਾਂ ਭੁੰਗ ਘੋਟਣੇ ਡੰਡਿਆਂ ਨਾਲ ਸਿੱਧਾ ਕਰ ਲੈਣ, ਏਸੇ ਤਰਾਂ ਅਨੇਕ ਠੁੱਲਕੇਦਾਰ ਅਹਿਲਕਾਰ ਸ਼ਾਹੀ ਭੀ ਲੰਘੇ, ਪਰ ਕਿਸੇਨੇ ਏਹ ਨਾ ਪੁਛਿਆ ਕਿ ਤੁਸੀਂ ਏਥੇ ਕਿਸਦੇ ਹੁਕਮ ਨਾਲ ਜਗਾਤ ਲੈਂਦੇ ਹੋ ॥

ਓੜਕ ਬੋਤਾ ਸਿੰਘ ਨੇ ਖਾਨ ਬਹਾਦਰ ਸੂਬੇ ਨੂੰ ਚਿੱਠੀ ਲਿਖੀ (ਚਿੱਠੀ ਸੁਨਹੇ ਖਾਨੂੰ ਕੋਤਾ—ਆਨਾ ਗੱਡਾ ਪੈਸਾ ਖੋਤਾ। ਏਹੁ ਜਗਾਤ ਲੇਤ ਸਿੰਘ ਬੋਤਾ। ਹੱਥ ਮੈਂ ਰਾਖਤ ਸੋਟਾ ਮੋਟਾ। ਤੇਰਾ ਅਕਬਤ ਕਰ ਹੈ ਖੋਟਾ। ਮੇਰਾ ਕਹੀਂ ਸਨੇਹਾ ਜਾਇ ਭਾਬੀ ਖਾਨੋ ਨੂੰ ਸਮਝਾਇ। ਤੇਰਾ ਯਾਰ ਸਿੰਘ ਜੋ ਬੋਤਾ। ਤੈਨੂੰ ਰਿਹਾ ਉਡੀਕ ਖੜੋਤਾ। ਆਇ ਸਰਾਂਇ ਨੂਰਦੀਂ ਪਾਸ। ਤੂੰ ਜੋਤਾ ਲਗਵਾ ਲੈ ਖਾਸ) ਏਸ ਚਿੱਠੀ ਨੂੰ ਪੜ੍ਹਦੇ ਸਾਰ ਸੂਬੇ ਨੂੰ ਤਾਂ ਅੱਗ ਲੱਗ ਉੱਠੀ, ਭੱਠੀ ਵਾਂਗ ਤਪ ਗਿਆ, ਜਲਾਲ ਦੀਨ ਫੌਜਦਾਰ ਨੂੰ ੧੦੦ ਸੌ ਅਸਵਾਰ ਦੇਕੇ ਹੁਕਮ ਦਿੱਤਾ ਕਿ ਬੋਤਾ ਸਿੰਘ ਨੂੰ ਫੜਕੇ ਮੇਰੇ ਪਾਸ ਲਿਆਓ, ਮਾਰਣਾ ਨਹੀਂ, ਜਦ ਸਿੰਘਾਂ ਨੇ ਫੌਜ ਆਉਂਦੀ ਦੇਖੀ ਤਾਂ ਖੁਸ਼ੀ ਦੀ ਲਾਲੀ ਚੜ੍ਹ ਗਈ ਤੇ ਮਨ ਵਿਚ ਧਾਰ ਲਿਆ ਕਿ ਹੁਣ ਸ਼ਹੀਦ ਹੋਕੇ ਸੱਚਖੰਡ ਨੂੰ ਜਾਵਾਂਗੇ ਤਲਵਾਰਾਂ ਰੇਤੇ ਉੱਤੇ ਘਸਾ ਕੇ ਇੱਕ ਇੱਕ ੨ ਹੱਥ ਵਿੱਚ ਸੋਟਾ ਦੂਜੇ ਵਿੱਚ ਤਲਵਾਰਾਂ ਲੈ

Digitized by Panjab Digital Library | www.panjabdigilib.org

ਲਈਆਂ । ਏਤਨੇ ਨੂੰ ਫੌਜ ਨੇ ਆ ਘੇਰਿਆ । ਜਲਾਲ ਦੀਨ ਨੇ ਆਖਯਾ, ਮੇਰੇ ਨਾਲ ਲਾਹੌਰ ਚੱਲੋ, ਤੁਹਾਨੂੰ ਬਚਾ ਲਵਾਂਗਾ, ਸਿੰਘ ਬੋਲਯਾ,ਮੈਂ ਬਚਨ ਲਈ ਸਾਹਮਣੇ ਨਹੀਂ ਹੋਯਾ । ਤੁਹਾਡੇ ਵਿੱਚ ਜੋ ਬੜੇ ਤਲਵਾਰ ਦੇ ਲੜਾਕੇ ਹਨ ਉਨ੍ਹਾਂ ਵਿੱਚੋਂ ਚਾਰ ਮੇਰੇ ਸਾਹਮਣੇ ਕਰੋ । ਫੌਜਦਾਰ ਨੇ ਚਾਰ ਬਹਾਦਰ ਸਾਹਮਣੇ ਕੀਤੇ, ਪਰ ਓਹ ਤਾਂ ਸਿੰਘਾਂ ਦਾ ਇੱਕ ਵਾਰ ਭੀ ਨਾਂ ਝੱਲ ਸੱਕੇ ਫੌਰਨ ਹੀ ਜ਼ਿਮੀਨ ਪਰ ਸੌਂ ਗਏ । ਤਾਂ ਪੰਜ ਛੇ ਸਿਪਾਹੀ ਹੋਰ ਆਏ,ਸਿੰਘਾਂਨੇਓਹ ਭੀ ਲਿਟਾ ਦਿੱਤੇ,ਫੇਰ ਤੁਰਕਾਨੀ ਫੌਜ ਇੱਕੋ ਵਾਰੀ ਆ ਪਈ, ਸਿੰਘਾਂ ਨੇ ਆਪਸ ਵਿੱਚ ਪਿੱਠਾਂ ਜੋੜਕੇ ਘੋਰ ਜੰਗ ਕੀਤਾ, ਓੜਕ ਦਸ ਗੁਣਿਆਂ ਨੂੰ ਮਾਰਕੇ ਪੁਰਜੇ ਪੁਰਜੇ ਹੋਕਰ ਸੱਚ ਖੰਡ ਨੂੰ ਪਧਾਰ ਗਏ। ਏਹਨਾਂ ਦੀ ਹਿੰਮਤ ਤੇ ਸਿੰਘੀ ਦੀ ਗਲ ਪਿੰਡ ੨ ਚਲ ਪਈ, ਸੂਬੇ ਨੇ ਭੀ ਸੁਣਕੇ ਉਂਗਲਾਂ ਮੂੰਹ ਵਿੱਚ ਪਾਈਆਂ ।

## ਸਿਆਲਕੋਟ ਦੇ ਸੂਬੇ ਨੂੰ ਮਲਵਈਆਂਨੇ ਸੋਧਣਾ

ਏਸ ਸਮੇਂ ਤਾਹਰਅਲੀ ਸੂਬੇਦਾਰ ਸਯਾਲਕੋਟ ਦਾ ਸਰਹੰਦ ਆਪਨੇ ਘਰ ਵਿਯਾਹ ਵਾਸਤੇ ਚਲਿਆ ਸੀ ਤੇ ਹੈਬਤ ਖਾਂ ਰੁਹੇਲਾ ਸਰਦਾਰ ਡੇਢ ਸੌ ਅਸਵਾਰ ਨਾਲ ਰਾਖਾ ਸੀ, ਨੂਰੰਗਾਬਾਦ ਪਿੰਡ ਪਾਸ ਮਲਵਈ ਸਿੰਘਾਂ ਦਾ ਟੋਲਾ (ਜਿਨਾਂ ਵਿਚ ਰਾਮ ਸਿੰਘ, ਦਯਾ ਸਿੰਘ ਸਰਦਾਰ ਸਨ) ਅੰਮ੍ਰਤਸਰ ਨੂੰ ਜਾਂਦਾ ਹੋਇਆ ਓਨਾਂ ਨੂੰ ਟੱਕਰ ਪਿਆ । ਰੁਹੇਲੇ ਘੇਰ ਕੇ ਫੜਨ ਲੱਗੇ ਤਾਂ ਸਿੰਘਾਂ ਨੇ ਧੂਹ ਲਈਆਂ, ਜਿਸ ਆਦਮੀ ਘੋੜੇ ਨੂੰ ਵੱਜੀ ਓਸੇ ਨੇ ਜਾਨ ਤਜੀ। ਜਦ ਏਸਤਰਾਂ ਤੀਸਕ ਨਿਬੇੜੇ ਤੇ ਹੈਬਤਖਾਂ ਮਾਰਿਆ ਗਿਆ ਤਾਂ ਬਾਕੀ ਦੇ ਤਾਬੜ ਤੋੜ

Digitized by Panjab Digital Library | www.panjabdigilib.org

ਨੱਠ ਗਏ, ਆਖਰ ਫਤੇ ਦੇ ਜੈਕਾਰੇ ਛਡਦੇ ਹੋਏ ਸਿੰਘ ਆਪੋ ਆਪਣੇ ਪਿੰਡ ਮਾਲਵੇ ਜਾ ਵੜੇ।

## ਕਰਤਾਰਪੁਰ ਥੰਮ੍ਹ ਸਾਹਿਬ ਤੇ ਕੁਤਬਦੀਨ ਦਾ ਸੜਨਾ

ਏਸੇ ਬਰਸ ਵਿਚ ਜਾਲੰਧਰ ਦੇ ਹਾਕਮ ਕੁਤਬ ਦੀਨ ਨੂੰ ਚੁਗਲਾਂ ਨੇ ਆਖਿਆ ਕਿ ਸੋਢੀ ਬਡਭਾਗ ਸਿੰਘ ਸਿੰਘਾਂ ਨੂੰ ਲੁਕਾ ਕੇ ਰਖਦਾ ਹੈ। ਉਸਨੇ ਏਹ ਸੁਣਕੇ ਫੌਜ ਸਮੇਤ ਜਾਕੇ ਕਰਤਾਰ ਪੁਰ ਘੇਰ ਲਿਆ। ਸੋਢੀ ਸਾਹਿਬ ਤਾਂ ਪਹਾੜਾਂ ਵਿਚ (ਜਿਥੇ ਹੁਣ ਉਨ੍ਹਾਂ ਦਾ ਵਡਾ ਪੂਜਨੀਕ ਮਕਾਨ ਹੈ) ਚਲੇ ਗਏ ਸਨ। ਕੁਤਬਦੀਨ ਬਾਦੀ ਤੁਰਕ ਨੇ ਥੰਮ ਸਾਹਿਬ ਗੁਰਦ੍ਵਾਰਾ ਜਲਾ ਦਿਤਾ, ਅਨੇਕ ਹਿੰਦੁਣੀਆਂ ਫੜਕੇ ਤੁਰਕਾਂ ਨੂੰ ਕਰਾ ਦਿਤੀਆਂ, ਗੁਰਦ੍ਵਾਰੇ ਵਿਚ ਗਊ ਬਧ ਕੀਤਾ, ਸਰਦਾਰ ਬਾਘ ਸਿੰਘ ਆਹਲੂਵਾਲੀਆਂ ਸੂਹਾਂ ਨਦੀ ਦੇ ਕਾਛੜਾਂ ਜੰਗਲਾਂ ਵਿਚ ਦਿਨ ਕੱਟ ਰਿਹਾ ਸੀ, ਏਹ ਗੱਲ ਸੁਣ ਕੇ ਰਹਿ ਨਾ ਸਕਿਆ। ਆਖਰ ਦੋ ਕੁ ਸੌ ਅਸਵਾਰ ਐਧਰੋਂ ਓਧਰੋਂ ਕੱਠਾ ਕਰਕੇ ਜਾਲੰਧਰ ਨੂੰ ਚੜ੍ਹ ਪਿਆ, ਅਗੇ ਕੁਤਬਦੀਨ ਸਿੰਘਾਂ ਦੇ ਫੜਨ ਵਾਸਤੇ ਦੌਰੇ ਫਿਰਦਾ ਹੋਯਾ ਬਜਾਸਾ ਨਦੀ ਦੇ ਕਿਨਾਰੇ ਕਾਣੇ ਢਿੱਲੋਂ ਪਾਸ ਸ਼ਿਕਾਰ ਖੇਲਦਾ ਸੀ, ਬਾਘ ਸਿੰਘ ਨੂੰ ਆਉਂਦਾ ਦੇਖਕੇ ਨੱਠ ਚਲਜਾ, ਭਲਾ ਬਟੇਰੇ ਨੂੰ ਬਾਜ ਕਦ ਜਾਣ ਦਿੰਦਾ ਹੈ? ਸਰਦਾਰ ਬਾਘ ਸਿੰਘ ਨੇ ਘੋੜਾ ਛੇੜਕੇ ਝਪਟ ਕਰ ਉਸਦੇ ਘੋੜੇ ਦੀ ਖੁੱਚ ਲਾਹ ਦਿਤੀ। ਡਿਗਦੇ ਨੂੰ ਹੀ ਪਕੜ ਕੇ ਮੁਸ਼ਕਾਂ ਕੱਸ ਦਿਤੀਆਂ, ਤੇ ਜੀਊਂਦੇ ਨੂੰ ਹੀ ਅੱਗ ਵਿਚ ਪਾਕੇ ਸਾੜ ਦਿਤਾ। ਥੰਮ ਸਾਹਿਬ ਦਾ ਬਦਲਾ ਹਥੋ ਹਥੀ ਨਿਕਲ

Digitized by Panjab Digital Library | www.panjabdigilib.org

ਗਿਆ (ਅਹਿਕਰ ਕਰੇ ਸੋ ਅਹਿਕਰ ਪਾਏ)॥

## ਬਾਘ ਸਿੰਘ ਨੇ ਘੋੜੇ ਖੋਹੇ

ਕੁਤਬਦੀਨ ਨੂੰ ਮਾਰਕੇ ਬਾਘ ਸਿੰਘ ਨੇ ਸੁਣਿਆਂ ਕੇ ਚਾਲੀ ਪਚਾਸ ਘੋੜੇ ਚੰਗੇ ੨ ਬਾਦਸ਼ਾਹ ਦੇ ਦਿੱਲੀ ਨੂੰ ਜਾਣ ਵਾਲੇ ਵਜ਼ੀਰ ਦੇ ਪੱਤਣ ਅੱਜ ਆਉਣਗੇ। ਸਿੰਘ ਦਰਯਾ ਬਜਾਸਾ ਪਾਰ ਹੋਕੇ ਝੱਲ ਵਿਚ ਦੜ ਵੱਟ ਕੇ ਬੈਠ ਰਹੇ। ਜਦ ਓਹ ਬੇੜੀਆਂ ਉਤੇ ਚੜ੍ਹਾਉਣ ਲਗੇ ਤਾਂ ਸਿੰਘ ਤਲਵਾਰਾਂ ਧੂਹ ਕੇ ਪੈਂਦੜ ਜਾ ਪਏ, ਅਫੜਾ ਦਫੜੀ ਪਾ ਦਿੱਤੀ ਤੇ ਸਬ ਘੋੜੇ ਖੋਹ ਖਾਹ ਕੇ ਲੈ ਆਏ ਤੇ ਰਾਤੋ ਰਾਤ ਝਾੜਾਂ ਪਹਾੜਾਂ ਵਿਚ ਜਾ ਵੜੇ। ਜਦ ਤੋਂ ਸੂਬੇ ਨੇ ਚੌਧਰੀਆਂ ਤੇ ਤਲਕੇਦਾਰਾਂ ਤੋਂ ਲਿਖਤ ਕਰਾ ਲਈ ਸੀ ਤਦ ਤੋਂ ਚੌਧਰੀ ਤਲਕੇਦਾਰ ਬਹੁਤ ਉਤਮ ਤਕੜਾਈ ਰਖਦੇ ਸੇ ਕਿ ਕੋਈ ਸਿੰਘ ਸਾਡੇ ਇਲਾਕੇ ਵਿਚ ਦਿਸ ਨਾ ਪਵੇ॥

## ਮੱਸੇ ਰੰਗੜ ਨੂੰ ਮਾਰਨਾ

ਮਸਾ ਰੰਗੜ ਮੰਡਯਾਲੇ ਵਾਲਾ ਜਿਸਦੀ ਤਲਕੇਦਾਰੀ ਵਿਚ ਅੰਮ੍ਰਿਤਸਰ ਸੀ (ਅੰਮ੍ਰਿਤਸਰੋਂ ਚਾਰ ਕੋਹ ਮੰਡਯਾਲਾ ਹੈ) ਓਹ ਹਮੇਸ਼ ਅੰਮ੍ਰਿਤਸਰ ਰਿਹਾ ਕਰਦਾ ਸੀ। ਸਿੰਘ ਤਾਂ ਓਸ ਸਮੇਂ ਕੋਈ ਪੰਜਾਬ ਵਿਚ ਦਿਸਦਾ ਨਹੀਂ ਸੀ, ਕੁਛ ਮਾਲਵੇ ਦੇਸ, ਕੋਈ ਪਹਾੜਾਂ ਵਿਚ, ਅਨੇਕ ਰਾਜਪੂਤਾਂ ਦੇ ਨੌਕਰ ਬੀਕਾਨੇਰ ਜੈਸਲ ਮੇਰ ਆਦਿਕ ਅਨੇਕ ਥਾਈਂ ਜਾ ਰਹੇ ਸੇ। ਇਕ ਬੁਲਾਕਾ ਸਿੰਘ ਸਿਖ ਕੰਗ ਪਹਿਲੇ ਤਾਂ ਬੋਤਾ ਸਿੰਘ ਵਾਂਗੂ ਲੁਕਿਆ ਰਿਹਾ, ਫੇਰ ਜਦ ਬਹੁਤ ਲੋਗ ਫੜਨ ਵਾਲੇ ਬਣੇ ਤਾਂ ਓਹ ਭੀ ਬੀਕਾਨੇਰ ਚਲਾ ਗਿਆ। ਅਗੇ ਓਥੇ

Digitized by Panjab Digital Library | www.panjabdigilib.org

ਬੁਢਾ ਸਿੰਘ ਦਾ ਤੇ ਸ਼ਾਮ ਸਿੰਘ ਨਾਰਲੀ ਵਾਲੇ ਦਾ ਜੱਥਾ ਰਾਜੇ ਪਾਸ ਨੌਕਰ ਸੀ । ਬੁਲਾਕਾ ਸਿੰਘ ਨੂੰ ਉਨਾਂ ਨੇ ਗੁਰਦ੍ਵਾਰੇ ਦਾ ਤੇ ਪੰਜਾਬ ਦਾ ਹਾਲ ਪੁਛਯਾ ਤਾਂ ਓਹ ਭੁਬਾਂ ਮਾਰ ੨ ਕੇ ਰੋਪਿਆ। ਜਦ ਉਸਨੂੰ ਰੋਣ ਦਾ ਕਾਰਨ ਪੁਛਯਾ ਤਾਂ ਉਸਨੇ ਆਖਯਾ, ਖਾਲਸਾ ਜੀ ! ਅਸੀ ਤੁਸੀ ਜੀਊਂਦੇ ਹੀ ਮਰਗਏ, ਸਿੰਘ ਕੋਈ ਨਹੀਂ ਰਿਹਾ,ਜੇਹੜੇ ਹਠੀ, ਤਪੀ ਸਿੰਘ ਸਿਰੋਂ ਪਰੇ ਡੇਰਾ ਰਖਦੇ ਸੇ ਓਹ ਚਲੇ ਗਏ, ਹੁਣ ਤਾਂ ਕਰਣੀ ਦੇ ਗਿਦੜ ਨਾਮ ਦੇ ਸ਼ੇਰ ਹਨ । ਗੁਰਦੁਆਰੇ ਅੰਮ੍ਰਿਤਸਰ ਹਰਿਮੰਦਰ ਵਿਚ ਮੱਸਾ ਰੰਘੜ ਪਲੰਘ ਉਤੇ ਬੈਠ ਕੇ, ਜੁਤੀਆਂ ਹੁਕਿਆਂ ਸਮੇਤ ਮਜਲਸ ਲਗਾਕਰ ਕੰਜਰੀ ਦਾ ਨਾਚ ਵੇਖਦਾ ਹੈ, ਜੇਹੜੇ ਕੰਮ ਨਹੀਂ ਕਰਨੇ ਸੋ ਕਰਦਾ ਹੈ। ਮਤਾਬ ਸਿੰਘ ਭੰਗੂ ਬੋਲਿਆ,ਤੈਂ ਉਸਦਾ ਸਿਰ ਨਾ ਲਹਿਆ? ਐਡੀ ਵਡੀ ਬੇਅਦਬੀ ਦਰਬਾਰ ਦੀ ਹੁੰਦੀ ਵੇਖਕੇ ਤੂੰ ਜੀਊਂਦਾ ਕਿਕੂੰ ਚਲਾ ਆਯਾ? ਉਸਨੇ ਆਖਯਾ, ਜਿਸ ਤਰਾਂ ਤੁਸੀ ਚਲੇ ਆਏ ਹੋ ਉਸੇ ਤਰਾਂ ਮੈਂ ਭੀ ਤੇ ਹੋਰ ਸਿੰਘ ਭੀ ਨਠ ਗਏ। ਏਹ ਸੁਣਕੇ ਸਰਦਾਰ ਬੁਢਾ ਸਿੰਘ ਨੇ ਤਲਵਾਰ ਸਭਾ ਵਿਚ ਰਖ ਦਿਤੀ ਤੇ ਆਖਯਾ, ਕੋਈ ਸਿੰਘ ਹੈ ਜੋ ਮੱਸੇ ਦਾ ਸਿਰ ਲਯਾਵੇ ? ਏਹ ਸੁਣ ਕੇ ਸੁਖਾ ਸਿੰਘ ਤਖਾਣ ਕੰਬੋ ਮਾੜੀ ਵਾਲਾ ਤੇ ਮਤਾਬ ਸਿੰਘ ਭੰਗੂ ਮੀਰਾਂ ਕੋਟੀਆ ਦੋਵੇਂ ਉਠ ਖੜੋਤੇ। ਤਲਵਾਰ ਉਠਾ, ਫਤੇ ਬੁਲਾ, ਅਰਦਾਸਾ ਸੁਧਾਇ, ਆਗਯਾ ਲੈਕੇ ਚੜ੍ਹ ਬੈਠ, ਕਈ ਦਿਨੀ ਪੰਜਾਬ ਵਿਚ ਪਹੁੰਚਕੇ ਗੋਲ ਗੋਲ ਠੀਕਰੀਆਂ ਨਾਲ ਦੋ ਥੈਲੀਆਂ ਭਰ ਲਈਆਂ ੧੨ ਜੇਠ ਸੰਃ ੧੭੯੭ ਬਿਃ ਨੂੰ ਦੋਪਹਿਰ ਦੇ ਵੇਲੇ ਅੰਮ੍ਰਿਤਸਰ ਪਹੁੰਚੇ । ਘੋੜਯਾਂ ਨੂੰ ਜਲ ਛਕਾ, ਆਪ ਇਸ਼ਨਾਨ ਪਾਨ

Digitized by Panjab Digital Library | www.panjabdigilib.org

ਕਰਕੇ ਘੋੜੇ ਬੇਰੀ ਦੇ ਪੇੜ ਨਾਲ ਬੰਨੇ (ਏਹ ਬੇਰੀ ਲਾਚੀ ਬੇਰ ਕਹਾਉਂਦੀ ਹੈ) ਤੇ ਆਪ ਘੱਟਾ ਪੈਣ ਦਾ ਬਹਾਨਾ ਕਰਕੇ ਮੂੰਹ ਸਿਰ ਬੰਨਕੇ ਇਕ ੨ ਥੈਲੀ ਚੁਕ ਲਈ, ਗੁਰੂ ਦਾ ਧਯਾਨ ਧਰ ਪੁਲ ਦੇ ਉਤੋਂ ਦੀ ਮੰਦਰ ਵਿਚ ਜਾਕੇ ਦੇਖਯਾ ਤਾਂ ਮਜਲਸ ਮੁਸਲਮਾਨਾਂ ਦੀ ਜੰਮੀ ਹੋਈ ਹੁਕੇ ਤੇ ਸ਼ਰਾਬਾਂ ਪੀ ਰਹੀ ਹੈ। ਮੱਸਾ ਪਲੰਘ ਉਤੇ ਬੈਠਾ ਹੈ, ਨਾਚ ਮੁਜਰੇ ਵਿਚ ਤਬਲੇ ਛੁਬਕ ਛੁਬੇ ਬੋਲਦੇ ਸੇ, ਤਾਰ ਕੌਣ ੨ ਪੁਛਦੀ ਸੀ? ਕੰਜਰੀ ਸਾਰੰਗ ਰਾਗ ਦੀ ਤਾਲ ਲੈਂਦੀ ਹੋਈ ਛਬਾਂ ਨਾਲ ਏਹ ਡੁਬੇ ੨ ਕਰ ਰਹੀ ਸੀ। ਏਹ ਹਾਲ ਦੇਖ ਕੇ ਸਿੰਘਾਂ ਦੇ ਤਨ ਮਨ ਨੂੰ ਤਾਂ ਲਗੀ, ਪਰ ਘੁਟ ਵਟ ਗਏ, ਥੈਲੀਆਂ ਮੱਸੇ ਦੇ ਮੰਜੇ ਹੇਠ ਰਖੀਆਂ, ਉਸਨੇ ਜਾਣਿਆਂ ਮੇਰੇ ਕਿਸੇ ਪਿੰਡ ਦੇ ਜੱਟ ਮਾਮਲਾ ਤਾਰਨ ਆਏ ਹਨ। ਜਦ ਥੈਲੀਆਂ ਵੱਲੀ ਝਾਤ ਪਾਈ ਤਾਂ ਅਖ ਝਮਕਨ ਨਾਂ ਦਿਤੀ, ਮਤਾਬਸਿੰਘ ਨੇ ਤੇਗ ਮਾਰਕੇ ਬਧਨੇ ਵਰਗਾ ਸਿਰ ਚੁੱਕ ਲਿਆ ਤੇ ਸੁਖਾਸਿੰਘ ਨੇ ਹੋਰ ਤਿੰਨਾਂ ਚਾਰਾਂ ਦੇ ਸਿਰ ਝਾੜ ਸਿਟੇ। ਦੋਹਾਂ ਨੇ ਘਮਸਾਨ ਘੱਤ ਦਿਤੀ, ਵਿਚੇ ਕੰਜਰੀ ਮਾਰੀ ਗਈ, ਕੋਈ ਸਾਹਮਣੇ ਨਾ ਆਯਾ, ਭਾਜੜ ਪੈ ਗਈ, ਸਿੰਘ ਭੀ ਉਨ੍ਹਾਂ ਨੂੰ ਭੇਡਾਂ ਵਾਂਗੂੰ ਅਗੇ ਲਾਕੇ ਸ਼ਪਾਸ਼ਪ ਬਾਹਰ ਆ, ਘੋੜਯਾਂ ਉਤੇ ਸਵਾਰ ਹੋ ਅੱਡੀ ਲਾ ਗਏ। ਮੱਸੇ ਦੇ ਅਸਵਾਰ ਭੀ ਪਿਛੇ ਚੜ੍ਹੇ, ਪਰ ਸਿੰਘਾਂ ਨੇ ਡਾਹ ਨਾ ਦਿਤੀ ਹਾਰ ਕੇ ਮੁੜ ਆਏ, ਸਿੰਘਾਂ ਨੇ ਮੱਸੇ ਦਾ ਸਿਰ ਪੰਥ ਅਗੇ ਜਾ ਰਖਯਾ, ਪੰਥ ਨੇ ਦੋਹਾਂ ਦਾ ਬਹੁਤ ਸਤਕਾਰ ਕੀਤਾ ਤੇ ਸਿਰ ਨੂੰ ਸਾੜ ਸਿਟਿਆ॥

## ਜੰਗ ਮੀਰਾਂ ਪੁਰ ਦਾ

ਏਸੇ ਭਾਂਤ ਹੋਰ ਭੀ ਬੜੇ ੨ ਬਹਾਦਰੀ ਦੇ ਕੰਮ ਓਦੋਂ

Digitized by Panjab Digital Library | www.panjabdigilib.org

ਸਿੰਘ ਕਰਦੇ ਰਹਿੰਦੇ ਸੇ। ਜਦ ਮੱਸੇ ਤੇ ਕੁਤਬ ਦੀਨ ਜੈਸੇ ਕਈ ਨਾਮੀ ੨ ਆਦਮੀ ਸਿੰਘਾਂ ਨੇ ਵੱਢ ਸਿੱਟੇ ਤਾਂ ਖਾਨ ਬਹਾਦਰ ਨੇ ਖਿਝ ਕੇ ਚੌਧਰੀਆਂ ਤੇ ਤਲਕੇਦਾਰਾਂ ਨੂੰ ਬੁਲਾ ਕੇ ਪਹਿਲੇ ਤਾਂ ਜੁਤੀਆਂ ਮਰਵਾ ੨ ਬੇਹੋਸ਼ ਕੀਤਾ, ਫੇਰ ਪੁਛਯਾ ਤੁਸੀ ਜੋ ਲਿਖ ਦਿਤਾ ਸੀ ਕਿ ਹੁਣ ਕੋਈ ਸਿੰਘ ਪੰਜਾਬ ਵਿਚ ਨਹੀਂ ਰਹਿਣ ਦਿਤਾ ਸੋ ਦਸੋ ਹੁਣ ਏਹ ਤੁਹਾਡੇ ਸੱਜਰੇ ਜਵਾਈ ਕਿਥੋਂ ਆਗਏ ਖੂਨੀਆਂ ਨੂੰ ਹਾਜਰ ਕਰੋ ਨਹੀਂ ਤਾਂ ਤੁਹਾਡੀ ਚਮੜੀ ਲਾਹੀ ਜਾਵੇਗੀ। ਤਦ ਆਪਣੇ ਬਚਾਉ ਵਾਸਤੇ ਚੁਗਲ, ਬੇਈਮਾਨ ਗਸ਼ਤੀ ਫੌਜ ਦੇ ਆਗੂ ਹੋਕੇ ਸਿੰਘਾਂ ਦੇ ਬਾਲ ਬੱਚਿਆਂ ਨੂੰ ਫੜਾਉਣ ਲਗ ਪਏ। ਹਰਿ ਭਗਤ ਜੰਡਯਾਲੇ ਵਾਲੇ ਨੇ ਨੂਰ ਦੀਨ ਫੌਜਦਾਰ ਨੂੰ ਨਾਲ ਲੈਕੇ ਮੀਰਾਂਪੁਰ ਮਤਾਬ ਸਿੰਘ ਦਾ ਘਰ ਜਾ ਘੇਰਯਾ। ਓਥੋਂ ਦਾ ਨਥਾ ਚੌਧਰੀ ਜਿਸ ਨੂੰ ਮਤਾਬ ਸਿੰਘ ਆਪਣੇ ਨਿਕੇ ਜਿਹੇ ਬੇਟੇ ਰਾਇ ਸਿੰਘ ਦੀ ਬਾਂਹ ਫੜਾ ਗਿਆ ਸੀ ਤੇ ਓਹ ਧਰਮ ਪਾਲਣ ਲਈ ਓਸ ਮੁੰਡੇ ਨੂੰ ਕੰਧੇ ਚੁਕ ਕੇ ਸੱਤ ਅੱਠ ਸੰਬੰਧੀਆਂ ਸਮੇਤ ਲੈ ਭਜਯਾ ਸੀ, ਪਰ ਚਾਰ ਕੋਸ ਉਤੇ ਜਾ ਘੇਰਯਾ। ਨਥਾ ਤੀਰੰਦਾਜ ਉੱਘਾ ਸੀ, ਜਿਸਨੂੰ ਓਸਨੇ ਕਾਨੀ ਬਾਹੀ ਪਾਣੀ ਨਾ ਮੰਗਯਾ ਸਾਥੀਆਂ ਸਮੇਤ ਮੱਠ ਕੁ ਮੁਸਲਮਾਨ ਮੈਦਾਨ ਵਿਚ ਰਖੇ, ਫੇਰ ਆਪ ਭੀ ਸਾਥੀਆਂ ਸਮੇਤ ਸ਼ਹੀਦ ਹੋਗਿਆ। ਆਪਣੇ ਜਾਣੇ ਤਾਂ ਮੁਸਲਮਾਨ ਰਾਇ ਸਿੰਘ ਨੂੰ ਭੀ ਮਾਰ ਗਏ ਸੇ, ਪਰ ( ਜਿਸਨੂੰ ਰਬ ਰਖੇ ਓਹਨੂੰ ਕੌਣ ਮਾਰੇ ) ਓਹ ਬਚ ਰਿਹਾ ਤੇ ਓਸਦੀ ਸੰਤਾਨ ਹੁਣ ਤਕ ਰੜੀ ਭੜੀ ਵਾਲੇ ਸਿਖ ਹਨ॥

Digitized by Panjab Digital Library | www.panjabdigilib.org

# ਸਿੰਘਾਂ ਤੇ ਅਤਿਅੰਤ ਬਿਪਤਾ

ਚੌਧਰੀ ਰਾਮਾ, ਰੰਧਾਵਾ ਘਣੀਏ ਵਾਲਾ, ਕਰਮਾ ਛੀਨੇ ਪਿੰਡ ਦਾ, ਮਾਨਾ ਨੁਸ਼ਹਿਰੇ ਦਾ ਧਰਮ ਦਾਸ ਜੋਧ ਨਗਰੀਆ, ਸਾਹਿਬ ਰਾਇ ਸੰਧੂ, ਦਿਲਬਾਗ ਰਾਇ ਸਰਾਉ, ਹੈਬਤ ਮਲ ਧਨੇਸ਼ਟੇ ਵਾਲਾ, ਲਾਲੂ ਬਿਰਕ ਭੀਖੀਦਾ, ਮੋਲਕਰਾਇ ਸੰਧੂ ਬੁੰਢਾਲੀਆ, ਦਜਾਲਾ ਚੌਧਰੀ ਵੜਾਇਚ ਗੁਜਰਾਂ ਵਾਲੇ ਦਾ, ਸਜਾਮੇ ਸ਼ਾਹ ਖੱਤ੍ਰੀ ਗਰਝਾਕ, ਗੁਜੀਆ ਮੱਟੂ ਪਿੰਡ ਦਾ, ਦਿਆਨਤ ਰਾਇ ਸੋਦਰੇ ਦਾ, ਉਗ੍ਰਸੈਨ ਖੱਤ੍ਰੀ ਏਮਨਾ ਬਾਦੀਆ, ਗੁਲਾਬਰਾਇ ਬੈਸ ਮਾਲਪੁਰੀਆ, ਮੱਦੋ ਚੌਧਰੀ ਮਜੀਠੇ ਦਾ, ਜੋਧ ਖੇਖਰ ਵਾਲਾ, ਮਲੇਸੀ ਗਿਲ ਨੁਸੈਹਰੇ ਦਾ, ਨੱਥਾ ਉੱਪਲ ਅਮੇ ਵਾਲਾ, ਹਸਨਾ ਸੰਧੂ ਸਿਰਾ ਵਾਲੀ ਦਾ, ਦਾਲਾ ਰੰਧਾਵਾ ਕੱਥੂ ਦਾ, ਚੌਂਚਲ ਸੰਧੂ ਚੀਵੇ ਭਗਨੇ ਦਾ, ਜਗਾ ਸੰਧੂ ਅਟਾਰੀ ਵਾਲਾ, ਕਜਲਾ ਰੰਧਾਵਾ ਬਟਾਲੇ ਦਾ, ਭਾਗੂ ਕਾਲੋ ਗੋਤ ਭਾਗੋ ਵਾਲੀਆ, ਅਕਾਲ ਬਘਾ, ਰਾਇ ਥਾਨਬਾਦਾ, ਰਾਇ ਹਰਿਚੰਦ ਚਸਮੇ ਦਾ, ਰਾਇ ਖੁਸ਼ਾਲੀ ਸੰਧੂ ਕਾਨੇਦਾ, ਭੀਮਾ ਢਿਲੋਂ ਕਸੂਰਦਾ, ਦਿਆਲਾ ਕਾਲੋ ਸੈਦ ਵਾਲੇਦਾ, ਨਿਬਾਹੂ ਸੰਧੂ ਭੂਰੇ ਪਿੰਡੋ, ਮਿਲਖਾ ਸੰਧੂ ਕਾਛੇ ਦਾ, ਹਿਆਤਖਾਂ ਠੱਠੇ ਪਿੰਡ ਦਾ, ਪੀਰਮਹੰਮਦ ਚੱਠਾ, ਬਹਿਰਾਮਖਾਂ ਮੰਚਰ, ਕਾਦਰ ਬਖਸ਼ ਨਿਢਾਲ, ਸਾਹਿਬ ਖਾਂ ਟੁਮਾਣਾ, ਇਸਮਾਈਲਖਾਂ ਸਜਾਲਕੋਟੋਂ ਮੰਡਜਾਲ, ਫਤੇ ਖਾਂ ਘੇਬ ਕੋਟ ਘੇਬਾਂਦਾ, ਔਲੀਆ ਘੇਬ ਪਿੰਡੀ ਘੇਬਾਂ ਤੋਂ ॥

ਏਸੇ ਭਾਂਤ ਸਾਰੀ ਨਜ਼ਾਮਤ ਦੇ ਵਡੇ ਵਡੇ ਆਦਮੀ ਚੌਧਰੀ ਰਾਇ ਖਤਾਕ ਅਪਣੇ ੨ ਪਰਗਣੇ ਦੇ ਮਾਲ ਗੁਜ਼ਾਰ

Digitized by Panjab Digital Library | www.panjabdigilib.org

ਸ਼ਾਹੀ ਸਭਨੂੰ ਲਾਹੌਰ ਬੁਲਾਕੇ ਇਨਾਮਾਂਦੇ ਉਮੈਦਵਾਰ ਕਰਕੇ ਨਾਜ਼ਮ ਨੇ ਹੁਕਮ ਦਿਤਾ ਕੋਈ ਸਿੰਘ ਰੈਹਣਾ ਨਾ ਪਾਵੇ, ਫੜ ਫੜਾਕੇ ਮੇਰੇ ਪਾਸ ਭੇਜਦੇ ਰਹੋ, ਇਨਾਮ ਜਾਗੀਰਾਂ ਲੈਂਦੇ ਰਹੋ। ਏਸੇ ਹੁਕਮ ਦੇ ਅਨੁਸਾਰ ਸਿੰਘਾਂ ਉੱਤੇ ਇਕੋਵਾਰ ਜ਼ੁਲਮ ਦਾ ਸੰਸਾਰ ਸਮੁੰਦਰ ਉਲਟ ਪਿਆ, ਬੇਈਮਾਨ ਲੋਗ ਲੋਭ ਦੇ ਵਸ ਹੋਕਰ ਤੇ ਮੁਸਲਮਾਨਾਂ ਵਲੋਂ ਖੈਰ ਖਾਹੀ ਦੇ ਇਛੂ ਬਨਕੇ ਰਾਤ ਦਿਨੇ ਏਹੋ ਕੁਕਰਮ ਕਰਨ ਪਰ ਜਦ ਲੱਕ ਬੰਨ੍ਹ ਖੜੋਤੇ, ਤਦੋਂ ਸਿੰਘ ਤਾਂ ਮਜੀਠੇ ਦੇ ਗਿੱਲ, ਵਟਾਲੇ ਦੇ ਭੰਡਾਰੀ ਖੱਤ੍ਰੀ ਵਗੈਰੇ ਸਬ ਮਾਝਾ ਦੁਆਬਾ ਛਡਕੇ ਮਾਲਵੇ ਰਾਜਪੂਤਾਂਨੇ ਬਾਂਗਰ ਦੇਸ ਵਿਚ ਜਾ ਫਿਰੇ, ਏਧਰ ਦੁਸ਼ਟ ਨਿਰੰਜਨੀਏ ਵਗੈਰੇ ਚੁਗਲਾਂ ਨੇ ਚੁਨ ਚੁਨਕੇ ਬੇਸ਼ੁਮਾਰ ਸਿੰਘ ਮਰਵਾ ਘੱਤੇ, ਬਲਕਿ ਸੈਂਕੜੇ ਬਾਲਕ ਸਿੰਘਾਂ ਦੇ ਫੜ ੨ ਕਤਲ ਕਰਾ ਦਿਤੇ, ਸਿੰਘ ਤਾਂ ਖੇਤੀ ਕਰਨ ਵਾਲੇ ਭੀ ਢੂੰਢ ੨ ਕੇ ਮਰਵਾ ਛੱਡੇ।

ਜੇਹੜੀਆਂ ਸਿੰਘਣੀਆਂ ਰਾਤ ਬਿਰਾਤੇ ਆਪਣੇ ਪੁਤਰਾਂ ਨੂੰ ਲੈਕੇ ਮਾਲਵੇ ਦੀ ਤਰਫ ਭੱਜ ਗਈਆਂ ਯਾ ਝਾੜੀਂ, ਪਹਾੜੀਂ ਲੁਕ ਬੈਠੀਆਂ, ਸਿਵਾਏ ਉਨ੍ਹਾਂ ਦੇ ਗਰਭ ਦੇ ਹੋਰ ਕੋਈ ਛੋਕਰਾ ਮਾਝੇ ਵਿਚ ਕਿਸੇ ਸਿੰਘ ਦਾ ਨਾ ਛਡਿਆ, ਕਠੋਰ ਦਿਲ ਬੇਰੈਹਮ ਮੁਸਲਮਾਨਾਂ ਨੇ ਚਿਲ ਚਿਲਾਂਦੇ ਹੋਏ ਬਾਲਕ ਉਨਾਂ ਦੀਆਂ ਮਾਈਆਂ ਤੋਂ ਖੋਹ ਖੋਹਕੇ ਕਤਲ ਕਰ ਸੁਟੇ, ਅਨੇਕ ਸਿੰਘਣੀਆਂ ਨੇ ਅਪਣੇ ਪੁਤਰਾਂ ਦੀ ਜਾਨ ਬਚਾਉਣ ਲਈ ਭੜੋਲਿਆਂ, ਕੋਠੀਆਂ, ਖੇਤਾਂ ਵਿਚ ਕਈ ੨ ਦਿਨ ਲਕੋ ੨ ਰਖੇ। ਕਿਸੇ ਨੇ ਕਿਸੇ ਹਿੰਦੂ ਦੇ ਘਰ, ਕਿਸੇ ਨੇ ਸਾਂਝ ਵਾਲੇ ਮੁਸਲਮਾਨ ਦੇ ਘਰ ਲਕੋਏ, ਪਰ ਦੁਸ਼ਟ ਬੁਧੀ ਚੁਗਲਾਂ ਨੇ

Digitized by Panjab Digital Library | www.panjabdigilib.org

ਓਥੋਂ ਭੀ ਦਸ ਦਸ ਕੇ ਕਢਾਕੇ ਮਰਵਾ ਦਿਤੇ, ਏਸ ਹੱਲੇ ਵਿਚ ਅਨੇਕ ਹਿੰਦੂ ਜਿਨ੍ਹਾਂ ਨੇ ਕਦੀ ਥੋੜੀ ਜੇਹੀ ਭੀ ਕਿਸੇ ਸਿੰਘ ਦੀ ਯਾ ਸਿੰਘਣੀ ਦੀ ਸਹਾਇਤਾ ਕੀਤੀ ਓਹਭੀ ਚੁਗਲਾਂ ਨੇ ਚੁਣ ਚੁਣਕੇ ਮਰਵਾ ਘੱਤੇ, ਏਹ ਵੇਲਾ ਸਿੰਘਾਂ ਉੱਤੇ ਬੜਾ ਭਾਰੀ ਔਕੜ ਦਾ ਮਹਾਂ ਦੁਖਦਾਈ ਕੈਹਰ ਦਾ ਬੀਤ ਰਿਹਾ ਸੀ, ਸੈਂਕੜੇ ਮਾਰੇ ਉਜਾੜੇ ਗਏ, ਤਾਂ ਬੀ (ਜਬੈ ਬਾਣ ਲਾਗੇ। ਤਬੈ ਰੋਸ ਜਾਗੇ) ਓੜਕ ਏਹ ਬਦਲੇ ਭੀਲੋਵਾਲ ਦੇ ਜੁੱਧ ਵਿਚ ਸਿੰਘਾਂ ਨੇ ਤੁਰਕਾਂ ਤੋਂ ਲੀਤੇ, ਓਸ ਸਮੇਂ ਦੁਸ਼ਟ ਹਿੰਦੂਆਂ ਤੇ ਤੁਰਕਾਂ ਨੇ ਕੋਈ ਕਾਫਲਾ ਸਿੰਘਾਂ ਦਾ ਪੰਜਾਬ ਵਿਚ ਨਹੀਂ ਰਹਿਣ ਦਿੱਤਾ ਸੀ ॥

## ਨਾਦਰ ਸ਼ਾਹ ਦੀ ਚੜ੍ਹਾਈ

ਜਦ ਦਿੱਲੀ ਵਾਲੇ ਮੁਗਲਾਂ ਦੀ ਤਰਫੋਂ ਖਾਨ ਬਹਾਦਰ ਜੇਹੇ ਹਾਕਮਾਂ ਨੇ ਜ਼ੁਲਮ ਦੇ ਦਰਿਆ ਚਲਾ ਦਿੱਤੇ, ਖਲਕਤ ਨੂੰ ਅਤੀ ਦੁਖ ਕਲੇਸ ਬਜਾਪਜਾ, ਅਨੇਕ ਸਿਖਣੀਆਂ ਬਚਿਆਂ ਨੂੰ ਕਤਲ ਹੁੰਦੇ ਵੇਖਕੇ ਨਾ ਸਹਾਰ ਸਕੀਆਂ, ਕਈ ਖੂਹਾਂ ਵਿੱਚ ਸੁਟਕੇ ਮਾਰ ਦਿਤੀਆਂ। ਸੈਂਕੜੇ ਬਚੇ ਲੈਕੇ ਪਰਦੇਸਾਂ ਵਿੱਚ ਚਲੀਆਂ ਗਈਆਂ ॥

ਜਦ ਏਹੋ ਜੇਹੇ ਘੋਰ ਮਹਾਂ ਪਾਪਾਂ ਤੇ ਜ਼ੁਲਮਾਂ ਨਾਲ ਮੁਗਲਾਂ ਦਾ ਬੇੜਾ ਭਰ ਗਿਆ, ਤਾਂ ਸਿਖਣੀਆਂ ਦੀ ਹਾਹਾ ਤੇ ਬਚਿਆਂ ਦੇ ਕੁਰਲਾਟ ਦੀ ਅਵਾਜ ਪਰਮੇਸ਼੍ਰ ਦੀ ਦਰਗਾਹ ਵਿੱਚ ਪਹੁੰਚ ਪਈ, ਓਸੇ ਵਕਤ ਖਾਲਕ ਨੇ ਈਰਾਨ ਦੇ ਬਾਦਸ਼ਾਹ ਨਾਦਰ ਸ਼ਾਹ ਨੂੰ ਪ੍ਰੇਰਕੇ ਹਿੰਦੁਸਤਾਨ ਪਰ ਚੜ੍ਹਾ ਭੇਜਿਆ, ਸੰ:੧੭੯੬ ਬਿ: ਨੂੰ ਕਾਬੁਲ ਦੇ ਮੁਲਕ ਨੂੰ ਜਿੱਤਦਾ

Digitized by Panjab Digital Library | www.panjabdigilib.org

ਹੋਇਆ ਸਿੱਧਾ ਲਾਹੌਰ ਨੂੰ ਆਇਆ ਤੇ ਸ਼ਾਹਦਰੇ ਆਣ ਉਤਰਿਆ (ਤੱਕੇ ਪਰ ਨੂੰ ਪਾਏ ਘਰ ਨੂੰ) ਖਾਨ ਬਹਾਦਰ ਨੂੰ ਇਹ ਸੁਣਕੇ ਪਿੱਟਣਾ ਪੈ ਗਿਆ, ਸਿੱਖਾਂ ਨੂੰ ਮਾਰਦਾ ੨ ਹੁਣ ਆਪਹੀ ਸਕੰਜੇ ਚੜ੍ਹ ਗਿਆ, ੨੧ ਲੱਖ ਰੁਪਯਾ ਨੱਕਦ ੧੧ ਕਿਸ਼ਤੀਆਂ ਜਵਾਹਰਾਤ ਦੀਆਂ ੫੦ ਪੰਜਾਹ ਹਾਥੀ ਨਜ਼ਰ ਦੇਕੇ ਪਿਛਾ ਛੁਡਾਇਆ, ਨਾਦਰ ਸਿੱਧਾ ਦਿੱਲੀ ਨੂੰ ਤੁਰ ਗਿਆ, ਮੁਹੰਮਦ ਸ਼ਾਹ* ਦਿੱਲੀ ਵਾਲਾ ਬਾਦਸ਼ਾਹ ਭੀ ਸੁਣਕੇ ਬਹੁਤ ਘਬਰਾਇਆ ॥

---

*ਮੁਹੰਮਦ ਸ਼ਾਹ ਵਡਾ ਭਾਰੀ ਵਿਭਚਾਰੀ ਤਮਾਸ਼ਬੀਨ ਪੰਜੇ ਐਬ ਸ਼ਰਈ, ਵਾਜਦ ਅਲੀ ਬਾਦਸ਼ਾਹ ਲਖਨਊ ਵਾਲੇ ਦਾ ਜੋਟੀਦਾਰ ਸੀ, ਏਨਾਂ ਦੋਹਾਂ ਬਾਦਸ਼ਾਹਾਂ ਪਾਸ ਡੂੰਮ, ਕੰਜਰੀਆਂ ਛੋਕਰੇ ਮੁਸਾਹਿਬ ਸਨ, ਵਾਜਦ ਅਲੀ ਦਾ ਚਾਲ ਚਲਨ ਤਾਂ ਜੋਗੀ ਜੋਗਨ ਦੇ ਮੇਲੇ ਅਤੇ ਮੁਹੰਮਦ ਸ਼ਾਹ ਦਾ ਮਹਾਦੇਵ ਦੇ ਮੇਲੇ ਤੋਂ (ਜਿਨਾਂ ਮੇਲਿਆਂ ਵਿੱਚ ਹੁਣ ਤੱਕ ਅਨੇਕ ਜਗਾ ਅਲਫ ਨੰਗੇ ਮਰਦ ਔਰਤਾਂ ਦੀਆਂ ਤਸਵੀਰਾਂ ਹਨ) ਸਾਬਤ ਹੁੰਦਾ ਹੈ। ਜਦ ਮੁਹੰਮਦ ਸ਼ਾਹ ਨੇ ਮੁੰਡਿਆਂ ਦੇ ਆਖੇ ਲਗਕੇ ਵਜੀਰ ਹੁਸੈਨ ਅਲੀ ਖਾਂ ਤੇ ਅਬਦੁਲਾ ਖਾਂ ਦੋਵੇਂ ਭਾਈ ਸੱਯਦ ਜਿਨ੍ਹਾਂ ਨੇ ਫਰੁਖਸੀਯਰ ਨੂੰ ਮਾਰਕੇ ਇਸ ਨੂੰ ਤਖਤ ਬੈਠਾਇਆ ਸੀ, ਮਰਵਾ ਦਿਤੇ ਤੇ ਆਸਫਜਾਹ ਹੈਦਰਾਬਾਦ ਦੱਖਣ ਦੇ ਸੂਬੇ ਨੂੰ ਵਜ਼ੀਰ ਬਣਾਯਾ, ਪਰ ਓਹ ਮੁੰਡਿਆਂ ਦੀ ਮੁਸਾਹਿਬੀ ਵਿਚੋਂ ਵਜ਼ਾਰਤ ਛੱਡਕੇ ਚਲਾ ਗਿਆ। ਜਦ ਨਾਦਰ ਸ਼ਾਹ ਬੇਧੜਕ ਦਿੱਲੀ ਵਿਚ ਪਹੁੰਚ ਗਿਆ ਤਾਂ ਮੁਹੰਮਦ ਸ਼ਾਹ ਨੇ ਆਪਣੀ ਟੁੱਟੀ ਫੁੱਟੀ ਡੇਢਲੱਖ ਫੌਜ, ਡੇਢ ਸੌ ਤੋਪ, ਪੰਜ ਸੌ ਹਾਥੀ ਲੈਕੇ ਕਰਨਾਲ ਪਾਸ ਨਾਦਰ ਦਾ ਮੁਕਾਬਲਾ ਕੀਤਾ, ਨਾਦਰ ਸ਼ਾਹ ਇਕ ਗ੍ਰੀਬ ਅਯਾਲੀ ਦਾ ਪੁਤਰ ਸੀ, ਜੋ ਕੈਂਪੀਸਨ ਸਾਗਰ ਦੇ ਕਿਨਾਰੇ ਵਸਦਾ ਸੀ, ਇਸਦੀ ਕਿਸਮਤ ਨੇ ਇਸਨੂੰ ਐਸਾ ਪੁਰਖਾਰਥ ਦਿਤਾ ਕਿ ਏਹ ਧਾੜਵੀਆਂ ਦਾ ਸਰਦਾਰ ਬਣ ਗਿਆ। ਜਦ ਸੰ: ੧੧੧੩ ਹਿਜਰੀ ਮੁਤਾਬਕ ਸੰ: ੧੭੫੭ ਬਿ: ਨੂੰ ਪਠਾਣਾਂ ਨੇ ਈਰਾਨ ਉੱਤੇ ਧਾਵਾ ਕੀਤਾ, ਤਦੋਂ ਇਸਨੇ ਈਰਾਨ ਦੇ ਬਾਦਸ਼ਾਹ ਦੀ ਤਰਫੋਂ ਹੋਕੇ ਲੜਾਈ ਕਰਕੇ ਪਠਾਣਾਂ ਨੂੰ ਦੇਸ ਵਿਚੋਂ ਕੱਢ ਛਡਿਆ, ਇਸੇ ਬਦਲੇ ਬਾਦਸ਼ਾਹ ਨੇ ਖੁਸ਼ੀ ਹੋਕੇ ਇਸ ਨੂੰ ਫੌਜ ਦਾ ਬਖਸ਼ੀ ਬਣਾ ਲਿਆ, ਫੇਰ ਤਾਂ ਬਾਦਸ਼ਾਹ ਦੇ ਮਰੇ ਤੋਂ ਏਹ ਬਾਦਸ਼ਾਹੀ ਨੂੰ ਜੱਫਾ ਪਾ ਬੈਠਾ ਤੇ ਪਠਾਣਾਂ ਤੋਂ ਬਦਲਾ ਲੈਣ ਲਈ ਹਿਰਾਤ ਕੰਧਾਰ ਨੂੰ ਭੀ ਜਾ ਚੱਕ ਮਾਰਿਆ, ਓੜਕ ਮੁਹੰਮਦ ਸ਼ਾਹ ਦਾ ਚਾਲ ਚੱਲਨ ਸੁਣਕੇ ਸੁਇਨੇ ਦੀ ਖਾਨ ਹਿੰਦੁਸਤਾਨ ਲੈਣ ਵਾਸਤੇ ਇਸ ਮਕਰ ਨਾਲ ਚੜ੍ਹ ਆਇਆ ਕਿ ਸਾਡੇ ਵੈਰੀ ਪਠਾਣ ਮੁਗਲਾਂ ਦੀ ਬਾਦਸ਼ਾਹੀ ਵਿੱਚ ਲੁਕੇ ਹੋਏ ਹਨ, ਕਾਬਲ ਨੂੰ ਫਤੇ ਕਰਦਾ ਪੰਜਾਬ ਨੂੰ ਉਠ ਦੌੜਿਆ, ਪਸ਼ੌਰ ਦੇ ਸੂਬੇ ਨਾਸਰਅਲੀਖਾਨ ਤੇ ਰੁਤਾਸ ਦੇ ਹਾਕਮ ਕਲੰਦਰ ਖਾਂ ਨੇ ਸਾਹਮਣਾ ਤਾਂ ਕੀਤਾ, ਪਰ ਕੁਛ ਨਾ ਬਣਿਆਂ, ਹਾਰਕੇ ਨਜ਼ਰਾਂ ਲੈ ਮਿਲੇ ॥

## ਸਿੰਘ ਤਾਂ ਏਹੋ ਜੇਹਾ ਸਮਾਂ ਗਦਰ ਪੈਣ ਦਾ ਆਉਣ ਵਾਸਤੇ ਹਰ ਵੇਲੇ ਅਰਦਾਸਾਂ ਕਰਦੇ ਤੇ ਨੱਕ ਰਗੜ ੨

ਦਿੱਲੀ ਵਾਲੇ ਮੁਹੰਮਦ ਸ਼ਾਹ ਨੇ ਆਸਫਜਾਹ ਤੇ ਸਆਦਤ ਖਾਂ ਨੂੰ ਮੋਰਚੇ ਵੰਡ ਦਿਤੇ (ਸਆਦਤ ਖਾਂ ਦੀ ਬੇਟੀ ਦੀ ਔਲਾਦ ਲਖਨਊ ਵਾਲੇ ਨਵਾਬ ਸੇ) ਟਾਕਰਾ ਤਾਂ ਦੋਹਾਂ ਦਲਾਂ ਦਾ ਹੋਇਆ, ਪਰ ਕਿੱਥੇ ਮੰਦੂਾਂ ਦੇ ਕਟੂਏ ਇੰਦੂ ਅਰਾਮੀ ਅਧ ਕੋਸ ਵਿੱਚ ਘਰਕ ਜਾਣ ਵਾਲੇ ਦਿਲਵਾਲੀ ਬਾਂਕੇ ਕੂਚੇ ਬਜ਼ਾਰਾਂ ਦੇ ਸੇਲਫ਼, ਨਖਰਿਆਂ ਚੁਖਰਿਆਂ ਦੇ ਧਨੀ ਮਸਖਰੇ; ਡਰਾਕੁਲ ਤੇ ਕਿਥੇ ਕਜ਼ਲਬਾਸ ਸੂਰਬੀਰ ਜੰਗ ਦੇ ਧਨੀ, ਪੰਜਾਹ ੨ ਕੋਹ ਧਾਵਾ ਮਾਰਕੇ ਦਮ ਲੈਣ ਵਾਲੇ, ਸਿਕਲ ਚੜੇ ਲੜਾਕੇ ਸਿਪਾਹੀ, ਅਲਬੱਤੇ ਮਸ਼ਕਰੀਆਂ ਤੇ ਮਜ਼ਾਖਾਂ ਅਤੇ ਲਤੀਫਿਆਂ ਦੀ ਲੜਾਈ ਹੁੰਦੀ ਤਾਂ ਜ਼ਰੂਰ ਦਿਲਵਾਲੀ ਜਿੱਤਦੇ, ਪਰ ਏਥੇ ਤਾਂ ਸਿਰਾਂ ਧੜਾਂ ਦੀ ਬਾਜ਼ੀ ਸੀ, ਪੰਜ ਹੱਲੇ ਭੀ ਈਰਾਨੀਆਂ ਦੁਰਾਨੀ- ਆਂ ਦੇ ਸਹਾਰ ਨਾ ਸੱਕੇ, ਐਸੇ ਨੱਠੇ ਦਿੱਲੀ ਵਿਚ ਜਾ ਦਮ ਲਿਆ। ਮੁਹੰਮਦ ਸ਼ਾਹ ਵਿਚਾਰਾ ਪੁਕਾਰਦਾ ਤੇ ਬਿੱਤਰ ੨ ਵੇਖਦਾ ਹੀ ਰਹਿ ਗਿਆ, ਹੋਰ ਕਿਵੇਂ ਬਚਾਉ ਨਾ ਦੇਖਿਆ ਤਾਂ ਹਾਰਕੇ ਕੁਛ ਅਮੀਰਾਂ ਸਮੇਤ ਨਾਦਰਸ਼ਾਹ ਦੇ ਪੈਰ ਜਾ ਫੜੇ, ਨਾਦਰ ਨੇ ਬਹੁਤ ਸਤਕਾਰ ਕੀਤਾ, ਆਸਫਜਾਹ ਨੇ ਦੋ ਕਰੋੜ ਦੇਣਾ ਕਰਕੇ ਨਾਦਰ ਨੂੰ ਉਥੋਂ ਹੀ ਮੋੜਨਾ ਕਰ ਲਿਆ, ਪਰ ਸੱਯਦਾਂ ਦੇ ਧੜੇ ਨੇ ਓਹ ਗਲ ਕੀਤੀ ਜਿਸਤਰਾਂ ਲੱਸਵਾਲਾ ਪਿੰਡ ਜੋ ਆਕੀ ਸੀ, ਸੰਮਤ ੧੯੦੯ ਬਿ: ਵਿਚ ਮਹਾਰਾਜਾ ਜੀਂਦ ਨੇ ਫਤੇ ਕਰਕੇ ਉਜਾੜ ਦਿਤਾ। ਚੌਧਰੀ ਫੜੇ ਆਏ ਤਾਂ ਰਾਜਾ ਨੇ ਪੁਛਿਆ, ਹੁਣ ਰਾਜ਼ੀ ਹੋ? ਓਹ ਬਾਂਗਰੂ ਜੱਟ ਬੋਲੇ ਲੇ ਭਈ ਗਾਮਲਾ ਉਸਕਾ ਰਾਜਾ ਤਾਂ ਕੇ ਹੋਯਾ ਹਮਾਰੇ ਛੋਹਰੇ ਛੋਹਰੀਆਂ ਨੇ ਹਾਥੀ ਤੋਪਾਂ ਦੀ ਲੜਾਈ ਤਾਂ ਦੇਖ ਲਈ। ਸੋ ਦਿੱਲੀ ਚਾਹੇ ਬਰਬਾਦ ਹੋਗਈ, ਦਿਲ ਵਾਲੀਆਂ ਨੇ ਤਾਂ ਨਾਦਰਸ਼ਾਹੀ ਦੇਖ ਲਈ।

ਦੂਸਰੇ ਦਿਨ ਬਕਰੀਦ ਸੀ, ਮੁਹੰਮਦਸ਼ਾਹ ਦੇ ਹੁਕਮ ਨਾਲ ਜੁੰਮੇ ਮਸਜਿਦ ਵਿਚ ਸਵੇਰ ਦੀ ਨਿਮਾਜ਼ ਦੇ ਵਕਤ (ਖੁਤਬਾ) ਧੰਨਵਾਦ ਨਾਦਰ ਦੇ ਨਾਮ ਦਾ ਪੜ੍ਹਿਆ ਗਿਆ, ਇਸਨੂੰ ਸੁਣਕੇ ਅਨੇਕਾਂ ਨੇ ਖੁਤਬੇ ਦਾ ਖਾਤਮਾ ਕਰ ਕੱਢਿਆ ਤੇ ਏਹ ਉਡਾ ਦਿਤਾ ਕਿ ਨਾਦਰ ਮਹਿਲਾਂ ਵਿਚ ਖਤਮ (ਕਤਲ) ਕੀਤਾ ਗਿਆ। ਏਹ ਗਲ ਕੂਚਾ ਲੈਕੇ ਕੂਚੇ ੨ ਵਿਚ ਨਿਕਲੀ। ਦਿਲਵਾਲੀ ਬਦਮਾਸ਼ਾਂ ਨੇ ਹੱਲਾ ਕਰਕੇ ੭੦੦ ਸਤ ਸੌ ਸਿਪਾਹੀ ਨਾਦਰ ਦਾ ਕਤਲ ਕਰ ਦਿਤਾ। ਇਸ ਖਬਰ ਨੂੰ ਸੁਣਕੇ ਨਾਦਰਸ਼ਾਹ ਰੌਸ਼ਨ ਦੌਲਾ ਦੀ ਮਸੀਤ ਵਿਚ ਜੋ ਸੁਨਹਿਰੀ ਹੈ, ਓਥੇ ਗੁੱਸੇ ਨਾਲ ਸਿਰਵਢਾਰ ਉਂਗਲ ਤਲਵਾਰ ਖਿੱਚਕੇ ਬੈਠਾ। ਫੌਜਦਾਰਾਂ ਨੇ ਆਮ ਕਤਲ ਦਾ ਇਸ਼ਾਰਾ ਸਮਝਕੇ ਧੂਹ ਲਈਆਂ, ਫੇਰ ਤਾਂ ਚਲ ਸੋ ਚਲ, ਪੱਕੀ ਕੱਚੀ ਢੱਕਕੇ ਚਾਰ ਪਹਿਰ ਵਿਚ ਇਕ ਲੱਖ ਤੇਤੀ ਹਜ਼ਾਰ ੧੩੩੦੦੦ ਮਾਰਕੇ ਸਥਾਰ ਕਰ ਦਿੱਤਾ। ਦੇਖੋ ਕੁਦਰਤ ਈਸ਼੍ਵਰ ਦੀ ਐਸੀ ਹੋਈ ਕਿ ਬਕਰੀਦ ਤੋਂ ਅਗਲੇ ਦਿਨ ਹੀ ਬੇਸ਼ੁਮਾਰ ਦਿਲਵਾਲੀ ਲੋਗ ਕੁਰਬਾਨ ਹੋਗਏ। ਕਜ਼ਲਬਾਸ਼ਾਂ ਨੇ ਬਹੁਤ ਜਗਾ ਸ਼ੈਹਰ ਵਿਚ ਅੱਗ ਲਾ ਦਿਤੀ, ਧੂੰਆ ਧਾਰ ਹੋਗਿਆ। ਜਾਣੋ ਰੱਬ ਦਾ ਕਹਿਰ, ਕਯਾਮਤ ਦਾ ਸਮਾਂ ਦਿੱਲੀ ਉਤੇ ਆ ਟੁਟਾ, ਕੂਚਿਆਂ ਵਿਚ ਲੋਥਾਂ ਦੇ ਢੇਰ ਤੇ ਲਹੂ ਦੇ ਹੜ ਵਗ ਪਏ। ਐਸੀ ਭਾਜੜ ਤੇ ਅਫੜਾ ਦਫੜੀ ਪਈ, ਮਾਂ ਨੇ ਪੁਤਰ, ਪਤੀ ਨੇ ਇਸਤ੍ਰੀ ਨੂੰ ਨਾ ਸੰਭਾਲਿਆ। ਓੜਕ ਮਹੰਮਦਸ਼ਾਹ ਅਮੀਰਾਂ ਨੂੰ ਨਾਲ

ਜੋ ਕੁਛ ਮੰਗਦੇ ਸੇ, ਮਿਲ ਗਿਆ। ਏਸ ਹਾਲ ਚਾਲ ਨੂੰ ਗਨੀਮਤ ਸਮਝਕੇ ਸਿੰਘ ਫੇਰ ਪੰਜਾਬ ਵਿਚ ਆ ਗੱਜੇ, ਕਿਉਂਕਿ ਸਿੰਘ ਤਾਂ ਏਹੋ ਜੇਹੇ ਰੌਲੇ ਵਿਚ ਬਹੁਤ ਖੁਸ਼ੀ ਰਹਿੰਦੇ ਸੇ, ਜਿਸਤਰਾਂ ਜਦ ਮਕੜੀ ਆਉਂਦੀ ਹੈ ਤਾਂ ਹੋਰ ਸਬ ਲੋਗ ਔਖੇ ਹੁੰਦੇ ਹਨ, ਪਰ ਸ਼ਿਕਾਰੀਆਂ ਨੂੰ ਖੁਸ਼ੀ ਹੋ ਜਾਂਦੀ ਹੈ। ਜਿਨਾਂ ਜਿਨਾਂ ਚੁਗਲਾਂ ਤੇ ਜ਼ਾਲਮਾਂ ਨੇ ਸਿੰਘਾਂ ਦੇ ਸੰਬੰਧੀ ਸੰਤਾਏ ਸਨ, ਉਨ੍ਹਾਂ ਨੂੰ ਖੂਬ ਸੋਧਿਆ। ਨਾਦਰਸ਼ਾਹ ਦੇ

---

ਘਾਲੇਕੇ ਹੱਥ ਜੋੜੇ ਸਾਹਮਣੇ ਨਾਦਰ ਦੇ ਆ ਖੜਾ ਹੋਯਾ। ਜਦ ਹੁਕਮ ਦਿਤਾ ਤਾਂ ਬੋਲਯਾ, ਬਾਦਸ਼ਾਹ ਮੇਰੀ ਗਰਦਨ ਕੱਟਕੇ ਖਲਕਤ ਨੂੰ ਅਮਨ ਬਖਸ਼ੋ? ਨਾਦਰ ਨੇ ਅਪਣੀ ਤਲਵਾਰ ਮਜਾਨ ਵਿਚ ਕਰ ਲਈ ਤਾਂ ਅਮਨ ਦੀ ਡੌਂਡੀ ਫਿਰ ਗਈ। ਵਾਹ ਰੇ ਨਾਦਰ ਤੇਰਾ ਹੁਕਮ! ਜਿਸਨੇ ਗਰਦਨ ਪਰ ਤਲਵਾਰ ਉਭਾਰੀ ਸੀ ਓਹ ਉਥੇ ਹੀ ਰੁਕ ਗਈ।

ਫੇਰ ਨਾਦਰ ਦੇ ਲੋਕਾਂ ਨੇ ਬੜੇ੨ ਦੁਖ ਦੇਖਕੇ ਦੌਲਤ ਕਢਾ ਲਈ ੫੯ ਦਿਨ ਲੁੱਟ ਮਚਾਈ ਰਖੀ। ਸੰ: ੧੧੫੧ ਹਿਜਰੀ ਤੇ ਫੱਗਣ ਸੰ: ੧੭੯੬ ਬਿ: ਨੂੰ ਨਾਦਰ ਪੰਜਾਬ ਵਿਚ ਆਯਾ ਤੇ ੯੭ ਵਿਚ ਅਪਨੇ ਵਤਨ ਨੂੰ ਤੁਰ ਗਿਆ। (ਯਥਾ ਗੁਰ ਵਾਕ ਪੇਸ਼ੀਨ ਗੋਈ—"ਆਉਣ ਅਠਤ੍ਰੈ ਜਾਣ ਸਤਾਨਵੇਂ ਹੋਰ ਭੀ ਉਠਸੀ ਮਰਦ ਕਾ ਚੇਲਾ") ਏਹ ਬਚਨ ਗੁਰੂ ਨਾਨਕ ਜੀ ਨੇ ਏਮਨਾਬਾਦ ਭਾਈ ਲਾਲੋ ਦੇ ਸਵਾਲ ਕਰਨੇ ਪਰ ਸੰ: ੧੫੬੨ ਬਿ: ਨੂੰ ਉਚਾਰਯਾ ਸੀ, ਲਾਲੋ ਨੇ ਪੁਛਿਆ ਸੀ ਏਹ ਜ਼ਾਲਮ ਪਠਾਣ ਕਦੋਂ ਜਾਣਗੇ? ਸੋ ੧੫੭੮ ਨੂੰ ਆਨਕੇ ਬਾਵਰ ਮੁਗਲ ਨੇ ਪਠਾਣ ਖੋ ਦਿਤੇ, ੧੭੯੭ ਵਿਚ ਨਾਦਰ ਮੁਗਲਾਂ ਨੂੰ ਛੋੜ ਗਿਆ, ਫੇਰ ਮਰਦ ਕਾ ਚੇਲਾ ਖਾਲਸਾ ਉਠ ਖੜੋਤਾ, ਬਚਨ ਸਫਲਾ ਹੋਇਆ) ਦਿੱਲੀ ਵਿਚੋਂ ਬੱਤੀ ੩੨ ਕ੍ਰੋੜ ਰੁਪਯਾ ਲੈ ਗਿਆ, ਜਿਸ ਵਿਚ ਸਿਰਫ ਸਤ ਕ੍ਰੋੜ ਦਸ ਲੱਖ ਦਾ ਇਕ ਤਖਤ ਤਾਊਸੀ ਹੀ ਸੀ, ਇਕ ਜੋੜੀ ਲਾਲਾਂ ਦੀ, ਜਿਨਾਂ ਦੇ ਚਾਨਣੇ ਨਾਲ ਬਾਦਸ਼ਾਹ ਰਾਤ ਨੂੰ ਕੁਰਾਨ ਪੜ੍ਹਦਾ ਹੁੰਦਾ ਸੀ, ਦੂਸਰੇ ਇਕ ਸ਼ੈਹਨਕੂਰ ਮੱਛੀ ਜਿਸਦੇ ਗੁਣ ਤਵਾਰੀਖਾਂ ਵਿਚ ਬਹੁਤ ਲਿਖੇ ਹਨ, ਤੀਸਰੇ ਇਕ ਐਨ ਚੈਨ ਦੀ ਮਾਲਾ ਜਿਸ ਵਿਚ ਐਸੇ ਰਤਨ ਮਣਕੇ ਸੇ ਕਿ ਨੇਤ੍ਰਾਂ ਨੂੰ ਛੁਹਾਈਏ ਤਾਂ ਸਬ ਰੋਗ ਜਾਂਦੇ ਰੈਹਨ, ਚੌਥੇ ਇਕ ਗੁਲਾਬੀ ਹੀਰਾ, ਜੋ ਤਾਨੇਸ਼ਾਹ ਪਾਸੋਂ ਔਰੰਗਜ਼ੇਬ ਨੇ ਖੋਹਯਾ ਸੀ, ਏਸਦੀ ਚਮਕ ਨਾਲ ਸਾਰੇ ਮਕਾਨ ਗੁਲਾਬੀ ਹੀ ਨਜ਼ਰ ਆਵਨ, ਏਸ ਦਾ ਤੋਲ ੩੨ ਮਾਸ਼ੇ ੩ ਰਤੀ ਸੀ, ਪੰਜਵੇਂ ਦੋ ਮੋਤੀ ਅੰਡੇ ਦੇ ਅਕਾਰ ਜਿਨਾਂ ਦੇ ਬਰਾਬਰ ਹੋਰ ਕਿਤੇ ਮੋਤੀ ਨਹੀਂ, ਛੇਵਾਂ ਕੋਹਨੂਰ ਹੀਰਾ ਪਾਂਡਵਾਂ ਦੇ ਸਮੇਂ ਦਾ, ਜੇਹੜਾ ਫੇਰ ਸ਼ਾਹਸਜਾਉਲ ਕਾਬਲ ਦੇ ਬਾਦਸ਼ਾਹ ਪਾਸੋਂ ਮਹਾਰਾਜਾ ਰਣਜੀਤ ਸਿੰਘ ਪਾਸ ਆਇਆ, ਤੇ ਹੁਣ ਓਹੋ ਹੀਰਾ ਸ੍ਰੀ ਮਹਾਂਰਾਣੀ ਵਿਕਟੋਰੀਆ ਦੇ ਪਾਸ ਹੈ, ਸਤਵੇਂ ਜੌੜਾ, ਭੌਰਾ ਅਠਵੇਂ ਦਰਿਆਈ ਘੋੜੇ, ਏਹੋ ਜੇਹੇ ਚੰਗੇ੨ ਬਹੁਤ ਤੋਫੇ ਤੇ ਬੇਗਮਾਂ ਦੇ ਜ਼ੇਵਰ ਨਾਦਰ ਨੇ ਲਏ, ਤੇ ਅਨੇਕ ਪਿੰਡਾਂ ਨੂੰ ਲੁੱਟ ਮਾਰ, ਫੂਕ, ਢਾਹਕੇ ਉਜਾੜ ਕਰ ਗਿਆ, ਸਭ ਤੋਂ ਪੈਹਲੇ ਫ਼ਲਮਾਂ ਵਿੱਚ ਏਸੇ ਦਾ ਨਾਮ ਲਿਖਿਆਂ ਗਿਆ॥

Digitized by Panjab Digital Library | www.panjabdigilib.org

ਆਵਣੇ ਨੇ ਸਬ ਹਾਕਮਾਂ ਦੀ ਜਿੰਦ ਕੁੜੱਕੀ ਵਿੱਚ ਲੈ ਰੱਖੀ ਸੀ, ਆਪਣੇ੨ ਬਚਾਉ ਦੇ ਫ਼ਿਕਰ ਵਿੱਚ ਸਬ ਦੇਸਾਹ ਸੁਕਰ ਹੇ ਸਨ, ਸਿੰਘਾਂ ਦੇ ਪਿੱਛੇ ਤਾਂ ਕੀ ਲੱਗਣਾਂ ਸੀ, ਸਗੋਂ ਨਵਾਬ ਕਪੂਰ ਸਿੰਘ ਪਾਸ ਵਕੀਲ ਭੇਜ ਕੇ ਅੱਗੇ ਨੂੰ ਮਦਦ ਤੇ ਪਿਛਲੇ ਗੁਨਾਹਾਂ ਦੀ ਮਾਫੀ ਮੰਗ ਰਹੇ ਸਨ, ਤੇ ਆਖਦੇ ਸਨ, ਅਸੀਂ ਤੁਸੀਂ ਭਾਵੇਂ ਕਿਤਨੇ ਵਾਰੀ ਲੜੀਏ, ਫੇਰ ਭੀ ਦੇਸੀ ਭਾਈ ਹਾਂ, ਤਾਂ ਤੇ ਤੁਸੀਂ ਅਸੀਂ ਮਿਲ ਜੁਲਕੇ ਜਿਸ ਤਰਾਂ ਹੋ ਸਕੇ ਏਨ੍ਹਾਂ ਦੁਰਾਨੀਆਂ ਤੋਂ ਬਚੀਏ ॥

## ਸਿੰਘਾਂ ਨੇ ਨਾਦਰ ਸ਼ਾਹ ਨੂੰ ਸੋਧਨਾ

ਫੇਰ ਜਦ ਨਾਦਰਸ਼ਾਹ ਨੇ ਪਾਣੀਪਤ ਕਰਨਾਲ ਦੇ ਵਿਚਕਾਰ ਜੰਗ ਵਿੱਚ ਮੁਗਲਾਂ ਨੂੰ ਫਤੇ ਕਰ ੫੮ ਦਿਨ ਦਿੱਲੀ ਨੂੰ ਲੁੱਟ ਕਤਲ ਕਰਕੇ ਮਥਰਾ ਤੀਕਰ ਦੇਸ ਨੂੰ ਭਲੀ ਤਰਾਂ ਗਾਹਿਆ, ਤੇ ਪੰਜਾਹ ਹਜ਼ਾਰ ਮਰਦ ਔਰਤ ਕੈਦ ਕਰਕੇ ਅਤੇ ਦੌਲਤ ਬੇਸ਼ੁਮਾਰ ਲੈਕੇ ਮੋੜਾ ਘੱਤਿਆ, ਤਦ ਅਨੇਕ ਗੱਡੇ, ਊਠ, ਹਾਥੀ ਖੱਚਰਾਂ, ਗਧੇ, ਧਨ ਦੇ ਲੱਦੇ ਹੋਏ ਦਿੱਲੀ ਤੋਂ ਕਾਬੁਲ ਨੂੰ ਚਲੇ, ਤਾਂ ਸਿੰਘਾਂ ਦੇ ਅਨੇਕ ਜੱਥੇ ਸੜਕ ਦੇ ਦੋਹੀਂ ਪਾਸੀਂ ਵੀਹ ੨ ਕੋਹ ਜੰਗਲਾਂ ਵਿੱਚ ਆ ਬੈਠੇ। ਕੁਰੁਖੇਤ੍ਰ ਤੋਂ ਲੈਕੇ ਅਟਕ ਤੀਕਰ ਸਿੰਘਾਂ ਨੂੰ ਭੇਤ ਦੇਣ ਵਾਲੇ ਭੇਤ ਦਿੰਦੇ ਰਹੇ, ਤੇ ਸਿੰਘ ਵੇਲੇ ਕੁਵੇਲੇ ਛਾਪੇ ਮਾਰ ਮਾਰ ਦੰਦ ਖਟੇ ਕਰਦੇ ਰਹੇ, ਜੇਹੜੀ ਮਾਯਾ ਲੁਟਣ ਓਹ ਲੋੜਵੰਦਾਂ ਨੂੰ ਵੰਡ ਦੇਣ, ਦਿੱਲੀ ਬੈਠਾ ਨਾਦਰ ਤਾਂ ਓਥੋਂ ਦਾ ਧਨ ਸਮੇਟ ਰਿਹਾ ਸੀ, ਤੇ ਸਿੰਘ ਓਸਦਾ ਛੱਡਿਆ ਰਾਹ ਵਿੱਚ ਭੰਨ ਰਹੇ ਸਨ, ਜੇਹੜਾ ਸੌ ਸੌ, ਦੋ, ਦੋ ਸੌ ਦਾ ਟੋਲਾ ਗਡਿਆਂ ਊਠਾਂ ਨਾਲ ਰਖਵਾਲਾ ਹੁੰਦਾ ਸੀ, ਜੇ ਓਹ ਸਿੰਘਾਂ ਦੇ ਪਿੱਛੇ ਪੈਂਦਾ ਤਾਂ ਸਿੰਘ ਉਸਨੂੰ

Digitized by Panjab Digital Library | www.panjabdigilib.org

ਆਪਣੇ ਦੋਹੁੰ ਜੱਥਿਆਂ ਦੀ ਕੁੜੱਕੀ ਵਿਚ ਲਿਆਕੇ ਖੂਬ ਸੋਧਦੇ। ਸਿੰਘਾਂ ਵਿਚ ਕਈ ਧਾੜਵੀ ਲੋਕ ਵੀ ਰਲ ਜਾਂਦੇ ਜੋ ਰੰਗੀਤਰਾਂ ਲੁਟਮਾਰਕਰਦੇ,ਪਰਨਾਮ ਏਹੋਹੁੰਦਾਸੀਕਿ ਸਿੰਘ ਲੁਟਕੇਲੈਗਏ।

## ਨਾਦਰ ਨੇ ਸੂਬੇ ਤੋਂ ਸਿੰਘਾਂ ਦਾ ਹਾਲ ਪੁੱਛਨਾ

ਜਦ ਨਾਦਰ ਨੇ ਖਜ਼ਾਨਾ ਲੁੱਟਣ ਦੀ ਸਾਰ ਪਾਈ ਤਾਂ ਫੌਜ ਕਈਵਾਰੀ ਚੜ੍ਹਾਈ, ਪਰ ਸਿੰਘਾਂ ਨੇ ਭਾਹ ਨ ਦਿਤੀ। ਆਖਰ ਬੜੇ ਗੁਸੇ ਵਿਚ ਆਕੇ ਲਾਹੌਰ ਦੇ ਸੂਬੇ ਨੂੰ ਪੁਛਿਆ ਕਿ ਜਿਨਾਂ ਕਜ਼ਾਕਾਂ ਨੇ ਮੇਰਾ ਡਰ ਨਹੀਂ ਮੰਨਿਆਂ ਤੇ ਮੇਰੀ ਦੌਲਤ ਲੁੱਟ ਖੜੀ ਹੈ ਉਨਾਂ ਦਾ ਦੇਸ ਮੈਨੂੰ ਦੱਸ, ਮੈਂ ਉਨਾਂ ਦਾ ਨਿਸ਼ਾਨ ਉਠਾ ਦੇਵਾਂ, ਮੇਰਾ ਨਾਉਂ ਨਾਦਰ ਜ਼ਾਲਮ ਹੈ, ਮੈਂ ਬੜੇ ਬੜੇ ਰਾਖਸ਼ ਸਿੱਧੇ ਕਰ ਛਡੇ ਹਨ, ਮੇਰੀ ਬੱਬਰ ਸ਼ੇਰ ਦੀ ਦਾੜ੍ਹ ਵਿਚੋਂ ਮਾਸ ਲੈਣ ਵਾਲੇ ਓਹ ਕੌਣ ਹਨ? ਖਾਨ ਬਹਾਦਰ ਬੋਲਿਆ, ਜਹਾਂ ਪਨਾਹ ਏਹ ਇਕ ਅਜਬ ਢੰਗ ਦਾ ਸਿੰਘ ਨਾਮ ਖਾਲਸਾ ਪੰਥ ਹੈ, ਏਨਾਂ ਸਿੰਘਾਂ ਦਾ ਪਿੰਡ, ਦੇਸ, ਘਰ, ਘਾਟ, ਕਿਲਾ, ਕੋਟ ਕੋਈ ਨਹੀਂ।ਬਰਸਾਤ ਦੀਆਂ ਖੁੰਬਾਂ ਵਾਂਗੂੰ ਆਪਨੇ ਆਪ ਕਿਧਰੋਂ ਨਿਕਲਕੇ ਪਲੇ ਪਲਾਇ ਏਸ ਮਜ਼ਬ ਵਿਚ ਆ ਰਲਦੇ ਹਨ, ਏਹ ਤਾਂ ਖੁਦਾਈ ਰਸ਼ਮਾਂ ਸਮਝੋ। ਗੁਲਾਬ ਦੇ ਬੂਟੇ ਦੀ ਤਰਾਂ ਜਜੋਂ ਜਜੋਂ ਕਟੀਦੇ ਹਨ, ਤ੍ਰਜੋਂ ੨ ਵਧਦੇ ਹਨ, ਅਸੀ ਏਨਾਂ ਨੂੰ ਮਾਰਦੇ ਮਾਰਦੇ ਹਾਰ ਗਏ ਹਾਂ, ਏਹ ਮੁਕਦੇ ਨਹੀਂ, ਜੰਗ ਵਿਚ ਸ਼ਹੀਦ ਹੋਣ ਵਾਸਤੇ ਭਵੱਕੜਾਂ ਵਾਂਗੂੰ ਆਕੇ ਬੇਸ਼ੁਮਾਰ ਜਾਨਾਂ ਦੇ ਦਿੰਦੇ ਹਨ, ਪਰ ਫੇਰ ਭੀ ਏਹ ਚੌਣੇ ਪਚੌਣੇ ਦੇਖੀ ਦੇ ਹਨ, ਸਾਡੇ ਲੱਖਾਂ ਬੰਦੇ ਮਰਕੇ ਪਿੰਡ ਖਾਲੀ ਹੋ ਗਏ, ਫੇਰ ਏਨਾਂ ਦੇ ਘੋੜੇ ਤੇ ਏਹ ਖਬਰ ਨਹੀਂ ਲੋਹੇ ਦੇ ਬਣੇ ਹਨ,

Digitized by Panjab Digital Library | www.panjabdigilib.org

ਜੋ ਬਿਨਾਂ ਕੁਛ ਖਾਧੇ ਪੀਤੇ ਸੌ, ਸੌ ਕੋਹ ਤਕ ਰੋਜ਼ ਧਾਵੇ ਮਾਰਦੇ ਹਨ ਤੇ ਸਾਗ ਪੱਤ੍ਰ, ਪਜਾਜ਼, ਮੂਲੀ, ਗਾਜਰ, ਵਤਾਊਂ, ਕਣਕ ਰਣੇ, ਕੱਚਾ ਮਾਸ, ਬਿਨਾਂ ਨਿਮਕ ਮਿਰਚ ਖਾਕੇ ਖੁਦਾ ਦਾ ਸ਼ੁਕਰ ਬਜਾ ਲਜਾਉਂਦੇ ਹਨ, ਤੇ ਘੋੜੇ ਦੀ ਪਿੱਠ ਹੀ ਪਲੰਘ ਹੈ। ਤੁਰਦੇ ਫਿਰਦੇ ਸੌਂ ਲੈਂਦੇ ਹਨ, ਸਿਰ ਉੱਤੇ ਪਗੜੀ, ਤੇੜ ਜਾਂਘੀਏ (ਕੱਛਾਂ) ਭੂਰੇ, ਯਾ ਚਾਦਰ ਦੀ ਗਿਲਤੀ ਤੋਂ ਬਿਨਾ ਕਪੜਾ ਹੋਰ ਨਹੀਂ ਪੈਹਨਦੇ, ਪਰ ਹਥਿਆਰ ਜਿਤਨੇ ਮਿਲ ਜਾਨ ਓਤਨੇ ਹੀ ਥੋੜੇ ਹਨ, ਤੇ ਦੰਗਾ ਕਰਨਾ ਤਾਂ ਇਨਾਂ ਦੀ ਜ਼ਾਤ ਸ਼ੌਕ ਹੈ। ਲੜਨ, ਭਿੜਨ ਦੇ ਆਸ਼ਕ ਹਨ, ਪੰਜ ਸੌ ਨਾਲ ਪੰਜ ਮੱਥਾ ਲਾਹ ਖੜੋਂਦੇ ਹਨ, ਜਖਮ ਏਨਾਂ ਦੇ ਗੰਡੇ ਵਾਂਗੂ ਆਪੇ ਮਿਲ ਜਾਂਦੇ ਹਨ, ਗਰਮੀ ਸਰਦੀ ਦੀ ਬੀਮਾਰੀ ਕਦੇ ਕੋਈ ਏਨਾਂ ਨੂੰ ਨਹੀਂ ਬਿਆਪਦੀ; ਜਿਸਤਰਾਂ ਅਸੀ ਹਿੰਦੂਆਂਨੂੰ ਮਾਰਣਾ ਸਵਾਬ ਸਮਝਦੇਹਾਂ ਏਸੇ ਤਰਾਂ ਏਹ ਜ਼ੁਲਮ ਦਾ ਨਾਸ ਕਰਨਾ ਧਰਮ ਸਮਝਦੇ ਹਨ, ਸਿਵਾਏ ਲੁਟ ਮਾਰਦੇ ਹੋਰ ਕੋਈ ਕੰਮ ਨਹੀਂ ਕਰਦੇ, ਹਿੰਦੂ ਮੁਸਲਮਾਨ ਦੋਹਾਂ ਤੋਂ ਏਨਾਂ ਦਾ ਜੁਦਾ ਹੀ ਮਜ਼ੁਬ ਹੈ, ਇਕ ਰੱਬ ਤੋਂ ਸਿਵਾਇ ਹੋਰ ਕਿਸੇ ਨੂੰ ਨਹੀਂ ਮੰਨਦੇ। ਸਲਾਮ ਤੇ ਰਾਮ ਰਾਮ ਦੀ ਜਗਾ ਵਾਹਿਗੁਰੂ ਜੀ ਕੀ ਫਤੇ ਬੁਲਾਉਂਦੇ ਹਨ। ਰਾਤ ਦਿਨੇ ਆਪਣੇ ਗੁਰੂ ਦੀ ਬਾਣੀ (ਕਲਾਮ) ਪੜ੍ਹਦੇ ਹਨ, ਸ਼ਾਦੀ ਗਮੀ ਤੋਂ ਰਹਤ ਹਨ। ਹਾਨ, ਲਾਭ ਸਬ ਗੁਰੂ ਕੇ ਭਾਣੇ ਵਿੱਚ ਮੰਨਕੇ ਖੁਸ਼ੀ ਰਹਿੰਦੇ ਹਨ। ਜੋ ਕੁਛ ਮਾਲ ਬਾਹਰੋਂ ਲੁੱਟ ਪੁਟਕੇ ਲਜਾਂਵਦੇ ਹਨ ਸਬ ਗੁਰੂ ਕਾ ਸਮਝਕੇ ਆਪਸ ਵਿੱਚ ਬਰਾਬਰ ਵੰਡ ਲੈਂਦੇ ਹਨ, ਸਬ ਇਕੋ ਜੇਹਾ ਵੰਡਕੇ ਛਕ ਲੈਂਦੇ ਹਨ, ਜੇ ਕੋਈ ਭੁਖਾ ਨੰਗਾ ਲੋੜਵੰਦ ਆ ਜਾਏ ਤਾਂ ਉਸਦੀ ਲੋੜ ਪੂਰੀ ਕਰਦੇ ਹਨ,

Digitized by Panjab Digital Library | www.panjabdigilib.org

ਦੁਸ਼ਾਇਗੀ ਕਦੇ ਨਹੀਂ ਕਰਦੇ, ਬੋਲੀ ਭੀ ਏਨਾਂ ਦੀ ਸਬ ਤੋਂ ਨਜਾਰੀਹੈ। ਇਤਜਾਦਕ ਗੱਲਾਂ ਸੁਣਕੇ ਨਾਦਰਸ਼ਾਹ ਨੇ ਹੈਰਾਨ ਹੋਕੇ ਆਖਜਾ, ਜੇਕਰ ਏਹ ਕੌਮ ਠੀਕ ਐਸੀ ਹੀ ਹੈ ਜੈਸੀ ਤੂੰ ਆਖਦਾ ਹੈਂ ਤਾਂ ਅਸੀ ਤੁਸੀਂ ਏਨ੍ਹਾਂ ਦਾ ਕੀ ਖੋਹ ਸੱਕਦੇ ਹਾਂ? ਤੁਸੀ ਸੱਚ ਜਾਣੋ ਕਦੇ ਨਾ ਕਦੇ ਏਹੋ ਪੰਥ ਮੁਲਕ ਦਾ ਮਾਲਕ ਬਣ ਜਾਵੇਗਾ, ਏਨਾਂ ਨਾਲ ਤੁਸੀ ਵਿਰੋਧ ਨਾ ਕਰੋ ਏਹ ਤੁਹਾਡੇ ਸਾਡੇ ਮਾਰਣ ਦੇ ਨਹੀਂ॥

## ਖਾਨ ਬਹਾਦੁਰ ਤੇ ਸਿੰਘਾਂ ਦਾ ਸੰਬਾਦ ਬਖੇੜਾ

ਜਦਜਪਿ ਨਾਦਰਸ਼ਾਹ ਤਾਂ ਸੱਚਾ ਉਪਦੇਸ਼ ਦੇ ਕੇ ਹਾੜ ਸੰਮਤ ੧੭੯੭ ਬਿਕ੍ਰਮੀ ਨੂੰ ਆਪਣੇ ਦੇਸ ਵੱਨੇ ਤੁਰ ਗਿਆ, ਪਰ ਖਾਨ ਬਹਾਦਰ ਨੂੰ ਈਰਖਾ ਦੀ ਅੱਗ ਨੇ ਜੇਠ ਮਹੀਨੇ ਦੇ ਪਰਬਤ ਵਾਂਗੂ ਤਪਾ ਰਖਜਾ ਸੀ, ਉਹ ਨਾਦਰ ਬਾਦਰ ਦੀ ਸਿੱਖ ਮਤ ਬਰਖਾ ਨੂੰ ਪਾਕੇ ਫੇਰ ਭੀ ਠੰਢਾ ਨਾ ਹੋਯਾ,ਸਗੋਂ ਐਸੀ ਭੜਾਸ ਛੱਡੀ ਜੋ ਸਿੰਘਾਂ ਨੂੰ ਆਖ ਭੇਜਜਾ,ਕਿ ਨਾਦਰ ਦੀ ਦੌਲਤ ਜੋ ਤੁਸੀ ਲੁਟੀ ਹੈ ਸੋ ਅੱਧੀ ਮੈਨੂੰ ਦੇ ਦਿਓ ਨਹੀਂ ਤਾਂ ਮੈਂ ਤੁਹਾਡੇ ਤੇ ਜ਼ੁਲਮ ਕਰਾਂਗਾ। ਸਿੰਘਾਂ ਨੇ ਜਵਾਬ ਦਿੱਤਾ—ਸ਼ੇਰਾਂ, ਬਘਜਾੜਾਂ ਦੀਆਂ ਦਾੜ੍ਹਾ ਵਿਚੋਂ ਕਦੇ ਕਿਸੇ ਨੂੰ ਮਾਸ ਲੱਭਜਾ ਹੈ ? ਇਹ ਜੁਵਾਬ ਸੁਣਕੇ ਸੂਬੇ ਨੂੰ ਤਾਂ ਸਣੇ ਕੱਪੜੀਂ ਅੱਗ ਲੱਗ ਉਠੀ। ਚੁਗਲ ਚੌਧਰੀਆਂ ਨੂੰ ਤੱਦੀ ਕਰਕੇ ਫੌਜ ਚੜ੍ਹਾ ਦਿੱਤੀ, ਫੇਰ ਦੇਸ ਵਿਚ ਖਰੂਦ ਮਚਗਿਆ। ਪਰਜਾ ਵਿਚ ਤਾਂ ਪਹਿਲੇ ਹੀ ਸਾਹ ਸਤ ਨਹੀਂ ਸੀ, ਏਸ ਚਾਨਣ ਚੋਰ ਨਾਜ਼ਮ ਨੇ ਰਹਿੰਦੀ ਖੂੰਹਦੀ ਖਲਕਤ ਹੋਰ ਗੋਡਜਾਂ ਭਾਰਮਾਰੀ, ਕਜੋਂਕੇ ਜਜੋਂ ੨ ਓਹ ਸਿੰਘਾਂ ਨੂੰਦੁਖਦਿੰਦਾਸੀ ਤਜੋਂ

Digitized by Panjab Digital Library | www.panjabdigilib.org

ਛੁਜੇਂ ਛੂਮਣੇ ਮਖੀਰ ਵਾਂਗੂ ਸਿੰਘ ਓਸਦੀ ਪਰਜਾ ਨੂੰ ਸੋਧਦੇ ਸੇ, ਏਹੋ ਹਾਲ ਕਈ ਬਰਸ ਬਣਿਆਂ ਰਿਹਾ । ਜੇੜ੍ਹੇ ਸਿੰਘ ਖੇਤੀ ਬਪੋਪਾਰ ਛੱਡਕੇ ਕਦੇ ਲੁੱਟ ਮਾਰ ਵਿਚ ਨਹੀਂ ਗਏ ਸੇ, ਓਸ ਅੰਧਾ ਧੁੰਦ ਵਿਚ ਓਹੋ ਜੇਹੇ ਸਤੋਗੁਣੀ ਧਰਮੀ ਸਿੰਘਾਂ ਨੂੰ ਭੀ ਚੁਗਲਾਂ ਨੇ ਬੜਾ ੨ ਦਿਨਾਮ ਪਾਏ ।

## ਜੰਡਿਆਲੀਏ ਨੇ ਤਾਰੂ ਸਿੰਘ ਫੜਾਨਾ

ਓਸ ਸਮੇਂ ਲੋਭ ਲਹਿਰ ਦੇ ਗਹਿਰੇ ਹੋਏ ਜੰਡਜਾਲੇ ਵਾਲੇ ਆਕੁਲਦਾਸ ਮਹੰਤ ਨੇ ਜੇੜ੍ਹਾ ਆਪਨੂੰ ਹਰਿ ਭਗਤ ਸਦਾਉਂਦਾ ਸੀ, ਐਸਾ ਚੰਡਾਲਾਂ ਵਾਲਾ ਕੰਮ ਕੀਤਾ ਜੋ ਭਾਰੇ ਹੱਤਜਾਰੇ ਭੀ ਨਹੀਂ ਕਰਦੇ । ਭਾਈ ਤਾਰੂ ਸਿੰਘ ਜ਼ਿਮੀਂਦਾਰ ਅੰਮ੍ਰਿਤਸਰ ਦੇ ਪਰਗਣੇ ਪੂਲੇ ਪਿੰਡ ਦਾ ਇਕ ਬੜਾ ਭਾਰੀ ਸਿਦਕੀ ਸਿਖ ਸੀ, ਜ਼ਿਮੀਨ ਭੀ ਏਸਦੇ ਪਾਸ ਬਹੁਤ ਸੀ, ਖੇਤੀ ਕਰਾਉਂਦਾ ਲੰਗਰ ਚਲਾਉਂਦਾ। ਏਸਦੀ ਮਾਈ ਤੇ ਭੈਣ ਰਾਤ ਦਿਨੇ ਪਰਸਾਦੇ ਪਕਾ ਪਕਾ ਛਕਾਉਂਦੀਆਂ ਰਹਿੰਦੀਆਂ, ਕਿਸੇ ਹਿੰਦੂ ਯਾ ਮੁਸਲਮਾਨ ਨੂੰ ਜਵਾਬ ਨਹੀਂ ਸੀ, ਕੋਈ ਆਵੇ ਛਕ ਜਾਵੇ, ਤਾਰੂ ਸਿੰਘ ਜੀ ਨੇ ਵਿਆਹ ਭੀ ਨਹੀਂ ਕਰਾਇਆ ਸੀ, ਭਜਨ ਭਗਤੀ ਵਿਚ ਭਿੰਨਾਂ ਰੰਹਦਾ, ( ਦਿਲ ਯਾਰ ਵੰਨੀ । ਹਥ ਕਾਰ ਵੰਨੀ ) ਏਤਨੀ ਗੱਲ ਤੋਂ ਬਿਨਾਂ ਹੋਰ ਕੁਛ ਜਾਣਦਾ ਹੀ ਨਹੀਂ ਸੀ, ਜੇਹੜੇ ਸਿੰਘ ਵੈਰੀਆਂ ਤੋਂ ਡਰਦੇ ਜੰਗਲਾਂ ਵਿਚ ਭੁਖੇ ਤਿਹਾਏ ਪਏ ਰੰਹਦੇ ਸੇ, ਓਹਨਾਂ ਨੂੰ ਭੀ ਰਾਤ ਬਿਰਾਤੇ ਏਸੇ ਦੇ ਲੰਗਰੋਂ ·ਰੋਟੀ ਪਹੁੰਚਦੀ, ਮੁਸਲਮਾਨ ਤਾਂ ਓਸਨੂੰ ਅੱਲਾ ਵਾਲਾ ਸੁਖੀ ਮਰਦ ਸੁਲਾਕੁਲ ਸਮਝਕੇ ਓਸਦਾ ਬੁਰਾ ਨਹੀਂ ਚਿਤਵਦੇ ਸੇ, ਪਰ ਆਕੁਲ ਦਾਸ ਨੇ ਖੈਰਖ੍ਵਾਹੀ

Digitized by Panjab Digital Library | www.panjabdigilib.org

ਜਿਤਾਉਣ ਤੇ ਇਨਾਮ ਪਾਉਣ ਲਈ (ਵੈਰੀ ਬਾਤ ਕਰੇ ਅਣਹੁੰਦੀ) ਝੂਠੀਆਂ ਸੱਚੀਆਂ ਤੁਹਮਤਾਂ ਸੂਬੇ ਪਾਸ ਲਾਕੇ ਭਾਈ ਤਾਰੂ ਸਿੰਘ ਨੂੰ ਫੜਾ ਦਿੱਤਾ। ਜਦ ਸਿਪਾਹੀ ਲੈਕੇ ਭੜਾਣੇ ਪਿੰਡ ਪਹੁੰਚੇ ਤੇ ਲੋਗਾਂ ਨੂੰ ਖਬਰ ਹੋਈ ਤਾਂ ਓਹ ਲੋਗ ਸਿਪਾਹੀਆਂ ਨੂੰ ਮਾਰਕੇ ਤਾਰੂ ਸਿੰਘ ਦੇ ਛੁਡਾਉਣ ਲਈ ਆ ਕੱਠੇ ਹੋਏ। ਤਾਰੂ ਸਿੰਘ ਨੇ ਓਨਾਂ ਨੂੰ ਵਰਜਿਆ ਤੇ ਆਖਯਾ, ਭਾਈ ਸਿਖੋ! ਤੁਹਾਡਾ ਪ੍ਰੇਮ ਪੁਰਖਾਰਥ ਸੱਚਾ ਹੈ, ਤੁਸੀ ਛੁਡਾ ਸਕਦੇ ਹੋ, ਪਰ ਇਕ ਤਾਂ ਤੁਹਾਨੂੰ ਕਲੇਸ਼ ਹੋਵੇਗਾ, ਦੂਸਰੇ ਮੈਨੂੰ ਫੇਰ ਭੀ ਫੜਕੇ ਲੈ ਜਾਣਗੇ, ਤੇ ਮੈਂ ਤਾਂ ਸੂਬੇ ਦਾ ਕੋਈ ਗੁਨਾਹ ਨਹੀਂ ਕੀਤਾ, ਮੈਨੂੰ ਬੇਗੁਨਾਹੇ ਨੂੰ ਓਹ ਦੁਖ ਕਿਉਂ ਦੇਵੇਗਾ? ਭਲਾ ਓੜਕ ਜੇ ਜਾਨ ਲੈਣੀ ਚਾਹੂ ਤਾਂ ਸਭ ਤੋਂ ਚੰਗੀ ਗੱਲ ਲੈ ਲਵੇ, ਕਿਉਂਕਿ ਜਿਸ ਧਰਮ ਦੀ ਰੱਖਯਾ ਬਦਲੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿਰ ਦਿੱਤਾ, ਫੇਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਪਨੇ ਆਪ ਨੂੰ ਕਸ਼ਟਾਂ ਵਿਚ ਪਾਇਆ, ਖੰਡਾ ਫੜਿਆ, ਜੰਗ ਕੀਤੇ, ਆਪਣੇ ਸਾਹਿਬਜ਼ਾਦੇ ਅੱਖੀਆਂ ਦੇ ਸਾਹਮਣੇ ਸ਼ਹੀਦ ਕਰਾਏ, ਪਰ ਧਰਮ ਨਾ ਛਡਿਆ, ਦੇਖੋ ਜਿਸ ਧਰਮ ਉੱਤੇ ਭਾਈ ਮਨੀ ਸਿੰਘ ਜੈਸੇ ਅਨੇਕ ਹਠੀਲੇ, ਸੂਰਬੀਰ ਸਿੰਘਾਂ ਨੇ ਜਰੀ ੨ ਅੰਗ ਕਟਾਕੇ ਸਰੀਰ ਕੁਰਬਾਨ ਕਰ ਦਿੱਤੇ ਧੰਨ ਭਾਗ ਹਨ ਜੋ ਮੇਰੀ ਦੇਹ ਓਨਾਂ ਵਾਂਗੂ ਧਰਮ ਅਰਥ ਲੱਗੇ, ਏਦੂੰ ਪਰੇ ਹੋਰ ਕੇਹੜਾ ਚੰਗਾ ਕੰਮ ਹੈ? ਏਹ ਦੇਹ ਤਾਂ ਇਕ ਦਿਨ ਜਾਣੀ ਹੀ ਹੈ ਫੇਰ ਹੁਣੇ ਕਿਉਂ ਨਾ ਦੇ ਦੇਈਏ? ਹੋਰ ਸਾਡਾ ਨਾਮ ਸਿੰਘ ਹੈ, ਸਿੰਘ ਨੂੰ ਪਿਛਾਹਾਂ ਮੁੜਨਾਂ ਭਾਰੀ ਕਲੰਕ ਤੇ ਬਦਨਾਮੀ ਹੈ। ਜਦ ਸਾਨੂੰ ਗੁਰੂਸਾਹਿਬ ਜੀ ਦਾ ਏਹ ਹੁਕਮ ਹੈ–

Digitized by Panjab Digital Library | www.panjabdigilib.org

(ਅਗਾਹਾਂ ਕੂੰ ਤ੍ਰੁੰਘ ਪਿਛਾ ਫੇਰਨ ਮੋਂਹਡੜਾ) ਤਾਂ ਇਸ ਦੁਖਾਂ ਦੀ ਪੰਡ ਨੂੰ ਅੱਗੇ ਹੋਕੇ ਕਿਉਂ ਨਾ ਸਿੱਟ ਦੇਈਏ ? ਭਾਈ ਸਿੱਖੋ ! ਸਿੱਖੀ "ਖੰਡਿਓਂ ਤਿਖੀ ਵਾਲਹੁ ਨਿਕੀ" ਗੁਰੂ ਜੀ ਨੇ ਦੱਸੀ ਹੈ, ਜੇ ਅਸੀਂ ਏਸ ਰਸਤੇ ਨਾ ਚਲਾਂਗੇ ਤਾਂ (ਇਤਕੇ ਨਾ ਉਤਰੇ, ਵੀਚ ਖਾਂਦੇ ਕੁਤਰੇ) (ਜਮ ਡੰਡਾ ਗਲ ਸੰਗਲ ਪੜਿਆ) ਏਹ ਹਾਲ ਹੋਊ, ਏਹੋ ਜੇਹੇ ਬਚਨ ਸੁਣਕੇ ਤੇ ਸਿਦਕ ਭਰੋਸਾ ਕਾਇਮ ਦੇਖ ਕਰ ਸਬ ਲੋਗ ਭਾਈ ਤਾਰੂ ਸਿੰਘ ਜੀ ਦੀ ਮੈਹਮਾ ਕਰਦੇ ਹੋਏ ਸਿਦਕੀ ਬਣ ਗਏ। ਫੇਰ ਜਦ ਭਾਈ ਤਾਰੂ ਸਿੰਘ ਜੀ ਨੇ ਲਾਹੌਰ ਸੂਬੇ ਦੇ ਰੋਬਰੋ ਕਚੈਹਰੀ ਵਿੱਚ ਪਹੁੰਚਕੇ ਵਾਹਿਗੁਰੂ ਜੀ ਕੀ ਫਤੇ ਗੱਜ ਕਰ ਬੁਲਾਈ ਤਾਂ ਖਾਨ ਬਹਾਦਰ ਇਸ ਗਲੋਂ ਜਲ ਬਲਕੇ ਮੁਫਤੀ ਤੋਂ ਫਤੁਵਾ ਲੈਕਰ ਹੁਕਮ ਸੁਣਾਇਆ ਕਿ ਦੀਨ ਮਹੰਮਦੀ ਮਨਜ਼ੂਰ ਕਰ ਨਹੀਂ ਤਾਂ ਕਤਲ ਕੀਤਾ ਜਾਵੇਂਗਾ ॥

# ਤਾਰੂ ਸਿੰਘ ਤੇ ਨਵਾਬਦਾ ਸੰਬਾਦ ਅਤੇ ਸ਼ਹੀਦੀ

ਭਾਈ ਸਾਹਿਬ ਜੀ ਨੇ ਜਵਾਬ ਦਿੱਤਾ, ਮੈਂ ਚੋਰੀ, ਯਾਰੀ; ਠੱਗੀ ਆਦਿਕ ਕੋਈ ਗੁਨਾਹ ਨਹੀਂ ਕੀਤਾ, ਤੇਰਾ ਮਾਮੂਲਾ ਭੀ ਦੇ ਛੱਡਿਆ ਹੈ, ਫੇਰ ਤੂੰ ਮੈਨੂੰ ਕਿਉ ਬੇਗੁਨਾਹ ਮਰਵਾਉਨਾ ਹੈ ? ਜਿਸ ਰੱਬ ਨੇ ਤੈਨੂੰ ਤਖਤ ਉਪਰ ਬੈਠਾਇਆ ਹੈ ਕੀ ਓਹ ਤੈਥੋਂ ਨਿਆਉਂ ਕੁਨਿਆਉਂ ਦਾ ਜਵਾਬ ਨਹੀਂ ਲਵੇਗਾ ? ਤੂੰ ਨਿਸਚੇ ਜਾਣ ਓਥੇ ਕਰਮਾਂ ਦੀ ਫਰਦ ਹੀ ਵਾਚੀ ਜਾਣੀ ਹੈ; ਜੈਸੇ ਗੁਰੂ ਸਾਹਿਬ ਦਾ ਬਚਨ ਹੈ(ਤਿਲ ਪੀੜੇ ਜਿਉ ਘਾਣੀਆਂ) ਜੋ ਹਾਕਮ ਹੋਕੇ ਜ਼ੁਲਮ ਕਰਦੇ ਹਨ ਓਨਾਂ ਵਾਸਤੇ ਨਰਕ ਹੈ ਤੇ ਜੇਹੜੇ ਨਿਆਉਂ ਤੇ

Digitized by Panjab Digital Library | www.panjabdigilib.org

ਰੋਹਮ ਕਰਦੇ ਹਨ ਓਨਾਂ ਨੂੰ ਸੁਰਗ ਪ੍ਰਾਪਤ ਹੁੰਦਾ ਹੈ, ਸੋ ਤੈਨੂੰ ਜੇਹੜਾ ਚੰਗਾ ਲਗਦਾ ਹੈ ਸੋ ਕਰ।

ਸੂਬੇ ਨੇ ਆਖਿਆ, ਤੂੰ ਮੇਰੇ ਬਹਿਸ਼ਤ ਦੋਜ਼ਖ ਨੂੰ ਕੀ ਆਖਦਾ ਹੈਂ ਆਪਣੀ ਗੱਲ ਕਰ ਤੂੰ ਆਪੇ ਆਪਣੀ ਜਾਣ ਦਾ ਜਲਾਦ ਹੋਕਰ ਏਹ ਸੁੰਦਰ ਰੂਪ, ਜਵਾਨੀ ਖੇਹ ਵਿੱਚ ਕਿਉਂ ਮਿਲਾਉਂਦਾ ਹੈਂ? ਸਾਡਾ ਦੀਨ ਮੰਨ ਲੈ,ਅਸੀਂ ਤੈਨੂੰ ਜਾਗੀਰ ਤੇ ਇੱਕ ਜਵਾਨ ਇਸਤ੍ਰੀ ਭੀ ਦੇਵਾਂਗੇ। ਤਾਰੂ ਸਿੰਘ ਨੇ ਆਖਿਆ, ਜੇ ਮੁਸਲਮਾਨ ਹੋਏ ਤੋਂ ਮਰਣਾ ਨਹੀਂ ਤਾਂ ਮੁਹੰਮਦੀ ਹੋ ਜਾਈਏ। ਜਦ ਦੁਖ ਸੁਖ ਤੇ ਮੌਤ ਤੋਂ ਫੇਰ ਭੀ ਛੁਟਕਾਰਾ ਨਹੀਂ ਹੋਣਾ ਤਾਂ ਕਿਉਂ ਬੇਈਮਾਨ ਹੋਈਏ, ਫਿਰ ਓਸ ਮਜ਼੍ਹਬ ਖਾਤਰ ਜਿਸ ਵਿੱਚ ਬਿਨਾ ਗੁਨਾਹ ਕੀਤੇ ਹੀ ਗੁਨਾਹੀ ਬਣ ਜਾਈਦਾ ਹੈ? ਜੈਸੇ ਰਾਜਾ ਦੀਰਚਨਾਤੇਆਗਜਾ ਭੰਗ ਕਰਨ ਵਾਲੇ ਸਜ਼ਾਪਾਉਂਦੇ ਹਨ, ਤੈਸੇ ਰੱਬ ਦੇ ਰਚੇ ਹੋਏ ਲਿੰਗ,ਕੇਸ ਆਦਿਕ ਕੱਟਣ ਕਟਾਉਣ ਵਾਲੇ ਹੁਕਮ ਅਦੂਲੀ ਦੇ ਜੁਰਮ ਬਦਲੇ ਰੱਬ ਦੀ ਦਰਗਾਹ ਵਿੱਚ ਸਜ਼ਾ ਪਾਉਣਗੇ; ਯਥਾ (ਸਾਬਤ ਸੂਰਤ ਮਰਦ ਦੀ ਭੰਨੇ ਬੇਈਮਾਨ। ਸੋ ਦੋਜ਼ਖ ਵਿਚ ਸੜਨਗੇ ਜਬ ਲੌ ਏਹ ਜਹਾਨ) ਇਸੇ ਵਾਸਤੇ ਜੈਸਾ ਰੱਬਨੇ ਪੈਦਾ ਕੀਤਾ ਹੈ,ਸਾਡੇ ਗੁਰੂ ਨੇ ਆਪਣੇ ਸਿੰਘਾਂ ਨੂੰ ਓਸਾ ਹੀ ਸਾਬਤ ਰੱਖਣ ਦਾ ਹੁਕਮ ਦਿੱਤਾ ਹੈ ਤੇ ਰਖਿਆ ਹੈ। ਸੋ ਐਸੇ ਬੇ ਐਬ ਸੱਚੇ ਅਕਾਲ ਪੁਰਖ ਦੇ ਸਿੰਘੀ ਮਜ਼ਬ ਨੂੰ ਛੱਡ ਕੇ ਆਦਮੀ ਕ੍ਰਿਤ ਝੂਠੇ ਮਜ਼ਬ ਧਰਮ ਨੂੰ ਧਾਰਨਾ ਤਾਂ ਜਾਣ ਬੁੱਝਕੇ ਅਪਣੇ ਪੈਰ ਆਪੇ ਕੁਹਾੜਾ ਮਾਰਣਾ ਹੈ ਸੋ ਅਸੀਂ ਹੀਰਾ ਸਿੱਟਕੇ ਕੱਚ ਕਣੋਂ ਵਿਹਾਝੀਏ? ਏਹ ਜਵਾਬ ਸੁਣਕੇ ਨਵਾਬ ਤਾਂ ਛਿਕੇ ਵਾਰੀ ਭੜਕ ਉੱਠਜਾ ਤੇ ਕੜਕ ਕੇ ਆਖਣ ਲਗਾ, ਜੇਹੜੀ ਵਾਲਾਂ ਦੀ ਪੰਡ ਤੈਂ ਸਿਖੀ

Digitized by Panjab Digital Library | www.panjabdigilib.org

ਮੰਨ ਰਖੀ ਹੈ ਏਸ ਨੂੰ ਤਾਂ ਮੈਂ ਹੁਣੇ ਖੰਡਸਕਦਾ ਹਾਂ। ਸਿੰਘ ਜੀ ਨੇ ਆਖਿਆ, ਮੇਰੇ ਕੇਸ ਮੇਰੇ ਸਿਰ ਨਾਲ ਜਾਣਗੇ। ਫਿਰ ਤਾਂ ਸਿੰਘ ਦੇ ਹਥ ਪੈਰ ਬੰਨਕੇ ਪੈਹਲੇ ਨਿਕਾਸ ਚੌਂਕ ਵਿਚ ਬਿਠਾ ਦਿਤਾ, ਫਿਰ ਨਾਈ ਨੂੰ ਕੈਂਚੀ ਉਸਤ੍ਰੇ ਨਾਲ ਕੇਸ ਕਟਣਦਾ ਹੁਕਮ ਦਿੱਤਾ, ਜਦ ਇਕ ਕੇਸ ਭੀ ਨਾ ਕੱਟਿਆ ਗਿਆ ਤਾਂ ਮੋਚੀ ਨੂੰ ਬੁਲਾਕੇ ਰੰਬੀ ਨਾਲ ਖੋਪਰੀ ਲਹਾਉਣ ਲੱਗੇ॥

## ਤਾਰੂ ਸਿੰਘ ਦੀ ਖੋਪਰੀ ਉਤ੍ਰਨੀ

ਭਲਾ ਓਹ ਤਾਂ ਈਸ਼੍ਵਰ ਦੀ ਭਗਤੀ ਭਾਵ ਅੰਮ੍ਰਤ ਦੇ ਭਿੱਜੇ ਹੋਏ ਸਚੇ ਸਿਦਕੀ ਸਿਖ ਦੇ ਕੇਸ ਫੁਲਾਂ ਦੀ ਤਰਾਂ ਸੇ। ਜਦ ਹੋਰ ਕਿਵੇਂ ਨਾ ਕਟੇ ਗਏ ਤਾਂ ਨਵਾਬ ਦੇ ਹੁਕਮ ਨਾਲ ਮੋਚੀ ਨੇ ਸਿੰਘ ਦੇ ਸਿਰ ਵਿਚ ਰੰਬੀ ਧਸਾ ਦਿੱਤੀ, ਜਿਸ ਕਰਕੇ ਕੇਸਾਂ ਸਮੇਤ ਖੋਪਰੀ ਸਿਰ ਤੋਂ ਵਖਰੀ ਹੋ ਗਈ, ਪਰ ਉਸ ਬ੍ਰਹਮ ਗਜਾਨੀ ਪੁਰਖ ਨੇ ਜਰਾ ਭਰ ਹਾਇ-ਸੀ-ਨਹੀਂ ਕੀਤੀ, ਸਗੋਂ ਖੁਸ਼ੀ ਮਨਾਈ ਕਿ ਮੇਰੇ ਕੇਸ ਸੀਸ ਨਾਲ ਨਿਭੇ, ਲਹੂ ਗੰਗੋਤ੍ਰੀ ਦੀ ਧਾਰਾਂ ਵਾਂਗੂ ਵਗ ਰਿਹਾ ਸੀ। ਸਿੰਘ ਜੀ ਦਾ ਪਿੰਡਾ ਸਾਰਾ ਗੜਗੱਚ ਹੋ ਰਿਹਾ ਸੀ, ਦੇਖਣ ਵਾਲੀ ਖਲਕਤ ਹਾਹਾ ਕਾਰ ਪੁਕਾਰਦੀ ਹੋਈ ਸੂਬੇ ਨੂੰ ਗਾਲੀਆਂ ਤੇ ਬਦ ਅਸੀਸਾਂ ਦੇ ਰਹੀ ਸੀ॥

ਖਾਫੀਖਾਂ ਲਿਖਦਾ ਹੈ ਤਾਰੂ ਸਿੰਘ ਦੀ ਖਲ ਉਤਾਰ ਕੇ ਨੁਵਾਬ ਨੇ ਓਸਨੂੰ ਖਾਈ ਵਿਚ ਸਿਟਾ ਦਿਤਾ ਕਿ ਗਿੱਦੜ ਕੁੱਤੇ ਖਾ ਜਾਣਗੇ। ਸਿੰਘ ਉਥੇ ਪਿਆ ਗੁਰਬਾਨੀ ਪੜ੍ਹਦਾ ਰਿਹਾ। ਤੀਜੇ ਦਿਨ ਨੁਵਾਬ ਓਥੋਂ ਦੀ ਲੰਘਿਆ ਬਾਨੀ ਦੀ ਅਵਾਜ ਸੁਣਕੇ ਬੋਲਜਾ, ਓਇ ਸਿਖਾ! ਤੂੰ ਮਰਿਆ ਨਾ? ਸਿੰਘ ਨੇ

ਜਵਾਬ ਦਿਤਾ ਤੈਨੂੰ ਤੇ ਤੇਰੇ ਪੁਤ੍ਰ ਨੂੰ ਅਗੇ ਲਾਕੇ ਲੈ ਜਾਣ ਵਾਸਤੇ ਨਹੀਂ ਮਰਿਆ ॥

## ਸਿਖਾਂ ਨੇ ਸੇਵਾ ਕਰਨੀ

ਨੁਵਾਬ ਨੇ ਗੁਸੇ ਹੋਕੇ ਤ੍ਰਖਾਣ ਸਿਖ ਜੋ ਉਥੇ ਕੰਮ ਕਰਦੇ ਸੇ ਓਨਾਂ ਨੂੰ ਚੁਕਾ ਦਿਤਾ, ਜਿਥੇ ਹੁਣ ਲੰਡੇ ਬਜਾਰ ਵਿਚ ਤਾਰੂ ਸਿੰਘ ਦਾ ਸ਼ਹੀਦ ਗੰਜ ਹੈ ਉਥੇ ਓਦੋਂ ਧਰਮ-ਸਾਲਾ ਵਿਚ ਤ੍ਰਖਾਂਣ ਰੰਹਦੇ ਸੇ ਓਹ ਸੇਵਾ ਕਰਦੇ ਹੋਏ ਸਿਰ ਪਰ ਕੜਾਹ ਬੰਨਦੇ ਰਹੇ। ਅਠਵੇਂ ਕੁ ਦਿਨ ਨੁਵਾਬ ਦਾ ਪੁਤ ਅਹੀਏ ਖਾਂ ਸ਼ਿਕਾਰ ਗਿਆ ਤਾਂ ਘੋੜੇ ਉਤੋਂ ਡਿਗਕੇ ਪੈਰ ਰਕਾਬ ਵਿਚ ਫਸਕੇ ਘੜੀਸ ਹੁੰਦਾ ਤੋਈ ਤੋਈ ਕਰਕੇ ਤੁਮਜਾ ਗਿਆ।

ਭਾਈ ਤਾਰੂ ਸਿੰਘ ਦੇ ਏਸ ਕਹਿਰ ਦੇ ਸਾਕੇ ਨੂੰ ਦਖਕੇ ਸਾਰੇ ਸ਼ਹਿਰ ਦੇ ਲੋਗ ਤ੍ਰਾਹਿ ਤ੍ਰਾਹਿ ਕਰਦੇ ਹੋਏ ਨੇਤ੍ਰਾਂ ਤੋਂ ਜਲ ਵਹਾ ਰਹੇ ਸੇ, ਗੱਲਾਂ ਕਰ ਕਰ ਗਾਲੀਆਂ ਬਦ ਅਸੀਸਾਂ ਦੇ ਰਹੇ ਸੇ। ਪੰਦ੍ਰਾਂ ਕੁ ਦਿਨ ਗੁਜਰੇ ਤਾਂ ਨੁਵਾਬ ਨੂੰ ਬੰਨ ਪੈ ਗਿਆ, ਝਾੜਾ ਪਸ਼ਾਬ ਦੋਵੇਂ ਬੰਦ ਹੋ ਗਏ, ਲਗਾ ਤੜਫਣੇ ਬਥੇਰੇ ਉਪਾਇ ਕੀਤੇ ਕਿਸੇ ਤੋਂ ਕੁਛ ਆਰਾਮ ਨਾ ਹੋਯਾ। ਸਾਰੀ ਦੁਨੀਆਂ ਕਹਿ ਰਹੀ ਸੀ ਨਵਾਬ ਆਪਣੇ ਭਾਰੇ ਪਾਪ ਕਰੇ ਦਾ ਫਲ ਭੋਗ ਰਿਹਾ ਹੈ ॥

ਓੜਕ ਭਾਈ ਸਬੇਗ ਸਿੰਘ ਜ਼ਿਲੇ ਲਾਹੌਰ ਜੰਬਰ ਪਿੰਡ ਦੇ ਵਸਨੀਕ ਨੂੰ (ਜੋ ਇਕ ਵੱਡੇ ਆਦਮੀ ਰਾਧ ਭਾਗੇ ਦਾ ਬੇਟਾ ਰ ਹੀਮੀ ਗੁਰੂ ਦਾ ਸਿਖ ਸੀ, ਤੇ ਇਲਮ ਅਕਲ ਦੇ ਜ਼ੋਰ ਸੂਬੇ ਲਾਹੌਰ ਪਾਸੋਂ ਇਜਤ ਨਾਲ ਰਹਿਕੇ ਪੰਦ੍ਰਾਂ ਬੀਸ

Digitized by Panjab Digital Library | www.panjabdigilib.org

ਪਿੰਡਾਂ ਦਾ ਠੇਕਾ ਲੈ ਰਖਿਆ ਸੀ, ਜਦ ਕੋਈ ਸਿੰਘਾਂ ਦਾ ਤੇ ਸੂਬੇ ਦਾ ਕੰਮ ਹੁੰਦਾ ਤਾਂ ਏਹੋ ਵਿਚ ਪੈਕੇ ਨਿਬੇੜਦਾ, ਜਦ ਮੁਹੰਮਦਸ਼ਾਹ ਬਾਦਸ਼ਾਹ ਨੇ ਇਕ ਲੱਖ ਦੀ ਜਾਗੀਰ ਤੇ ਨੁਵਾਬੀ ਦਾ ਖਿਤਾਬ ਦਿਤਾ ਸੀ ਤਾਂ ਭੀ ਏਹੋ ਪੰਥ ਖਾਲਸੇ ਪਾਸ ਲੈਕੇ ਗਿਆ ਸੀ) ਭਾਈ ਤਾਰੂ ਸਿੰਘ ਜੀ ਪਾਸ ਆਜਜ਼ੀ ਕਰਕੇ ਸੂਬੇ ਨੇ ਭੇਜਯਾ ਕਿ ਕਿਵੇਂ ਮੇਰਾ ਪਿਸ਼ਾਬ ਛੁਟੇ। ਭਾਈ ਤਾਰੂ ਸਿੰਘ ਜੀ ਨੇ ਆਖਿਆ, ਮੈਥੋਂ ਤਾਂ ਤੀਰ ਛੁਟ ਗਿਆ, ਹੁਣ ਗੁਰੂ ਖਾਲਸਾ ਜੀ ਦੀ ਰਜ਼ਾ ਹੈ ਭਾਵੇਂ ਇਸਨੂੰ ਬਖਸ਼ੇ ਭਾਵੇਂ ਨ ਬਖਸ਼ੇ ॥

ਫੇਰ ਖਾਨ ਬਹਾਦਰ ਨੇ ਪੰਜ ਹਜਾਰ ਰੁਪਯਾ ਖਾਲਸੇ ਦੀ ਦੇਗ ਵਾਸਤੇ ਏਸੇ ਨੂੰ ਦੇਕੇ ਪੰਥ ਪਾਸ ਭੇਜਯਾ ਤੇ ਆਜਜ਼ ਹੋਕੇ ਏਹ ਬੇਨਤੀ ਕਰ ਘੱਲੀ। ਤਥਾ—(ਸੰਤ ਕਾ ਨਿੰਦਕੁ ਰਾਜ ਤੇ ਹੀਨੁ। ਸੰਤਕਾ ਨਿੰਦਕੁ ਦੁਖੀਆ ਅਰੁ ਦੀਨੁ ।) (ਸੰਤ ਕੀ ਨਿੰਦਾ ਦੋਖ ਮਹਿ ਦੋਖੁ। ਨਾਨਕ ਸੰਤ ਭਾਵੈ ਤਾ ਉਸਕਾ ਭੀ ਹੋਇ ਮੋਖੁ।)

ਏਹ ਸਾਰੀ ਅਸ੍ਟਪਦੀ ਲਿਖਾਕੇ ਆਖਯਾ ਮੇਰੇ ਜੈਸਾ ਨਿੰਦਕ, ਪਾਪੀ ਤੇ ਸਿੰਘਾਂ ਜੈਸਾ ਸੰਤ ਕੋਈ ਨਹੀਂ, ਗੁਰੂ ਦੇ ਵਾਸਤੇ ਖਾਲਸਾ ਮੇਰੀ ਪੀੜਾ ਹਟਾਵੇ, ਜਾਨ ਚਾਹੋ ਜਾਂਦੀ ਰਹੇ, ਅੱਗੇ ਨੂੰ ਮੈਂ ਕਦੇ ਕਿਸੇ ਸਿੰਘ ਨੂੰ ਨਾ ਦੁਖਾਵਾਂਗਾ । ਸੁਬੇਗ ਸਿੰਘ ਨੇ ਕਲੇਰਾਂ ਦੀ ਬੀੜ ਵਿਚ ਪੰਥ ਪਾਸ ਜਾਕੇ ਸੂਬੇ ਦਾ ਸਬ ਹਾਲ ਤੇ ਬੇਨਤੀ ਪੱਤ੍ਰ ਸੁਨਾਯਾ ਅਤੇ ਏਹ ਬੀ ਆਖਿਆ ਕਿ ਸ਼ਰਨ ਆਏ ਦੀ ਲਾਜ ਪਾਲਣੀ ਖਾਲਸੇ ਦਾ ਧਰਮ ਹੈ।

ਸੁਬੇਗ ਸਿੰਘ ਦੇ ਕਹੇ ਖਾਲਸੇ ਨੇ ਏਹ ਅਰਦਾਸ ਕਰਾ ਦਿਤੀ ਕਿ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਸੂਬੇ ਦੇ ਸਿਰ ਸੱਤ

Digitized by Panjab Digital Library | www.panjabdigilib.org

ਵਾਰੀ ਲੱਗੇ ਤਾਂ ਪੇਸ਼ਾਬ ਛੁਟੇ, ਮੌਤ ਸਿਰ ਪਰ ਬਣੀ ਰਹੇਗੀ। ਹੁਣ ਜਦ ਏਹੋ ਹੁਕਮ ਖਾਲਸੇ ਦਾ ਸਬੇਗ ਸਿੰਘ ਨੇ ਆਕਰ ਨੁਵਾਬ ਨੂੰ ਦਸਿਆ ਤਾਂ (ਗੌਂ*ਭੁਨਾਵੇ ਜੌਂ ਭਾਵੇਂ ਗਿਲੇ ਹੀ ਹੋਣ) ਸੂਬੇ ਨੇ ਓਸੇ ਤਰਾਂ ਕੀਤੀ ਬੰਨ੍ਹ ਛੁਟ ਗਿਆ, ਪੀੜਾ ਹਟ ਗਈ। ਖੁਸ਼ੀ ਹੋਕੇ ਸੂਬਾ ਬੋਲਜਾ, ਇਕ ਵਾਰੀ ਮੇਰੇ ਬਾਪ ਨੂੰ ਕਸ਼ਮੀਰ ਵਿਚ ਅਧੇ ਸਿਰ ਦਾ ਦੁਖ ਹੋਯਾ ਸੀ ਤਦੋਂ ਭੀ ਇਕ ਹਿੰਦੂ ਫਕੀਰ ਦੀ ਜੁਤੀ ਸਿਰ ਉਤੇ ਬੰਨੀ ਤਾਂ ਰਾਜ਼ੀ ਹੋਯਾ ਸੀ। ਸੂਬੇ ਨੇ ਰਾਜ਼ੀ ਹੋਣ ਦੀ ਖੁਸ਼ੀ ਵਿਚ ਸਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਬਣਾ ਵਿਤਾ॥

ਓਧਰ ਭਾਈ ਤਾਰੂ ਸਿੰਘ ਜੀ ਨੇ ਰੋਵੀ ਦਿਨ ਦੇਹ ਰਖੀ ਅਕਾਲ ੨ ਜਪਦੇ ਰਹੇ। ਓੜਕ ੨੩ ਅਸੂ ਸੰਃ ੧੮੦੩ ਬਿਃ ਨੂੰ ਜਦ ਭਾਈ ਜੀ ਨੂੰ ਖਬਰ ਹੋਈ ਕਿ ਖਾਨ ਬਹਾਦਰ ਮਰਕੇ ਨਰਕ ਨੂੰ ਗਿਆ ਤਾਂ ਭਾਈ ਸਾਹਿਬ ਜੀ ਭੀ ਜਪੁਜੀ ਸਾਹਿਬ ਦਾ ਭੋਗ ਪਾਕੇ ਪ੍ਰਲੋਕ ਨੂੰ ਪਧਾਰ ਗਏ। ਸਿੰਘ ਦਾ ਬਚਨ ਸਫਲਾ ਹੋਯਾ ਜੋ ਤਾਰੂ ਸਿੰਘ ਜੀ ਨੇ ਨੁਵਾਬ ਨੂੰ ਆਖਜਾ ਸੀ ਕਿ ਤੈਨੂੰ ਮਾਰਕੇ ਜੁਤੀਆਂ

*ਗੌਂ ਅਣਬਣ ਕੰਮ ਕਰਾ ਦਿੰਦਾ ਹੈ। ਇਕ ਵਾਰੀ ਅਕਬਰ ਸ਼ਾਹ ਨੇ ਬੀਰਬਰ ਨੂੰ ਆਖਜਾ ਕਿ ਦੁਨੀਆਂ ਵਿੱਚ ਸਬ ਤੋਂ ਪਜਾਰੀ ਕੀ ਚੀਜ਼ ਹੈ? ਬੀਰਬਰ ਨੇ ਆਖਿਆ, ਮੈਂ ਤਾਂ ਇਕ ਮਹੀਨੇ ਨੂੰ ਦੱਸਾਂਗਾ, ਪਰ ਤੁਸੀ ਸਭਨਾਂ ਅਮੀਰਾਂ ਪਾਸੋਂ ਪੁਛੋ। ਬਾਦਸ਼ਾਹ ਨੇ ਹੁਕਮ ਦੇ ਦਿਤਾ ਕਿ ਜੇਕਰ ਇਕ ਮਹੀਨੇ ਤਕ ਏਸਦਾ ਜਵਾਬ ਨਾ ਦਿਓਗੇ ਤਾਂ ਸਭਨਾਂ ਨੂੰ ਕਤਲ ਕੀਤਾ ਜਾਊ। ਫੇਰ ਤਾਂ ਕਾਜ਼ੀਆਂ ਪੰਡਤਾਂ ਵਜ਼ੀਰਾਂ ਨੂੰ ਐਸਾ ਫਿਕਰ ਪਿਆ, ਦਰ ਦਰ ਪਏ ਪੁੱਛਣ। ਬੀਰਬਰ ਸਾਧੂ ਬਣਕੇ ਇਕ ਮਸੀਤ ਅਗੇ ਬੈਠ ਰਿਹਾ ਸੀ, ਏਸਨੇ ਆਖਜਾ ਮੈਂ ਦਸਦਾ ਹਾਂ, ਪਰ ਮੇਰੇ ਲਈ ਬਾਦਸ਼ਾਹ ਦੀ ਪਾਲਕੀ, ਚੌਰ, ਮੁੱਠਾ ਆਵੇ ਤੇ ਬਾਦਸ਼ਾਹ ਉਠਕੇ ਪੇਸ਼ਵਾਈ ਕਰ ਤੁਸੀ ਮੈਨੂੰ ਚੁਕ ਕੇ ਲੈ ਚਲੋ ਤਾਂ ਦਸਾਂਗਾ। ਬਾਦਸ਼ਾਹ ਨੇ ਮੰਨ ਲਿਆ ਤਾਂ ਬੀਰਬਰ ਨੇ ਵਜ਼ੀਰਾਂ ਨੂੰ ਪਾਲਕੀ ਚੁਕਾਈ ਤੇ ਕੁਰਾਨ ਓਨਾਂ ਦੇ ਸਿਰਤਾਂ ਪਿਛੇ ਬੰਧਾਏ ਝਟਕਾ ਖਲਾਯਾ ਤੇ ਕਹਾਰਾਂ ਵਾਂਗੂੰ ਰਾਮਈ ਰਾਮ ੨ ਕਰਾਉਂਦਾ ਹੋਯਾ ਬਾਦਸ਼ਾਹ ਪਾਸ ਗਿਆ। ਜਦ ਬਾਦਸ਼ਾਹ ਉਠਕੇ ਔਣ ਲਗਾ ਤਾਂ ਝਟ ਪਟ ਬੀਰਬਰ ਨੇ ਉਤਰ ਕੇ ਆਖਜਾ ਸਭ ਤੋਂ ਪਜਾਰੀ ਗੌਂ ਹੈ॥

Digitized by Panjab Digital Library | www.panjabdigilib.org

ਮਾਰਦੇ ਹੋਏ ਮੂਹਰੇ ਲਾਕੇ ਲੈਜਾਣ ਵਾਸਤੇ ਮੈਂ ਮਰਜਾਂ ਨਹੀਂ। ਏਨਾਂ ਦੀ ਸਮਾਧ ਲਾਹੌਰ ਲੰਡੇ ਬਾਜ਼ਾਰ ਦੇ ਪਾਸ ਸ਼ਹੀਦ ਗੰਜ ਕਰਕੇ ਮਸ਼ਹੂਰ ਹੈ॥

## ਮਕਤੂਲ ਸਿੰਘਾਂ ਦੇ ਨਾਮ

ਏਸ ਸਮੇਂ ਤਿੰਨ ਚਾਰ ਬਰਸਾਂ ਵਿਚ ਬੁਲਾਕਾ ਸਿੰਘ ੧ ਹਠੀਲਾ ਪਰਗਨੇ ਤਰਨਤਾਰਨ ਕੰਗ ਪਿੰਡ ਦੇ ਰੈਹਣ ਵਾਲਾ ਤੇ ਰੂਪ ਸਿੰਘ ੨ ਤਖਾਣ ਸਿੱਖ ਖੁੱਡੀਆਂ ਦਾ, ਹੀਰਾ ਸਿੰਘ ੩ ਜਿਮੀਂਦਾਰ ਰੰਘੜ ਨੰਗਲ ਦਾ, ਤੇ ਬਾਘੜ ਸਿੰਘ ੪ ਰਜਪੂਤ ਬਾਸਰਕਾ, ਸੂਰਾ ਸਿੰਘ ੫ ਕਲਾਲ, ਸਦਨ ਸਿੰਘ ੬ ਮਜ਼ਹਬੀ, ਪਹਾੜ ਸਿੰਘ ੭ ਸੈਦਪੁਰੀਆ, ਤੇਗਾ ਸਿੰਘ ੮ ਮਤਾਬ ਦੇ ਕੋਟਵਾਲਾ ਕਰਤਾ ਸਿੰਘ ੯ ਵਜ਼ੀਰ ਸਿੰਘ ਮਜੀਠੇ ਦੇ, ਬਹਾਦਰ ਸਿੰਘ ੧੦ ਤਕੜਾ ਸਿੰਘ ੧੧ ਰੰਧਾਵੇ ਇਤਜ਼ਾਦਿਕ ਬਹੁਤ ਸਿੰਘ ਫੜੇ ਹੋਏ ਸੂਬੇ ਦੇ ਪਾਸ ਪਹੁੰਚੇ ਤੇ ਬੇਗੁਨਾਹੇ ਕਤਲ ਕਰਾਏ ਗਏ ਸੇ, ਪਰ ਧੰਨ ਜਨਮ ਹੈ ਓਨਾਂ ਸਿੰਘਾਂ ਦਾ ਜੇਹੜੇ ਖੁਸ਼ੀ ਹੋਕੇ ਸ਼ਬਦ ਗਾਉਂਦੇ ਹੋਏ ਧਰਮ ਉੱਤੇ ਜਾਨਾਂ ਕੁਰਬਾਨ ਕਰਦੇ ਰਹੇ।

ਏਸ ਸਮੇਂ ੧੦ ਪ੍ਰਕਾਰ ਦੀ ਮੌਤ ਨਾਲ ਸਿੰਘ ਮਾਰੇ ਜਾਂਦੇ ਸੇ, ਤਬਾ ਚਰਖੀ ੧ (ਜਿਸ ਉਪਰ ਬੰਨ੍ਹਕੇ ਭਵਾਉਂਦੇ ਤੇ ਆਦਮੀ ਦੀ ਹੱਡੀ ਹੱਡੀ ਤੋੜ ਮਰੋੜ ਸਿਟਦੇ) ਸੂਲੀ ੨ (ਇਕ ਪਟੜੇ ਉੱਤੇ ਲੰਬਾ ਪਾਕੇ ਸਾਰੇ ਅੰਗਾਂ ਵਿਚ ਕਿੱਲ ਠੋਕ ਦਿੰਦੇ, ਜੈਸੇ ਹਜ਼ਰਤ ਈਸਾ ਨੂੰ ਸ਼ਾਮ ਦੇਸ ਯਰੂਸਲਮ ਸ਼ੈਹਰ ਦੇ ਫਿਰਾਉਨ ਬਾਦਸ਼ਾਹ ਨੇ ਮਾਰਿਆ ਜੀ) ਸੰਗੇਸਾਰ੩ (ਦਰਖਤ ਨਾਲ ਲਟਕਾਕੇ ਇੱਟਾਂ ਵੱਟਿਆਂ ਨਾਲ ਮਾਰਣਾ) ਤਸਮੇ ਕਸੀ ੪ (ਚੰਮ ਦੇ ਵਦਰ ਬਗਲਾਂ ਹੇਠ ਪਾਕੇ ਮਧਾਣੀ

Digitized by Panjab Digital Library | www.panjabdigilib.org

ਵਾਂਗੂ ਰਿੜਕ ੨ ਛਾਤੀ ਚੂਰ ਕਰਕੇ ਮਾਰਣਾ) ਜੰਬੂਰਾਂ ਨਾਲ ਥੋੜਾ ਥੋੜਾ ਮਾਸ ਤੋੜਕੇ ਮਾਰਣਾ ੫, ਮੁੰਗਲੀਆਂ ਨਾਲ ਕੁੱਟ ਕੁੱਟਕੇ ਮਾਰਣਾ ੬, ਧਰਤੀ ਵਿਚ ਲੱਕ ਤਾਈਂ ਗੱਡਕੇ ਥੋਥੇ ਤੀਰਾਂ ਦਾ ਨਿਸ਼ਾਨ ਕਰਕੇ ਮਾਰਣਾ ੭, ਕੁੱਤਿਆਂ ਤੋਂ ਤੁੜਵਾ ਦੇਣਾ ੮, ਗਲ ਵਿਚ ਫਾਹਾ ਦੇਣਾ ੯, ਤੱਤਾ ਤੇਲ ਪਾਕੇ ਮਾਰਣਾ ॥ ੧੦ ॥

## ਭਾਈ ਸਬੇਗ ਸਿੰਘ ਦਾ ਕੁਟਵਾਲ ਬਨਨਾ ਤੇ ਕੈਦ ਹੋਨਾ ਤੇ ਸ਼ਾਹਬਾਜ਼ ਸਿੰਘ ਦਾ ਪ੍ਰਸੰਗ

ਸਬੇਗ ਸਿੰਘ ਜੀ ਨੇ ਕੋਟਵਾਲ ਬਣਦਿਆਂ ਹੀ ਏਹ ਸਖਤ ਤਕਲੀਫਾਂ ਨਾਲ ਮਾਰੇ ਜਾਣ ਦਾ ਕਾਇਦਾ ਤੋੜ ਦਿੱਤਾ, ਸਿਰਫ ਕਤਲ ਤੇ ਫਾਂਸੀ ਅਤੇ ਤੋਪ ਅਗੇ ਉੜਾ ਦੇਣਾ ਏਹ ਤਿੰਨ ਮੌਤਾਂ ਜਾਰੀ ਰੱਖੀਆਂ। ਦੂਸਰੇ ਜੋ ਸਿੰਘਾਂ ਦੇ ਬੇਅੰਤ ਸਿਰ ਕੋਟ ਉਤੇ ਕਿੰਗਰਿਆਂ ਵਾਂਗੂ ਚਿਣਵਾਕੇ ਰੱਖੇ ਜਾਂਦੇ ਸਨ ਤੇ ਕੁਛ ਖੂਹਾਂ ਵਿਚ ਪੈਂਦੇ ਸਨ, ਸਬ ਕਢਵਾਕੇ ਫੂਕਵਾ ਦਿਤੇ। ਤੀਸਰੇ ਜੋ ਸ਼ੈਹਰ ਵਿਚ ਉਜਾਗਰ ਗਊਬਧ ਕੀਤਾ ਜਾਂਦਾ ਸੀ, ਓਹ ਪੜਦੇ ਵਿਚ ਕਰਾ ਦਿੱਤਾ। ਚੌਥੇ ਸੰਖ ਵੱਜਣ ਦੀ ਤੇ ਪੋਥੀ ਪੁਰਾਨ ਪੜ੍ਹਨ ਦੀ ਬੰਦਸ਼ ਹਟਾ ਦਿਤੀ। ਪੰਜਵੇਂ ਜੋ ਹਿੰਦੂ ਦੀ ਬਹੂ ਬੇਟੀ ਨੂੰ ਮੁਸਲਮਾਨ ਜੋਰ ਨਾਲ ਲੈ ਜਾਕਰ ਕਈ ਕਈ ਦਿਨ ਆਪਣੇ ਘਰ ਰਖਦੇ ਸਨ, ਸੋ ਹਟਾ ਦਿੱਤਾ; ਏਹੋ ਜੇਹੀਆਂ ਹੋਰ ਅਨੇਕ ਭੈੜੀਆਂ ਰਸਮਾਂ ਬੰਦ ਕਰਕੇ ਸਬ ਨੂੰ ਰਾਜੀ ਰਖਿਆ, ਚੰਗੇ ੨ ਕੰਮ ਕਰਕੇ ਜਸ ਪਾਇਆ ॥

ਜਦ ਸੂਬਾ ਖਾਨਬਹਾਦਰ ਮਰ ਗਿਆ ਤੇ ਉਸਦਾ

Digitized by Panjab Digital Library | www.panjabdigilib.org

ਏਟਾ ਬਿਜੈ ਖਾਂ ਸੰ: ੧੮੦੩ ਬਿ: ਨੂੰ ਲਾਹੌਰ ਦਾ ਸੂਬਾ ਬਣਿਆਂ ਤਾਂ ਭੀ ਇਕ ਬਰਸ ਕੋਤਵਾਲੀ ਸਬੇਗ ਸਿੰਘ ਦੇ ਪਾਸ ਰਹੀ, ਫੇਰ ਕਾਜੀਆਂ ਮੁਫਤੀਆਂ ਨੇ ਅਨੇਕ ਝੂਠੀਆਂ ਸੱਚੀਆਂ ਤੁਹਮਤਾਂ ਲਗਾਕੇ ਸਬੇਗ ਸਿੰਘ ਨੂੰ ਜੇਹਲਖਾਨੇ ਭੇਜ ਦਿੱਤਾ। ਓਹਨਾਂ ਦਿਨਾਂ ਵਿਚ ਹੀ ਓਸਦਾ ਬੇਟਾ ਸ਼ਾਹਬਾਜ ਸਿੰਘ ਬੀਸਕੁ ਬਰਸ ਦਾ ਬਹੁਤ ਚੰਗਾ ਫਾਰਸੀ ਪੜ੍ਹ ਚੁਕਾ ਸੀ। ਇਕ ਦਿਨ ਓਸਦੀ ਕਿਸੇ ਮੌਲਵੀ ਨਾਲ ਮਜਹਬ ਧਰਮ ਦੇ ਬਾਬਤ ਚਰਚਾ ਹੋਈ ਤਾਂ ਸ਼ਾਹਬਾਜ ਸਿੰਘ ਨੇ ਓਸਨੂੰ ਜਿੱਤ ਲਿਆ। ਮੌਲਵੀ ਨੇ ਖਿਝ ਕਰ ਬਿਜੈ ਖਾਂ ਪਾਸ ਚੁਗਲੀ ਵੱਟੀ, ਨਵਾਬ ਨੇ ਸ਼ਾਹਬਾਜ ਸਿੰਘ ਨੂੰ ਕਚੈਹਰੀ ਵਿਚ ਬੁਲਾਇਆ, ਸਿੰਘ ਦੇ ਪੁਤਰ ਨੇ ਜਾਕੇ ਫਤੇ ਬੁਲਾਈ ਤਾਂ ਮੁਸਲਮਾਨ ਸੜ ਬਲ ਗਏ। ਨਵਾਬ ਨੇ ਇਕ ਤਾਂ ਮੌਲਵੀ ਦੇ ਸਾਹਮਣੇ ਮਜ਼ਹਬ ਇਸਲਾਮ ਦੀ ਹਜੋ (ਹੱਤਕ) ਕਰਨ ਦਾ ਗੁਨਾਹ ਤੇ ਦੂਜੇ ਕਚੈਹਰੀ ਵਿਚ ਫਤੇ ਬੁਲਾਉਣੇ ਕਰ ਹਾਕਮ ਦੀ ਨਿਰਾਦਰੀ ਦਾ ਗੁਨਾਹ, ਏਹ ਦੋ ਗੁਨਾਹ ਅਪਨੇ ਆਪ ਸਿੰਘ ਦੇ ਜੁੰਮੇ ਥਾਪਕੇ ਮੁਫਤੀ ਤੋਂ ਏਹ ਫਤਵਾ ਦਿਵਾ ਦਿੱਤਾ ਕਿ ਸ਼ਾਹਵਾਜ ਸਿੰਘ ਮੁਸਲਮਾਨ ਹੋਣਾ ਮੰਨੇ ਯਾ ਕਤਲ ਹੋਵੇ। ਏਹ ਖਬਰ ਸੁਣਕੇ ਸਾਰੇ ਸ਼ੈਹਰ ਵਿਚ ਹਾਹਾਕਾਰ ਮਚ ਗਿਆ, ਸਬ ਵੱਡੇ ਵੱਡੇ ਲੋਕਾਂ ਨੇ ਨਵਾਬ ਪਾਸ ਜਾਕੇ ਸ਼ਾਹਵਾਜ ਸਿੰਘ ਦੇ ਬਚਾਓ ਵਾਸਤੇ ਅਨੇਕ ਉਪਾਇ ਕੀਤੇ, ਪਰ ਓਸ ਪਾਪੀ ਨੇ ਇਕ ਨਾ ਮੰਨੀ। ਫੇਰ ਸਬ ਨੇ ਮਿਲਕੇ ਸਿੰਘ ਦੇ ਪੁਤ੍ਰ ਨੂੰ ਆਖਣਾ, ਤੂੰ ਮੁਸਲਮਾਨ ਹੋ ਜਾਹ, ਓਸਨੇ ਏਹ ਬੀ ਨਾ ਮੰਨੀ। ਇਕੋ ਸਾਫ ਆਖਿਆ ਕਿ ਜਦ ਸਾਡੇ ਗੁਰੂਆਂ ਨੇ ਧਰਮ ਰੱਖਣਾ ਵਾਸਤੇ ਸਿਰ ਦਿੱਤੇ ਅਤੇ ਭਾਈ ਮਨੀ ਸਿੰਘ, ਤਾਰੂ ਸਿੰਘ ਆਦਿਕ ਬੇਅੰਤ ਸਿੰਘ ਧਰਮ ਰੱਖ

ਕਰ ਦੇਹ ਛੱਡ ਗਏ ਹਨ, ਤਾਂ ਮੈਂ ਕਿਆ ਖੰਡੇ ਦਾ ਅੰਮ੍ਰਤ ਨਹੀਂ ਛਕਿਆ ? ਉਸ ਬਾਲਕ ਦੇ ਸਿਦਕ ਨੂੰ ਦੇਖਕੇ "ਧੰਨ ਜਨਮ ! ਧੰਨ ਜਨਮ" ਏਹੋ ਅਵਾਜ਼ ਸਭ ਦੇ ਮੂੰਹੋਂ ਨਿਕਲ ਰਹੀ ਸੀ।

ਜਦ ਸਬੇਗ ਸਿੰਘ ਨੇ ਪੁਤਰ ਦੀ ਕਹਾਣੀ ਜੇਹਲਖਾਨੇ ਵਿਚ ਸੁਣੀ ਤਾਂ ਤੁਰਤ ਸਤਿਗੁਰੂਜੀਅੱਗੇ ਅਰਦਾਸਕਰਕੇ ਸਿਦਕ ਦਾਨ ਮੰਗਜਾ। ਬਿਜੈ ਖਾਂ ਨੇ ਸਬੇਗ ਸਿੰਘ ਨੂੰ ਬੁਲਾਕੇ ਆਖਜਾ, ਤੂੰ ਆਪਣੇ ਪੁਤ੍ਰ ਨੂੰ ਸਮਝਾ, ਕਿਉਂ ਜਾਨ ਖੋਂਦਾ ਹੈ ? ਮੁਸਲਮਾਨ ਹੋ ਜਾਵੇ, ਤੁਹਾਨੂੰ ਦੋਹਾਂ ਨੂੰ ਵਡਾ ਅਹੁਦਾ ਦਿੱਤਾ ਜਾਵੇਗਾ, ਅਤੇ ਹੋਰ ਬਹੁਤੇ ਪਿੰਡਾਂ ਦਾ ਠੇਕਾ ਲੈ ਲੈਣਾ।

ਸਬੇਗ ਸਿੰਘ ਨੇ ਧੰਨ ਗੁਰੂ ਕਹ ਕਰ ਪੁਤ੍ਰ ਨੂੰ ਦ੍ਰਿੜ ਨਿਸਚਾ ਕਰਾਉਣ ਦਾ ਸਮਾਂ ਪਛਾਣਕੇ ਐਸੀ ਪਟੀ ਪੜ੍ਹਾਈ ਜਿਸਦੇ ਅਸ਼ਾਰੇ ਨਾਲ ਗੁਰੂ ਅਰਜਨ ਸਾਹਿਬ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ, ਸਾਹਿਬਜ਼ਾਦਿਆਂ ਦੇ ਭਰੋਸੇ ਅਤੇ ਭਾਈ ਮਨੀ ਸਿੰਘ, ਤਾਰੂ ਸਿੰਘ ਜੈਸੇ ਸਤਪੁਰਖਾਂ ਦਾ ਸਾਥ ਲੈਣ ਵਾਸਤੇ ਸਾਰੇ ਕਸ਼ਟ ਝੱਲਣੇ ਕਬੂਲ ਕਰ ਲੀਤੇ, ਪਰ ਮੁਸਲਮਾਨ ਹੋਣਾ ਨਾਂ ਮੰਨਜਾਂ। ਏਹੋ ਆਖਦਾ ਸੀ ਕਿ ਜਦ ਹੋਰ ਅਨੇਕ ਸਿੰਘ ਅਕਾਲ ਅਕਾਲ ਬੋਲਦੇ ਹੋਏ ਧਰਮ ਉਤੇ ਕੁਰਬਾਨ ਹੋ ਗਏ, ਜੇ ਸਾਡੇ ਸਿਰ ਭੀ ਉਸੇ ਤਰਾਂ ਧਰਮ ਉੱਤੇ ਲੱਗਣ ਤਾਂ ਬੜਾ ਲਾਭ ਹੋਊ ਤੇ ਅਸੀ ਭੀ ਓਹਨਾਂ ਸਤਪੁਰਖਾਂ ਦੇ ਟੋਲੇ ਦੇ ਟਹਿਲੂਏ ਗਿਣੇ ਜਾਵਾਂਗੇ ਤੇ ਅਮਰਪਦ ਪਾਵਾਂਗੇ, ਏਹ ਦੇਹ ਤਾਂ ਕਾਲ ਦਾ ਗ੍ਰਾਸ ਹੈ। ਯਥਾ—"ਅਜ ਕਿ ਕਲ ਕਿ ਰਹੁ ਦਿਨੀ ਓੜਕ ਦਿਨੀਂ ਦਸੀਂ। ਏਸ ਸੁਹਾਵੇ ਦੇਸ ਤੇ ਹੋਣਾ ਨਹੀਂ ਅਸੀਂ" ਫੇਰ ਜਦ ਅਸੀ ਮੁਸਾਫਰ ਹਾਂ ਤਾਂ ਘੜੀ ਅੱਗੇ ਤੁਰ ਗਏ ਤਾਂ ਕੀ ਜੇ ਪਿੱਛੇ ਤੁਰ ਗਏ ਤਾਂ ਕੀ, ਫੇਰ ਆਪਣੇ ਸਾਥ ਜਾਣ ਵਾਲਾ

Digitized by Panjab Digital Library | www.panjabdigilib.org

ਅਮੋਲਕ ਧਨ ਧਰਮ ਕਿਉਂ ਖੋਈਏ ?

ਨਵਾਬ ਪਿਛਲੇ ਸਿੰਘਾਂ ਦੇ ਸਿਦਕ ਤਾਂ ਦੇਖ ਹੀ ਚੁਕਾ ਸੀ, ਪਰ ਉਸਨੂੰ ਏਹ ਭਰੋਸਾ ਸੀ ਕਿ ਏਹ ਬਾਪ ਬੇਟਾ ਦੋਵੇਂ ਇਲਮ ਵਾਲੇ ਹਨ, ਲਾਭ ਹਾਨ ਸੋਚ ਕੇ ਮੇਰੀ ਗਲ ਮੰਨ ਲੈਣਗੇ, ਏਸੇ ਕਰਕੇ ਉਸਨੇ ਏਹ ਗੱਲ ਆਖੀ ਕਿ ਵਿਦਵਾਨ (ਆਲਮ ਫਾਜ਼ਲ) ਪੁਰਖ ਏਹ ਜਾਣਦੇ ਹਨ ਕਿ ਰਬ ਦਾ ਕੋਈ ਮਜ਼ੁਬ ਨਹੀਂ, ਏਹ ਜੋ ਅਨੇਕ ਮਜ਼ੁਬ ਧਰਮ ਦੇਖੀਦੇ ਹਨ ਏਹ ਸਬ ਆਦਮੀਆਂ ਦੇ ਥਾਪੇ ਹੋਏ ਹਨ, ਏਸੇ ਵਾਸਤੇ ਸਿਵਾਇ ਇਕ ਰਬ ਦੇ ਹੋਰ ਸਬ ਝੂਠੇ ਹਨ। ਸੋ ਏਸ ਝੂਠੇ ਧਰਮ ਬਦਲੇ ਦਾਨਾ ਵਿਦਵਾਨ ਲੋਕ ਕਿਉਂ ਅਮੋਲਕ ਜਨਮ ਖੋਂਦੇ ? ਸਚ ਪੁਛੋ ਤਾਂ ਮਜ਼ੁਬ ਦੀ ਸ਼ਰਾ ਦਾ ਬੰਧਾਨ ਤਲਵਾਰ ਦੀ ਧਾਰ ਅੱਗੇ ਦਾ (ਜਾਹਲਾਂ) ਮਹਾਂ ਮੂਰਖਾਂ ਅਨ-ਪੜ੍ਹਾਂ ਦੀ ਜਬਾਨ ਪਰ ਰਹਿੰਦਾ ਹੈ, ਓਹ ਲੋਗ ਹਠ ਕਰਕੇ ਆਪਣੀ ਸ਼ਰਾ ਰਖਣ ਵਾਸਤੇ ਵਡੇ ੨ ਕਸ਼ਟ ਸਹਾਰਦੇ ਹਨ, ਪਰ ਧਰਮ ਨਹੀਂ ਛਡਦੇ। ਬੁਧੀ ਵਾਲੇ ਵਿਦਵਾਨ ਤਾਂ ਗੁਣ ਦੇ ਗਾਹਕ ਰਹਿੰਦੇ ਹਨ, ਤਾਂਤੇ ਤੁਹਾਨੂੰ ਬੀ ਆਪਣਾ ਸੁਖ ਤੇ ਲਾਭ ਜੀਉਣੇ ਦਾ ਗੁਣ ਵੇਖਣਾ ਚਾਹੀਦਾ ਹੈ । ਹਠ ਦੇ ਬੰਧੇ ਹੋਏ ਦੁਖ ਪਾਉਣਾ, ਜਾਨ ਦੇਣੀ ਏਹ ਚੰਗਾ ਨਹੀਂ ॥

ਏਹ ਗਿਆਨ ਸੁਣਕੇ ਸਬੇਗ ਸਿੰਘ ਨੇ ਆਖਯਾ ਆਪ ਸਬ ਸਚ ਬੋਲਦੇ ਹੋ, ਅਸੀ ਭੀ ਏਹੋ ਬਾਤ ਸਹੀ ਸਮਝਦੇ ਹਾਂ, ਪਰ ਆਪ ਤਾਂ ਪਹਾੜ ਦੇ ਚਸ਼ਮੇ ਦੀ ਠੰਢੀ ਧਾਰ ਚਮਕਦੀ ਨੂੰ ਅੱਗ ਸਮਝਦੇ ਹੋ, ਤੇ ਆਪਣੇ ਘਰਦਾ ਭਾਂਬੜ ਨਹੀਂ ਵੇਖਦੇ। ਜੋ ਕੁਛ ਸਾਨੂੰ ਉਪਦੇਸ਼ ਕੀਤਾ ਹੈ ਜੇਕਰ ਆਪ ਥੋੜਾ ਜੇਹਾ ਹੀ ਏਸ ਪਰ ਅਮਲ ਕਰੋ ਤਾਂ ਸਾਰੀ ਦੁਨੀ-

Digitized by Panjab Digital Library | www.panjabdigilib.org

ਆਂ ਤੁਹਾਡਾ ਦੀਨ ਅਪਨੇ ਆਪ ਮੰਨ ਲਵੇ ॥

ਨਵਾਬ ਬੋਲਜਾ ਸਾਡੀ ਸ਼ਰਾ ਕੁਰਾਨ ਜੋ ਖੁਦਾ ਦੀ ਬਾਣੀ ਹੈ, ਉਸ ਦੇ ਅਨੁਸਾਰ ਸੱਚੀ ਤੇ ਪਵਿੱਤ੍ਰ ਹੈ, ਏਸੇ ਕਰਕੇ ਅਸੀਂ ਆਪਣੇ ਦੀਨ ਵਿਚ ਲਿਆਉਂਦੇ ਹਾਂ। ਸਿੰਘ ਜੀ ਨੇ ਜਵਾਬ ਦਿਤਾ, ਸਾਡੇ ਗੁਰੂ ਜੇਸਾ ਹੋਰ ਕੋਈ ਦੂਜਾ ਪਵਿੱਤ੍ਰ ਤੇ ਸਚਾ ਮਜ਼੍ਹਬ ਨਹੀਂ ਤੇ ਨਾਂ ਹੀ ਐਸੀ ਕੋਈ ਹੋਰ ਪਵਿੱਤ੍ਰ ਕਲਾਮ ਹੈ। ਤੁਹਾਡੇ ਮਜ਼੍ਹਬ ਵਿਚ ਭਾਰੇ ਦੋਸ਼ ਹਨ। ਲਿੰਗ ਕਟਵਾ ਕੇ ਖਾਹਮਖਾਹ ਹੁਕਮ ਅਦੂਲੀ ਦੇ ਗੁਨਾਹੀਂ ਹੋਕੇ ਦੋਜ਼ਖ ਪੈਂਦੇ ਹੋ। ਇਸ ਬਾਤ ਪਰ ਖਿਝਕੇ ਨਵਾਬ ਨੇ ਦੋਹਾਂ ਨੂੰ ਚਰਖੀ ਪਰ ਚੜ੍ਹਵਾ ਦਿਤਾ ॥

ਚਰਖੀ ਪਰ ਬੰਦ ੨ ਮਰੋੜੇ ਖਾ ਖਾ ਕਰ ਕੜ ਕੜ ਕਰਨ ਲੱਗੇ ਤੇ ਹਡੀ ੨ ਪੋਰੀ ੨ ਟੁੱਟਣ ਲਗੀ, ਨਾੜੀਆਂ ਤੜਫਨ ਲਗੀਆਂ, ਅਖੀਆਂ ਬਾਹਰ ਆ ਗਈਆਂ। ਭਾਵੇਂ ਏਹ ਹਾਲ ਸੀ, ਪਰ ਆਪਣੇ ਸਿਦਕ ਤੇ ਹਠ ਦੇ ਅਮਲ ਵਿਚ ਮਸਤ ਹੋਕੇ ਅਕਾਲ ੨ ਬੋਲ ਰਹੇ ਸੇ ਤੇ ਐਤਨੀ ਤਕਲੀਫ ਵਿਚ ਭੀ ਮੂੰਹੋਂ ਹਾਇ ਨਹੀਂ ਨਿਕਲੀ। ਇਕ ਘੰਟੇ ਪਿਛੋਂ ਉਤਾਰਕੇ ਫੇਰ ਆਖਜਾ, ਦੀਨ ਮੰਨੋ? ਸਿੰਘ ਬੋਲੇ (ਸਿੰਘ ਸਪਰਸ਼ ਸਪੁਰਸ਼ ਬਚ ਕੇਲੇ ਫਲ ਇਕ ਵਾਰ। ਤ੍ਰਿਯਾ ਤੇਲ ਸੂਬੀਰ ਹਠ ਚੜ੍ਹਤ ਨ ਦੂਜੀ ਵਾਰ।) ਅਸੀ ਧਰਮ ਪਰ ਕੁਰਬਾਨ ਹੋ ਚੁਕੇ ਬੇਜਾਨ ਹੋ ਚੁਕੇ ਧਰਮ ਨਹੀਂ ਛੱਡਾਂਗੇ। ਏਹ ਸੁਣਕੇ ਨੁਵਾਬ ਨੇ ਆਖਿਆ, "ਰੱਸੀ ਸੜੀ, ਵੱਟ ਨਹੀਂ ਸੜਿਆ।" ਫੇਰ ਹੁਕਮ ਦਿਤਾ ਕਿ ਚਾਬਕਾਂ ਨਾਲ ਏਨ੍ਹਾਂ ਨੂੰ ਮਨਾਓ। ਦੋਹਾਂ ਨੂੰ ਪੁਠੇ ਲਟਕਾ ਕੇ ਜਲਾਦ ਕੋਰੜੇ ਮਾਰਨ ਲਗੇ। ਜਦ ਬੇਹੋਸ਼ ਹੋ ਗਏ ਤਾਂ ਉਤਾਰਕੇ ਪਾਣੀ ਛਿੜਕ

Digitized by Panjab Digital Library | www.panjabdigilib.org

ਕਰ ਹੋਸ਼ ਵਿਚ ਕੀਤਾ । ਫੇਰ ਨਵਾਬ ਨੇ ਸ਼ਾਹਬਾਜ ਸਿੰਘ ਨੂੰ ਪਾਸ ਬੈਠਾਕੇ, ਧੀਰਜ ਦਿਲਾਸਾ ਦੇਕਰ ਆਖਿਆ, ਤੇਰਾ ਬਾਪ ਤਾਂ ਬੁਢਾ ਹੁਣ ਮਰਨ ਕਿਨਾਰੇ ਹੈ, ਦੁਨੀਆਂ ਦੇ ਸੁਖ ਭੋਗ ਚੁਕਾ ਹੈ, ਤੂੰ ਚੜ੍ਹਦੀ ਜਵਾਨੀ ਕਿਉਂ ਉਸਦੇ ਆਖੇ ਜਾਨ ਦਿੰਦਾ ਹਾਂ ? ਸਾਡਾ ਸਾਥੀ ਬਣਕੇ ਆਨੰਦ ਲੈ, ਤੇਰਾ ਵਿਆਹ ਕਰਾਕੇ ਬਹੁਤ ਵਡਾ ਉਹਦਾ ਦੇਵਾਂਗੇ । ਏਹੋ ਜੇਹੀਆਂ ਬਹੁਤ ਭੁਲਾਉਣੀਆਂ ਦਿਤੀਆਂ, ਪਰ ਏਸਨੇ ਇਕੋ ਨਾਂਹ ਰੱਖੀ, ਫੇਰ ਸੂਬੇ ਨੇ ਪੁੱਠਾ ਲਟਕਵਾਕੇ ਕੋਰੜੇ ਲਵਾਏ। ਫੇਰ ਬਿਜੈ ਖਾਂ ਨੇ ਸਬੇਗ ਸਿੰਘ ਨੂੰ ਆਖਿਆ, ਵੇਖ ਤੇਰੇ ਪੁਤ੍ਰ ਨੇ ਸਾਡਾ ਦੀਨ ਮੰਨ ਲੀਤਾ ਹੈ ਤੂੰ ਭੀ ਮੰਨ ਜਾਹ, ਦੋਵੇਂ ਬਾਪ ਬੇਟਾ ਇੱਕ ਪਰਗਣਾ ਅਜਾਰੇ ਉੱਤੇ ਲੈਕੇ ਮੌਜ ਕਰੋ, ਰੋਜ ਰੋਜ਼ ਦੇ ਕਲੇਸ਼ ਤੋਂ ਛੁਟੋ, ਛੱਪੜੀ ਵਿਚੋਂ ਨਿਕਲੋ ਦਰਿਆ ਦੇ ਮੱਛ ਬਣੇ ਰਹੋ। ਸਬੇਗ ਸਿੰਘ ਨੇ ਸ਼ਾਹਵਾਜ ਸਿੰਘ ਦੀ ਤਰਫ ਦੇਖਕੇ ਆਖਿਆ, ਕਿਉਂ ਬੇਟਾ ! ਤੁਰਕ ਹੋਕੇ ਮਰਣਾ ਨਹੀਂ ਯਾ ਬੀਮਾਰੀ, ਸੰਸਾ, ਦੁਖ, ਸੰਤਾਪ ਨਾ ਬਜਾਪੇਗਾ ? ਜਦ ਤੂੰ ਜਾਣਦਾ ਹੈਂ ਦੁਖ ਸੁਖ ਸਭਨੀਂ ਪਾਸੀਂ ਇਕੋ ਜੇਹਾ ਹੈ ਤਾਂ ਫੇਰ ਕਿਉਂ ਅਕਾਲਪੁਰਖ ਦਾ ਸੱਚਾ ਪੰਥ ਖਾਲਸਾ ਧਰਮ, ਖਰਾ ਲਾਲ ਸਿੱਟਕੇ ਕੱਚ ਖਰੀਦਦਾ ਹੈਂ ? ਸਿਦਕ ਫੜ, ਮਰਣਾ ਇਕੋ ਵਾਰੀ ਹੈ, ਵੇਖ! ਦਸਮੇਂ ਪਾਤਸ਼ਾਹਦੇ ਛੋਟੇ ਛੋਟੇ ਸਾਹਿਬਜ਼ਾਦਿਆਂ ਨੇ ਕਿਸ ਤਰਾਂ ਸੂਬੇ ਵਜ਼ੀਦ ਖਾਂ ਨੂੰ ਸਰਹੰਦ ਵਿਚ ਜਵਾਬ ਦੇਕੇ ਸ਼ਹੀਦੀ ਪਾਈ ? ਏਹ ਬਚਨ ਬਾਪ ਦੇ ਸੁਣਕੇ ਸ਼ਾਹਵਾਜ ਸਿੰਘ ਹੋਰ ਭੀ ਆਪਣੇ ਧਰਮ ਵਿਚ ਕਾਇਮ ਹੋ ਬੈਠਾ, ਫੇਰ ਤਾਂ ਬਿਜੈ ਖਾਂ ਨੇ ਕ੍ਰੋਧ ਕਰਕੇ ਬਾਪ ਬੇਟੇ ਦੋਹਾਂ ਨੂੰ ਕਤਲ ਕਰਾਇ ਦਿੱਤਾ,

Digitized by Panjab Digital Library | www.panjabdigilib.org

ਸਿੰਘ ਭੀ ਬੜੀ ਖੁਸ਼ੀ ਨਾਲ ਅਕਾਲ ੨ ਬੋਲਦੇ ਹੋਏ ਸ਼ਹੀਦ ਹੋ ਗਏ, ਪੰਥ ਖਾਲਸੇ ਨੇ ਸੁਣਕੇ ਉਨਾਂ ਦੇ ਨਾਮ ਪਰ ਧੰਨਯਵਾਦ ਕਰਕੇ ਜੈਕਾਰੇ ਉਚਾਰੇ ॥

## ਹਕੀਕਤ ਰਾਇ ਦੀ ਕਥਾ

ਏਸੇ ਸਮੇਂ ਹਕੀਕਤ ਰਾਇ ਨੇ ਭੀ ਆਪਣਾ ਆਪ ਧਰਮ ਉੱਤੇ ਵਾਰ ਦਿੱਤਾ। ਹਕੀਕਤ ਰਾਇ ਬਾਘ ਮੱਲ ਪੁਰੀ ਖੱਤ੍ਰੀ ਦੇ ਘਰ ਮਾਈ ਗੌਰਾਂ ਦੇ ਪੇਟੋਂ ਕੱਤਕ ਵਦੀ ੧੨ ਸੰ: ੧੭੮੧ ਬਿ: ਨੂੰ ਸਿਆਲਕੋਟ ਵਿਚ ਪੈਦਾ ਹੋਕੇ ਫਾਰਸੀ ਅਰਬੀ ਬਹੁਤ ਚੰਗਾ ਪੜ੍ਹਿਆ। ਬਾਘ ਮੱਲ ਦਫਤਰ ਵਿਚ ਨੌਕਰੀ ਕਰਦਾ ਸੀ ॥

ਕਸਬੇ ਵਟਾਲੇ ਕਿਸ਼ਨ ਸਿੰਘ ਖੱਤ੍ਰੀ ਦੇ ਘਰ ਏਸਦੀ ਸ਼ਾਦੀ ਹੋਕੇ ਇਕ ਬੇਟਾ ਪੈਦਾ ਹੋਇਆ, ਉਨਾਂ ਦਿਨਾਂ ਵਿਚ ਭਾਈ ਮਨੀ ਸਿੰਘ, ਤਾਰੂ ਸਿੰਘ ਆਦਿਕ ਹਠੀਲੇ ਸਿੰਘਾਂ ਦੇ ਧਰਮ ਉਪਰ ਕੁਰਬਾਨ ਹੋਣੇ ਦੀ ਚਰਚਾ ਸਾਰੇ ਪੰਜਾਬ ਵਿਚ ਫੈਲ ਰਹੀ ਸੀ, ਜਿਸ ਨੂੰ ਸੁਣਕੇ ਹੋਰ ਭੀ ਅਨੇਕ ਸਿੰਘਾਂ ਤੇ ਹਿੰਦੂਆਂ ਦੇ ਦਿਲ ਧਰਮ ਉੱਤੇ ਕਾਇਮ ਹੋ ਰਹੇ ਸੇ, ਹਕੀਕਤ ਰਾਇ ਨੇ ਭੀ ਏਹੋ ਕਰੜੀ ਸੰਥਾ ਧਰਮ ਦੀ ਪੜ੍ਹ ਰਖੀ ਸੀ ॥

ਇਕ ਦਿਨ ਦੇਵੀ ਦੇ ਪੂਜਨ ਦਾ ਟਿਕਾ ਲਾਕੇ ਮਕਤਬ ਵਿਚ ਆਇਆ ਤਾਂ ਮੁਸਲਮਾਨ ਮੁੰਡਿਆਂ ਨੇ ਹਿੰਦੂਆਂ ਦੇ ਦੇਵੀ ਦੇਵਤਿਆਂ ਨੂੰ ਬੁਰੀਆਂ ੨ ਗਾਲੀਆਂ ਦੇਕੇ ਹਿੰਦੂ ਧਰਮ ਦੀ ਨਿੰਦਾ ਅਣਹੋਣੀ ਬਹੁਤ ਕੀਤੀ, ਅੱਗੋਂ ਹਕੀਕਤ ਰਾਇ ਨੇ ਐਸੇ ੨ ਲਾਇਕ ਜਵਾਬ ਦਿੱਤੇ, ਜਿਸ ਤੋਂ ਖਿਝਕੇ ਅਬਦੁਲਹੱਕ ਮਸ਼ਹੂਰ ਮੌਲਵੀ ਆਪਣੇ ਮੁੰਡਿਆਂ

Digitized by Panjab Digital Library | www.panjabdigilib.org

ਦੀ ਮਦਦ ਕਰਨ ਲਗ ਪਿਆ, ਹੋਰ ਭੀ ਹਿੰਦੂ ਮੁਸਲਮਾਨ ਬਹੁਤ ਇਕੱਠੇ ਹੋ ਗਏ, ਪਰ ਮੁਸਲਮਾਨਾਂ ਦੀ ਬਾਦਸ਼ਾਹੀ ਦੇ ਜ਼ੁਲਮਾਂ ਤੋਂ ਡਰਦੇ ਮਾਰੇ ਕਿਸੇ ਹਿੰਦੂ ਨੇ ਪੱਖ ਨਾ ਕੀਤਾ।

ਹਕੀਕਤ ਰਾਇ ਇਲਮ ਫਾਰਸੀ, ਅਰਬੀ ਵਿਚ ਤਾਂ ਪੈਹਲਾਂ ਹੀ ਤੇਜ਼ ਸੀ, ਪਰ ਧਰਮ ਉੱਤੇ ਜਾਨ ਤਕ ਅਰਪਣ ਕਰ ਦੇਣ ਦਾ ਹੌਸਲਾ ਸਿੱਖ ਦੀ ਬੇਟੀ ਦੇ ਸਬੰਧ ਕਰਕੇ ਹੋ ਗਿਆ ਸੀ, ਏਸੇ ਕਰਕੇ ਚਰਚਾ ਵਿਚ ਉਸਨੇ ਮੁਸਲਮਾਨਾਂ ਦੇ ਪੈਗੰਬਰਾਂ ਦੀ ਬੁਰਾਈ ਤੇ ਮਜ਼ਬ ਇਸਲਾਮ ਦੀ ਜਾਲ-ਸਾਜ਼ੀ ਐਸੀ ੨ ਜ਼ਾਹਰ ਕਰ ਦਿਖਾਈ, ਜਿਸਤੋਂ ਮੌਲਵੀ ਸਮੇਤ ਸਬ ਛੋਕਰਿਆਂ ਨੇ ਨਿਰੁਤ੍ਰ ਹੋਕੇ ਕਾਜ਼ੀ ਦੇ ਖਾਸ ਪੱਗ ਜਾ ਮਾਰੀ। ਕਾਜ਼ੀ ਤਾਂ ਹਮੇਸ਼ ਹਿੰਦੂਆਂ ਦੇ ਮਜ਼ਬ ਉੱਤੇ ਜਲੇ, ਬਲੇ ਛੁਰੀ ਚਲਾਉਂਦੇ ਰੈਂਹਦੇ ਸਨ, ਓਨਾਂ ਨੇ ਸਿਆਲਕੋਟ ਦੇ ਹਾਕਮ ਅਮੀਰ ਬੇਗ ਦੇ ਰੋਬਰੋ ਹਕੀਕਤ ਰਾਇ ਨੂੰ ਬੁਲਾਕੇ ਪੁਛਿਆ, ਓਸਨੇ ਸੱਚ ਸੱਚ ਕੈਹ ਦਿੱਤਾ ਕਿ ਪੈਹਲੇ ਪਾਠਸ਼ਾਲਾ ਦੇ ਲੜਕਿਆਂ ਨੇ ਮੌਲਵੀ ਸਮੇਤ ਅਸਾਡੇ ਅਵਤਾਰਾਂ ਤੇ ਗੁਰੂਆਂ ਨੂੰ ਗਾਲੀਂ ਦੇਕਰ ਹਿੰਦੂ ਧਰਮ ਦੀ ਨਿੰਦਾ ਕੀਤੀ, ਪਿੱਛੋਂ ਮੈਂ ਭੀ ਮਜ਼ਬ ਇਸਲਾਮ ਦੇ ਨੁਕਸ ਨਿਕਾਲੇ, ਏਸੇ ਤਰਾਂ ਸਬ ਗਵਾਹਾਂ ਨੇ ਆਖਿਆ। ਹਾਕਮ ਨੇ ਤਾਂ ਬਾਲਕਾਂ ਦੀ ਬੇਹਸਦਾ ਤੁਛ ਮਾਮਲਾ ਸਮਝਕੇ ਕੁਛ ਥੋੜ੍ਹੀ ਜੇਹੀ ਚੱਟੀ ਲਾਕਰ ਹਕੀਕਤ ਰਾਇ ਨੂੰ ਛੱਡ ਦੇਣਾ ਚਾਹਿਆ, ਪਰ ਕਾਜ਼ੀਆਂ ਨੇ ਜ਼ਿਦ ਕਰਕੇ ਮੁਫਤੀ ਤੋਂ ਫਤੁਵਾ ਦਿਵਾ ਦਿੱਤਾ ਕਿ ਹਕੀਕਤ ਰਾਇ ਮੁਸਲਮਾਨ ਹੋਵੇ ਯਾ ਕਤਲ। ਹਾਕਮ ਦੀ ਤੇ ਕਾਜ਼ੀਆਂ ਦੀ ਇਕੋ ਰਾਇ ਨਾ ਹੋਣੇ ਕਰਕੇ ਤਿੰਨ ਮਹੀਨੇ ਝਗੜਾ ਹੁੰਦਾ ਰਿਹਾ, ਓੜਕ ਕਾਜ਼ੀਆਂ

Digitized by Panjab Digital Library | www.panjabdigilib.org

ਨੇ ਲਾਹੌਰ ਦੇ ਸੂਬੇ ਖਾਨ ਬਹਾਦਰ ਪਾਸ ਚਲਾਨ ਕਰਾ ਲੀਤਾ॥

ਹਕੀਕਤ ਦੇ ਨਾਲ ਮਾਂ, ਬਾਪ, ਭਾਈ, ਭੈਣਾਂ, ਸਾਕ, ਨਾਤੇ, ਅਤੇ ਸ਼ੈਹਰ ਸਿਆਲਕੋਟ ਦੇ ਦਯਾਲੂ ਧਰਮਾਤਮਾ ਅਨੇਕ ਲੋਗ ਚਲ ਪਏ। ਹਕੀਕਤ ਰਾਇ ਦੀ ਇਸਤ੍ਰੀ ਵਿਚਾਰੀ ਸਾਰੀ ਉਮਰ ਦੇ ਰੰਡੇਪੇ ਦੀ ਅੱਗ ਦੇ ਭਾਂਬੜ ਨੂੰ ਸਾਹਮਣੇ ਵੇਖ ੨ ਘਰ ਵਿੱਚ ਭੜਫ ਰਹੀ ਸੀ; ਕਿਸੇ ਵਕਤ ਛੁੱਟ ਆਵਣ ਦੀ ਉਮੇਦ ਵਿੱਚ ਠੰਢਾ ਹਾਹੁਕਾ ਭਰਕੇ ਕੁਛ ਧੀਰਜ ਕਰਦੀ, ਪਰ ਹੋਣਹਾਰ ਕਦੋਂ ਚੈਨ ਲੈਣ ਦਿੰਦੀ ਸੀ ?

ਹਕੀਕਤ ਰਾਇ ਜਿਸ ਰਸਤੇ ਲੰਘਿਆ, ਪਿੰਡਾਂ ਵਿੱਚ ਹਾਹਾਕਾਰ ਮਚਦਾ ਗਿਆ, ਉਸ ਵਕਤ ਐਸਾ ਕੌਣ ਸੀ ਜੇਹੜਾ ਉਸਦੀ ਲਾਇਕੀ ਤੇ ਉਮਰ, ਸ਼ਹੂਰ ਦੀ ਤਰਫ ਦੇਖ ਸੁਣਕੇ ਹਚਕੋੜੇ ਲੈ ਲੈ ਨਹੀਂ ਰੋਇਆ ? ਮੁਸਲਮਾਨਾਂ ਦੇ ਜ਼ੁਲਮ ਉੱਤੇ ਲਾਣਤ ੨ ਤੇ ਧਰਮੀਆਂ ਦੇ ਸਿਦਕ ਉੱਤੇ ਵਾਹਵਾ ਕੈਂਹਦੇ ਹੋਏ ਸਬ ਲੋਕ ਅੱਖੀਆਂ ਤੋਂ ਹੰਝੂ ਸਿੱਟ ਰਹੇ ਸੇ।

ਜਦ ਲਾਹੌਰ ਪਹੁੰਚੇ ਤਾਂ ਲਾਹੌਰੀ ਖਲਕਤ ਹਕੀਕਤ ਰਾਇ ਦੇ ਗੋਰੇ ਰੰਗ, ਨਾਜ਼ਕ ਸੁੰਦਰ ਅੰਗ, ਉਤ੍ਰਦੀ ਦਾੜ੍ਹੀ ਸੋਹਣੀ ਸੂਰਤ, ਮੋਹਣੀ ਮੂਰਤ ਦੇ ਚੰਦ ਜੈਸੇ ਮੁਖੜੇ ਨੂੰ ਦੇਖ ਅਥਰੂ ਸਿੱਟ ਰਹੀ ਸੀ। ਚੌਧਰੀ ਦਰਗਾਹੀ ਜੋ ਸ਼ਾਹਦਰੇ ਵਾਲਾ ਬੜਾ ਮਸ਼ਹੂਰ ਆਦਮੀ ਸੀ, ਉਸਨੇ ਭੀ ਕਾਜ਼ੀਆਂ ਨੂੰ ਬਹੁਤ ਕੁਛ ਸਮਝਾਇਆ ਬੁਝਾਇਆ, ਪਰ ਉਨਾਂ ਦੁਸ਼ਟਾਂ ਨੇ ਇੱਕ ਨਾ ਮੰਨੀ, ਓੜਕ ਨਾਜ਼ਮ ਬੇਰਹਮ ਜ਼ਾਲਮ ਨੇ (ਜੋ ਜ਼ਕਰੀਏ ਖਾਂ ਦਾ ਪੁਤਰ ਬਿਜੈ ਖਾਂ ਕਾਜ਼ੀਆਂ ਦਾ ਪਛ ਕਾਜ਼ੀ ਜਿੱਦ ਬਾਜ਼ ਅੱਗ ਦਾ ਪੁਤਲਾ ਸੀ) ਸਿਆਲਕੋਟ ਵਾਲੇ ਕਾਜ਼ੀਆਂ ਦਾ ਫਤਵਾ ਕਾਇਮ ਰੱਖਕੇ ਹਕੀਕਤ ਰਾਇ ਨੂੰ ਸੁਣਾ ਦਿੱਤਾ ਕਿ ਮੁਸਲਮਾਨ ਹੋਜਾਓ

Digitized by Panjab Digital Library | www.panjabdigilib.org

ਨਹੀਂ ਤਾਂ ਕਤਲ ਕੀਤੇ ਜਾਓਗੇ ਸ਼ਰਾ ਦਾ ਹੁਕਮ ਅਟੱਲ ਹੈ ॥

ਹਕੀਕਤ ਰਾਇ ਦੀ ਤਰਫ ਜੋ ਖਲਕਤ ਚਕੋਰਾਂ ਵਾਂਗੂ ਦੇਖਦੀ ਹੋਈ ਕੈਹ ਰਹੀ ਸੀ ਕਿ ਦੇਖੀਏ ਹੁਣ ਇਹ ਤੇਲ ਦਾ ਮੋਤੀ ਬਣਦਾ ਹੈ ਕਿ ਸੁੱਚਾ, ਪਰ ਸੁਭਾਹੀ ਬਣਿਆਂ ਹਾਕਮ ਦਾ ਹੁਕਮ ਸੁਣਕੇ ਭੇਡ ਦੀ ਤਰਾਂ ਭੈਂ ਭੈਂ ਨਾ ਕੀਤਾ, ਸਗੋਂ ਸ਼ੇਰ ਵਾਂਗੂ ਗੱਜ ਕੇ ਬੜੇ ਹੌਸਲੇ ਤੇ ਖੁਸ਼ੀ ਨਾਲ, ਈਮਾਨ ਧਰਮ ਖੋਣੇ ਵਾਲਿਆਂ ਪਰ ਥੁਕ ਥੁਕਕੇ ਉਸਨੇ ਤਾਂ ਕਤਲ ਹੋਣਾ ਮਨਜ਼ੂਰ ਕਰ ਲੀਤਾ, ਪਰ ਉਸਦੇ ਮਾਂ ਬਾਪ ਭੈਣ ਆਦਿਕ ਸੱਕੇ ਸੰਬੰਧੀਆਂ ਦੀ ਅੱਖੀਆਂ ਅੱਗੇ ਤਾਂ ਅੰਧਕਾਰ ਛਾਗਿਆ, ਤੇ ਧਾਹਾਂ ਮਾਰ ਮਾਰ ਪਛਾੜ ਖਾ ਖਾਕੇ ਡਿੱਗਣ ਲੱਗ ਪਏ। ਸਿਦਕ ਧਰਮ ਵਾਲੇ ਲੋਕ ਤਾਂ ਹਕੀਕਤ ਰਾਇ ਨੂੰ ਵਾਹ ਵਾਹ ਤੇ ਧੰਨ ਜਨਮ ੨ ਕੈਹ ਰਹੇ ਸੇ, ਬਾਕੀ ਹੋਰ ਜਿਤਨੇ ਮੂੰਹ ਓਤਨੀ ਭਾਸ਼ਾ। ਮਾਈ ਕੌਰਾਂ ਨੂੰ ਹੋਸ਼ ਆਈ ਤਾਂ ਦੌੜਕੇ ਆਪਣੇ ਪ੍ਰਾਣ ਪਿਆਰੇ ਪੁਤਰ ਪਾਸ ਗਈ ਤੇ ਗਲੱਕੜੀ ਵਿੱਚ ਲੈ, ਨੇਤ੍ਰਾਂ ਦੇ ਜਲ ਨਾਲ ਨੁਲ੍ਹਾ ਕਰ ਕੈਹਣੇ ਲੱਗੀ-ਪੁਤਰ! ਮੁਸਲਮਾਨ ਹੋ ਜਾਹ, ਮੈਂ ਤੇਰੀ ਸੂਰਤ ਨੂੰ ਦੇਖਦੀ ਤਾਂ ਰਹਾਂਗੀ, ਤੇਰੇ ਮਰੇ ਤੋਂ ਮੈਂ ਨਿੱਤ ਧੂੰਈਂ ਵਾਂਙੂ ਪਈ ਧੁਖਾਂਗੀ, ਤੇਰੀ ਵਹੁਟੀ ਨੂੰ ਦੇਖ ੨ ਅਧਮਰੀ ਹੋਈ ਹੋਈ ਤੜਫ ੨ ਦਿਨ ਕੱਟਾਂਗੀ; ਇਸੇ ਤਰਾਂ ਬਾਪ ਤੇ ਸਾਹੁਰੇ ਨੇ ਭੀ ਸਮਝਾਯਾ, ਭੈਣਾਂ ਨੇ ਸਾਹਮਣੇ ਪਿੱਟ ਪਿੱਟਕੇ ਸਿਰ ਦੇ ਵਾਲ ਪੁਟ ਸਿੱਟੇ, ਪਰ ਹਕੀਕਤ ਰਾਇ ਨੇ ਕਿਸੇ ਦੀ ਨਾਂ ਸੁਣੀ, ਹਠ ਕਰਕੇ ਸਭ ਨੂੰ ਇਹੋ ਜਵਾਬ ਦਿੱਤਾ, ਦੇਖੋ! ਜਿਸ ਮੇਰੇ ਸਰੀਰ ਬਦਲੇ ਤੁਸੀ ਐਡਾ ਵੱਡਾ ਦੁੱਖ ਪਾ ਰਹੇ ਹੋ, ਇਸਨੇ ਤਾਂ ਇਕ ਦਿਨ ਜਾਣਾ ਹੀ ਹੈ। ਜੇ ਪਿੱਛੇ ਮਰ ਗਿਆ ਹੁੰਦਾ ਤਾਂ ਭੀ ਸਬਰ ਕਰਦੇ ਯਾ ਅੱਗੇ ਨੂੰ ਹੈਜ਼ੇ ਆਦਿਕ ਕਿਸੇ ਬੀਮਾਰੀ ਨਾਲ

Digitized by Panjab Digital Library | www.panjabdigilib.org

ਮਰ ਜਾਵਾਂਗਾ, ਫੇਰ ਭੀ ਮੇਰੇ ਵਿਛੋੜੇ ਦਾ ਦੁੱਖ ਸਹਾਰੋਗੇ, ਸੋ ਹੁਣੇ ਕਜੋਂ ਨਹੀਂ ਸਹਾਰਦੇ ? ਸਗੋਂ ਤੁਸੀ ਆਪ ਨੂੰ ਵਡਭਾਗੀ ਮੰਨੋ, ਜਿਨ੍ਹਾਂ ਦਾ ਸੰਬੰਧੀ ਧਰਮ ਉੱਤੇ ਆਪਣੀ ਜਾਨ ਕੁਰਬਾਨ ਕਰਦਾ ਹੈ। ਇਕ ਹੋਰ ਤੁਸੀ ਆਪਣੀ ਵਡਿਆਈ ਸਮਝੋ ਕਿ ਸੈਂਕੜੇ ਲੋਗ ਰੋਜ਼ ਮਰਦੇ ਹਨ, ਪਰ ਨਾਮ ਸਬ ਦੇ ਸਾਥ ਹੀ ਮਿਟ ਜਾਂਦੇ ਹਨ। ਮੇਰਾ ਨਾਮ ਵਾਹ ਵਾਹ ਦੇ ਸਾਥ ਹਮੇਸ਼ਾਂ ਬਣਿਆਂ ਰਹੇਗਾ ॥

ਜੱਦਪਿ ਸਕੇ ਸੰਬੰਧੀਆਂ ਦੇ ਦਰਦ ਭਰੇ ਹੋਏ ਹਾਹਦੇ ਨਾਰੇ, ਹੰਝੂਆਂ ਦੇ ਪਰਵਾਹ ਤੇ ਦੀਨਤਾਈ ਦੇ ਬਚਨ ਭੀ ਧੀਰਜ ਨੂੰ ਵਹਾਈ ਜਾਂਦੇ ਸੇ, ਪਰ ਹਕੀਕਤ ਰਾਇ ਦੇ ਸਿਦਕ ਅੱਗੇ ਕਿਸੇ ਦੀ ਕੁਛ ਪੇਸ਼ ਨਾ ਗਈ। ਹਕੀਕਤ ਰਾਇ ਜਿਸਨੂੰ ਬੇਹੱਦ ਖੁਸ਼ੀ ਦਾ ਨੂਰ ਚੜ੍ਹ ਰਿਹਾ ਸੀ, ਧੀਰਜ, ਧਰਮ ਦ੍ਰਿੜਾਕਰ ਹਸਦੇ ੨ ਜਲਾਦਾਂ ਦੇ ਨਾਲ ਨਖਾਸਚੌਕ ਵਿਚ ਜਾਕੇ ਸੰ: ੧੮੦੨ ਬਿ: ਨੂੰ ਬਸੰਤ ਪੰਚਮੀ ਦੇ ਦਿਨ ਸ਼ਹੀਦੀ ਪਾਈ। ਜਦਪਿ ਜ਼ਾਹਰਦਾਰੀ ਹਕੀਕਤ ਰਾਇ ਮਰਗਿਆ, ਪਰ ਹਮੇਸ਼ ਦੇ ਵਾਸਤੇ ਅਮਰ ਹੋਗਿਆ। ਜੇਹੜਾ ਪਰਮ ਪਦ ਜੱਗਜ ਜੋਗ, ਜਪ ਤਪ, ਦਾਨ ਪੁੰਨਜ ਆਦਿਕ ਹੋਰ ਕਿਸੇ ਸਾਧਨ ਤੋਂ ਨਹੀਂ ਮਿਲਦਾ, ਓਹ ਮਿਲ ਗਿਆ। ਏਸਦੀ ਸਮਾਧ ਲਾਹੌਰ ਸ਼ਾਹਬਿਲਾਵਲ ਬਾਗ ਦੇ ਪਾਸ ਹੈ, ਹਰ ਸਾਲ ਬਸੰਤ ਪੰਚਮੀ ਦਾ ਮੇਲਾ ਬੜੀ ਧੂਮ ਧਾਂਮ ਨਾਲ ਹੁੰਦਾ ਹੈ ॥

## ਮਤਾਬ ਸਿੰਘ ਮੀਰਾਂ ਕੋਟੀਏ ਦਾ ਪ੍ਰਸੰਗ

ਮਤਾਬ ਸਿੰਘ ਭੰਗੂ ਜ਼ਿਮੀਦਾਰ ਮੀਰਾਂ ਕੋਟੀਆ ਜਿਸਨੇ

Digitized by Panjab Digital Library | www.panjabdigilib.org

ਮਸੇ ਰੰਘੜ ਨੂੰ ਮਾਰਿਆ ਸੀ, ਜੰਡਿਆਲੇ ਵਾਲੇ ਗੁਰਲਾਂ ਦਾ ਫੜਾਯਾ ਹੋਯਾ ਜਦ ਨਾਜ਼ਮ ਦੇ ਰੋਬਰੋ ਆਯਾ ਤਾਂ ਸਿੰਘ ਨੇ ਗੱਜ ਕੇ ਫਤੇ ਬੁਲਾਈ ਜਿਸ ਤੇ ਹਾਕਮ ਨੇ ਬਹੁਤ ਬੁਰਾ ਮੰਨਿਆਂ ਤੇ ਬਿਨਾਂ ਪੁਛੇ ਗਿਛੇ ਸੂਲੀ ਪਰ ਚੜ੍ਹਾ ਦਿਤਾ। ਓਸੇ ਸਮੇਂ ਰਾਮੇਰੰਧਾਵੇ ਚੌਧਰੀ ਨੇ ਇਕ ਗਰਜਾ ਸਿੰਘ ਨਾਮੀ ਸਿੰਘ ਨੂੰ ਸੂਬੇ ਪਾਸ ਪਹੁੰਚਾਯਾ, ਸੂਬੇ ਨੇ ਬਾਗਰੋ ਬਾਹਰ ਸੂਲੀ ਚੜ੍ਹਵਾ ਦਿਤਾ। ਏਹ ਦੋਵੇਂ ਸਿੰਘ ਬਹੁਤ ਖੁਸ਼ੀ ਨਾਲ (ਜੇਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ) ਏਹ ਸ਼ਬਦ ਗਾਉਂਦੇ ਹੋਏ ਅਕਾਲ ਅਕਾਲ ਧੁਨੀ ਕਰਕੇ ਅਕਾਲ ਰੂਪ ਬਣ ਗਏ ॥

ਜਦ ਏਸ ਤਰਾਂ ਦੇ ਜ਼ੁਲਮਾਂ ਦੀ ਹਦ ਨਾ ਰਹੀ ਤੇ ਅਕਾਲ ਪੁਰਖ ਨੇ ਮੁਗਲਾਂ ਦਾ ਸੱਤਯਾਨਾਸ ਕਰਨ ਲਈ ਅਹਿਮਦ ਸ਼ਾਹ ਦੁਰਾਨੀ ਬਾਦਸ਼ਾਹ ਨੂੰ ਹਿੰਦੁਸਤਾਨ ਪਰ ਚੜ੍ਹਾਈ ਦੀ ਉਮੰਗ ਦੇ ਦਿਤੀ, ਕਿਉਂਕਿ ਜਦ ਨਾਦਰ ਸ਼ਾਹ ਦਿੱਲੀ ਤਕ ਆਯਾ ਸੀ ਤਦ ਏਹ ਐਹਮਦ ਸ਼ਾਹ ਓਸਦੇ ਸਾਥ ਆਕੇ ਹਿੰਦੁਸਤਾਨ ਦਾ ਭੇਤ ਪਾਗਿਆ, ਏਸ ਕਰਕੇ ਸੰ: ੧੮੦੪ ਬਿਕ੍ਰਮੀ ਨੂੰ ਨਿਸ਼ੰਗ ਘੜਾ ਮਾਰੀ ਚਲਾ ਆਇਆ। ਲਾਹੌਰ ਦਾ ਸੂਬਾ ਡਰਦਾ ਹੋਇਆ ਜੇਹਲਮ ਦੇ ਕਿਨਾਰੇ ਨਜ਼ਰ ਦੇ ਕੇ ਜਾ ਮਿਲਿਆ ਤੇ ਤਾਬੇਦਾਰੀ ਲਿਖ ਦਿੱਤੀ।

ਏਧਰੋਂ ਬਹੁਤ ਸਾਰੀ ਫੌਜ ਰਾਜਾ ਅਜੀਤ ਸਿੰਘ ਜੋਧਪੁਰੀਏ ਤੇ ਨਵਾਬ ਕਮਰ ਦੀਨ ਵਜ਼ੀਰ ਨੂੰ ਦੇਕੇ ਸਰਹੰਦ ਭੇਜ ਦਿਤਾ ॥

ਅਹਿਮਦ ਸ਼ਾਹ ਨੇ ਲਾਹੌਰ ਪਹੁੰਚ ਕੇ ਜਦ ਕਿਲਾ ਦੇਖਿਆ ਤੇ ਓਥੇ ਇਕ ਕੋਠਾ ਕੁਹਕ ਬਾਣ ਦਾ ਭਰਿਆ ਹੋਇਆ ਦੇਖ ਓਸਦੀ ਕਰਾਮਾਤ ਸੁਣੀ ਤਾਂ ਗੱਡੇ ਲਦਵਾ

ਕੇ ਨਾਲ ਲੈ ਲਏ ॥

# ਅਹਿਮਦਸ਼ਾਹ ਦੁਰਾਨੀ ਦਾ ਪਹਿਲਾ ਹੱਲਾ

ਜਦ ਸਰਹੰਦ ਪਹੁੰਚਕੇ ਜੰਗ ਕਰਨ ਲਗਾ ਤਾਂ ਪਠਾਣਾਂ ਨੇ ਜੋ ਬਾਣ ਵਿਦਿਆ ਵਿਚ ਨਿਪੁੰਨ ਨਹੀਂ ਸੇ, ਸੁਣੀਸੁਣਾਈ ਤਰਕੀਬ ਉਤੇ ਉਨਾਂ ਬਾਨਾਂ ਨੂੰ ਮੈਦਾਨ ਵਿਚ ਰਖਕੇ ਦੁਸ਼ਮਣਾਂ ਦੇ ਮਾਰਣ ਲਈ ਅੱਗ ਲਾ ਦਿਤੀ, ਪਰ ਓਨਾਂ ਦੇ ਮੂੰਹ ਪਠਾਣਾਂ ਵੱਨੀ ਰਹ ਗਏ । (ਅਣਜਾਣ ਵਿਦਿਆ ਪ੍ਰਾਣਾਂ ਦਾ ਖਹੁ) ਓਹ ਤਾਂ ਉਲਟੇ ਏਨਾਂ ਨੂੰ ਹੀ ਪ੍ਰੇਤ ਹੋਕੇ ਚੰਮੜੇ, ਬਾਣਾਂ ਦੀ ਸ਼ਹਿ ਸ਼ਹਿ ਆਵਾਜ਼ ਨੂੰ ਸੁਣਕੇ ਦੁਰਾਨੀ ਸਮਝਨ ਕਿ ਏਹ ਪੁਛਦੇ ਹਨ ਸ਼ਾਹ ਕਿਥੇ ਹੈ? ਨਾਲੇ ਤਾਂ ਪਠਾਣ ਬਾਣਾਂ ਅਗੇ ਨਠੇ ਜਾਣ ਤੇ ਨਾਲੇ ਜਿਧਰ ਬਾਦਸ਼ਾਹ ਸੀ ਓਧਰ ਨੂੰ ਹਥ ਕਰ ਕਰ ਪੁਕਾਰਦੇ ਜਾਣ, ਸ਼ਾਹ ਔਧਰ ਹੈ । ਓੜਕ ਉਨਾਂ ਬਾਨਾਂ ਨੇ ਦੁਰਾਨੀਆਂ ਦੀ ਫੌਜ ਨੂੰ ਅਧੋ ਅਧ ਨਿਬੇੜ ਛਡਤਾ, ਦੁਰਾਨੀ ਸਤਲੁਜੋਂ ਪਾਰ ਹੋ ਗਏ ।* ਅਹਿਮਦਸ਼ਾਹ ਪੰਜਾਬ ਨੂੰ ਲੁਟਦਾ ਮਾਰਦਾ ਕਾਬਲ ਜਾ ਦਾਖਲ ਹੋਯਾ ॥

---

*ਅਹਿਮਦ ਸ਼ਾਹ ਅਬਦਾਲੀ ਪਠਾਣ ਸੀ । ਏਸਦਾ ਵਡਾ ਇਕ ਅਬਦਾਲ ਨਾਮੀ ਹੋਯਾ ਹੈ, ਜਿਸ ਨੂੰ ੧ ਅਣਮਾ ੨ ਮਹਿਮਾ, ੩ ਗਿਰਮਤਾ, ੪ ਲਘੁਮਾ, ੫ ਪ੍ਰਾਪਤ ਕਾਮ, ੬ ਬਸੀਕਰਣ, ੭ ਈਸ਼ਤਾ ਏਹ ਸੱਤ ਸਿੱਧੀਆਂ ਪ੍ਰਾਪਤ ਹੋਣ ਓਸਦਾ ਨਾਮ (ਅਬਦਾਲ) ਪੂਰਣ ਸਿੱਧ ਹੁੰਦਾ ਹੈ । ਓਸਦੀ ਸੰਤਾਨ ਅਬਦਾਲੀ ਪਠਾਣਾਂ ਨੂੰ ਦੂਸਰੀ ਜਾਤ ਦੇ ਪਠਾਣ ਗੁਰੂ ਪੀਰਾਂ ਵਾਂਗੂ ਮੰਨਦੇ ਹਨ । ਅਹਿਮਦ ਖਾਂ ਦਾ ਬਾਪ ਜਦ ਮਰਗਾ ਤਦ ਬਹੁਤ ਸਖੀਮੀ ਵਿਚ ਸੀ ਤੇ ਅਹਮਦ ਸ਼ਾਹ ਸੱਤ ਬਰਸ ਦਾ ਰਹਿ ਗਿਆ ਸੀ। ਏਸਦੀ ਮਾਂ ਨਾਦਰ ਸ਼ਾਹ ਦੇ ਲਸ਼ਕਰ ਦੇ ਘੋੜਿਆਂ ਦਾ ਦਾਣਾ ਦਲ ਕੇ ਗੁਜ਼ਾਰਾ ਕਰਦੀ ਤੇ ਏਹ ਇਕ ਸਾਬਰਸ਼ਾਹ ਫਕੀਰ ਦੀ ਟਹਲ ਕਰਦਾ ਰਹਿੰਦਾ । ਫਕੀਰ ਖੁਸ਼ੀ ਵਿਚ ਕਦੇ ੨ ਏਸਨੂੰ ਆਖਦਾ ਆਓ ਮੇਰੇ ਅਹਿਮਦਸ਼ਾਹ ! ਇਕ ਦਿਨ ਜੰਗਲ ਵਿਚ ਕਿਸੇ ਟੋਭੇ ਦੇ ਕਿਨਾਰੇ ਥੜਾ ਬਨਾਕੇ ਘਾਸ ਵਿਛਾ ਓਸ ਉਤੇ ਅਹਿਮਦ ਖਾਂ ਨੂੰ ਬੈਠਾ ਕਰ ਹੱਥ ਵਿਚ ਲੰਬੇ ਘਾਸ ਦੇ ਥੱਬੇ ਲੈਕੇ ਤੇ ਛਹਰੇ ਦੇ ਪੱਤੇ ਲੈਕੇ ਆਪ ਏਸਦੇ ਸਿਰ ਉੱਤੇ ਚੌਰ ਛਤ੍ਰ ਵਾਂਗੂ ਕਰ ਰਿਹਾ ਸੀ। ਏਸ ਵਕਤ ਨਾਦਰ ਸ਼ਾਹ ਸ਼ਿਕਾਰ ਖੇਲਦਾ ਓਥੇ ਆ ਪਹੁੰਚਾ, ਫਕੀਰਨੂੰ ਪੁਛਿਆ ਤਾਂ ਸਾਈਂ ਲੋਕ ਨੇ ਉਤਰ ਦਿੱਤਾ, ਅਸਾਂ ਏਸਨੂੰ ਬਾਦਸ਼ਾਹ

Digitized by Panjab Digital Library | www.panjabdigilib.org

# ਸਿੰਘਾਂ ਨੇ ਪੈਂਚਾਂ ਨੂੰ ਸੋਧਣਾ

ਜਦ ਅਹਿਮਦਸ਼ਾਹ ਦੁਰਾਨੀ ਦੇ ਆਉਨ ਜਾਨ ਦੇ ਵੇਲੇ ਪੰਜਾਬ ਵਿਚ ਭਾਰੀ ਅਫੜਾ ਦਫੜੀ ਹੋਈ ਤਾਂ ਸਿੰਘਾਂ ਦੇ ਐਸਾ ਕੰਮ ਸੂਤ ਆਯਾ; ਜਿਊਂ ਪਾਣੀ ਦੇ ਹੜ ਆਏ ਤੋਂ ਬਗਲੇ ਤੇ ਲੁਧਰਾਂ ਦਾ ਦਾਉ ਲਗਦਾ ਹੈ, ਸਿੰਘਾਂ ਨੇ ਘਣੀਆਂ ਨੁਸ਼ੈਹਰਾ, ਜੰਡਯਾਲਾ, ਮਜੀਠਾ, ਕਲਾਨੌਰ, ਜੋਧਨਗਰ, ਫਗਵਾੜਾ, ਤਲਵਣ, ਬਿਜਵਾੜਾ ਜਲੰਧਰ, ਸਠਯਾਲਾ, ਬੁਤਾਲਾ, ਮੰਡਯਾਲਾ, ਸ਼ੇਖੂਪੁਰਾ, ਰਸੂਲ ਨਗਰ, ਆਦਿਕ ਦੁਸ਼ਟਾਂ ਦੇ ਪਿੰਡ ਖੂਬ ਸੋਧੇ।

ਚੌਧਰੀ ਸਾਹਿਬ ਰਾਇ ਨੁਸ਼ੈਹਰੇ ਵਾਲਾ, ਰਾਮਾਰੌਧਾਵ।

---

ਬਣਾਯਾ ਹੈ, ਆਪਣੇ ਬਾਦਸ਼ਾਹ ਪਰ ਚਵਰ ਛੱਤ੍ਰ ਝੁਲਾਉਂਦੇ ਹਾਂ। ਨਾਦਰ ਨੇ ਅਚਰਜ ਹੋਕੇ ਅਰਜ਼ ਕੀਤੀ, ਆਪ ਕੁਛ ਮੈਨੂੰ ਦਾਹਿਲ ਫੁਰਮਾਓ? ਫਕੀਰ ਬੋਲਿਆ, ਮੇਰੇ ਅਹਿਮਦ ਸ਼ਾਹ ਨੂੰ ਸਰਦਾਰੀ ਦੇ ਦੇ। ਨਾਦਰ ਨੇ ਫਕੀਰ ਦੇ ਕਹੇ ਸੌ ੧੦੦ ਅਸਵਾਰ ਦਾ ਸਰਦਾਰ ਅਹਿਮਦ ਖਾਂ ਨੂੰ ਬਣਾ ਦਿੱਤਾ। ਫੇਰ ਤਾਂ ਐਸੇ੨ ਕੰਮ ਅਹਿਮਦ ਖਾਂ ਨੇ ਕੀਤੇ ਜੋ ਨਾਦਰ ਦੀ ਫੌਜ ਦਾ ਕਰਨੈਲ ਬਣ ਗਿਆ, ਨਾਦਰ ਭੀ ਇਸ ਨਾਲ ਹਿਤ ਰੱਖਣ ਲੱਗਾ। ਜਦ ਨਾਦਰਸ਼ਾਹ ਹਿੰਦ ਵਿਚ ਧੁਲੇ ਕਰਕੇ ਮੁੜ ਹਿਰਾਤ ਪਹੁੰਚਾ ਤਾਂ ਨਾਦਰ ਦੇ ਸਾਲੇ ਸਮਰ ਖਾਂ ਜਰਨੈਲ ਨੇ ਅਬਦਾਲੀ ਪਠਾਣਾਂ ਦਾ ਜ਼ੋਰ ਵਧਦਾ ਦੇਖਕੇ ਬੇਗੁਨਾਹ ਉਨਾਂ ਦੇ ਨਾਵੇਂ ਕੱਟ ਦਿਤੇ। ਅਹਮਦ ਖਾਂ ਦੇ ਚੁਕੇ ਹੋਏ ਉਨਾਂ ਨੇ ਰਾਤ ਨੂੰ ਜਰਨੈਲ ਦਾ ਤੰਬੂ ਜਾ ਘੇਰਿਆ। ਉਹ ਨੱਠ ਕੇ ਨਾਦਰ ਦੇ ਤੰਬੂ ਵਿੱਚ ਜਾ ਵੜਿਆ; ਨਾਦਰ ਸਮੇਤ ਉਨ੍ਹੂੰ ਮਾਰਕੇ ਅਹਿਮਦ ਸ਼ਾਹ ਨੂੰ ਬਾਦਸ਼ਾਹ ਬਣਾਯਾ। ਇਸਨੇ ਅਹਿਮਦ ਸ਼ਾਹ ਆਪਣਾ ਖਿਤਾਬ ਉੱਘਾ ਕਰ ਕੰਧਾਰ ਨੂੰ ਜੱਫਾ ਜਾ ਮਾਰਿਆ; ਫੇਰ ਬਲਖ, ਸਿੰਧ, ਕਾਬਲ, ਕਸ਼ਮੀਰ ਪਰ ਭੀ ਸੰਤੋਖ ਨਾ ਕੀਤਾ ਤੇ ਹਿੰਦ ਪਰ ਚੜ੍ਹਾਈ ਕਰ ਦਿਤੀ। ਇਸਨੇ ੧੧ ਹਮਲੇ ਹਿੰਦੁਸਤਾਨ ਪਰ ਕੀਤੇ ਅਤੇ ਕਈ ਕਰੋੜ ਅਸ਼ਰਫੀਆਂ ਤੇ ਚਾਰ ਲੱਖ ਦੇ ਲਗ ਪਗ ਕੁੜੀਆਂ ਮੁੰਡੇ ਜਵਾਨ੨ ਫੜਕੇ ਆਪਣੇ ਦੇਸ ਨੂੰ ਲੈਗਿਆ, ਤੇ ਇਸਨੇ ਪੰਜਾਬ ਦਾ ਮੁਲਕ ਭੀ ਆਪਣੇ ਪੇਟੇ ਪਾ ਲਿਆ ਸੀ, ਪਰ ਸਿੰਘਾਂ ਨੇ ਇਸਦਾ ਰਾਜ ਪੰਜਾਬ ਵਿਚ ਨਾ ਹੋਣ ਦਿਤਾ। ਫੇਰ ਇਸ ਦਾ ਪੋਤ੍ਰਾ ਜ਼ਮਾਨ ਸ਼ਾਹ ਭੀ ਤਿੰਨ ਵਾਰ ਚਾੜੀ ਆਯਾ, ਪਰ ਸਿੰਘਾਂ ਨੇ ਪੁੱਠੇ ਪੈਰੀਂ ਮੋੜ ਦਿਤਾ। ਓੜਕ ਅਹਿਮਦ ਸ਼ਾਹ ਦੇ ਪੋਤ੍ਰੇ ਸ਼ਾਹ ਸਜਾਵਲ ਮੁਲਕ ਨੂੰ ਉਸ ਦੇ ਵਜ਼ੀਰ ਫਤੇ ਖਾਂ ਨੇ ਕਾਬਲ ਤੋਂ ਧੱਕੇ ਮਾਰਕੈ ਕਢ ਦਿਤਾ ਤੇ ਆਪ ਬਾਦਸ਼ਾਹੀ ਸੰਭਾਲ ਲਈ ਜਿਸਦੀ ਸੰਤਾਨ ਕਾਬੁਲ ਵਿਚ ਅਮੀਰ ਅਬਦੁਲ ਰਹਮਾਨ ਹੁਣ ਬਾਦਸ਼ਾਹੀ ਕਰ ਰਿਹਾ ਹੈ।

ਉਨਾਂ ਬਾਦਸ਼ਾਹਾਂ ਦੀ ਸੰਤਾਨ ਸਰਕਾਰ ਅੰਗ੍ਰੇਜ਼ੀ ਦੇ ਆਸਰੇ ਲੁਦਿਹਾਨੇ ਦਿਨ ਪੂਰੇ ਕਰਦੀ ਹੈ। ਇਨਾਂ ਦਾ ਪੂਰਾ ਹਾਲ ਮਹਾਰਾਜੇ ਰਣਜੀਤ ਸਿੰਘ ਦੇ ਹਾਲ ਵਿਚ ਲਿਖ ਜਾਏਗੇ।

Digitized by Panjab Digital Library | www.panjabdigilib.org

ਘਣੀਏਵਾਲਾ, ਧਰਮ ਦਾਸ ਜੋਧ ਨੁਗਰੀਆ, ਆਕਲਦਾਸ ਜੰਡਯਾਲੇ ਦਾ, ਕਰਮਾਛੀਨਾ, ਸਨਮੁਖ ਰਾਇ ਵਟਾਲੀ, ਰਾਧ ਬਖਤ੍ਰਾ ਮੰਜੀਠੇ ਦਾ, ਰਾਧ ਹਸਨਾ ਮੰਡਯਾਲੇ ਦਾ, ਗੈਣਾਂ ਮਲ ਛੀਨੇਵਾਲੀਆ, ਸਠਯਾਲੇ ਬੁਡਾਲੇ ਵਾਲੇ ਰੰਘੜ, ਧਨੇਸ੍ਰੇ ਦੇ ਜਟ, ਹੈਬਤਪੁਰ ਪੱਟੀ ਦੇ ਖੱਤ੍ਰੀ, ਸੇਖੁਪੁਰੇ ਦੇ ਗੱਖੜ ਆਦਿਕ ਬਡੇ ਨਾਮੀ ਤਅੱਲਕੇਦਾਰ ਚੌਧਰੀ ਜੇਹੜੇ ਚੁਗਲੀਆਂ ਕਰ ਕਰ ਹਮੇਸ਼ ਸਿੰਘਾਂ ਨੂੰ ਫੜਾਉਂਦੇ, ਮਰਵਾਂਦੇ ਤੇ ਇਨਾਮ ਇਜ਼ਤ ਪਾਉਂਦੇ, ਤੇ ਸੂਬੇ ਨੂੰ ਆਪਣੀ ਖੈਰਖਾਹੀ ਜਤਾਉਂਦੇ ਰਹਿੰਦੇ ਸਨ, ਜਿਥੇ ਭਾਈਂ ਵਾਹ ਲੱਗੀ ਦੁਰਾਨੀਆਂ ਦੇ ਰੌਲੇ ਵਿਚ ਸਿੰਘਾਂ ਨੇ ਸਬਨਾਂ ਵੈਰੀਆਂ ਚੁਗਲਾਂ ਨੂੰ ਸੋਧਿਆ, ਉਸ ਵੇਲੇ ਸਿੰਘਾਂ ਦੇ ਦੋਹਾਂ ਦਲਾਂ ਵਿਚ ਸ਼ਜਾਮ ਸਿੰਘ ਨਾਰੋ ਕੇ ਵਾਲਾ ਪਰਗਣੇ ਸਯਾਲਕੋਟ ਦਾ, ਕਰੋੜਾ ਸਿੰਘ ਕਰਮ ਸਿੰਘ ਪੈਜਗੜੀਏ ਪਰਗਨੇ ਗੁਰਦਾਸ ਪੁਰ ਦੇ, ਦਯਾਲ ਸਿੰਘ ਗੁਰਦਯਾਲ ਸਿੰਘ ਡੱਲੇ ਵਾਲੀਏ ਪਰਗਣੇ ਕਲਾਨੌਰ ਦੇ, ਚੜ੍ਹਤ ਸਿੰਘ ਚੰਦਾ ਸਿੰਘ ਸ਼ੁਕਰ-ਚੱਕੀਏ, ਗੁਰਬਖਸ਼ ਸਿੰਘ ਧਾਲਾ ਸਿੰਘ ਕਲਸੀਏ, ਖਯਾਲਾ ਸਿੰਘ ਆਦਿਕ ਕੰਗ, ਜੱਸਾ ਸਿੰਘ ਭਾਗ ਸਿੰਘ ਅਲੂਵਾਲੀਏ ਹਰੀ ਸਿੰਘ ਛਜਾ ਸਿੰਘ ਪੰਜਵੜੀਏ, ਦੀਪ ਸਿੰਘ ਸੁਧਾ ਸਿੰਘ ਸ਼ਹੀਦ, ਨਵਾਬ ਕਪੂਰ ਸਿੰਘ ਸੁਖਾ ਸਿੰਘ ਤਖਾਣ, ਜਸਾ ਸਿੰਘ ਰਾਮਗੜੀਆ, ਭੋਮਾ ਸਿੰਘ ਜੈ ਸਿੰਘ ਹਕੀਕਤ ਸਿੰਘ ਘਨਈਏ, ਹੀਰਾ ਸਿੰਘ ਸਦਾ ਸਿੰਘ ਨਕਈ, ਕਰਮ ਸਿੰਘ ਧਰਮ ਸਿੰਘ ਖਤ੍ਰੀ ਅੰਮ੍ਰਤਸਰੀਏ, ਜਿਉਣ ਸਿੰਘ ਬਦਨ ਸਿੰਘ ਵੀਰ ਸਿੰਘ ਤਿੰਨੇ ਮਜਬੀ, ਆਦਿਕ ਬਹੁਤ ਸਿਖ ਸਰਦਾਰ ਸੇ ॥

Digitized by Panjab Digital Library | www.panjabdigilib.org

# ਜਸਪਤ ਰਾਇ ਨੂੰ ਮਾਰਨਾ ਤੇ ਏਮਨਾਬਾਦ ਸੋਧਨਾ

ਅਹਿਮਦ ਸ਼ਾਹ ਅਬਦਾਲੀ ਦੇ ਰੌਲੇ ਵਿਚ ਦੀਵਾਨ ਲਖਪਤ ਰਾਇ ਦੇ ਭਾਈ ਜਸਪਤ ਰਾਇ ਨੇ ਜੋ ਏਮਨਾ ਬਾਦ ਆਪਣੀ ਜਾਗੀਰ ਵਿੱਚ ਰਹਿੰਦਾ ਹੁੰਦਾ ਸੀ, ਬਹੁਤ ਸਿੰਘ ਧੋਖੇ ਨਾਲ ਫੜ ੨ ਮਰਵਾਕੇ ਸੂਬੇ ਲਾਹੌਰ ਤੋਂ ਇਨਾਮ ਲੈਂਦਾ ਰਿਹਾ ਸੀ। ਸੰਨ:੧੮੦੦ ਬਿਕ੍ਰਮੀ ਨੂੰ ਏਮਨਾਬਾਦ ਗੁਰਦੁਆਰੇ ਰੋੜੀ ਸਾਹਿਬ ਵਿੱਚ ਵੈਸਾਖੀ ਦੇ ਮੇਲੇ ਪਰ ਦੋ ਤਿੰਨ ਜੱਥੇ ਸਿੰਘਾਂ ਦੇ ਉਧਰ ਫਿਰਦੇ ਹੋਏ ਚਲੇ ਗਏ। ਜਸਪਤ ਰਾਇ ਨੇ ਆਖ ਭੇਜਆ, ਤੁਸੀਂ ਏਥੇ ਠਹਿਰੋਗੇ ਤਾਂ ਮੈਥੋਂ ਬੁਰਾ ਕੋਈ ਨਹੀਂ। ਸਿੰਘਾਂ ਨੇ ਆਖਯਾ, ਅਜ ਦੀ ਰਾਤ ਅਸੀ ਆਪਣੇ ਗੁਰਦ੍ਵਾਰੇ ਭਗਤੀ ਭਜਨ ਕਰਾਂਗੇ, ਤੜਕੇ ਵਿਸਾਖੀ ਦਾ ਇਸ਼ਨਾਨ ਕਰਕੇ ਚਲੇ ਜਾਵਾਂਗੇ। ਉਸਨੇ ਇਕ ਘੜੀ ਭੀ ਸਿੰਘਾਂ ਦਾ ਟਿਕਣਾ ਨਾ ਚਾਹਯਾ। ਫੇਰ ਉਠਾਉਣ ਲਈ ਸਿਪਾਹੀ ਭੇਜੇ, ਪਰ ਸਿੰਘ ਨਾ ਉਠੇ। ਓੜਕ ਸੌ ਅਸਵਾਰ ਪਜਾਦਾ ਨਾਲ ਲੈਕੇ ਹਾਥੀ ਉਤੇ ਚੜ੍ਹਕੇ ਆਗਿਆ ਤੇ ਗਾਲੀਆਂ ਦੇਣ ਲਗ ਪਿਆ। ਪਹਿਲੇ ਤਾਂ ਸਿੰਘ ਚੁਪ ਕਰ ਰਹੇ, ਪਰ ਜਦ ਉਸਨੇ ਆਖਿਆ ਕਿ ਤੁਹਾਡੇ ਤੇ ਬਹੁਤ ਬੁਰਾ ਤੇ ਅਯੋਗ ਸਲੂਕ ਕੀਤਾ ਜਾਵੇਗਾ ਤਾਂ ਏਹ ਗਲ ਸੁਣਕੇ ਸ੍ਰਦਾਰ ਚੜ੍ਹਤ ਸਿੰਘ ਨੇ ਆਖਿਆ, ਕਿਰਾੜਾ ! ਕਿਉਂ ਤੇਰੀ ਸ਼ਾਮਤ ਆਈ ਹੈ ਮੌਤ ਨੂੰ ਅਵਾਜ਼ਾਂ ਮਾਰਦਾ ਹੈਂ? ਜੇਹੜੇ ਸਿੰਘ ਹਿੰਦੂ ਧਰਮ ਦੀ ਰਖਯਾ ਵਾਸਤੇ ਜਾਨਾਂ ਦੇ ਰਹੇ ਹਨ ਤੂੰ ਉਨਾਂ ਨੂੰ ਬੁਰਾ ਭਲਾ ਬੋਲਦਾ ਹੈਂ, ਕੀ ਤੈਂ ਭੀ ਦਾਖੂਦਾਨੇ ਲੈਣੇ ਹਨ? ਏਹ ਸੁਣਕੇ ਖਤ੍ਰੀ ਨੇ ਸਿਪਾਹੀਆਂ ਨੂੰ ਹੁਕਮ ਦਿਤਾ, ਜੱਟ ਨੂੰ ਫੜ ਲਓ। ਉਸਦੇ ਸਿਪਾਹੀ ਧਾਈ ਕਰਕੇ ਸਿੰਘ ਜੀ ਵਲ ਪਏ, ਤਾਂ ਸਿੰਘ ਭੀ ਕੇਹਰ ਵਾਂਗੂੰ ਭਬਕ ਉਠਯਾ

Digitized by Panjab Digital Library | www.panjabdigilib.org

ਤਲਵਾਰ ਖਿੱਚਕੇ ਉਨਾਂ ਨੂੰ ਫੁਰਨ ਨਾ ਦਿਤਾ, ਪੰਜਕੁ ਸਿਪਾਹੀ ਝਟਕ ਸੁਟੇ ਬਾਕੀ ਬੀਸਕੁ ਹੋਰਨਾਂ ਸਿੰਘਾਂ ਨੇ ਵੰਡ ਲਏ। ਮਨੀ ਸਿੰਘ ਸ਼ਹੀਦ ਦੇ ਭਤੀਜੇ ਅਘੜ ਸਿੰਘ ਨੇ ਗਾੜ੍ਹੇ ਖਤ੍ਰੀ ਨੂੰ ਦੁਗਾੜ੍ਹਾਂ ਮਾਰਕੇ ਦਫ਼ ਕਰਦਾ ਜਿਮੀਨ ਪਰ ਸਿੱਟ ਘਤਿਆ। ਚਤ੍ਰਸਿੰਘ ਨੇ ਆਖਿਆ, ਖਾਲਸਾਜੀ! ਧੌਲੇ ਕੇਹੜੀ ਰੁਤੇ ਬੀਜੀ-ਦੇ ਹਨ, ਜੋ ਹੋਣਾ ਸੀ ਸੋ ਤਾਂ ਹੋ ਚੁਕਾ ਹੁਣ ਕੱਚ ਵਿਚਰਾ ਕੰਮ ਨਾ ਰਖੋ ਸਾਫ ਕਰੋ। ਫੇਰ ਤਾਂ ਜਦ ਸਿੰਘਾਂ ਨੇ ਸਤ ਸ੍ਰੀ ਅਕਾਲ ਬੋਲਿਆ ਤਾਂ ਖੱਤ੍ਰੀ ਦੇ ਸਾਥੀ ਸਭ ਪਤ੍ਰਾ ਤੋੜ ਗਏ ਤੇ ਸਿੰਘ ਹੱਲਾ ਕਰਕੇ ਸ਼ਹਿਰ ਵਿਚ ਜਾ ਵੜੇ, ਅਤੇ ਜਾਂਦਿਆਂ ਹੀ ਪਹਿਲਾਂ ਜਸਪਤ ਰਾਇ ਵਲ ਕੂਚ ਕੀਤਾ। ਏਸ ਸਮੇਂ ਨੂੰ ਦੇਖਕੇ ਫੇਰ ਤਾਂ ਮੇਲੇ ਦੀ ਖਲਕਤ ਭੀ ਸ਼ਹਿਰ ਨੂੰ ਲੁਟਨ ਉਠ ਪਈ। ਸਿੰਘ ਤਾਂ ਮਾਰੋਮਾਰ ਕਰਦੇ ਚੂਹੜਕਾਨੇ ਦੀ ਬਾਰ ਵਿਚ ਜਾ ਵੜੇ, ਬਾਕੀ ਹੋਰ ਲੋਗਾਂ ਨੇ ਸ਼ੈਹਰ ਬਹੁਤ ਲੁਟਿਆ। ਜਦ ਏਹ ਸੰਦੇਸਾ ਦੀਵਾਨ ਲਖਪਤ ਰਾਇ ਨੂੰ ਲਾਹੌਰ ਪਹੁੰਚਿਆ ਤਾਂ ਸਣੇਂ ਕਪੜੀਂ ਮਚ ਗਿਆ। ਚਾਰ ਕੁ ਘੜੀਆਂ ਮੱਛੀ ਵਾਂਗ ਤੜਫ ਕੇ ਖਿਜੈਖਾਂ ਸੂਬੇ ਪਾਸ ਜਾ ਰੋਇਆ, ਕ੍ਰੋਧ ਵਿਚ ਸੜਦੇ ਨੂੰ ਸੋਝੀ ਨਾ ਰਹੀ। ਬਿਨਾਂ ਸੋਚੇ ਸਮਝੇ ਸੂਬੇ ਦੇ ਅਗੇ ਪਗੜੀ ਸਿਟਕੇ ਬੋਲਿਆ--ਜੇ ਹੁਣ ਤੁਸੀ ਬਨ੍ਹਾਓਗੇ ਤਾਂ ਬੰਨ੍ਹਾਂਗਾ, ਪਰ ਸਿੰਘਾਂ ਦਾ ਖੁਰਾ ਖੋਜ ਮਿਟਾਕੇ ਬੰਨ੍ਹਾਂਗਾ। (ਅੰਨਜਾਂ ਤੈਨੂੰ ਕੀ ਚਾਹੀਦਾ ਹੈ ਦੋ ਨੈਣ) ਨਾਜ਼ਮ ਨੇ ਆਖਜਾ, ਮੈਂ ਤਾਂ ਅਗੇ ਹੀ ਏਸੇ ਕੰਮ ਦੀਆਂ ਸੁਖਣਾਂ ਸੁਖਦਾ ਹਾਂ, ਜੋ ਕੁਛ ਚਾਹੀਏ ਸੋ ਲੈ ਲੈ।

## ਲਖੂ ਭਸੂ ਦੀ ਅਨੀਤੀ

ਪਹਿਲੇ ਤਾਂ ਲਖਪਤ ਨੇ ਲਾਹੌਰ ਦੇ ਵਸਨੀਕਾਂ ਸਿੰਘਾਂ ਉੱਤੇ

Digitized by Panjab Digital Library | www.panjabdigilib.org

ਹੱਥ ਉਠਾਯਾ, ਫੜ ਫੜ ਕੇ ਕਤਲ ਕਰਾਉਣ ਲਗ ਪਿਆ। ਦੂਸਰੇ ਦਿਨ ਦੀਵਾਨ ਕੌੜਾਮਲ ਰਾਇ ਸੂਰਤਸਿੰਘ,ਲਛੀਰਾਮ, ਚੌਧਰੀ ਜਵਾਹਿਰ ਮਲ,ਪੰਡਿਤ ਸੂਰਤਰਾਮ ਆਦਿਕ ਬੜੇ ਬੜੇ ਆਦਮੀ ਸ਼ਹਰੀ ਮੇਲਾ ਕਰਕੇ ਲਖਪਤ ਰਾਇ ਪਾਸ ਗਏ ਤੇ ਆਖਯਾ: ਜੇਹੜੀ ਭਾਈ ਬੀਤਣੀ ਸੀ ਸੋ ਬੀਤ ਗਈ ਓਹ ਤਾਂ ਹੱਥ ਨਹੀਂ ਆਉਂਦੀ, ਹੁਣ ਤੂੰ ਸਿੰਘਾਂ ਉਤੇ ਲੋਹੇ ਦੀ ਲਾਉਂਨਾ ਖਿਚ ਸਿੰਘ ਭੀ ਆਪਣੇ ਹੀ ਭਾਈ ਹਨ ਤੇ ਹਿੰਦੂ ਧਰਮ ਦੇ ਰਾਖੇ ਹਨ। ਜੇ ਕਦੇ ਏਹ ਹਿੰਮਤ ਨਾ ਕਰਦੇ ਤਾਂ ਅੱਜ ਨੂੰ ਤੁਸੀਂ ਅਸੀਂ ਸਬ ਸ਼ਰਫ ਦੀਨ ਕਰਮ ਦੀਨ ਬਣੇ ਹੋਏ ਬੈਠੇ ਮਸੀਤਾਂ ਦੇ ਕੂੱਤੇ ਹਟਾਉਂਦੇ। ਐਥੋਂ ਤੱਕ ਭੀ ਸਮਝਾਯਾ ਕਿ ਅਜ ਸੋਮਾਵੰਤੀ ਅਮਾਵਸ ਹੈ, ਏਹ ਜੇਹੜੇ ਫੜੇ ਹੋਏ ਸਿੰਘ ਤੈਂ ਜਲਾਦਾਂ ਨੂੰ ਸੌਂਪੇ ਹਨ ਅੱਜ ਕਤਲ ਨਾ ਕਰਾ। ਬਥੇਰਾ ਸਮਝਾਯਾ, ਪਰ ਉਸ ਪਾਪੀ ਜ਼ਾਲਮ ਨੇ ਇੱਕ ਨਾ ਮੰਨੀ। ਮਿਹਨਤ ਮਜੂਰੀ ਕਰਨ ਵਾਲੇ ਗਰੀਬ ਬੇਗੁਨਾਹ ਮਰਵਾ ਸਿੱਟੇ, ਐਸੀ ਮੂਰਖ ਮਤ ਕੀਤੀ,ਸਾਰੇ ਦੇਸ ਵਿੱਚੋਂ ਗੁਰੂ ਜੀ ਦੀ ਬਾਣੀਦੇ ਗ੍ਰੰਥ ਪੋਥੀਆਂ ਲੱਭਕਰਕੇ ਅੱਗ ਤੇ ਪਾਣੀਦੀ ਭੇਟਾ ਕਰਾ ਕਢੇ, ਅਨੇਕ ਧਰਮਸਾਲਾ ਢਹਾ ਸੁਟੀਆਂ। ਤਾਲਾਬ ਅੰਮ੍ਰਿਤ-ਸਰ ਜੀ ਮਿੱਟੀ ਨਾਲ ਪੂਰਕੇ ਖੇਤੀ ਬਿਜਵਾ ਦਿੱਤੀ ਤੇ ਢੰਢੋਰਾ ਫੇਰ ਦਿਤਾ ਕਿ ਜੋ ਕੋਈ ਗੁਰੂਕਾ ਸਿੱਖ ਸਦਾਵੇਗਾ ਸੋ ਸਜ਼ਾ ਪਾਵੇਗਾ। ਜੇਹੜਾ ਜਲ ਖੇਤੀਆਂ ਨੂੰ ਪਾਲਦਾ ਹੈ ਓਹੋ ਮਾਰਦਾ ਹੈ। ਖਤ੍ਰੀਆਂ ਨੇ ਇਹ ਪੰਥ ਪੈਦਾ ਕੀਤਾ ਹੈ, ਮੈਂ ਖੱਤ੍ਰੀ ਦੂਰ ਕਰਦਾ ਹਾਂ। ਹੋਕਾ ਫਿਰਾ ਦਿੱਤਾ ਗੁੜ ਨੂੰ ਗੁੜ ਕੋਈ ਨਾ ਆਖੇ ਰੋੜੀ ਆਖੇ ਰੋੜੀਲਿਖਯਾ ਕਰੋ,ਕਿਉਂਕਿਹਿੰਦੀ ਵਿਚ ਗੁੜ ਤੋਂ ਗੁਰ ਬਣ ਜਾਂਦਾ ਹੈ, ਓਦੋਂ ਦੇ ਹੀ ਹੁਣ ਤੱਕ ਲਾਹੌਰੀ ਲੋਗ

ਗੁਰੂ ਨੂੰ ਰੋੜੀ ਲਿਖਦੇ ਤੇ ਬੋਲਦੇ ਹਨ ਉਸ ਦੁਸ਼ਟ ਖੱਤ੍ਰੀ ਨੇ ਐਡਾ ਖਰੂਦ ਮਚਾਯਾ ਜਿਸ ਤੋਂ ਦੇਸ ਵਿੱਚ ਰੌਲੀ ਪੈ ਗਈ॥

ਨਸ਼ਟ ਬੁਧੀ ਨੇ ਏਹ ਨਾ ਸੋਚਿਆ ਸੂਰਦਾਸ ਪ੍ਰਕਾਸ਼ ਰੋਕਣ ਦੀ ਇਛਿਆ ਵਾਲਾ ਸੰਪਾਤੀ ਆਪਣੇ ਹੀ ਫੰਗ (ਪਰ) ਸਾੜ ਬੈਠਾ ਸੀ, ਦੀਵੇ ਨੂੰ ਬੁਝਾਉਣ ਵਾਲੇ ਪਤੰਗੇ ਆਪੇ ਸੜ ਮਰਦੇ ਹਨ॥

## ਕਾਨੂੰਆਨ ਦਾ ਜੰਗ

ਸਿੰਘਾਂ ਨਾਲ ਏਤਨੇ ਜ਼ੁਲਮ ਕਰਕੇ ਭੀ ਲਖਪਤ ਰਾਇ ਨੂੰ ਜਦ ਸਬਰ ਨਾ ਆਯਾ ਤਾਂ ਸਾਰੀ ਪੰਜਾਬ ਦੇ ਮੁਸਲਮਾਨ ਤੇ ਸੂਬੇ ਦੀ ਫੌਜ ਤੋਪਖਾਨਾ ਲੈਕਰ ਸਿੰਘਾਂ ਦੇ ਮਾਰਣ ਲਈ ਬੇਅੰਤ ਨਗਾਰੇ, ਢੋਲ ਬਜਵਾ ਕੇ ਚੜ੍ਹ ਬੈਠਾ। ਅੱਠਾਂ ਦਸਾਂ ਕੋਹਾਂ ਵਿੱਚ (ਮਕੜੀ) ਟਿੱਡੀ ਦਲ ਵਾਂਗੂ ਬੇਓੜਕਾ ਦਲ ਚੱਲ ਪਿਆ। ਉਸ ਸਮੇਂ ਸਬ ਸਿੰਘ ਗੁਰਮਤਾ ਕਰਕੇ ਪੰਦ੍ਰਾਂਕ ਹਜਾਰ ਕਾਨੂੰ-ਆਣ ਦੇ ਛੰਭ ਵਿੱਚ ਜਾ ਕੱਠੇ ਹੋਏ।

ਲਖਪਤਰਾਇ ਨੇ ਕਈ ਲਖ ਆਦਮੀ ਲੈਕੇ ਸਿੰਘਾਂ ਨੂੰ ਓਥੇ ਹੀ ਜਾ ਘੇਰਯਾ; ਦਿਨੇ ਤਾਂ ਸਿੰਘ ਚਾਰੋ ਤਰਫ ਜੰਗਲ ਦੇ ਕਿਨਾਰੇ ੨ (ਜੋ ਬੀਸਕ ਕੋਸ ਵਿੱਚ ਸੀ) ਤੀਰ ਬੰਦੂਕ ਚਲਾਉਂਦੇ ਹੋਏ ਮੱਛੀਆਂ ਮਿਰਗਾਂ ਦਾ ਸ਼ਿਕਾਰ ਕਰਕੇ ਭੁੰਨ ੨ ਛੱਕ ਲੈਂਦੇ ਤੇ ਫਿਰਦੇ ਰਹਿੰਦੇ, ਰਾਤ ਨੂੰ ਅਨੇਕ ਥਾਂਈ ਵੈਰੀਆਂ ਉੱਤੇ ਜਾ ਹੱਥ ਮਾਰਦੇ॥

ਸਿੰਘ ਤਾਂ ਉਸ ਡਾਢੇ ਗਾੜ੍ਹੇ ਕੰਡਯਾਂ ਵਾਲੇ ਬਣ ਦੇ ਭੇਤੀ ਸੇ, ਮਿਰਗਾਂ ਵਾਂਗੂ ਫਿਰੀ ਜਾਂਦੇ, ਤੇ ਮੁਸਲਮਾਨ ਨਹੀਂ ਵੜ ਸਕਦੇ ਸੇ। ਤਿੰਨ ਮਹੀਨੇ ਏਹੋ ਹਾਲ ਰਿਹਾ। ਜਦ ਸਿੰਘਾਂ

Digitized by Panjab Digital Library | www.panjabdigilib.org

ਪਾਸ ਜੰਗੀ ਸਮਾਂਨ ਨਾ ਰਿਹਾ ਤਾਂ ਗੁਰਮਤਾ ਕਰਕੇ ਇਕ ਪਾਸੇ ਨੂੰ ਨਿਕਲ ਪਏ, ਬੜੀ ਭਾਰੀ ਲੜਾਈ ਹੋਈ, ਦੋਹਾਂ ਪਾਸਜਾਂ ਦੇ ਵੇਓੜਕ ਮਰੇ, ਸਜਾਣੇ ੨ ਸਿੰਘਾਂ ਨੇ ਆਖਯਾ ਲੜਾਈਦੇ ਢਾਈ ਫੱਟ ਹੁੰਦੇ ਹਨ, ਨੱਠ ਜਾਣਾ ਯਾ ਮਿਲ ਪੈਣਾ ਏਹ ਦੋਵੇਂ ਸਾਰੇ ਤੇ ਕੱਟ ਕੇ ਮਰਜਾਣਾ ਅੱਧਾ । ਕ੍ਰਿਸ਼ਨ ਜੀ ਭੀ ਕਾਲ ਯਵਨ ਨਾਲ ਨੱਠ੨ਕੇ ਲੜਦੇ ਰਹੇ ਸਨ, ਏਹੋ ਮਥਕੇ ਸਿੰਘ ਪਹਾੜਾਂ ਦੀ ਤਰਫ ਨੂੰ ਚਲ ਪਏ। ਅੱਗੇ ੨ ਸਿੰਘ ਤੇ ਪਿੱਛੇ ੨ ਸ਼ਾਹੀ ਲਸ਼ਕਰ, ਖਾਲਸੇ ਦੀ ਮਰਜ਼ੀ ਪਹਾੜਾਂ ਉਤੇ ਚੜ੍ਹ ਜਾਣਦੀ ਸੀ, ਲੜਦੇ ਭਿੜਦੇ ਜਦ ਪਠਾਣ ਕੋਟ ਦੇ ਨੇੜੇ ਗਏ ਤਾਂ ਸੂਬੇ ਲਾਹੌਰ ਦੇ ਹੁਕਮ ਨਾਲ ਪਹਾੜੀ ਰਾਜੇ ਸਬ ਆਪਣੀ ੨ ਫੌਜ ਲੈਕੇ ਨਾਕੇ ਘਾਟੇ ਰੋਕ ਖਲੋਤੇ। ਕੱਚੇ ਪਹਾੜੀ ਮਾਣੂੰਆਂ ਨੇ ਏਹ ਗੱਲ ਨਾ ਸੋਚੀ ਭਈ ਸਿੰਘ ਤਾਂ ਹਿੰਦੂ ਧਰਮ ਦੀ ਰੱਖਯਾ ਵਾਸਤੇ ਲੜਦੇ ਹਨ ਸੱਚ ਹੈ (ਹਿੰਦੂ ਅੰਨਾਂ ਤੁਰਕੂ ਕਾਣਾ) ਦੋ ਤਰਫ ਪਹਾੜੀ ਰਾਜੇ ਤੇ ਪਹਾੜ ਜਿਨ੍ਹਾਂ ਉਪਰ ਚੜ੍ਹਨਾ ਮੁਸ਼ਕਲ ਸੀ, ਇਕ ਪਾਸੇ ਬਯਾਸਾ ਦਰਿਆ ਚੜ੍ਹ ਰਿਹਾ ਸੀ। ਪਿਛੇ ਬੇਓੜਕੀ ਫੌਜ ਤੁਰਕਾਂ ਦੀ ਲੈਕੇ ਲਖਪਤਰਾਯ ਤੀਰ ਗੋਲੀ ਦਾ ਮੀਂਹ ਬਰਸਾ ਰਿਹਾ ਸੀ। ਬਾਕੀ ਪਯਾਸ ਤੇ ਭੁਖ, ਜੇਠ ਦੀ ਧੁੱਪ ਬਯਾਕੁਲ ਕਰ ਰਹੀ ਸੀ, ਅਨੇਕ ਸਿੰਘਾਂ ਨੇ ਦਰਿਆ ਬਯਾਸਾ ਵਿਚ ਘੋੜੇ ਸਿਟੇ, ਪਰ ਸਰਦਾਰ ਗੁਰਦਯਾਲ ਸਿੰਘ ਡੱਲੇ ਵਾਲੀਏ ਜੈਸੇ ਕਈ ਬਹਾਦਰ ਸਿੰਘ ਜਦ ਗੋਤੇ ਖਾ ਗਏ ਤਾਂ ਸਰਦਾਰ ਜੱਸਾ ਸਿੰਘ ਤੇ ਨਵਾਬ ਕਪੂਰ ਸਿੰਘ ਆਦਿਕ ਸਰਦਾਰਾਂ ਨੇ ਆਖਯਾ, ਡੁਬਕੇ ਮਰਣ ਨਾਲੋਂ ਸਾਹਮਣ ਮੱਥੇ ਲੜ ਕਰ ਮਰਣਾ ਚੰਗਾ, ਹੈ। ਇਹ ਸੁਣਕੇ ਸਭ ਖੜੇ ਹੋ ਗਏ, ਉਸ ਸਮੇਂ ਸਿੰਘਾਂਉਪਰ

Digitized by Panjab Digital Library | www.panjabdigilib.org

ਭਾਰੀ ਬਿਪਤਾ ਸੀ। ਓੜਕ ਸਰਦਾਰਾਂ ਦਾ ਲਲਕਾਰਾ ਸੁਣਕੇ ਸਬ ਸਿੰਘ ਭੁੱਖੇ ਤਿਹਾਏ ਚਪੇ ਚੋਰ ਵਾਂਗੂ ਦੰਦ ਪੀਹਕੇ ਕਸੀਸ ਵੱਟ ਵਟ ਕੇ, ਅਕਾਲ ੨ ਗਜਾਉਂਦੇ ਹੋਏ, ਤਲਵਾਰਾਂ ਸੂਤ ੨ ਸ਼ੇਰਾਂ ਵਾਂਗੂ ਝਪਟ ਪਏ । ਫੇਰ ਕੌਣ ਖੜਾ ਹੋਵੇ? ਜਸਪਤਰਾਇ ਦਾ ਬੇਟਾ ਹਰਭਜ ਰਾਇ ਤੇ ਬਿਜੇਖਾਂ ਦਾ ਬੇਟਾ ਨਾਹਰਖਾਂ, ਸੈਫ ਅਲੀਖਾਂ ਫੌਜਦਾਰ, ਕਰਮ ਬਖਸ਼ ਨਵਾਬ ਰਸੂਲ ਨਗਰੀਆ, ਮਿਰਜ਼ਾ ਹਿੰਮਤਬੇਗ ਆਦਿਕ ਸਰਦਾਰ ਅਪਣੀ ੨ ਫੌਜ ਲੈਕੇ ਬਥੇਰਾ ਲੜੇ, ਪਰ ਸਿੰਘ ਓਨਾਂ ਦੇ ਰੋਕੇ ਨਾ ਰੁਕੇ, ਤਿੰਨ ਚਾਰ ਕੋਹ ਵਿਚ ਜੋ ਫੌਜ ਪਈ ਸੀ, ਓਸਨੂੰ ਚੀਰਕੇ ਨਿਕਲ ਗਏ, ਜ਼ਿਮੀਂਦਾਰ ਦੇ ਜਵਾਰ ਕੱਟਣ ਵਾਂਗੂ ਵੈਰੀਆਂ ਦਾ ਸਥਾਰ ਪਾ ਦਿੱਤਾ । ਫੌਜਦਾਰ ਹਰਭਜ, ਨਾਹਰਖਾਂ, ਕਰਮ ਬਖਸ਼, ਅਖਗਰ ਖਾਂ, ਆਦਿਕ ਬਹੁਤ ਮਾਰੇ ਗਏ। ਤਿੰਨ ਪਹਿਰ ਘੇਰੇ ਆਏ ਹੋਏ ਸਿੰਘਾਂ ਉੱਤੇ ਅਤੀ ਕਹਿਰ ਦਾ ਜੰਗ ਦਾ ਸਰ ਬਰਸਜਾ। ਜਿਸ ਵਿਚ ਬਹੁਤੇ ਸੂਰਬੀਰ ਸਿੰਘ ਤਾਂ ਸ਼ਹੀਦ ਹੋਕੇ ਜਨਮ ਮਰਣ ਦੀ ਰਸੀਦ ਲੈ ਗਏ, ਏਸੇ ਕਰਕੇ ਏਸ ਲੜਾਈ ਦਾ ਨਾਮ ਛੋਟਾ ਘੱਲੂਘਾਰਾ ਹੈ ॥

ਏਸ ਹੱਲੇ ਵਿੱਚ ਸੁਖਾ ਸਿੰਘ ਤਖਾਣ ਦੀ ਲੱਤ ਸਖਤ ਜ਼ਖਮੀ ਗੋਲੀ ਲੱਗਕੇ ਹੋ ਗਈ ਸੀ, ਪਰ ਓਸਨੇ ਬੀਰ ਰਸ ਦੀ ਮਸਤੀ ਵਿਚ ਪੀੜ ਨਾ ਜਣਾਈ, ਪੱਗ ਪਾੜਕੇ ਕਾਠੀ ਦੇ ਹੰਨੇ ਨਾਲ ਟੰਗ ਬੰਨ੍ਹ ਰਖੀ ਤੇ ਘੋੜਾ ਭਜਾ ਭਜਾਕੇ ਐਧਰ ਓਧਰ ਲੜਦਾ ਲੜਾਉਂਦਾ ਰਿਹਾ ॥

Digitized by Panjab Digital Library | www.panjabdigilib.org

# ਸਿੰਘਾਂ ਨੇ ਛਾਪਾ ਮਾਰਨਾ

ਓੜਕ ਦਿਨ ਛਿਪ ਗਿਆ, ਸਿੰਘ ਲੜਦੇ ਭਿੜਦੇ ਇਕ ਪਾਸੇ ਨੂੰ ਨਿਕਲੇ ਤਾਂ ਸੂਰਜ ਭਗਵਾਨ ਨੇ ਬੀ ਚਟ ਪਟ ਕਾਲੀ ਬੋਲੀ ਰਾਤ ਦੀ ਚਾਦਰ ਬ੍ਰਮੰਡ ਨੂੰ ਪੈਹਨਾਕੇ ਆਪ ਅਸਤਾਚਲ ਪਰਬਤਦੇ ਓਲ੍ਹੇ ਹੋ ਬੈਠਾ, ਓਸ ਗਾਹੜੇ ਅੰਧੇਰੇ ਨੇ ਮੁਸਲੀ ਸੈਨਾਂ ਨੂੰ ਓਸੇ ਥਾਂ ਰੋਕ ਲੀਤਾ, ਏਸ ਕਰਕੇ ਵੈਰੀ ਪਿੱਛੇ ਨਾ ਜਾ ਸਕੇ ਤੇ ਸਿੰਘ ਜੰਗਲੀਂ ਹਰਨਾਂ ਵਾਂਗੂ ਕੁਪਦੇ ਹੋਏ ਬਾਣੀ ਗੁਰੂ ਕੀ ਪੜ੍ਹਦੇ ਤੇ ਕਈ ਸਲਾਹਾਂ ਕਰਦੇ ਤਿੰਨ ਚਾਰ ਕੋਹਾਂਪਰ ਜਾ ਠੈਹਰੇ। ਮੁਸਲਮਾਨੀ ਲਸ਼ਕਰ ਤੇ ਉਨਾਂ ਦੇ ਪੈਹਰੂ ਸਿੰਘਾਂ ਵੱਨੀਓਂ ਬੇਖਟਕੇ ਹੋਕੇ ਸੌਂਗਏ, ਓਧਰ ਸਰਦਾਰ ਜੱਸਾ ਸਿੰਘ ਸੁਖਾ ਸਿੰਘ, ਕਪੂਰ ਸਿੰਘ, ਦਲੇਰ ਸਿੰਘ, ਭੋਮਾ ਸਿੰਘ, ਭਾਗ ਸਿੰਘ, ਜੈ ਸਿੰਘ ਆਦਿਕਾਂ ਨੇ ਗੁਰਮਤਾ ਕਰਕੇਅਵਾਜ਼ਾ ਦਿਤਾ, ਖਾਲਸਾ ਜੀ ! ਵੈਰੀਆਂ ਨੂੰ ਹੱਥ ਦਖਾਉਣ ਦਾ ਹੁਣ ਵੇਲਾ ਹੈ, ਕਿਉਂਕਿ ਕੁਛ ਤਾਂ ਓਨਾਂ ਨੂੰ ਊਂਘ ਨੇ ਦਬਿਆ ਹੋਇਆ ਹੈ, ਕੁਛ ਤੁਸੀ ਚਲ ਦੱਬੋ। ਏਹ ਗਲ ਸਾਰੇ ਖਾਲਸੇ ਨੇ ਮੰਨ ਲਈ ਤੇ ਫੜ ਵਾਗਾਂ ਲਈਆਂ ਪੰਜ ਛੀ ਘੜੀ ਰਾਤ ਰਹਿੰਦੀ ਸੀ ਧਾਵਾ ਕਰਕੇ ਦੁਸ਼ਮਣਾਂ ਉਤੇ ਜਾ ਪਏ, ਝਟਾ ਪਟ ਬੇਸ਼ੁਮਾਰਾਂ ਨੂੰ ਕਟ ਕੁਟ ਸ਼ਸਤ੍ਰ ਬਸਤ੍ਰ ਚੰਗੇ ਘੋੜੇ ਲੈਕੇ ਤੁਰਕਾਂ ਦੇ ਮਸਾਲ ਮਤਾਬੀਆਂ ਜਗਾਉਂਦਿਆਂ ਨੂੰ ਜਿਥੋਂ ਤਾਈਂ ਹੱਥ ਮਾਰਿਆ ਗਿਆ ਮਾਰਕੇ ਮੁੜਪਏ। ਸ੍ਰੀ ਹਰਿ ਗੋਬਿੰਦ ਪੁਰ ਦੇ ਪਾਸੋਂ ਦੀ ਬਜਾਸਾ ਦਰਿਆ ਜਾ ਲੰਘੇ, ਜਦਪਿ ਮਲਾਹਾਂ ਨੇ ਬੇੜੀਆਂ ਖਿਚ ਲਈਆਂ ਤੇ ਪਿਛੋਂ ਸੈਨਾ

Digitized by Panjab Digital Library | www.panjabdigilib.org

ਲੈਕੇ ਲਖਪਤ ਰਾਇ ਭੀ ਆ ਪਹੁੰਚਿਆ ਸੀ, ਪਰ ਗੁਰੂ ਦੇ ਭਰੋਸੇ ਸਿੰਘ ਗਾਹਣ ਤੁਰੇ ਹੁਣ ਦਰਿਆ ਤਾਂ ਅਮਨ ਅਮਾਨ ਲੰਘ ਜਾ, ਪਰ ਅਗੇ ਤਿੰਨ ਚਾਰ ਮੀਲ ਬਰੇਤੀ ਜੇਠ ਦੀ ਦੋਪਹਰ ਨਾਲ ਭਠੀ ਵਾਂਗੂੰ ਤਪੀ ਹੋਈ ਲੰਘਣੀ ਔਖੀ ਹੋ ਗਈ, ਇਸ ਮੁਸੀਬਤ ਪਰ ਬਿਪਤਾ ਨੇ ਬਹੁਤ ਹੈਰਾਨ ਕੀਤੇ। ਪੈਦਲ ਸਿੰਘ ਕਪੜੇ ਪਾੜ ੨ ਪੈਰਾਂ ਹੇਠ ਬੰਨ੍ਹਦੇ ਗਏ, ਕਿਉਂਕਿ ਚਾਰ ਮਹੀਨੇ ਦੇ ਜੰਗ ਵਿਚ ਜੋੜੇ ਕਪੜੇ ਟੁਟ ਫਾਟ ਗਏ ਸੇ॥

ਬਹੁਤ ਦਿਨਾਂ ਦੇ ਭੁਖੇ ਸਿੰਘਾਂ ਨੇ ਦੁਆਬੇ ਦੇ ਪਿੰਡਾਂ ਵਿਚੋਂ ਰਸਤ ਘਾਸ ਦਾਣਾ ਲੈਕਰ ਮੀਰ ਕੋਟ ਦੀ ਝਿੜੀ ਵਿਚ ਉਤਰ ਕੇ ਕਾਜਾ ਢਾਲਜਾ ਤੇ ਪ੍ਰਸ਼ਾਦੇ ਸਜਾਏ, ਅਜੇ ਸਬ ਨੇ ਛਕੇ ਨਹੀਂ ਸੇ ਕਿ ਬਿਜੈ ਖਾਂ ਦਾ ਭਾਈ ਈਜੇ ਖਾਂ ਦੁਆਬੇ ਦਾ ਹਾਕਮ (ਜੋ ਈਜਾਪੁਰ ਪਿੰਡ ਵਸਾ ਕਰਕੇ ਓਥੇ ਹੀ ਰਹਿੰਦਾ ਸੀ) ਅਲਾਉਲ ਪੁਰ ਆਦਿਕ ਦੇ ਮੁਸਲਮਾਨਾਂ ਨੂੰ ਨਾਲ ਲੈਕੇ ਆ ਗਿਆ॥

## ਦੁਆਬੇ ਤੇ ਮਾਲਵੇ ਵਿਚ ਜਾਨਾ

ਏਸਨੂੰ ਤਾਂ ਸਿੰਘ ਚਣੇ ਚਬਾਉਂਦੇ, ਪਰ ਏਤਨੇ ਨੂੰ ਸੁਣਿਆਂ ਕੇ ਲਖਪਤ ਰਾਇ ਭੀ ਬਿਆਸਾ ਟਪਿਆ ਹੈ। ਫੇਰ ਤਾਂ ਸਬਰ ਸੰਤੋਖ ਦਾ ਪਿਆਲਾ ਪੀਕੇ ਸਿੰਘਾਂ ਨੇ ਵਾਗਾਂ ਫੜ ਲਈਆਂ। ਦੇਸੀ ਤੁਰਕਾਂ ਨਾਲ ਲੜਦੇ ਭਿੜਦੇ ਅਲੀਵਾਲ ਦੇ ਪਤਣੋਂ ਸਤਲੁਜ ਲੰਘ ਕੇ ਮਾਲਵੇ ਨੂੰ ਸਿਧੇ ਹੋ ਲਏ।

ਦੁਆਬੀਏ ਮੁਸਲਮਾਨ ਤੇ ਲਖਪਤ ਰਾਇ ਤਾਂ ਫਤੇ ਦੇ ਛਫੜੇ ਪਿਟਦੇ ਹੋਏ ਮੁੜ ਆਪੋ ਆਪਣੇ ਠਿਕਾਨੇ ਗਏ ਤੇ ਬਿਜੈ ਖਾਂ ਸੂਬੇ ਨੂੰ ਜਾ ਆਖਿਆ, ਅਸੀਂ ਸਿੰਘਾਂ

Digitized by Panjab Digital Library | www.panjabdigilib.org

ਨੂੰ ਮਾਰ ਆਏ ਹਾਂ। ਉਧਰ ਸਿੰਘ ਘੱਲ ਮੋਗੇ, ਘੋਲੀਏ, ਰਵਾਰੇ, ਝਤ੍ਰਿਕ, ਖੋਸੇ, ਜ਼ੀਰੇ, ਡਰੌਲੀ, ਕੋਟ ਕਪੂਰੇ, ਇੰਦਗੜ, ਢੁਡੀ, ਜੈਤੋਂ, ਦਿੱਲਵੀ, ਰੋਡੇ, ਲੰਡੇ, ਬੱਧਣੀ ਹਿੰਮਤ ਪੁਰੇ, ਨੇਹੀਆ, ਵਿੰਜੂਕੇ, ਸੁਣੀਧਰਆਦਿਕ ਅਨੇਕ ਪਿੰਡਾਂ ਵਿਚ ਜਿਥੇ ਕਿਸੇ ਦੀ ਸਾਕ ਸਿਆਣ ਸੀ, ਯਾ ਨਹੀਂ ਸੀ ਉੱਤਰ ਪਏ। ਮਲਵਈ ਸਿੱਖਾਂ ਨੇ ਆਪਣੇ ਸਿੰਘ ਭਾਈ ਸ਼ਰਣ ਆਏ ਜਾਣਕੇ ਸੱਕੇ ਸੰਬੰਧੀਆਂ ਨਾਲੋਂ ਅਧਿਕ ਟਹਿਲ ਸੇਵਾ ਤੇ ਜ਼ਖਮਾਂ ਦੀ ਮਲ੍ਹਮ ਪੱਟੀ ਕੀਤੀ, ਕਿਉਂਕਿ ਓਸ ਸਮੇਂ ਮਾਲਵੇ ਦੇ ਲੋਗ ਬਹੁਤ ਮੁਹੱਬਤੀ ਸੂਧੇ ਸਾਦੇ ਸੁਭਾਵ, ਅਤੀ ਉਦਾਰ ਸੇ ਤੇ ਲਾਭ ਹਾਨ ਆਪਣੇ ਪਰਾਏ ਦਾ ਖਯਾਲ ਘੱਟ ਰੱਖਦੇ ਸੇ, ਭਾਈ ਭਾਈ ਉੱਤੇ ਜਾਨ ਦਿੰਦੇ ਸੇ।

## ਸ਼ਾਹਨਿਵਾਜ ਤੇ ਅਹੀਏ ਖਾਂ ਦਾ ਵੈਰ

ਲਾਹੌਰੀ ਸੂਬੇ ਖਾਨ ਬਹਾਦਰ ਦੇ ਚਾਰ ਬੇਟੇ ਸੇ, ਯਿਜੇ ਖਾਂ, ਈਜੇ ਖਾਂ, ਸ਼ਾਹਨਿਵਾਜ਼ ਖਾਂ, ਅਹੀਏ ਖਾਂ। ਯਿਜੇ ਖਾਂ ਲਾਹੌਰ ਦਾ ਸੂਬਾ ਤੇ ਇਜੇ ਖਾਂ ਦੁਆਬੇ ਜਾਲੰਧਰ ਦਾ ਹਾਕਮ, ਸ਼ਾਹਨਿਵਾਜ਼ ਮੁਲਤਾਨ ਵਿਚ, ਅਹੀਏ ਖਾਂ ਦਿਲੀ ਦੇ ਦਰਬਾਰ ਵਿਚ ਆਪਣੇ ਚਾਚੇ ਵਜ਼ੀਰ ਕਮਰ ਦੀਨ ਪਾਸ ਰਿਹਾ ਕਰਦਾ ਸੀ। ਸੰ: ੧੮੦੬ ਬਿ: ਨੂੰ ਸ਼ਾਹਨਿਵਾਜ ਉਤੇ ਯਿਜੇ ਖਾਂ ਨੇ ਕੁਛ ਤਦੀ ਕੀਤੀ, ਓਹ ਆਪਣੀ ਫੌਜ ਲੈਕੇ ਲਾਹੌਰ ਸ਼ਾਲਾਮਾਰ ਬਾਗ ਪਾਸ ਆ ਉਤਰਿਆ। ਦੀਵਾਨ ਸੂਰਤ ਸਿੰਘ ਦੀ ਮਾਰਫਤ ਆਪਣੇ ਬਾਪ ਜ਼ਿਕਰੀਏ ਖਾਂ ਦੀ ਜਾਇਦਾਦ ਵੰਡਾਉਣੀ ਚਾਹੀ।

Digitized by Panjab Digital Library | www.panjabdigilib.org

ਈਦ ਦਾ ਤਿਉਹਾਰ ਆਗਿਆ। ਦੋਹਾਂ ਭਾਈਆਂ ਨੇ ਇਕੱਠੀ ਨਿਮਾਜ਼ ਪੜ੍ਹੀ, ਪਰ ਮੁਲਾਕਾਤ ਦੇ ਸਮੇਂ ਲਖਪਤ ਰਾਇ ਨੇ ਐਸਾ ਚੂਹਾ ਛੱਡਿਆ ਜੋ ਦੋਹਾਂ ਭਾਈਆਂ ਦੀ ਲੜਾਈ ਹੋ ਪਈ। ਸ਼ਾਹਨਿਵਾਜ, ਬਿਜੇ ਖਾਂ ਤੇ ਲਖਪਤ ਰਾਇ ਨੂੰ ਕੈਦ ਕਰਕੇ ਆਪਨੇ ਆਪ ਲਾਹੌਰ ਦਾ ਸੂਬਾ ਬਣ ਬੈਠਾ ਤੇ ਕੌੜਾ ਮਲ ਨੂੰ ਦੀਵਾਨ ਬਣਾ ਲੀਤਾ। ਇਕ ਮਹੀਨੇ ਪਿੱਛੋਂ ਕਸੂਰ ਵਾਲੇ ਪਠਾਣਾਂ ਦੀ ਮਦਦ ਨਾਲ ਬਿਜੈਖਾਂ ਕੈਦ ਵਿਚੋਂ ਭੱਜਕੇ ਦਿੱਲੀ ਚਲਾ ਗਿਆ। ਸ਼ਾਹ ਨਿਵਾਜ ਨੂੰ ਖਯਾਲ ਹੋਯਾ ਕਿ ਕਿਤੇ ਬਿਜੇ ਖਾਂ ਦੀ ਫਰਿਆਦ ਸੁਣਕੇ ਮੇਰੇ ਉਤੇ ਦਿੱਲੀ ਵਾਲੇ ਚੜ੍ਹਾਈ ਨਾ ਕਰ ਦੇਣ, ਤਾਂਤੇ ਪਹਿਲੇ ਹੀ ਸ਼ਾਹਦੁਰਾਨੀ ਨਾਲ ਗੱਠ ਸੱਠ ਕਰ ਲਈ। ਏਹ ਸੋਚਕੇ ਉਸਨੇ ਸ਼ਪਾ ਸ਼ਪ ਕਾਬੁਲ ਦੇ ਬਾਦਸ਼ਾਹ ਅਹਿਮਦ ਸ਼ਾਹ ਨੂੰ ਲਿਖ ਭੇਜਿਆ ਕਿ ਆਪ ਆਜਾਓ, ਮੁਲਕ ਪੰਜਾਬ ਮੈਂ ਤੁਹਾਡੇ ਸਪੁਰਦ ਕਰਦੇਵਾਂਗਾ॥

## ਅਹਿਮਦਸ਼ਾਹ ਦਾ ਦੂਜੀ ਵਾਰੀ ਆਵਨਾ

ਅਹਿਮਦ ਸ਼ਾਹ ਤਾਂ ਏਹੋ ਜੇਹੇ ਸਮੇਂ ਦਾ ਆਸ਼ਕ ਹੀ ਸੀ, ਅਲਹਮਦ ਪੜ੍ਹ ਕੇ ਦਸ ਹਜ਼ਾਰ ਸਵਾਰ ਸਾਥ ਲੈਕਰ ਚੜ੍ਹ ਆਯਾ। ਦਿਲੀ ਦੇ ਬਾਦਸ਼ਾਹ ਨੇ ਏਹ ਖਬਰ ਸੁਣਕੇ ਅਪਣੇ ਵਜ਼ੀਰ ਕਮਰ ਦੀਨ ਪਾਸੋਂ ਜੋ ਸ਼ਾਹਨਿਵਾਜ਼ ਦਾ ਚਾਚਾ ਸੀ; ਸ਼ਾਹ ਨਿਵਾਜ ਨੂੰ ਇਹ ਲਿਖਵਾ ਭੇਜਿਆ ਤੂੰ ਅਹਿਮਦ ਸ਼ਾਹ ਦੇ ਹੱਲੇ ਨੂੰ ਜੈਸੇ ਬਣੇ ਤੈਸੇ ਰੋਕ, ਅਸੀਂ ਤੈਨੂੰ ਮਦਦ ਦੇਵਾਂਗੇ ਤੇ ਸਾਡੀ ਤਰਫੋਂ ਲਾਹੌਰ ਦਾ ਸੂਬਾ ਤੂੰਹੀ ਬਨਿਆਂ ਰਹੁ। ਹੁਣ ਸ਼ਾਹ ਨਿਵਾਜ਼ ਨੂੰ ਦੋਹੀਂ ਪਾਸੀਂ ਖਰਾਬੀ ਆਈ, ਏਸੇ ਕਰਕੇ ਰਾਜਨੀਤਿ ਦਾ ਬਚਨ ਹੈ "ਜੋ ਵਿਚਾਰ ਕੇ ਕਰਤ ਹੈ

ਸੁਖ ਪਾਵਤ ਹੈ ਸੋਇ । ਬਿਨ ਬਿਚਾਰ ਕੇਹਤ ਮਰਜੋ ਸਸਾ ਬਰਜੋ ਪੁਤ ਲੇਇ"।

ਆਖਰ ਸ਼ਾਹਿਨਵਾਜ਼ ਨੇ ਐਹਮਦ ਸ਼ਾਹ ਤੋਂ ਝੂਠਾ ਪੈਕੇ ਦੁਖ ਪਾਇਆ, ਸ਼ਾਹਦੁਰਾਨੀ ਨੇ ਪਸ਼ੌਰ ਤੋਂ ਆਪਣੇ ਗੁਰੂਸ਼ਾਬਰ ਸ਼ਾਹ ਦੇ ਪੁਤਰ ਆਬਦ ਸ਼ਾਹ ਨੂੰ ਵਕੀਲ ਕਰਕੇ ਸ਼ਾਹਨਿਵਾਜ਼ ਪਾਸ ਭੇਜਿਆ ਤੇ ਸਮਝਾਦਾ ਕਿ ਬਹੁਤ ਧੀਰਜ ਪਿਆਰ ਨਾਲ ਤੂੰ ਸ਼ਾਹਿ ਨਿਵਾਜ ਨੂੰ ਆਖੀਂ ਅਸੀਂ ਤੈਨੂੰ ਦਿੱਲੀ ਵਾਲੇ ਤੋਂ ਵੱਡਾ ਮਰਾਤਬਾ ਦੇਵਾਂਗੇ,ਤੂੰ ਆਪਣੇ ਸੁਖਨ ਪਰ ਕਾਇਮ ਰਹੁ, ਸਾਬਰ ਸ਼ਾਹ ਦੇ ਬੇਟੇ ਨੇ ਲਾਹੌਰ ਪਹੁੰਚ ਕੇ ਸ਼ਾਹਨਿਵਾਜ਼ ਨੂੰ ਬਹੁਤ ਸਮਝਾਇਆ ਬਾਤਾਂ ਕਰਦਿਆਂ ੨ ਵਕੀਲ ਨੇ ਐਸੀ ਕਰੜੀ ਗੱਲ ਡਰਾਵੇ ਦੀ ਕੀਤੀ, ਜਿਸਤੋਂ ਸ਼ਾਹਨਿਵਾਜ ਨੇ ਗੁੱਸੇ ਹੋਕੇ ਵਕੀਲ ਨੂੰ ਕਤਲ ਕਰਾ ਦਿੱਤਾ। ਏਹ ਹਾਲ ਸੁਣ ਸ਼ਾਹ ਦੁਰਾਨੀ ਨੇ ਤਾਂ ਅੱਗਦਾ ਬੁਰਕਾ ਪੈਹਨ ਲਿਆ, ਲਾਲ ਹੋਕੇ ਵਾਗ ਫੜ ਲਈ ॥

## ਜੰਗ ਸ਼ਾਹਦਰੇ ਹੋਣਾ

ਏਧਰ ਸ਼ਾਹਨਿਵਾਜ ਨੇ ਭੀ ਜੰਗ ਦੀ ਤਿਆਰੀ ਕਰ ਲਈ, ਓਧਰ ਐਹਮਦ ਸ਼ਾਹ ਭੀ ਰਾਵੀ ਟੱਪ ਆਇਆ, ਸ਼ਾਹਿਨਵਾਜ਼ਨੇ ਅਪਣੇ ਫੌਜਦਾਰ ਮਿਰਜੇ ਅਸਮਤ ਬੇਗ ਨੂੰ ਨਾਲ ਲੈਕੇ ਕਿਲੇ ਤੋਂ ਬਾਹਰ ਹੋ ਲੜਾਈ ਪਾਈ। ਵੈਰ ਦੀਆਂ ਪੱਕੀਆਂ ਗੀਢਾਂ ਪੈ ਗਈਆਂ, ਐਹਮਦ ਸ਼ਾਹ ਨਾਲ ਓਦੋਂ ਸਿਰਫ ਦਸ ਹਜਾਰ ਪਠਾਣ ਸੀ, ਤੇ ਏਧਰ ਪੰਜਾਹ ਹਜਾਰ ਮੁਗਲੀ ਫੌਜ ਸੀ, ਹਾਰ ਜਿੱਤ ਰੱਬਦੇ ਹੱਥ ਹੈ, ਥੋੜੀ ਜੇਹੀ ਲੜਾਈ ਕਰ ਕੇ ਸ਼ਾਹਨਿਵਾਜ਼ ਦੀ ਫੌਜ ਦੇ ਪੈਰ ਹੱਲਣੇ

Digitized by Panjab Digital Library | www.panjabdigilib.org

ਕਰ ਸ਼ਾਹ ਨਿਵਾਜ ਦੀ ਗੁਝੀ ਕੱਢ ਗਈ, ਦੁਰਾਨੀ ਹੱਲਾ ਕਰਕੇ ਸ਼ੈਹਰ ਵਿੱਚ ਆ ਵੜੇ, ਕਾਜੀਆਂ ਤੇ ਮੁਗਲਾਂ ਦੇ ਮਹੱਲੇ ਵਿਚ ਤਾਂ ਕਿਸੇ ਦੇ ਘਰ ਕੁਛ ਨਾ ਛਡਿਆ, ਓਸ ਹੱਲੇ ਗੁਲੇ ਵਿਚ ਹੋਰਭੀ ਅਨੇਕ ਲੁਟੇਰੇ ਲੁੱਟਣ ਉੱਠ ਪਏ, ਗਿਰ- ਜਿਆਂ ਨੇ ਲੁਟ ਮਾਰਕੇ ਸ਼ੈਹਰ ਦਾ ਸਤਿਆਨਾਸ ਕਰਘੱਤਿਆ, ਸ਼ਾਹਨਿਵਾਜ਼ ਦਿੱਲੀ ਦੀ ਤਰਫ ਦੌੜ ਗਿਆ, ਐਹਮਦ ਸ਼ਾਹ ਨੇ ਸ਼ੈਹਰ ਨੂੰ ਅਮਨ ਦੇਕਰ, ਲਖਪਤ ਰਾਇ ਨੂੰ ਕੈਦ ਵਿਚੋਂ ਛੱਡਕੇ ਦੀਵਾਨ ਬਣਾਇਆ, ਤੇ ਮੋਮਨ ਖਾਂ ਨੂੰ ਨਾਇਬ ਕਾਇਮ ਕਰਕੇ ਸਤਾਰਾਂ ਦਿਨ ਡੇਰਾ ਲਾਈ ਰਖਿਆ। ਜਦ ਹੋਰ ਫੌਜ ਕਾਬਲੋਂ ਆਈ ਤਾਂ ਦਿੱਲੀ ਵਲ ਤੁਰ ਪਿਆ। ਉਧਰੋਂ ਸ਼ਾਹਜ਼ਾਦਾ ਐਹਮਦ ਤੇ ਵਜ਼ੀਰ ਕਮਰ ਦੀਨ ਫੌਜ ਲੈਕੇ ਲਾਹੌਰ ਦੀ ਸੂਬੇਦਾਰੀ ਪਰ ਵਜ਼ੀਰ ਦੇ ਬੇਟੇ (ਮੀਰ ਮੁਯੱਨੁਲ ਮੁਲਕ) ਮੀਰ ਮੰਨੂੰ ਨੂੰ ਕਾਇਮ ਕਰਨ ਵਾਸਤੇ ਪੈਹਲੇ ਹੀ ਦਿੱਲੀ ਤੋਂ ਤੁਰ ਆਏ ਸੇ॥

## ਜੰਗ ਸਰਹੰਦ ਤੇ ਮੁਗਲਾਂ ਤੋਂ ਪਠਾਣ ਹਾਰੇ

ਜਦ ਦੁਰਾਨੀ ਸ਼ਾਹ ਦਾ ਲਾਹੌਰ ਆਉਣਾ ਸੁਣਿਆਂ ਤਾਂ ਸਰਹੰਦ ਹੀ ਠੈਹਰ ਗਏ ਏਤਨੇ ਨੂੰ ਸ਼ਾਹ ਦੁਰਾਨੀ ਭੀ ਸਰਹੰਦ ਪਹੁੰਚ ਗਿਆ, ਦੋਹਾਂ ਦਲਾਂ ਦੀ ਲੜਾਈ ਹੋਣ ਲੱਗੀ, ਹਾਥੀ ਉੱਤੇ ਬੈਠੇ ਵਜ਼ੀਰ ਕਮਰੁ ਦੀਨ ਦੇ ਸ਼ਰੀਰ ਨੂੰ ਕਿਸੇ ਸੂਰਬੀਰ ਦਾ ਤੀਰ ਚੀਰ ਗਿਆ, ਪਰ ਮੀਰਮੰਨੂੰ ਜੋ ਓਸਦਾ ਪੁਤਰ ਬੜਾ ਬਹਾਦਰ ਓਸਦੇ ਸਾਥ ਹਾਥੀ ਪਰ ਬੈਠਾ ਸੀ, ਪਿਛੇ ਆਪ ਹੋ ਬੈਠਾ, ਏਸਨੇ ਵਜੀਰ ਦੇ ਮਰਣ ਦੀ ਜਰਾ ਭੀ ਧੂਖ ਨਾ ਨਿਕਲਨ ਦਿੱਤੀ, ਸਗੋਂ ਓਸਨੂੰ ਓਸੇਤਰਾਂ ਬੈਠਾ ਰੱਖਕੇ ਹਾਥੀ

Digitized by Panjab Digital Library | www.panjabdigilib.org

ਨੂੰ ਅੱਗੇ ਕਧਾ ਕਰ ਐਸੀ ਜੋਰ ਸ਼ੋਰ ਨਾਲ ਲੜਾਈ ਕੀਤੀ, ਜੋ ਦੁਰਾਨੀ ਨਠਾ ਦਿੱਤੇ।

ਮੀਰਮੰਨੂ ਲਾਹੌਰ ਤਾਂਈ ਉਨਾਂ ਦਾ ਪਿੱਛਾ ਦੱਬੀ ਗਿਆ, ਬਹੁਤ ਦੁਰਾਨੀ ਮਾਰੇ; ਛੇਕੜ ਐਹਮਦਸ਼ਾਹ ਤਾਂ ਜਿਧਰੋਂ ਆਯਾ ਸੀ, ਓਧਰ ਹੀ ਮੁੜ ਗਿਆ ਤੇ ਮੀਰ ਮੰਨੂੰ ਨੇ ਲਾਹੌਰ ਦੀ ਸੂਬੇਦਾਰੀ ਜਾ ਰੋਕੀ। ਦੀਵਾਨ ਕੌੜਾ ਮੱਲ ਨੂੰ ਦੀਵਾਨੀ ਦਾ ਖਿਤਾਬ ਖਿਲਤ ਦੇਕੇ ਸਬ ਕੰਮ ਸੌਂਪ ਦਿਤਾ ਅਤੇ ਲਖਪਤ ਰਾਇ ਨੂੰ ਕੈਦ ਕਰਕੇ ਤੀਹ ਲਖ ਰੁਪਯਾ ਚਟੀ ਲਾਈ, ਜਿਸ ਵਿਚੋਂ ਬਾਈ ਲਖ ਤਾਂ ਉਸਦੀ ਜਾਇਦਾਦ ਜ਼ਬਤ ਕਰਕੇ ਵੱਟ ਲਿਆ ਤੇ ਬਾਕੀ ਵਿਚ ਕੌੜਾ ਮਲ ਨੇ ਉਸਨੂੰ ਇਕ ਪਖਾਨੇ ਬੁਰਜ ਵਿਚ ਕੈਦ ਰੱਖਕੇ ਸਿੰਘਾਂ ਦੇ ਹਵਾਲੇ ਕਰ ਰਖਯਾ। ਉਸਦੀ ਬੁਰਾਈ ਦੇ ਪ੍ਰੇਰੇ ਹੋਏ ਬਹੁਤ ਲੋਗ ਆਕੇ ਉਸੇ ਥਾਂ ਪਾਖਾਨੇ ਹੋਂਦੇ ਸੇ, ਉਸ ਰੌਰਵ ਨਰਕ ਦਾ ਛੀ ਮਹੀਨੇ ਕਸ਼ਟ ਭੋਗ ਕੇ ਛੇਕੜ ਦੋਜ਼ਖ ਵਿਚ ਜਾ ਪਿਆ।

ਏਸੇ ਕਰਕੇ ਪਰਮੇਸ਼੍ਵਰ ਨ੍ਯਾਇਕਾਰੀ ਸਬ ਨੇ ਮੰਨਣਾ ਹੈ। ਜੀਵ ਨੂੰ ਕਰਮ ਕਰਣੇ ਵਿਚ ਤਾਂ ਸੁਤੰਤ੍ਰਤਾ ਹੈ, ਤੇ ਅਪਣੇ ਕਰਮਾਂ ਦਾ ਫਲ ਭੋਗਣ ਵਿਚ ਪਤੰਤ੍ਰਤਾ ਹੈ।

ਲਖੂ ਨੇ ਜੈਸੇ ਜ਼ੁਲਮ ਸਿੰਘਾਂ ਨਾਲ ਕੀਤੇ ਸੇ, ਈਸ਼੍ਵਰ ਨੇ ਤੈਸੇ ਦੁਖ ਉਸਨੂੰ ਭੁਗਾਏ। ਏਹ ਲਖਪਤ ਤੇ ਜਸਪਤ ਦੋਵੇਂ ਖੱਤ੍ਰੀ ਭਾਈ ਡਾਢੇ ਜ਼ਾਲਮ ਹੋਏ ਹਨ ਤਾਂਹੀ ਅਜ ਤਕ ਸਬ ਸਿਖ ਉਨਾਂ ਨੂੰ ਜੱਬੂ ਭੱਬੂ ਆਖਦੇ ਰਹਿੰਦੇ ਹਨ।

ਜਦ ਸਿੰਘਾਂ ਦਾ ਦਲ ਬਸੌਲੀ ਤੇ ਪਠਾਨ ਕੋਟ ਦੇ ਇਰਦ ਗਿਰਦ ਲਖਪਤ ਦੀਵਾਨ ਨਾਲ (ਘੱਲੂਘਾਰਾ) ਭਾਰਾ ਜੰਗ ਕਰਕੇ ਮਾਲਵੇ ਦੇਸ ਵਿਚ ਜਾ ਰਿਹਾ ਸੀ ਤਾਂ ਚਾਰਤੂ

ਮਹੀਨੇ ਵਿਚ ਸਬਦੇ ਜਖਮ ਰਾਜ਼ੀ ਹੋਗਏ ਤੇ ਨਾਲੇ ਜੇਹੜੇ ਸਿੰਘ ਉਸ ਬਿਪਤਾ ਦੇ ਸਮੇਂ ਪਹਾੜਾਂ ਵਿਚ ਵੜ ਗਏ ਸਨ ਉਨ੍ਹਾਂ ਵਿਚੋਂ ਅਨੇਕਤਾਂ ਪਹਾੜੀ ਰਾਜਜਾਂ ਨੇ ਸੂਬੇ ਦੇ ਹੁਕਮ ਅਨੁਸਾਰ ਫੜਕੇ ਮਰਵਾ ਸਿਟੇ, ਬਾਕੀ ਭੇਸ ਬਦਲ ੨ ਕੇ ਮਾਲਵੇ ਪੰਥ ਵਿਚ ਆ ਮਿਲੇ। ਏਸ ਘਲੂਘਾਰੇ ਵਿਚ ਸੱਤਕੁ ਹਜਾਰ ਸਿੰਘ ਸ਼ਹੀਦ ਹੋਯਾ, ਸੋਈ ਉਤਨੇ ਕੁ ਨਵੇਂ ਸਿੰਘ ਹੋਰ ਸਜ ਗਏ।

ਜਦ ਕਾਬਲੀ ਆਏ ਤੇ ਲਾਹੌਰ ਤੇ ਸਰਹੰਦ ਦੋਹਾਂ ਬਾਦਸ਼ਾਹੀ ਦਲਾਂ ਦਾ ਭੇੜ ਹੋ ਪਿਆ ਤਾਂ ਮੁਲਕ ਮਾਲਵੇ ਤੇ ਪੰਜਾਬ ਵਿਚ ਫੇਰ ਖਰੂਦ ਮਚ ਗਿਆ, ਲੁਟੇਰੇ ਲੋਗਾਂ ਨੇ ਲੁਟ ਮਾਰ ਦੀ ਧੂਮ ਧਾਮ ਕਰ ਦਿਤੀ। ਛੀ ਮਹੀਨੇ ਜਦ ਤਕ ਮੀਰ ਮੰਨੂ ਦਾ ਸਿੱਕਾ ਨਾ ਬੈਠਾ ਤਦ ਤਾਈਂ ਲੁਟੇਰੇ ਲੋਗਾਂ ਨੇ ਚੰਗੇ ਹੱਥ ਰੰਗੇ।

## ਰਾਮਗੜ ਦਾ ਕਿਲਾਬਨਾਉਨਾ ਤੇਓਥੇਜੁਧਹੋਣਾ

ਓਸੇ ਸਮੇਂ ਸਿੰਘਾਂ ਨੇ ਗੁਰਮਤਾ ਕਰਕੇ ਸ੍ਰੀ ਅੰਮ੍ਰਿਤਸਰ ਵਿਚ ਰਾਮਸਰ ਤੀਰਥ ਦੇ ਕਿਨਾਰੇ ਸੰ: ੧੮੦੭ ਬਿ: ਵਿਚ ਇਕ ਕੱਚਾ ਕਿਲਾ ਰਾਮਗੜ ਨਾਮੀ ਉਸਾਰਿਆ, ਜਿਸਦੇ ਨਿਸ਼ਾਨ ਬੁਰਜ ਕੰਧਾਂ ਅਸਾਂ ਅਖੀ ਵੇਖੇ ਹਨ, ਹੁਣ ਓਥੇ ਗੁਰਦਵਾਰੇ ਦੇ ਪੁਜਾਰੀਆਂ ਨੇ ਆਪਣੀ ਮਰਜੀ ਦੇ ਮਕਾਨ ਬਣਾ ਲੀਏ, ਕੁਛ ਬੁਰਜ ਖੜੇ ਬੀ ਹਨ, ਓਸ ਕਿਲੇ ਦੇ ਚੁਫੇਰੇ ਸਿੰਘਾਂ ਨੇ ਜੇਹੜੀ ਪੈਲੀ ਬੀਜੀ ਸੀ ਓਸ ਜਮੀਨ ਦਾ ਨਾਮ ਰਾਮ ਰੌਣੀ ਮਸ਼ਹੂਰ ਹੋਗਿਆ ਜੋ ਹੁਣ ਤਕ ਬੋਲੀ ਜਾਂਦੀ ਹੈ। ਏਸ ਕਿਲੇ ਵਿਚ ਏਧਰੋਂ ਓਧਰੋਂ ਜੰਗੀ ਸਾਮਾਨ, ਘਾਟ, ਅੰਨ ਦਾ ਜ਼ਖੀਰਾ ਸਿੰਘਾਂ ਨੇ ਬਹੁਤ ਕਠਾ ਕਰਲਿਆ।

Digitized by Panjab Digital Library | www.panjabdigilib.org

ਮੀਰ ਮੰਨੂ ਨੇ ਸਿੰਘਾਂ ਦੇ ਬੰਦੋਬਸਤ ਵਾਸਤੇ ਗਸ਼ਤੀ ਫੌਜ ਰਖ਼ਾ ਦਿਤੀ ਤੇ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ ਤੁਸੀਂ ਆਪਣੇ ੨ ਦੇਸ ਵਿਚ ਕਿਸੇ ਸਿੰਘ ਨੂੰ ਵੜਨ ਨਹੀਂ ਦੇਣਾ ਜੇੜ੍ਹਾ ਮਿਲੇ ਤਾ ਬਨ੍ਹ ਤੋੜ ਫੜਕੇ ਮੇਰੇ ਪਾਸ ਲਾਹੌਰ ਭੇਜ ਦਿਓ। ਜਾਲੰਧਰ ਵਿਚ ਅਦੀਨਾ ਬੇਗ ਖਾਂ ਨੂੰ ਦੁਆਬੇ ਦਾ ਹਾਕਮ ਕੀਤਾ। ਹੋਰ ਸਿਆਲਕੋਟ ਜਿਹਲਮ, ਰੁਤਾਸ ਆਦਿਕ ਸਬਨੀ ਥਾਂਈ ਆਪਣੇ ਆਦਮੀ ਹਾਕਮ ਕਰਕੇ ਸਿਖਾਂ ਦੇ ਮਾਰਣ ਫੜਨ ਦਾ ਹੁਕਮ ਦੇ ਦਿਤਾ। ਜੇਹੜੇ ਸਿਖ ਫੜੇ ਹੋਏ ਲਾਹੌਰ ਜਾਂਦੇ ਓਹ ਸਬ ਨਿਖਾਸਚੌਕ ਵਿਚ ਕਤਲ ਕੀਤੇ ਜਾਂਦੇ, ਪਰ ਸਿੰਘ ਭੀ ਐਸੇ ਜ਼ੋਰਾਵਰ ਤੇ ਸੂਰਬੀਰ ਸੇ ਜੋ ਓਨਾਂ ਦੇ ਕਾਬੂ ਬਹੁਤ ਘੱਟ ਰਜ਼ੂਦੇ॥

ਫੇਕਰ ਅੰਮ੍ਰਿਤਸਰ ਵੈਸਾਖੀ ਨੂੰ ਪੰਜ ਸੱਤ ਹਜ਼ਾਰ ਸਿੰਘ ਕੱਠਾ ਹੋਯਾ ਸੁਣਕੇ ਮੀਰ ਮੰਨੂ ਨੇ ਕੌੜਾਮਲ ਤੇ ਅਦੀਨਾ ਬੇਗ ਖਾਂ ਸਦੀਕ ਬੇਗ ਆਦਿਕ ਅਫਸਰਾਂ ਨੂੰ ਬਹੁਤ ਫੌਜ ਦੇਕੇ ਅੰਮ੍ਰਿਤਸਰ ਭੇਜ ਦਿੱਤਾ। ਸਿੰਘ ਭੀ ਮੋਰਚੇ ਬੰਨਕੇ ਰਾਮਗੜ੍ਹ ਦੇ ਪਾਸ ਸਾਹਮਣੇ ਹੋ ਖੜੋਤੇ। ਜਦ ਏਹ ਖਬਰ ਦੇਸ ਵਿਚ ਹੋਈ ਤਾਂ ਆਪਣੇ ੨ ਘਰਾਂ ਤੋਂ ਘੋੜੇ, ਖਚਰ, ਉਠ ਆਟੇ ਦਾਣੇ ਦੇ ਲੱਦ ਲੱਦਕੇ ਬਹੁਤ ਸਿੰਘ ਲੈ ਆਏ।ਦੋ ਮਹੀਨੇ ਮੋਰਚੇ ਲਗੇ ਰਹੇ, ਸ਼ਾਹੀ ਸੈਨਾਂ ਤੋਂ ਕਿਲਾ ਨ ਟੁੱਟਾ, ਪਰ ਘਾਹ ਦਾਣਾ ਮੁੱਕੇ ਤੋਂ ਜਦ ਸਿੰਘਾਂ ਨੇ ਬਾਹਰ ਹੋਕੇ ਸ਼ਹੀਦ ਹੋਣਦੀ ਮਥ ਲਈ ਓਦੋਂ ਮੀਰ ਮੰਨੂ ਦੀ ਤਰਫੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਭੀ ਲੜਨ ਆਯਾ ਹੋਯਾ ਸੀ। ਇਕ ਵਾਰੀ ਏਸ ਜੱਸਾ ਸਿੰਘ ਦੀ ਬਾਬਤ ਝੂਠੀ ਜਾਂ ਸੱਚੀ ਏਹ ਗਲ ਉਡ ਗਈ ਸੀ ਕਿ ਏਸਦੇ ਘਰ ਬੇਟੀ ਜੰਮੀ ਸੀ ਤਾਂ ਇਸ ਦੀ ਸਿੰਘਣੀ ਨੇ

Digitized by Panjab Digital Library | www.panjabdigilib.org

ਪਾਰ ਬੁਲਾਈ, ਇਸ ਗੱਲੋਂ ਭਨਖਾਹੀਯਾ ਕਰਕੇ ਪੰਥ ਖਾਲਸੇ ਨੇ ਇਸਦੀ ਵਰਤਣ ਛੱਡ ਦਿੱਤੀ ਸੀ। ਇਸ ਗਲ ਤੇ ਗੁੱਸੇ ਹੋਕੇ ਅਪਣੇ ਚੌਹਾਂ ਭਾਈਆਂ ਤੇ ਸੌ ਅਸਵਾਰ ਸਮੇਤ ਅਦੀਨਾ ਬੇਗ ਖਾਂ ਪਾਸ ਨੌਕਰ ਜਾ ਰਿਹਾ ਸੀ। ਹੁਣ ਸ਼ਾਹੀ ਹੁਕਮ ਅਨੁਸਾਰ ਸਿੰਘਾਂ ਨਾਲ ਲੜਦਾ ਤਾਂ ਸੀ, ਪਰ ਮਨੋ ਤਨੋ ਚਾਹੁੰਦਾ ਸੀ ਜੋ ਕਿਵੇਂ ਸਿੰਘਾਂ ਨਾਲ ਰਲ ਜਾਵਾਂ, ਕਿਉਂਕਿ ਮੇਰਾ ਧਰਮ ਨਹੀਂ ਜੋ ਗੁਰ ਭਾਈ ਉਪਰ ਤੀਰ ਗੋਲੀ ਚਲਾਵਾਂ। ਏਹੋ ਸੋਚ ੨ ਕੇ ਉਸਨੇ ਤੀਰ ਨਾਲ ਬੰਨਕੇ ਇਦਾਂਦੀ ਚਿਠੀ ਸਿੰਘਾਂ ਪਾਸ ਭੇਜ ਦਿਤੀ ਜੋ ਮੈਨੂੰ ਖਾਲਸਾ ਮੇਲ ਲਵੇ ਤਾਂ ਮੈਂ ਆ ਜਾਵਾਂ? ਪੰਥ ਖਾਲਸੇ ਨੇ ਉਸੇ ਤਰਾਂ ਤੀਰ ਨਾਲ ਜਵਾਬ ਦਿਤਾ ਕਿ ਅਸੀ ਬੜੀ ਖੁਸ਼ੀ ਨਾਲ ਤੁਹਾਨੂੰ ਮੇਲਦੇ ਹਾਂ, ਤੁਸੀ ਆ ਜਾਓ। ਇਹ ਚਿਠੀ ਪੜਕੇ ਸਰਦਾਰ ਜੱਸਾ ਸਿੰਘ ਆਪਣੇ ਸਾਥੀਆਂ ਸਮੇਤ, ਰਾਤ ਦੇ ਵਕਤ, ਮੁਸਲਮਾਨਾਂ ਦਾ ਮੇਗਜ਼ੀਨ ਲੈਕੇ ਕਿਲੇ ਵਿਚ ਚਲਾ ਆਯਾ। ਕਈ ਦਿਨ ਅੰਦਰੋਂ ਫੇਰ ਸਿੰਘ ਲੜਦੇ ਰਹੇ ਤੇ ਰਾਤ ਨੂੰ ਸ਼ਾਹੀ ਸੈਨਾਂ ਪਰ ਮਾਰੋ ਮਾਰ ਭੀ ਕਰ ਜਾਂਦੇ ਰਹੇ।

## ਅਹਮਦਸ਼ਾਹ ਦਾ ਤੀਜਾ ਹੱਲਾ ਸੰ: ੧੮੦੮ ਬਿ:

ਅਜੇ ਕਿਸੇ ਦੀ ਜਿਤ ਹਾਰ ਨਹੀਂ ਹੋਈ ਸੀ ਕਿ ਅਹਿਮਦ ਸ਼ਾਹ ਦੁਰਾਨੀ ਦੇ ਆਉਣਦੀ ਅਵਾਈ ਉਡ ਪਈ ਜਿਸ ਨੂੰ ਸੁਣਦੇ ਸਾਰ ਮੀਰ ਮੰਨੂੰਦੇ ਛਕੇ ਛੁਟ ਗਏ, ਕਿਉਂਕਿ ਇਸਦੀ ਫੌਜ ਨੂੰ ਸਿੰਘਾਂ ਨੇ ਜ਼ਰਜਰੀ ਕਰਕੇ ਬੜਾ ਛੱਡਿਆ ਸੀ। ਦੁਰਾਨੀਆਂ ਨਾਲ ਟੱਕਰ ਖਾਣ ਜੋਗੀ ਨਾ ਦੇਖਕੇ

Digitized by Panjab Digital Library | www.panjabdigilib.org

ਦੀਵਾਨ ਕੌੜਾ ਮਲ ਦੇ ਰਾਹੀਂ ਸਿੰਘਾਂ ਨਾਲ ਰਾਲ ਮਾਲ ਕਰ ਸਹਾਇਤਾ ਚਾਹੀ, ਨਾਲੇ ਅਹਿਮਦਸ਼ਾਹ ਪਾਸ ਅਰਜ਼ੀ ਭੇਜ ਦਿਤੀ ਕਿ ਮੈਂ ਆਪਦਾ ਤਾਬੇਦਾਰ ਹਾਂ, ਜੋ ਮਰਜ਼ੀ ਚਾਹੋ ਈਨ ਮਨਾ ਲੋ । ਫੇਰ ਚਨਾਬ ਨਦੀ ਦੇ ਕਿਨਾਰੇ ਆਪ ਭੀ ਕਾਬੁਲੀ ਬਾਦਸ਼ਾਹ ਨੂੰ ਜਾ ਮਿਲਿਆ, ਪੰਦਰਾਂ ਲੱਖ ਰੁਪਯਾ ਨਕਦ ਨਜ਼ਰ ਕੀਤਾ ਅਤੇ ਜੇੜ੍ਹਾ ਮਾਮੁਲਾ ਪਰਗਣੇ ਸਯਾਲਕੋਟ ਤੇ ਗੁਜਰਾਤ ਦਾ ਨਾਦਰਸ਼ਾਹ ਨੂੰ ਸੂਬਾਖਾਨ ਬਹਾਦਰ ਤੇ ਬਿਜੇਖਾਂ ਭੇਜਦੇ ਰਹੇ ਸੇ, ਓਹੋ ਏਸਨੇ ਅੱਗੇ ਨੂੰ ਦੇਣਾ ਮੰਨਕੇ ਲਿਖਤ ਕਰ ਦਿਤੀ ਤਾਂ ਅਹਿਮਦ ਸ਼ਾਹ ਪਿਛੇ ਨੂੰ ਮੁੜਿਆ ॥

## ਸੂਬੇ ਦੀ ਸਿੰਘਾਂ ਨਾਲ ਸੁਲਾ ਸਫਾਈ ਤੇ ਸਿੰਘਾਂ ਦੀ ਮਦਦ ਨਾਲ ਮੁਲਤਾਨ ਫਤੇ ਕਰਨਾ

ਜਦ ਮੀਰਮੰਨੂ ਦੀ ਏਹ ਚਾਲ ਦਿਲੀ ਦੇ ਬਾਦਸ਼ਾਹ ਨੇ ਸੁਣੀ (ਜੋ ਓਦੋਂ ਹੀ ਸਫਦਰ ਜੰਗ ਲਖਨਊ ਦੇ ਸੂਬੇ ਦੀ ਮਦਦ ਨਾਲ ਤਖਤ ਉਪਰ ਬੈਠਾ ਸੀ ) ਤਾਂ ਗੁਸੇ ਦਾ ਪਰਵਾਨਾ ਲਿਖਿਆ ਤੇ ਮੀਰਮੰਨੂ ਤੋਂ ਮੁਲਤਾਨ ਛੁਡਾਕੇ ਸ਼ਾਹਨਿਵਾਜ਼ ਨੂੰ ਮੁਲਤਾਨ ਦਾ ਸੂਬਾ ਬਣਾਕਰ ਦਿਪਾਲ ਪੁਰ ਦੇ ਰਸਤੇ ਮੁਲਤਾਨ ਪਹੁੰਚਾ ਦਿਤਾ । ਮੀਰਮੰਨੂ ਨੇ ਏਸ ਗੱਲੋਂ ਗੁੱਸਾ ਖਾਕੇ ਦੀਵਾਨ ਕੌੜਾਮਲ ਨੂੰ ਹੁਕਮ ਦਿਤਾ ਕਿ ਮੁਲਤਾਨੋਂ ਸ਼ਾਹ ਨਿਵਾਜ਼ ਨੂ ਕੱਢਕੇ ਪਹਿਲੇ ਵਾਂਗੂ ਉਥੋਂ ਦੀ ਹਕੂਮਤ ਤੂੰ ਕਰ । ਕੌੜਾਮੱਲ ਨੇ ਸਿੰਘਾਂ ਦੀ ਬਹਾਦਰੀ ਤੇ ਨਿਸਕਪਟ ਭੋਲੇ ਭਾਲੇ ਸੁਭਾਵ ਦੀ ਬਹੁਤ ਸਾਰੀ ਵੱਡਯਾਈ ਮੀਰ ਮੰਨੂ ਪਾਸ ਕਰਕੇ ਓਸਨੂੰ ਰਿਝਾ ਲਿਆ ਤੇ ਸਿੰਘਾਂ ਨੂੰ ਆਖਯਾ,

Digitized by Panjab Digital Library | www.panjabdigilib.org

ਤਸੀ ॥) ਅਠਆਨੇ ਪਜਾਦਾ, ੧) ਰੁਪਯਾ ਅਸਵਾਰ, ੫) ਪੰਜ ਰੁਪਏ ਸਰਦਾਰ ਤੇ ਨਾਲੇ ਸੁਖੇ ਦੀ ਮਿਠੀ ਦੇਗ ਮੈਥੋਂ ਰੋਜ਼ ਲਵੋ ਤੇ ਮੇਰੇ ਨਾਲ ਮੁਲਤਾਨ ਚੱਲਕੇ ਅਪਣੇ ਵੈਰੀ ਖਾਨਬਹਾਦਰ ਦੇ ਪੁੱਤ੍ਰ ਨੂੰ ਸੋਧੋ।

ਏਹ ਗਲ ਸੁਣਦੇ ਸਾਰ ਸਬ ਸਿੰਘ ਉਸਦਾ ਬਚਨ ਮੰਨਕੇ ਤਿਆਰ ਹੋ ਗਏ। ਖਾਨਬਹਾਦੁਰ ਦੇ ਪੁਤ੍ਰ ਨੂੰ ਸੋਧਣ ਲਈ ਬੜੇ ਉਤਸ਼ਾਹ ਨਾਲ ਹੋਰ ਭੀ ਮਝੈਲ ਮਲਵਈ ਕਠੇ ਆ ਹੋਏ। ਬਾਰਾਂ ਤੇਰਾਂ ਹਜ਼ਾਰ ਸਿੰਘ ਬੜੀ ਖੁਸ਼ੀ ਨਾਲ ਉਸਦੇ ਨਾਲ ਚੜ੍ਹ ਬੈਠਾ। ਫੇਰ ਤਾਂ ਮੀਰਮੰਨੂ ਨੇ ਭੀ ਖੁਸ਼ੀ ਹੋਕੇ ਬਹੁਤ ਮਦਦ ਕੀਤੀ,ਫੱਗਣ ਸੰ: ੧੮੦੮ ਬਿ: ਨੂੰ ਸ਼ਾਹਨਿਵਾਜ ਨਾਲ ਸਿੰਘਾਂ ਨੇ ਫਾਗ ਜਾ ਖੇਲਆ, ਓਸਨੂੰ ਮੁਲਤਾਨ ਵਿੱਚ ਜਾ ਘੇਰਆ, ਗੋਲੇ, ਗੋਲੀ, ਕੁਮਕੁਮੇ, ਤੀਰ, ਪਿਚਕਾਰੀਆਂ, ਗੁਲਾਲ ਦੀਆਂ ਮੁਠਾਂ, ਗੁਬਾਰੇ, ਮਾਰ ੨ ਦੀ ਅਵਾਜ਼, ਧਮਾਰ ਰਾਗ ਗਾਉਂਦੇ ਹੋਏ ਸਿੰਘਾਂ ਨੇ ਬਹੁਤ ਮਾਰੇ ਬੁਕਾਰੇ ਕਰਕਰ ਹੋਲਾ ਖੇਲਆ, ਛੀ ਮਹੀਨੇ ਜੰਗ ਲੱਗਾ ਰਿਹਾ। ਕੌੜਾਮੱਲ ਨੇ ਵੱਡਆਂ ੨ ਸਿੰਘਾਂ ਨੂੰ ਅੱਗੇ ਕਰ ਦਿਤਾ, ਸਿੰਘਾਂ ਨੇ ਦਾਣਾ, ਘਾਸ, ਕਿਲੇ ਵਿਚ ਜਾਣਾ ਰੋਕ ਕੇ ਸ਼ਹਿਰ ਵਿਚੋਂ ਰਸਤ ਲਿਆਉਣ ਦਾ ਬੰਦੋਬਸਤ ਕਰ ਲੀਤਾ।

## ਸ਼ਾਹ ਨਿਵਾਜ ਦਾ ਮਰਨਾ

ਓਧਰ ਜਦ ਭੁੱਖ ਨੇ ਦੁੱਖ ਦਿਤਾ ਤਾਂ ਸ਼ਾਹਨਿਵਾਜ ਬਾਹਰ ਨਿਕਲ ਕੇ ਲੜਨ ਲੱਗਾ, ਭਲਾ ਮੈਦਾਨ ਵਿਚ ਆਏ ਸ਼ਿਕਾਰ ਨੂੰ ਸਿੰਘ ਕਦੋਂ ਛੱਡਦੇ ਸੇ ? ਹੱਲਾ ਕਰ ਦਿਤਾ, ਤਲਵਾਰਾਂ ਸੂਤ ੨ ਕਰ ਜਵਾਰ ਵਾਂਗੂ ਵਾਢੀ ਪਾ ਦਿਤੀ

Digitized by Panjab Digital Library | www.panjabdigilib.org

ਬੇਸ਼ੁਮਾਰ ਆਦਮੀ ਮਾਰ ਮੁਕਾਏ । ਭੀਮਸਿੰਘ ਬਹਾਦਰ ਨੇ ਐਡੀ ਫੁਰਤੀ ਕੀਤੀ ਕਿ ਸ਼ਾਹਨਿਵਾਜ ਦਾ ਸਿਰ ਹਾਥੀ ਉਤੋਂ ਕੱਟਕੇ ਨੇਜ਼ੇ ਪਰ ਟੰਗ ਲਿਆਇਆ ਤੇ ਕੌੜਾਮਲ ਅੱਗੇ ਆ ਰੱਖਦਾ। ਕੌੜਾਮਲ ਫਤੇ ਦੇ ਨਗਾਰੇ ਵਜਾਕੇ, ਰੱਖੜੀ ਵਾਲੇ ਦਿਨ ਕਿਲੇ ਵਿਚ ਜਾ ਵੜਿਆ।

ਭੀਮ ਸਿੰਘ ਨੂੰ ਕੜਜਾਂ ਦੀ ਜੋੜੀ, ਸ਼ਸਤ੍ਰ ਬਸਤ੍ਰ, ਸੰਜੋਏ, ਰੰਗਾ ਘੋੜਾ ਇਨਾਮ ਦੇਕੇ ਬੜੀ ਇਜ਼ਤ ਵਧਾਈ । ਹੋਰ ਸਭ ਸਿੰਘਾਂ ਨੂੰ ਰੇਸ਼ਮੀ ਖੇਸ ਲੂੰਗੀਆਂ, ਲਾਚੇ ਸਰਦਾਰਾਂ ਸਮੇਤ, ਜਥਾਜੋਗ ਇਨਾਮ ਤੇ ਪਿਛਲੀ ਤਲਬ ਦੇਕੇ ਖੁਸ਼ੀ ਲਈ, ਸੁਖੋ ਦੀ ਮਿਠੀ ਦੇਗ ਅਤੇ ਕੜਾਹ ਪਰਸ਼ਾਦ ਛਕਾਏ ।

## ਸ੍ਰੀ ਅੰਮ੍ਰਿਤਸਰ ਜੀਦਾ ਸਰੋਵਰ ਫਿਰ ਬਨਨਾ ਤੇ ਸਿੰਘਾਂ ਨੂੰ ਜਗੀਰ ਵਾਗੁਜਾਰ ਹੋਣੀ

ਏਸ ਫਤੇ ਦੀ ਖੁਸ਼ੀ ਵਿਚ ਮੀਰ ਮੰਨੂ ਨੇ ਕੌੜਾ ਮਲ ਨੂੰ ਮੁਲਤਾਨ ਦੀ ਸੂਬੇਦਾਰੀ ਤੇ ਮਹਾਰਾਜਗੀ ਦਾ ਖਿਤਾਬ,ਖਿਲਤ ਬਖਸ਼ਿਆ। ਜਦਪਿ ਦੀਵਾਨ ਕੌੜਾ ਮਲ ਤਾਂ ਪਹਿਲੇ ਹੀ ਗੁਰੂ ਕਾ ਸਿਦਕੀ ਸਿਖ ਸੀ,ਪਰ ਹੁਣ ਤਾਂ ਪਰਤੱਖ ਜਾਣਗਿਆ ਕਿ ਏਹ ਫਤੇ ਗੁਰੂ ਖਾਲਸੇ ਦੀ ਕ੍ਰਿਪਾ ਨਾਲ ਮੈਨੂੰ ਮਿਲੀ ਹੈ। ਯਾਰਾਂ ਹਜਾਰ ਰੁਪਯਾ ਨਕਦ ਸ੍ਰੀ ਗੁਰੂ ਰਾਮਦਾਸ ਜੀਦੀ ਨਜ਼ਰ ਦੇਕਰ, ਤਾਲਾਬ ਅੰਮ੍ਰਤਸਰ ਜੋ ਲਖਪਤ ਰਾਇ ਨੇ ਬਿਜੇ ਖਾਂ ਸੂਬੇਦੇ ਸਮੇਂ ਮਿੱਟੀ ਨਾਲ ਭਰਵਾ ਛੱਡਜਾਸੀ, ਮਿੱਟੀ ਕਢਵਾ ਕੇ ਖੂਹਾਂ ਦੇ ਪਾਣੀ ਨਾਲ ਭਰਵਾ ਦਿੱਤਾ। ਏਸ ਕੰਮ ਵਿੱਚ ਸਿੰਘਾਂ ਤੇ ਸੰਗਤਾਂ ਨੇ ਭੀ ਬੇ ਓੜਕੀ ਟਹਲ ਕੀਤੀ ਤੇ ਸੰ: ੧੮੦੯ ਬਿ: ਨੂੰ ਦੀਪਮਾਲਾ ਦਾ ਮੇਲਾ ਫੇਰ ਕਈ ਬਰਸ ਪਿੱਛੋਂ ਕੀਤਾ।

ਮਹਾਰਾਜੇ ਕੌੜਾ ਮੱਲ ਨੇ ਮੀਰ ਮੰਨੂ ਪਾਸ ਸਿੰਘਾਂ ਦੀ ਬਹੁਤ ਸਿਫਾਰਸ਼ ਤੇ ਬਹਾਦਰੀ ਜਿਤਲਾਕੇ ਸਿੰਘਾਂ ਨੂੰ ਨਿਚੱਲੇ ਰੱਖਣ ਵਾਸਤੇ, ਪਰਗਨਾ ਚੂਹਨੀ ਤੇ ਝੁਬਾਲ ਜੋ ਕਈ ਵਾਰੀ ਪੰਥ ਦੇ ਹਥ ਆਕੇ ਜਬਤ ਹੁੰਦਾ ਰਿਹਾ ਸੀ, ਵਾਗੁਜ਼ਾਰ ਕਰਾ ਦਿਤਾ।

## ਅਹਿਮਦਸ਼ਾਹ ਅਬਦਾਲੀ ਦਾ ਚੌਥਾ ਹੱਲਾ ਸੰ: ੧੮੧੦ ਬਿ: ਵਿਚ ਪੰਜਾਬ ਫਤੇ ਕਰਨੀ

ਮੁਲਤਾਨ ਫਤੇ ਕਰਕੇ ਮੀਰਮੰਨੂ ਨੇ ਸਰਹੰਦ ਭੀ ਆਪਣੇ ਕਬਜੇ ਕਰਕੇ ਓਥੇ ਆਪਣੇ ਮਿੱਤ੍ਰ ਸਦੀਕਬੇਗ ਨੂੰ ਸੂਬਾ ਕਾਯਮ ਕਰ ਦਿਤਾ। ਇਕਤਾਂ ਸਿੰਘਾਂ ਨਾਲ ਅੱਛੀ ਬਣ ਗਈ ਸੀ ਤੇ ਦੂਸਰੇ ਮੁਲਤਾਨ, ਸਰਹੰਦ, ਲਹੌਰ ਏਹ ਤਿੰਨ ਸੂਬੇ-ਦਾਰੀਆਂ ਹੱਥ ਆਉਣੇ ਕਰ ਮੀਰ ਮੰਨੂ ਦੀਆਂ ਅੱਖਾਂ ਅੱਗੇ ਸਰ੍ਹੋਂ ਫੁਲ ਗਈ, ਦੋਹਾਂ ਬਾਦਸ਼ਾਹਾਂ ਨੂੰ ਠੁਠ ਦਿਖਾਦਾ, ਮਾਂਹ ਦੇ ਆਟੇ ਵਾਂਗੂ ਆਕੜ ਬੈਠਾ॥

ਸ਼ਾਹਦੁਰਾਨੀ ਨੇ ਆਪਣਾ ਮਾਮੂਲਾ ਲੈਣ ਵਾਸਤੇ ਦੋ ਤਿੰਨ ਵਾਰੀ ਲਿਖਯਾ, ਜਦ ਕੋਈ ਜਵਾਬ ਏਧਰੋਂ ਨਾ ਗਿਆ ਤਾਂ ਸ਼ਾਹ ਨੇ ਆਪਣੇ ਮਾਤ੍ਬਰ ਜੀਉਣ ਮੱਲ ਨੂੰ ਭੇਜਯਾ, ਪਰ ਨਵਾਬ ਮੀਰ ਮੰਨੂ ਨੇ ਫੇਰ ਵੀ ਟਾਲਾ ਵਾਲਾ ਕਰ ਛਡਯਾ।

ਅਹਿਮਦ ਸ਼ਾਹ ਅਬਦਾਲੀ ਨੇ ਸੋਚਿਆ ਕਿ ਮੀਰ ਮੰਨੂ ਨੇ ਤਾਂ (ਨਿਲੰਘੀ ਖ੍ਵਾਜਾ ਵਿਸਰਯਾ) ਏਹ ਗੱਲ ਕੀਤੀ, ਚਲੋ ਹੁਣ ਆਪ ਹੀ ਹਿੰਮਤ ਕਰੀਏ॥

ਅਹਿਮਦ ਸ਼ਾਹ ਅਬਦਾਲੀ ਸੰਮਤ ੧੮੧੦ ਬਿ: ਦੇ ਲਗਦੇ ਹੀ ਚੌਥੀ ਵਾਰੀ ਫੇਰ ਹਿੰਦੁਸਤਾਨ ਵੱਲ ਚੜ੍ਹ ਆਯਾ। ਨਵਾਬ ਮੀਰ ਮੰਨੂ ਨੇ ਏਹ ਸੁਣਕੇ ਸੱਤ੍ਰ ਹਜ਼ਾਰ ਅਸਵਾਰ

Digitized by Panjab Digital Library | www.panjabdigilib.org

ਆਪਣਾ ਕੱਠਾ ਕਰ ਲਿਆ, ਤੇ ਮਹਾਰਾਜੇ ਕੌੜਾ ਮੱਲ, ਸਦੀਕ ਬੇਗ, ਅਦੀਨਾਬੇਗ; ਕਰਮ ਬਖਸ਼ ਆਦਿਕ ਆਪਣੇ ਤ੍ਰਾਬੇ-ਦਾਰਾਂ ਨੂੰ ਭੀ ਬੁਲਾ ਲਿਆ, ਸਬ ਆਪਣੀ ੨ ਫੌਜ ਲੈਕੇ ਲਾਹੌਰ ਆ ਕੱਠੇ ਹੋਏ ਤੇ ਕੌੜਾ ਮੱਲ ਦੇ ਕਹਣੇ ਕਰ ਸਿੰਘਾਂ ਨੂੰ ਭੀ ਬੁਲਾ ਲੀਤਾ। ਬਦਾਮੀਬਾਗ ਦੇ ਪਾਸ ਬਹੁਤ ਪੱਕੇ ਮੋਰਚੇ ਬੰਨੇ, ਸਬ ਸਾਮਾਨ ਜੰਗੀ ਸਿਜਲ ਜਮਾਂ ਕਰ ਲਿਆ। ਏਤਨੇ ਨੂੰ ਅਹਿਮਦ ਸ਼ਾਹ ਅਬਦਾਲੀ ਵੀ ਰਾਵੀ ਟੱਪ ਆਯਾ। ਪਹਿਲੇ ਮੈਦਾਨ ਦੀ ਲੜਾਈ ਕਰਕੇ ਦੂਜੇ ਦਿਨ ਮੀਰਮੰਨੂ ਮੋਰ-ਚਯਾਂ ਵਿੱਚ ਆ ਬੈਠਾ। ਏਹ ਬਾਹਰ ਨਾ ਨਿਕਲੇ ਤੇ ਪਠਾਣ ਭੀ ਏਨ੍ਹਾਂ ਉਤੇ ਨਾ ਪੈ ਸਕੇ। ਚਾਰ ਮਹੀਨੇ ਦੋਹਾਂ ਪਾਸਯਾਂਦੇਲਸ਼ਕਰਾਂ ਨੇ ਦੂਰ ਦੂਰ ਤੱਕ ਦੇਸ ਉਜਾੜ ਕਰ ਦਿੱਤਾ, ਦੋ ਸੇਰ ਆਟਾ ਲਾਹੌਰੀ ਤੋਲਦਾ ਵਿਕ ਗਿਆ, ਘਾਸ, ਭੋਹ, ਤੂੜੀ ਤਾਂ ਦੋ ਸੇਰ ਭੀ ਰੁਪਏ ਦਾ ਨਾ ਮਿਲਯਾ,ਛੱਪਰ ਤੋੜ ੨ ਕੇ ਘੋੜਯਾਂ ਨੂੰ ਚਰਾਇ ਦਿਤੇ, ਖਲਕਤ ਨੇ ਭਾਰੀ ਭੋਜਲ ਦੇਖਯਾ, ਓੜਕ ਮੀਰ ਮੰਨੂ ਬਾਹਰ ਨਿਕਲ ਕੇ ਲੜਨ ਲਗਾ, ਤਿੰਨ ਦਿਨ ਲੜਾਈ ਕੀਤੀ, ਦੀਵਾਨ ਕੌੜਾ ਮਲ ਜਿਧਰ ਹੱਲਾ ਕਰੇ ਦੁਰਾਨੀਆਂ ਨੂੰ ਧੱਕਕੇ ਲੈ ਜਾਵੇ ਸਬ ਨੂੰ ਏਹੋ ਖਯਾਲ ਸੀ ਕਿ ਦੁਰਾਨੀਆਂ ਦੀ ਹਾਰ ਹੋਵੇਗੀ ਤੇ ਦੁਰਾਨੀ ਭੀ ਦਹਿਲ ਖੜੋਤੇ ਸੇ, ਪਰ ਹਾਰ ਜਿਤ ਰੱਬ ਦੇ ਹੱਥ ਹੈ, ਦੀਵਾਨ ਕੌੜਾ ਮਲ ਨੇ ਹੱਲਾ ਕਰਣ ਵਾਸਤੇ ਆਪਣੇ ਹਾਥੀ ਨੂੰ ਐਨ ਗਾਹੜੇ ਜੰਗ ਵਿੱਚ ਜਦ ਤੇਜ ਕੀਤਾ ਤਦ ਅਚਾਨਕ ਇਕ ਕਬਰ ਵਿੱਚ ਹਾਥੀ ਦਾ ਪੈਰ ਧਸ ਗਿਆ ਤੇ ਹਾਥੀ ਸਮੇਤ ਡਿੱਗ ਪਿਆ॥

ਏਸ ਵਕਤ ਅਹਿਮਦ ਸ਼ਾਹ ਅਬਦਾਲੀ ਦਾ ਸਰਦਾਰ ਜਹਾਨ ਖਾਂ ਜੋ ਨਜ਼ੀਕ ਸੀ, ਦੋ ਹਜ਼ਾਰ ਅਸਵਾਰ ਲੈਕੇ ਬਿਜਲੀ

Digitized by Panjab Digital Library | www.panjabdigilib.org

ਵਾਂਗੂ ਆ ਪਿਆ ਤੇ ਦੀਵਾਨ ਕੌੜਾ ਮਲਦਾ ਸਿਰ ਉਤਾਰਕੇ ਨੇਜ਼ੇ ਉਪਰ ਉਤੰਗ ਕੇ ਲੈ ਗਿਆ। ਏਹ ਤਾਂ ਪਠਾਨਾਂ ਦੀ ਰਜੂ ਮਰੀ ਤੇ ਮੁਗਲੀ ਫੌਜ ਦਾ ਦਿਲ (ਐਡੇ ਵੱਡੇ ਬਹਾਦਰ ਤੇ ਲਾਇਕ ਰਾਜੇ ਦੇ ਮਰਜਾਣੇ ਕਰ) ਟੁੱਟ ਗਿਆ, ਭਾਜ ਪੈਗਈ, ਨਵਾਬ ਮੀਰਮੰਨੂ ਤਾਂ ਓਸ ਬਹਾਦਰ ਦਾ ਮਰਣਾ ਸੁਣਕੇ (ਜਿੱਥੇ ਫੌਜ ਨੂੰ ਲੜਾ ਰਿਹਾ ਸੀ ਉਥੇ ਹੀ) ਬੇਹੋਸ਼ ਹੋਕੇ ਡਿਗ ਪਿਆ। ਹੋਸ਼ ਆਈ ਤਾਂ ਹਾਥੀ ਦੌੜਾ ਕੇ ਕਿਲੇ ਵਿੱਚ ਜਾ ਵੜਜਾ, ਫੇਰ ਤਾਂ ਸਬ ਸਰਦਾਰ ਲੜਾਈ ਛਡਕੇ ਤਿਤਰ ਬਿਤੂ ਹੋ ਗਏ, ਸਿਰਫ ਸਿੰਘਾਂ ਨੇ ਥੋੜੀ ਦੇਰ ਆਪਣਾ ਮੋਰਚਾ ਕਾਯਮ ਰੱਖਜਾ, ਪਰ ਇਨ੍ਹਾਂ ਦਾ ਭੀ ਜਦ ਸਰਦਾਰ ਸੁਖਾ ਸਿੰਘ ਤਰਖਾਣ ਕੰਬੋ ਮਾੜੀ ਵਾਲਾ ਜੋ ਸਬਤੋਂ ਵਧਕੇ ਸੂਰ ਬੀਰ ਦਲੇਰ ਸੀ, ਸ਼ਹੀਦ ਹੋਗਿਆ ਤਦ ਏਹ ਭੀ ਗੋਲ ਬੰਨਕੇ ਤੁਰ ਪਏ, ਤੇ ਜਿੱਥੇ ਦੋ ਮੀਲ ਵਿੱਚ ਲੋਥ ਉਤੇ ਲੋਥ ਚੜ੍ਹੀ ਪਈ ਸੀ, ਓਨ੍ਹਾਂ ਵਿੱਚੋਂ ਚੰਗੇ ੨ ਹੱਥਜਾਰ ਘੋੜੇ ਆਦਿਕ ਸਾਮਾਨ ਲੈਕੇ ਕੰਜਰੀ ਦੇ ਪੁਲ ਕੋਲ ਆਣ ਲੱਥੇ॥

ਓਧਰ ਜਦ ਮੀਰਮੰਨੂ ਨੇ ਸ਼ੈਹਰ ਬਰਬਾਦ ਹੁੰਦਾ ਵੇਖਕੇ ਤਾਬੇਦਾਰੀ ਮੰਨ ਲਈ ਤਾਂ ਸ਼ਾਹ ਦੁਰਾਨੀ ਨੇ ਅਮਨ ਬਖਸ਼ਿਆ ਤੇ ਆਪ ਭੀ ਰਣਭੂਮੀ ਛੱਡਕੇ ਸ਼ਾਲਾਮਾਰ ਬਾਗ਼ (ਲਾਹੌਰ) ਪਾਸ ਡੇਰਾ ਜਾ ਕੀਤਾ॥

## ਮੀਰਮੰਨੂ ਨੂੰ ਮੁਆਫੀ ਤੇ ਪੰਜਾਬ ਮੁੜ ਮਿਲਣੀ

ਦੂਸਰੇ ਦਿਨ ਜਦ ਮੀਰ ਮੰਨੂੰ ਨਜ਼ਰ ਲੈਕੇ ਬਾਦਸ਼ਾਹ ਪਾਸ ਆਯਾ ਤਾਂ ਓਸਨੇ ਬੜੇ ਆਦਰ ਨਾਲ ਪਾਸ ਬੈਠਾ ਕਰ ਪੁਛਜਾ ਹੁਣ ਦੱਸ ਤੇਰੇ ਨਾਲ ਕੇਹੜਾ ਸਲੂਕ ਕੀਤਾ ਜਾਵੇ?

Digitized by Panjab Digital Library | www.panjabdigilib.org

ਮੀਰ ਮੰਨੂ ਬੋਲਯਾ, ਜੇ ਤੂੰ ਆਪ ਰਹੀਮ ਕਰੀਮ (ਕ੍ਰਿਪਾਲੂ) ਬਾਦਸ਼ਾਹ ਹੈਂ ਤਾਂ ਪਿਛਲਾ ਕਸੂਰ ਮਾਫ ਕਰੋ, ਤੇ ਅਗੇ ਨੂੰ ਆਪਣੀ ਈਨ ਮਨਾ ਲਵੋ। ਜੇ ਤੁਸੀਂ ਜ਼ਾਲਮ (ਨਿਰਦਈ) ਹੋ ਤਾਂ ਜਿਸ ਮੌਤ ਨਾਲ ਤੁਹਾਡਾ ਜੀ ਚਾਹੇ ਉਸੇ ਤਰਾਂ ਮੈਨੂੰ ਮਾਰੋ। ਜੇ ਤੁਸੀ ਦੌਲਤ ਦੇ ਭੁਖੇ ਬਜਪਾਰੀ ਹੋ ਤਾਂ ਦੌਲਤ ਲੈਕੇ ਘਰ ਨੂੰ ਜਾਓ। ਏਹ ਤਿੰਨੇ ਉਤਰ ਸੁਣਕੇ ਬਾਦਸਾਹ ਬੋਲਯਾ, ਜਿਵੇਂ ਹੁਣ ਤੂੰ ਮੇਰੇ ਵਸ ਪਿਆ ਹੈਂ ਤਿਵੇਂ ਜੇ ਮੈਂ ਭੀ ਤੇਰੇ ਕਾਬੂ ਚੜ੍ਹਦਾ ਤਾਂ ਤੂੰ ਮੇਰੇ ਨਾਲ ਕੀ ਸਲੂਕ ਕਰਦਾ? ਨਵਾਬ ਮੀਰਮੰਨੂ ਨੇ ਨਿਧੜਕ ਸੱਚ ਬੋਲ ਦਿਤਾ ਕਿ ਤੇਰਾ ਸਿਰ ਕਟਕੇ ਆਪਣੇ ਬਾਦਸ਼ਾਹ ਦਿੱਲੀ ਵਾਲੇ ਦੇ ਪੈਰਾਂ ਉੱਤੇ ਜਾ ਰੱਖਦਾ।

ਏਹ ਨਿਰਭੈਤਾ ਤੇ ਬਹਾਦਰੀ ਦੇ ਸੱਚੇ ਬਚਨ ਸੁਣ ਕਰ ਅਹਿਮਦਸ਼ਾਹ ਨੇ ਬਹੁਤ ਖੁਸ਼ੀ ਹੋਕਰ ਪਿਛਲਾ ਗੁਨਾਹ ਮਾਫ ਕਰਕੇ ਸਾਰੀ ਪੰਜਾਬ ਦੀ ਸੂਬੇਦਾਰੀ ਦਾ ਖਿਲਤ ਦੇ ਕਰ ਸੰਨਦ ਲਿਖ ਦਿੱਤੀ॥

ਬਾਦਸ਼ਾਹ ਨੇ ਨਵਾਬ ਮੰਨੂ ਪਾਸੋਂ ਪੰਜਾਹ ਲੱਖ ਰੁਪਯਾ ਨਕਦ ਤੇ ੧੧ ਘੋੜੇ ਦੋ ਹਾਥੀ ਸੋਨੇ ਚਾਂਦੀ ਦੇ ਕਾਠੀਆਂ, ਹੌਦੇ, ਜੇਵਰਾਂ ਸਮੇਤ ਨਜ਼ਰ ਲੈਕੇ ਕਾਬੁਲ ਦਾ ਰਾਹ ਲੀਤਾ।

## ਅਹਿਮਦ ਸ਼ਾਹ ਦਾ ਕਸ਼ਮੀਰ ਪਰ ਦਖਲ ਕਰ ਲੈਣਾ

ਲਾਹੌਰੋਂ ਤੁਰਨ ਤੋਂ ਪਹਿਲੇ ਹੀ ਬਾਦਸ਼ਾਹ ਨੇ ਅਬਦੁਲੇ ਖਾਂ ਛੋਟੇ ਬਖਸ਼ੀ ਨੂੰ ਫੌਜ ਦੇਕਰ ਕਸ਼ਮੀਰ ਨੂੰ ਤੋਰਕੇ ਆਖਯਾ, ਓਥੋਂ ਦਿਲਵਾਲੀ ਬਾਦਸ਼ਾਹ ਦੇ ਸੂਬੇ ਨੂੰ ਕੱਢਕੇ ਆਪਣੇ

Digitized by Panjab Digital Library | www.panjabdigilib.org

ਕਬਜ਼ੇ ਕਸ਼ਮੀਰ ਕਰ ਲੈਣਾ। ਜਦ ਓਹ ਉਥੇ ਗਿਆ ਤਾਂ ਦਿਲਵਾਲੀ ਸੂਬੇਦਾਰ ਮੀਰ ਅਹਿਮਦ ਨੇ ਹੁੱਜਤ ਹੀਲੇ ਤੋਂ ਬਿਨਾਂ ਹੀ ਕਸ਼ਮੀਰ ਦੀ ਸੂਬੇਦਾਰੀ ਓਸਦੇ ਹੱਥ ਦੇ ਦਿਤੀ। ਏਸ ਖੁਸ਼ੀ ਦੀ ਖਬਰ ਸੁਣਕੇ ਬਾਦਸ਼ਾਹ ਨੇ ਜੀਵਣ ਮੱਲ ਖੱਤ੍ਰੀ ਨੂੰ ਕਸ਼ਮੀਰ ਦਾ ਸੂਬਾ ਕਰ ਦਿਤਾ ਤੇ ਅਬਦੁੱਲੇਖਾਂ ਨੂੰ ਬੁਲਾ ਲਿਆ। ਸੰ: ੧੮੧੦ ਬਿ: ਨੂੰ ਮੁਲਕ ਪੰਜਾਬ ਤੇ ਕਸ਼ਮੀਰ ਉੱਤੇ ਕਾਬਲ ਦੇ ਬਾਦਸ਼ਾਹ ਦਾ ਵਖਲ ਹੋਗਿਆ॥

## ਸਿੰਘਾਂ ਨਾਲ ਵਿਗਾੜ ਤੇ ਕੋਟ ਬੁਢੇ ਦਾ ਜੰਗ

ਓਸ ਸਮੇਂ ਚਾਹੇ ਸਿੰਘਾਂ ਨੇ ਕੌੜਾ ਮਲ ਦਾ ਲਿਹਾਜ ਮੰਨਕੇ ਮਾਰੋ ਮਾਰ ਬਹੁਤ ਘੱਟ ਕੀਤੀ, ਪਰ ਤਾਂ ਭੀ ਬਾਦਸ਼ਾਹ ਦੀ ਆਵਾਜਾਈ ਤੇ ਦੋਹਾਂ ਲਸ਼ਕਰਾਂ ਦੇ ਚਾਰ ਪੰਜ ਮਹੀਨੇ ਲੜਾਈ ਘੋਲ, ਖਰਚ, ਖੇਚਲ, ਰਹਿਣੇ ਕਰ ਪੰਜਾਬ ਦਾ ਫੂਸ ਉਠਾ ਦਿਤਾ। ਕੌੜਾ ਮਲ ਜੋ ਸਿੰਘਾਂ ਦਾ ਪਖੀ ਸੀ, ਓਸਦੇ ਮਰੇ ਪਿਛੋਂ ਮੁਸਲਮਾਨਾਂ ਨੇ ਸਿੰਘਾਂ ਉਤੇ ਝੂਠੇ ਸੱਚੇ ਤੁਫਾਨ ਤੋਲਕੇ ਮੀਰਮੰਨੂ ਨੂੰ ਸਿੰਘਾਂ ਨਾਲ ਵਿਗਾੜ ਦਿੱਤਾ। ਓਸਨੇ ਪਹਿਲੇ ਤਾਂ ਸਿੰਘਾਂ ਦੀ ਜਾਗੀਰ ਜ਼ਬਤ ਕਰ ਲਈ ਫੇਰ ਮੁਲਕ ਦੇ ਬੰਦੋ-ਬਸਤ ਵਾਸਤੇ ਜੇਹੜੀ ਫੌਜ ਦੁਰਾਨੀਆਂ ਦੀ ਅਹਿਮਦਸ਼ਾਹ ਮੀਰਮੰਨੂ ਪਾਸ ਛੱਡ ਗਿਆ ਸੀ, ਓਹ ਫੌਜ ਤੇ ਕੁਛ ਆਪਣੀ ਮਿਲਾਕੇ ਸਿੰਘਾਂ ਪਰ ਚੜ੍ਹਾ ਦਿੱਤੀ। ਫੇਰ ਤਾਂ ਸਿੰਘਾਂ ਭੀ ਲਿਹਾਜ਼ ਛਡ ਦਿਤਾ। ਅਨੇਕ ਜੰਗਾਂ ਟਾਕਰੇ ਹੋਏ, ਪਰ ਸਿੰਘ ਦਾਉ ਦੀ ਲੜਾਈ ਲੜਦੇ ਰਹੇ। ਇਕ ਦਿਨ ਦੁਰਾਨੀਆਂ ਨੇ ਸਿੰਘਾਂ ਨੂੰ ਆਖਦਾ, ਅਸੀਂ ਤੁਹਾਨੂੰ ਬੜੇ ਸੂਰ-ਬੀਰ ਸੁਣ ਰੱਖਦਾ ਹੈ, ਜੇਕਰ ਤੁਸੀ ਸੱਚੇ ਸਿੰਘ ਹੋ ਤਾਂ ਸਾਡੇ

Digitized by Panjab Digital Library | www.panjabdigilib.org

ਨਾਲ ਤਲਵਾਰਾਂ ਦਾ ਜੰਗ ਕਰੋ, ਸੱਧਰ ਲਾਹ ਲਈਏ। ਜੇ ਓਸੇਤਰਾਂ ਨਹੀਂ ਲੜਨਾ ਤਾਂ ਦੋ ਸਿੰਘ ਇੱਕ ਦੁਰਾਨੀ ਨਾਲ ਲੜ ਲਓ, ਜੇ ਏਹਭੀ ਨਹੀਂ ਮੰਨਦੇ ਤਾਂ ਸਿੰਘ ਨਾਮ ਤੇ ਸ਼ਸਤ੍ਰ ਛੱਡਕੇ ਖੇਤੀ ਕਰੋ, ਜੱਟ ਸਦਾਓ। ਤਦੋਂ ਸਿੰਘਾਂ ਦਾ ਦਲ ਸੁਰਸੰਗ* ਭੇਰਹ† ਅਲਗੂਨ‡ ਏਨ੍ਹਾਂ ਪਿੰਡਾਂ ਦੇ ਗਿਰਦੇ ਸੀ। ਦੁਰਾਨੀਆਂ ਦੀ ਤਰਫ ਤੇਜ਼ ਤਾਰ ਵਾਂਗੂ ਫਿਰ ਗਈ ਕਹਿ ਭੇਜਜਾ, ਇਕ ਦੁਰਾਨੀ ਤੇ ਇਕ ੨ ਸਿੰਘ ਫੇਰ ਦੋ ਦੋ ਦੁਰਾਨੀ ਇਕ ਇਕ ਸਿੰਘ, ਪਿੱਛੋਂ ਪੰਜ ਪੰਜ ਦੁਰਾਨੀ ਤੇ ਇਕ ਇਕ ਲੜੇਗਾ, ਕਿਉਂਕਿ ਸਾਡੇ ਗੁਰੂ ਜੀਦਾ ਹੁਕਮ ਹੈ ਜੋ ਸਵਾ ਲੱਖ ਤੁਰਕ ਨਾਲ ਇੱਕ ਸਿੰਘ ਨੂੰ ਲੜਾਉਣਾ ਹੈ, ਪਰ ਓਹ ਵੇਲਾ ਅਜੇ ਆਯਾ ਨਹੀਂ। ਏਹ ਸੰਦੇਸਾ ਸੁਣਕੇ ਪਠਾਣ ਚੌਕੰਨੇ ਹੋਗਏ। ਖੇਮਕਰਨ, ਵਲਟੋਹੇ§ ਪਿੰਡੋਂ ਤੁਰਕੇ ਬੁੱਢੇ ਦੇ ਕੋਟ ਪਾਸ ਸਿੰਘਾਂ ਨੂੰ ਦਰਸ਼ਨ ਜਾ ਦਿੱਤਾ, ਬੰਦੂਕ ਤੀਰ ਮਾਰਨ ਦੀ ਤੇ ਪਖਬਾਦ ਕਰਨ ਦੀ ਕਸਮ (ਸੁਗੰਦ) ਦੋਹੀਂ ਪਾਸੀ ਕਰਕੇ ਇਕ ਗਿਲਜ਼ਾ ਜੁਣਵਾਂ ਬਹਾਦਰ ਮੁਨਾਰੇ ਜੇਡਾ ਫੌਲਾਦ ਨਾਲ ਮੜ੍ਹਯਾ ਹੋਯਾ ਮੈਦਾਨ ਵਿੱਚ ਨਿਕਲ ਕੇ ਫੁਲਥੇ ਦੇ ਪੈਂਤ੍ਰੇ ਕੱਢਣ ਲੱਗ ਪਿਆ। ਇਧਰੋਂ ਸਰਦਾਰ ਚੜ੍ਹਤ ਸਿੰਘ ਉਠਜਾ ਤਾਂ ਸਰਦਾਰ ਸਜਾਮ ਸਿੰਘ ਨੇ ਓਸ ਨੂੰ ਰੋਕ ਦਿੱਤਾ ਤੇ ਸੁਖਾ ਸਿੰਘ ਦੇ ਭਾਈ ਲਖਾ ਸਿੰਘ ਤਰਖਾਣ ਵੱਨੀ ਤੱਕਜਾ ਤਾਂ ਓਹ ਸ਼ੇਰ ਦੀ ਤਰਾਂ ਗੱਜ ਕੇ ਦੁਰਾਨੀ ਨਾਲ ਜਾ ਜੱਟਿਆ। ਦੋਵੇਂ

*ਰਾਜੇ ਸੁਰਸਿੰਘ ਨੇ ਸੰ: ੧੫੩੪ ਬਿ: ਨੂੰ ਬਸਾਯਾ ਸੀ।

†ਭੇਰਹ ਸੰ: ੧੪੯੭ ਬਿ:ਨੂੰ ਸਿਧੂ ਜਟਾਂ ਨੇ ਬਸਾਯਾ ਹੈ।

‡ਅਲਗੂਨ ਰਾਜੇ ਅਲਗਨਨ ਸੰ: ੧੭੦੭ ਬਿ: ਨੂੰ ਬਸਾਯਾ ਤੇ ਸੰ: ੧੯੨੬ ਬਿ: ਨੂੰ ਦਸੌਂਧਾ ਸਿੰਘ ਨੇ ਕਿਲਾ ਬਣਾਕੇ ਆਪਣੇ ਨਾਮ ਪਰ ਇਸਦਾ ਨਾਮ ਰਖਜਾ।

§ਬੇਘ ਸੰਧੂ ਨੇ ੧੫੯੬ ਬਿ: ਨੂੰ ਬਸਾਕੇ ਇਕ ਵਲਟੋਹਾ ਕੜਾਹ ਦਾ ਵੰਡਜਾ, ਏਸੇ ਕਰਕੇ ਇਸਦਾ ਨਾਮ ਵਲਟੋਹਾ ਪੈਗਿਆ॥

ਫੁਲੱਬੇ ਦੇ ਖਿਲਾਰੀ ਸੰਜੋਏ ਪਹਿਨੇ ਹੋਏ ਕਿਦਾਣਾਂ ਵਾਂਗੂ ਢਾਲਾਂ ਉਤੇ ਤਲਵਾਰਾਂ ਬੋਰਦੇ ਰਹੇ, ਛੇਕੜ ਤੇਗੇ ਟੁਟੇ ਤਾਂ ਜਫੇ ਸਫੀ ਹੋ ਪਏ, ਕਟਾਰਾਂ ਤੇ ਮੁਕੀਆਂ ਦੀ ਮਾਰ, ਧਕਾਧਕੀ ਦੀ ਧਮਾਰ ਚਾਰਘੜੀ ਹੋਈ,ਓੜਕ ਦੁਰਾਨੀ ਦੰਮੋਉਖੜਕੇ ਢਣ ਜਾ ਪਿਆ। ਲਖਾ ਸਿੰਘ ਨੇ ਛੇਤੀ ਨਾਲ ਸੰਜੋਇ ਚੁਕ ਕੇ ਕਟਾਰੀ ਢਿੱਡ ਵਿੱਚ ਫੇਰ ਘੱਤੀ, ਆਂਦ੍ਰਾਂ ਦਾ ਢੇਰ ਕਰ ਕਿਲਕਾਰੀ ਤੇ ਛਾਲ ਮਾਰ ਕੇ ਪੰਥ ਵਿੱਚ ਆਗਿਆ, ਪ੍ਰੰਤੂ ਇਸ ਵਕਤ ਦੁਰਾਨੀ ਤੱਤੇ ਨਾ ਹੋਏ ਤੇ ਦੋ ਹੋਰ ਅਖਾੜੇ ਵਿੱਚ ਆ ਗੱਜੇ, ਫੇਰ ਤਾਂ ਚੜ੍ਹਤ ਸਿੰਘ ਨਾ ਰੁਕਯਾ, ਰੁਦ੍ਰ ਰਸ ਦਾ ਰੂਪ ਹੋਕੇ ਜਾ ਭਿੜਿਆ, ਉਨ੍ਹਾਂ ਨੇ ਭੀ ਵਾਰ ਕੀਤੇ, ਪਰ ਕਾਰ ਨਾ ਆਏ, ਇਸ ਨੇ ਦੋਹਾਂ ਦੇ ਚਾਰ ਬਣਾਏ ॥

ਕੇਸਰਸਿੰਘ ਨਿਰਮਾਣੀਏ ਵਾਲਾ ਜੋ ਓਦੋਂ ਵੇਖਦਾ ਸੀ ਓਸਨੇ ਲਿਖਯਾ ਹੈ ਕਿ ਤਦ ਚੜ੍ਹਤ ਸਿੰਘਦਾ ਸਰੀਰ ਲਾਲ ਲੋਹੇ ਵਰਗਾ ਦਮਕਦਾ ਸੀ। ਫੇਰ ਚਾਰ ਪੰਜ ਦੁਰਾਨੀ ਸਿੰਘ ਨੂੰ ਆ ਪਏ, ਪਰ ਸਯਾਮ ਸਿੰਘ, ਜੱਸਾ ਸਿੰਘ, ਦੀਪ ਸਿੰਘ ਹਰੀ ਸਿੰਘ ਜਾਣੋ ਅੱਗੇ ਹੀ ਖੜੇ ਸੇ, ਅੱਖ ਨਾ ਫਰਕਣ ਦਿੱਤੀ ਤੁਰਤ ਉੱਤਰ ਲਏ। ਫੇਰ ਤਾਂ ਦੋਹਾਂ ਪਾਸਯਾਂ ਤੋਂ ਹੱਲਾ ਹੋ ਪਿਆ, ਦੋ ਘੜੀ ਵਿੱਚ ਤੇਗਾਂ ਤੇ ਛੁਰੀਆਂ ਨੇ ਆਹੂ ਲਾਹ ਸਿੱਟੇ, ਲੋਥਾਂ ਦਾ ਢੇਰ ਲਹੂ ਦਾ ਹੜ ਨਜ਼ਰ ਆਯਾ, ਏਤਨੇ ਨੂੰ ਕਪੂਰ ਸਿੰਘ ਨਵਾਬ ਦੋ ਹਜ਼ਾਰ ਅਸਵਾਰ ਨਾਲ ਲੈਕੇ *ਹੈਬਤ ਪੁਰ ਪੱਟੀ ਦੀ ਤਰਫੋਂ ਆ ਪਹੁੰਚਯਾ, ਦੁਰਾਨੀ ਨੱਠ

*ਪੱਟੀ ਹੈਬਤ ਖਾਂ ਜਾਗੀਰਦਾਰ ਜੋ ਇਬਰਾਹੀਮ ਖਾਂ ਲੋਦੀ ਬਾਦਸ਼ਾਹ ਦਾ ਅਜ਼ੀਜ਼ ਮਾਤਬਰ ਸੀ ਓਸਦੀ ਮਾਰਫਤ ਬਾਦਸ਼ਾਹ ਨੇ ਆਪਣੀ ਦੌਲਤ ਪੱਟੀ ਨੂੰ ਛੇਹ ਪਿੰਡ ਸੰ: ੧੫੦੩ ਬਿ: ਵਿੱਚ ਬਸਾ ਦਿੱਤਾ ਸੀ, ਇਸੇ ਕਰਕੇ ਹੈਬਤ ਪੁਰ ਪੱਟੀ ਇਸ ਦਾ ਨਾਮ ਪੈ ਗਿਆ, ਏਥੇ ਸਰਦਾਰ ਖੁਸ਼ਹਾਲ ਸਿੰਘ ਪੁਰੀਏ ਨੇ ਕਿਲਾ ਬਣਾਯਾ ਸੀ ਤੇ ਰਾਜ ਕੀਤਾਸੀ, ਫੇਰ ਰਣਜੀਤ ਸਿੰਘ ਜੀ ਮਹਾਰਾਜੇ ਨੇ ਸਭ ਕੁਛ ਖੋਹ ਲਿਆ।)

Digitized by Panjab Digital Library | www.panjabdigilib.org

ਗਏ, ਸਿੰਘ ਭੀ ਸਭਰਾਵਾਂ ਦੇ ਪੱਤਣੋਂ ਪਾਰ ਹੋਗਏ। ਇਸੇ ਤਰਾਂ ਸਿੰਘਾਂ ਦੇ ਧਰਮ ਜੁੱਧ ਪੰਜ ਸੱਤ ਵਾਰੀ ਹੋਏ, ਪਰ ਇਥੇ ਪੋਥੀ ਵਧਣ ਦੇ ਡਰ ਤੋਂ ਨਹੀਂ ਲਿਖੇ॥

## ਸਿੰਘਾਂ ਪਰ ਬਿਪਤਾ

ਜਦ ਗਸ਼ਤੀ ਫੌਜ ਦੇ ਸਿੰਘ ਕਾਬੂ ਨਾ ਆਏ ਸਗੋਂ ਫੌਜ ਦਾ ਨੁਕਸਾਨ ਹੋਯਾ, ਤਦ ਮੋਮਨ ਖਾਂ ਫੌਜਦਾਰ ਨੂੰ ਨਾਲ ਲੈਕੇ ਮੀਰਮੰਨੂ ਆਪ ਚੜ੍ਹ ਬੈਠਾ, ਫੇਰ ਤਾਂ ਉਸ ਜਮ ਨੇ ਬੁੱਢੇ ਬਾਲਕ ਭੀ ਨਾ ਛੱਡੇ, ਸੈਂਕੜੇ ਸਿੰਘ ਕਤਲ ਕਰ ਘੱਤੇ। ਜਿੱਥੇ ਕੋਈ ਸਿੰਘ ਦਾ ਇਸਤ੍ਰੀ, ਬਾਲਕ ਸੁਣਿਆਂ ਉਹੋ ਫੜ ਮੰਗਾਯਾ, ਮਾਈਆਂ ਨੂੰ ਦਿਖਾ ੨ ਉਨ੍ਹਾਂ ਦੇ ਬੱਚੇ ਤੜਫਾ ੨ ਕਤਲ ਕਰਾ ਸਿੱਟੇ। ਜਮੀਤ ਸਿੰਘ ਬੇਪਾਰਾ ਲਿਖਦਾ ਹੈ ਕਿ ਮੈਨੂੰ ਤੇ ਮੇਰੇ ਭਾਈ ਨੂੰ ਮੇਰੀ ਮਾਂ ਦੋ ਭੜੋਲੀਆਂ ਵਿੱਚ ਮੁੰਦਕੇ ਆਪ ਤਿੰਨ ਦਿਨ ਕਮਾਦ ਵਿੱਚ ਲੁਕੀ ਰਹੀ। ਫੌਜ ਨੇ ਸਾਡੇ ਘਰਦੀ ਰਿਣੀ ਰਿਣੀ ਤਾਂ ਸਬ ਚੁਗਲਈ, ਪਰ ਸਾਡੀ ਤਰਫੋਂ ਉਨ੍ਹਾਂ ਨੂੰ ਗੁਰੂ ਨੇ ਅੰਨ੍ਹੇ ਕਰ ਰੱਖਯਾ। ਚੌਥੇ ਦਿਨ ਮਾਂ ਨੇ ਆ ਕੇ ਬਾਹਰ ਕੱਢੇ ਤੇ ਕਿਸੇ ਦੇ ਘਰੋਂ ਲਜਾਕੇ ਟੁਕਰ ਖਵਾਯਾ। ਉਦੋਂ ਹੀ ਮੀਰਾਂ ਕੋਟ ਇਕ ਸਿੰਘਣੀ ਆਪਣੇ ਨਿਕੇ ੨ ਤਿੰਨ ਚਾਰ ਬਾਲਕ ਲੈਕੇ ਰਾਤ ਨੂੰ ਟੁੰਡੂਰਾਮ ਮਹੰਤ ਦੇ ਕਮਾਦ ਵਿਚ ਜਾ ਲੁਕੀ। ਚੁਗਲਾਂ ਨੇ ਟੁੰਡੂਰਾਮ ਦੇ ਚੇਲੇ ਸਾਧੂ ਰਾਮ ਨੂੰ ਕੋਰੜਜਾਂ ਨਾਲ ਕੁਟਵਾਯਾ, ਪਰ ਉਸ ਸਿਦਕੀ ਨੇ ਨਾ ਦੱਸਯਾ। ਤੀਜੇ ਦਿਨ ਉਸੇ ਪਿੰਡ ਦਾ ਸੱਯਦ ਕਮਾਦ ਵਿਚ ਰੋਂਦੇ ਹੋਏ ਬਾਲਕ ਦੀ ਆਵਾਜ਼ ਸੁਣ ਆਯਾ, ਮੋਮਨ ਖਾਂ ਨੂੰ ਲੈਜਾਕੇ ਫੜਾ ਦਿਤੇ, ਉਸ ਨਿਰਦਈ ਨੇ ਰਜਾਂ ਮਜਾਂ ਕਰਦੇ ਬਾਲਕਾਂ

Digitized by Panjab Digital Library | www.panjabdigilib.org

ਨੂੰ ਮਾਰ ਕੇ ਉਨਾਂ ਦੀ ਮਾਂ ਨੂੰ ਜਿਥੇ ਹੋਰ ਚਾਰ ਪੰਜ ਸੌ ਸਿੰਘਣੀ ਕੈਦ ਸੀ ਓਥੇ ਕੈਦ ਕਰ ਦਿੱਤਾ ਕੈਦਣੀਆਂ ਸਿੰਘਣੀਆਂ ਨੂੰ ਮੁਸਲਮਾਨ ਕਰਨ ਵਾਸਤੇ ਮੀਰ ਮੰਨੂ ਨੇ ਬਹੁਤ ਜ਼ੋਰ ਲਾਏ, ਭੈ ਦਿਖਾਏ। ਉਨਾਂ ਦੇ ਮੁੰਡੇ ਕੁੜੀਆਂ ਕਟ ਕਟ ਕੇ ਉਨਾਂ ਦੇ ਗਲਾਂ ਵਿਚ ਬਨ੍ਹਾਏ, ਸਵਾ ਸਵਾ ਮਨ ਪਿਹਾਇਆ, ਖਾਣ ਨੂੰ ਇਕ ੨ ਰੋਟੀ ਤੇ ਇਕ ੨ ਕਟੋਰਾ ਪਾਣੀ ਦਿੰਦਾ ਰਿਹਾ, ਕਾਜ਼ੀ ਆਕੇ ਰੋਜ਼ ਉਪਦੇਸ ਕਰਦਾ ਅਪਣੇ ਦੀਨ ਦੀ ਵਡਾਈ ਹੋਰ ਸਭ ਦੀ ਬੁਰਾਈ ਦਿਖਾ ੨ ਬਹੁਤ ਜ਼ੋਰ ਮਾਰਦਾ ਰਿਹਾ, ਪਰ ਉਨਾਂ ਨੇ ਐਸਾ ਸਿਦਕ ਹਠ, ਧਰਮ ਰੱਖਿਆ ਜੋ ਇਕ ਭੀ ਮੁਸਲਮਾਨ ਨਾ ਹੋਈ; ਸਭ ਮਰਣ ਮਾਰਣ ਨੂੰ ਤਿਆਰ ਹੋਗਈਆਂ । ਏਹੋ ਜੇਹੇ ਬ੍ਰਿਤਾਂਤ ਅਨੇਕ ਜਗਾ ਹੋਏ, ਜੇ ਸਾਰੇ ਲਿਖੀਏ ਤਾਂ ਏਡੀ ਵਡੀ ਇਕ ਪੁਸਤਕ ਹੋਰ ਬਣ ਜਾਵੇ ॥

## ਮੀਰ ਮੰਨੂ ਦਾ ਮਰਨਾ

ਏਸ ਜ਼ੁਲਮ ਦੀ ਖਬਰ ਜਦ ਮਾਲਵੇ ਦੇਸ ਤੇ ਝਾੜਾਂ ਪਹਾੜਾਂ ਵਿਚ ਸਿੰਘਾਂ ਨੂੰ ਪਹੁੰਚੀ ਤਾਂ ਤੁਰਤ ਫੁਰਤ ਸ਼ਹੀਦ ਹੋਣਾ ਥਾਪ ਕੇ ਮਾਝੇ ਨੂੰ ਚਲੇ ਆਏ । ਏਧਰ ਮੁਲਾਂ ਪੁਰ ਪਿੰਡ ਵਿਚ ਜਦ ਸਿੰਘਣੀਆਂ ਨੇ ਬਹੁਤ ਦੁਖੀ ਹੋਕੇ ਗੁਰੂ ਅਗੇ ਅਰਦਾਸ ਕੀਤੀ ਤਾਂ ਕੁਦਰਤ ਨਾਲ ਮੀਰਮੰਨੂ ਸ਼ਿਕਾਰ ਵਿਚ ਘੋੜੇ ਉਤੋਂ ਡਿਗ ਪਿਆ, ਪੈਰ ਰਕਾਬ ਵਿਚ ਫਸ ਕਰ ਘੜੀਸੀਂਦਾ ਮਰ ਗਿਆ, ਉਸ ਦੀ ਲੋਥ ਤਾਂ ਲਹੌਰ ਨੂੰ ਗਈ ਪਿਛੋਂ ਜੇੜੀ ਫੌਜ ਮੁਲਾਂਪੁਰ ਕੱਚੇ ਕਿਲੇ ਵਿਚ ਸੀ, ਉਸ ਉਤੇ ਪੰਜ ਛੀ ਹਜ਼ਾਰ ਸਿੰਘ ਕੰਡਜਾਲੇ ਚੜ੍ਹਦੇ ਹੋਏ ਆਪਏ । ਬਸ ਫੇਰ ਤਾਂ ਓਹੋ ਬਚੇ ਜੋ ਦੌੜ ਗਏ ਬਾਕੀ ਸਭ ਤੇਗ ਦੀ ਭੇਟਾ

Digitized by Panjab Digital Library | www.panjabdigilib.org

ਹੋ ਗਏ, ਕਿਉਂਕਿ ਸਿੰਘਾਂ ਨੂੰ ਆਪਣੇ ਨਾਲ ਜ਼ੁਲਮ ਹੋਣ ਦਾ ਉਤਨਾ ਦੁਖ ਨਹੀਂ ਸੀ ਜਿਤਨਾ ਦੁਧ ਪੀਣ ਵਾਲੇ ਬਚਿਆਂ ਤੇ ਇਸਤ੍ਰੀਆਂ ਦਾ ਸੀ, ਏਸ ਕਰਕੇ ਸਿੰਘਾਂ ਨੇ ਦੁਸ਼ਮਨਾਂ ਦੀ ਛੇਤੀ ਹੀ ਸੋਧ ਕੀਤੀ ਤੇ ਘੋੜੇ ਆਦਿਕ ਸਭ ਸਾਮਾਨ ਓਨਾਂ ਦਾ ਲੈਕੇ ਸਿੰਘਣੀਆਂ ਨੂੰ ਘਰੀਂ ਪਹੁੰਚਾ ਦਿਤਾ। ਓਨਾਂ ਹੀ ਬਹਾਦਰਾਂ ਸਿੰਘਾਂ ਤੇ ਸਾਦਕ ਸਿੰਘਣੀਆਂ ਦੀ ਅੰਸ ਮਹਾਰਾਜੇ ਰਣਜੀਤ ਸਿੰਘ ਦੇ ਸਮੇਂ ਬੜੇ ੨ ਸੂਰਬੀਰ ਜੋਧੇ ਹੋਏ, ਜਿਨਾਂ ਨੇ ਕਾਬਲੀਆਂ ਨੂੰ ਜਿੱਤਕੇ ਅਧੀਨ ਕਰ ਲਿਆ ਸੀ ॥

ਏਧਰ ਮੀਰ ਮੰਨੂ ਦੀ ਲੋਥ ਲਾਹੌਰ ਵਿਚ ਓਸਦੀ ਸਿਪਾਹ ਨੇ ਪੰਜ ਦਿਨ ਦੱਬਣ ਨਾ ਦਿਤੀ, ਕਿਉਂਕਿ ਉਨਾਂ ਨੂੰ ਕੋਈ ਮਹੀਨੇ ਦੀ ਤਲਬ ਨਹੀਂ ਮਿਲੀ ਸੀ। ਜਦ ਕੀੜੇ ਰਲ ਗਏ ਤਾਂ ਨਵਾਬ ਦੀ ਬੇਗਮ ਨੇ ਸਬ ਸਾਮਾਨ ਘਰ ਦਾ ਵੇਚ ਵੱਟ ਕੇ ਤਿੰਨ ਲੱਖ ਰੁਪਯਾ ਤਨਖਾਹ ਦੇਕਰ ਆਪਣੇ ਖਸਮ ਦੀ ਮਿੱਟੀ ਸਮੇਟੀ ॥

## ਮੁਰਾਦ ਬੇਗਮ ਦੀ ਹਕੂਮਤ

ਮੀਰ ਮੰਨੂ ਦੇ ਗੁਜ਼ਾਰੇ ਬਾਦ ਓਸਦਾ ਪੁਤ੍ਰ ਚਾਰ ਬਰਸ ਦਾ ਭਾਵੇਂ ਚੇਚਕ ਦੀ ਬੀਮਾਰੀ ਨਾਲ ਮਰ ਗਿਆ, ਪਰ ਮੀਰ ਮੰਨੂ ਦੀ ਬੇਗਮ ਮੁਰਾਦ ਨਾਮੀ ਨੇ ਕੰਮ ਨਾ ਬਿਗੜਨ ਦਿਤਾ, ਅਤੇ ਆਪਣੀ ਦਾਨਾਈ ਤੇ ਲਾਇਕੀ ਦੇ ਜ਼ੋਰ ਕਾਬਲ ਤੇ ਦਿੱਲੀ ਤੋਂ ਆਪਣੇ ਨਾਮ ਦੀ ਸੂਬੇਦਾਰੀ ਦੀ ਸੰਨਦ ਮੰਗਵਾ ਲਈ ਤੇ ਚੰਗੀ ਤਰਾਂ ਨਿਡਰ ਹੋਕੇ ਹੁਕਮ ਕਰਦੀ ਰਹੀ। ਜਦ ਓਸਦੇ ਦਰਬਾਰੀ ਓਸ ਨਾਲ ਕੁਛ

Digitized by Panjab Digital Library | www.panjabdigilib.org

ਵੱਟ ਰੱਖਣ ਲਗੇ ਤਾਂ ਓਸਨੇ ਆਪਣੀ ਸਹਾਇਤਾ ਵਾਸਤੇ ਕੋਈ ਲਾਇਕ ਆਦਮੀ ਕਾਬਲੋਂ ਮੰਗ ਭੇਜਿਆ। ਬਾਦਸ਼ਾਹ ਨੇ ਓਸਦੀ ਦਰਖਾਸਤ ਪਰ ਆਪਣੇ ਅਮੀਰਾਂ ਵਿਚੋਂ ਜਹਾਂਦਾਰਖਾਂ ਨੂੰ ਫੌਜ ਸਮੇਤ ਬੇਗਮ ਪਾਸ ਭੇਜ ਦਿੱਤਾ, ਓਹ ਬੇਗਮ ਦਾ ਨਾਇਬ ਹੋਕੇ ਕੰਮ ਕਰਦਾ ਰਿਹਾ। ਭਿਖਾਰੀ ਖਾਂ ਜਿਸਦੀ ਸੁਨਹਿਰੀ ਮਸਜਦ ਡੱਬੀ ਬਾਜਾਰ ਲਾਹੌਰ ਵਿਚ ਹੈ; ਬੜਾ ਲਾਇਕ ਅਮੀਰ ਸੀ। ਬੇਗਮ ਤਾਂ ਉਸ ਉਤੇ ਆਸ਼ਕ ਹੋਈ, ਪਰ ਉਸ ਨੇ ਨਾਂ ਮੰਨੀ, ਇਸ ਗੁੱਸੇ ਨਾਲ ਬੇਗਮ ਨੇ ਉਸਨੂੰ ਕਿਸੇ ਬਹਾਨੇ ਆਪਣੇ ਮਹਿਲ ਵਿਚ ਬੁਲਾਕੇ ਕਤਲ ਕਰਾ ਦਿੱਤਾ, ਇਸ ਗਲੋਂ ਲਾਹੌਰੀ ਅਮੀਰ ਬੇਗਮ ਦਾ ਸਬ ਕੰਮ ਛਡ ਬੈਠੇ। ਜਹਾਂਦਾਰ ਖਾਂ ਨਵੇਂ ਹਾਕਮ ਨੂੰ ਪੰਜਾਬ ਦੀ ਨਾੜੀ ਦਾ ਥਹੁ ਨਹੀਂ ਸੀ, ਸਿੰਘਾਂ ਨੇ ਸਮੇਂ ਸਮੇਂ ਆਕੇ ਖੂਬ ਸੋਧ ਕੀਤੀ॥

## ਮੀਰ ਮੋਮਨ ਖਾਂ ਦਾ ਮਰਨਾ

ਮੀਰ ਮੋਮਨ ਖਾਂ ਫੌਜਦਾਰ ਜੇਹੜਾ ਮਾਝੇ ਵਿਚ ਸਿਖਾਂ ਦੇ ਪੁੱਤਰਾਂ ਨੂੰ ਕਤਲ ਕਰਦਾ ਤੇ ਸਿੰਘਣੀਆਂ ਨੂੰ ਫੜਦਾ ਹੋਯਾ ਸਿੰਘਾਂ ਤੋਂ ਭੱਜਕੇ ਬਚਜਾ ਸੀ, ਓਸਦੀ ਜਾਨ ਲੈਣ ਵਾਸਤੇ ਕਈ ਵਾਰੀ ਭੇਖ ਬਦਲ ੨ ਕੇ ਸਿੰਘ ਲਾਹੌਰ ਵਿੱਚ ਗਏ, ਪਰ ਓਹ ਹੱਥ ਨਾ ਲੱਗਾ। ਓੜਕ ਭਾਈ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਨੇ ਓਸੇ ਦੇ ਤਬੇਲੇ ਵਿਚ ਘੁੜਵਾਲ਼ ਦੀ ਨੌਕਰੀ ਜਾ ਕੀਤੀ। ਇਕ ਦਿਨ ਜਹਾਂਦਾਰਖਾਂਨ ਦੇ ਨਾਲ ਜਦ ਮੀਰ ਮੋਮਨਖਾਂ ਨੇ ਦਰਿਆ ਦਾ ਸੈਲ ਕਰਨ ਲਈ ਕਿਸ਼ਤੀ ਵਿੱਚ ਬੈਠਣ ਲੱਗੇ ਇਸਨੂੰ ਘੋੜਾ ਫੜਾਯਾ ਤਾਂ ਇਸਨੇ ਦਾਉ ਤਕਾਕੇ ਛੇਤੀ ਨਲ ਓਸਦੀ ਤਲਵਾਰ ਖਿੱਚਕੇ ਅੱਖ

Digitized by Panjab Digital Library | www.panjabdigilib.org

ਨਾ ਫਰਕਣ ਦਿੱਤੀ ਸਿਰ ਉਤਾਰ,ਘੋੜੇ ਦਾ ਅਸਵਾਰ ਹੋ ਚਾਬੁਕ ਲਗਾਈ। ਭਾਵੇਂ ਪਿੱਛੇ ਅਸਵਾਰ ਲੱਗੇ, ਪਰ ਭਾਹ ਨਾ ਦਿੱਤੀ ਤੇ ਬਾਰ ਵਿਚ ਕਪੂਰ ਸਿੰਘ ਨਵਾਬ ਦੇ ਅੱਗੇ ਸਿਰ ਜਾ ਰੱਖਯਾ।

## ਬੇਗਮ ਨੇ ਵਜ਼ੀਰ ਨੂੰ ਹੱਥਾਂ ਹੇਠ ਕਰਨਾ

ਫੇਰ ਲਾਹੌਰ ਦੇ ਕਦੀਮੀ ਅਹਿਲਕਾਰ ਜੋ ਬੇਗਮ ਨਾਲ ਨਾਰਾਜ਼ਸੇ ਓਨਾਂ ਨੇ ਜਹਾਂਦਾਰਖਾਂ ਤੇ ਬੇਗਮ ਦੀ ਸੁਸਤੀ ਅਤੇ ਸਿੰਘਾਂ ਦੀ ਮਾਰੋ ਮਾਰ, ਦੇਸਦੀ ਬਰਬਾਦੀ ਦਾ ਹਾਲ ਲਿਖਕੇ ਦਿੱਲੀ ਦੇ ਵਜ਼ੀਰ ਗਾਜ਼ੀਉਲ੍ਦੀਨ ਪਾਸ ਭੇਜਕੇ ਓਸਨੂੰ ਬੁਲਾ ਲਿਆ। ਜਦ ਓਹ ਫੌਜ ਲੈਕੇ ਚੜ੍ਹ ਆਯਾ ਤਾਂ ਮੁਰਾਦ ਬੇਗਮਨੇ ਜੋ ਤਾਢੀ ਚਾਲਾਕ ਤੇ ਦੂਰੰਦੇਸ਼ ਸੀ, ਐਸੇ ਤ੍ਰਿਯਾ ਚਰਿਤ੍ਰ ਦੀ ਚਾਲ ਚਲੀ ਜੋ ਵਜ਼ੀਰ ਨੂੰ ਨਕਾਹ ਦਾ ਸਨੇਹਾ ਭੇਜ ਦਿੱਤਾ। ਓਹ ਸੁਣਦੇ ਸਾਰ ਹਜ਼ਾਰ ਹਜ਼ਾਰ (ਅਲਹਮਦ) ਧੰਨਯ ਬਾਦ ਪੜ੍ਹਕੇ ਕੁਰਬਾਨ ਹੋਗਿਆ ਭਲਾ ਉਸਜੇਹੇ ਬੇਸਮਝਨੂੰ ਪੰਜਾਬ ਦੀ ਐਸੀ ਸੋਹਣੀ ਤੀਮੀਂ ਮਿਲੇ ਤਾਂ ਹੋਰ ਕੀ ਰੱਬ ਤੋਂ ਮੌਤ ਮੰਗਣੀ ਸੀ? ਓਸੇ ਸਮੇਂ ਵਜੀਰ ਨੇ ਆਪਣੇ ਮਾਤਬਰ ਭੇਜ ਦਿਤੇ, ਬੇਗਮ ਲਟਰਪਟਰ ਨਾਲ ਮਾਛੀਵਾੜੇ ਵਜ਼ੀਰ ਨੂੰ ਜਾ ਮਿਲੀ,ਸੰ: ੧੮੧੧ਬਿ: ਨੂੰ ਦੋ ਮਹੀਨੇ ਦਾ ਮਤਾਹ ਪੜ੍ਹਾਕੇ,ਦੋ ਮਹੀਨੇ ਓਸੇ ਥਾਂ ਮੌਜਾਂ ਮਾਣੀਆਂ। ਫੇਰ ਕਈ ਲੱਖ ਰੁਪਏ ਦਾ ਜੇਵਰ ਤੇ ਜਵਾਹਿਰਾਤ, ਅਤੇ ਆਪਣੇ ਨਾਮ ਪਰ ਸਨਦ ਸੂਬੇਦਾਰੀ ਲਾਹੌਰ ਦੀ ਵਜ਼ੀਰ ਭੌਂਦੂ ਤੋਂ ਲੈਕੇ, ਆਪ ਝਟ ਲਾਹੌਰ ਆ ਵੜੀ। ਲਾਹੌਰੀ ਅਮੀਰ ਰੁੱਕੇ ਹੀ ਲਿਖਦੇ ਰਹਿ ਗਏ। ਸਗੋਂ ਬੇਗਮ ਨੇ ਆਖਯਾ ਕਿ ਤੁਸੀ ਵਜ਼ੀਰ ਨੂੰ ਬੁਲਾਇਆ ਹੈ ਸੋ ਮੇਰਾ ਖਰਚ ਜੋ ਹੋਯਾ ਹੈ ਸੋ ਦਿਓ, ਓੜਕ ਸਤਾਰਾਂ ਲਖ

Digitized by Panjab Digital Library | www.panjabdigilib.org

ਰੁਪਯਾ ਓਨਾਂ ਦਾ ਸਿਰ ਕੁੱਟਕੇ ਲੈ ਹੀ ਲਿਆ।(ਚੋਰਾਂ ਨੂੰ ਮੋਰ ਪਏ) ਜਹਾਂਦਾਰਖਾਂ ਤਾਂ ਬੇਗਮ ਦਾ ਨਕਾਹ ਸੁਣਕੇ ਪਹਿਲੇ ਹੀ ਕਾਬੁਲ ਨੂੰ ਚਲਾ ਗਿਆਸੀ, ਸੱਯਦ ਜਮੀਲ ਜੋ ਆਪਣਾ ਮਾਤਬਰ ਵਜ਼ੀਰ ਨੇ ਬੇਗਮ ਦਾ ਨਾਯਬ ਕਰਕੇ ਭੇਜਯਾ ਸੀ, ਓਸਨੇ ਪੁਰਾਣੇ ਕਾਰਦਾਰਾਂ ਦੇ ਹੱਥ ਉੱਤੇ ਚੜ੍ਹਕੇ ਬੇਗਮ ਨਾਲ ਵਿਗਾੜ ਲਈ। ਬੇਗਮ ਨੇ ਵਜ਼ੀਰ ਗਾਜ਼ੀ ਦੀਨ ਨੂੰ ਬਹੁਤ ਖਤ ਭੇਜੇ, ਪਰ ਜਦ ਓਸਨੇ ਭੀ ਸਗੋਂ ਸੱਯਦ ਜਮੀਲ ਦੀ ਰਈ ਕੀਤੀ ਤੇ ਬੇਗਮ ਨੇ ਆਪ ਤੋਂ ਬਰਖਿਲਾਫ ਓਨ੍ਹਾਂਦੀ ਇਕ ਮੁੱਠ ਵੇਖੀ, ਤਾਂ ਤੁਰਤ ਕਾਬੁਲ ਜਾ ਫਿਰੀ, ਜਹਾਂਦਾਰ ਖਾਂ ਦੀ ਮਾਰਫਤ ਬਾਦਸ਼ਾਹ ਪਾਸ ਹਾਜ਼ਰ ਹੋਕੇ ਓਸਨੂੰ ਅਪਣੀ ਮਦਦ ਪਰ ਚੜ੍ਹਾ ਲਜਾਈ॥

## ਅਹਿਮਦਸ਼ਾਹ ਦੁਰਾਨੀ ਦਾ ਪੰਜਵਾਂ ਹੱਲਾ
## ਸੰ: ੧੮੧੨ ਬਿ:

ਅਹਿਮਦ ਸ਼ਾਹ ਅਬਦਾਲੀ ਅਜੇ ਜੇਹਲਮ ਭੀ ਨਹੀਂ ਟੱਪਯਾ ਸੀ ਕਿ ਸੱਯਦ ਜਮੀਲ ਨੇ ਦਿੱਲੀ ਜਾ ਦਮ ਲਿਆ। ਜਿਸ ਸਮੇਂ ਖਜ਼ਾਨਾ ਅਸਬਾਬ,ਘੋੜੇ, ਹੱਥਯਾਰ ਭਰਦਾ ੨ ਮਾਲ ਲਾਹੌਰੋਂ ਲੈ ਤੁਰਿਆ ਸੀ ਉਸ ਸਮੇਂ ਸਿੰਘਾਂ ਨੇ ਫਲੌਰੋਂ ਉਰੇ ੨ ਉਨ੍ਹਾਂ ਨੂੰ ਚੰਗੀਤਰਾਂ ਸੋਧਿਆ ਤੇ ਜੋ ਹੱਥ ਲੱਗਾ ਗ੍ਰੀਬਾਂ ਲੋੜਵੰਦਾਂ ਨੂੰ ਵੰਡ ਦਿਤਾ, ਪਰ ਓਹ ਆਪ ਹੌਲਾ ਫੁੱਲ ਹੋਕੇ ਦਿਲੀ ਜਾ ਵੜਿਆ। ਓਸੇ ਸਮੇਂ ਅਦੀਨਾ ਬੇਗ ਖਾਂ ਦੁਆਬੇ ਦਾ ਹਾਕਮ ਭੀ ਜੋ ਓਸੇ ਦਾ ਪੱਖੀ ਸੀ, ਡਰਦਾ ਮਾਰਯਾ ਆਪਣਾ ਇਲਾਕਾ ਸੁੰਞਾ ਛੱਡ ਕੇ ਕਾਂਗੜੇ ਵਲ ਦੌੜ ਗਿਆ, ਫਿਰ ਸਿੰਘਾਂ ਨੇ ਚੰਗੀਤਰਾਂ ਸੋਧ ਕੀਤੀ।

Digitized by Panjab Digital Library | www.panjabdigilib.org

# ਅਹਿਮਦ ਸ਼ਾਹ ਨੇ ਥਨੇਸਰ ਤੇ ਦਿੱਲੀ ਲੁੱਟਨੀ

ਏਧਰ ਅੱਸੂ ਸੰ: ੧੮੧੨ ਬਿ: ਨੂੰ ਅਹਿਮਦ ਸ਼ਾਹ ਨੇ ਬਿਨਾਂ ਪਲੀਤਾ ਕਾਲਾ ਕਰੇ ਲਾਹੌਰ ਲੈਕਰ ਆਪਣੇ ਸਰਦਾਰ ਮਨਜ਼ਮ ਖਾਂ ਨੂੰ ਬੇਗਮ ਦੀ ਸਹਾਯਤਾ ਲਈ ਲਾਹੌਰ ਵਿੱਚ ਤੇ ਨਾਸਰ ਅਲੀਖਾਂ ਨੂੰ ਜਲੰਧਰ ਦਾ ਹਾਕਮ ਕਰਕੇ, ਬੇਖਟਕੇ ਦਿਲੀ ਜਾ ਦਬਾਈ। ਦਿਲੀ ਵਿੱਚ ਤਾਂ ਓਦੋਂ ਮਹੰਮਦ ਸ਼ਾਹ ਦਾ ਪੁਤ੍ਰ ਅਹਿਮਦ ਸ਼ਾਹ ਨਾਮ ਮਾਤ੍ਰ ਦਾ ਬਾਦਸ਼ਾਹ ਸੀ, ਦੁਰਾਨੀ ਸ਼ਾਹ ਦੇ ਅੱਗੇ ਪਾਣੀ ਹੋ ਗਿਆ। ਆਪਣੀ ਭੈਣ ਦਾ ਅਹਿਮਦ ਸ਼ਾਹ ਨਾਲ ਤੇ ਆਪਣੀ ਧੀ ਦਾ ਅਹਿਮਦ ਸ਼ਾਹ ਦੇ ਬੇਟੇ ਤਹਿਮੂਰ ਸ਼ਾਹ ਨਾਲ ਇੱਕੋ ਦਿਨ ਨਕਾਹ ਪੜ੍ਹਾ ਦਿੱਤਾ।

ਦੁਰਾਨੀ ਸ਼ਾਹ ਦੋ ਡੋਲੇ ਤੇ ਬੇ ਸ਼ੁਮਾਰ ਦੌਲਤ ਦਿੱਲੀ ਤੋਂ ਲੈਕੇ ਹਰਜਾਨੇ ਦੇਸਦੇ ਵਿੱਚ ਦੀ ਲੁੱਟ ਮਾਰ ਕਰਦਾ ਥਨੇਸਰ ਆ ਉਤਰਯਾ। ਬ੍ਰਾਹਮਣਾਂ ਨੇ ਪਚਾਸ ਹਜਾਰ ਰੁਪਯਾ ਇੱਕਠਾ ਕਰ ਨਜ਼ਰ ਦੇਕੇ ਖਜਾਲ ਛੁਡਾਉਣਾ ਚਾਹਯਾ, ਪਰ (ਹੈਣ ਵਾਲਾ ਝੱਸ ਕਦੋਂ ਹੱਟਦਾ ਸੀ) ਓਸਨੇ ਆਪਣੀ ਫੌਜ ਨੂੰ ਧਨੀ ਕਰਨ ਵਾਸਤੇ ਕਿਸੇ ਦੀ ਨਾ ਸੁਣੀ। ਪਹੋਯਾ *ਥਨੇਸਰ ਆਦਿਕ ਬਡੇ ੨ ਪਿੰਡ ਬ੍ਰਾਹਮਣਾਂ ਦੇ ਲੁਟਵਾ

*ਥਨੇਸਰ ਪਹੋਯਾ ਬਹੁਤ ਪੁਰਾਣੇ ਹਨ, ਕੁਰੂ ਰਾਜਾ ਨੇ ਏਥੇ ਜਗਯ ਕੀਤੇ ਤਾਂਹੀ ਕੁਰਖੇਤ੍ਰ ਨਾਮ ਪੈ ਗਿਆ, ਰਾਜਾ ਨੇ ਬ੍ਰਾਹਮਣਾਂ ਨੂੰ ਬਹੁਤ ਦੌਲਤ ਏਥੇ ਵੰਡੀ। ਫੇਰ ਕੈਰਵਾਂ ਪਾਂਡਵਾਂ ਦਾ ਮਹਾਂ ਘੋਰ ਜੁੱਧ ਸਮੇਂ ਏਥੇ ਹੀ ਬ੍ਰਾਹਮਣਾਂ ਨੂੰ ਕਰੋੜਾਂ ਰੁਪਏ ਦਾ ਮਾਲ ਹੱਥ ਲੱਗਾ। ਫੇਰ ਜਿਤਨੇ ਹਿੰਦੂ ਰਾਜੇ ਹੁੰਦੇ ਰਹੇ, ਸੋ ਸਭ ਏਥੇ ਆਕੇ ਸੂਰਜ ਗ੍ਰਹਣ ਪਰ ਬੇਅੰਤ ਮਾਯਾ ਦਿੰਦੇ ਰਹੇ। ਏਸੇ ਕਰਕੇ ਏਹ ਸ਼ਹਿਰ ਬਹੁਤ ਵਧ ਗਿਆ ਤੇ ਧਨੀ ਹੋ ਗਿਆ। ਸੰ: ੧੦੬੯ ਬਿ: ਨੂੰ ਮਹਿਮੂਦ ਗਜ਼ਨਵੀ ਨੇ ਲੁੱਟਿਆ, ਏਸ ਸਮੇਂ ਅਨੰਗਪਾਲ ਲਾਹੌਰ ਦੇ ਰਾਜਾ ਨੇ ਏਸ ਸ਼ਹਿਰ ਨੂੰ ਬਚਾਉਣ ਵਾਸਤੇ ਇਕ ਕਰੋੜ ਰੁਪਯਾ ਦੇਣੇ ਦਾ ਇਕਰਾਰ ਕੀਤਾ, ਪਰ ਓਸ ਦੁਸ਼ਟ ਨੇ ਕੁਛ ਨਾ ਮੰਨਯਾਂ, ਸ਼ਹਿਰ ਨੂੰ ਜਲਾਕੇ ਖਾਕ ਸਯਾਹ ਕਰ ਦਿੱਤਾ ਤੇ ਸਭ ਮੰਦਰ ਢਹਾਇ ਦਿਤੇ। ਬੇਸ਼ੁਮਾਰ ਸੋਨਾ, ਚਾਂਦ ਮੂੰਗਾ, ਮੋਤੀ, ਕਰੋੜਾਂ ਰੁਪਏ ਦਾ ਮਾਲ, ਦੋ ਲੱਖ ਮਰਦ ਔਰਤ ਫੜਕੇ ਲੈ ਗਿਆ।

Digitized by Panjab Digital Library | www.panjabdigilib.org

ਦਿੱਤੇ। ਸੈਂਕੜੇ ਇਸਤ੍ਰੀ ਮਰਦ ਘਾਇਲ ਹੋਏ ਤੇ ਫੜੇ ਗਏ, ਦੁਰਾਨੀ ਦੀ ਫੌਜ ਹਥ ਰੰਗ ਨਿਕਲੀ, ਬ੍ਰਹਮਣਾਂ ਦੇ ਘਰਾਂ ਵਿੱਚ ਕੁਛ ਨਾ ਛੱਡਯਾ ਮਾਰ ਕੁਟਕੇ ਸਬ ਧਨ ਕਢਾ ਲਿਆ।

## ਪਰਵਾਂਨੇ ਪਟੇ ਬਦਲਨੇ

ਅੱਠ ਦਿਨ ਤੁੱਬ ਸਰਹੰਦ ਠਹਿਰ ਕੇ ਓਥੋਂ ਦੀ ਸੂਬੇਦਾਰੀ ਭੀ ਆਪਣੇ ਕਬਜ਼ੇ ਕਰ ਲਈ। ਉਸ ਦੇਸ ਦੇ ਸਰਦਾਰ ਚੌਧਰੀ ਨਜ਼ਰਾਂ ਦੇਕੇ ਆ ਮਿਲੇ। ਸਬ ਨੂੰ ਹੁਕਮ ਦਿੱਤਾ ਕਿ ਅੱਜ ਤੋਂ ਬਾਉਨੀ ਸਰਹੰਦ ਤੇ ਪੰਜਾਬ ਬਾਦਸ਼ਾਹ ਕਾਬੁਲ ਦਾ ਸਮਝੋ, ਅੱਗੇ ਨੂੰ ਨਜਰਾਨੇ ਭਰਕੇ ਜੋ ਕੋਈ ਸਾਡੀ ਸਨਦ ਲਵੇਗਾ, ਉਸਦੀ ਚੌਧਰਾਯਤ ਸਰਦਾਰੀ ਪੱਕੀ ਸਮਝੀ ਜਾਊ। ਉਸੇ ਸਮੇਂ ਅਨੇਕਾਂ ਨੇ ਨਜ਼ਰਾਨੇ ਭਰਕੇ ਸੰਨਦਾਂ ਲਿਖਵਾ ਲਈਆਂ। ਬਾਕੀ ਦੇ ਲੋਗ ਏਸਦੇ ਬੇਟੇ ਤਹਿਮੂਰ ਸ਼ਾਹ ਪਾਸੋਂ ਲਾਹੌਰ ਜਾ ਕਰ ਪਰਵਾਨੇ ਪਟੇ ਲੈਂਦੇ ਰਹੇ, ਓਹੋ ਪਟੇ ਹੁਣ ਤਾਂਈ ਬਹੁਤ ਲੋਗਾਂ ਪਾਸ ਹਨ ਸੋ ਚੌਥੇ ਹਿੱਸੇ ਵਿੱਚ ਵਿਖਾਵਾਂਗੇ।

---

ਓਸ ਲੁਟ ਵਿੱਚ ਇਕ ਲਾਲ ਵਜਨ ਚਾਰ ਸੌ ਪਚਾਸ ਮਿਸਕਾਲ (ਰਤੀ ਤੋਂ ਵਡਾ ਸਿੱਕਾ ਹੈ) ਦਾ ਏਥੋਂ ਮਹਿਮੂਦ ਦੇ ਹੱਥ ਆਯਾ, ਸੋਈ ਛੇੜਕੇ ਗਜਨੀ ਵਿਚ ਆਪਣੀ ਮਸੀਤ ਦੇ ਦਰਵਾਜੇ ਪਰ ਜਾ ਜੜਿਆ, ਏਥੇ ਹੀ ਮਥੁਰਾ ਪੁਰੀ ਦੇ ਮੰਦਰ ਕੇਸੋਰਾਇ ਦੇ ਸੰਦਲੀ ਤਖਤੇ ਲੈ ਜਾਕੇ ਲਗਾਏ ਸੇ, ਜੇਹੜੇ ਸੰ: ੧੯੯੯ ਬਿ: ਨੂੰ ਅੰਗ੍ਰੇਜ਼ਾਂ ਨੇ ਓਥੋਂ ਲਜਾਕੇ ਆਗਰੇ ਵਿਚ ਰੱਖੇ, ਸ਼ਾਹ ਨੇ ਐਤਨੀ ਦੌਲਤ ਹਿੰਦ ਵਿਚੋਂ ਲੁੱਟੀ ਜੋ ਸਾਰੇ ਸਿਪਾਹੀ ਲਾਖਾਂ ਪਤੀ ਹੋਗਏ ਤੇ ਆਦਮੀ ਔਰਤਾਂ ਦੋ ਦੋ ਰੁਪਏ ਤੋਂ ਵੇਚੀਆਂ ਸੰ: ੧੫੩੯ ਬਿ: ਨੂੰ ਸਿਕੰਦਰ ਲੋਦੀ ਨੇ ਏਸੇ ਸ਼ਹਰ ਨੂੰ ਲੁਟਿਆ, ਪਰ ਮੁਗਲਾਂ ਦੀ ਬਾਦਸ਼ਾਹੀ ਵਿਚ ਧਨੀ ਹੋਗਿਆ, ਕ੍ਯੂੰਕਿ ਸ਼ਾਹ ਮਰਹਟੇ ਨੇ ਸੰ: ੧੮੯੩ ਬਿ: ਨੂੰ ਸੂਰਜ ਗ੍ਰਹਣ ਪਰ ਕ੍ਰੋੜ ਰੁਪਏ ਦਾ ਦਾਨ ਕੀਤਾ ਤੇ ਹੋਰ ਹਿੰਦੂ ਤੇ ਸਿੰਘ ਭੀ ਹਮੇਸ਼ ਏਸ ਸ਼ਹਿਰ ਨੂੰ ਲੁਟਦੇ ਰਹੇ। ਫੇਰ ਸੰ: ੧੯੧੨ ਬਿ: ਨੂੰ ਅਹਿਮਦਸ਼ਾਹ ਦੁਰਾਨੀ ਨੇ ਏਸਨੂੰ ਲੁਟਿਆ, ਫੇਰ ੧੯੨੦ ਬਿ: ਸਰਦਾਰ ਭੰਗਾ ਸਿੰਘ ਨੇ ਥਨੇਸਰ ਸ਼ਹਰ ਨੂੰ ਆਪਣੀ ਰਾਜਧਾਨੀ ਬਣਾਯਾ, ਫੇਰ ਅੰਗ੍ਰੇਜ਼ੀ ਤਹਸੀਲ ਮੁਕਰਰ ਹੋਣੇ ਕਰ ਮੁੜ ਰੌਣਕ ਹੋਗਈ, ਪਰ ਫੇਰ ਜਦ ਤਹਸੀਲ ਉਠ ਗਈ ਤੇ ਰੇਲ ਭੀ ਕਿਨਾਰੇ ਰਹੀ ਤਾਂ ਬੇਰੌਨਕੀ ਹੋਈ। ਪਰ ਹੁਣ ਸੰ: ੧੯੪੮ ਬਿ: ਵਿੱਚ ਕਾਲਕਾ ਲਾਯਨ ਦਾ ਅਸਟੇਸ਼ਨ ਬਣਨੇ ਕਰ ਅਬਾਦ ਹੋ ਜਾਵੇਗਾ।

Digitized by Panjab Digital Library | www.panjabdigilib.org

ਬਾਦਸ਼ਾਹ ਸਰਹੰਦ ਵਿੱਚ ਆਪਣੀ ਵੱਲੋਂ ਅਬਦੁੱਲੇ ਖਾਂ ਨੂੰ ਸੂਬਾ ਤੇ ਸਦੀਕ ਬੇਗ ਖਾਂ ਨੂੰ ਨਾਯਬ ਕਰਕੇ ਆਪ ਇਕ ਮਹੀਨਾ ਭਰ ਲਾਹੌਰ ਠਹਿਰਕੇ ਸਿੰਘਾਂ ਦਾ ਇੰਤਜ਼ਾਮ ਕਰਦਾ ਰਿਹਾ, ਪਰ ਸਿੰਘ ਉਸਦੇ ਕਾਬੂ ਨਾ ਆਏ, ਸਗੋਂ ਸਮੇਂ ਸਿਰ ਉਸਨੂੰ ਮਾਰੋ ਮਾਰ ਕਰਦੇ ਰਹੇ, ਹਾਰਕੇ ਬਾਦਸ਼ਾਹ ਆਪਣੇ ਪੁਤ੍ਰ ਤਹਿਮੂਰ ਸ਼ਾਹ ਨੂੰ ਲਾਹੌਰ ਦਾ ਸੂਬਾ ਤੇ ਜਹਾਂਦਾਰਖਾਂ ਨੂੰ ਨਾਯਬ ਕਰਕੇ ਕਾਬੁਲ ਦੇ ਰਾਹ ਪਿਆ।

# ਨਾਸ੍ਰਅਲੀ ਨੇ ਕਰਤਾਰਪੁਰ ਮਾਰਨਾ ਤੇ ਸਿੰਘਾਂ ਦਾ ਹਰਿਆਨੇ ਜੁੱਧ ਹੋਣਾ

ਉਧਰ ਏਸੇ ਸਾਲ ਨਾਸਰ ਅਲੀ ਖਾਂ ਨੇ ਕਰਤਾਰ ਪੁਰ ਨੂੰ ਸਿੰਘਾਂ ਦਾ ਸ੍ਰਿਸ਼ਨ ਸਮਝਕੇ ਜਾ ਘੇਰਯਾ। ਸੋਢੀ ਵਡਭਾਗ ਸਿੰਘ ਉਸਦੀ ਝਾਲ ਨਾ ਝੱਲਕੇ ਪਹਾੜੀਂ ਚਲਾ ਗਿਆ, ਜੇਹੜੇ ਕੰਮ ਨਹੀਂ ਕਰਨੇ ਸੇ ਨਾਸਰ ਅਲੀ ਖਾਂ ਨੇ ਉਹ ਕਰਤਾਰ ਪੁਰ ਵਿੱਚ ਕੀਤੇ, ਜੇਹੜਾ ਸਿੱਖ ਹੱਥ ਆਯਾ ਕਤਲ ਕਰਾਯਾ ਗਿਆ। ਸਰਦਾਰ ਕਰਮਸਿੰਘ ਪੈਜਗੜ੍ਹੀਆ ਤੇ ਡੱਲੇ ਵਾਲੀਏ ਜੋ ਅਹਿਮਦ ਸ਼ਾਹ ਤੋਂ ਡਰਦੇ ਸੂਆਂ ਨਦੀ ਦੇ ਬੇਟ ਵਿੱਚ ਗੜ੍ਹਸ਼ੰਕਰ, ਅਚਿੰਤ ਪੁਰਨੀ, ਅੰਬ ਅੰਬੋਟੇ ਦੀ ਤਰਫ ਚਲੇ ਗਏ ਸੇ, ਜਦ ਉਹ ਸ਼ਾਹ ਦੇ ਗਏ ਪਿੱਛੋਂ ਫੇਰ ਆ ਗਏ ਤਾਂ ਸ਼ਮਸ ਖਾਂ ਬਿਜਵਾੜੀਆ* ਜ਼ਫਰਖਾਂ ਹੁਸ਼ਯਾਰ ਪੁਰੀਆ† ਸੈਦਖਾਂ ਪਠਾਣਾਂ

*ਬਿਜਵਾੜ ਵਿਚ ਮੁਗਲਾਂ ਦੇ ਸਮੇਂ ਦੁਆਬੇ ਦਾ ਹਾਕਮ ਰਿਹਾ ਕਰਦਾ ਸੀ, ਫਰ ੧੨ ਪਿੰਡ ਸ਼ਮਸਖਾਂ ਪਾਸ ਰਹੇ ਸਿੰਘਾਂ ਨੇ ਉਸਨੂੰ ਖੂਬ ਸੋਧਿਆ ਫੇਰ ਸੰਸਾਰ ਚੰਦ ਕਟੋਚੀਏ ਨੂੰ ਸੌਂਪ ਦਿਤਾ, ਹੁਣ ਸਰਕਾਰ ਦੇ ਰਾਜ ਵਿਚ ਹੈ।

†ਹੁਸ਼ਯਾਰ ਪੁਰ ਸੰ: ੧੬੩੨ ਬਿ: ਨੂੰ ਹੁਸ਼ਯਾਰਖਾਂ ਖੋਜੇਨੇ ਵਸਾਯਾ ਹੈ। ਏਹ ਅਕਬਰਸ਼ਾਹ ਦੇ ਮਹਿਲਾਂ ਦਾ ਦਰੋਗਾਸੀ ਫੇਰ ਸੰ:੧੮੭੭ ਬਿ: ਨੂੰ ਗੁਲਾਮ ਮੁਹੱਯੁਲਦੀਨ ਨੇ ਮਹਾਰਾਜੇ ਰਣਜੀਤ ਸਿੰਘ ਦੀ ਤਰਫੋਂ ਕਾਰਦਾਰ ਹੋਕੇ ਏਹ ਸ਼ੈਹਰ ਆਪਣੀ ਰਾਜਧਾਨੀ ਬਣਾਯਾ, ਜਿਸ ਕਰਕੇ ਏਥੇ ਬਹੁਤ ਰੌਣਕ ਹੋਈ ਤੇ ਮਾਲਦਾਰ ਹੋਗਿਆ।

Digitized by Panjab Digital Library | www.panjabdigilib.org

ਟਾਂਡਹਿ ਵਾਲਾ* ਤੇ ਹੋਰ ਅਨੇਕ ਥਾਵਾਂ ਦੇ ਮੁਸਲਮਾਨਾਂ ਨੇ ਇਕੱਠੇ ਹੋਕੇ ਹਰਿਆਨੇ ਪਾਸ ਸਿੰਘਾਂ ਨੂੰ ਆ ਘੇਰ ਲਿਆ। ਬੜੀ ਭਾਰੀ ਲੜਾਈ ਹੋਈ। ਤਾਰਾ ਸਿੰਘ ਗੈਬਾ, ਕਰੋੜਾ ਸਿੰਘ ਕਰਮ ਸਿੰਘ, ਸੁਜਾਨ ਸਿੰਘ ਆਦਿਕ ਤਲਵਾਰਾਂ ਸੂਤ ਕੇ ਜਾ ਪਏ, ਇਕ ਇਕ ਸਿੰਘ ਦਸ ੨ ਨੂੰ ਲਿਟਾ ਕੇ ਰਾਹੋਂ ਦੀ ਤਰਫ ਨਿਕਲ ਗਏ। ਜ਼ਾਫਰਖਾਂ, ਸੈਦਖਾਂ ਆਦਿਕ ਬਡੇ ੨ ਨਾਮੀ ਸਰਦਾਰ ਮਾਰੇ ਗਏ॥

ਨਾਸਰਦੀਨਖਾਂ ਦੇ ਹੁਕਮ ਨਾਲ† ਫਗਵਾੜੇ ਵਾਲਾ ਚੌਧਰੀ ਧਰਮ ਚੰਦ ਤੇ ਫਰਾਲੇ ਵਾਲੇ ਚੌਧਰੀ ਰਾਮਦੇਵਕੇ ਤੇ ਬਰਧਾਮ ਪੁਰੀਏ, ਖੁੱਰੇਵਾਲੇ ਜੱਟਾਂ ਤੇ ਹਾਦੀਆਬਾਦ ਵਾਲੇ ਪਠਾਣਾਂ ਮਿਲਕੇ ਸਿੰਘਾਂ ਨੂੰ ਆਨ ਰੋਕਿਆ, ਇਤਨੇ ਨੂੰ ਨਾਸਰਦੀਨ ਭੀ ਫੌਜ ਲੈਕੇ ਆ ਪੁਜਿਆ, ਢੱਕ ਵਿੱਚ ਭਾਰੀ ਜੰਗ ਹੋਯਾ, ਉਥੇ ਰੁਕੇ ਹੋਏ ਅਨੇਕ ਸਿੰਘ ਬਹੁਤਿਆਂ ਨੂੰ ਮਾਰ ੨ ਕੇ ਸ਼ਹੀਦ ਹੋਗਏ, ਤੇ ਬਾਕੀ ਪਹਾੜੀਂ ਜਾ ਚੜ੍ਹੇ।

---

*ਟਾਂਡੇ ਵਿੱਚ ਮੁਗਲਾਂ ਦੇ ਸਮੇਂ ਇੱਕ ਲੱਖ ਦੇ ਜਾਗੀਰਦਾਰ ਪਠਾਣ ਵਸਦੇ ਸਨ। ਸੈਦਖਾਂ ਦੇ ਪੁੱਤ੍ਰ ਯੂਨਸਖਾਂ ਨੂੰ ਫਤੇ ਕਰਕੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਨੇ ਸੰ: ੧੮੪੩ ਬਿ: ਨੂੰ ਆਪਨੇ ਕਬਜ਼ੇ ਕੀਤਾ।

†ਫਗਵਾੜੇ ਦੇ ਬਸਰਾ ਗੋਤੇ ਜ਼ਾਹਰਮਲ ਜੱਟ ਨੂੰ ਚੌਧਰਾਯਤ ਤੇ ਮੀਆਂ ਖਿਤਾਬ ਅਕਬਰ ਦੇ ਸਮੇਂ ਮਹਿਰ ਮਿੱਠੇ ਨੇ ਦਿਵਾਯਾਸੀ। ਇਸਦੇ ਬੇਟੇ ਧਰਮ ਚੰਦ ਤੇ ਪੋਤ੍ਰੇ ਚੂਹੜ ਮੱਲ ਨੇ ਮੁਗਲਾਂ, ਪਠਾਣਾਂ ਤੇ ਸਿੱਖਾਂ ਦੇ ਰਾਜ ਰੌਲੇ ਵਿਚ ਪਹਾੜਾਂ ਦੀ ਕੰਢੀ ਤਕ ਮੁਲਕ ਦਬਾ ਕੇ ਬੇਸ਼ੁਮਾਰ ਦੌਲਤ ਤੇ ਨਾਮ ਵਰੀ ਪੈਦਾ ਕੀਤੀ, ਜਿਸ ਕਰਕੇ ਪਰਜਾਲੇ ਵਾਲੇ ਰਾਜਾ ਅਮਰਸਿੰਘ ਦੀ ਭੈਣ ਰਾਜਿੰਦ੍ਰਕੌਰ ਦਾ ਸਾਕ ਏਹਨਾਂ ਦੇ ਹੋਗਿਆ ਤੇ ਫੇਰ ਸੈਂਕੜੇ ਧਨੀ ਲੋਗ ਲੁਟ ਮਾਰਤੋਂ ਡਰਦੇ ਏਥੇ ਆ ਵਸੇ, ਕਯੋਂਕੇ ਏਨ੍ਹਾਂ ਵਲ ਕੋਈ ਭੈੜੀ ਨਿਗਾਹ ਕਰਕੇ ਦੇਖ ਨਹੀਂ ਸੱਕਦਾਸੀ। ਜਦ ਹੰਕਾਰੇ ਹੋਏ ਧਰਮ ਚੰਦ ਨੇ ਢਕਵਿਚ ਬਹੁਤ ਸਿੰਘਾਂ ਨੂੰ ਘੇਰਕੇ ਮਾਰਿਆ ਤੇ ਮਰਵਾਯਾ ਤਦ ਤੋਂ ਸਿੰਘ ਏਨ੍ਹਾਂ ਦੇ ਪਿਛੇ ਪੈਗਏ ਤੇ ਪੰਦ੍ਰਾਂ ਬਰਸ ਵਿਚ ਮਾਰੋਮਾਰ ਕਰਕੇ ਏਨ੍ਹਾਂ ਦੀ ਮਿਟੀ ਬਾਦ ਕਰਤੀ। ਰਹਿੰਦੇ ਖੂੰਹਦੇ ਰਾਜਾ ਰਣਧੀਰ ਸਿੰਘ ਕਪੂਰਥਲੇ ਵਾਲੇ ਨੇ ਸੰ: ੧੯੨੨ ਬਿ: ਵਿਚ ਆਪਨੇ ਮੁਸਾਹਬ ਰਾਮ-ਦਿਤ ਖੱਤ੍ਰੀ ਦੇ ਕਹੇ ਲੱਗਕੇ ਤਬਾਹ ਕਰ ਦਿੱਤੇ।

Digitized by Panjab Digital Library | www.panjabdigilib.org

# ਅਦੀਨਾਬੇਗ ਤੇ ਪੰਥ ਦਾ ਮੇਲ ਤੇ ਜਲੰਧਰ ਪਰ ਧਾਵਾ

ਬਹੇੜੀ ਪਿੰਡ ਜ਼ਿਲੇ ਹੁਸ਼ਯਾਰਪੁਰ ਜਿੱਥੇ ਸੋਢੀ ਬਡਭਾਗ ਸਿੰਘ ਨਾਸਰਦੀਨ ਦਾ ਕੱਢਯਾ ਹੋਯਾ ਬੈਠਾ ਸੀ, ਕੁਦਰਤ ਨਾਲ ਅਦੀਨਾ ਬੇਗ ਖਾਂ ਭੀ ਉੱਥੇ ਜਾ ਵਿਰਯਾ; ਰਾਮਚੰਦ੍ਰ ਸੁਗ੍ਰੀਵ ਵਾਂਙੂ ਦੋਹਾਂ ਦੁਖੀਆਂ ਨੇ ਆਪਣੇ ੨ ਦੁਖ ਤੇ ਨਾਸਰ ਖਾਂ ਦੇ ਜ਼ੁਲਮ ਫੋਲੇ ਤਾਂ ਦਿਲ ਉਛਲ ਆਯਾ । ਦੀਨਾ ਬੇਗ ਖਾਂ ਦੀ ਸਲਾਹ ਮੰਨਕੇ ਸੋਢੀ ਸਾਹਿਬ ਨੇ ਆਪਣੇ ਆਦਮੀ ਭੇਜ ੨ ਸਿੰਘਾਂ ਨੂੰ ਇਕੱਠੇ ਕਰ ਲਿਆ, ਸਿੰਘ ਤਾਂ ਅੱਗੇ ਹੀ ਨਾਸਰ ਅਲੀ ਖਾਂ ਉਤੇ ਕੰਡਯਾਲੇ ਚੱਬਦੇ ਸੇ (ਬੋਦੀ ਉੱਤੇ ਚਾਰ ਵਾਲ। ਸੋਈ ਕਰਦੇ ਹਾਲ ਹਾਲ) ਏਸਗੱਲ ਵਾਂਙੂ ਭਾਵੇਂ ਵੈਰੀਆਂ ਨਾਲੋਂ ਸਿੰਘ ਥੋੜੇ ਸੇ, ਪਰ (ਹੱਥ ਖਾਲੀ ਬਾਦਸ਼ਾਹ, ਰੂਹਖਾਲੀ ਮੂੰ ਸ਼ਾਹ ) ਉੱਤੇ ਚੜ੍ਹ ਬੈਠੇ ॥

ਰਾਹ ਵਿਚ ਸਰਦਾਰ ਜੱਸਾ ਸਿੰਘ ਨੇ ਹੱਸਕੇ ਅਦੀਨਾ ਬੇਗ ਖਾਂ ਨੂੰ ਆਖਯਾ, ਜਦ ਮੁਠ ਭੇੜ ਹੋਈ ਤਦ ਤੁਸੀ ਮੁਸਲਮਾਨ ਤਾਂ ਇਕੋ ਜੇਹੇ ਮਾਲੂਮ ਹੋਵੋਗੇ ਐਸਾ ਨਾ ਹੋਵੇ ਕਿਤੇ ਬਿਨਾ ਪਛਾਣੇ ਸਿੰਘ ਤੁਹਾਡਾ ਹੀ ਕੁਤਰਾ ਕਰ ਕੱਢਣ । (ਜਥਾ ਕਾਲੀਆਂ ਤਥਾ ਧੌਲੀਆਂ ) ਤਾਂਤੇ ਨਿਸ਼ਾਨੀ ਚਾਹੀਏ, ਦੀਨਾ ਬੇਗ ਬੋਲ੍ਯਾ ਗੱਲ ਤਾਂ ਸੱਚੀ ਹੈ, ਪਰ ਹੁਣ ਪੈਰ ਉਤੇ ਕੀ ਬਣ ਸਕਦਾ ਹੈ? ਸਰਦਾਰ ਬਹਾਦਰ ਨੇ ਹਰੀ ਹਰੀ ਕਲਕ ਦੇ ਪਠੇ ਤੋੜਕੇ ਅਦੀਨਾ ਬੇਗ ਦੇ ਸਿਰ ਉਤੇ ਟੰਗ ਦਿਤੇ ਅਤੇ ਓਸਦੀ ਫੌਜ ਨੂੰ ਭੀ ਟੰਗਾ ਦਿਤੇ। ਅਦੀਨਾਬੇਗ ਬੋਲਯਾ ਗੁਰੂ ਖਾਲਸੇ ਦੇ ਘਰੋਂ ਫਤੇ ਦਾ ਨਿਸ਼ਾਨ ਸਬਜ਼ੀ ਸਾਨੂੰ ਮਿਲੀ ਹੈ, ਹੁਣ ਜਿੱਤਣ ਵਿਚ ਕੋਈ ਸੰਸਾ ਨਹੀਂ।

Digitized by Panjab Digital Library | www.panjabdigilib.org

# ਨਾਸਰਅਲੀ ਨੂੰ ਮਾਰਕੇ ਜਲੰਧਰ ਸੋਧਨਾ ਤੇ ਤੁਰਕਨੀਆਂ ਸ਼ੁਧ ਕਰਨੀਆਂ।

ਓਧਰ ਨਾਸਰਦੀਨ ਨੇ ਭੀ ਖਬਰ ਪਾ ਕਰ ਸਾਰੀ ਫੌਜ, ਤੋਪਖਾਨਾ ਲੈਕੇ ਸ਼ਹਿਰੋਂ ਦੋ ਕੋਹ ਅੱਗੇ ਮੋਰਚੇ ਆ ਲਾਏ। ਸੱਯਦ ਖੈਰੇਸ਼ਾਹ, ਮਿਰਜ਼ਾ ਇਸ਼ਕ ਅਲੀਬੇਗ ਤੇ ਬਲੰਦਖਾਂ ਆਦਿਕ ਸਰਦਾਰਾਂ ਨੂੰ ਮੋਰਚੇ ਵੰਡ ਦਿਤੇ, ਦੋਹਾਂ ਪਾਸਜਾਂ ਤੋਂ ਲੜਾਈ ਹੋਣ ਲਗੀ। ਜਦ ਜੱਸਾ ਸਿੰਘ ਆਦਿਕ ਸਰਦਾਰਾਂ ਨੇ ਦੇਖਿਆ ਕਿ ਤੋਪਾਂ ਅੱਗੇ ਤੀਰਾਂ ਤੇ ਬੰਦੂਕਾਂ ਦੀ ਪੇਸ਼ ਨਹੀਂ ਜਾਂਦੀ ਤਾਂ ਖਾਲਸੇ ਦਾ ਹੱਲਾ ਕਰਾ ਦਿੱਤਾ ਸਿੰਘ ਤਲਵਾਰਾਂ ਖਿਚ ਖਿਚ ਅਕਾਲ ਅਕਾਲ ਗਜਾਉਂਦੇ ਹੋਏ ਦੁਸ਼ਮਣਾਂ ਦੇ ਮੋਰਚੇ ਉਤੇ ਟੁਟਕੇ ਜਾ ਪਏ, ਘਸਾ ਘਸ ਬਰਛੇ ਤੇ ਖਪਾਖਪ ਤੇਗੇ ਧਸਾ ਦਿਤੇ। ਕੇਲੇ ਦੇ ਬਣ ਵਾਂਗੂ ਸਥਾਰ ਕਰ ਘੱਤਜਾ; ਜਿਸ ਤਰਾਂ ਏਹ ਗੱਲਾਂ ਮਸ਼ਹੂਰ ਹਨ ਕਿ ਕਟਾਰੀ ਰਾਜਪੂਤਾਂ ਦੀ ਭਾਲੇ ਮਰਹੱਟਜਾਂ ਦੇ ਬੰਦੂਕ ਪੂਰਬੀਆਂ ਦੀ, ਤੋਪ ਅੰਗ੍ਰੇਜ਼ਾਂ ਦੀ, ਜ਼ੁਲਮ ਮੁਸਲਮਾਨਾਂਦੇ, ਕਲਮ ਬੰਗਾਲੀਆਂ ਦੀ, ਬੇਇਤਫਾਕੀ ਪੰਜਾਬੀਆਂ ਦੀ, ਏਸੇ ਤਰਾਂ ਸਿੰਘਾਂ ਦੀ ਤੇਗ ਭੀ ਮਸ਼ਹੂਰ ਹੈ। ਫੇਰ ਤਾਂ ਵੈਰੀਆਂ ਨੂੰ ਭਾਜ ਪੈ ਗਈ, ਸਿੰਘਾਂ ਨੇ ਘੋੜੇ ਭਜਾ ੨ ਅਨੇਕਾਂ ਦੇ ਮੋਢੇ ਲਾਹੇ, ਪਰ ਮੁੜਕੇ ਕਿਸੇ ਨੇ ਪਿੱਛੇ ਨਾ ਤੱਕਜਾ। ਨਾਸਰ ਅਲੀਖਾਂ ਦੇ ਘੋੜੇ ਦੀ ਖੁੱਚ ਖਜਾਲਾ ਸਿੰਘ ਰੰਗ ਨੇ ਵੱਢੀ ਤਾਂ ਓਹ ਉਸੇ ਥਾਂ ਡਿਗ ਪਿਆ। ਬਾਜ ਸਿੰਘ ਨੇ ਓਸਨੂੰ (ਬੇਦੀਆਂ) ਪਟਿਆਂ ਤੋਂ ਫੜਕੇ ਸਰਦਾਰ ਜੱਸਾ ਸਿੰਘ ਪਾਸ ਲੈ ਆਂਦਾ, ਸਰਦਾਰ ਸਾਹਿਬ ਨੇ ਮੋਦੀ ਸਾਹਿਬ ਦੇ ਸਪੁਰਦ ਕਰ ਦਿੱਤਾ। ਜੈਸੇ

Digitized by Panjab Digital Library | www.panjabdigilib.org

ਉਸਨੇ ਥੰਮ੍ਹ ਸਾਹਿਬ ਫੂਕਤਾ ਸੀ ਤੈਸੇ ਸੋਢੀ ਜੀ ਨੇ ਨਾਸਰ ਅਲੀਖਾਂ ਨੂੰ ਭੀ ਅੱਗ ਵਿਚ ਸੜਵਾ ਦਿਤਾ। ਫੇਰ ਸਿੰਘਾਂ ਨੇ ਸ਼ਹਿਰ ਵਿਚ ਵੜਕੇ ਐਸੀ ਮਾਰੋ ਮਾਰ ਕੀਤੀ ਜੇ ਜਾਨਾਂ ਲੈਕੇ ਦੌੜ ਗਏ ਸੋ ਬਚ ਗਏ । ਨਾਸਰਅਲੀ ਨੇ ਹਿੰਦੁਣੀਆਂ ਨੂੰ ਫੜ ਫੜ ਧੱਕੇ ਨਾਲ ਮੁਸਲਮਾਨੀਆਂ ਕੀਤਾ ਸੀ, ਸੋਢੀ ਸਾਹਿਬ ਨੇ ਸਿੰਘਾਂ ਨੂੰ ਹੁਕਮ ਦਿਤਾ, ਜਿਸਨੂੰ ਜੇੜ੍ਹੀ ਇਸਤ੍ਰੀ ਮੁਸਲਮਾਨੀ ਪਸਿੰਦ ਹੋਵੇ ਅਤੇ ਅੰਮ੍ਰਿਤ ਛਕਣਾ ਮੰਨ ਲਏ ਉਸਨੂੰ ਅੰਮ੍ਰਿਤ ਛਕਾਕੇ ਨਾਲ ਰਲਾ ਲਓ। ਅਨੇਕ ਸਿੰਘਾਂ ਨੇ ਮੁਗਲਾਣੀਆਂ, ਪਠਾਣੀਆਂ ਲੈ ਆਂਦੀਆਂ। ਸੋਢੀ ਸਾਹਿਬ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾ ੨ ਕੇ ਸਿੰਘਾਂ ਨਾਲ ਆਨੰਦ ਪੜ੍ਹਾ ਦਿਤੇ। ਅਨੂਪ ਸਿੰਘ ਬ੍ਰਹਮਣ ਚਨਾਲ ਬਲੀਆ ਇਲਾਕੇ ਪੱਟਜਾਲੇਦਾ, ਭਖਤਸਿੰਘ ਪੈਜ ਗੜੀਆ, ਲਾਲ ਸਿੰਘ ਰੋਸਾ, ਖੈਰਾ ਸਿੰਘ ਰੱਤੇਕਾ, ਨੰਦ ਸਿੰਘ ਬੈਰਾੜ, ਦੇਵਾ ਸਿੰਘ ਸੋਣਾ,ਕੇਹਰ ਸਿੰਘ ਰੰਧਾਵਾ, ਹਾਤਾ ਸਿੰਘ ਚੁਗ ਇੱਤਯਾਦਿਕ ਸਿੰਘਾਂ ਨਾਲ ਔਰਤਾਂ ਨੇ ਖੁਸ਼ੀ ਹੋਕੇ ਅਨੰਦ ਪੜ੍ਹਾ ਲਏ ਉਨ੍ਹਾਂ ਦੀ ਸੰਤਾਨ ਹੁਣ ਤਕ ਬਹੁਤ ਪਿੰਡਾਂ ਵਿਚ ਹੈ। ਏਹੋ ਰੀਤਿ ਬਹੁਤ ਚਿਰ ਖਾਲਸੇ ਪੰਥ ਵਿਚ ਰਹੀ ਤੇ ਹੁਣ ਭੀ ਅਨੇਕ ਜੱਟਾਂ ਸਿੰਘਾਂ ਦੇ ਘਰਾਂ ਵਿਚ ਮੁਸਲਮਾਨੀਆਂ ਤੋਂ ਸਿੰਘਣੀਆਂ ਬਣਕੇ ਵਸ ਰਹੀਆਂ ਹਨ। ਉਨ੍ਹਾਂ ਦੇ ਪੁਤ੍ਰ, ਧੀਆਂ ਜੱਟਾਂ ਦੇ ਘਰੀਂ ਵਿਆਹੇ ਹੋਏ ਅਸਾਂ ਆਪ ਦੇਖੇ ਹਨ; ਜੈਸੇ ਸਰਦਾਰ ਹਰਸਾ ਸਿੰਘ ਸੁਲਤਾਨ ਪਿੰਡ ਵਾਲੇ ਦੇ ਬੇਟੇ ਗੁਪਾਲ ਸਿੰਘ ਦੀ ਤੇ ਪੋਤ੍ਰਿਆਂ ਦੀ ਸ਼ਾਦੀ ਚੰਗੇ ਖਾਨਦਾਨ ਜੱਟਾਂ ਦੇ ਘਰ ਹੋਈ ਤੇ ਗੁਪਾਲ ਸਿੰਘ ਦੀ ਮਾਈ ਮੁਸਲਮਾਨੀ ਸਿੱਖਣੀ ਅਜੇ ਜੀਉਂਦੀ ਹੈ। ਹੋਰ

Digitized by Panjab Digital Library | www.panjabdigilib.org

ਮਾਲਵੇ ਦੇਸ ਡਾਲੇ ਪਿੰਡ ਹਰੀ ਸਿੰਘ ਜਟ ਦੇ ਘਰ ਪਠਾਣੀ ਸਿੱਖਣੀ ਦੀ ਔਲਾਦ ਹੈ। ਹੋਰ ਮਾਲਵੇ ਦੇਸ ਸਿਵੀ ਪਿੰਡ ਉੱਤਮ ਸਿੰਘ ਦੇ ਘਰ ਬਲੋਚਣੀ ਸਿੰਘਣੀ ਦੀ ਸੰਤਾਨ ਹੈ। ਹੋਰ ਬਰੇਪਿੰਡ ਪਰਗਣੇ ਮੁਕਤਸਰ ਕੌਰ ਸਿੰਘ ਜੱਟ ਦੇ ਘਰ ਰੰਘੜੀ ਸਿੱਖਣੀ ਦੇ ਪੰਜ ਪੁਤ੍ਰ, ਦੋ ਪੋਤ੍ਰੇ ਜੱਟਾਂ ਦੇ ਵਿਆਹੇ ਹੋਏ ਰੰਘੜੀ ਸਮੇਤ ਮੌਜੂਦ ਹਨ, ਇੱਤ੍ਯਾਦਿਕ ਹੋਰ ਬਹੁਤ ਜਗਾ ਹਨ।

## ਤ੍ਰੀਮੀਂ ਦੀ ਜਾਤ ਨਹੀਂ

ਏਸਦੇ ਬਗੈਰ ਮਨੂ ਜੀ ਨੇ ਭੀ ਲਿਖ੍ਯਾ ਹੈ ਕਿ ਇਸਤ੍ਰੀ ਦੀ ਜਾਤਿਗੋਤ੍ਰ ਵਰਨ ਕੋਈ ਨਹੀਂ, ਜਿਸਦੇ ਘਰ ਵੱਸੀ ਓਹੋ ਉਸਦੀ ਜਾਤਿ ਹੋ ਗਈ। ਦੇਖੋ! ਪ੍ਰਤੱਖ ਝੀਊਰ ਦੀ ਬੇਟੀ ਜੋਜਨ ਗੰਧਾਰੀ ਰਾਜਾ ਸਾਂਤੁਲ ਦੇ ਘਰ ਆਈ ਤਾਂ ਛੱਤ੍ਰਾਣੀ ਸਦਾਈ, ਉਸੇ ਦੇ ਪੋਤ੍ਰੇ ਕੌਰਵ ਤੇ ਪਾਂਡਵ ਹੋਏ। ਪੁਨਾਃ ਧੋਬੀ ਦੀ ਬੇਟੀ ਰਜ਼ੀਆ ਨਾਮ ਬਿਜੈ ਸਿੰਘ ਰਾਜਾ ਦੀ ਰਾਣੀ ਹੋਈ ਉਸੇ ਦੀ ਸੰਤਾਨ ਬੇਅੰਤ ਛੱਤ੍ਰੀ ਰਾਜਪੂਤ ਹਨ। ਪੁਨਃ ਭੁੱਡਲੀ ਚੂਹੜੀ ਡੱਕ ਨਾਮੀ ਬ੍ਰਹਮਣ ਦੇ ਘਰ ਆਈ, ਜਿਸਦੀ ਔਲਾਦ ਡਕੌਤ ਬ੍ਰਹਮਣ ਬੇਅੰਤ ਹਨ। ਪੁਨਾਃ ਨਟਾਂ ਦੀ, ਭੀਲਾਂਦੀ ਬੇਟੀ ਅਰਜਨ ਨੇ ਵਿਆਹੀ ਜਿਸ ਦੇ ਬੇਟੇ ਬਬਰ ਬਾਹਨ ਦੀ ਸੰਤਾਨ ਖੱਤਰੀ ਬੇਅੰਤ ਹਨ, ਇਤਆਦਿਕ ਐਸੀਆਂ ੨ ਹੋਰ ਬਹੁਤ ਕਥਾ ਪੁਰਾਣਾਂ ਵਿਚ ਲਿਖੀਆਂ ਹਨ।

ਤਾਂਤੇ ਸਿੱਧ ਹੋ ਗਿਆ ਕਿ ਬੀਰਜਦੀ ਮੁੱਖ੍ਯਤਾ ਲੋਕ ਬੇਦ ਪ੍ਰਾਣ ਨਹੀਂ।

Digitized by Panjab Digital Library | www.panjabdigilib.org

ਚੇਤ ਸੰ: ੧੮੧੩ ਬਿ: ਵਿੱਚ ਜਾਲੰਧਰ ਉਤੇ ਕਬਜ਼ਾ ਕਰਾਦੇਣ ਦੇ ਬਦਲੇ ਪੰਜ ਹਜਾਰ ਰੁਪਯਾ ਕੜਾਹ ਪ੍ਰਸ਼ਾਦ ਵਾਸਤੇ ਤੇ ਬੀਸ ਹਜ਼ਾਰ ਖਾਲਸੇ ਨੂੰ ਪੁਸ਼ਾਕੀ ਦਾ ਦੇਕਰ ਦੀਨਾਬੇਗ ਨੇ ਵਿਦਾ ਕੀਤਾ, ਹੋਰਜੋ ਸਰਹੱਦੀ ਸਾਮਾਨ ਲੁੱਟਿਆ ਸੀ ਓਹ ਵੱਖਰਾ ਖਾਲਸੇ ਜੀਦੇ ਪਾਸ ਰਿਹਾ। ਹੋਰ ਦਾਰੂ ਸਿੱਕਾ ਅਦੀਨਾਬੇਗ ਤੋਂ ਸਿੰਘਾਂ ਨੇ ਮੰਗ ਕੇ ਲੈ ਲੀਤਾ। ਫੇਰ ਸੋਢੀ ਬਡਭਾਗ ਸਿੰਘ ਨੂੰ ਕਰਤਾਰ ਪੁਰ ਥਾਪੜੇ ਗੁਰਦੁਆਰੇ ਦੇ ਨਾਮ ਦੀਨਾਬੇਗ ਤੋਂ ਜਾਗੀਰ ਦਿਵਾਈ ਜੋ ਹੁਣ ਤਕ ਹੈ।

## ਖਾਲਸੇ ਨੇ ਦੁਆਬਾ ਸੋਧਣਾ

ਲਗਦੇ ਹੱਥ ਖਾਲਸਾ ਦੁਆਬੇ ਦੇਸ ਵੜ ਗਿਆ, ਜਿਨ੍ਹਾਂ ਜਿਨ੍ਹਾਂ ਚੌਧਰੀਆਂ ਤੇ ਤਅੱਲਕੇਦਾਰਾਂ ਨੇ ਸਿੰਘ ਫੜਾ ੨ ਮਰਵਾਏ ਸਨ ਉਨ੍ਹਾਂ ਨੂੰ ਦਿਹੁੰ ਦੀਵੀਂ ਐਸੇ ਭੰਬੂਤਾਰੇ ਦਿਖਾਏ ਜੋ ਫੇਰ ਕਦੇ ਕਿਸੇ ਸਿੰਘ ਉੱਤੇ ਹੱਥ ਚੁੱਕਣ ਜੋਗੇ ਨਾ ਛੱਡੇ। ਸਿੰਘਾਂ ਪਾਸ ਜਯੋਂ ੨ ਲੁਟਦਾ ਸਾਮਾਨ ਆਂਵਦਾ ਸੀ ਤਯੋਂ ਤਯੋਂ ਆਪਣੀ ਫੌਜੀ ਤਾਕਤ ਵਧਾਉਂਦੇ ਜਾਂਦੇ ਸੇ। ਇਸ ਸਮੇਂ ਪੰਜਾਹ ਸੱਠ ਸਿੰਘ ਤਾਂ ਸੌ ਸੌ ਘੋੜੇ ਦੇ ਮਾਲਕ ਬਣ ਗਏਸੇ।

ਜੱਦਪਿ ਸ਼ਾਹਜ਼ਾਦੇ ਤਹਿਮੂਰਸ਼ਾਹ ਪਾਸ ਦੁਰਾਨੀਆਂ ਤੇ ਦੇਸੀ ਲੋਗਾਂ ਨੇ ਅਦੀਨਾਬੇਗਖਾਂ ਦੀ ਤੇ ਸਿੰਘਾਂ ਦੀ ਬੁਰਾਈ ਬਹੁਤ ਸੁਣਾਈ, ਪਰ ਓਸਨੇ ਸਿੰਘ ਤੇ ਅਦੀਨਾਬੇਗ ਮਿਲੇ ਹੋਏ ਜਾਣਕੇ ਚਾਰ ਮਹੀਨੇ ਕਿਸੇ ਉੱਤੇ ਕੋਈ ਤੱਦੀ ਨਾ ਕੀਤੀ, ਓਸਦੀ ਨਰਮਾਈ ਤੇ ਨੇਕਨੀਤੀ ਦੇਖਕੇ ਸਿੰਘਾਂਨੇ ਭੀ ਓਸਨੂੰ ਨਾ ਸਤਾਯਾ।

Digitized by Panjab Digital Library | www.panjabdigilib.org

# ਦਿਲੀ ਦਾ ਆਪਸ ਵਿਚ ਬਖੇੜਾ ਤੇ ਨਾਦਰਸ਼ਾਹ ਦਾ ਪੰਜਵਾ ਹਮਲਾ

ਏਥੇ ਏਹ ਭੀ ਜਾਣ ਲੈਣਾ ਚਾਹੀਏ ਕਿ ਅਹਿਮਦ ਸ਼ਾਹ ਬਾਦਸ਼ਾਹ ਜੋ ਮੁਹੰਮਦਸ਼ਾਹ ਦਾ ਬੇਟਾ ਓਦੋਂ ਦਿੱਲੀ ਦੇ ਤਖਤ ਉਤੇ ਸੀ, ਓਸਦੇ ਵਜ਼ੀਰ ਗਾਜ਼ੀਉੱਦੀਨ ਮਸ਼ਹੂਰਗਾਜ਼ਦ ਬਨਰਾ ਨੇ ਬਾਦਸ਼ਾਹ ਨਾਲ ਬਿਗੜਕੇ ਪਹਿਲੇ ਤਾਂ ਬਾਦਸ਼ਾਹ ਦੇ ਅਨੇਕ ਸਹਾਇਕਾਂ ਦੀ ਕੁੰਦੀ ਕੀਤੀ ਤੇ ਫੇਰ ਬਾਦਸ਼ਾਹ ਨੂੰ ਓਸਦੀ ਮਾਂ ਸਮੇਤ ਫੜਕੇ ਗਰਮ ਸੂਏ ਫਿਰਾ ਕਰ ਅੰਨ੍ਹਾ ਕਰ ਘੱਤਜਾ; ਤੇ ਜਹਾਂਦਾਰਸ਼ਾਹ ਅੱਠਵੇਂ ਬਾਦਸ਼ਾਹ ਦੇ ਬੇਟੇ ਨੂੰ ਤਖਤ ਉੱਪਰ ਬੈਠਾਕੇ ਓਸਦੀ ਪਦਵੀ ਸਾਨੀਆਲਮਗੀਰ ਥਾਪ ਦਿਤੀ, ਪਰ ਥੋੜੇ ਹੀ ਮਹੀਨਜਾਂ ਵਿਚ ਗਾਜ਼ੀਦੀਨ ਤੋਂ ਏਹ ਭੀ ਤੰਗ ਆ ਕਰ ਉੱਠਜਾ। ਏਸਨੇ ਆਪਣੀ ਸਹਾਇਤਾ ਵਾਸਤੇ ਚੁਪਚਾਪ ਕਾਬਲ ਦੇ ਬਾਦਸ਼ਾਹ ਨੂੰ ਇੱਕ ਕਰੋੜ ਰੁਪਯਾ ਤੇ ਦੋ ( ਡੋਲੇ ) ਸਾਕ ਦੇਣੇ ਕਰਕੇ ਬੁਲਾ ਲਿਆ। ਓਸੇ ਸਮੇਂ ਸੱਯਦਜਮੀਲ ਆਦਿਕ ਲਾਹੌਰੀ ਅਮੀਰਾਂ ਦੀ ਸਤਾਈ ਹੋਈ ਮੁਰਾਦ ਬੇਗਮ ਲਾਹੌਰ ਦੀ ਸੂਬੇਦਾਰ ਆਪ ਦੁਰਾਨੀ ਬਾਦਸ਼ਾਹ ਨੂੰ ਚੜ੍ਹਾ ਲਜਾਈਸੀ। ਜਦ ਏਨ੍ਹਾਂ ਦੋਹਾਂ ਕੰਮਾਂ ਵਾਸਤੇ ਪੰਜਵੀਂ ਵਾਰੀ ਅਹਿਮਦ ਸ਼ਾਹ ਦੁਰਾਨੀ ਨੇ ਹਿੰਦ ਵਿੱਚ ਆ ਕਰ ਪੰਜਾਬ ਦਾ ਬੰਦੋਬਸਤ ਕੀਤਾ ਤੇ ਦਿੱਲੀ ਪਹੁੰਚਕਰ ਬਾਦਸ਼ਾਹ ਨੂੰ ਗਾਜ਼ੀਦੀਨ ਜ਼ਾਲਮ ਵਜ਼ੀਰ ਦੇ ਪੰਜੇ ਵਿੱਚੋਂ ਛੁਡਾਕੇ ਨਜੀਬਖਾਂ ਰੁਹੇਲੇ ਨੂੰ ਨਜ਼ਮੁਦੌਲਾ ਦਾ ਖਿਤਾਬ ਦੇਕਰ ਵਜ਼ੀਰ ਬਣਾ ਦਿੱਤਾ ਤੇ ਗਾਜ਼ੀਦੀਨ ਆਦਿਕ ਅਮੀਰਾਂ ਤੋਂ ਬੜੀ ਸਖਤੀ ਨਾਲ ਇੱਕ ਕਰੋੜ ਰੁਪਯਾ ਜੁਰਮਾਨਾਂ ਤੇ ਬਾਦਸ਼ਾਹ ਦੀ ਸਕੀ ਭੈਣ ਦਾ ਡੋਲਾ ਆਪਨੂੰ ਅਤੇ

ਉਸਦੀ ਬੇਟੀ ਦਾ ਡੋਲਾ ਅਪਣੇ ਬੇਟੇ ਤਹਿਮੂਰ ਸ਼ਾਹ ਵਾਸਤੇ ਲੈਕੇ ਕਾਬੁਲ ਨੂੰ ਚਲਾ ਗਿਆ ॥

## ਮਰਹੱਟਿਆਂ ਨੇ ਗਾਜ਼ੀਦੀਨ ਦੀ ਸਹਾਇਤਾ ਕਰਨੀ

ਜਦੋਂ ਗਾਜ਼ੀਦੀਨ ਨੇ ਵਜ਼ੀਰੀ ਖੁੱਸ ਜਾਣੇ ਦੇ ਕਾਰਣ ਆਪਣਾ ਅਤੀ ਨਿਰਾਦਰ ਹੋਯਾ ਮੰਨਕੇ, ਆਪਣੀ ਸਹਾਯਤਾ ਤੇ ਦੁਸ਼ਮਣਾਂ ਤੋਂ ਬਦਲਾ ਲੈਣ ਵਾਸਤੇ ਮਰਹੱਟਿਆਂ ਨੂੰ ਬੁਲਾ ਲਿਆ। ਓਦੋਂ ਬਾਜੀਰਾਉ ਤੀਸਰਾ ਪੇਸ਼ਵਾ ਪੂਨੇ ਦੀ ਗੱਦੀ ਪਰ ਸੀ, ਉਸਨੇ ਆਪਣੇ ਬੇਟੇ ਰਘੁਨਾਥਰਾਉ ਨੂੰ ਗਾਜ਼ੀਦੀਨ ਦੀ ਮਦਦ ਵਾਸਤੇ ਤੋਰਕੇ ਆਪਣੇ ਤਾਬੇਦਾਰਾਂ ਸਰਦਾਰਾਂ ਨੂੰ ਏਸ ਦੇ ਨਾਲ ਹੋਣ ਵਾਸਤੇ ਲਿਖ ਭੇਜਯਾ । ਸੋ ਸ਼ੰਭਾ ਜੀ ਕੋਲਾਪੁਰ ਦਾ ਸੂਬੇਦਾਰ ੧, ਰਾਘੋ ਜੀ ਭੋਸਲਾ ਨਾਗਪੁਰ ਦਾ ੨, ਖਾਂਡੇਰਾਇ ਸੇਂਧੀਆ ਗਵਾਲੀਯਰ ਦਾ ੩, ਮਲ੍ਹਾਰ ਰਾਉ ਹੁਲਕਰ ਇੰਦੌਰ ਵਾਲਾ ੪, ਏਹ ਪੇਸ਼ਵਾ ਦੇ ਸੂਬੇ ਬਡੇ੨ ਮੁਲਕ ਤੇ ਲਸ਼ਕਰ ਦੇ ਮਾਲਕ ਸਨ । ਏਨ੍ਹਾਂ ਨੂੰ ਅਪਣੀ ੨ ਫੌਜ ਆਪਣੇ ੨ ਲਾਇਕ ਸਰਦਾਰਾਂ ਦੇ ਨਾਲ ਦੇਕਰ ਰਘੁਨਾਥ ਰਾਉ ਦੇ ਲਸ਼ਕਰ ਨਾਲ ਮਿਲਾਇ ਦਿੱਤਾ। ਏਨ੍ਹਾਂ ਨੇ ਦਿੱਲੀ ਨੂੰ ਜਾ ਘੇਰਿਆ ॥

ਤਦ ਅੰਦਰੋਂ ਨਵਾਬ ਸੁਜਾਉਦੌਲਾ, ਨਵਾਬ ਦੁੰਦੇਖਾਂ ਨਵਾਬ ਅਹਿਮਦਖਾਂ ਫਰੁੱਖਾ ਬਾਦੀਏ, ਹਾਫਜ਼ਾ ਰਹਿਮਤਖਾਂ ਵਜ਼ੀਰ ਨਜੀਬਖਾਂ ਦੋ ਮਹੀਨ ਲੜਦੇ ਰਹੇ । ਹਾਰਕੇ ਨਜੀਬ ਖਾਂ ਭੱਜ ਗਿਆ, ਮਰਹੱਟਿਆਂ ਨੇ ਦਿੱਲੀ ਫਤੇ ਕਰਕੇ ਗਾਜ਼ੀਦੀਨ ਨੂੰ ਫੇਰ ਵਜ਼ੀਰ ਬਣਾਇ ਦਿੱਤਾ ॥

ਮੁਲਕ ਚੰਬਲ ਨਦੀ ਤਕ ਉਧਰ ਤੇ ਹਾਂਸੀ, ਹਸਾਰ,

Digitized by Panjab Digital Library | www.panjabdigilib.org

ਝੱਜਰ, ਹਰਿਆਨਾ ਦੇਸ, ਹਰਿਦ੍ਵਾਰ, ਸਹਾਰਨਪੁਰ ਤਕ ਏਧਰ, ਏਹ ਤਾਂ ਪਹਿਲੇ ਹੀ ਮਰਹਟੇ ਦਬਾ ਚੁੱਕੇ ਸੇ, ਹੁਣ ਰਹਿੰਦਾ ਖੂੰਹਦਾ ਭੀ ਆਪਣੇ ਹੱਥ ਵਿੱਚ ਲੈਕੇ ਹੱਥ ਚੁਕਾਵਾਂ ਮਾਮੂਲਾ ਦੇਣਾ ਤੇ ਨਾਮ ਮਾਤ੍ਰ ਦਿੱਲੀ ਦੀ ਵਜ਼ੀਰੀ ਤੇ ਬਾਦਸ਼ਾਹੀ ਬਣਾ ਰੱਖੀ॥

## ਦੀਨਾ ਬੇਗ ਨੇ ਮ੍ਰਹੱਟੇ ਸੱਦਣੇ

ਅਹਿਮਦਸ਼ਾਹ ਅਬਦਾਲੀ, ਨਜੀਬ ਖਾਂ ਨੂੰ ਵਜ਼ੀਰ ਬਣਾ ਕੇ ਜਾਂਦਾ ਹੋਯਾ ਆਪਣੇ ਬੇਟੇ ਤਹਿਮੂਰ ਸ਼ਾਹ ਨੂੰ ਪੰਜਾਬ ਦਾ ਸੂਬਾ ਬਣਾਕੇ ਲਾਹੌਰ ਛੱਡ ਗਿਆ ਸੀ। ਏਸਨੇ ਸਤਲੁਜ ਬਜਾਸਾ ਦੇ ਵਿਰਕਾਰ ਦੇਸ ਦੇ ਕਦੀਮੀ ਹਾਕਮ ਅਦੀਨਾਬੇਗ ਖਾਂ ਨੂੰ ਜਦ ਬਹੁਤ ਸੰਤਾਯਾ ਤਾਂ ਓਸਨੇ ਮਰਹੱਟਯਾਂ ਨੂੰ ਬੁਲਾ ਭੇਜਯਾ, ਕਿਉਂਕਿ ਓਸ ਸਮੇਂ ਹਿੰਦੁਸਤਾਨ ਉਤੇ ਏਨਾਂ ਦਾ ਹੀ ਹੁਕਮ ਚਲਦਾ ਸੀ, ਤਾਂਹੀ ਸਭ ਨਵਾਬ ਰਾਜੇ ਏਨਾਂ ਦੀ ਖੁਸ਼ਾਮਦ ਕਰਦੇ ਸਨ ਤੇ ਜਦ ਕਿਸੇ ਨੂੰ ਬਿਪਤਾ ਪੈਂਦੀ ਸੀ ਤਾਂ ਏਨਾਂ ਤੋਂ ਹੀ ਮਦਦ ਲੈਕੇ ਛੁਟਦਾ ਸੀ। ਏਸੇ ਕਰਕੇ ਅਦੀਨਾਬੇਗ ਨੇ ਦੁਰਾਨੀਆਂ ਦੇ ਸੰਤਾਏ ਹੋਏ ਮਰਹੱਟਯਾਂ ਨੂੰ ਲਿਖ ਭੇਜਯਾ ਕਿ ਜਦ ਤੁਸੀ ਸਤਲੁਜ ਉਤਰੋਗੇ, ਲਾਹੌਰ ਜਾਂਦਿਆਂ ਤਕ ਫੀ ਪੜਾਉ ਇਕ ਲੱਖ ਰੁਪਯਾ ਖਰਚ ਤੇ ਲਾਹੌਰ ਪਰ ਕਬਜ਼ਾ ਕਰਾਉਣ ਦੀ ਮਦਦ ਮੈਂ ਦੇਵਾਂਗਾ, ਪਰ ਏਹ ਸ਼ਰਤ ਰਹੀ ਕਿ ਮੇਰੇ ਇਲਾਕੇ ਪਰ ਮੇਰੀ ਹਕੂਮਤ ਸੁਤੰਤ੍ਰ ਬਣੀ ਰਹੇ॥

## ਮ੍ਰਹਟਿਆਂ ਦਾ ਸੂਹੰਦ ਪਰ ਜੰਗ ਤੇ ਸਿੰਘਾਂ ਨੇ ਸਰਹੰਦ ਫਤੇ ਕਰਕੇ ਸੋਧਨੀ

ਮਰਹੱਟੇ ਤਾਂ ਚਾਹੁੰਦੇ ਹੀ ਸੇ ਕਿ ਕਿਵੇਂ ਪੰਜਾਬ ਸਾਡੇ ਹਥ ਆਵੇ, ਓਸੇ ਵਕਤ ਰਘੁਨਾਥ ਰਾਉ ਨੇ ਪੰਜਾਬ ਦੀ ਤਰਫ ਕੂਚ

Digitized by Panjab Digital Library | www.panjabdigilib.org

ਕਰ ਦਿਤਾ। ਭਾਦ੍ਰੋਂ ਸੰ: ੧੮੧੩ ਬਿ: ਨੂੰ ਜਦ ਸਰਹੰਦ ਪਹੁੰਚੇ ਤਾਂ ਉਥੋਂ ਦੇ ਸੂਬੇਦਾਰ ਅਬਦੁੱਲੇਖਾਂ ਦੁਰਾਨੀ ਨੇ ਬਡੀ ਭੀਮਡਾਮ ਨਾਲ ਟਾਕਰਾ ਲੀਤਾ, ਪੰਜ ਦਿਨ ਸਰਹੰਦ ਨਾ ਟੁਟੀ, ਅੰਦਰੋਂ ਤੋਪਾਂ ਨੇ ਮਰਹੱਟਿਆਂ ਨੂੰ ਨੇੜੇ ਨਾ ਆਵਣ ਦਿਤਾ। ਅਦੀਨਾਬੇਗ ਖਾਂ ਭੀ ਸਰਦਾਰ ਜੱਸਾ ਸਿੰਘ ਆਦਿਕ ਪੰਜ ਸਤ ਜਥੇਦਾਰਾਂ ਨੂੰ ਨਾਲ ਲੈਕੇ ਉਸੇ ਥਾਂ ਮਰਹੱਟਿਆਂ ਨੂੰ ਜਾ ਮਿਲਿਆ। ਬਾਕੀ ਦੇ ਸਿੰਘ ਭੀ ਸਰਹੰਦ ਨੂੰ ਫਤੇ ਕਰਨ ਦੀ ਮਨਸ਼ਾ ਧਾਰਕੇ (ਜੋ ਦਸ ੨ ਪੰਦ੍ਰਾਂ ੨ ਕੋਹ ਦੇ ਇਰਦ ਗਿਰਦ ਫਿਰ ਰਹੇ ਸੇ) ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਸਰਹੰਦ ਪਹੁੰਚਣਾ ਸੁਣਕੇ ਛਪਾ ਛਪ ਉਸਦੇ ਨਾਲ ਆ ਮਿਲੇ। ਸਿੰਘਾਂ ਨੇ ਇਸਨੂੰ ਸੋਧਣ ਦਾ ਹੁਕਮ ਲੈਕੇ ਸਰਹੰਦ ਪਰ ਹੱਲਾ ਕਰ ਦਿੱਤਾ। ਪਹਿਲੇ ਤਾਂ ਬੁਰਜਾਂ ਦੇ ਗਲਤੇ ਤੇ ਛੋਟੇ ਕਛਿਹਰੇ, ਸੁਧੇਦਾੜੇ, ਪਗੜੇ ਢਿਲਙ, ਜੱਟ ਜੇਹੇ ਦੇਖ ਦੇਖ ਮਰਹੱਟੇ ਠੱਠੇ ਕਰਦੇ ਸੇ, ਪਰ ਜਦ ਸੱਤ ਸ੍ਰੀ ਅਕਾਲ ਗਜਾਕੇ ਹੱਲਾ ਕੀਤਾ, ਫੇਰ ਤਾਂ ਲਾਲ ਮੂੰਹ ਤੇ ਨੇਤ੍ਰ ਚੜ੍ਹੇ ਮੁਛਹਿਰੇ ਖੜੇ ਹੋਕਰ ਬੀਰਰਸ ਤੇ ਰੌਦਰ ਰਸਦਾ ਰੂਪ ਬਾਣਨ ਦੀ ਤਰਾਂ ਕੁਛ ਹੋਰਦੇ ਹੋਰ ਹੀ ਭਯਾਨਕ ਬਣਕੇ ਚਿਤ੍ਰਿਆਂ ਵਾਂਗੂ ਛਾਲਾਂ ਮਾਰਦੇ ਹੋਏ ਸਾਰਦੀ ਬਰਖਾ ਪੈਂਦੀ ਦੇ ਸਾਹਮਣੇ ਚਲ ਗਏ, ਚਟਾਪੱਟ ਨਟਾਂ ਵਾਂਗੂ ਕੁਦਕੇ ਕੋਟ ਉਤੇ ਚੜ੍ਹ ਗਏ, ਵੈਰੀ ਕੱਟਕੇ ਹੇਠਾਂ ਮਾਰੇ ਤੇ ਤੋਪਾਂ ਦੇ ਕਿਲ ਠੋਕ ਠੋਕ ਦਰਵਾਜ਼ਾ ਖੋਲ ਦਿਤਾ, ਫੇਰ ਤਾਂ ਮਰਹਟੇ ਭੀ ਹੱਲਾ ਕਰਕੇ ਅੰਦਰ ਵੜਗਏ। ਉੜਕ ਅਬਦੁੱਲਾ ਖਾਂ ਨੇ ਤਾਂ ਕਾਬਲਦਾ ਰਸਤਾ ਲਿਆ ਤੇ ਸਦੀਕ ਬੇਗ ਨੇ ਅਦੀਨਾਬੇਗ ਦੀ ਮਾਰਫਤ ਰਘੁਨਾਥਰਾਉ ਦੇ ਚਰਨ ਆ ਫੜੇ, ਸ਼ਹਿਰ ਤੇ ਕਿਲਾ, ਮਾਲ ਮਤਾਹ ਸਭ ਕੁਛ ਉਸਦੇ ਹਵਾਲੇ ਕਰਦਿੱਤਾ। ਮਰਹੱਟੇ ਤਾਂ ਬੇਦੋਬਸਤ ਵਿੱਚ ਲੱਗੇ ਰਹੇ

Digitized by Panjab Digital Library | www.panjabdigilib.org

ਤੇ ਸਿੰਘਾਂ ਨੇ ਜਿਨ੍ਹਾਂ ਦੀ ਧਾਂਕ ਅਗੇ ਹੀ ਸਾਰੇ ਪਈ ਹੋਈ ਸੀ, ਖੂਬ ਸੋਧਿਆ ਜਿਸ ਵਿਚ ਸ਼ਸਤ੍ਰ ਆਦ ਸਾਮਾਨ ਚੰਗਾ ਹਥ ਲਗਾ। ਮਰਹਟੇ ਸਿੰਘਾਂ ਦੀ ਇਸ ਰਾਜਨੀਤਕ ਚਾਲ ਪਰ ਖਿਝ ਗਏ ਤੇ ਖੋਹਣ ਆ ਪਏ, ਭਲਾ ਸ਼ੇਰ ਦੀ ਦਾੜ੍ਹ ਵਿੱਚੋਂ ਭੀ ਕਿਸੇ ਨੇ ਮਾਸ ਲੀਤਾ ਹੈ। ਕਸਬੇ ਖੰਨੇ ਪਾਸ ਟਾਕਰਾ ਹੋਯਾ ਤਾਂ ਸਿੰਘ ਅੱਗੋਂ ਤੁਲਵਾਰਾਂ ਸੂਤ ਖੜੋਤੇ, ਮਰਹੱਟੇ ਸਰਦਾਰਾਂ ਨੇ ਸਿੰਘਾਂ ਨਾਲ ਬਿਗਾੜਨਾ ਚੰਗਾ ਨਾ ਸਮਝ ਕੇ ਵਾਧਾ ਨਾ ਕੀਤਾ, ਉਪ੍ਰੰਤ ਸਿੰਘ ਅੰਮ੍ਰਿਤਸਰ ਜਾ ਠਹਿਰੇ ॥

## ਮਰਹਟਿਆਂ ਦਾ ਅਟਕ ਤਕ ਜਾਣਾ ਤੇ ਉੜੀਸਾ ਲੈਣਾ

ਰਘੁਨਾਥ ਰਾਉ ਨੇ ਸਰਹੰਦ ਫਤੇ ਕਰਕੇ ਆਪਣੇ ਸਰਦਾਰਾਂ ਵਿੱਚੋਂ ਨਾਰੈਣਰਾਓ ਨੂੰ ਸਰਹੰਦ ਦਾ ਸੂਬਾ ਤੇ ਅਦੀਨਾ ਬੇਗ ਦੇ ਕਹੇ ਸਦੀਕ ਬੇਗ ਖਾਂ ਨੂੰ ਨਾਯਬ ਥਾਪ ਕਰ ਸਤਲੁਜੋਂ ਪਾਰ ਲਸ਼ਕਰ ਉਤਾਰ ਦਿੱਤਾ। ਮਰਹੱਟਿਆਂ ਤੋਂ ਡਰਦੇ ਮਾਰੇ ਤੈਹਿ-ਮੂਰ ਸ਼ਾਹ ਆਦਿਕ ਦੁਰਾਨੀ ਤਾਂ ਅਪਨੇ ਆਪ ਕਾਬਲ ਨੂੰ ਚਲੇ ਗਏ ਤੇ ਰਘੁਨਾਥ ਰਾਉ ਅਟਕ ਤੱਕ ਸਾਰੀ ਪੰਜਾਬ ਉਤੇ ਬਿਨਾਂ ਲੜਾਈ ਕਬਜਾ ਕਰ ਦਿਤਾ ਤੇ ਆਪਣੇ ਸਰਦਾਰਾਂ ਵਿੱਚੋਂ ਸਾਹਿਬ ਰਾਉ ਨੂੰ ਦਸ ਹਜਾਰ ਫੌਜ ਨਾਲ ਕਿਲੇ ਅਟਕ ਵਿੱਚ, ਤੇ ਤੁਨਕੂਰਾਉ, ਮਾਧੋਰਾਉ ਨੂੰ ਲਾਹੌਰ ਵਿੱਚ, ਅਤੇ ਸਜਾਮ ਜੀ, ਰਾਮਜੀ, ਦੋ ਸਰਦਾਰਾਂ ਨੂੰ ਮੁਲਤਾਨ ਸੌਂਪਕੇ ਆਪ ਫੇਰ ਦੱਖਣ ਨੂੰ ਮੁੜ ਗਿਆ।

ਪੰਜਾਬ ਲੈਣ ਤੋਂ ਸਤ ਬਰਸ ਪਹਿਲੇ ਨਾਗਪੁਰ ਵਾਲੇ ਸੂਬੇ ਨੇ ਅੱਧਾ ਬੰਗਾਲਾ, ਸਾਰਾ ਉੜੀਸਾ ਦੇਸ ਜਿੱਤਕੇ ਜਗਨ-

Digitized by Panjab Digital Library | www.panjabdigilib.org

ਨਾਥ ਦਾ ਮੰਦਰ ਤੇ ਕਾਂਸ਼ੀ ਤੱਕ ਦੇਸ ਫਤੇ ਕਰਕੇ ਕਾਂਸ਼ੀ ਵਿਚ ਬਿਸੂਨਾਥ ਦਾ ਮੰਦਰ ਬਨਾਯਾ। ਜਦ ਪੰਜਾਬ ਭੀ ਏਨਾਂ ਦੇ ਕਬਜੇ ਆ ਗਿਆ ਫੇਰ ਤਾਂ ਮਾਨੋ ਸਾਰੇ ਮੁਲਕ ਪਰ ਏਨਾਂ ਦਾ ਹੀ ਡੰਕਾ ਵੱਜ ਗਿਆ।

ਇਕ ਦਿਨ ਲਾਹੌਰੀ ਮੁਸਲਮਾਨਾਂ ਨੇ ਗਊਆਂ ਮਾਰ ਕੇ ਤਿਹਾਰ ਮਨਾਯਾ। ਮਾਧੋਰਾਉ ਨੇ ਸਾਹਿਬ ਰਾਉ ਅਟਕ ਵਾਲੇ ਦੇ ਹੁਕਮ ਨਾਲ ਚੌਦਾਂ, ਪੰਦ੍ਰਾਂ ਬੁਚੜ ਮਰਵਾ ਸਿਟੇ,ਜਿਸ ਕਰਕੇ ਪੰਜਾਬ ਦੇ ਸਬ ਮੁਸਲਮਾਨ ਮਰਹੱਟਜਾਂ ਨੂੰ ਕੌੜੀਆਂ ਅੱਖਾਂ ਨਾਲ ਤੱਕਣ ਲੱਗ ਪਏ।

ਸਿੰਘਾਂ ਨਾਲ ਭੀ ਮਰਹੱਟਜਾਂ ਦਾ ਘੋਲ ਮਘੋਲ ਤਾਂ ਰਹਿੰਦਾ ਹੀ ਸੀ, ਪਰ ਮਰਹੱਟੇ ਹਿੰਦੂ ਧਰਮ ਦੇ ਅਤੀ ਪਜਾਰੇ, ਤੇ ਮੁਸਲਮਾਨ ਦੇ ਵੈਰੀ ਸਨ, ਏਸ ਤੋਂ ਸਿੰਘਾਂ ਦੇ ਸਿਰ ਨਹੀਂ ਆਉਂਦੇ ਸੇ ਅਤੇ ਸਿੰਘਾਂ ਨੇ ਭੀ ਉਨ੍ਹਾਂਨੂੰ ਕੋਈ ਦਿਨ ਦੇ ਪਰਾ-ਹੁਣੇ ਸਮਝਕੇ ਕੁਛ ਨਾ ਆਖਣਾ।

ਮਰਹੱਟਜਾਂ ਨੇ ਸਿੰਘਾਂਨੂੰ ਇਕ ਬੜੀ ਸੂਰਬੀਰ ਕੌਮਸਮਝਕੇ ਆਪਣੇ ਸਾਥੀ ਕਰ ਲੈਣ ਦੇ ਜਤਨ ਕੀਤੇ, ਪਰ ਸਿੰਘ ਤਾਂ ਕਿਸੇ ਦੀ ਆਨ ਨਹੀਂ ਮੰਨਦੇ ਸੇ ਤੇ ਹਰ ਸਮੇਂ ਸੁਤੰਤ੍ਰ ਹੀ ਰਹਣਾ ਪਸੰਦ ਕਰਦੇ ਸਨ, ਇਸ ਲਈ ਉਨ੍ਹਾਂ ਨਾਲ ਮੇਲ ਨਾ ਹੋਇਆ।

## ਸਿੰਘਾਂ ਨੇ ਮੁੜ ਦੁਆਬੇ ਜਾਣਾ

ਅਦੀਨਾ ਬੇਗ ਖਾਂ ਹਰ ਸਾਲ ਸਿੰਘਾਂ ਨੂੰ ਦਾਰੂ ਸਿੱਕਾ ਤੇ ਕੁਛ ਨਕਦੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਮਾਰਫਤ ਦਿੰਦਾ ਰਹਿੰਦਾ ਸੀ, ਇਸ ਸਾਲ ਮਰਹੱਟਜਾਂ ਦੇ ਗੁਮਾਨ ਵਿੱਚ ਆਕੜ ਬੈਠਾ। ਸਿੰਘਾਂ ਨੇ ਅਨੰਦ ਪੁਰ ਦੇ ਹੋਲੇਨੂੰ

Digitized by Panjab Digital Library | www.panjabdigilib.org

ਜਾਣਦਾ ਬਹਾਨਾ ਕਰਕੇ ਉਸਦੇ ਇਲਾਕੇ ਦੁਾਬੇ ਵਿੱਚ ਦੀਂ ਵਹੀਰ ਪਾ ਦਿੱਤਾ। ਜਦ ਥੋੜਾ ਹੀ ਆਪਣੇ ਸੁਭਾਵ ਦਾ ਹੱਥ ਦਿਖਾਯਾ ਤਾਂ ਦਸ ਹਜ਼ਾਰ ਰੁਪਯਾ ਨਕਦ ਨਜ਼ਰ ਦੇਕਰ ਪੈਰੀਂ ਹੱਥ ਲਾਕੇ ਆਪਣੇ ਇਲਾਕੇ ਵਿੱਚੋਂ ਪੰਥ ਨੂੰ ਵਿਦਾ ਕੀਤਾ। ਸੋ ਅੱਧਕੁ ਸਿੰਘ ਤਾਂ ਦਵਾਬੇ ਵਿੱਚ ਦੀ ਸਿੱਧੇ ਆਨੰਦ ਪੁਰ ਜਾ ਉਤਰੇ, ਅਤੇ ਚਾਰਕ ਜੱਥੇ ਮਾਛੀਵਾੜੇ ਦੇ ਪੱਤਣ ਲੰਘਕੇ ਮਾਛੀਵਾੜੀਏ ਨਜੀਬ ਖਾਂ, ਤੇ ਬਹਿਲੋਲ ਪੁਰੀਏ ਬਹਾ-ਦਰਖਾਂ, ਸੱਮੇ ਖਾਂ ਆਦਿਕ ਕਿੜੀ ਤੇ ਕੋਟਲੇਵਾਲੇ ਪਠਾਣਾਂ ਤੋਂ ਨਜ਼ਰਾਂ ਤੇ ਰਸਤਾਂ ਲੈਂਦੇ ਹੋਏ ਸਰਹੰਦ ਦੀ ਤਰਫ ਤੁਰ ਪਏ ॥

## ਸਿੰਘਾਂ ਦੇ ਜੰਗ ਸੰਘੋਲ ਸਜਾਲਬੇ ਤੇ ਹੋਲਾ ਅਨੰਦ ਪੁਰ ਕਰਨਾ

ਤਦ ਸਦੀਕਬੇਗਖਾਂ ਸਰਹੰਦੀ ਸੂਬੇ ਨੇ ਫੌਜ ਭੇਜ ਦਿੱਤੀ ਕਈ ਮੁਕਾਬਲੇ ਹੋਏ, ਓੜਕ ਸਦੀਕਬੇਗ ਘੁੜਨੈਲ ਤੋਪਾਂ ਤੇ ਦੇਸਦੇ ਜਾਗੀਰਦਾਰਾਂ ਨੂੰ ਲੈਕੇ ਆਪ ਚੜ੍ਹ ਆਯਾ। ਸੰਘੋਲ ਪਿੰਡ ਪਾਸ ਭਾਰੀ ਜੰਗ ਹੋਯਾ, ਅੱਗੇ ੨ ਸਿੰਘ ਪਿਛੇ ੨ ਤੁਰਕ ਹੋਗਏ, ਇਥੇ ਸਿੰਘਾਂ ਦਾ ਬੀ ਨੁਕਸਾਨ ਹੋਯਾ, ਪਹਾੜਾਂ ਦੀ ਕੰਢੀ ਸੱਯਾਲਬੇ ਪਿੰਡ ਪਾਸ ਢੁਕੇ ਤਾਂ ਅਨੰਦਪੁਰੀਏ ਸਿੰਘ ਇਹ ਖਬਰ ਸੁਣਕੇ ਆਚਨਕ ਆ ਬਾਹੁੜੇ ਦੋਹਾਂ ਪਾਸਯਾਂ ਤੋਂ ਖੂਬ ਕਹਿਰ ਦੀ ਤੇਗ ਚੱਲੀ, ਪਰ ਸਿੰਘਾਂ ਨੇ ਲੱਲੀ ਛੱਲੀ ਸਭ ਅਗੇਧਰ ਲਈ।ਸਦੀਕਬੇਗ ਨੇ ਸਰਹੰਦੋਂ ਉਰੇ ਸਾਹ ਨਾ ਲਿਆ। ਜਦ ਸਿੰਘ ਉਸਦੇ ਦੇਸਦੀ ਕੱਛ ਕਰਣ ਲੱਗ ਪਏ ਤਾਂ ਹਾਰਕੇ ਦਸਹਜ਼ਾਰ ਰੁਪਯਾਨਜ਼ਰ ਦੇਕੇ ਖਯਾਲ ਛੁਡਾਯਾ। ਰੋਪੜੀਏ

Digitized by Panjab Digital Library | www.panjabdigilib.org

ਪਠਾਣਾਂ, ਤੇ ਨਾਲ੍ਹਾਗੜੀਏ ਰਾਜਾ ਤੋਂ ਨਜ਼ਰਾਨਾ ਲੈਕੇ ਸਿੰਘਾਂ ਨੇ ਸੰਮਤ ੧੮੧੩ ਬਿ: ਨੂੰ ਆਨੰਦਪੁਰ ਦੇ ਹੋਲੇ ਮੇਲੇ ਵਿੱਚ ਗੁਲਾਲ ਤੇ ਕੂਣਕੇ ਜਾ ਉਡਾਏ ॥

# ਨਾਦਰ ਸ਼ਾਹ ਦਾ ਛੀਵਾਂ ਹਮਲਾ ਮਰਹੱਟੇ ਤੇ ਦੁਰਾਨੀਆਂ ਦਾ ਜੁਧ

ਓਧਰ ਗਾਜ਼ੀਦੀਨ ਵਜ਼ੀਰ ਨੇ ਨਜੀਬ ਖਾਂ ਨੂੰ ਨਜੀਬਗੜ ਵਿੱਚ ਜਾ ਘੇਰਜਾ ਅਤੇ ਭਾਰੀ ਤੰਗ ਕੀਤਾ। ਹਾਰ ਕੇ ਨਜੀਬਖਾਂ ਨੇ ਤਿੰਨ ਕਰੋੜ ਰੁਪਯਾ ਤਮਰੋਜੀ (ਸਿੱਕਾ ਜੋ ਓਸ ਸਮੇਂ ਚਲਦਾ ਸੀ) ਦੇਣਾ ਕਰਕੇ ਅਹਿਮਦ ਸ਼ਾਹ ਅਬਦਾਲੀ ਨੂੰ ਆਪਣੀ ਕੁਮਕ ਪਰ ਬੁਲਾ ਲਿਆ ॥

ਅਹਿਮਦ ਸ਼ਾਹ ਤਾਂ ਮਰਹੱਟਜਾਂ ਨੂੰ ਪੰਜਾਬੋਂ ਕੱਢਣ ਵਾਸਤੇ ਪਹਿਲੇਹੀ ਤੱਯਾਰ ਹੋ ਰਿਹਾ ਸੀ, ਪਰ ਨਜੀਬਖਾਂ ਦੀ ਅਰਜੀ (ਜਿਸ ਪਰ ਸਾਨੀ ਆਲਮਗੀਰ ਦੇ ਭੀ ਦਸਤਖਤ ਸੇ) ਜਿਸ ਵਕਤ ਪਹੁੰਚੀ, ਓਸੇ ਵੇਲੇ ਤਿੰਨ ਕਰੋੜ ਦੇ ਲਾਲਚ ਦੀ ਖੁਸ਼ੀ ਚੜ੍ਹ ਗਈ, ਫੇਰ ਤਾਂ ਡੇਢ ਲੱਖ ਅਸਵਾਰ ਪਯਾਦੇ ਨਾਲ ਵਾਗ ਫੜ ਲਈ। ਅਜੇ ਜਲਾਲਾਬਾਦ ਹੀ ਪਹੁੰਚਜਾ ਸੀ ਜੋ ਮਰਹੱਟਜਾਂ ਨੂੰ ਅੱਗੇ ਹੀ ਅਫੜਾ ਦਫੜੀ ਪੈਗਈ। ਪੰਜਾਬ ਦੇ ਮੁਸਲਮਾਨ ਤਾਂ ਪਹਿਲੇ ਹੀ ਮਰਹੱਟਜਾਂ ਦੇ ਲਹੂ ਦੇ ਤਿਹਾਏ ਸਨ, ਹਿੰਦੂ ਕੁਛ ਮਦਦ ਦੇਣ ਜੋਗੇ ਨਾ ਵੇਖੇ, ਸਿੰਘਾਂ ਨਾਲ ਖੜਬਾ ਖੜਬੀ ਹੋ ਰਹੀ ਸੀ, ਏਸ ਕਰਕੇ ਡਰਦੇ ਮਾਰੇ ਮਰਹੱਟੇ ਹੜ ਬੜਾ ਉੱਠੇ ॥

ਅਟਕ ਦੇ ਕਿਲੇਦਾਰ ਸਾਹਿਬ ਰਾਉਨੇ ਤਾਂ ਓਥੇ ਪਾਣੀਭੀਨਾ ਪੀਤਾ, ਬਿਨਾ ਪਲੀਤਾ ਦਾਗੇ ਦੁਰਾਨੀਆਂ ਦੇ ਅੱਗੇ ਲੱਗ

Digitized by Panjab Digital Library | www.panjabdigilib.org

ਤੁਰਿਆ, ਰੁਤਾਸਪਾਸ ਆਕੇ ਰੁਕੇ ਹੋਏ ਨੇ ਥੋੜੀ ਜੇਹੀ ਲੜਾਈ ਕੀਤੀ, ਪਰ ਕੁਛ ਨਾ ਸਰਿਆ, ਸਗੋਂ ਦੁਰਾਨੀਆਂ ਨੂੰ ਆਪਣਾ ਪੋਲ ਜ਼ਾਹਰ ਕਰ ਦਿਖਾਯਾ, ਜਿਸਤੋਂ ਓਹ ਮਛਰ ਕੇ ਸਿਰੇ ਚੜ੍ਹਗਏ, ਪਰ ਅਹਿਮਦ ਸ਼ਾਹ ਨੇ ਜੋ ਏਹੋ ਜੇਹੇ ਕੰਮਾਂ ਦਾ ਭਾਰੀ ਭੇਤੀਸੀ (ਮਾਰੀ ਨਾਲੋਂ ਪਿਦਕਾਈ ਚੰਗੀ ਸਮਝ ਕੇ) ਮਰਹਟਯਾਂ ਨੂੰ ਦੂਰੋਂ ਭੂਮ ਡਰਾਵਾ ਰੱਖਯਾ, ਹੱਥ ਨਾ ਪਾਯਾ। ਏਸਵੇਲੇ ਮਰਹਟੇ ਤਾਂ ਪੰਜਾਬ ਖਾਲੀ ਕਰਕੇ ਜਿਥੋਂ ਨਿਕਲੇ ਸੇ ਓਥੇ ਹੀ ਚਲੇ ਗਏ ਤੇ ਦੁਰਾਨੀ ਸ਼ਾਹ ਨੇ ਚੜ੍ਹਦੇ ਵੈਸਾਖ ਸੰ: ੧੮੧੪ ਬਿ: ਨੂੰ ਲਾਹੌਰ ਪਹੁੰਚਕੇ, ਆਪਣੇ ਸਰਦਾਰ ਕਰਮਦਾਦ ਖਾਂ ਨੂੰ ਲਾਹੌਰ ਦਾ ਹਾਕਮ ਥਾਪ ਕਰ ਅਬਦੁਲ ਖਾਂ ਨੂੰ ਜੋ ਸਰਹੰਦੋਂ ਭੱਜਿਯਾਸੀ, ਸੱਤ ਹਜ਼ਾਰ ਅਸਵਾਰ ਦੇਕੇ ਸਿੱਖਾਂ ਨੂੰ ਸਿਖਯਾ ਦੇਣ ਲਈ ਛੱਡਯਾ, ਆਪ ਜਮਨਾਪਾਰ ਹੋਕੇ ਸਹਾਰਨਪੁਰ ਆ ਉੱਤਰਯਾ। ਓਧਰ ਗਾਜ਼ੀਦੀਨ ਵਜ਼ੀਰ ਨੇ ਸਾਨੀਆਲਮਗੀਰ ਨੂੰ ਭੀ ਦੁਸ਼ਮਣਾਂ ਦਾ ਸਾਥੀ ਸਮਝਕੇ ਛੁਰੀਆਂ ਨਾਲ ਮਰਵਾਕੇ, ਜਮਨਾ ਦੀ ਰੇਤੀ ਵਿੱਚ ਸਿਟਵਾ ਦਿੱਤਾ। ਬਦਮਾਸ਼ਾਂ ਨੇ ਓਸਦੇ ਕਪੜੇ ਉਤਾਰਕੇ ਅਲਫ ਨੰਗਾ ਕਰ ਛੱਡਯਾ, ਗਾਜ਼ੀਦੀਨ ਭੱਜ ਕੇ ਮਲਾਰ ਰਾਉ ਇੰਦੌਰ ਵਾਲੇ ਦੀ ਅਮਲਦਾਰੀ ਵਿੱਚ ਚਲਾ ਗਿਆ॥

ਨਵਾਬ ਸੁਜਾਉਲਦੌਲਾ ਨੇ ਆਲਮਗੀਰ ਸਾਨੀ ਦੇ ਬੇਟੇ ਨੂੰ ਬੰਗਾਲੇ ਵਿਚੋਂ ਬੁਲਾ ਕੇ ਤਖਤ ਉੱਤੇ ਬੈਠਾ ਦਿਤਾ ਤੇ ਸ਼ਾਹ ਆਲਮ ਏਸਦਾ ਖਤਾਬ ਰੱਖਯਾ।

## ਸ਼ਾਹ ਦੁਰਾਨੀ ਨੇ ਮੁਲਕ ਲੁਟਣਾ

ਅਹਿਮਦ ਸ਼ਾਹ ਦੁਰਾਨੀ ਵੀ ਦਿੱਲੀ ਜਾ ਵੜਿਆ।

Digitized by Panjab Digital Library | www.panjabdigilib.org

ਗਾਜ਼ੀਦੀਨ ਵੀ ਸਬ ਜਾਇਦਾਦ ਨੀਲਾਮ ਕਰਕੇ ਬਹੁਤ੍ਰ ਲੱਖ ਰੁਪਯਾ ਵੱਟ ਲਿਆ ਤੇ ਓਸਦੇ ਪੱਖਵਾਲੇ ਆਦਮੀ ਨਜੀਬਖਾਂ ਰੁਹੇਲੇ ਨੇ ਚੁਣ ਚੁਣ ਕੇ ਕਤਲ ਕਰਵਾ ਸਿਟੇ । ਬਾਦਸ਼ਾਹ ਨੇ ਤਿੰਨ ਕਰੋੜ ਰੁਪਯਾ ਤਾਂ ਹੌਲੀ ਦੇਕੇ ਨਜੀਬਖਾਂ ਤੋਂ ਫਟੋਕ ਲਿਆ ਤੇ ਬਾਕੀ ਹੋਰ ਅਮੀਰਾਂ ਨੂੰ ਦੁਖ ਦੇਕੇ ਇਕ ਕਰੋੜ ਰੁਪਯਾ ਕਢਵਾ ਲਿਆ ਤੇ ਨਜੀਬਖਾਂ ਨੂੰ ਵਜੀਰ ਬਣਾਕੇ ਆਪ ਕੋਇਲ ਦੀ ਤਰਫ ਨੂੰ ਮੂੰਹ ਚੁਕ ਲਿਆ । ਬੱਲਮਗੜ੍ਹੀਏ ਰਾਜਾ ਨੂੰ ਲੁਟ ਪੁਟ ਕਰ ਅਲੀਗੜ੍ਹ ਜਾ ਵੜਿਆ, ਓਥੋਂ ਮਰਹੱਟੇ ਤਾਂ ਥੋੜੀ ਜੇਹੀ ਲੜਾਈ ਕਰਕੇ ਢੀਘਵੰਨੀ ਦੌੜ ਗਏ ਤੇ ਸ਼ਹਿਰ ਨੂੰ ਦੁਰਾਨੀਆਂ ਨੇ ਚੰਗੀ ਤਰਾਂ ਨਿਸ਼ੰਗ ਹੋਕੇ ਐਸਾ ਕਹਿਰ ਦਾ ਮਾਂਜਾ ਮਾਰਯਾ ਜੋ ਕਿਸੇ ਹਿੰਦੂ ਦੇ ਘਰ ਕੁਛ ਨਾ ਛੱਡਯਾ । ਏਥੋਂ ਚੜ੍ਹਕੇ ਫੇਰ ਮਥੁਰਾ ਜਾ ਲੁਟੀ । ਜਿਨਾਂ ਮੰਦਰਾਂ ਵਿਚ ਦਸ ਦਸ ਲੱਖ ਰੁਪਏ ਦਾ ਸੋਨਾ, ਚਾਂਦੀ, ਹੀਰਾ, ਮੋਤੀ, ਜੜਾਊ ਛੱਤਾਂ ਤੇ ਮੂਰਤਾਂ ਬਰਤਨ ਆਦਿਕ ਸਾਮਾਨ ਸੇ ਓਹ ਮੰਦਰ ਗਿਰਵਾ ੨ ਮੂਰਤਾਂ ਤੁੜਵਾ ੨ ਸੱਤਜਾਨਾਸ ਕਰਛੱਡਯਾ, ਏਸੇਤਰਾਂ ਤਿੰਨ ਮਹੀਨੇ ਦੇਸ ਲੁਟ ਪੁਟਕੇ ਵੈਰਾਨ ਕਰ ਛੱਡਯਾ, ਕਰੋੜਾਂ ਰੁਪਏ ਦਾ ਮਾਲ ਲੈਕਰ ਮੁੜ ਸਰਹੰਦ ਜਾ ਉਤਰਯਾ । ਮਲੇਰ ਕੋਟਲੇ ਵਾਲੇ ਪਠਾਣਾਂ ਨੇ ਤੇ ਰਾਇਕੋਟੀਏ ਰਜਪੂਤਾਂ ਨੇ ਬਾਦਸ਼ਾਹ ਦੇ ਚਰਨਾਂ ਵਿਚ ਹਾਜ਼ਰ ਹੋਕੇ ਰਾਜਾ ਆਲਾਸਿੰਘ ਦੀ ਬੁਰਾਈ, ਚੁਗਲੀ ਕਰਕੇ ਬਾਦਸ਼ਾਹ ਨੂੰ ਗੁੱਸੇ ਕਰਾ ਦਿਤਾ । ਓਸ ਲਾਈ ਲਗ ਨੇ ਤੁਰਤ ਫੌਜ ਭੇਜ ਦਿੱਤੀ, ਜਿਸਨੇ ਕਸਬੇ ਬਰਨਾਲੇ ਸਮੇਤ ਓਸਦੇ ਇਲਾਕੇ ਵਿਚ ਭਾਰੀ ਖਰੂਦ ਮਚਾਯਾ । ਓਦੋਂ ਰਾਜਾ ਆਲਾ ਸਿੰਘ ਸਨਾਮ ਸ਼ਹਿਰ ਵੰਨੀ ਦੌਰੇ ਪਰ ਗਿਆ ਹੋਯਾ ਸੀ, ਏਹ ਹਾਲ ਸੁਣਕੇ ਬਾਦਸ਼ਾਹ ਦੇ

Digitized by Panjab Digital Library | www.panjabdigilib.org

ਪਾਸ ਜਾ ਹਾਜ਼ਰ ਹੋਯਾ, ਓਸਨੇ ਏਸਦਾ ਕੋਈ ਉਜ਼ਰ ਨਾ ਸੁਣਿਆਂ, ਸਗੋਂ ਕੈਦ ਕਰ ਲਿਆ।

## ਆਲਾਸਿੰਘਨੂੰਸੰ:੧੮੧੪ਵਿੱਚ ਰਾਜਗੀ ਖਿਤਾਬ

ਰਾਜਾ ਆਲਾਸਿੰਘ ਦੀ ਰਾਣੀ ਫਤੋ ਤੇ ਬੀਬੀ ਪ੍ਰਧਾਨ ਨੇ ਜੋ ਨਿਹਾਯਤ ਦੂਰੰਦੇਸੀ ਤੇ ਦਾਨਾਈ ਦਾ ਕੋਟ ਸਨ, ਬਹੁਤ ਸ਼ੀਘਰ ਸਰਹੰਦ ਜਾਕੇ ਬਾਦਸ਼ਾਹ ਦੇ ਵਜ਼ੀਰ ਵਲੀਸ਼ਾਹ ਦੀ ਮਾਰਫਤ ਤਿੰਨ ਲੱਖ ਰੁਪਯਾ ਸਾਲਾਨਾ (ਖਿਰਾਜ) ਮਾਮੂਲਾ ਬਾਦਸ਼ਾਹ ਨੂੰ ਦੇਣਾ ਕਰਕੇ ਰਾਜਾ ਸਾਹਿਬ ਨੂੰ ਛੁਡਾ ਲਿਆ। ਵਜ਼ੀਰ ਨੇ ਕੁਛ ਲਾਲਚ ਲੈਕੇ ਖਿਲਤ ਤੇ ਖਿਤਾਬ ਰਾਜਗੀ ਦਾ ਰਾਜਾ ਆਲਾ ਸਿੰਘ ਨੂ ਦਿਵਾਇ ਦਿਤਾ; ਸੱਚ ਹੈ—"ਨੇਕੀ ਨੇਕਾਂ ਬਦੀ ਬਖੀਲਾਂ।" ਸਗੋਂ ਚੁਗਲਾਂ ਦੇ ਮੂੰਹ ਸ਼ਰਮਿੰਦਗੀ ਦੀ ਸ਼ੱਕਰ ਪਈ ਤੇ ਕਲੰਕੀ ਹੋਏ, ਅਗੇ ਨੂੰ ਮੂੰਹ ਚਿੱਤ ਲੱਗਣੋ ਗਏ॥

## ਸਿੰਘਾਂ ਨੇ ਦੁਰਾਨੀ ਸੋਧਣੇ ਤੇ ਹਾਠੂ ਸਿੰਘ ਦਾ ਹਾਥੀ ਨਾਲ ਜੁਧ

ਅਹਿਮਦਸ਼ਾਹ ਸਰਹੰਦ ਵਿੱਚ ਆਪਣੀ ਤਰਫੋਂ ਜੈਨ ਖਾਂਨੂੰ ਸੂਬਾ ਕਰਕੇ ਜਦ ਲਾਹੌਰ ਨੂੰ ਚੱਲਿਆ ਤਾਂ ਇੱਕ ਤਾਂ ਸਾਵਣ ਵਿੱਚ ਬਹੁਤ ਬਰਖਾ ਹੋਣੇ ਕਰ ਨਦੀਆਂ ਨਾਲੇ ਚੜ੍ਹ ਜਾਏ, ਗੱਡੇ ਊਠ ਚੱਲ ਨਾ ਸੱਕਣ, ਫੌਜ ਬਹੁਤ ਦੁਖੀ ਹੋਈ। ਦੂਸਰੇ ਸਿੰਘ ਮੱਝਜਾਲਾ ਵਾਂਗੂ ਗਿਰਦੇ ਆਣ ਹੋਏ। ਜਿਸ ਵੇਲੇ ਦੁਰਾਨੀ ਮਥਰਾ, ਕੋਇਲ ਵੱਲ ਗਿਆ ਤਾਂ ਉਸਨੇ ਬੜੇ ਬੜੇ ਜ਼ੁਲਮ ਕੀਤੇ ਵਾਪਸ ਹੁੰਦੇ ਹੋਏ ਨੂੰ ਸਿੰਘਾਂ ਦਾ ਟਾਕਰਾ ਹੋ ਪਿਆ, ਜਿਸ ਤੇ ਸਿੰਘਾਂ ਨੇ ਕੀਤੇ ਕੁਕਰਮਾਂ ਦਾ ਫਲ ਉਨਾਂ ਨੂੰ ਚੰਗੀ ਤਰਾਂ ਦਿਤਾ। ਬਾਦਸ਼ਾਹ ਨੇ ਲਾਹੌਰ

Digitized by Panjab Digital Library | www.panjabdigilib.org

ਪਹੁੰਚਕੇ ਬਖਸ਼ੀ ਬੁਲੰਦਖਾਂ ਨੂੰ ਫੌਜ ਦੇਕਰ ਸਿੰਘਾਂ ਉੱਤੇ ਚੜ੍ਹਾ ਦਿੱਤਾ। ਭਾਵੇਂ ਕਈ ਵਾਰੀ ਜੰਗਲਾਂ ਵਿੱਚੋਂ ਨਿਕਲ ੨ ਕੇ ਸਿੰਘ ਦੁਰਾਨੀਆਂ ਨਾਲ ਟੱਕਰੇ, ਪਰ ਮੱਥੇ ਡਾਹਕੇ ਨਾ ਲੜੇ। ਵੇਲੇ ਕੁਵੇਲੇ ਮਾਰੋਮਾਰ ਕਰਕੇ ਫੇਰ ਜੰਗਲਾਂ ਵਿਚ ਲੁਕ ਛਪ ਜਾਂਦੇ ਰਹੇ। ਸਿੰਘ ਤਾਂ ਉਨ੍ਹਾਂ ਜੰਗਲਾਂ ਦੇ ਸੂਹੇਂ ਮ੍ਰਿਗ ਬਣ ਰਹੇ ਸੇ ਤੇ ਦੁਰਾਨੀਆਂ ਨੂੰ ਉਹ ਜੰਗਲ ਮੌਤ ਸੀ, ਏਸੇ ਕਰਕੇ ਦੁਸ਼ਮਣਾਂ ਦੇ ਸਾਰੇ ਉੱਦਮ ਬ੍ਰਿਥੇ ਜਾਂਦੇ। ਹਾਰਕੇ ਬੁਲੰਦ ਖਾਂ ਜੰਗਲਾਂ ਦੇ ਹੱਥੀਂ ਪਚੀਸ, ਤੀਸ ਸਿੰਘ ਤੇ ਸੌ, ਪਚਾਸ ਸਿੰਘਣੀ, ਲੜਕੇ (ਭੁਜੰਗੀ) ਲੈਕੇ ਬਾਦਸ਼ਾਹ ਪਾ ਆਗਿਆ। ਉਨ੍ਹਾਂ ਵਿਚ ਹਾਠੂ ਸਿੰਘ, ਕੇਹਰ ਸਿੰਘ, ਬਾਘੜ ਸਿੰਘ, ਹਰੀ ਸਿੰਘ, ਰਾਵਨ ਸਿੰਘ ਆਦਿਕ ਜੋ ਸਿੰਘ ਸੇ ਉਨਾਂ ਕੈਦੀਆਂ ਨੇ ਜਦ ਅਹਿਮਦ ਸ਼ਾਹ ਦੇ ਸਾਹਮਣੇ ਜਾਕੇ ਫਤੇ ਬੁਲਾਈ ਤਾਂ ਅਹਿਮਦ ਸ਼ਾਹ ਨੇ ਪੁਛਿਆ (ਪ੍ਰਸ਼ਨ) ਤੁਸੀ ਕੌਣ ਹੋ? (ਉਤ੍ਰ) ਅਸੀ ਸਿੰਘ ਹਾਂ (ਪ੍ਰਸ਼ਨ) ਝੂਠੇ ਕੇ ਸਚੇ? (ਉਤ੍ਰ) ਸੱਚੇ। ਸ਼ਾਹ ਨੇ ਆਖਿਆ, ਜੇ ਸਚੇ ਹੋ ਤਾਂ ਹਾਥੀ ਨਾਲ ਲੜੋ। ਸਿੰਘ ਨੇ ਤਲਵਾਰ ਮੰਗੀ ਤਾਂ ਬਾਦਸ਼ਾਹ ਨੇ ਤਮਾਸ਼ਾ ਦੇਖਣ ਲਈ ਹਾਠੂ ਸਿੰਘ ਨੂੰ ਕੈਦ ਵਿਚੋਂ ਛੁਡਾਕੇ, ਜੇਹੜੀ ਤਲਵਾਰ ਉਸਨੇ ਪਸੰਦ ਕੀਤੀ ਉਹੋ ਫੜਾ ਦਿਤੀ, ਅਤੇ ਕਿਲੇ ਲਾਹੌਰ ਦੇ ਅੱਗੇ ਮੈਦਾਨ ਵਿਚ ਖੂੰਨੀ ਹਾਥੀ ਨੂੰ ਸ਼ਰਾਬ ਪਿਲਾਕੇ ਸਿੰਘ ਉੱਤੇ ਛੁਡਵਾ ਦਿੱਤਾ, ਸਾਰਾ ਸ਼ਹਿਰ ਤੇ ਫੌਜ ਖੜੇ ਦੇਖ ਰਹੇ ਸਨ। ਹਾਥੀ ਨੇ ਸਿੰਘ ਉੱਪਰ ਹੱਲਾ ਕੀਤਾ, ਸਿੰਘ ਨੇ ਖੁੰਝਾਈ ਮਾਰੀ ਤੇ ਪਿੱਛੋਂ ਦੀ ਹੋਕੇ ਲੰਡਾ ਕਰ ਕੱਢਿਆ। ਫੇਰ ਹਾਥੀ ਉਲਟ ਕੇ ਪਿਆ ਤਾਂ ਸਿੰਘ ਨੇ ਸੁੰਡ ਉਡਾ ਸਿੱਟੀ, ਲਹੂ ਦੇ ਬੰਬੇ ਛੁਟ ਪਏ। ਲੋਗਾਂ ਨੂੰ ਤਮਾਸ਼ਾ ਦੇਖਾਉਣ ਲਈ ਕਈ ਵਾਰੀ ਹਾਥੀ

Digitized by Panjab Digital Library | www.panjabdigilib.org

ਦੇ ਅੱਗੇ ਪਿੱਛੇ ਫਿਰਿਆ, ਉੜਕ ਤਕਾਕੇ ਐਸੀ ਚਲਾਈ ਜੋ ਹਾਥੀ ਦੀ ਖੁਰ ਲਾਹ ਧਰੀ, ਹਾਥੀ ਤਾਂ ਪਹਾੜ ਦੀ ਤਰਾਂ ਘੜੱਮ ਕਰਦਾ ਡਿੱਗ ਪਿਆ ਤੇ ਸਿੰਘ ਨੇ ਬਾਦਸ਼ਾਹ ਨੂੰ ਫਤੇ ਜਾ ਬੁਲਾਈ ॥

## ਹਾਠੂ ਸਿੰਘ ਤੇ ਬਾਘੜ ਸਿੰਘ ਲੜੇ

ਬਾਦਸ਼ਾਹ ਨੇ ਖੁਸ਼ੀ ਹੋਕਰ ਸਭ ਨੂੰ ਛੁਡਾ ਕਰ ਆਖਯਾ, ਹਾਥੀ ਤਾਂ ਹੈਵਾਨ ਸੀ, ਕਿਸੇ ਇਨਸਾਨ ਨਾਲ ਲੜੋ, ਏਹ ਸੁਣਦਾ ਹੀ ਬਾਘੜ ਸਿੰਘ, ਉਛਲਕੇ ਸਾਹਮਣੇ ਆ ਖੜਾ ਹੋਯਾ, ਫੇਰ ਤਾਂ ਦੁਰਾਨੀਆਂ ਨੂੰ ਭੀ ਲੜਨਾ ਪਿਆ, ਪੰਜਾਂ ਸਿੰਘਾਂ ਨਾਲ ਇੱਕੋ ਵਾਰੀ ਪੰਜ ਦੁਰਾਨੀ ਗਿਣਕੇ ਦੋ ਲੜਾਏ, ਚਾਰ ਦੁਰਾਨੀ, ਇਕ ਸਿੰਘ ਸ਼ਹੀਦ ਹੋਏ। ਫੇਰ ਤਿੰਨ ਦੁਰਾਨੀ ਹੋਰ ਨਿਕਲੇ ਜੋ ਰਾਵਣ ਸਿੰਘ ਇਕੱਲੇ ਨੇ ਹੀ ਛਾਂਗ ਸਿਟੇ। ਪਰ ਆਪ ਭੀ ਥੋੜੀ ਦੇਰ ਬਾਦ ਜ਼ਖਮਾਂ ਦੇ ਅਕੜਾਉਣ ਨਾਲ ਦੇਹ ਛਡ ਗਿਆ। ਸਿੰਘਾਂ ਦੀ ਬਹਾਦਰੀ ਤੇ ਤਾਕਤ ਸ਼ਸਤਰ ਵਿਦਯਾ ਦੇਖਕੇ ਬਾਦਸ਼ਾਹ ਨੇ ਅਸਚਰਜ ਹੋਕਰ ਆਖਯਾ, ਏਹੋ ਜੇਹੇ ਸੂਰਬੀਰਾਂ ਨੂੰ ਫੜਕੇ ਮਰਵਾ ਦੇਣਾ ਭਾਰੀ ਬੇਇਨਸਾਫੀ ਹੈ, ਏਹ ਤਾਂ ਦੀਨ ਵਿਚ ਲੈ ਆਵਣੇ ਜੋਗ ਹਨ। ਪਾਸੋਂ ਕਾਜ਼ੀ ਨੇ ਅਰਜ ਕੀਤੀ, ਏਨ੍ਹਾਂ ਕਾਫਰਾਂ ਦਾ ਕੋਈ ਦੀਨ ਇਮਾਨ ਨਹੀਂ, ਸੈਂਕੜੇ ਮੁਸਲਮਾਨ ਕੀਤੇ ਹੋਏ ਫੇਰ ਸਿੰਘ ਜਾ ਬਣੇ ਹਨ, ਹੁਣ ਹਾਰਕੇ ਅਸੀਂ ਏਨ੍ਹਾਂ ਨੂੰ ਮੁਸਲਮਾਨ ਕਰਨੋ ਹਟ ਗਏ ਹਾਂ। ਬਾਦਸ਼ਾਹ ਸਿਰ ਫੇਰ ਕੇ ਬੋਲਯਾ, ਜੇਕਰ ਸਿੰਘਾਂ ਦਾ ਮਜ਼ਬ ਠੀਕ ਐਸਾ ਹੀ ਹੈ ਤਾਂ ਮੁਸਲਮਾਨ ਪੰਜਾਬ ਉੱਤੇ ਹੁਕਮ ਕਰ ਚੁੱਕੇ ॥

Digitized by Panjab Digital Library | www.panjabdigilib.org

ਦੂਜੇ ਦਿਨ ਬਾਦਸ਼ਾਹ ਤਾਂ ਕਾਬੁਲ ਨੂੰ ਚਲਾ ਗਿਆ ਪਿਛੋਂ ਦੁਰਾਨੀ ਹਾਕਮਾਂ ਨੇ ਸਿੰਘਾਂ ਦੀ ਭਾਲ ਵਿੱਚ ਠਿਕਾਣੇ ੨ ਫੌਜ ਉਤਾਰ ਦਿੱਤੀ, ਸਿੰਘਾਂ ਨੇ ਆਪਣੇ ਦੇਸੀ ਭਾਈਆਂ ਨੂੰ ਕਲੇਸ਼ ਹੁੰਦਾ ਦੇਖਕੇ ਪਰਦੇਸ ਨੂੰ ਦੌਰਾ ਕੀਤਾ ॥

## ਪੰਥ ਨੇ ਬੀਕਾਨੇਰੀਏ ਦੀ ਮਦਦ ਪਰ ਜਾਨਾ ਤੇ ਫਤੇ ਦਵਾਉਨੀ

ਓਸੇ ਸਮੇਂ ਰਾਜਾ ਬੀਕਾਨੇਰੀ ਨੇ ਜੈਸਲਮੇਰ ਵਾਲੇ ਤੋਂ ਭਾਜ ਖਾਕੇ ਇੱਕ ਲਖ ਰੁਪਯਾ ਨਕਦ ਤੇ ਰਸਤ ਦੇਣੀ ਕਰਕੇ ਆਪਣੀ ਮਦਦ ਵਿੱਚ ਖਾਲਸੇ ਨੂੰ ਬੁਲਾ ਲਿਆ । ਤਦ ਵੀਹ ਬਾਈ ਹਜ਼ਾਰ ਸਿੰਘ ਹੜਦੇ ਪਾਨੀ ਵਾਂਗੂ ਦੇਸ ਨੂੰ ਮਾਰੋਮਾਰ ਕਰਦਾ ਚੱਲ ਪਿਆ ॥

ਬੀਘੜਾ, ਬਹਿਕਾ, ਭੱਟੀਆਂ ਸਰਸਾ, ਰਾਣੀਆਂ ਨੂੰ ਚੰਗੀ ਤਰਹ ਸੋਧਿਆ । ਜੱਟ ਪਿਰਾਣੀਆਂ ਵਾਲੇ ਮਹੰਮਦ ਹਸਨ ਖਾਂ, ਫਤੇ ਖਾਂ ਸਜਾਦ ਖਾਂ, ਆਦਿਕ ਰਾਜਪੂਤਾਂ ਨੇ (ਜੋ ਸ਼ਮਸ ਦੀਨ ਗੌਰੀ ਦੇ ਸਮੇਂ ਮੁਸਲਮਾਨ ਹੋਏ ਸਨ) ਸਿੰਘਾਂ ਨਾਲ ਟੱਕਰ ਲਾਈ, ਪਰ ਹਾਰਕੇ ਨਜ਼ਰਾਨਾ ਦੇਕਰ ਖਹਾਲ ਛੁਡਾਯਾ । ਜਦ ਬੀਕਾਨੇਰ ਦੀ ਫੌਜ ਨਾਲ ਰਲਕੇ ਸਿੰਘਾਂ ਨੇ ਜੈਸਲ ਮੇਰ ਦੇ ਦੇਸ ਵਿੱਚ ਹਾਲ ਚਾਲ ਪਾਈ ਤਾਂ ਲੜਾਈ ਕਰਨੀ ਤਾਂ ਕਿਤੇ ਰਹੀ, ਸਬਦੇ ਸਾਹ ਸੁੱਕ ਗਏ । ਜੇਹੜਾ ਇਲਾਕਾ ਬੀਕਾਨੇਰੀ ਦਾ ਜੈਸਲਮੇਰੀ ਨੇ ਦਬਾ ਲਿਆ ਸੀ, ਓਹ ਪੈਦਾ ਵਾਰੀ ਤੇ ਖਰਚ ਸਮੇਤ ਮਿੰਨਤਾਂ ਕਰ ਕਰ ਮੋੜ ਦਿੱਤਾ, ਪਰ ਬੀਕਾਨੇਰੀਏ ਨੇ (ਆਪਣਾ ਕੰਮ ਕੀਤਾ, ਕਿਧਰੇ ਜਾਓ ਜੀਤਾ) ਨਾ ਕੁਛ ਕੀਤਾ ਨਾ ਦੀਤਾ, ਸਿੰਘਾਂ ਨੂੰ ਆਖ

Digitized by Panjab Digital Library | www.panjabdigilib.org

ਭੇਜਣਾ ਜੇ ਲੜਾਈ ਹੁੰਦੀ ਤਾਂ ਮੈਂ ਕੁਛ ਦਿੰਦਾ ਹੁਣ ਤਾਂ ਸਗੋਂ ਤੁਸੀਂ ਇਕ ਲੱਖ ਦੇ ਬਾਉਂ ਦੇਸ ਨੂੰ ਲੁੱਟ ਕੇ ਕਈ ਲੱਖ ਕੱਢ ਲਿਆ ਹੈ। ਏਹ ਸੁਣਕੇ ਸਿੰਘਾਂ ਨੂੰ ਐਸੀ ਚਿਪ ਚੜ੍ਹੀ ਜੋ ਉਸ ਬੇਸੁਖਨੇ ਦੇ ਦੇਸ ਉੱਤੇ ਧਾਵਾ ਕਰ ਦਿੱਤਾ। ਫੇਰ ਤਾਂ ਬੀਕਾਨੇ-ਰੀਆ ਚਾਚਾ ਆਖ ਕੇ ਨਵਾਬ ਕਪੂਰ ਸਿੰਘਦੇ ਪੈਰੀਂ ਆਪਿਆ, ਅੱਧਾ ਲੱਖ ਨਕਦ ਤੇ ਦਾਰੂ ਸਿੱਕਾ ਮਣ ਭਾਦਾ ਲੈਕੇ ਖਾਲਸੇ ਨੇ ਅੱਗੇ ਨੂੰ ਵਾਗ ਉਠਾਈ।

## ਭਵਾਨੀ ਸ਼ਹਰ ਨੂੰ ਸੋਧਣਾ

ਜੈਸਲਮੇਰ ਦੇ ਰਾਜ ਵਿੱਚ ਦੀ ਹੁੰਦੇ ਹੋਏ ਭਵਾਨੀ ਸ਼ਹਰ ਨੂੰ ਜਾ ਢੁੱਕੇ(ਏਹ ਸ਼ਹਿਰ ਬੜਾ ਪੈਂਠ ਦਾਰ ਦੇਸ਼ਾਂਤ੍ਰਾਂ ਵਿੱਚ ਉਘਾ, ਤੇ ਬੀਕਾਨੇਰ, ਜੈਸਲਮੇਰ, ਜੈਪੁਰ ਦਾ ਦਰਵਾਜ਼ਾ ਸੀ) ਇਸ ਜਗਾ ਬੜੇ ਬੜੇ ਚਾਲਬਾਜ਼ ਤੇ ਚੁਗਲ ਖੋਰ ਜਿਨ੍ਹਾਂ ਨੇ ਸਿੰਘਾਂ ਨੂੰ ਦੜਾ ਤੰਗ ਕਰ ਰਖਿਆ ਸੀ,ਰਹਿੰਦੇ ਸਨ ਸੋ ਉਨ੍ਹਾਂਨੂੰ ਖੂਬ ਸੋਧਿਆ। ਇਸ ਵੇਲੇ ਲੁਟੇਰੇ ਲੋਗ ਜੋ ਆ ਵੜੇ ਸਨ ਓਨਾਂ ਨੂੰ ਚੰਗਾ ਮਾਲ ਹਥ ਆ ਲਗਾ।

## ਕਸਾਈ ਮਾਰਨੇ ਹਿਸਾਰਪੁਰ ਸੋਧਨਾ ਤੇ ਟਾਮਸਨ ਨਾਲ ਜੁਧ

ਜੱਦਪਿ ਰਾਜਪੂਤ ਰਾਜਿਆਂ ਨੇ ਸਿੰਘਾਂ ਪਰ ਫੌਜਾਂ ਚੜ੍ਹਾਈਆਂ, ਪਰ ਇਸ ਅਤੀ ਬਹਾਦਰ ਕੌਮ ਦੇ ਟੇੜੇ ਕੌਣ ਢੁੱਕ ਸੱਕੇ ? ਸਿੰਘ ਤਾਂ ਮਹਾਂਜੀ ਸੇਂਧੀਏ ਗਵਾਲੀਯਰ ਦੇ ਮੁਲਕ ਵਿੱਚ ਜਾ ਫਿਰੇ ਤੇ ਰਾਜਪੂਤ ਆਪਣੇ ੨ ਠਿਕਾਣੀਂ ਮੁੜ ਗਏ। ਸੇਂਧੀਆ ਤਾਂ ਸਿੰਘਾਂ ਦੇ ਸੁਭਾਉ ਨੂੰ ਜਾਣਦਾ ਸੀ ਏਸੇ ਕਰਕੇ ਚੁਪ ਕਰ ਰਿਹਾ, ਪਰੰਤੂ ਜਾਰਜ ਟਾਮਸਨ

ਸਾਹਿਬ ਫਰਾਂਸੀਸ ਫਰੰਗੀ ਨੇ (ਜਿਸਨੂੰ ਜੋਂਧੀਏ ਨੇ ਏਸੇ ਸਾਲ ਹਾਂਸੀ ਹੰਸਾਰ ਦੇ ਜ਼ਿਲੇ ਦਾ ਹਾਕਮ ਕੀਤਾ ਸੀ) ਬੜੇ ਬੜੀ ਟੱਕਰ ਲਾਕੇ ਆਪਣਾ ਸਿਰ ਤੁੜਾ ਬੈਠਾ । ਹਿਸਾਰ ਸ਼ਹਿਰ ਫੀਰੋਜ਼ਸ਼ਾਹੀ ਨਹਰ ਦੇ ਕਿਨਾਰੇ, ਉਸ ਸਮੇਂ ਬੜੇ ਰੰਗ ਵਿਚ ਸੀ। ਜਾਰਜ ਸਾਹਿਬ ਦੇ ਨਾਲ ਉਸ ਗਿਰਦ ਨਿਵਾਹੀ ਦੇ ਸਬ ਮੁਸਲਮਾਨ ਕੱਠੇ ਹੋਗਏ "ਜਾਂਦੀਏ ਬਲਾ ਦੁਪਹਿਰਾ ਕਟ ਜਾਹ।" ਏਹੋ ਗੱਲ ਉਨਾਂ ਨੇ ਕੀਤੀ, ਇਕ ਇਕ ਜੱਥਾ ਸਿੰਘਾਂ ਦਾ ਬਰਦਾਲ ਪਿੰਡ ਵੱਲੀ ਗਿਆ ਤਾਂ ਓਥੇ ਗਊ ਬਧ ਹੁੰਦਾ ਵੇਖਕੇ ਸਿੰਘ ਸਹ ਨਾ ਸਕੇ, ਕਸਾਈਆਂ ਨੂੰ ਮਾਰ ਕੇ ਗਾਈਆਂ ਤਾਂ ਬਚਾਈਆਂ, ਪਰ ਪੰਜਕ ਸੌ ਸਿਪਾਹੀ ਫਰਾਂਸੀਸ ਤੇ ਮੁਸਲਮਾਨ ਜੋ ਓਥੇ ਉਤਰੇ ਹੋਏ ਸੇ, ਆ ਪਏ। ਹੋਰ ਸਿੰਘ ਤਾਂ ਅੰਗੂਠਾ ਚੁਘਾ ਗਏ, ਪਰ ਤੀਸਕ ਸਿੰਘਾਂ ਪਰ ਜੋ ਉਨ੍ਹਾਂ ਫੜ ਲਏਸ, ਬੜਾ ਜੁਲਮ ਕੀਤਾ। ਜੇਹੜੇ ਨੱਠ ਗਏ ਸੋ ਓਨਾਂ ਦੇ ਮਾਰਨ ਵਾਸਤੇ ਨਹਿਰ ਹਸਾਰ ਦੇ ਪੁਲ ਅਗੇ ਖਾਈ ਪੁਟਵਾ ਕੇ ਬਾਰੂਦ ਦਬਵਾ ਦਿਤਾ। ਭਾਵੇਂ ਓਸ ਖਾਈ ਵਿਚ ਨਹਿਰਦਾ ਪਾਣੀ (ਜੋ ਨਾਲਹੀ ਵਗਦਾਸੀ) ਪੈਗਿਆ, ਪਰ ਇਸ ਦਗੇ ਤੋਂ ਸਿੰਘਾਂ ਨੂੰ ਐਸਾ ਗੱਰ ਚੜ੍ਹਜਾ, ਜੋ ਹਸਾਰ ਵਿੱਚ ਹੱਲਾ ਕਰਕੇ ਜਾ ਵੜੇ। ਜੇਹੜੇ ਬੇਸ਼ੁਮਾਰ ਲੋਗ ਲੜਾਉਣ ਲਈ ਜਾਰਜ ਨੇ ਕੱਠੇ ਕਰ ਰਖੇ ਸੇ ਓਨਾਂ ਨੇ ਇਕ ਹੱਲਾ ਭੀ ਖਾਲਸੇ ਦਾ ਨਾ ਝੱਲਜਾ, ਪੁਰਾਣੇ ਪਤ੍ਰਾਂ ਵਾਂਗੂ ਉਡ ਗਏ ਤੇ ਬੜੇ ੨ ਮੌਲਵੀ ਕਾਜੀ ਫਰਾਂਸੀਸ, ਫੜ ਫੜ ਸਰਦਾਰ ਜੱਸਾ ਸਿੰਘ ਨੇ ਇਕ ਕੋਠੇ ਵਿਚ ਬੰਦ ਕਰ ਦਿਤ। ਕੁੰਜੀ ਆਪ ਰਖੀ, ਸਿੰਘਾਂ ਨੇ ਹਸਾਰ ਨੂੰ ਖੂਬ ਸੋਧਿਆ, ਜਿਸਨੇ ਹੱਥ ਉਠਾਯਾ ਸੋਈ ਤੇਗ ਨੂੰ ਚਖਾਯਾ, ਏਥੇ ਹੀ ਬਰਦਾਲੇ ਵਾਲੇ ਕੈਦੀ ਸਿੰਘ ਜਾਰਜ ਸਾਹਿਬ ਨੇ

Digitized by Panjab Digital Library | www.panjabdigilib.org

ਮੰਗਵਾਕੇ ਸਰਦਾਰ ਸਾਹਿਬ ਦੇ ਹਵਾਲੇ ਕੀਤੇ। ਫੇਰ ਤਾਂ ਸਿੰਘ ਐਸੇ ਚਿਹਬੜੇ ਜੋ ਰਸਤੇ ਵਿਚ ਮਾਰੋ ਮਾਰ ਕਰਦੇ ਹੋਏ,* ਹਾਂਸੀ ਨੂੰ ਜਾ ਸੋਧਯਾ, ਸਤਾਰਾਂ ਦਿਨ ਸਿੰਘਾਂ ਨੇ ਉਥੇ ਡੇਰਾ ਰਖਕੇ ਵੀਹ ੨ ਕੋਹ ਚੁਫੇਰੇ ਦੇ ਦੇਸ ਦੀ ਚੰਗੀ ਚੋਣ ਕੀਤੀ। ਜਾਰਜ ਸਾਹਿਬ ਨੂੰ ਸਾਹਿਬੀ ਦਾ ਚੰਗਾ ਟਿੱਕਾ ਦਿਤਾ। ਉਸਦੀ ਫੌਜ ਐਸੀ ਜਰਜਰੀ ਹੋਈ ਜੋ ਸਿੰਘਾਂ ਦਾ ਨਾਉਂ ਸੁਣਕੇ ਚੌਂਕ ੨ ਉਠੇ ਓੜਕ ਜਾਰਜ ਗੜ੍ਹ ਵਿਚ ਜਾ ਠਹਿਰੀ॥

ਜਦ ਮਹਾਂਜੀ ਸੇਧੀਂਏ ਨੇ ਪਰਗਣੇ ਹਾਂਸੀ ਦਾ ਬੁਰਾ ਹਾਲ ਸੁਣਕੇ ਜਾਰਜ ਦੀ ਮਦਦ ਵਾਸਤੇ ਫੌਜ ਭੇਜੀ ਤਾਂ ਸਿੰਘ ਉਥੋਂ ਕੂਚ ਕਰਕੇ ਜੈ ਪੁਰ ਦੇ ਇਲਾਕੇ ਵਿਚ ਜਾ ਵੜੇ॥

*ਹਾਂਸੀ ਬੜਾ ਪੁਰਾਣਾ ਸ਼ਹਿਰ ਤੇ ਦੌਲਤ ਮੰਦ ਸੀ, ਸਿੰਘਾਂ ਨੇ ਦੋ ਤਿੰਨਵਾਰੀ ਚੰਗੀ ਤਰਾਂ ਸੋਧਿਆ। ਏਥੋਂ ਚਿਹਲ ਹਾਫਜ਼, ਸ਼ਾਹਜਨੈਤ, ਹੰਸਾਰੀ, ਜੁਮਾ ਮਸਜਦ, ਲਾਟਫੀਰੋਜ਼ਸ਼ਾਹੀ, ਗੋਜਰੀਮਹਿਲ, ਮਕਬਰਾ ਮੁਹੰਮਦ ਇਸਮਾਈਲ ਆਦਿਕ ਬੜੇ ੨ ਨਾਮੀ ਮਕਾਨ ਤੋੜ ਫਾੜ ਸਿੰਘਾਂ ਨੇ ਸਬ ਨਿਕੰਮੇ ਕਰਘੱਤੇ, ਹਾਂਸੀ ਦੇ ਹਕੀਮ ਪੀਰਜ਼ਾਦੇ ਸਾਦਕ ਮਹੰਮਦਖਾਂ ਨੂੰ ਫੜਕੇ, ਇਕ ਲੱਖ ਰੁਪਯਾ ਲੈਕੇ ਓਦੋਂ ਤਾਂ ਛੱਡਜਾ, ਪਰ ਸੰ: ੧੮੩੩ ਬਿ: ਵਿਚ ਮਹਾਰਾਜ ਅਮਰ ਸਿੰਘ ਪਟਜਾਲੇ ਵਾਲੇ ਨ ਉਸਨੂੰ ਓਥੋਂ ਕਢਕੇ ਹਾਂਸੀ ਆਪਣੇ ਕਬਜ਼ੇ ਕੀਤੀ, ਫਰ ਟਾਮਸਨ ਜਾਰਜ ਨੇ ਛੁੜਾ ਲਈ, ਪਰ ਦੋ ਤੋਪਾਂ ਓਦੋਂ ਦੀਆਂ ਹੁਣ ਤਕ ਪਟਜਾਲੇ ਵਿਚ ਹੀ ਹਨ। ਸਿੰਘਾਂ ਦਾ ਮਾਰੋਮਾਰ ਦਾ ਉਜਾੜਿਆ ਹੋਯਾ ੧੬ ਬਰਸ ਏਹ ਇਲਾਕਾ ਵੈਰਾਨ ਰਿਹਾ, ਫਿਰ ਸੰ: ੧੮੫੩ ਬਿ: ਨੂੰ ਜਾਰਜ ਟਾਮਸਨ ਨੇ ਅਬਾਦ ਕੀਤਾ। ਭੋਹਾਨੀ, ਬਰਦਾਲਾ, ਫਤਜਾਬਾਦ ਆਦਿਕ ਤਸੀਲਾਂ ਓਸ ਇਲਾਕੇ ਵਿਚ ਹਨ। ਇਸ ਹਾਂਸੀ ਹਸਾਰ ਦੀ ਨਜ਼ਾਮਤ ਪਰ ਪਾਂਡੇ ਰਾਉ ਨੇ ਸੰ: ੧੮੧੩ ਬਿ: ਨੂੰ ਪਹਿਲੇ ਜਾਰਜ ਸਾਹਿਬ ਫਰਾਂਸੀਸ ਨੂੰ ਕਾਇਮ ਕੀਤਾ, ਏਸਨੇ ਆਪਣੇ ਨਾਮ ਪਰ ਜਾਰਜ ਗੜਕਿਲਾ ਸੰ: ੧੮੨੭ ਵਿਚ ਬਸਾਯਾ ਤੇ ਖਾਂਡੇ ਰਾਉ ਦੇ ਮਰਨੇ ਬਾਦ ਏਹੋ ਖੁਦ ਮੁਖਤਾਰ ਬਣ ਗਿਆ, ਪਰ ਜਦ ਇਹ ਸਿੰਘਾਂ ਦੇ ਹੱਲੇ ਨਾ ਝੱਲ ਸੱਕਿਆ ਤਾਂ ਮਹਾਰਾਜਾ ਨੇ ਏਹ ਨਜ਼ਾਮਤ ਮਿਰਜ਼ਾ ਅੱਲ਼ਜਾਸ ਨੂੰ ਸੌਂਪੀ, ਪਰ ਜਦ ਓਹਭੀ ਜੰਗ ਵਿਚ ਮਾਰਿਆ ਗਿਆ ਤਾਂ ਨਵਾਬ ਭੰਬੂਖਾਂ ਨਾਜ਼ਮਹੋਯਾ, ਪਰ ਸਿੰਘਾਂਤੋਂ ਡਰਦਾ ਓਹ ਭੀ ਜਦ ਛੱਡ ਗਿਆ ਤਾਂ ਅਬਦੁਲ ਸਮੁੰਦਖਾਂ ਦੁਜਾਣੇ ਵਾਲੇ ਨੂੰ ਸੌਪਣਾ ਹੋਈ, ਪਰ ਸਿੰਘ ਉਸਨੂੰ ਭੀ ਦਿਨ ਦਿਹਾੜੇ ਭੰਬੂਤਾਰੇ ਦਿਖਾਉਂਦੇ ਰਹੇ, ਛੇਕੜ ਸੰ: ੧੮੭੧ ਬਿ: ਨੂੰ ਜਨਰਲ ਲਾਰਡ ਲੀਕ ਸਾਹਿਬ ਨੇ ਬੜੇ ਤਰੱਦਦ ਨਾਲ ਏਸ ਇਲਾਕੇ ਦਾ ਬੰਦੋਬਸਤ ਕਰਕੇ ਅਮਨ ਥਾਪਿਆ, ਤਦ ਤੋਂ ਫੇਰ ਇਹ ਇਲਾਕਾ ਹੋਸ਼ ਵਿਚ ਆਯਾ ਹੈ॥

Digitized by Panjab Digital Library | www.panjabdigilib.org

# ਜੈ ਪੁਰ ਤੋਂ ਨਜ਼ਰ ਲਈ

ਰਾਜਾ ਜੈ ਸਿੰਘ ਜੈ ਪੁਰੀਏ ਨੇ ਪੰਜੀ ਹਜ਼ਾਰ ਰੁਪਯਾ ਨਕਦ ਪੰਜ ਘੋੜੇ ਨਜ਼ਰ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬਜੀ ਦੀ ਬਖਸ਼ੀ ਹੋਈ ਪੋਥੀਹਾਥੀਉੱਪਰ ਬੜੇ ਅਦਬ ਨਾਲ ਭੇਜਕੇ ਆਖਿਆ,ਅਸੀ ਤਾਂ ਗੁਰੂ ਕਾ ਬਖਸ਼ਿਆ ਹੋਯਾ ਰਾਜ ਕਰਦੇ ਹਾਂ ॥

ਏਹ ਗੱਲ ਸੁਣਕੇ ਸਰਦਾਰ ਜੱਸਾ ਸਿੰਘ ਨੇ ਯਾਰਾਂ ਸੌ ਰੁਪਯਾ ਪੋਥੀ ਦੀ ਨਜ਼ਰ ਕੀਤਾ ਤੇ ਓਸਦੇ ਇਲਾਕੇ ਨੂੰ ਛੱਡ ਤੁਰੇ ॥

# ਝੱਜਰ ਵਾਲੇ ਨਾਲ ਮੁਕਾਬਲਾ

ਫਿਰ ਨਵਾਬ ਗਾਜ਼ੀਖਾਂ ਝੱਜਰ ਵਾਲੇ ਦੇ ਇਲਾਕੇ ਵਲ ਮੁੜ ਆਏ। ਸਿੰਘ ਤਾਂ ਚਲੇ ਹੀ ਜਾਂਦੇ ਸੇ, ਪਰ ਓਸਨੇ "ਆਉ ਬੈਲ ਮੁਝੇ ਮਾਰ" ਏਹ ਗਲ ਕੀਤੀ। ਰਾਹ ਜਾਂਦਾ ਹੁਮਣਾ ਮਥੀਰ ਛੇੜ ਲਿਆ, ਆਪਣੇ ਫੌਜਦਾਰ ਨਜ਼ਾਬਤਖਾਂ ਤੇ ਬਹਾਦਰ ਖਾਂ ਨੂੰ ਫੌਜ ਦੇਕੇ ਸਿੰਘਾਂ ਨੂੰ ਮਾਰਣ ਵਾਸਤੇ ਭੇਜ ਦਿੱਤਾ। ਭਲਾ ਜੇ ਪੱਥਰ ਹਦਵਾਣਿਆਂ ਵਰਗੇ ਕੂਲੇ ਹੋਣ ਤਾਂ ਗਿਦੜ ਹੀ ਕਦੋਂ ਛੱਡਣ? ਜੰਗ ਰੂਪੀ ਜਲਦੇ ਮੱਛ ਸਿੰਘ ਕਿਸੇ ਨੂੰ ਕਦੋਂ ਫੜਾਈ ਦਿੰਦੇ ਸਨ? ਦੋ ਇਕ ਹੱਲੇ ਭੀ ਸਿੰਘਾਂ ਦੇ ਨਾ ਝੱਲੇ; ਨਵਾਬੀ ਛੈਲ ਬਾਂਕੇ ਤਾਂ ਮੁੜਕੇ ਨਾ ਝਾਕੇ, ਸਿੰਘ ਭੁਜੰਗੀ ਤਾਂ ਜੋਹੜੇ ਬਿਨਾਂ ਛੇੜੇ ਫੂੰ ਫੂੰ ਕਰਦੇ ਸੇ ਛੇੜੇ ਹੋਏ ਕਦ ਅਮਨ ਨਾਲ ਬੈਠਨ ਦਿੰਦੇ ਸੇ? ਲਟਰੀ ਖੋਲ੍ਹ ਦਿੱਤੀ। ਤੇ ਪਾਲੀ, ਪਪੋਲ, ਬਾਦਸ਼ਾਹ ਪੁਰ ਪਟਗਾਂਵਾਂ, ਖਨਪੁਰ, ਕਨੌਦਾ, ਨਾਰਨੌਲ, ਕਾਂਟੀ ਬਾਬਲ, ਆਦਿਕ ਅਨੇਕ ਕਸਬਿਆਂ ਨੂੰ ਸੋਧਦੇ ਹੋਏ, ਜਟ ਦੁਜਾਣੇ ਦੇ

Digitized by Panjab Digital Library | www.panjabdigilib.org

ਇਲਾਕੇ ਵੱਲ ਝੁਕੇ ਤਾਂ ਨਵਾਬ ਅਬਦੁਲ ਸਮੁੰਦਖਾਂ ਦੁਜਾਣੇ ਵਾਲਾ, ਨਵਾਬ ਇਸਮਾਈਲ ਖਾਂ ਬਹਾਦਰ ਗੜੀਯਾ ਤੇ ਮਰੇਲੀ, ਅਲੀਪੁਰ; ਕੋਟਲਾ ਫੀਰੋਜ ਸ਼ਾਹੀ ਅਤੇ ਫਰੀਦਾਬਾਦ ਇੱਤਜਾਦਿਕ ਮਕਾਨਾਂ ਦੇ ਜਗੀਰਦਾਰਾਂ ਨੇ ਇਕੱਠੇ ਹੋਕੇ ਸਿੰਘਾਂ ਨਾਲ ਮਥੇ ਆ ਡਾਹੇ। ਝੱਜਰ ਵਾਲੇ ਨਵਾਬ ਨੇ ਭੀ ਕੁਮਕ ਪਰ ਫੌਜ ਭੇਜ ਦਿਤੀ, ਪਰ ਸਿੰਘ ਰੋਜਦੇ ਖਿਲਾਰੀਸੇ ਦਾਉਦੀ ਲੜਦੇ ਹੋਏ ਹਰਜਾਨੇ ਦੇਸ ਵਿਚ ਫਿਰ ਨਿਕਲੇ। ਰੁਹਤਕ, ਗੋਹਾਨਾ, ਜਰੌਦਾ, ਅਜੀਬਾ ਬਾਦ ਆਦਿਕ ਮਸ਼ਹੂਰ ਕਸਬੇ ਜੋ ਸ਼ਾਹਨੈਹਰ ਤੇ ਜਮਨਾ ਦੇ ਵਿਚਕਾਰ ਸੇ, ਸਬਨੂੰ ਰੰਗੀਤਰਾਂ ਸੋਧਿਆ ਅਤੇ ਫੱਰਖ ਨਗਰਵੰਨੀ ਨਿਕਲ ਗਏ ॥

## ਸਰਧਨੇ ਲਹਾਰੂ ਦਾ ਜੰਗ

ਦਲੇਲਖਾਂ ਬਲੋਚ ਦੀ ਨਸਲ ਵਿਚੋਂ ਕਾਮਨ ਗਾਰਖਾਂ ਨਵਾਬ ਉਥੇ ਸੀ, *ਮੂਸੇਖਾਂ ਆਦਿਕ ਉਸਦੇ ਭਾਈ ਭਤੀਜੇ ਸਿੰਘਾਂ ਨਾਲ ਬਥੇਰਾ ਲੜੇ, ਪਰ ਸਿੰਘ ਆਪਣੀ ਅਰਦਾਸ ਲਏ ਬਿਨਾਂ ਓਨਾਂ ਦੇ ਦੇਸ ਵਿਚੋਂ ਨਾ ਨਿਕਲੇ।

ਜਦ †ਸਰਧਣੇ ਦੇ ਇਲਾਕੇ ਵਿਚ ਵੜੇ ਤਾਂ ਸਿਮਰੂ

---

*ਮੂਸੇਖਾਂ ਦੇ ਪੋਤ੍ਰੇ ਨਵਾਬ ਈਸੇ ਖਾਂ ਤੇ ਨਵਾਬਅਹਿਮਦ ਅਲੀ ਖਾਂ ਨੇ ਸੰ: ੧੯੧੪ ਬਿ: ਵਿਚ ਸਰਕਾਰ ਅੰਗ੍ਰੇਜ਼ੀ ਦੇ ਦੁਸ਼ਮਣ ਪੂਰਬੀਆਂ ਨੂੰ ਮਦਦ ਦੇਣ ਦੇ ਕਾਰਣ ਫਾਂਸੀ ਖਾਈ ਤੇ ਰਜਾਸਤ ਭੀ ਜ਼ਬਤ ਕਰਾਈ।

†ਸਰਧਨੇ ਵਾਲਾ ਸਿਮਰੂ ਸਾਹਿਬ ਫਰਾਂਸੀਸੀ ਪਹਿਲੇ ਭਰਤ ਪੁਰ ਨੌਕਰ ਸੀ। ਜਦ ਵਖਫਗਜ਼ ਵਾਲੇ ਵਖਫਖਾਂ ਨੂੰ ਫ਼ਤੇ ਕਰਕੇ ਉਸਦੇ ਇਲਾਕੇ ਪਰ ਕਬਜ਼ਾ ਪਾਯਾ ਤਾਂ ਓਸ ਪਰਗਣੇ ਵਿਚੋਂ ਸਰਧਨਾ ਡੀਂਗ ਜ਼ਾਰਸਾ ਆਦਿਕ ਦਸ ਹਜ਼ਾਰਦੇ ਪਿੰਡ ਸਿਮਰੂਨੂੰ ਜਾਗੀਰ ਮਿਲੀ, ਫੇਰ ਏਸਨੇ ਇਕ ਕਸ਼ਮੀਰਨ ਜੇਬੁਨਿਸਾਂ ਨਾਲ ਸ਼ਾਦੀ ਕੀਤੀ। ਸਿਮਰੂਦੇ ਮਰੇਬਾਦ ਜੇਬੁਨਿਸਾਂ ਨੇ ਆਪਣੀ ਦਾਨਾਈ ਨਾਲ ਦਿੱਲੀ ਦੇ ਦਰਬਾਰ ਵਿਚ ਐਸੀ ਰਸਾਈ ਪੈਦਾ, ਕੀਤੀ ਜਿਸ ਕਰਕੇ ਸਿਮਰੂ ਦੀ ਬੇਗਮ ਦਾ ਖਿਤਾਬ ਤੇ ਬੁਦਿਆਨਾ, ਬਰਨਾ, ਭਾਸੂ, ਬਰੌਤਕ, ਕੁਤਜਾਨਾ ਆਦਿਕ ਪਰਗਣੇ ਤਿੰਨ ਲੱਖ ਦੇ ਹਾਸਲ ਕਰ ਲਏ। ਬਹੁਤ ਚੰਗਾ ਰਾਜ ਕਰਦੀ ਰਹੀ, ਦੋ ਪਲਟਣਾਂ ਕੁਵਾਇਦ ਸਿਖੀਆਂ ਹੋਈਆਂ ਰੱਖੀਆਂ, ਉਸਦੇ ਮਰੇ ਬਾਦ ਰਜਾਸਤ ਖੁਰਦ ਬੁਰਦ ਹੋ ਗਈ।

Digitized by Panjab Digital Library | www.panjabdigilib.org

ਸਾਹਿਬ ਫਰਾਂਸੀਸ ਦੀ ਮੇਮ ਜਿਸ ਨੂੰ ਸਿਮਰੂ ਦੀ ਬੇਗਮ ਆਖਦੇ ਸਨ, ਡਾਢੀ ਦਾਨਾ ਤੇ ਦੂਰੰਦੇਸ਼ ਸੀ, ਉਸਨੇ ਦੀਨਤਾ ਨਾਲ ਨਜ਼ਰਾਨਾ ਦੇਕੇ ਜਦ ਏਹ ਗਲ ਆਖੀ ਕਿ ਮੇਰੀ ਰੰਡੀ ਤੀਮੀਂ ਦੀ ਰਿਜ਼ਕਮਾਰ ਨ ਕਰੋ, ਤਦ ਜਿਸ ਸਿੰਘ ਨੇ ਜੋ ਚੀਜ ਉਸਦੇ ਰਾਜ ਵਿਚੋਂ ਲਈ ਸੀ ਸੋ ਤੁਰਤ ਮੋੜ ਦਿਤੀ, ਫੇਰ ਪਰਗਣੇ *ਲੁਹਾਰੂ ਨੂੰ ਸੋਧਦੇ ਹੋਏ ਨਜ਼ੀਬਖਾਂ ਵਜ਼ੀਰ ਦੇ ਇਲਾਕੇ ਵਿਚ ਜਾ ਗੱਜੇ।

## ਸਿੰਘਾਂ ਨੇ ਜੰਗ ਕਰਨਾ ਤੇ ਲਾਹੌਰ ਜਾਂਦੇ ਸਿੰਘਾਂ ਦੇ ਸੀਸ ਸਿੰਘਾਂ ਨੇ ਖੋਹਕੇ ਸਸਕਾਰਨੇ

ਨਜ਼ੀਬ ਖਾਂ ਨੇ ਉਸੇ ਘੜੀ ਆਪਣੇ ਬੇਟੇ ਗੁਲਾਮ ਕਾਦਰ ਖਾਂ ਨੂੰ ਬਹੁਤ ਸਾਰੀ ਫੌਜ ਰੁਹੇਲਿਆਂ ਦੀ ਦੇਕੇ ਦਿਲੀ ਤੋਂ ਚੜ੍ਹਾ ਦਿਤਾ, ਨਾਲੇ ਆਪਣੇ ਦੋਸਤ ਕਰਮ ਦਾਦ ਖਾਂ ਸੂਬੇ ਲਾਹੌਰ ਤੋਂ ਦੁਰਾਨੀਆਂ ਦੀ ਫੌਜ ਸਦਵਾ ਲਈ। ਬਾਕੀ ਨਵਾਬ ਝਜਰ, ਸ਼ਰਧਨਾ, ਫੱਰੁਖ ਨਗਰ, ਬਲਮ ਗੜੀਏ, ਦਾਦਰੀ ਆਦਿਕ ਮਕਾਨਾਂ ਦੇ ਜਗੀਰਦਾਰਾਂ ਨੂੰ ਲਿਖ ਭੇਜਜਾ, ਸਿੰਘਾਂ ਨੂੰ ਖਬਰ ਨਾ ਹੋਣ ਦਿੱਤੀ, ਜੁਫੇਰਜੋਂ ਦੁਸ਼ਮਣ ਚੜ ਆਏ ਤਾਂ ਸਿੰਘ ਭੀ ਖਬਰ ਪਾਕੇ ਚੱਲ ਪਏ। ਅੱਗੇ ਘਟਾਂ ਵਾਂਗੂ ਦੁਸ਼ਮਣਾਂ ਦੀ ਫੌਜ ਚਾਰੋਂ ਤਰਫ ਆਘਿਰੀ, ਫੱਗਣ ਸੰ:੧੮੧੫ ਬਿ:ਨੂੰ ਲੜਾਈ ਹੋਣਲਗੀ,ਅਧੇ ਸਿੰਘ ਤਾਂ

---

*ਲੁਹਾਰੂ ਵਾਲਾ ਨਵਾਬ ਅਹਿਮਦ ਬਖਸ਼ ਬਾਦਸ਼ਾਹੀ ਫੌਜ ਦਾ ਅਫਸਰ ਸੀ ਚੰਗੇ ਕੰਮ ਕਰਨ ਤੋਂ ਬਾਦਸ਼ਾਹ ਔਰੰਗਜੇਬ ਨੇ ਲੁਹਾਰੂ ਦਾ ਪਰਗਣਾ ਤੇ ਗੁੜਗਾਵਾਂ ਆਦਿਕ ਇਕ ਲੱਖ ਰੁਪਏ ਦੀ ਜਗੀਰ ਏਸਨੂੰ ਦਿੱਤੀ। ਉਸਦਾ ਬੇਟਾ ਨਵਾਬ ਸ਼ੱਮਸਦੀਨ ਫੀਰੋਜ਼ਗੜ੍ਹ ਵਿਚ ਸਿੰਘਾਂ ਨਾਲ ਦੋ ਵਾਰੀ ਲੜਜਾ। ਸੰ: ੧੯੧੪ ਬਿ: ਨੂੰ ਏਥੋਂ ਦਾ ਨਵਾਬ ਅੰਗਰੇਜਾਂ ਦੇ ਬਰਖਿਲਾਫ ਹੋ ਗਿਆ, ਏਸ ਕਰਕੇ ਇਲਾਕਾ ਜ਼ਬਤ ਹੋਕੇ ਪਿਨਸ਼ਨ ਰਹ ਗਈ॥

Digitized by Panjab Digital Library | www.panjabdigilib.org

ਪਿੱਛੇ ਰਹੇ ਤੇ ਅਧੇ ਸਾਹਮਣੇ ਹੋ ਲੜਾਈ ਨੂੰ ਜੁਟੇ। ਜਦ ਰਾਤ ਹੋ ਗਈ ਤਾਂ ਬੁਢ ਸਿੰਘ ਨੇ ਜ਼ਖਮੀ ਸਿੰਘਾਂ ਨੂੰ ਗੱਡੀਆਂ ਉਪਰ ਲਦ ਲਿਆ ਤੇ ਬਾਕੀਦੇ ਸਿੰਘ ਤੋੜੇ ਲਾਕਰ ਬੰਦੂਕਾਂ ਕਸ ਕਸ ਵਹੀਰ ਦੇ ਦੁਵੇਰੇ ਹੋ ਤੁਰੇ, ਪਰ ਗੱਡੀਆਂ ਨਾਲ ਬਹੁਤ ਥੋੜਾ ਤੁਰਿਆਗਿਆ। ਦਿਨ ਚੜ੍ਹੇ ਤੁਰਕਾਂਨੇ ਫੇਰ ਦੁਵੇਰਦੋਂ ਆਘੇਰੇ, ਹੁਣ ਤਾਂ ਦੋਹਾਂ ਪਾਸਿਆਂ ਤੋਂ ਬੜਾ ਭਾਰੀ ਜੰਗ ਮਚਿਆ ਸਰਦਾਰ ਮਿਤ ਸਿੰਘ, ਅਘੜ ਸਿੰਘ, ਕਰਮ ਸਿੰਘ, ਕਰੋੜਾ ਸਿੰਘ, ਸ਼ਜਾਮ ਸਿੰਘ ਤਾਹਰ ਸਿੰਘ, ਗੁਰਬਖਸ਼ ਸਿੰਘ, ਭੋਮਾ ਸਿੰਘ ਆਦਿਕ ਸਰਦਾਰਾਂ ਨੇ ਦਸਕ ਹਜ਼ਾਰ ਸਿੰਘ ਸਮੇਤ ਖੜੇ ਹੋਕਰ ਮੁਸਲਮਾਨਾਂ ਨੂੰ ਰੋਕਣਾ ਤੇ ਵਹੀਰ ਨੂੰ ਮਾਲਵੇ ਵੱਲ ਚਲਾਇਆ। ਦੁਸ਼ਮਣਾਂ ਦੀ ਅੱਖ ਵਿੱਚ ਸਿੰਘ ਹਰ ਵੇਲੇ ਰੜਕਦੇ ਸੇ, ਏਸੇ ਕਰਕੇ ਜਿੱਥੇ ਵੀ ਮਿਲਦੇ ਬਿਨਾਂ ਲੜਾਈ ਤੋਂ ਛੁਟਕਾਰਾ ਨਹੀਂ ਸੀ ਹੁੰਦਾ। ਏਤਨੇ ਚਿਰ ਨੂੰ ਏਹ ਖਬਰ ਪਾਕੇ ਰਾਜਾ ਆਲਾ ਸਿੰਘ ਮਲਵਈ ਸਿੰਘਾਂ ਨੂੰ ਲੈਕੇ ਜਾ ਪਹੁੰਚਣਾ। ਇਸ ਜੰਗ ਵਿਚ ਚਾਰਕੁ ਹਜਾਰ ਸਿੰਘ ਸ਼ਹੀਦ ਹੋ ਗਏ।

ਉਧਰ ਬੁਲੰਦ ਖਾਂ ਤੇ ਅਬਦੁਲਾ ਖਾਂ ਦੁਰਾਨੀ ਸਰਦਾਰ ਜੰਗ ਵਿੱਚ ਮਰੇ ਹੋਏ ਸਿੰਘਾਂ ਦੇ ਸਿਰ ਕਟਵਾ ਕੇ ਲਾਹੌਰ ਦੇ ਸੂਬੇ ਨੂੰ ਵਿਖਾਉਣ ਲਈ ਗੱਡਣਾਂ ਵਿੱਚ ਲਦਵਾਕੇ ਲੈ ਤੁਰੇ। ਜਦ ਏਹ ਖਬਰ ਮਾਲਵੇ ਵਿੱਚ ਸਰਦਾਰ ਭੰਗਾ ਸਿੰਘ ਭਾਗ ਸਿੰਘ ਮਿਤ ਸਿੰਘ ਦੇ ਭਤੀਜੇ ਤੇ ਸਰਦਾਰ ਕਰਮ ਸਿੰਘ ਤਾਹਰ ਸਿੰਘ ਆਦਿਕਾਂ ਦੇ ਸੰਬੰਧੀਆਂ ਨੂੰ ਹੋਈ ਤਾਂ ਰਹਿ ਨਾ ਸਕੇ ਤੇ ਅੰਬਾਲੇ ਤੋਂ ਪੰਜ ਕੋਹ ਘੱਗਰ ਨਦੀ ਦੇ ਕਿਨਾਰੇ ਮੁਗਲ ਦੀ ਸਰਾਇ ਪਾਸ ਪਹੁੰਚ ਕੇ ਹੱਲਾ ਕਰਕੇ ਜਾ ਪਏ,

Digitized by Panjab Digital Library | www.panjabdigilib.org

ਗੱਡਜਾਂ ਦੇ ਰਖਵਾਲੇ ਭੱਜ ਗਏ। ਸਿੰਘਾਂ ਨੇ ਰੱਡਜਾਂ ਨੂੰ ਕੱਠੇ ਕਰ ਸਿਰਾਂ ਸਮੇਤ ਅੱਗ ਲਾਦਿਤੀ। ਏਸ ਥਾਂ ਹੁਣ ਸ਼ਹੀਦ ਗੰਜ ਬਣਿਆਂ ਹੋਯਾ ਹੈ।

## ਸਰਹੰਦ ਸੋਧਣੀ

ਜਦ ਏਸ ਥਾਓਂ ਮਾਰੋਮਾਰ ਕਰਦੇ ਇਲਾਕੇ ਸਰਹੰਦਥਾਣੀ ਪਹਾੜ ਦੀ ਕੰਢੀ ਵੱਨੀ ਚੱਲੇ ਤਾਂ ਸਰਹੰਦ ਦੇ ਸੂਬੇ ਨੇ ਪਿੱਛਾ ਕੀਤਾ। ਜਦ ਸਢੌਰੇ ਤੋਂ ਅੱਗੇ ਲੰਘੇ ਤਾਂ ਜੇਹੜੇ ਹੋਰ ਜੱਥੇ ਸਿੰਘਾਂ ਦੇ ਮਾਲਵੇ, ਤਿਹਾੜੇ, ਪੁਆਧ ਵਿੱਚ ਫਿਰ ਰਹੇ ਸੇ ਓਹ ਸੱਬੇ ਵੀਹ ੨ ਕੋਹ ਤੋਂ ਧਾਵਾ ਕਰਕੇ ਬੇਖਬਰ ਪੋਹ ਸੰ:੧੮੧੫ ਬਿ: ਨੂੰ ਸਰਹੰਦ ਵਿੱਚ ਜਾ ਵੜੇ, ਮਾਰੋ ਮਾਰ ਦਾ ਕੰਮ ਗਰਮ ਕੀਤਾ, ਚਾਰ ਪਹਿਰ ਵਿੱਚ ਸੈਂਕੜੇ ਸ਼ੱਤਰੂ ਲਿਟਾ ਦਿੱਤੇ ਅਤੇ ਬੇਸ਼ੁਮਾਰ ਜੰਗੀ ਸਾਮਾਨ ਲੈਕੇ ਬੈਰਾੜਾਂ ਦੇ ਦੇਸ ਵਿੱਚ ਜਾ ਵੜੇ, ਦੋ ਮਹੀਨੇ ਪਿਛੋਂ ਜੈਨ ਖਾਂ ਫੌਜ ਲੈਕੇ ਆਯਾ, ਪਰ ਕੁਛ ਨਾ ਬਣਾ ਸੱਕਯਾ।

ਓਧਰ ਪੰਜਾਬ ਵਿੱਚ ਭੀ ਏਹੋ ਹਾਲ ਗੁਜਰਦਾ ਸੀ, ਕਈ ਵਾਰੀ ਸਿੰਘਾਂ ਨੇ ਲਾਹੌਰ ਵਿਚ ਮਾਰੋਮਾਰ ਕੀਤੀ, ਸੂਬੇ ਨੇ ਸ਼ਹਰ ਦੇ ਕੋਟ ਉੱਤੇ ਤੋਪਾਂ ਚੜ੍ਹਾ ਛੱਡੀਆਂ, ਅਟਕ ਤੋਂ ਲੈਕੇ ਜਮਨਾਂ ਤਕ ਸਿਵਾਇ ਇਲਾਕੇ ਅਦੀਨਾਬੇਗ ਦੇ ਹੋਰ ਕਿਤੇ ਅਮਨ ਨਹੀਂ ਸੀ।

## ਸਿੰਘਾਂ ਨੇ ਮੁਲਕ ਮਲਨਾ

ਜਦ ਫੱਗਣ ਸੰ: ੧੮੧੫ ਬਿ: ਨੂੰ ਅਦੀਨਾਬੇਗ ਖਾਂ ਨੇ ਇਸ ਦੁਨੀਆਂ ਤੋਂ ਕੂਚ ਕੀਤਾ ਤੇ ਓਸ ਦੇ ਦੀਵਾਨ ਬਿਸ਼ੰਭਰ ਮੱਲ ਨੇ ਪੰਜ ਸੱਤ ਸਿੰਘ ਫੜਕੇ ਲਾਹੌਰ ਕਰਮ ਦਾਦ ਖਾਂ ਪਾਸ 8 15 57 1758

Digitized by Panjab Digital Library | www.panjabdigilib.org

ਭੇਜ ਦਿਤੇ, ਤਾਂ ਸਿੰਘਾਂ ਨੂੰ ਭਾਰੀ ਰਿਪ ਚੜ੍ਹੀ। ਉਸਦੇ ਪਰਗਣੇ ਵਿਚ ਮਾਰੋ ਮਾਰ ਮਚਾ ਦਿਤੀ। ਬਿਸ੍ਵੰਭਰ ਮੱਲ ਨੇ ਸਿੰਘਾਂ ਨੂੰ ਧਮਕੀ ਦੇ ਭੇਜੀ ਕਿ ਤੁਸੀਂ ਆਪਣੀ ਸਿੱਖੀ ਰੱਖੀ ਚਾਹੁੰਦੇ ਹੋ ਤਾਂ ਮੇਰਾ ਇਲਾਕਾ ਛਡ ਜਾਓ, ਨਹੀਂ ਤਾਂ ਲਖਪਤ ਰਾਇ ਵਾਂਗੂ ਓਹ ਕਰਾਂਗਾ ਜੇਹੜੀ ਖਾਧੀ ਨਾ ਨਿਖੁਟੇ, ਬੜਾ ਬੁਰਾ ਪੇਸ਼ ਆਵਾਂਗਾ।

ਏਹ ਗੱਲ ਉਸਦੀ ਸਿੰਘਾਂ ਨੂੰ ਸਾਬਣ ਦੀ ਤਾਰ ਵਾਂਗੂ ਖਾ ਗਈ ਸਗੋਂ ਅਗੇ ਨਾਲੋਂ ਦਸਗੁਣੀ ਮਾਰੋ ਮਾਰ ਮਚਾ ਦਿਤੀ; ਛੇਕੜ ਉਰਮਲਟਾਂਡੇ ਪਾਸ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਕਰੋੜਾ ਸਿੰਘ ਦੇ ਹੱਥੋਂ ਬਿਸ੍ਵੰਭਰ ਮੱਲ ਮਾਰਿਆ ਗਿਆ, ਬਾਕੀ ਫੌਜ ਤਿਤ੍ਰ ਬਿਤ੍ਰ ਹੋਗਈ। ਏਸ ਦੇ ਮਰਦੇ ਹੀ ਸਿੰਘਾਂ ਨੇ ਮਾਝੇ ਦੁਆਬੇ ਉਤੇ ਕਬਜ਼ਾ ਕਰ ਲਿਆ, ਏਹੋ ਪਹਿਲਾ ਦਿਨ ਮਸ਼ੈਲ ਸਿੰਘਾਂ ਦੇ ਮੁਲਕ ਮੱਲਣ ਦਾ ਹੋਯਾ। ਬਜਾਸਾ ਦੇ ਉਰਾਰ ਪਾਰ ਪਰਗਣੇ ਸ੍ਰੀ ਹਰਿ ਗੋਬਿੰਦ ਪੁਰ, ਬਟਾਲਾ, ਮੁਕੇਰੀਆਂ ਏਹ ਪਰਗਣੇ ਰਾਮਗੜ੍ਹੀਆਂ ਨੇ। ਅੱਜਨਾਲਾ ਸੋਹੀਆਂ, ਨਾਗ, ਗੁਰਦਾਸ ਪੁਰ, ਡੇਹਰਾ ਬਾਬਾ ਨਾਨਕ, ਕਲਾ ਨੌਰ, ਪਠਾਨ ਕੋਟ, ਸੁਜਾਨ ਪੁਰ ਏਹ ਘਨੱਯਾਂ ਨੇ ਅਤੇ ਅੰਮ੍ਰਿਤਸਰ ਤਰਨ ਤਾਰਨ ਗੁਜਰਾਤ ਵਜ਼ੀਰਾਬਾਦ ਸਯਾਲਕੋਟ, ਚਨੀਓਟ, ਭੰਗੀਆਂ ਨੇ। ਨੂਰਮਹਿਲ, ਤਲਵੰਡੀ ਫਗਵਾੜਾ, ਕਾਣੇ ਵਿੱਲੋਂ, ਹਰਿਆਨਾ, ਸਰਦਾਰ ਜੱਸਾ ਸਿੰਘ ਆਲੂਵਾਲੀਏ ਨੇ। ਚੂਹਣੀਆਂ, ਬਹਿੜਵਾਲ, ਖੇਮ ਕਰਨ, ਖੁਡੀਆਂ ਆਦਿਕ ਨਕਈ ਸਰਦਾਰਾਂ ਨੇ। ਜਲੰਧਰ, ਹੈਬਤਪੁਰ ਪੱਟੀ ਆਦਿਕ ਸਿੰਘ ਪੁਰੀਆਂ ਨੇ। ਨਕੋਦਰ, ਤਲਬਨ, ਬੁਡਾਲਾ ਰਾਹੋਂ, ਫਲੌਰ ਆਦਿਕ ਡੱਲੇ ਵਾਲੀਆਂ ਨੇ। ਨਵਾਂ ਸ਼ਹਿਰ,

Digitized by Panjab Digital Library | www.panjabdigilib.org

ਰੁੜਕਾ, ਬਸੀਆਂ, ਪੰਡੋਰੀਆਂ, ਹੁਸ਼ਜਾਰਪੁਰ, ਭੂੰਗਾ ਕਾਠਗੜ, ਕਰੋੜੀਆਂ ਨੇ। ਗੁਜਰਾਂ ਵਾਲਾ, ਕੁੰਜਾਹ ਆਦਿਕ ਸੂਕ੍ਰ ਚੱਕੀਆਂ ਨੇ। ਇਤਆਦਿਕ ਪਰਗਣੇ ਸੰ: ੧੮੧੬ ਬਿ: ਦੇ ਚੜ੍ਹਦੇ ਸਾਰ ਏਹ ਫਗੁਵਾ ਖਾਲਸੇ ਨੂੰ ਮਿਲ ਗਿਆ।

## ਅਹਿਮਦ ਸ਼ਾਹ ਅਬਦਾਲੀ ਦਾ ਸੱਤਵਾਂ ਹੱਲਾ ਸੰ: ੧੮੧੬ ਬਿ: ਵਿਚ

ਜਿਸ ਵਕਤ ਸ਼ਾਹ ਅਬਦਾਲੀ ਨੂੰ ਕਾਬਲ ਵਿਚ ਇਹ ਖਬਰ ਪਹੁੰਚੀ ਕਿ ਸਿੰਘਾਂ ਨੇ ਮੁਲਕ ਵੰਡ ਲਿਆ ਹੈ ਤੇ ਮਰਹਟਾ ਬਾਜੀਰਾਉ ਜੀ ਪੇਸ਼ਵਾ ਦੇ ਛੋਟੇ ਭਾਈ ਰਘੁਨਾਥ ਰਾਇ ਨੇ ਦਿਲੀ ਦੇ ਤਖਤ ਪਰ ਆਪਣੇ ਬੇਟੇ ਬਿਸਵਾਸ ਰਾਇ ਨੂੰ ਬੈਠਾਉਣ ਲਈ ਇਕ ਬੜਾ ਭਾਰੀ ਲਸ਼ਕਰ ਤਿਆਰ ਕੀਤਾ ਹੈ, ਤਾਂ ਸੁਣਕੇ ਅੱਗ ਦਾ ਭਬੂਕਾ ਹੋਗਿਆ ਤੇ ਡੇਢ ਲੱਖ ਅਸਵਾਰ ਲੈਕੇ ਮਾਰੋ ਮਾਰ ਕਰਦਾ ਸੰ: ੧੮੧੬ ਬਿ: ਨੂੰ ਹਿੰਦ ਪਰ ਚੜ੍ਹ ਆਯਾ। ਸਿੰਘ ਤਾਂ ਉਸਦਾ ਆਉਣਾ ਸੁਣ ਜੰਗਲਾਂ ਵਿਚ ਜਾ ਬੈਠੇ, ਪਰ ਮਹਰਟੇ ਤਿਆਰੀਆਂ ਵਿਚ ਹੀ ਰਹੇ।

ਅਹਿਮਦ ਸ਼ਾਹ ਤਿੰਨ ਦਿਨ ਲਾਹੌਰ ਠਹਿਰ ਕੇ ਸਿਧਾ ਦਿਲੀ ਨੂੰ ਜਾ ਵੜਿਆ, ਫੇਰ ਤਾਂ ਪੇਸ਼ਵਾ ਨੂੰ ਹੀਣਤ ਆਉਂਦੀ ਸੀ, ਇਸ ਕਰਕੇ ਚੜ੍ਹਾਈ ਕਰਨੀ ਪਈ, ਪਰ ਓਹ ਆਪ ਤਾਂ ਹੈਦਰਾਬਾਦੀ ਨਾਜ਼ਮ ਦੇ ਦੇਸ਼ ਦਬਾਉਣ ਵਿੱਚ ਤਤਪਰ ਸੀ, ਇਸ ਕਰਕੇ ਆਪਣੇ ਪੁੱਤਰ ਬਿਸਵਾਸ ਰਾਇ ਤੇ ਚਚੇਰੇ ਭਾਈ ਸਦਾ ਸਿਵਰਾਇ ਭਾਉ ਜੀ ਨੂੰ ਬੜਾ ਭਾਰੀ ਧੂਮ ਧਾਮ ਦਾ ਲਸ਼ਕਰ ਦੇਕੇ ਅਫਗਾਨਾਂ ਦੇ ਮੁਕਾਬਲੇ ਨੂੰ ਭੇਜ ਦਿਤਾ।

Digitized by Panjab Digital Library | www.panjabdigilib.org

ਰਾਘੋ ਜੀ ਭੋਸਲਾ ਨਾਗਪੁਰਵਾਲਾ, ਮਹਾਂਜੀ ਸੇਧੀਆਂ ਗਵਾਲੀਯਰਵਾਲਾ, ਮਲ੍ਹਾਰਰਾਉ ਹੁਲਕਰ ਇੰਦੌਰੀਆ, ਪੇਸ਼ਵਾ ਦੇ ਹੁਕਮ ਅਨੁਸਾਰ ਆਪਣੀ ੨ ਫੌਜ ਲੈਕੇ ਆ ਮਿਲੇ। ਰਸਤੇ ਵਿਚੋਂ ਹੋਰ ਬਹੁਤ ਸਾਰੀ ਰਾਜਪੂਤਾਂ ਦੀ ਫੌਜ ਮਿਲ ਗਈ, ਤੇ ਚੂੜਾਮਣੀ ਦਾ ਬੇਟਾ ਸੂਰਜਮਲ ਭਰਤਪੁਰੀਆ ਜੱਟ ਭੀ ਤੀਸਕ ਹਜ਼ਾਰ ਜੱਟ ਨਾਲ ਲੈਕੇ ਆਗਿਆ।

ਤਿੰਨ ਲਖ ਅਸਵਾਰ ਪਿਆਦਾ ਜੰਗੀ ਤੇ ਦੋ ਸੌ ਤੋਪਾਂ ਅਤੇ ਹੋਰ ਬੇਸ਼ੁਮਾਰ ਖਲਕਤੇਨੌਕਰ ਮਾਨੋ ਇਕ ਜਹਾਨਚੜ ਆਯਾ॥

## ਦੁਰਾਨੀ ਤੇ ਮਰਹੱਟਿਆਂ ਦਾ ਜੁੱਧ

ਏਧਰ ਅਹਿਮਦਸ਼ਾਹ ਨੇ ਥੋੜੀ ਜੇਹੀ ਫੌਜ ਦਿੱਲੀ ਛਡਕੇ ਅਨੂਪ ਸ਼ਹਿਰ ਗੰਗਾ ਕਿਨਾਰੇ ਜਾ ਡੇਰਾ ਲਾਯਾ। ਦਿੱਲੀ ਵਾਲੇ ਲੋਗ ਮਰਹੱਟਿਆਂ ਦੀ ਝਾਲ ਨਾ ਝੱਲਕੇ ਦਿੱਲੀ ਖਾਲੀ ਕਰ ਗਏ, ਭਾਊ ਜੀ ਨੇ ਦਿੱਲੀ ਵਿਚ ਵੜਕੇ ਬਹੁਤ ਲੁਟਮਾਰ ਕੀਤੀ। ਦੀਵਾਨਖਾਨੇ ਵਿਚੋਂ ਚਾਂਦੀ ਦੀ ਛੱਤ ਉਖਾੜ ਲਈ, ਮਸੀਤਾਂ ਮਕਬਰੇ ਮਹਿਲਾਂ ਵਿਚ ਜਿਥੇ ੨ ਸੋਨਾ ਚਾਂਦੀ, ਹੀਰਾ, ਮੋਤੀ ਸੀ, ਸਬ ਲਾਹ ਲਿਆ ਤੇ ਪਾਨੀ ਪਤ ਪਾਸ ਮੋਰਚੇ ਕਾਯਮ ਕੀਤੇ। ਦਿਲੀ ਦੇ ਅਮੀਰ ਨਜ਼ੀਬੁਦੌਲਾ, ਸੁਜਾਉਦੌਲਾ,ਦੁੰਦੇਖਾਂ, ਰਹਿਮਤਖਾਂ ਸਯਾਦਤਖਾਂ ਆਦਿਕ ਸਬ ਅਹਿਮਦਸ਼ਾਹ ਨੂੰ ਲੈਕੇ ਪਾਨੀਪਤ ਆਗਏ। ਸ਼ਾਹ ਨੇ ਇੱਕੋ ਵਾਰੀ ਜੋਰ ਨਾ ਦਿੱਤਾ, ਨਿਕੀਆਂ ੨ ਲੜਾਈਆਂ ਕਰਦਾ ਰਿਹਾ। ਤਿੰਨ ਮਹੀਨੇ ਬਰਾ-ਬਰ ਜੰਗ ਹੋਂਦਾ ਰਿਹਾ। ਤਿੰਨ ਲੱਖ ਆਦਮੀ ਤੇ ਡੇਡ ਲੱਖ ਹਾਥੀ ਘੋੜੇ ਤੋਂ ਘਟ ਭਾਊ ਦੇ ਮੋਰਚੇ ਵਿਚ ਨਹੀਂ ਸੇ। ਤੇ ਦੋ ਲਖ ਤੋਂ ਘਟ ਅਬਦਾਲੀ ਦੇ ਮੋਰਚੇ ਵਿਚ ਨਹੀਂ ਸੇ, ਛੋਕੜ

Digitized by Panjab Digital Library | www.panjabdigilib.org

ਛਾੜ ਤਾਂ ਦੋਹਾਂ ਪਾਸਜਾਂ ਤੋਂ ਬਣੀ ਰਹੀ, ਪਰ ਧਾਵਾ ਕਰਨ ਦਾ ਜਿਗਰਾ ਕਿਸੇ ਤੋਂ ਨਾ ਹੋਯਾ। ਹਿੰਦੁਸਤਾਨੀ ਅਮੀਰਾਂ ਨੇ ਅਹਿ-ਮਦ ਸ਼ਾਹ ਨੂੰ ਕਈ ਵਾਰੀ ਸੁਲਾ ਕਰਨ ਦੀ ਸਲਾਹ ਦਿਤੀ,ਪਰ ਉਹ ਏਹੋ ਜਵਾਬ ਦਿੰਦਾ ਰਿਹਾ ਕਿ ਏਹ ਮਾਮਲਾ ਲੜਾਈ ਦਾ ਹੈ, ਤੁਸੀਂ ਏਸ ਚਾਲਾਂ ਦੇ ਭੇਤੀ ਨਹੀਂ, ਸੱਚ ਹੈ—ਗਾਵਣ ਬਜਾ-ਵਣ,ਐਸ਼; ਅਸ਼ਰਤ ਦੇ ਮਾਮਲੇ ਵਿੱਚ ਏਸ਼ਕ ਹਿੰਦੁਸਤਾਨੀ, ਅਮੀਰ, ਰਾਜੇ, ਮਹਾਰਾਜੇ ਕੁਛ ਕਰਦੇ, ਪਰ (ਜੱਟ ਕੀ ਜਾਣੇ ਲੌਂਗਾਂ ਦਾ ਭਾ) ਜੰਗ ਦੀ ਬਾਤ ਘਾਤ ਨੂੰ ਕੀ ਜਾਣਨ ?

ਦੁਰਾਨੀ ਸ਼ਾਹ ਨੇ ਇਕ ਲਾਲ ਰੰਗ ਦਾ ਤੰਬੂ ਆਪਣੇ ਮੋਰਚੇ ਅੱਗੇ ਲਾ ਰੱਖਜਾ ਸੀ, ਓਸ ਵਿੱਚ ਸਵੇਰੇ ਨਿਮਾਜ ਪੜ੍ਹਨੇ, ਤੇ ਸੰਝ ਨੂੰ ਖਾਣਾ ਖਾਣੇ ਆਉਂਦਾ, ਬਾਕੀ ਸਾਰਾ ਦਿਨ ਫੌਜ ਵਿੱਚ ਫਿਰਦਾ ਰਹਿੰਦਾ, ਘੋੜੇ ਦੀ ਪਿੱਠ ਪਲੰਘ, ਤੇ ਝੋਲਾ ਬਵਰਚੀ ਖਾਨਾ ਬਣਾ ਰੱਖਜਾ ਸੀ, ਏਸਦਾ ਹੁਕਮ ਕੋਈ ਮੋੜ ਨਹੀਂ ਸਕਦਾ ਸੀ।

ਰਸਦ ਦੀ ਤੰਗੀ ਦੋਹੀਂ ਪਾਸੀਂ ਆ ਗਈ। ਭਾਊ ਜੀ ਤੇ ਬਿਸ੍ਵਾਸ ਰਾਇ ਜੀ ਨੂੰ (ਜੋ ਮਰਹੱਟਜਾਂ ਦੇ ਬੜੇ ਸਰਦਾਰ ਸੇ) ਜਦ ਫੌਜੀ ਅਫਸਰਾਂ ਨੇ ਕਈ ਵਾਰੀ ਆਕਰ ਆਖਜਾ ਕਿ ਭੁੱਖੇ ਮਰਨ ਨਾਲੋਂ ਲੜ ਕਰ ਮਰਨਾ ਚੰਗਾ ਹੈ ਤਾਂ ਭਾਊ ਨੇ ਪਰਸੋਂ ਨੂੰ ਲੜਨ ਦਾ ਵਾਇਦਾ ਕਰਕੇ ਲਖਨਊ ਦੇ ਨਵਾਬ ਸਜਾਉਦੌਲਾ ਨੂੰ (ਜੋ ਸੁਲਾ ਕਰਾਉਣ ਵਿੱਚ ਸੀ) ਆਖ ਭੇਜਜਾ, ਹੁਣ ਪਿਆਲਾਪੁਰ ਹੈ, ਇਕ ਬੂੰਦ ਦੀ ਸਮਾਈ ਨਹੀਂ, ਜੋ ਕਰਨਾ ਹੈ ਸੋ ਕਰ। ਓਸਨੇ ਸ਼ਾਹ ਨੂੰ ਪੁੱਛਜਾ। ਸ਼ਾਹ ਨੇ ਜਵਾਬ ਦਿੱਤਾ, ਮੈਂ ਹਿੰਦੁਸਤਾਨੀ ਰਈਸਾਂ ਦੀ ਕੁੰਮਕ ਪਰ ਆਯਾ ਹਾਂ, ਮੇਰਾ ਕੰਮ ਤਾਂ ਲੜਨਾ ਹੈ, ਸੁਲਾਹ

Digitized by Panjab Digital Library | www.panjabdigilib.org

ਕਰਨੀ ਤੁਹਾਡਾ ਇਖਤਿਆਰ ਹੈ। ਸੁਜਾਉਦੌਲਾ ਨੇ ਸ਼ਾਹਦੀ ਮਰਜ਼ੀ ਸੁਲਾਹ ਪਰ ਨਾ ਦੇਖਕੇ ਆਖ ਭੇਜਿਆ, ਸੁਲਾਹ ਨਹੀਂ ਹੁੰਦੀ। ਫੇਰ ਤਾਂ ਭਾਊ ਭੌਦੂ ਨੂੰ ਫਿਕਰ ਨੇ ਆ ਘੇਰਿਆ। ਕੁਦਰਤ ਨਾਲ ਦੋ ਹਜ਼ਾਰ ਊਠ ਲੱਦਯਾ ਹੋਯਾ, ਮਰਹੱਟਿਆਂ ਦੀ ਰਸਤ ਦਾ ਆਉਂਦਾ ਸੀ,ਦੁਰਾਨੀ ਦੇ ਬਖਸੀ ਬੁਲੰਦ ਖਾਂ ਨੇ ਖਬਰ ਪਾਕੇ ਪੰਦਰਾਂ ਕੋਹ ਪਰ ਜਾ ਢਾਹਿਆ। ਇਸ ਗਲੋਂ ਮਰਹੱਟਿਆਂ ਦਾ ਸਾਰਾ ਕਟਕ ਮਰਨ ਮਾਰਨ ਕਰ ਅੰਮ੍ਰਤ ਵੇਲੇ ਅਬਦਾਲੀ ਦੇ ਦਲ ਉੱਤੇ ਹੁਮ ਹੁਮਾ ਕੇ ਚੜ੍ਹ ਬੈਠਾ। ਜਦ ਅਹਿਮਦਸ਼ਾਹ ਨੇ ਦੇਖਿਆ ਕਿ ਤੋਪਖਾਨਾਂ ਅੱਗੇ ਕੀਤਾ ਹੋਯਾ, ਝੰਡੇ ਉਡਾਉਂਦੇ, ਦੁਹਿਰੀ ਚੋਬ ਲਾਉਂਦੇ, ਹਰਿ ਹਰਿ ਗਾਉਂਦੇ ਹੋਏ ਸਬ ਮਰਹੱਟੇ ਜੰਮੇ ਕਦਮ, ਸਮੁੰਦਰ ਦੀ ਤਰਾਂ ਉਮਡੇ ਆਉਂਦੇ ਹਨ, ਪਰੰਤੂ ਤੋਪਾਂ ਦੇ ਗੋਲੇ ਪਠਾਣਾਂ ਦੇ ਉਤੋਂ ਦੀ ਜਾਂਦੇ ਹੋਏ ਵੇਖਕੇ ਖੁਸ਼ੀ ਹੋਯਾ ਇਸਦਾ ਕਾਰਨ ਏਹ ਸੀ ਕਿ ਤੋਪਾਂ ਦੇ ਜਮਾਂਦਾਰ ਮੁਸਲਮਾਨਾਂ ਨਿਮਕ ਹਰਾਮਾਂ ਨੇ ਨਜੀਬਖਾਂ ਤੋਂ ਵੱਢੀ ਖਾ ਰੱਖੀ ਸੀ, ਇਸ ਗਲੋਂ ਬਾਦਸ਼ਾਹ ਨੂੰ ਫਤੇ ਦੀ ਉਮੇਦ ਹੋ ਗਈ॥

ਇਬਰਾਹੀਮਖਾਂ ਗਰਦੀ ਭਾਊਦਾ ਜਰਨੈਲ ਦਸ ਹਜ਼ਾਰ ਪਜ਼ਾਦਾ ਫੌਜ ਲੈਕੇ ਨਜੀਬਖਾਂ ਦੀ ਰੁਹੇਲੀ ਫੌਜ ਉਤੇ ਜਾ ਪਿਆ, ਛਪਾ ਛਪ ਦਸਬਾਰਾਂ ਹਜ਼ਾਰ ਰੁਹੇਲਾ ਨਿਸਲ ਸੁਲਾ ਦਿੱਤਾ। ਨਜੀਬਖਾਂ ਤਾਂ ਭੱਜ ਗਿਆ, ਪਰ ਦੁਰਾਨੀ ਦਾ ਵਜ਼ੀਰ ਸ਼ਾਹ ਵਲੀਖਾਂ ਵੀਹ ਹਜ਼ਾਰ ਦੁਰਾਨੀ ਲੈਕੇ ਅੱਗੇ ਆ ਅੜਿਆ, ਭਾਊਜੀ ਤੇ ਬਿਸ੍ਵਾਸਰਾਉ ਭੀ ਓਧਰੇ ਝੁਕੇ,ਵਜ਼ੀਰ ਦੇ (ਮਸੀਰ) ਨਜ਼ਦੀਕੀ ਸਰਦਾਰ ਅਤਾਈਖਾਂ ਜੇਹੇ ਮਾਨੀ ਬਹਾਦਰ ਬਹੁਤ ਮਾਰੇ ਗਏ। ਵਜ਼ੀਰ ਭੀ ਮਾਰਿਆ ਜਾਂਦਾ, ਪਰ ਅਹਿਮਦ ਸ਼ਾਹ

Digitized by Panjab Digital Library | www.panjabdigilib.org

ਭਾਰੀ ਸਿਪਾਹ ਲੈਕੇ ਆ ਗਿਆ ਤਾਂ ਲੜਾਈ ਠਹਿਰ ਗਈ। ਮਰਹੱਟਿਆਂ ਦਾ ਜ਼ੋਰ ਦੇਖ ਕਰ ਸ਼ਾਹ ਨੇ ਆਪਣੀ ਸੈਨਾਂ ਨੂੰ ਅੱਗੇ ਵਧਨ ਦਾ ਹੁਕਮ ਦੇਕੇ ਆਖਿਆ, ਜਿਸ ਨੂੰ ਪਿਛੇ ਹਟਦਾ ਦੇਖੋ ਉਸਦਾ ਸਿਰ ਤੁਰਤ ਕੱਟ ਲੋ। ਫੇਰ ਤਾਂ ਇਕ ਤਰਫ ਹਰਿ ਹਰਿਮਹਾਂ ਦੇਵ ਤੇ ਦੂਜੀ ਵੱਲ ਅੱਲਾਹੂ ਅਕਬਰ ਦੀ ਬੱਦਲ ਵਾਂਗੂ ਗਰਜ ਹੋ ਰਹੀਸੀ, ਲਹੂ ਦਾ ਚਿੱਕੜ ਤੇ ਲੋਥਾਂ ਦਾ ਸਥਾਰ ਐਡਾ ਹੋਯਾ ਜੋ ਖਾਲੀ ਥਾਉਂ ਪੈਰ ਧਰਨ ਨੂੰ ਕਿਤੇ ਨਾ ਰਿਹਾ। ਜਦ ਦੁਰਾਨੀ ਸ਼ਾਹ ਨੇ ਆਪਣੀ ਫੌਜਦੇ ਮੂੰਹ ਚਿੱਟੇ ਹੋਏ ਦੇਖੇ ਤਾਂ ਏਹ ਪੇਚ ਖੇਡਿਆ, ਪੰਜਾਹ ਹਜ਼ਾਰ ਅਸਵਾਰ ਜੋ ਖੱਬੇ ਪਾਸੇ ਦੂਰ ਖੜਾ ਸੀ ਉਸਨੂੰ ਮੋੜਕਰ ਸੱਜੇ ਪਾਸੇ ਕਰਕੇ ਮਰਹੱਟਿਆਂ ਪਰ ਜਾ ਪਾਯਾ। ਝਾਂਕੀ ਕਿਤੇ ਦਿਤੀ ਤੇ ਮਾਰ ਕਿਤੇ ਜਾ ਕੀਤੀ, ਓਹ ਸ਼ਤਰੰਜ ਦਗੇ ਦੀ ਚਾਲ ਕਾਰ ਕਰ ਗਈ। ਭਾਊ ਜੀ ਤੇ ਬਿਸ੍ਵਾਸਰਾਉ ਤਾਂ ਅੱਗੇਹੀ ਲੜਦੇ ਰਹੇ ਤੇ ਫੌਜ ਸਾਰੀ ਪਿੱਛੇ ਹੀ ਸੁਪਨਾ ਹੋਗਈ ਮੁਰਦੇ ਪਰ ਮੁਰਦਾ ਰਿੜ੍ਹ ਗਿਆ। ਅਫਗਾਨੀ ਰੋਜ਼ਦੇ ਲੜਾਕੇ ਤੇ ਮਰਹੱਟਿਆਂ ਨਾਲੋਂ ਰਿਸ਼੍ਟ ਪੁਸ਼੍ਟ ਸੇ, ਇਸ ਲਈ ਜਿੱਤ ਵਿੱਚ ਰਹੇ। ਦਿਨ ਦੇ ਤਿੰਨ ਵਜੇ ਆਪਣੀ ਫੌਜ ਦੀ ਦੁਰਦਸ਼ਾ ਦੇਖਕੇ ਬਿਸ੍ਵਾਸਰਾਉ ਆਪਣੇ ਸਾਥੀਆਂ ਸਮੇਤ ਖੇਤ ਵਿਚ ਕੁਦ ਪਿਆ ਤੇ ਆਪਤੋਂ ਦਸਗੁਣੇ ਖੇਤ ਦੇ ਰੇਤ ਵਿੱਚ ਰੁਲਾਕੇ ਸੁਰਗ ਨੂੰ ਚੱਲਦਾ ਹੋਯਾ। ਬਿਸ੍ਵਾਸਰਾਉ ਨੂੰ ਮਰੇ ਦੇਖ ਕੇ ਭਾਊਜੀ ਨੇ ਹਾਥੀ ਪੇਲ ਦਿੱਤਾ ਤੇ ਸਬ ਤੋਂ ਅੱਗੇ ਵਧਕੇ ਘੋੜੇ ਪਰ ਸਵਾਰ ਹੋਕਰ ਹੱਲਾ ਕਰਾਯਾ ਤੇ ਇੱਕ ਵਾਰੀ ਤਾਂ ਸਮੁੰਦ੍ਰ ਵਿੱਚ ਗੰਗਾ ਦੀ ਧਾਰ ਵਾਂਗੂ ਵੈਰੀ ਦੇ ਦਲ ਨੂੰ ਚੀਰਦਾ ਚਲਾ ਗਿਆ, ਪਰ ਫੇਰ ਪਤਾ ਨਾ ਲੱਗਾ ਜੋ ਕੀ ਹੋਯਾ। ਇਸਨੇ ਪੰਝੀ ਲੱਖ ਰੁਪਏ ਦਾ ਹੀਰਾ, ਮੋਤੀ ਪਹਨਿਆ ਹੋਯਾ ਸੀ,

Digitized by Panjab Digital Library | www.panjabdigilib.org

ਬਾਦਸ਼ਾਹ ਨੇ ਬਹੁਤ ਟੋਲ ਭਾਲ ਕਰਾਈ, ਪਰ ਏਸਦੀ ਦੇਹ ਨਾ ਲੱਭੀ ॥

ਬਸ ਏਨ੍ਹਾਂ ਦਾ ਮਰਣਾ ਹੀ ਸੀ ਕਿ ਮਰਹੱਟਿਆਂ ਨੂੰ ਭਾਜ ਪੈਗਈ। ਦਸ ਕੋਹ ਤਕ ਦੁਰਾਨੀ ਪਿੱਛਾ ਦਬਾਈ ਗਏ, ਫੇਰ ਤਾਂ ਰਾਹ ਵਿਚ ਖਲਕਤ ਭੀ ਮਾਰਨ ਉੱਠ ਪਈ। ਜੇਹੜੇ ਫੜੇ ਗਏ ਓਹ ਦੂਜੇ ਦਿਨ ਬੁਰੀ ਬੇਤਰਸੀ ਨਾਲ ਮਾਰੇ ਗਏ। ਇਸ ਘੋਰ ਜੁੱਧ ਵਿੱਚ ਦੋ ਲੱਖ ਦੇ ਲੱਗ ਭਗ ਆਦਮੀ ਤੇ ਅੱਸੀ ਹਜ਼ਾਰ ਊਠ ਘੋੜਾ, ਬੈਲ, ਹਾਥੀ ਬਿਸ੍ਵਾਸਰਾਊ ਤੇ ਭਾਊਜੀਦੇ ਨਾਲ ਹੀ ਖੇਤ ਵਿਚ ਰਹੇ ॥

ਮਹਾਂਜੀ ਸੇਂਧੀਆ ਜਿਸ ਨੇ ਗ੍ਵਾਲੀਅਰ ਦੀ ਰਯਾਸਤ ਬਣਾਈ ਹੈ ਜਖਮੀ ਹੋ ਕੇ ਉਮਰ ਭਰ ਲੰਗੜਾ ਰਿਹਾ ॥

ਮਲਾਰ ਰਾਉ ਹੁਲਕਰ ਦੇ ਜੰਗ ਦੇ ਅਰੰਭ ਵਿਚ ਹੀ ਦੌੜ ਗਿਆ ਸੀ ਤਾਂਹੀ ਨਿਮਕ ਹਰਾਮੀ ਸਦਾਯਾ ॥

ਰਾਘੋਜੀ ਭੋਸਲੇ ਨੇ ਜ਼ਖਮੀਆਂ ਦਾ ਇਲਾਜ ਨਾਗ ਪੁਰ ਜਾ ਕੀਤਾ ॥

ਇਸ ਹਾਰ ਦੀ ਖਬਰ ਸੁਣਕੇ ਬਾਲਾਰਾਇ ਜੀ ਪੇਸ਼ਵਾ ਤਾਂ ਹਾਹੁਕੇ ਦੇ ਝੂਟੇ ਨਾਲ ਹੀ ਸੁਰਗ ਜਾ ਪਹੁੰਚਯਾ। ਇਸ ਹਾਰ ਤੋਂ ਮਰਹੱਟਿਆਂ ਦੀ ਐਸੀ ਕਮਰ ਟੁੱਟੀ ਜੋ ਫੇਰ ਗੰਢੀ ਨਾ ਗਈ ॥

ਸ਼ਾਹ ਅਬਦਾਲੀ ਭੀ ਆਪਣੀ ਫੌਜ ਬਹੁਤ ਮਰੀ ਤੇ ਬਾਕੀ ਬੱਕੀ ਮਾਂਦੀ ਦੇਖ ਕੇ ਤੁਰਤ ਕਾਬਲ ਨੂੰ ਮੁੜ ਗਿਆ।

## ਮ੍ਰਹੱਟਿਆਂ ਦਾ ਸਾਮਾਨ ਲੁੱਟਿਆ ਜਾਣਾ

ਰਣਭੂਮੀ ਵਿਚੋਂ ਪਚਾਸ ਲੱਖ ਰੁਪਯਾ ਨਕਦ ਤੇ

Digitized by Panjab Digital Library | www.panjabdigilib.org

ਸੈਂਕੜੇ ਘੋੜੇ ਊਂਠ ਹਾਥੀ ਹੱਥਜਾਰ ਤੇ ਬੀਸ ਲੱਖ ਰੁਪਏ ਦੇ ਬਿਸਵਾਸ ਰਾਉ ਦੀ ਪੂਜਾ ਤੇ ਲੰਗਰ ਦੇ ਬਰਤਨ ਅਤੇ ਹੋਰ ਬਸਤ੍ਰ ਸ਼ਸਤ੍ਰ ਜ਼ੇਵਰ, ਪਲੰਘ ਦੀ ਤਜਾਰੀ ਆਦਿਕ ਬੇਗਣਤ ਸਾਮਾਨ ਲੈ ਗਿਆ। ਜਿਸ ਵਿਚੋਂ ਇਕ ਛਟੀ ਦੀ ਕੀਮਤ ਜਵਾਹਰੀਆਂ ਨੇ ਪਛੱਤ੍ਰ ਹਜ਼ਾਰ ਪਾਈ ਤੇ ਇਕ ਹੁਕਾ ਇਕ ਲੱਖ ਚਾਲੀ ਹਜ਼ਾਰ ਦਾ ਹੋਯਾ। ਏਹੋ ਜੇਹਾ ਸਾਮਾਨ ਤੇ ਬਾਈ ਹਜ਼ਾਰ ਆਦਮੀ ਤ੍ਰੀਵੀਂ ਟਹਿਲੂਏ, ਟਹਿਲਣਾ, ਬਣਾਉਣ ਵਾਸਤੇ ਹਿੰਦ ਵਿਚੋਂ ਲੈ ਗਿਆ॥

ਮੁਸਲਮਾਨ ਤਵਾਰੀਖਾਂ ਵਾਲੇ ਏਤਨੀ ਮਾਯਾ ਦੱਸ ਕਰ ਭੀ ਆਖਦੇ ਹਨ ਕਿ ਏਸ ਸਮੇਂ ਅਹਿਮਦ ਸ਼ਾਹ ਨੇ ਸਿਵਾਇ ਫਤੇ ਜੰਗਦੇ ਹੋਰ ਕੋਈ ਫਾਯਦਾ ਨਹੀਂ ਉਠਯਾ। ਐ ਪਾਠਕੋ! ਐਤਨਾ ਧਨ ਲੈਕੇ ਭੀ ਜੋ ਅਹਿਮਦ ਸ਼ਾਹ ਖਾਲੀ ਗਿਆ ਤਾਂ ਹੋਰ ਸਰਹੰਦ ਦੇ ਖੋਲੇ ਲੈਜਾਣੇ ਬਾਕੀ ਰਹ ਗਏ ਸਨ?

## ਸੂਬੇ ਦੁਰਾਨੀ ਦੇ ਜੰਗ ਵਿਚ ਰੁਝਨ ਕਰਕੇ ਸਿੰਘਾਂ ਨੇ ਲਾਹੌਰ ਆਦਿਕ ਸੋਧਨਾ

ਪਾਣੀ ਪਤਿ ਦੇ ਜੰਗ ਵਿਚ ਕਰਮਦਾਦ ਖਾਂ ਸੂਬੇ ਦਾਰ ਲਾਹੌਰੀ ਆਦਿਕ ਸਬ ਹਾਕਮ ਅਹਿਮਦ ਸ਼ਾਹ ਦੇ ਪਾਸਸੇ। ਉਥੋਂ ਬਾਦਸ਼ਾਹ ਨੇ ਸਰਬੁਲੰਦ ਖਾਂ ਹਾਕਮ ਨੂੰ ਲਾਹੌਰ ਭੇਜਣਾ, ਪਰਓਹ ਕੀਸੂਰਤ ਸਿੰਘ ਨੂੰ ਸਪੁਰਦ ਕਰਕੇ ਜੰਗ ਨਾਲ ਰਲ ਗਿਆ। ਸੂਰਤ ਸਿੰਘ ਨੇ ਜੋ ਬਹੁਤ ਡਰਾਕੂਲ ਖੱਤ੍ਰੀ ਸੀ, ਸਿੰਘਾਂ ਦਾ ਜ਼ਿਆਦਾ ਜ਼ੋਰ ਦੇਖਕੇ ਸੂਬੇ ਦਾਰੀ ਛੱਡ ਦਿੱਤੀ। ਬਾਦਸ਼ਾਹ ਨੇ ਮੀਰ ਮੁਹੱਮਦ ਖਾਂ ਨੂੰ ਪੰਜ ਸੌ ਅਸਵਾਰ ਦੇਕੇ ਲਾਹੌਰ ਭੇਜ ਦਿਤਾ; ਏਸ ਨੇ ਜਾਂਦੇ ਹੀ ਆਪਣਾ ਦਬਦਬਾ

Digitized by Panjab Digital Library | www.panjabdigilib.org

ਬੈਠਾਉਣ ਲਈ ਪਿੰਡਾਂ ਵਿਚੋਂ ਪੰਦ੍ਰਾਂ ਵੀਹ ਸਿੰਘ ਬੇਗੁਨਾਹ ਫੜਕੇ ਕਤਲ ਕਰਾ ਸਿੱਟੇ।

ਏਸ ਗੱਲੋਂ ਸਿੰਘਾਂ ਨੂੰ ਐਸੀ ਰਿਪ ਚੜ੍ਹੀ ਕਿ ਲਾਹੌਰ ਉੱਪਰ ਹੱਲਾ ਕਰ ਦਿੱਤਾ। ਕੋਟ ਤੋਂ ਬਾਹਰ ਦੀਆਂ ਬਸਤੀਆਂ ਨੂੰ ਮਾਰੋ ਮਾਰ ਕਰਕੇ ਸੈਂਕੜੇ ਮੁਸਲਮਾਨ ਕਤਲ ਕਰ ਕੱਢੇ।

ਮੀਰ ਮਹੰਮਦ ਖਾਂ ਨੇ ਸ਼ਹਰ ਦੇ ਦਰਵਾਜੇ ਬੰਦ ਕਰਾਕੇ ਕੋਟ ਉੱਤੇ ਤੋਪਾਂ ਚੜ੍ਹਾ ਰਖੀਆਂ, ਸਿੰਘਾਂ ਨੇ ਬਾਹਰ ਮਾਰੋਮਾਰ ਮਚਾਰੱਖੀ,ਅੰਦਰ ਸ਼ਹਿਰ ਦੇ ਕੋਈ ਚੀਜ਼ ਨਾ ਜਾਣ ਦੇਣ, ਸ਼ਹਰੀ ਲੋਗਤੜਫ ਉੱਠੇ, ਮੀਰਮੁਹੰਮਦ ਨੇ ਸ਼ਹਿਰ ਦੇ ਚੌਧਰੀਆਂ ਦੀ ਮਾਰਫਤ ਸਿੰਘਾਂ ਨੂੰ ਪੰਜ ਹਜਾਰ ਰੁਪਯਾ ਮਿਠੇ ਸੁਖੇ ਵਾਸਤੇ ਨਜ਼ਰ ਦੇਕਰ ਆਪਣੇ ਬੂਹੇ ਅੱਗੋਂ ਔਖਾ ੨ ਕਰਕੇ ਉਠਾਯਾ।

## ਸਿੰਘਾਂ ਨੇ ਬੰਦੀ ਛੁਡਾਏ

ਜਦ ਅਹਿਮਦ ਸ਼ਾਹ ਦੁਰਾਨੀ ਮਰਹੱਟਜਾਂ ਉੱਤੇ ਫਤੇ ਪਾਕੇ ਮੁੜ ਲਾਹੌਰ ਆਯਾ ਤਾਂ ਓਸਨੇ ਸਿੰਘਾਂ ਨੂੰ ਰੁਪਯਾ ਦੇਣ ਦੇ ਕਸੂਰ ਵਿਚ ਮੀਰ ਮਹੰਮਦ ਖਾਂ ਨੂੰ ਕੈਦ ਕਰ ਦਿੱਤਾ, ਪਰ ਸ਼ਹਿਰ ਦੇ ਚੌਧਰੀਆਂ ਨੇ ਸਾਰਾ ਹਾਲ ਸੁਣਾ ਕੇ ਓਸਨੂੰ ਤਾਂ ਛੁਡਾ ਲੀਤਾ, ਪਰ ਉਨ੍ਹਾਂ ਵਿਚੋਂ ਕੁਝ ਸਿੰਘਾਂ ਦੀ ਬਾਦਸ਼ਾਹ ਨੇ ਕੋਈਨਾਸੁਣੀ।ਓਸਸਮੇਂ ਵੀਹ ਬਾਈ ਹਜ਼ਾਰ ਹਿੰਦੂ ਔਰਤ ਮਰਦ ਇਆਣੇ ਸਿਆਣੇ ਕੁੜੀਆਂ ਮੁੰਡੇ ਰੋਂਦੇ ਕੁਰਲਾਂਦੇ ਫੜੇ ਹੋਏ ਗੱਡੀਆਂ ਵਿਚ ਪਾਏ ਹੋਏ ਦੁਰਾਨੀ ਏਨ੍ਹੀਂ ਲਈ ਜਾਂਦੇ ਸਨ। ਜਦ ਬਾਦਸ਼ਾਹ ਲਾਹੌਰ ਪਹੁੰਚ ਗਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਸਭ ਸਿੱਖਾਂ ਸਰਦਾਰਾਂ ਨੂੰ ਨਾਲ

Digitized by Panjab Digital Library | www.panjabdigilib.org

ਲੈਕੇ ਗੋਇੰਦਵਾਲ ਬਜਾਸਾ ਟੱਪਦੇ ਹੋਏ ਅੱਗਾਚੇਤ ਦੁਰਾਨੀ ਜਾ ਦਬਾਏ। ਉਨਾਂ ਨੂੰ ਹੋਸ਼ ਨਾ ਲੈਣ ਦਿੱਤੀ, ਕੈਦੀਆਂ ਦੇ ਬੰਧਨ ਕੱਟਕੇ ਘਰੋ ਘਰ ਭੇਜ ਦਿੱਤਾ। ਏਹ ਅਤੀ ਪਰੋਪਕਾਰੀ ਨੇਕ ਨਾਮੀ ਸਰਦਾਰ ਜੱਸਾ ਸਿੰਘ ਨੂੰ ਆਈ।

ਬਾਦਸ਼ਾਹ ਖ੍ਵਾਜੇ ਹਮੀਦ ਨੂੰ ਲਾਹੌਰ, ਤੇ ਜੈਨ ਖਾਂ ਨੂੰ ਸਰਹੰਦ, ਸਰਬੁਲੰਦ ਖਾਂ ਨੂੰ ਮੁਲਤਾਨ ਦਾ ਸੂਬੇਦਾਰ ਬਣਾਕੇ ਆਪ ਕਾਬਲ ਵਿੱਚ ਜਾ ਵੜਿਆ॥

ਭਾਵੇਂ ਸਿੰਘਾਂ ਨੇ ਜੇਹਲਮ ਤੱਕ ਬਾਦਸ਼ਾਹ ਦੇ ਲਸ਼ਕਰ ਉੱਤੇ ਭੀ ਵੇਲੇ ਕੁਵੇਲੇ ਛਾਪੇ ਮਾਰ ੨ ਬਹੁਤ ਨੁਕਸਾਨ ਕੀਤਾ, ਪਰ ਬਾਦਸ਼ਾਹ ਕੰਨ ਲਪੇਟ ਕੇ ਚਲਾ ਹੀ ਗਿਆ, ਕਿਉਂਕਿ ਇਕ ਤਾਂ ਬੁਖਾਰੇ ਦੇ ਬਾਦਸ਼ਾਹ ਨੇ ਬਲਖ ਆ ਮਾਰਜਾ ਸੀ, ਦੂਜੇ ਉਸਦੀ ਫੌਜ ਜਖਮੀ ਤੇ ਬੀਮਾਰ ਸੀ, ਇਸ ਕਰਕੇ ਲਹੂ ਦਾ ਘੁਟ ਭਰਦਾ ਚਲਾ ਗਿਆ ਇਸਨੇ ਗੱਰ ਕਾਬਲ ਜਾਕੇ ਇਸ ਤਰਾਂ ਕੱਢਜਾ ਕਿ ਨੂਰਦੀਨ ਤੇ ਜ਼ਾਲਮ ਖਾਂ ਦੋ ਸਰਦਾਰਾਂ ਨੂੰ ਸੱਤ ਹਜ਼ਾਰ ਅਸਵਾਰ ਦੇਕੇ ਪੰਜਾਬ ਨੂੰ ਭੇਜ ਕਰ ਖ੍ਵਾਜੇ ਹਮੀਦ ਹਾਕਮ ਨੂੰ ਲਿਖ ਭੇਜਜਾ ਕਿ ਸਿੰਘਾਂ ਦਾ ਨਾਮ ਨਿਸ਼ਾਨ ਮੇਟ ਦਿਓ॥

## ਜੰਗ ਗੁਜਰਾਤ ਤੇ ਸਿਆਲਕੋਟ ਤੇ ਨੂਰਦੀਨ ਦੀ ਹਾਰ

ਜਦ ਬਾਦਸ਼ਾਹ ਦੇ ਹੁਕਮ ਦੀ ਖਬਰ ਖਾਲਸੇ ਨੂੰ ਪਹੁੰਚੀ ਤਾਂ ਗੁਰਮਤਾ ਕਰਕੇ ਸਭ ਸਰਦਾਰ ਵੱਖੋ ਵੱਖ ਆਪਣੇ ੨ ਜੱਥੇ ਲੈਕੇ ਗੁਜਰਾਤ ਕੱਠੇ ਹੋਣ ਦਾ ਬੀੜਾ ਬੰਨ੍ਹ ਤੁਰੇ, ਪਰ ਇਸ ਕੰਮ ਵਿੱਚ ਸਭਨਾਂ ਦਾ ਮੁਖੀਆ ਸਰਦਾਰ ਚੜ੍ਹਤ ਸਿੰਘ ਹੋਯਾ। ਭੰਗੀ

Digitized by Panjab Digital Library | www.panjabdigilib.org

ਤੇ ਘਨੱਈਏ ਸਰਦਾਰਾਂ ਨੇ ਵਟਾਲੇ ਵੱਲੋਂ ਜਾਕੇ ਕਲਾ ਨੌਰਦੇ ਹਾਕਮ ਸੱਯਦ ਹਸਨ ਅਲੀ ਖਾਂ ਨੂੰ (ਜਿਸਨੇ ਬਹੁਤ ਸਾਰੇ ਹਿੰਦੂ, ਮੁਸਲਮਾਨ ਕਰ ਘੱਤੇ ਸੇ ਤੇ ਨਿੱਤ ਸਿੰਘਾਂ ਨਾਲ ਝਗੜਾ ਰੱਖਦਾ ਸੀ) ਤਲਵਾਰ ਦੀ ਧਾਰ ਥਾਣੀ ਸੰਸਾਰ ਥੀਂ ਪਾਰ ਉਤਾਰ ਕੇ ਸੱਯਦਾਣੀਆਂ ਨਾਲ ਮਜ਼ਬੀ ਸਿੰਘਾਂ ਦੇ ਅਨੰਦ ਪੜ੍ਹਾ ਦਿਤੇ, ਤੇ ਇਕ ਇਸਤ੍ਰੀ ਨੂੰ ਹਕੀਕਤ ਸਿੰਘ ਦੇ ਚਚੇਰੇ ਭਾਈ ਦਲ ਸਿੰਘ ਨੇ ਖਾਲਸੇ ਦੀ ਆਗਯਾ ਨਾਲ ਅੰਮ੍ਰਿਤ ਛਕਾਕੇ ਸਿੰਘਣੀ ਸਜਾ ਲਿਆ। ਕਲਾ ਨੌਰ ਵਿੱਚ ਹਕੀਕਤ ਸਿੰਘ ਦਾ ਠਾਣਾ ਬੈਠਾ ਕੇ ਸਯਾਲਕੋਟ ਦੇ ਹਾਕਮ ਨੂੰ ਪੱਕਾ ਲਾਲ ਟਕਾ ਦਿੰਦੇ ਹੋਏ ਗੁਜਰਾਤ ਦੇ ਨੇੜੇ ਜਾ ਫਿਰੇ। ਉਧਰੋਂ ਸਰਦਾਰ ਚੜ੍ਹਤ ਸਿੰਘ ਭੀ ਮਜ਼ਬ ਦੇ ਵੈਰੀਆਂ ਨੂੰ ਦਾਖੂਦਾਣੇ ਦਿੰਦਾ ਹੋਯਾ ਨੇੜੇ ਢੁਕ ਪਿਆ। ਜਦ ਦੁਰਾਨੀਆਂ ਦੀ ਸੈਨਾ ਚਨਾਬ ਉਤਰੀ ਤਾਂ ਸਿੰਘਾਂ ਨੇ ਫਤੇ ਜਾ ਗਜਾਈ, ਜੱਦਪਿ ਖ੍ਵਾਜੇ ਹਮੀਦ ਨੇ ਨੂਰਦੀਨ ਨੂੰ ਸਿੰਘਾਂ ਦੀ ਫੁਰਤੀ ਦਾ ਸਨੇਹਾ ਭੇਜਯਾ ਸੀ, ਪਰ ਓਸਨੇ ਆਪਣੀ ਫੌਜ ਦੇ ਘਮੰਡ ਵਿਚ ਸਿੰਘਾਂ ਨੂੰ ਕੁਛ ਨ ਗਿਣਿਆ, ਅੱਖਾਂ ਮੀਟੀ ਚਲਾ ਆਯਾ। ਸਿਰ ਸੱਟ ਪਈ ਤਾਂ ਅਖਾਂ ਖੁਲ੍ਹੀਆਂ। ਗੁਜਰਾਤ ਪਾਸੋਂ ਜਜੋਂ ਲੜਾਈ ਹੋਣ ਲਗੀ, ਕਈ ਜਗਾ ਚੀਲਾਂ, ਕਾਗਾਂ, ਗਿਦੜਾਂ ਤੇ ਕੁਤਯਾਂ ਨੂੰ ਅਤੁਟ ਭੰਡਾਰਾ ਮਿਲਿਆ। ਏਸ ਜੰਗ ਵਿਚ ਜ਼ਾਲਮਖਾਂ ਜੈਸੇ ਛਾਈਕੁ ਹਜ਼ਾਰ ਤਾਂ ਜਮਲੋਕ ਜਾ ਪੁਜੇ, ਬਾਕੀ ਨੂਰ ਦੀਨ ਸਯਾਲਕੋਟ ਦੇ ਕਿਲੇ ਵਿਚ ਜਾ ਘੁਸਿਆ, ਓਥੇ ਭੀ ਖਾਲਸੇ ਨੇ ਚੰਗਾ ਕੰਮ ਕੀਤਾ, ਨੌਵੀਂ ਦਿਨ ਘੇਰੀ ਰੱਖਯਾ, ਛੇਕੜ ਖਾਣੇ ਦਾਣੇ ਤੋਂ ਤੰਗ ਹੋਕੇ ਰਾਤ ਨੂੰ ਦੌੜਕੇ ਜੰਮੂ ਵਾਲੇ ਰਾਜਾ ਰਣਜੀਤ ਦੇਓ ਦੀ ਸ਼ਰਣਿ ਜਾ ਪਿਆ। ਜੱਦਪਿ ਏਸ ਜੰਗ ਵਿਚ ਬਹੁਤ ਸਿਖ

Digitized by Panjab Digital Library | www.panjabdigilib.org

ਸਰਦਾਰ ਸੇ, ਪਰ ਏਹ ਫਤੇ ਸਰਦਾਰ ਚੜ੍ਹਤ ਸਿੰਘ ਦੇ ਨਾਮ ਪੁਰ ਹੀ ਹੋਈ ਸੀ॥

ਸ੍ਰ: ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿਚ ਇਕ ਕੱਚਾ ਕਿਲਾ ਅਗੇ ਹੀ ਰੱਖਜਾ ਸੀ, ਖਾਲਸੇ ਨੇ ਏਸੇ ਖੁਸ਼ੀ ਵਿਚ ਸੰ: ੧੮੧੭ ਬਿ: ਨੂੰ ਆਪ ਬੜੇ ਪ੍ਰੇਮ ਨਾਲ ਸੇਵਾ ਕਰਕੇ ਤਯਾਰ ਕਰ ਦਿਤਾ।

ਖ੍ਵਾਜੇ ਹਮੀਦਖਾਂ ਲਾਹੌਰ ਦੇ ਸੂਬੇ ਨੇ ਜਦ ਨੂਰ ਦੀਨ ਦੀ ਹਾਰ ਤੇ ਸਰਦਾਰ ਚੜ੍ਹਤ ਸਿੰਘ ਦੀ ਜਿਤ ਸੁਣੀ ਤਾਂ ਫੌਜ ਲੈਕੇ ਗੁਜਰਾਂਵਾਲੇ ਉੱਤੇ ਚੜ੍ਹ ਆਯਾ। ਤੇਰਾਂ ਦਿਨ ਸਰਦਾਰ ਅੰਦਰੋਂ ਲੜਦਾ ਰਿਹਾ, ਏਤਨੇ ਨੂੰ ਸਭ ਮਿਸਲਾਂ ਵਾਲੇ ਸਰਦਾਰ ਜਾ ਪਹੁੰਚੇ। ਫੇਰ ਤਾਂ ਹਮੀਦਖਾਂ ਛੜੀ ਜਾਨ ਲੈਕੇ ਮਸਾਂ ੨ ਲਾਹੌਰ ਪਹੁੰਚਜਾ, ਬਾਕੀ ਚਾਰ ਤੋਪਾਂ, ਅਨੇਕ ਘੋੜੇ, ਊਠ, ਤੰਬੂ ਆਦਿਕ ਅਸਬਾਬ ਚੜ੍ਹਤ ਸਿੰਘ ਨੂੰ ਹੀ ਦੇ ਆਯਾ।

## ਅੰਮ੍ਰਿਤਸਰ ਦੀ ਬਿਅਦਬੀ

ਜਦ ਅਹਿਮਦ ਸ਼ਾਹ ਨੇ ਨੂਰਦੀਨ ਤੇ ਖ੍ਵਾਜੇ ਹਮੀਦ ਦੀ ਦੁਰਦਸ਼ਾ ਹੋਣ ਦਾ ਹਾਲ ਸੁਣਿਆਂ ਤਾਂ ਇਕ ਦਸਤਾ ਫੌਜ ਦੇਕੇ, ਬਖਸ਼ੀ ਜਹਾਨਖਾਂ ਨੂੰ (ਜੋ ਸਾਰੀ ਬਾਦਸ਼ਾਹੀ ਵਿਚ ਸੂਰਬੀਰ ਤੇ ਜ਼ਾਲਮ ਸੀ) ਸਿੰਘਾਂ ਉੱਤੇ ਚੜ੍ਹਾ ਭੇਜਜਾ॥

ਤਦੋਂ ਨੂਰ ਦੀਨ ਬੀ ਜੰਮੂ ਦੇ ਪਹਾੜਾਂ ਵਿਚੋਂ ਸਿਰ ਕੱਢ ਆਯਾ ਤੇ ਹੋਰ ਦੁਰਾਨੀ ਹਾਕਮ ਬੀ ਜੋ ਅਧਮਰੇ ਜੇਹੇ ਸੇ, ਸਭ ਟਹਿਕ ਪਏ॥

ਦੁਰਾਨੀਆਂ ਦਾ ਬਹੁਤ ਸ਼ੋਰ ਸ਼ਰਾਬਾ ਦੇਖਕੇ ਸਿੰਘ ਕੁਛ

Digitized by Panjab Digital Library | www.panjabdigilib.org

ਤਾਂ ਮਾਲਵੇ ਵੱਲ ਚਲੇਗਏ ਬਾਕੀ *ਸਾਂਦਲ ਬਾਰ ਦੇ ਜੰਗਲਾਂ ਵਿੱਚ ਜਾ ਵੜੇ। ਏਧਰ ਜਹਾਨਖਾਂ ਪੰਜਾਬੀ ਕਾਜੀ ਅੰਮ੍ਰਤਸਰ ਡੇਰਾ ਲਾਕਰ ਹਰਿਮੰਦਰ ਦੀ ਬੇਅਦਬੀ ਕਰਨ ਤੇ ਤਾਲਾਬ ਅੰਮ੍ਰਤਸਰ ਵਿੱਚ ਮਿੱਟੀ ਭਰਨ ਲਗ ਪਿਆ। ਏਹ ਹਾਲ ਜਦ ਮਾਲਵੇ ਦੇਸ ਖਾਲਸੇਨੇਸੁਣਿਆਂ ਤਾਂ ਬਾਬਾ ਦੀਪਸਿੰਘ ਜੀਸ਼ਹੀਦ ਦਮਦਮੇ ਸਾਹਿਬ ਤੋਂ ਪੰਜ ਸੌ ਅਸਵਾਰ ਸਮੇਤ ਤੁਰਤ ਅੰਮ੍ਰਤਸਰ ਵਲ ਚੜ੍ਹ ਬੈਠੇਹੋਰ ਸ਼ਹੀਦ ਨਥਾ ਸਿੰਘ, ਹੀਰਾਸਿੰਘ, ਪ੍ਰੇਮਸਿੰਘ ਸੁਧਾ ਸਿੰਘ, ਬਸੰਤਸਿੰਘ ਆਦਿਕਭੀ ਉਨਾਂ ਦੇ ਨਾਲ ਹੋ ਗਏ। ਨੇਹੀਆਂਵਾਲੇਪਿੰਡ, ਰਾਮਚੌਤਰੇ, ਗੁਰਚੌਤਰੇ ਲੱਖੀ ਜੰਗਲ, ਬਿਛੂਕੇ ਭੈਰਾੜਾਂ ਦੇ ਪਿੰਡਾਂ ਵਿੱਚ ਜਿੱਥੇ ੨ ਸਿੰਘ ਉਤਰੇ ਹੋਏ ਸਨ, ਸਭ ਬਾਬਾ ਦੀਪ ਸਿੰਘ ਜੀ ਦੇ ਨਾਲ ਹੁੰਦੇ ਗਏ॥

## ਧਰਮ ਜੁੱਧ

ਮਾਘ ਸੰ:੧੮੧੭ ਬਿ: ਨੂੰ ਬਾਬਾ ਦੀਪਸਿੰਘ ਜੀ ਸ਼ਹੀਦ ਨੇ ਸਭ ਨੂੰ ਏਹ ਸੁਣਾ ਦਿੱਤਾ ਕਿ ਜਿਸਨੇ ਗੁਰੂ ਜੀ ਦੇ ਨਮਿਤ ਸਿਰ ਦੇਣਾ ਹੋਵੇ ਸੋ ਸਾਡੇ ਨਾਲ ਚਲੇ, ਤਾਂ ਪੰਜ ਹਜਾਰ ਸਿੰਘ ਉਨ੍ਹਾਂਦਾ ਸਾਥੀ ਹੋਯਾ।ਏਹ ਖਬਰ ਸੁਣਕੇ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਪੰਜ ਸੌ ਅਸਵਾਰ ਲੈਕੇ ਆਨੰਦ ਪੁਰੋਂ ਆ ਪਹੁੰਚੇ।

ਜਹਾਨ ਖਾਂ ਅਠਾਰਾਂ ਹਜ਼ਾਰ ਦੁਰਾਨੀ ਨੂੰ ਨਾਲ ਲੈਕੇ ਗੋਹਲਵਾੜ ਪਿੰਡ ਪਾਸ ਪੰਜ ਕੋਹ ਅੱਗੇ ਆ ਲੜਦਾ। ਜੱਦਪਿ ਦੀਨ ਮਜ਼ਬ ਦੀ ਲੜਾਈ ਦੇ ਕਾਰਣ ਦੋਹਾਂ ਤਰਫਾਂ ਦੇ

*ਸਾਂਦਲਬਾਰ ਇਕ ਵੱਡਾ ਚੌੜਾ ਜੰਗਲ ਰਾਵੀ ਤੇ ਝਨਾਬ ਦੇ ਵਿਚਕਾਰ ਹੈ, ਬੇਅੰਤ ਸ਼ੇਰ ਬਘਜਾੜ ਆਦਿਕ ਜਾਨਵਰ ਏਸ ਵਿਚ ਰਹਿੰਦੇ ਸੇ। ਦੁਲਾ ਭੱਟੀ ਰਾਜਪੂਤ ਬੜਾ ਮਸ਼ਹੂਰ ਧਾੜਵੀ ਏਸੇ ਥਾਂ ਅਕਬਰਸ਼ਾਹ ਦੇ ਵਕਤ ਹੋਯਾ ਹੈ ਜਿਸਦੇ ਗੀਤ ਗਾਂਦੀਦੇ ਹਨ। ਬਾਰ ਜੰਗਲ ਦਾ ਨਾਮ ਹੈ। ਪਾਂਡਵਾਂ ਦੇ ਸਮੇਂ ਏਥੇ ਸਾਂਡਲ ਰਿਖੀ ਰਹਿਆ ਕਰਦਾ ਸੀ, ਜਿਸਦੇ ਨਾਮ ਪਰ ਏਸਦਾ ਨਾਮ ਸਾਂਡਲ ਤੋਂ ਸਾਂਦਲ ਪੈ ਗਿਆ।

Digitized by Panjab Digital Library | www.panjabdigilib.org

ਸੂਰ ਬੀਰ ਵਧ ੨ ਕੇ ਲੜੇ, ਪਰ ਸਿੰਘਾਂ ਨੇ ਤਾਂ ਪਿੱਛੇ ਮੁੜਨ ਦੀ ਸੌਂਹ ਖਾ ਰਖੀ ਸੀ, ਤਾਂਹੀ ਦੁਰਾਨੀਆਂ ਨੂੰ ਦਬਾਉਂਦੇ ਚਲੇ ਆਏ, ਪੰਜਾਂ ਕੋਹਾਂ ਵਿੱਚ ਲਹੂ ਦਾ ਛਿੜਕਾਉ ਤੇ ਲੋਥਾਂ ਦੇ ਕੁੰਦੜੇ ਲਾ ਦਿੱਤੇ। ਲਿਖਿਆ ਹੈ ਦੀਪ ਸਿੰਘ ਦਾ ਸੀਸ ਚੱਬੇ ਪਿੰਡ ਪਾਸ ਜਦ ਕਟ ਗਿਆ ਤਾਂ ਇਕ ਸਿੰਘ ਬੋਲਿਆ, ਵਾਹ ਸਿੰਘ ਜੀ ! ਤੁਸੀਂ ਤਾਂ ਆਖਦੇ ਸੇ ਅੰਮ੍ਰਿਤਸਰ ਜਾਕੇ ਸ਼ਹੀਦ ਹੋਵਾਂਗੇ, ਹੁਣ ਏਥੇ ਹੀ ਡੇਰਾ ਲਾ ਦਿੱਤਾ ? ਏਹ ਬਾਤ ਸੁਣਕੇ ਸੀਸ ਚੁਕ ਲਿਆ। ਫੇਰ ਲੜਦਾ ਹੋਯਾ ਰਾਮਸਰ ਪਾਸ ਆਯਾ ਤਾਂ ਏਥੇ ਬੈਠ ਗਏ, ਜਿੱਥੇ ਹੁਣ ਉਨਾਂ ਦਾ ਸ਼ਹੀਦ ਗੰਜ ਹੈ। ਗੁਲਾਮ ਸਰਵਨ ਨੇ ਤੇ ਘੱਨਯਾ ਲਾਲ ਨੇ ਐਉਂ ਲਿਖਿਆ ਹੈ ਕਿ ਤਾਲਾਬ ਰਾਮਸਰ ਦੇ ਪਾਸ ਆਕੇ ਸਰਦਾਰ ਦੀਪਸਿੰਘ ਜੀ ਤਾਂ ਸੱਰ ਮੂਰ ਸ਼ਹੀਦ ਹੋ ਗਏ, ਤੇ ਹੀਰਾ ਸਿੰਘ ਨਾਹਰ ਸਿੰਘ, ਸੰਤ ਸਿੰਘ ਨਿਹਾਲ ਸਿੰਘ ਏਹ ਗੁਰੂ ਕੇ ਬਾਗ ਵਿੱਚ ਪਹੁੰਚ ਕੇ ਜੂਝ ਪਏ॥

ਗੁਰਬਖਸ਼ ਸਿੰਘ, ਬਸੰਤ ਸਿੰਘ ਆਦਿਕਾਂ ਨੇ ਅਕਾਲ ਬੁੰਗੇ ਦੇ ਪਾਸ ਸ਼ਹੀਦੀ ਪਾਈ। ਜਿੱਥੇ ੨ ਏਹ ਸ਼ਹੀਦ ਹੋਏ ਹਨ, ਓਥੇ ਓਥੇ ਓਨਾਂ ਦੀ ਯਾਦਗਾਰ ਵਿੱਚ ਪੂਜਨੀਕ ਮਕਾਨ ਬਣੇ ਹੋਏ ਹਨ॥

ਜੱਦਪਿ ਏਹ ਬੜੇ ਬੜੇ ਨਾਮੀ ਸਰਦਾਰ ਸ਼ਹੀਦ ਹੋ ਗਏ ਸੇ, ਪਰ ਸਿੰਘਾਂ ਦੇ ਹੌਸਲੇ ਤੇ ਸਿਦਕ ਨੇ ਦੁਰਾਨੀਆਂ ਨੂੰ ਅੰਮ੍ਰਿਤਸਰੋਂ ਕੱਢ ਛੱਡਿਆ, ਸਿੰਘਾਂ ਨੇ ਦੁਰਾਨੀਆਂ ਨੂੰ ਕੱਢਕੇ ਜੰਗ ਵਿੱਚ ਜੂਝੇ ਹੋਏ ਸਿੰਘਾਂ ਦਾ ਦਾਹ ਕੀਤਾ॥

## ਅੰਮ੍ਰਿਤਸਰ ਜੀ ਦਾ ਤਾਲਾਬ ਬਨਾਣਾ

ਪੰਦ੍ਰਾਂ ਕੁ ਦਿਨਾਂ ਪਿੱਛੋਂ ਲਾਹੌਰੀ ਸੂਬੇ ਦੀ ਸਹਾਇਤਾ

Digitized by Panjab Digital Library | www.panjabdigilib.org

ਨਾਲ ਜਹਾਨਖਾਂ ਦੁਰਾਨੀ ਨੇ ਫੇਰ ਅੰਮ੍ਰਿਤਸਰ ਉੱਤੇ ਹਮਲਾ ਕੀਤਾ, ਪਰ ਉਸ ਸਮੇਂ ਸਿੰਘ ਬਹੁਤ ਸਨ, ਇਸ ਕਰਕੇ ਦੁਰਾਨੀਆਂ ਦੀ ਐਸੀ ਪਿੱਠ ਲੱਗੀ ਜੋ ਲਾਹੌਰ ਤਾਈਂ ਸਿੰਘਾਂ ਦੇ ਅੱਗੇ ਨੱਠ ਗਏ, ਏਨਾਂ ਦੋਹਾਂ ਲੜਾਈਆਂ ਨੇ ਦੁਰਾਨੀਆਂ ਦੇ ਛਕੇ ਛੁੜਾ ਦਿੱਤੇ ॥

ਸਿੰਘਾਂ ਨੇ ਅੰਮ੍ਰਿਤਸਰ ਡੇਰਾ ਰੱਖਕੇ ਇਕ ਤਾਂ ਤਾਲਾਬ ਅੰਮ੍ਰਿਤਸਰ ਵਿੱਚੋਂ ਉਹ ਮਿਟੀ ਕੱਢੀ ਜੋ ਮੁਸਲਮਾਨਾਂ ਨੇ ਭਰਾ ਦਿੱਤਾ ਤੇ ਦੂਸਰਾ ਕਿਲੇ ਰਾਮਗੜ੍ਹ ਨੂੰ ਮੁਰੰਮਤ ਕੀਤਾ, ਤੀਜੇ ਹਰਿ ਮੰਦਰ ਸਾਹਿਬ ਤੇ ਅਕਾਲ ਤਖਤ ਹਮੇਸ਼ ਦੀਵਾਨ ਲਗਾ ਕਰ ਗੁਰਦ੍ਵਾਰੇ ਦੀ ਰੌਣਕ ਵਧਾਈ, ਸਿਖੀ ਧਰਮ ਨੂੰ ਦ੍ਰਿੜ ਕੀਤਾ, ਤੇ ਹਿੰਦਵਾਇਣ ਰੱਖ ਦਿਖਾਈ ।

ਏਥੇ ਏਹ ਗਲ ਵੀ ਜ਼ਰੂਰ ਸਮਝਣੇ ਯੋਗ ਹੈ ਕਿ ਸਿੰਘਾਂ ਦਾ ਮੁਸਲਮਾਨਾਂ ਨਾਲ ਲੜਨਾ ਭਿੜਨਾ ਕਿਸੇ ਜ਼ਰ, ਜ਼ੋਰੂ ਜ਼ਮੀਨ ਬਦਲੇ ਨਹੀਂ ਹੋਯਾ, ਕੇਵਲ ਧਰਮ ਰੱਖਯਾ ਵਾਸਤੇ ਪਵਾੜੇ ਪੈਂਦੇ ਰਹੇ । ਪੰਥ ਪਰਕਾਸ਼ ਪੋਥੀ ਵਿੱਚੋਂ ਐਨ ਸਹੀ ਹੁੰਦਾ ਹੈ ਕਿ ਸਿੰਘ ਵੈਦਕ ਧਰਮ ਦੇ ਸੱਚੇ ਰਖਵਾਲੇ ਹੋਏ ਹਨ । ਦੀਨ ਮਜ਼ਬ ਦੇ ਜੁੱਧ ਵਿੱਚ ਭਵੱਕੜਾਂ ਵਾਂਗੂੰ ਸੌ ਸੌ ਕੋਹ ਤੋਂ ਉਡਕੇ ਆਂਵਦੇ ਤੇ ਖੁਸ਼ ਹੋਕੇ ਕੁਰਬਾਨ ਹੁੰਦੇ । ਤੇ ਏਹ ਭੀ ਯਥਾਰਥ ਹੈ, ਜੇਕਰ ਸਿੰਘ ਏਤਨੇ ਕੁਰਬਾਨੀ ਦੇ ਪੁੰਜ ਨਾ ਹੁੰਦੇ ਤਾਂ ਪੱਕ ਜਾਣੋ ਜੈਸੇ ਪਾਰਸ ਵਿਚ ਕੋਈ ਪਾਰਸੀ, ਅਫਗਾਨਿਸਤਾਨ ਵਿਚ ਕੋਈ ਆਰਯ, ਚੀਨ ਵਿਚ ਕੋਈ ਬਰਣਾਸ਼ਰਮ ਨਹੀਂ ਰਿਹਾ ਤੈਸੇ ਭਾਰਤ ਵਰਸ਼ ਵਿਚ ਹਿੰਦੂਵਾਯਣ ਭੀ ਨਾ ਰਹਿੰਦੀ ॥

ੴ

# ਸਿੰਘਾਂ ਦੇ ਹਿੰਦੂਆਂ ਪਰ ਉਪਕਾਰ

ਅੱਜ ਕੱਲ ਆਰਯਸਮਾਜ, ਧਰਮ ਸਮਾਜ, ਬ੍ਰਹਮਸਮਾਜ, ਅਰੋੜਸਭਾ, ਸ਼ਰੀਣ ਸਭਾ ਆਦਿਕ ਨਾਮ ਧਰ ਕਰ ਧਰਮ ਰੱਖਯਾ ਦਾ ਨਾਉਂ ਲੈਲੈ ਭਾਵੇਂ ਲੋਕਾਂ ਪਏ ਉਪਦੇਸ਼ ਕਰਦੇ ਹਨ, ਪਰ ਇਹ ਤਾਂ ਠੰਢੇ ਦੁੱਧ ਨੂੰ ਫੂਕਾਂ ਮਾਰਨੀਆਂ ਹਨ, ਕਯੋਂਕੇ ਇਸ ਅਮਨਅਮਾਨ ਦੇ ਸਮੇਂ ਵਿੱਚ ਧਰਮ ਦੇ ਰਾਖੇਬਣ ਬੈਠਣਾ ਕੋਈ ਬੜੀ ਬਾਤ ਨਹੀਂ। ਸਾਡੀ ਸਰਕਾਰ ਅੰਗਰੇਜ਼ੀ ਦੀ ਅਮਲਦਾਰੀ ਵਿਚ ਜੋ ਕਿਸੇਦਾ ਜੀ ਚਾਹੇ ਸੋਈ ਗੀਤਗਾਵੇ, ਕੋਈ ਨਹੀਂ ਆਖਦਾ ਜੋ ਤੂੰ ਬੇਤਾਲਾ ਹੈਂ ਯਾ ਬੇਸੁਰਾ॥

ਪਰੰਤੂ ਧਰਮ ਦੇ ਰੱਖਣ ਦਾ ਸ੍ਵਾਦ ਤਾਂ ਓਦੋਂ ਹੀ ਸੀ ਜਦ ਹਿੰਦੂ ਧਰਮ ਦਾ ਨਾਮ ਲੈਣ ਤੋਂ ਕਤਲ ਦਾ ਹੁਕਮ ਹੁੰਦਾ ਸੀ, ਤੇ ਇਕ ਦੇ ਨਾਲ ਦੂਸਰੇ ਨੂੰ ਗਲ ਨਹੀਂ ਕਰਨੀ ਮਿਲਦੀ ਸੀ।

ਔਰੰਗਜ਼ੇਬ ਨੇ ਸੰਖ ਵੱਜਣ ਤਕ ਹਿੰਦੂਆਂ ਦੇ ਧਰਮ ਕਰਮ ਬੰਦ ਕਰਕੇ ਤਮਾਮ ਹਿੰਦੂਆਂ ਵਾਸਤੇ ਕਤਈ (ਯਕ) ਹੁਕਮ ਦੇ ਰੱਖਯਾ ਸੀ ਕਿ ਮੁਸਲਮਾਨ ਬਣੋ ਯਾ ਕਤਲ ਹੋਣਾ ਮੰਨੋ। ਓਸ ਸਮੇਂ ਸਤਗੁਰੂ ਜੀ ਦੇ ਸਿੱਖਾਂ ਦਾ ਹੀ ਕੰਮ ਸੀ ਜੋ ਧਰਮ ਰੱਖਯਾ ਕਰ ਦਿਖਾਈ॥

ਜੇਹੜੇ ਪਰਗਨਿਆਂ ਦੇ ਪਰਗਨੇ ਮੁਸਲਮਾਨ ਹੋਏ ਦੇਖੀਦੇ ਹਨ, ਏਹ ਸਬ ਓਸੇ ਜ਼ੁਲਮ ਦੀ ਪੌਣ ਦਾ ਝੋਲਾ ਵੱਗਯਾ ਹੋਯਾ ਹੈ॥

ਜਦ ਮੁਸਲਮਾਨਾਂ ਦੇ ਜ਼ੋਰ ਅੱਗੇ ਦੁਨੀਆਂ ਥਰ ਥਰ ਪਈ ਕੰਬਦੀ ਸੀ, ਓਹੇ ਜੇਹੇ ਸਖਤ ਵਕਤ ਵਿਚ ਅਕਾਲ ਪੁਰਖ ਨੇ

Digitized by Panjab Digital Library | www.panjabdigilib.org

ਖਾਲਸੇ ਨੂੰ ਹੀ ਹੌਸਲਾ ਤੇ ਇਤਫਾਕ ਬਖਸ਼ਿਆ, ਜਿਸ ਦੇ ਜ਼ੋਰ ਨਾਲ ਸਿੰਘਾਂ ਨੇ ਢੋਲ ਬਜਾਕੇ ਦਿੱਲੀ ਤੇ ਕਾਬਲ ਦੇ ਬਾਦਸ਼ਾਹੀਆਂ ਨੂੰ ਨਕ ਚਣੇ ਚਬਾ ਕੇ ਕੌਡੀਓਂ ਖੋਟੇ ਕਰਕੇ ਜਮਨਾਂ ਤੇ ਅਟਕ ਦੇ ਅੰਦਰ ਆਪਣਾ ਡੰਕਾ ਬਜਾ ਕੇ ਸਾਰੀ ਦੁਨੀਆਂ ਨੂੰ ਰੌਸ਼ਨ ਕਰ ਦਿੱਤਾ।

ਵੋਹ ਸ਼ੇਰਾਂ ਦੇ ਦੰਦ ਭੰਨਕੇ ਮੂੰਹ ਵਿੱਚ ਆਈ ਹੋਈ ਹਿੰਦੁਵਾਇਣ ਛੁਡਾਕੇ ਨਿਰਭੈ ਕਰ ਦਿਖਾਈ, ਬਲਕੇ ਕਈ ਵਾਰੀ ਵੀਹ ੨ ਤੀਹ ੨ ਹਜ਼ਾਰ ਦੁਰਾਨੀਆਂ ਦੀ ਕੈਦ (ਜਮਦੀਫਾਹੀ) ਵਿਚੋਂ ਛੁਡਾਕੇ ਪ੍ਰਾਨਦਾਨ ਦਿੱਤੇ। ਜਿਤਨੇ ਬਡੇ ੨ ਰਾਜੇ ਮਹਾਰਾਜੇ ਰਾਮ, ਕ੍ਰਿਸ਼ਨ ਆਦਿਕ ਅਵਤਾਰ ਬਯਾਸ, ਸ਼ੰਕਰ ਆਦੀ ਅਚਾਰਯ, ਰਿਖੀ, ਮੁਨੀ, ਸੰਨਯਾਸੀ, ਵੈਰਾਗੀ ਜੋਗੀ ਆਦਿਕਾਂ ਦੇ ਪੰਥ ਹੋਏ ਹਨ, ਸਭ ਆਪਣੀ ੨ ਪ੍ਰਭੁਤਾ ਕਰਾਉਣ ਵਿਚ, ਯਾ ਆਪਣੇ ੨ ਸਬੰਧੀਆਂ ਦੀ ਰੱਖਯਾ ਵਿਚ ਤਤਪਰ ਰਹੇ। ਜੈਸਾ ਉਪਕਾਰ ਪੰਥ ਖਾਲਸੇ ਤੋਂ ਹਿੰਦੁਵਾਯਣ ਪਰ ਹੋਯਾ ਹੈ, ਐਸਾ ਹੋਰ ਕਿਸੇ ਤੋਂ ਕਦੇ ਨਹੀਂ ਹੋਯਾ॥

ਜੇ ਕਦੇ ਓਦੋਂ ਸਿੰਘ ਏਹੋ ਜਿਹੇ ਡਾਢੇ ਕਸ਼ਟ ਸਹਾਰਕੇ ਏਸ ਪਰੋਪਕਾਰ ਵਾਸਤੇ ਸ਼ਮਸ਼ੇਰ ਨਾ ਫੜਦੇ ਤੇ ਪਤੰਗਿਆਂ ਵਾਂਗੂ ਆਪਣੇ ਸ਼ਰੀਰ ਧਰਮ ਜੰਗ ਦੇ ਅਰਪਣ ਨਾ ਕਰਦੇ ਤਾਂ ਏਹ ਗੱਲ ਪੱਕ ਜਾਣ ਲੌ ਜਮਨਾਂ ਤੇ ਅਟਕ ਦੇ ਅੰਦਰ ਤਾਂ ਈਰਾਨ ਵਾਂਗੂੰ ਅੱਜ ਇਕ ਭੀ ਹਿੰਦੂ ਨਾ ਦਿਸਦਾ। ਜੈਸੇ ਸਾਂਈ ਬੁਲ੍ਹਾਸ਼ਾਹ ਦਾ ਕੌਲ ਹੈ "ਨਹੀਂ ਜਾਂਣਦਾ ਪਿਛਲੀ ਅਗਲੀ ਸੱਚ ਕਹਤਹੁੰਅਬਕੀ। ਜੇ ਗੁਬਿੰਦ ਸਿੰਘਸਿੰਘਨਰਚਦਾ ਤਾਂ ਸੁੰਨਤ ਹੋਤੀ ਸਬਕੀ"

Digitized by Panjab Digital Library | www.panjabdigilib.org

ਹੁਣ ਜਦ ੧੮੧੮ ਬਿ: ਵਿਚ ਸਿੰਘ ਚੰਗਾ ਜ਼ੋਰ ਫੜ ਗਏ ਤਦ ਜਿੱਥੇ ਕਿਤੇ ਪਿਛਲੇ ਰਿਵਾਜ ਮੂਜਬ ਕੋਈ ਮੁਸਲਮਾਨ ਸਰਦਾਰ ਹਿੰਦੂਆਂ ਉੱਤੇ ਜ਼ੁਲਮ ਜਬਰੀ ਕਰਦਾ ਤਾਂ ਹਿੰਦੂ ਲੋਗ ਸਿੰਘਾਂ ਨੂੰ ਚੜ੍ਹਾ ਕੇ ਲੈ ਜਾਂਦੇ, ਸਿੰਘ ਉਨਾਂ ਨੂੰ ਸੁਧਾਰਕੇ ਚਲੇ ਆਉਂਦੇ, ਇਸ ਕਰਕੇ ਥੋੜੀ ੨ ਜਾਗੀਰ ਯਾ ਤਅੱਲਕੇ-ਦਾਰੀ ਵਾਲੇ ਮੁਸਲਮਾਨ ਤਾਂ ਜ਼ੁਲਮ ਕਰਨੋਂ ਹਟ ਗਏ ਸੇ, ਪਰ ਮਾਝੇ ਦੇਸ ਵਿੱਚ ਸਬ ਤੋਂ ਵੱਡੇ ਜੋਰਾਵਰ ੪ ਲੱਖ ਰੁਪਏ ਦੇ ਮੁਲਕ ਵਾਲੇ ਕਸੂਰੀਏ ਪਠਾਣ ਜੋ ਸੇ, ਓਹ ਪਿਛਲੇ ਸੁਭਾਉ ਮੂਜਬ ਓਸੇ ਤਰਾਂ ਉਜੜ ਬਾਜ਼ਾਰ ਗਊ ਬਧ, ਤੇ ਹਿੰਦੂਆਂ ਦੀ ਬਹੂ ਬੇਟੀ ਉੱਤੇ ਜਬਰਨ ਹੱਥ ਪਾਉਣਾਂ ਕਰੀ ਜਾਂਦੇ ਸੇ। ਸਿੰਘਾਂ ਨੇ ਭੀ ਓਨ੍ਹਾਂਨੂੰ ਜ਼ੋਰ ਵਿੱਚ ਸਮਝਕੇ ਅਜੇਤਕ ਕੁਛ ਨਹੀਂ ਆਖਣਾ ਸੀ। ਪਹਿਲੇ ਤਾਂ ਵਿਚਾਰੇ ਹਿੰਦੂਆਂ ਦੀ ਕੋਈ ਸੁਣਨ ਵਾਲਾ ਨਹੀਂ ਸੀ, ਇਸੇ ਕਰਕੇ ਮੁਸਲਮਾਨਾਂ ਦੇ ਸਾਰੇ ਜ਼ੋਰ ਜ਼ੁਲਮ ਸਹਾਰੀ ਜਾਂਦੇ ਸਨ, ਪਰ ਜਿਸ ਤਰਾਂ ਕੀਲੇਦੇ ਜੋਰ ਕੱਟਾ ਤਾਂਘੜਦਾ ਹੈ ਤਿਂਵੇਂ ਸਿੰਘਾਂ ਦੇ ਜੋਰ ਨਾਲ ਹਿੰਦੂ ਭੀ ਚੀਂ ਪੀਂ ਕਰਨ ਲੱਗ ਪਏ ॥

## ਕਸੂਰ ਦੇ ਬ੍ਰਹਮਣਾਂ ਦਾ ਵਿਰਲਾਪ ਤੇ ਸਿੰਘਾਂ ਨੇ ਕਸੂਰ ਸੋਧਨਾ

ਇਸੇ ਸਾਲ ਵਿੱਚ ਹੁਸੈਨਖਾਂ, ਜਮਾਲ ਖਾਂ ਆਦਿਕ ਕਸੂਰਦੇ ਸਰਦਾਰ ਪਠਾਣਾਂ ਨੇ ਕਈਕ ਬ੍ਰਾਹਮਣਾਂ, ਖਤ੍ਰੀਆਂ ਦੀਆਂ ਬਹੂ ਬੇਟੀਆਂ ਧਿੰਗੋ ਧਿੰਗੀ ਫੜਕੇ ਆਪਣੇ ਘਰ ਰੱਖ ਲਈਆਂ ਸਨ। ਜਦ ਓਨ੍ਹਾਂਨੇ ਕਿਸੇ ਹੀਲੇ ਵੀ ਨਾ ਛੱਡੀਆਂ, ਤਾਂ ਖੱਤ੍ਰੀਆਂ ਨੇ ਬ੍ਰਹਮਣਾਂ ਨੂੰ ਸਿਖਾਕੇ

Digitized by Panjab Digital Library | www.panjabdigilib.org

ਸਿੰਘਾਂ ਪਾਸ ਅੰਮ੍ਰਿਤਸਰ ਫਰਿਆਦੀ ਭੇਜ ਦਿੱਤਾ ॥

ਏਧਰ ਸਿੰਘਾਂ ਦਾ ਏਹ ਵਿਹਾਰ ਸੀ ਕਿ ਸਨੱਧਬੱਧ ਅਕਾਲ ਤਖਤ ਅੱਗੇ ਬੈਠਕੇ ਨਿੱਤ ਕਥਾ ਕੀਰਤਨ, ਢਾਡੀਆਂ ਤੋਂ ਸੂਰਮਿਆਂ ਦੇ ਸਾਕੇ ਸੁਣਿਆ ਕਰਦੇ ਤੇ ਨਸ਼ੇ ਦੇ ਚੜ੍ਹਾਉ ਵਿੱਚ ਮੁੱਛਾਂ ਨੂੰ ਤਾਉ ਦੇਕੇ ਬੀਰ ਰਸਦੀ ਮਸਤੀ ਵਿੱਚ ਹਾਥੀਆਂ ਵਾਂਗ ਝੂਲਿਆ ਕਰਦੇ, ਓਸ ਹਾਲ ਵਿੱਚ ਸਿਵਾਇ ਤੁਰਕਾਂ ਨੂੰ ਮਾਰਨ ਦੇ ਹੋਰ ਕੁਛ ਨਾ ਸੁਝਦਾ ॥

ਏਸੇ ਸਮੇਂ ਕਸੂਰ ਦੇ ਬ੍ਰਹਮਣਾਂ ਨੇ ਆਕਰ ਗੁਰੂ ਜੀ ਦੀ ਦੁਹਾਈ ਦੇਕੇ ਫਰਿਆਦ ੨ ਪੁਕਾਰੀ। ਸਰਦਾਰ ਹਰੀ ਸਿੰਘ ਭੰਗੀ ਬਹਾਦਰ ਦੇ ਪੁੱਛੇ ਤੋਂ ਓਨਾਂ ਵਿਚੋਂ ਇਕ ਬ੍ਰਾਹਮਣ ਨੇ ਅਰਜ਼ ਕੀਤੀ, ਖਾਲਸਾ ਜੀ! ਆਪ ਨੂੰ ਓਸ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚੌਦਹ ਲੋਕਦੇ ਨਾਥ ਨੇ ਛੱਤ੍ਰੀ ਪਦ ਬਖਸ਼ਿਆ ਹੈ, ਜਿਸ ਨੂੰ ਅਕਾਲ ਪੁਰਖ ਨੇ ਆਪਣਾ ਪੁਤ੍ਰ ਥਾਪ ਕੇ ਸਾਧ ਗਊ ਦੀ ਰੱਖਿਆ ਵਾਸਤੇ ਅਤੇ ਦੁਸ਼ਟ ਦਾ ਨਾਸ਼ ਕਰਨ ਲਈ ਭੇਜਿਆ ਸੀ, ਸੋ ਓਹ ਤਾਂ ਦਸ ੨ ਲੱਖ ਨਾਲ ਚਾਲੀ ੨ ਸਿੰਘਾਂ ਨੂੰ ਲੜਾ ੨ ਸੱਚਖੰਡ ਵਿਚ ਜਾ ਬਿਰਾਜੇ, ਤੇ ਪਿਛੋਂ ਸਾਧਾਂ, ਬ੍ਰਹਮਣਾਂ ਦੀ ਬਾਂਹ ਤੁਹਾਡੇ ਹੱਥ ਫੜਾ ਗਏ ਹਨ, ਹੁਣ ਓਸ ਗੁਰੂ ਕਾ ਫੜੀ ਦੀ ਤੇ ਸ਼ਰਨਾਗਤ ਦੀ ਲਾਜ ਪਾਲਣੀ ਪੰਥ ਖਾਲਸੇ ਦਾ ਧਰਮ ਹੈ। ਤੁਹਾਡੇ ਜੈਸੇ ਧਰਮਾਤਮਾ, ਪਰੋਪਕਾਰੀ ਤੇ ਸਮਰੱਥ ਪੁਰਸ਼ਾਂ ਦੇ ਹੁੰਦਿਆਂ ਏਹੋ ਜੇਹੇ ਡਾਢੇ ਅਧਰਮ ਤੇ ਅਨਰਥ ਹੋਣ ਜੈਸੇ ਅੱਜ ਕੱਲ ਕਸੂਰ ਦੇ ਪਠਾਣ ਕਰ ਰਹੇ ਹਨ, ਤਾਂ ਸੂਰਜ ਦੇ ਸਾਹਮਣੇ ਅੰਧੇਰਾ ਰਹਿਣ ਵਾਂਗੂੰ ਬੜੇ ਅਸਚਰਜ ਦੀ ਬਾਤ ਹੈ। ਓਹ ਦੁਸ਼ਟ ਕਿਸੇ ਹਿੰਦੂ ਦੀ ਬਹੂ ਬੇਟੀ ਨਹੀਂ ਛਡਦੇ ਤੇ ਗਊ

Digitized by Panjab Digital Library | www.panjabdigilib.org

ਬਧ ਗਲੀਆਂ ਬਜ਼ਾਰਾਂ ਵਿੱਚ, ਹਿੰਦੂਆਂ ਨੂੰ ਤੜਫਾਉਣ ਵਾਸਤੇ ਪਏ ਕਰਦੇ ਹਨ। ਜਿਸ ਕਿਸੇ ਹਿੰਦੂ ਦੇ ਘਰ ਗਊ ਬੈਲ ਬੀਮਾਰ ਹੁੰਦਾ ਹੈ ਤਾਂ ਓਥੇ ਕਾਜ਼ੀ ਤੇ ਕਸਾਈ ਦੋਵੇਂ ਆਕੇ, ਹਲਾਲ ਕਰਕੇ ਵੱਢ ਟੁੱਕਕੇ ਲੈ ਜਾਂਦੇ ਹਨ ॥

ਜੇ ਕਦੇ ਕੋਈ ਨਾ ਦੱਸੇ ਤਾਂ ਓਸ ਹਿੰਦੂ ਨੂੰ ਭਾਰੀ ਸਜ਼ਾ ਦਿੰਦੇ ਹਨ ਕਿ ਏਹ ਪਸੂ ਹਰਾਮ ਮਾਰਕੇ ਦੋਜ਼ਖ ਨੂੰ ਕਯੋਂ ਜਾਣਦਿੱਤਾ? ਏਹੋ ਜੇਹੇ ਅਨੇਕ ਕਲੇਸ਼ ਤਾਂ ਅਸੀ ਔਖੇ ਸੌਖੇ ਝੱਲ ਖਲੋਤੇ ਸਾਂ, ਪਰ ਹੁਣ ਸਾਡੀਆਂ ਇਸਤ੍ਰੀਆਂ ਧੱਕੇ ਨਾਲ ਛੀਨ ਰਖੀਆਂ ਹਨ ਕੋਈ ਮੁਸਲਮਾਨ ਹਾਕਮ ਸਾਡੀ ਫਰਯਾਦ ਨਹੀਂ ਸੁਣਦਾ, ਹੁਣ ਹਾਰਕੇ ਤੁਹਾਡੇ (ਗੁਰੂ ਖਾਲਸੇ ਦੀ) ਸਰਣ ਆਏ ਹਾਂ, ਜੇ ਏਥੋਂ ਭੀ ਸਾਡਾ ਆਸ਼ਾ ਪੂਰਾ ਨਾ ਹੋਯਾ ਤਾਂ ਅਸੀਂ ਗੁਰੂ ਦੇ ਦ੍ਵਾਰੇ ਅੱਗੇ ਏਥੇ ਹੀ ਮਰ ਰਹਾਂਗੇ। ਏਹ ਹਾਲ ਸੁਣ ਕੇ ਸਿੰਘਾਂ ਦੇ ਰੋਮ ਖੜੇ ਹੋਗਏ। ਕਸੂਰੀਆਂ ਦੇ ਕਸੂਰ ਉਤੇ ਕੋਪ ਧਾਰ ਕੇ ਸਰਦਾਰ ਹਰੀ ਸਿੰਘ ਭੰਗੀ ਤਾਂ ਓਸੇ ਘੜੀ ਤਿਨ ਹਜ਼ਾਰ ਅਸਵਾਰ ਨਾਲ ਚੜ੍ਹ ਬੈਠਾ ਤੇ ਗੁਰੂ ਕੀ ਵਡਾਲੀ ਜਾ ਉਤਰਯਾ, ਅਗਲੇ ਦਿਨ ਹੋਰ ਸਭ ਸਰਦਾਰ ਆਪਣੀ ੨ ਫੌਜ ਲੈਕੇ ਆ ਮਿਲੇ। ਫੇਰ ਦੌਰੇ ਚੜ੍ਹੇ ਹੋਏ ਜੱਥੇ ਭੀ ਬੁਲਾ ਲਏ ॥

ਜੇਠ ਸੰਮਤ ੧੮੧੮ ਬਿਃ ਨੂੰ ਐਨ ਦੋਪਹਿਰ ਦੇ ਸਮੇਂ ਧਾਵਾ ਕਰਕੇ ਅਚਾਣਚੇਤ ਦਸ ਬਾਰਾਂ ਹਜ਼ਾਰ ਸਿੰਘ ਕਸੂਰ ਵਿੱਚ ਜਾ ਵੜਯਾ। ਕਿਸੇ ਅਮੀਰ ਪਠਾਣ ਨੂੰ ਖਬਰ ਨਾ ਹੋਈ। ਕੋਈ ਸਤਰੰਜ, ਗੰਜਫਾ, ਚੌਪੜ ਖੇਲ ਰਹੇ ਸਨ, ਕਿਤੇ ਢੋਲਕ ਤੰਬੂਰੇ ਦੇ ਤਾਨ ਮਿਰਾਸੀ ਤੋੜ ਰਹੇ ਸਨ, ਕਈ ਕੰਚਨੀ ਦੇ ਮੁਜਰੇ ਵਿੱਚ ਮਸਤ ਸੇ, ਕਈ ਸ਼ਰਾਬ ਵਿੱਚ ਬਦਮਸਤ ਸੇ, ਕਈ ਨੀਂਦ ਨਾਲ ਘੁਟੇ ਹੋਏ ਸੇ, ਕਈ ਜਨਾਨ ਖਾਨੇ ਵਿੱਚ ਕਲੋਲ ਕਰ ਰਹੇ

Digitized by Panjab Digital Library | www.panjabdigilib.org

ਸਨ, ਕੋਈ ਪੋਸਤ ਭੰਗ ਦੇ ਗਿਰਦੇ ਹੋ ਰਹੇ ਸਨ, ਏਸੇ ਤਰਾਂ ਕੋਈ ਕਿਤੇ ਕੋਈ ਕਿਤੇ ਆਨੰਦ ਲੈ ਰਹੇ ਸਨ, ਸਿੰਘਾਂ ਨੇ ਅਚਾਨਕ ਖੁਲੇ ਦਰਵਾਜੇ*ਕਸੂਰ ਵਿੱਚ ਵੜਕੇ ਜਿੱਥੇ ਕਿੱਥੇ ਕਤਲਾਮ ਸ਼ੁਰੂ ਕਰ ਦਿਤੀ, ਪਠਾਣ ਘਬਰਾਕੇ ਭਜ ਨਿਕਲੇ, ਉਨਾਂ ਵਿੱਚੋਂ ਭੀ ਤੱਤੇ ਰੇਤੇ ਵਿੱਚ ਮਾਰੇ ਧੁਪ ਦੇ ਕਈ ਤੜਫ ਤੜਫ ਕੇ ਮਰ ਗਏ।

ਸਿੰਘਾਂ ਨੇ ਝਟਾਪਟ ੧੨ ਗੜੀਆਂ ਵਿਚੋਂ ਸਤਗੜੀਆਂ ਤਾਂ ਫਤੇ ਕਰ ਲਈਆਂ ਅਤੇ ਸ਼ਹਿਰ ਦੀ ਗਲੀ ਗਲੀ ਫਿਰ ਨਿਕਲੇ। ਓਦੋਂ ਹੋਰ ਸਬ ਸ਼ਹਿਰ ਦੁਰਾਨੀਆਂ ਤੇ ਸਿੰਘਾਂ ਨੇ ਮਾਰੋ ਮਾਰ ਕਰਕੇ ਥੋਥੇ ਕਰ ਘੱਤੇ ਸਨ। ਏਹੋ ਇਕ ਪਠਾਣਾਂ ਦੇ ਜੋਰ ਕਰਕੇ ਬਰਜਾ ਹੋਯਾ ਸੀ, ਏਸੇ ਕਰਕੇ ਬੜੇ ੨ ਧਨੀ ਲੋਗ ਲਾਹੌਰ ਆਦਿਕ ਸ਼ਹਿਰਾਂ ਦੇ ਰਹਣਵਾਲੇ, ਲੁਟੇ ਜਾਣ ਤੋਂ ਡਰਦੇ ਏਸੇ ਥਾਂ ਆ ਵਸੇ ਸਨ, ਜਿਸ ਵੇਲੇ ਸਿੰਘਾਂ

---

*ਕਸੂਰ ਰਾਮ ਚੰਦ੍ਰ ਦੇ ਪੁਤ੍ਰ ਕਸੂ ਨੇ ਵਸਾਯਾ ਸੀ, ਬਹਲੋਲਸ਼ਾਹ ਲੋਦੀ ਨੇ ਕਸੂਰ ਦਿਪਾਲਪੁਰ ਚੂਹਣੀਆਂ ਚਾਰ ਲੱਖ ਦੇ ਏਹ ਪਰਗਣੇ ਪਠਾਣਾਂ ਨੂੰ ਜਾਗੀਰ ਦੇਕੇ ਏਥੇ ਬਸਾਯਾ, ਤਦ ਤੋਂ ਏਹ ਰਜਾਸਤ ਪਠਾਣਾਂ ਦੀ ਹੋਗਈ, ਮੁਗਲਾਂ ਦੀ ਬਾਦਸ਼ਾਹੀ ਵਿਚ ਬੜੇ ੨ ਕੰਮ ਏਨ੍ਹਾਂ ਪਠਾਣਾਂ ਦੇ ਰਹੇ। ਸ਼ਾਹਜਹਾਂ ਨੇ ਮੁਹੰਮਦਖਾਂ ਦੇ ਬੇਟੇ ਕੁਤਬਦੀਨ ਨੂੰ ਨਵਾਬੀ ਦਾ ਪਦ ਬਖਸ਼ਜਾ, ਇਸਨੇ ਸੈਂਕੜੇ ਪਿੰਡ ਬਦੋ ਬਦੀ ਮੁਸਲਮਾਨ ਕਰ ਕੱਢੇ, ਬੇਸ਼ੁਮਾਰ ਹਿੰਦੂ ਕਤਲ ਕੀਤੇ, ਕਰੋੜਾਂ ਰੁਪਏ ਲਏ। ਉਨਾਂ ਜੁਲਮਾਂ ਦਾ ਬਦਲਾ ਪਰਮੇਸ਼ੁਰ ਨੇ ਇਸਨੂੰ ਸਿੰਘਾਂ ਪਾਸੋਂ ਦਿਵਾਯਾ। ਕਈ ਵਾਰੀ ਇਸ ਸ਼ਹਿਰ ਦੀ ਲੁਟ ਕਤਲ ਹੋਈ ਓਦੋਂ ਦਾ ਹੀ ਹੁਣ ਤਕ ਬੇਹ ਹੋਯਾ ਪਿਆ ਹੈ। ਜੇਹੜਾ ਹੁਣ ਸ਼ਹਿਰ ਕਸੂਰ ਹੈ ਏਹ ਉਸ ਸ਼ਹਿਰ ਦੇ ਪਾਸ ਇਕ ਨਿਕੀ ਜੇਹੀ ਵਸਤੀ ਸੀ। ਏਹ ਪਠਾਣ ਆਪਣੇ ੧੨ ਕਿਲੇ ਬਣਾਕੇ ਹਕੂਮਤ ਕਰਦੇ ਰਹੇ। ਇਸ ਸ਼ਹਿਰ ਦੇ ੧੨ ਕਿਲੇ ਏਹ ਸਨ:— ਕਿਲਾ ਪੁਰਾਣਾ੧, ਕੋਟ ਗੁਲਾਮ ਮੁਹੱਯੁਦੀਨ ਦਾ ੨, ਮੁਰਾਦਖਾਂ ਦਾ ੩, ਕਤਲਗੜ੍ਹੀ ੪ ਇਸ ਗੜ੍ਹੀ ਵਿਚ ਹੁਸੈਨਖਾਂ ਨਵਾਬ ਨੂੰ ਤਿੰਨ ਹਜ਼ਾਰ ਪਠਾਣ ਸਮੇਤ ਸਿੰਘਾਂ ਨੇ ਕਤਲ ਕਰਕੇ ਹਿੰਦੂਆਂ ਦੀਆਂ ਔਰਤਾਂ ਉਨਾਂ ਦੇ ਵਾਰਸਾਂ ਨੂੰ ਦਿਵਾਈਆਂ ਸਨ, ਤਾਂਹੀ ਇਸਦਾ ਨਾਮ ਕਤਲਗੜ੍ਹੀ ਹੋਯਾ। ਕੋਟ ਅਜੀਮਖਾਂ ੫, ਬਦਰਦੀਨਖਾਂ ਦਾ ੬, ਉਸਮਾਨ ਖਾਂ ਦਾ ੭, ਰੁਕਨਦੀਨਖਾਂ ੮, ਫਤੇਖਾਂ ਦਾ ੯, ਹਲੀਮਖਾਂ ਅਜੀਮਖਾਂ ੧੦, ਪੀਰਾਂ ਵਾਲਾ ੧੧, ਹਸਨਖਾਂ ਦਾ ੧੨ ਏਹ ਬਾਰਾਂ ਕੋਟ ਆਸ ਪਾਸ ਦੇ ਮਸ਼ਹੂਰ ਹੈਨ॥

Digitized by Panjab Digital Library | www.panjabdigilib.org

ਨੇ ਮਾਰੋ ਮਾਰ ਕੀਤੀ ਤਾਂ ਗਿਰਦ ਨਿਵਾਹੀ ਦੇ ਲੁਟੇਰੇ ਲੋਗ ਪੀੜੀਆਂ ਦੀਆਂ ਰੋਟੀਆਂ ਲੈ ਗਏ।

ਨੂਰਜਹਾਂ ਜੋ ਜਹਾਂਗੀਰ ਦੇ ਸਮੇਂ ਕੁਲ ਬਾਦਸ਼ਾਹੀ ਦੀ ਮਾਲਕ ਸੀ, ਜਦ ਓਹ ਮਰਗਈ ਤਾਂ ਉਸਦਾ ਕਰੋੜਾਂ ਰੁਪਏ ਦਾ ਹੀਰਾ, ਮੋਤੀ, ਜੇਵਰ, ਸੋਨਾ, ਚਾਂਦੀ ਦਿਲੇਰਾਮ ਦੀਵਾਨ ਦੇ ਪਾਸ ਰਿਹਾ, ਕਿਉਂਕਿ ਏਹ ਓਸਦਾ ਮਾਤਬਰ ਸੀ ਇਸ ਮਾਰੋ ਮਾਰ ਵਿਚ ਸਰਦਾਰ ਜੱਸਾ ਸਿੰਘ ਦੇ ਹਥ ਸਭ ਕੁਛ ਆ ਗਿਆ। ਇਸੇ ਦਾ ਪੜਪੋਤ੍ਰਾ ਹਿਰਦਾ ਰਾਮ, ਲਾਹੋਰ ਵਿਚ ਰੋਜ਼ ਲੁਟ ਮਾਰ ਰਹਿੰਦੀ ਦੇਖ ਕਰ ਮਾਲ ਅਸਬਾਬ ਲੈਕੇ ਕਸੂਰ ਵਿਚ ਆ ਵੱਸਗਆ ਸੀ (ਮੂਸਾ ਭੁਜਾ ਮੌਤ ਥੀਂ ਅੱਗੇ ਮੌਤ ਖੜੀ) ਸੋ ਹਿਰਦਾ ਰਾਮ ਨਾਲ ਓਹੋ ਹੋਈ।

ਸਿੰਘਾਂ ਨੇ ਹੁਸੈਨਖਾਂ ਨੂੰ ਸਣੇ ਸਹਾਇਕਾਂ ਦੇ ਕਤਲ ਕਰਕੇ ਸਭ ਔਰਤਾਂ (ਜੇਹੜੀਆਂ ਤਿਸਨੇ ਧੱਕੇ ਨਾਲ ਹਿੰਦੂਆਂ ਤੋਂ ਖੋਹ ਰੱਖੀਆਂ ਸਨ) ਓਨਾਂ ਦੇ ਵਾਰਸਾਂ ਨੂੰ ਦੇ ਦਿਤੀਆਂ ਤੇ ਆਪ ਸ਼ਹਰ ਨੂੰ ਚੰਗੀ ਤਰਾਂ ਸੋਧਦੇ ਹੋਏ ਅੰਮ੍ਰਿਤਸਰ ਆ ਵੜੇ। ਫਤੇ ਦੀ ਖੁਸ਼ੀ ਵਿਚ ਦਰਬਾਰ ਸਾਹਿਬ ਖਾਲਸੇ ਨੇ ਬਹੁਤ ਭੇਟਾ ਚੜ੍ਹਾਈ, ਕੜਾਹ ਪਰਸ਼ਾਦ ਦੇ ਦੇਗ ਵਰਤਾਈ ਤੇ ਅਨੰਦ ਮੇਲੇ ਹੁੰਦੇ ਰਹੇ।

## ਜ਼ਾਫਰ ਬੇਗ ਨੂੰ ਮਾਰਕੇ ਮੁਲਕ ਮੱਲਣਾ

ਕਸੂਰ ਵਿਚ ਚੰਗੇ ਹੱਥ ਦਿਖਾ ਕਰ ਸਿੰਘਾਂ ਦੀ ਤਾਕਤ ਬਹੁਤ ਵਧ ਗਈ। ਜੇਹੜੇ ਪਰਗਣੇ ਸੰ: ੧੮੧੬ ਬਿ: ਨੂੰ ਅਦੀਨਾਬੇਗ ਦੇ ਮਰੇ ਤੋਂ ਸਿੰਘਾਂ ਨੇ ਰੋਕੇ ਸੇ, ਤੇ ਓਹ ਦੁਰਾਨੀ ਅਹਿਮਦਸ਼ਾਹ ਆਏ ਤੋਂ ਫੇਰ ਅਦੀਨਾਬੇਗ ਦੇ ਬੇਟੇ ਜ਼ਾਫਰਬੇਗ ਦੇ ਕਬਜ਼ੇ ਵਿਚ ਚਲੇ ਗਏ ਸਨ, ਓਹੋ ਮੁੜ ਖਾਲਸੇ

Digitized by Panjab Digital Library | www.panjabdigilib.org

ਨੇ ਲੈਣੇ ਚਾਹੇ। ਤਦ ਜ਼ਾਫਰਬੇਗ ਆਪਣੇ ਦੀਵਾਨ ਬਿਸੰਭਰ ਮਲ ਦੇ ਬੇਟੇ ਸ਼ਿਵ ਦਯਾਲ ਨੂੰ ਨਾਲ ਲੈਕੇ ਵਟਾਲੇ ਪਾਸ ਸਾਉਣ ਸੰ: ੧੮੧੮ ਬਿ: ਨੂੰ ਜਾ ਲੜਯਾ, ਪਰ ਸਿੰਘਾਂ ਨੇ ਸ਼ਿਵਦਯਾਲ ਨੂੰ ਮਾਰਕੇ ਆਪੇ ਆਪਣੇ ਪਰਗਣੇ ਉਪਰ, ਜਿਸ ਤਰਾਂ ਪਹਿਲੇ ਮਲ ਲਏ ਸਨ, ਓਸੇਤਰਾਂ ਦਵਾਬੇ, ਮੀਹਣ, ਨੀਹਲ, ਰਯਾੜਕੀ ਆਦਿਕ ਦੇਸਾਂ ਵਿਚ ਦਖਲ ਕਰ ਲਿਆ॥

## ਜੱਸਾ ਸਿੰਘ ਨੇ ਲਾਹੌਰ ਲੈਣਾ

ਦੁਾਬੇ ਦੇਸ ਨੂੰ ਹੱਥ ਹੇਠ ਕਰਕੇ ਸਰਦਾਰ ਜੱਸਾ ਸਿੰਘ ਰਾਮਗੜੀਆ ਲਾਹੌਰ ਦੇ ਗਿਰਦੇ ਜਾ ਹੋਯਾ ਤੇ ਬੜੇ ੨ ਜੰਗ ਜੁਧ ਨਾਲ ਸ਼ਹਰ ਤੋਂ ਬਾਹਰ ਦੀਆਂ ਬਸਤੀਆਂ ਉੱਤੇ ਕਬਜ਼ਾ ਕਰਕੇ, ਲਾਹੌਰੀ ਲੋਗਾਂ ਨਾਲ ਘੀ ਸ਼ੱਕਰ ਬਣਗਿਆ। ਓੜਕ ਤੀਜੇ ਨਵਰਾਤ੍ਰੇ ਅਸੂ ਸੰ: ੧੮੧੮ ਬਿ: ਨੂੰ ਲਾਹੌਰ ਵਿਚ ਜਾ ਵੜਿਆ। ਤਦ ਖ੍ਵਾਜਾ ਹਮੀਦ ਕਿਲੇ ਦੇ ਅੰਦਰ ਅਤੇ ਸਰਦਾਰ ਸਾਰੇ ਸ਼ਹਿਰ ਉੱਤੇ ਮਾਲਕ ਕਈ ਮਹੀਨੇ ਬਣੇ ਰਹੇ॥

ਏਹ ਖਬਰ ਸੁਣਕੇ ਮੁਸਲਮਾਨ ਹਾਕਮ ਤਾਂ ਮੁਰਝਾ ਗਏ ਤੇ ਸਤਲੁਜੋਂ ਪਾਰ ਜੋ ਸਿੰਘ ਸੇ, ਓਨਾਂ ਨੇ ਖੁਸ਼ੀ ਹੋਕੇ ਸਰਹੰਦ ਨੂੰ ਜਾ ਘੇਰਯਾ। ਓਥੋਂ ਦੇ ਸੂਬੇ ਜੈਨਖਾਂ ਨੇ ਨਵਾਬ ਭੀਖਨ ਖਾਂ ਮਲੇਰ ਕੋਟੀਏ ਤੇ ਰਾਇਕੋਟੀਏ, ਮੋਰੰਡੇ ਵਾਲੇ ਆਦਿਕ ਆਪਣੇ ਤਾਬੇਦਾਰ ਕਈ ਰਈਸ ਬੁਲਾ ਲਏ, ਓਨਾਂ ਦੀ ਮਦਦ ਨਾਲ ਸ਼ਹਰ ਤਾਂ ਬਚਾਯਾ, ਪਰ ਬਾਹਰ ਦੀਆਂ ਅਨੇਕ ਬਸਤੀਆਂ ਉੱਪਰ ਸਿੰਘਾਂ ਨੇ ਆਪਣਾ ਦਖਲ

ਕਰ ਲਿਆ, ਬਲਕੇ ਸੂਬੇ ਨੂੰ ਮਦਦ ਦੇਣ ਬਦਲੇ ਮਲੇਰੀ ਤੇ ਰਾਇ ਕੋਟੀਏ ਦੇ ਇਲਾਕੇ ਵਿਚ ਭੀ ਚੰਗੀ ਸੋਧ ਕੀਤੀ

## ਜੰਡਯਾਲੀਆਂ ਦੀ ਬੇਈਮਾਨੀ

ਏਸੇ ਸਮੇਂ ਸਿੰਘਾਂ ਨੇ ਜੰਡਯਾਲੇ ਨੂੰ (ਜੋ ਅੰਮ੍ਰਿਤਸਰ ਤੋਂ ੭ ਸਤ ਕੋਹ ਹੈ) ਮੋਰਚੇ ਜਾ ਲਾਏ। ਜੱਦਪਿ ਏਹ ਜੰਡਯਾਲੇ ਵਾਲੇ ਹਿੰਦਾਲੀਏ ਵੀ ਗੁਰੂ ਜੀ ਦੇ ਪੰਥ ਦੀ ਸ਼ਾਖ ਹੈ, ਪਰ ਏਸ ਗੱਦੀ ਦੇ ਮਹੰਤ ਬਿਧੀ ਚੰਦ ਨੇ ਡੂਮਣੀ ਜਾਤਿ ਦੀ ਬੇਸ੍ਵਾ ਘਰ ਪਾ ਲਈ ਸੀ, ਜੰਡਯਾਲੇ ਵਾਲੇ ਗੁਰੂ ਓਸੇ ਦੀ ਸੰਤਾਨ ਹਨ। ਜਦ ਬਿਧੀ ਚੰਦ ਨਾਲ ਸਿੱਖਾਂ ਨੇ ਵਰਤਣਾ ਛੱਡ ਦਿਤਾ ਤਾਂ ਓਸਨੇ ਆਪਣਾ ਕਲੰਕ ਢੱਕਣ ਵਾਸਤੇ ਜਨਮਸਾਖੀ ਵਿਚ ਲਿਖ ਦਿੱਤਾ ਕਿ ਗੁਰੂ ਨਾਨਕ ਜੀ ਨੇ ਮੰਜੋਤ ਨਾਮ ਰੰਘੜੀ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਕਾਜ਼ੀ ਦੀ ਬੇਟੀ ਕੌਲਾਂ ਆਪਣੇ ਘਰ ਵਸਾ ਲਈ ਸੀ, ਤਾਂਤੇ ਗੁਰੂ ਕੇ ਘਰ ਮੇਂ ਮੁਸਲਮਾਨੀ ਇਸਤ੍ਰੀ ਰੱਖਣੀ ਦੋਸ਼ ਨਹੀਂ, ਨਾਲੇ ਧਰਮ ਸ਼ਾਸਤ੍ਰ ਵਿਚ ਔਰਤ ਦੀ ਜਾਤਿ ਕੋਈ ਨਹੀਂ ਲਿਖੀ॥

ਏਹੋ ਜੇਹੀਆਂ ਝੂਠ ਸਚ ਗੱਪਾਂ ਸੁਣਕੇ ਹੋਰ ਲੋਗ ਤਾਂ ਓਸਦੀ ਠੱਗੀ ਵਿਚ ਆਕੇ ਓਸ ਨਾਲ ਵਰਤਣ ਲਗ ਪਏ ਤੇ ਗੁਰੂ ਕੇ ਸਿੱਖਾਂ ਨੇ ਸਗੋਂ ਅਧਿਕ ਬੁਰਾ ਮੰਨਯਾ, ਕਿਉਂ ਜੋ ਓਸਨੇ ਗੁਰੂਆਂ ਦੇ ਨਾਮ ਪਰ ਧੱਬਾ ਲਾਯਾ ਤੇ ਝੂਠ ਬੋਲਿਆ, ਏਸ ਗੱਲੋਂ ਐਡਾ ਵਿਰੋਧ ਵਧਿਆ ਕਿ ਸੈਂਕੜੇ ਸਿਖ ਓਸਨੇ ਖਾਨ ਬਹਾਦਰ ਆਦਿਕ ਮੁਸਲਮਾਨ ਹਾਕਮਾਂ ਨੂੰ ਫੜਾ ੨ ਮਰਵਾਏ ਤੇ ਇਨਾਮ ਪਾਏ। ਫੇਰ ਤਾਂ ਦੋ ਲੱਖ ਰੁਪਏ ਆਮਦਨੀ

Digitized by Panjab Digital Library | www.panjabdigilib.org

ਦਾ ਪਰਗਣਾ ਜੰਡਯਾਲਾ, ਦੇਵੀਦਾਸਪੁਰ, ਕੋਟਲੀ ਆਦਿਕ ਲੈਕੇ ਪੰਜ ਸੌ ਅਸਵਾਰ ਨੌਕਰ ਰੱਖ ਲਿਆ, ਫੇਰ ਤਾਂ ਸਿੱਖਾਂ ਦੇ ਵਿਰੋਧੀ ਬਣਕੇ ਅਹਿਮਦ ਸ਼ਾਹ ਦੁਰਾਨੀ ਦੇ ਮਿੱਤ੍ਰ ਬਣੇ ਰਹੇ । ਏਸੇ ਕਾਰਣ ਸਿੰਘਾਂ ਨੇ ਜੰਡਯਾਲੇ ਨੂੰ ਜਾ ਘੇਰਜਾ, ਦੋ ਮਹੀਨੇ ਲੜਾਈ ਲੱਗੀ ਰਹੀ । ਮਹੰਤ ਸਰਣਦਾਸ ਨੇ ਕਸੂਰ, ਲਾਹੌਰ, ਸਰਹੰਦ ਦੀ ਦੁਰਦਸ਼ਾ ਤੇ ਸਿੰਘਾਂ ਦਾ ਸ਼ੋਰ ਸ਼ਰਾਬਾ ਲਿਖਕੇ ਸਾਨ੍ਹਣੀ ਸਵਾਰ ਦੇ ਹੱਥ ਕਾਬਲ ਨੂੰ ਭੇਜ ਦਿੱਤਾ ਕਿ ਅਸੀਂ ਤੇਰੇ ਬਣੇ ਹਾਂ ਤਾਂਹੀ ਮਾਰੀਦੇ ਹਾਂ, ਹੁਣ ਤੈਨੂੰ ਹੀ ਲਾਜ ਹੈ ॥

## ਅਹਿਮਦ ਸ਼ਾਹ ਦਾ ਅੱਠਵਾਂ ਹਮਲਾ
## ਸੰਃ ੧੮੧੯ ਬਿਃ ਵਿਚ

ਅਹਿਮਦਸ਼ਾਹ ਤਾਂ ਪਹਿਲੇ ਹੀ ਪੰਜਾਬੀ ਹਾਕਮਾਂ ਦੇ ਲਿਖੇ ਤੋਂ ਸਿੰਘਾਂ ਦੇ ਗਦਰ ਦਾ ਹਾਲ ਸੁਣਕੇ ਲੋਹਾ ਲਾਖਾ ਹੋ ਰਿਹਾ ਸੀ, ਜੰਡਯਾਲੀਆਂ ਦੀ ਅਰਜ਼ੀ ਨੇ ਐਸਾ ਭੜਕਾਯਾ ਕਿ ਇੱਕ ਲੱਖ ਅਸਵਾਰ ਨਾਲ ਲੈਕੇ ਅੱਗ ਦਾ ਵਾਉ ਵਰੋਲਾ ਬਣਕੇ ਚੜ੍ਹ ਆਯਾ ॥

## ਵਡਾ ਘਲੂ ਘਾਰਾ ਤੇ ਕੁਤਬਾ ਬਾਮਨੀ ਦਾ ਜੰਗ

ਸਿੰਘ ਤਾਂ ਉਸਦੀ ਅਵਾਈ ਸੁਣਕੇ ਹਵਾਈ ਹੋਗਏ। ਸਤਲੁਜੋਂ ਪਾਰ ਉਨ੍ਹਾਂ ਜੱਥਿਆਂ ਨਾਲ ਜਾ ਰਲੇ, ਜੇੜ੍ਹੇ ਰਾਇਕੋਟ ਜਗਰਾਵਾਂ, ਪਾਇਲ, ਮਲੇਰਕੋਟਲੇ ਤੇ ਸਰਹੰਦ ਦੇ ਇਲਾਕੇ ਵਿਚ ਮਾਰੋ ਮਾਰ ਦਾ ਬੁਕਾਰਾ ਕਰਦੇ ਹੋਏ ਸੂਬੇਦਾਰ ਜੈਨਖਾਂਨ ਨਾਲ ਲੜਰਹੇ ਸਨ। ਬਾਦਸ਼ਾਹ ਦਾ ਆਵਣਾਂ ਸੁਣਕੇ ਨਵਾਬ ਭੀਖਨਖਾਂ ਮਲੇਰੀਨੇ ਹੈਬਤਪੁਰ ਪੱਟੀ ਦੇ ਮੁਕਾਮ,

ਬਾਦਸ਼ਾਹ ਪਾਸ ਪਹੁੰਚਕੇ ਸਿੰਘਾਂ ਉੱਤੇ ਐਸੇ ਝੂਠੇ ਸੱਚੇ ਤੂਫਾਨ ਤੋਲੇ, ਜਿਨ੍ਹਾਂ ਤੋਂ ਬਾਦਸ਼ਾਹ ਨੂੰ ਜ਼ੁਲਮ ਦੀ ਅੱਗ ਦਾ ਚੋਲਾ ਪਹਿਰਨਾ ਪਿਆ। ਇਕ ਦਸਤਾ ਕਜ਼ਲਬਾਸ਼ਾਂ ਦਾ ਭੀਖਨਖਾਂ ਦੇ ਨਾਲ ਤੋਰਕੇ ਹੁਕਮ ਦਿੱਤਾ, ਤੁਸੀਂ ਸਿੰਘਾਂ ਨੂੰ ਮੇਰੇ ਆਉਂਦੇ ਤਕ ਘੇਰੀ ਰੱਖੋ, ਉਨ੍ਹਾਂ ਨੇ ਏਹੋ ਕੰਮ ਕੀਤਾ। ਰਾਇਪੁਰ,ਗੁਜਰ ਵਾਲ ਦੇ ਗਿਰਦੇ ਛੇੜ ਛਾੜ ਕਰਕੇ ਦੋ ਦਿਨ ਸਿੰਘਾਂ ਨੂੰ ਉਸੇ ਥਾਂ ਰੋਕ ਰੱਖਯਾ। ਤੀਜੇ ਦਿਨ ਸੂਰਜ ਚੜ੍ਹਨ ਤੋਂ ਪਹਿਲੋਂ ਦੁਰਾਨੀਸ਼ਾਹ ਜਾ ਢੁੱਕਯਾ। ਦੁਰਾਨੀਆਂ ਦੀ ਲਾਲ ਬਰਦੀ ਦੂਰੋਂ ਵੇਖਕੇ ਸਿੰਘਾਂ ਨੇ ਜਾਣਿਆਂ ਕਿ ਵੈਸਾਖ ਮਹੀਨੇ ਦੇ ਕੇਸੂ ਤੇ ਕਰੀਰ ਫੁਲੇ ਹੋਏ ਦਿੱਸਦੇ ਹਨ। ਫੇਰ ਤਾਂ ਓਹੋ ਕਰੀਰ ਕੇਹਰ ਬਣ ਗਏ, ਦੁਰਾਨੀ ਦੁਸ਼ਮਣ ਛੱਤੇਹਾਰ ਆ ਪਹੁੰਚੇ, ਸਿੰਘਾਂ ਨੇ ਤਾਂ ਅਜੇ ਸ਼ਸਤ੍ਰ ਬਸਤ੍ਰ ਬੀ ਨਹੀਂ ਸਾਜੇ ਸੇ ਤਾਂਹੀ ਖਬਰ ਹੋਈ ਓਧਰੋਂ ਤੀਰਾਂ ਤੁਫੰਗਾਂ ਦੇ ਗਾਬੇ ਛੁਟਣ ਲਗ ਪਏ। ਫੇਰ ਤਾਂ ਛੇਤੀ ੨ ਤਯਾਰ ਹੋਕੇ ਸਰਦਾਰ ਆਪੋ ਆਪਣੇ ਜੱਥੇ ਲੈਕੇ ਛਿਛੁਰਜਾਂ ਦੀ ਆੜ ਤੋਂ ਅਗੇ ਜਾ ਖੜੇ ਹੋਏ, ਆਪ ਤਾਂ ਜੰਗ ਕਰਨ ਲੱਗੇ ਅਤੇ ਭਾਰ ਬਰਦਾਰੀ ਸਮੇਤ ਵਹੀਰ ਨੂੰ ਮਾਲਵੇ ਦੀ ਤਰਫ ਤੋਰਿਆ, ਦੂਰੋਂ ਦੂਰੋਂ ਦੋਹੀਂ ਪਾਸੀ ਰਾਮਜੰਗੇ ਦਗ ਰਹੇ ਸੇ, ਕੋਈ ਕਿਸੇ ਉੱਤੇ ਹਲਾ ਨਾ ਕਰ ਸਕੇ। ਸਿੰਘ ਕਦਮ ਕਦਮ ਆਪਣੇ ਵਹੀਰ ਦੀ ਰੱਖਯਾ ਵਾਸਤੇ ਓਧਰੇ ਵਧ ਰਹੇ ਸੇ। ਏਤਨੇ ਨੂੰ ਇਕ ਤਰਫੋਂ ਸਰਹੰਦ ਦਾ ਸੂਬਾ ਜੈਨਖਾਂ, ਦੂਜੇ ਪਾਸਯੋਂ ਮਲੇਰ ਕੋਟਲੇ ਵਾਲੇ ਨਵਾਬ ਤੇ ਰਾਇਕੋਟੀਆ ਦੀਵਾਨ ਲੱਛਮੀ ਸਹਾਇ ਆਪਣੀ ੨ ਫੌਜ ਤੇ ਬੇਸ਼ੁਮਾਰ ਦੇਸੀ ਮੁਸਲਮਾਨਾਂ ਨੂੰ ਲੈਕੇ ਆ ਢੁਕ, ਚੁਫੇਰਿਓਂ ਤੀਰ ਗੋਲੀ ਦੀ ਵਰਖਾ ਸਿੰਘਾਂ

Digitized by Panjab Digital Library | www.panjabdigilib.org

ਉੱਪਰ ਹੋਣ ਲਗੀ। ਸਿੰਘਾਂ ਨੇ ਕੁੜੱਕੀ ਵਿਚ ਜਾਨ ਆਈ ਸਮਝਕੇ ਸ਼ਹੀਦ ਹੋਣਾ ਥਾਪ ਲਿਆ, ਜਦਪਿ ਭਾਵੇਂ ਸਿੰਘ ਤੀਹ ਹਜ਼ਾਰ ਤੇ ਮੁਸਲਮਾਨ ਦੋ ਲੱਖ ਦੇ ਲਗ ਭਗ ਸੀ, ਪਰ ਤਲਵਾਰਾਂ ਖਿਚ ਕਰ ਤੇ ਅਕਾਲ ੨ ਗਜਾਕਰ ਜਿਧਰ ਪੈਣ ਓਧਰੇ ਛੀੜ ਕਰ ਕੱਢਣ॥

ਸਰਦਾਰ ਜੱਸਾ ਸਿੰਘ, ਦੋਵੇਂ ਬਘੇਲ ਸਿੰਘ, ਕਰੋੜਾ ਸਿੰਘ, ਨਵਾਬ ਕਪੂਰ ਸਿੰਘ, ਖੁਸ਼ਹਾਲ ਸਿੰਘ, ਸ਼ਹੀਦ ਨੱਥਾ ਸਿੰਘ, ਪ੍ਰੇਮ ਸਿੰਘ, ਕਰਮ ਸਿੰਘ, ਸੁਧਾ ਸਿੰਘ, ਸਰਦਾਰ ਨਕੱਈ, ਘਨੱਈਏ, ਸ਼ੁਕ੍ਰਚੱਕੀਏ, ਡੱਲੇਵਾਲੀਏ, ਨਿਸ਼ਾਨਾਂ ਵਾਲੀਏ ਆਪਣੇ ਆਪਣੇ ਜੱਥਦਾਂ ਨੂੰ ਹਲਾਸ਼ੇਰੀ, ਸ਼ਾਬਾਸ਼ ਦਿੰਦੇ ਹੋਏ ਏਧਰ ਓਧਰ ਘੋੜੇ ਦੌੜਾ ੨ ਕਰ ਬੜੇ ਹੌਸਲੇ ਨਾਲ ਲੜਾਉਂਦੇ ਰਹੇ। ਇਸੇਤਰਾਂ ਜਦ ਕੁਤਬਾ ਬਾਮਣੀ ਪਿੰਡ ਲੰਘ ਚੱਲੇ ਤਾਂ ਅਹਿਮਦਸ਼ਾਹ ਨੂੰ ਛਲ ਕਰਨ ਦਾ ਫੇਣ ਵਾਲਾ ਫ਼ਸ ਆ ਪਿਆ। ਧੋਖਾ ਦੇਕੇ ਸਿੰਘਾਂ ਦੇ ਵਹੀਰ ਉਤੇ ਜਾ ਟੁੱਟਾ, ਬੇਸ਼ੁਮਾਰ ਸਿੰਘ ਕਤਲ ਕਰ ਕੱਢੇ, ਸਰਦਾਰਾਂ ਨੂੰ ਖਬਰ ਹੋਈ ਤਾਂ ਤਲਵਾਰਾਂ ਖਿਚਕੇ, ਘੋੜੇ ਦੌੜਾ ਕਰ ਦੁਰਾਨੀਆਂ ਵਿਚ ਜਾ ਵੜੇ, ਬੜੀ ਭਾਰੀ ਕਟਾ ਵੱਢ ਕੀਤੀ। ਸਰਦਾਰ ਜੱਸਾ ਸਿੰਘ ਆਲੂਵਾਲੀਏ ਤੇ ਸਰਦਾਰ ਚੜ੍ਹਤ ਸਿੰਘ ਨੇ ਚਾਰ ਹਜ਼ਾਰ ਸੁਰਬੀਰ ਨੂੰ ਲੈਕੇ ਤਿਨ ਵਾਰੀ ਖਾਸ ਅਹਿਮਦਸ਼ਾਹ ਨਾਲ ਜੂਝਣ ਲਈ ਦੁਰਾਨੀਆਂ ਦੀ ਸੈਨਾ ਗਾਹੀ, ਦੋ ਵਾਰੀ ਤਾਂ ਸ਼ਾਹ ਤੱਕ ਨਾ ਪਹੁੰਚੇ, ਤੀਜੀ ਵਾਰੀ ਸ਼ਾਹ ਦੇ ਨਜ਼ਦੀਕ ਜਾਕੇ ਸਰਦਾਰ ਜੱਸਾ ਸਿੰਘ ਗੱਜਕੇ ਬੋਲਿਆ ਕਿ ਅਹਿਮਦ ਸ਼ਾਹ! ਜੇ ਤੂੰ ਮਰਦ ਹੈਂ ਤਾਂ ਜਿਸਤਰਾਂ ਲੜਨਾ ਚਾਹੇਂ ਲੜ, ਮੇਰਾ ਤੇਰਾ ਦੋਹਾਂ ਦਾ ਜੰਗ ਹੋਵੇ ਤੇ

ਖਲਬਲ ਵੇਖੇ। ਸਿੰਘ ਨੇ ਬਥੇਰਾ ਵੰਗਾਰਜਾ, ਪਰ ਅਬਦਾਲੀ ਨੂੰ ਹੌਸਲਾ ਨਾ ਹੋਯਾ, ਟਲ ਹੀ ਗਿਆ।

ਏਹ ਬਹਾਦਰੀ ਤੇ ਹੌਸਲਾ ਵੇਖਕੇ ਬਾਦਸ਼ਾਹ ਨੇ ਸਿੰਘਾਂ ਦੀ ਬਹੁਤ ਤਾਰੀਫ ਕੀਤੀ।ਓੜਕ ਸਿੰਘ ਆਪਣੇ ਵਹੀਰ ਨੂੰ ਵਿਚਕਾਰਲੈਕੇ ਕਿਲਾ ਬੰਨ੍ਹ ਤੁਰੇ, ਨਾਲੇ ਲੜਦੇ ਗਏ। ਜਿਧਰ ਵੈਰੀ ਜ਼ੋਰ ਪਾਉਂਦੇ ਓਧਰ ਸਰਦਾਰ ਘੋੜੇ ਦੌੜਾ ਕਰ ਜਾ ਅੜਦੇ। ਬੜੇ ਧਰਮ ਤੇ ਹੌਸਲੇ ਦੀਆਂ ਬਾਤਾਂ ਸਿੰਘਾਂ ਨੂੰ ਸੁਣਾਇ ੨ ਲੜਾਉਂਦੇ ਹੋਏ ਜਦ ਹਠੂਰ ਪਿੰਡ ਦੇ ਨੇੜੇ ਢੁਕੇ, ਤੇ ਦੋਪਹਿਰ ਢਲੀ ਨੂੰ ਜਦ ਪਾਣੀ ਦੀ ਡਾਢੀ ਲੋੜ ਪਈ ਤਾਂ ਮਲਵਈ ਸਿੰਘ ਆਪੁਜੇ, ਓਹ ਸੁੰਦਰ ਜਲ ਦੀ ਭਰੀ ਹੋਈ ਢਾਬ ਉੱਤੇ ਲੈ ਗਏ, ਪਠਾਣਾਂ ਨੇ ਸਿੰਘਾਂ ਤੋਂ ਪਾਣੀ ਲੈਣ ਵਾਸਤੇ ਬਹੁਤ ਹੱਲੇ ਕੀਤੇ, ਪਰ ਸਿੰਘ ਜਲ ਛਕ ਛਕ ਕੇ ਐਸੇ ਤਕੜੇ ਹੋਏ ਜੋ ਓਨ੍ਹਾਂ ਨੂੰ ਜਲ ਤੱਕ ਨਾ ਆਵਣ ਦਿੱਤਾ॥

ਇੱਕ ਤਾਂ ਜੰਗ ਦੇ ਫਿਕਰ ਵਿੱਚ ਦੌੜਾ ਦੌੜਾ, ਦੂਜੇ ਗਰਦ ਤੇ ਤੀਜੇ ਵੈਸਾਖ ਦੀ ਧੁੱਪ ਗਰਮੀ ਦੇ ਮਾਰੇ ਪਠਾਣ ਤੇ ਓਨ੍ਹਾਂਦੇ ਘੋੜੇ ਪਾਣੀ ਤੋਂ ਬਿਨਾ ਜਦ ਮੌਤ ਦਾ ਗ੍ਰਾਸ ਹੋਣ ਲੱਗੇ, ਤਦ ਬਾਦਸ਼ਾਹਨੇ ਫੌਜ ਪਿੱਛੇ ਹਟਾਲਈ। ਏਧਰ ਸਿੰਘ ਭਦੌੜ, ਢੂਬਾਲੀ, ਦਰਾਜ, ਤੱਪਾ ਫੂਲ, ਮਰਾਝ ਆਦਿਕ ਪਿੰਡਾਂ ਦੀ ਤਰਫ ਨੂੰ ਨਿਕਲ ਗਏ, ਮਲਵਈ ਸਿੱਖਾਂ ਨੇ ਬਹੁਤ ਖਾਤਰ ਟਹਿਲ ਕੀਤੀ। ਏਧਰ ਅੱਠ ਦੱਸ ਕੋਹ ਵਿੱਚ ਜੋ ਲੋਥਾਂ ਦੇ ਸਥਾਰ ਪਏ ਸੀ, ਬਾਦਸ਼ਾਹ ਨੇ ਓਨਾਂ ਵਿੱਚੋਂ ਸਬਨਾਂ ਸਿੰਘਾਂ ਦੇ ਸਿਰ ਕਟਵਾਕੇ ਲਾਹੌਰ ਲੈਜਾਨ ਲਈ ਗੱਡੇ ਭਰ ਲਏ ਤੇ ਲਾਹੌਰ ਦਿੱਲੀ ਦਰਵਾਜੇ ਤੋਂ ਬਾਹਰ ਓਨ੍ਹਾਂ ਸਿਰਾਂ ਦਾ ਇਕ ਮੁਨਾਰਾ ਚਿਣ ਦਿੱਤਾ, ਏਸ ਜੰਗ ਵਿੱਚ ਤੇਰਾਂ ਹਜਾਰ ਸਿੰਘ ਤੇ ਕੁਛ

ਹਿੰਦੂ ਬਾਕੀ ਮੁਸਲਮਾਨ ਸਬ ਤੀਸ ਹਜ਼ਾਰ ਆਦਮੀ ਸ਼ਹੀਦ ਹੋਯਾ, ਤਾਂਹੀ ਏਸ ਜੰਗ ਦਾ ਨਾਮ ਵੱਡਾ ਘੱਲੂਘਾਰਾ ਹੈ ॥

## ਦਰਬਾਰ ਸਾਹਿਬ ਨੂੰ ਬਾਰੂਦ ਧਰਕੇ ਉਡਾਨਾ

ਏਥੋਂ ਮੁੜਕੇ ਬਾਦਸ਼ਾਹ ਅੰਮ੍ਰਤਸਰ ਪਹੁੰਚਿਆ। ਜੇਠ ਸੰ:੧੮੧੯ ਬਿ: ਵਿੱਚ ਦਰਬਾਰ ਸਾਹਿਬ ਨੂੰ ਬਾਰੂਦ ਧਰਕੇ ਉਡਵਾ ਦਿੱਤਾ। ਤੇਜ਼ੀ ਨਾਲ ਇੱਟਾਂ ਉਡਕੇ ਚਾਰ ੨ ਕੋਹ ਤੱਕ ਗਈਆਂ। ਬਾਦਸ਼ਾਹ ਦਾ ਲਸ਼ਕਰ ਜੋ ਚਾਰੋਂ ਤਰਫ ਕੋਹਾਂ ਵਿੱਚ ਉਤਰਯਾ ਹੋਯਾ ਸੀ, ਓਸ ਵਿੱਚੋਂ ਸੈਂਕੜੇ ਲੋਗ ਇੱਟਾਂ ਨਾਲ ਜਖਮੀ ਹੋਏ ਤੇ ਇੱਕ ਇੱਟ ਖਾਸ ਅਹਿਮਦ ਸ਼ਾਹ ਦੇ ਨੱਕ ਉਤੇ ਜਾ ਵੱਜੀ, ਜਿਸਦੀ ਸੱਟ ਨਾਲ ਸ਼ਾਹ ਨੂੰ ਨਾਸੂਰ ਦੀ ਬੀਮਾਰੀ ਹੋਗਈ ਤੇ ਐਸੀ ਚੰਮੜੀ ਜੋ ਜਾਨ ਹੀ ਲੈ ਗਈ॥ ਇਸ ਗੱਲੋਂ ਬਾਦਸ਼ਾਹ ਗੱਰ ਖਾਕੇ ਤਾਲਾਬ ਅੰਮ੍ਰਤਸਰ ਨੂੰ ਮਿੱਟੀ ਨਾਲ ਭਰਵਾ ਕਰ ਖੇਤੀ ਬੀਜਣ ਦਾ ਹੁਕਮ ਦੇ ਗਿਆ; ਸੋ ਜਹਾਨਖਾਂਨ ਨੇ ਓਥੇ ਉਤਰਕੇ ਗਿਰਦਨਿਵਾਹੀ ਦੇ ਪਿੰਡਾਂ ਤੋਂ ਦੋ ਮਹੀਨੇ ਵਿੱਚ ਸਬ ਕੰਮ ਕਰਵਾ ਕੱਢਯਾ ॥

## ਕਸ਼ਮੀਰ ਦੁਰਾਂਨੀ ਨੇ ਲੈਣਾ

ਬਾਦਸ਼ਾਹ ਨੇ ਲਾਹੌਰ ਜਾਣ ਸਾਰ ਮਾਲੂਮ ਕੀਤਾ ਕਿ ਕਸ਼ਮੀਰ ਦਾ ਹਾਕਮ ਜੀਵਣ ਮੱਲ ਆਕੀ ਹੈ। ਸੋ ਤੁਰਤ ਨੂਰ ਦੀਨ ਅਮੀਰ ਨੂੰ ਫੌਜ ਦੇਕੇ ਚੜ੍ਹਾ ਦਿੱਤਾ। ਓਸਨੇ ਰਾਜਾ ਰਣਜੀਤ ਦੇਉ ਜੋ ਜੀਉਣ ਮੱਲ ਦਾ ਸਾਥੀ ਸੀ, ਸ਼ਾਹ ਕਾਬੁਲ ਦੀ ਤਾਬੇਦਾਰੀ ਮਨਾ ਕੇ ਕਸ਼ਮੀਰ ਵਿੱਚ ਜੀਉਣ ਮੱਲ ਨੂੰ ਜਾ ਘੇਰਯਾ। ਪਹਿਲੀ ਲੜਾਈ ਵਿੱਚ ਹੀ ਓਸਦੀ ਮੁਸਲਮਾਨੀ ਫੌਜ ਨੇ ਨੂਰਦੀਨ ਨਾਲ ਮਿਲਕੇ ਜੀਉਣ ਮਲ

Digitized by Panjab Digital Library | www.panjabdigilib.org

ਨੂੰ ਫੜਾ ਦਿੱਤਾ, ਓਹ ਕੈਦ ਹੋਕੇ ਬਾਦਸ਼ਾਹ ਪਾਸ ਆਯਾ ਤਾਂ ਕਤਲ ਕੀਤਾ ਗਿਆ। ਸ਼ਾਹ ਨੇ ਸਰਬੁਲੰਦ ਖਾਂ ਨੂੰ ਸੂਬਾ ਕਸ਼ਮੀਰ ਬਣਾਕਰ ਨੂਰਦੀਨ ਨੂੰ ਬੁਲਾ ਲਿਆ।

ਏਧਰ ਲਾਹੌਰ ਵਿੱਚ ਦਸ ਹਜ਼ਾਰ ਫੌਜ ਸਮੇਤ ਕਾਬਲੀ ਮਲ ਦੀਵਾਨ ਤੇ ਖ਼੍ਵਾਜੇ ਹਮੀਦ ਨੂੰ ਛੱਡ ਕੇ ਆਪ ਕਾਬਲ ਨੂੰ ਚਲਾ ਗਿਆ॥

## ਸ਼ਾਹ ਗਏ ਪਿੱਛੇ ਹਿੰਦੂਆਂ ਪਰ ਜ਼ੁਲਮ

ਜਦ ਸਿੰਘਾਂ ਦਾ (ਘੱਲੂ ਘਾਰਾ) ਏਹ ਹਾਲ ਕਰਕੇ ਬਾਦਸ਼ਾਹ ਲਾਹੌਰ ਨੂੰ ਮੁੜਿਆ ਸੀ ਤਾਂ ਦੇਸੀ ਮੁਸਲਮਾਨ ਐਸੇ ਭੂਹੇ ਹੋਏ ਜੋ ਹਿੰਦੂਆਂ ਨੂੰ ਮਲੋ ਮਲੀ ਮੁਸਲਮਾਨ ਕਰਨ ਲੱਗ ਪਏ॥

ਸ਼ੇਖ ਫਤੇ ਮਹੰਮਦ ਖਾਂ ਤੇ ਮਹੰਮ ਸ਼ਾਹ ਕੋਟ ਕਛੂਏ ਦੇ ਨਵਾਬਾਂ ਨੇ ਨਾਮੀ ੨ ਤਿੰਨ ਸੌ ਹਿੰਦੂ ਆਪਣੀ ਰਜਾਸਤ ਵਿੱਚੋਂ ਫੜ ਮੰਗਾਏ। ਦੋ ਸੌ ਨੂੰ ਤਾਂ ਧਿੰਗੋ ਧਿੰਗੀ ਮੁਸਲਮਾਨ ਬਣਾ ਲਿਆ ਤੇ ਇੱਕ ਸੌ ਜਿਸਨੇ ਧਰਮ ਨਾ ਛੱਡਯਾ ਸੋ ਕਤਲ ਕਰ ਛੱਡਯਾ॥

## ਸਿੰਘਾਂ ਨੇ ਨਵਾਬਾਂ ਤੋਂ ਬਦਲੇ ਲੈਣੇ

ਓਧਰ ਜਦ ਖਾਲਸੇ ਨੇ ਜ਼ਖਮਾਂ ਤੋਂ ਰਾਜੀ ਹੋਕੇ ਇਸ਼ਨਾਨ ਕੀਤੇ ਅਤੇ ਆਪੋ ਆਪਣੇ ਸਰਦਾਰਾਂ ਜੱਥੇਦਾਰਾਂ ਪਾਸ ਕੱਠੇ ਹੋਕੇ ਅੰਮ੍ਰਿਤਸਰਦੀ ਬਿਅਦਬੀਦਾ ਹਾਲ ਤੇ ਹਿੰਦੂਆਂ ਪਰ ਜੁਲਮ ਦਾ ਵਰਤਾਉ ਸੁਣਿਆਂ, ਤਾਂ ਧਰਮ ਬਦਲੇ ਸ਼ਹੀਦ ਹੋਣਾ ਥਾਪ ਕੇ ਸ਼ਮਸ਼ੇਰਾਂ ਖਿੱਚਕੇ, ਪਹਿਲੇ ਤਾਂ ਭੀਖਨ ਖਾਂ ਮਲੇਰ ਕੋਟਲੇ ਵਾਲੇ ਦੀ ਛੇਰ ਕੱਢੀ ਤੇ ਓਸਤੋਂ ਨਜ਼ਰਾਨਾ ਲੈਕੇ ਨੱਕ ਨਾਲ ਲਕੀਰਾਂ ਕਢਾਈਆਂ ਫੇਰ ਦੀਵਾਨ ਲੱਛਮੀ ਸਹਾਇ ਨੂੰ

Digitized by Panjab Digital Library | www.panjabdigilib.org

ਤੇ ਰਾਇ ਅਲਿਯਾਰ ਦੇ ਮੁਸਾਹਿਬ ਮੌਲਵੀ ਰਹਿਮ ਤੁੱਲਾ ਆਦਿਕ ਨੂੰ (ਜਿਨਾਂ ਨੇ ਸਿੰਘਾਂ ਤੇ ਹਿੰਦੂਆਂ ਪਰ ਕਧੀਕੀਆਂ ਕੀਤੀਆਂ ਸਨ) ਗਰਾੜ੍ਹਾਂ ਵਿੱਚ ਜਾ ਘੇਰਜਾ। ਜੱਦਪਿ ਸ਼ਹਰ ਦੇ ਵਡੇ੨ ਚੌਧਰੀਆਂ ਦੀ ਭੀ ਸੋਧ ਕੀਤੀ, ਪਰ ਤਿਨਾਂ ਦੀ ਤਾਂ ਬੁਰੀ ਦਸ਼ਾ ਕਰਕੇ ਜਾਨ ਕੱਢੀ। ਇਸੇ ਤਰਾਂ ਜਿਨਾਂ ਮੁਸਲਮਾਨਾਂ ਨੇ ਬੁਰਾਈਆਂ ਕੀਤੀਆਂ ਸਨ, ਉਨਾਂ ਨੂੰ ਉਨਾਂ ਦੇ ਕਰਮਾਂ ਦਾ ਫਲ ਦਿੰਦੇ ਹੋਏ ਕੋਟ ਕਛੂਏ, ਪਰਗਨੇ ਅੰਬਾਲੇ ਵਿੱਚ ਜਾ ਪਹੁੰਚੇ। ਨਵਾਬ ਫਤੇ ਮੁਹੰਮਦ ਖਾਂ ਤੇ ਮੁਹੰਮਦ ਸ਼ਾਹ ਦੀ ਤਾਂ ਬੋਟੀ ੨ ਚੀਲ੍ਹਾਂ ਕਾਵਾਂ ਨੂੰ ਵੰਡ ਛੱਡੀ, ਉਨਾਂ ਦੇ ਸਾਥੀਆਂ ਨੂੰ ਭੀ ਤੇਗ ਦੀ ਭੇਟਾ ਕੀਤਾ॥

ਇਨਾਂ ਦੇ ਵਡੇ ਨਵਾਬ ਸਾਦਕ ਸ਼ਾਹ ਨੂੰ ਬੰਦੇ ਬਹਾਦਰ ਨੇ ਉਸਦੇ ਜ਼ੁਲਮ ਦਾ ਫਲ ਸੰ:੧੭੭੨ ਬਿ: ਵਿੱਚ ਇਸ ਤਰਹ ਛਕਾਯਾ ਸੀ, ਕਿ ਉਸਨੂੰ ਸਾਥੀਆਂ ਸਮੇਤ ਤੂਸ ਵਿੱਚ ਲਪੇਟ ਕੇ ਤੇਲ ਨਾਲ ਤਰ ਕੀਤਾ, ਤੇ ਅੱਗ ਲਗਾ ਕਰ ਮੈਦਾਨ ਵਿੱਚ ਛੱਡ ਦਿਤਾ ਸੀ। ਓਹ ਸਾਰੇ ਹੀ ਬਥੇਰਾ ਟੱਪੇ ਨਸੇ, ਪਰ ਓੜਕ ਚੰਡੀ ਦਾ ਗਰਾਸ ਹੋਏ। ਫੇਰ ਬੋਹ, ਦੁਬਯਾਲ, ਨਾਉਣੀ, ਧੀਣ, ਮੁਲਾਣੇ, ਸਢੌਰੇ, ਬੂੜੀਏ ਆਦਿਕ ਦੇ ਮੁਸਲਮਾਨਾਂ ਦੀ ਦੁਰ-ਦਸ਼ਾ ਕਰਕੇ, ਮਾਰੋ ਮਾਰ ਕਰਦੇ ਹੋਏ ਸਹਾਰਨ ਪੁਰ ਜਾ ਵੜੇ। ਓਥੋਂ ਦੇ ਨਵਾਬ ਰਹਿਮਤੁਲਾ ਖਾਂ ਆਦਿਕਾਂ ਨੂੰ ਸਾਰ ਦੇ ਚਣੇ ਚਬਾ ਕੇ; ਸ਼ਹਿਰ ਨੂੰ ਖੂਬ ਸੋਧਿਆ ਤੇ ਗੰਗਾ ਜੀ ਨੂੰ ਸੇਧ ਧਰ ਲਈ। ਰਸਤੇ ਦੇ ਨਗਰਾਂ ਨੂੰ ਸੋਧਦੇ ਹੋਏ ਜਦ ਅੰਬਲੀ ਗਏ ਤਾਂ ਏਥੋਂ ਦੇ ਗੁਸਾਂਈ ਫਕੀਰਾਂ ਨੇ ਬਾਦਸ਼ਾਹੀ ਠਾਠ ਬਣਾਕੇ ਗੰਗਾ ਦੇ ਯਾਤ੍ਰੀਆਂ ਵਾਸਤੇ ਫਲ੍ਹਾ ਲਾ ਰੱਖਜਾ ਸੀ ਤੇ ਸਵਾ ਰੁਪਯਾ ੧।) ਮੂਡਕਾ ਲਏ ਬਿਨਾ ਕਿਸੇ ਨੂੰ ਅੱਗੇ

Digitized by Panjab Digital Library | www.panjabdigilib.org

ਨਹੀਂ ਜਾਣ ਦਿੰਦੇ ਸੇ। ਸਿੰਘਾਂ ਪਾਸੋਂ ਭੀ ਮੂੰਡਕਾ ਮੰਗਜਾ, ਪਰ ਸਿੰਘਾਂ ਨੇ ਐਸਾ ਮੂੰਡਕਾ ਦਿੱਤਾ ਕਿ ਰੰਗੀ ਭਰਾਂ ਧਾਇ ਪਏ ਕਰਨ ਤੇ ਉਨ੍ਹਾਂ ਨੂੰ ਮਾਰ ਕੁਟ ਕੇ ਆਪ ਗੰਗਾ ਪਰ ਜਾ ਪਹੁੰਚੇ॥

# ਜਾਲਾਪੁਰ ਮੋਰਿੰਡਾ ਸੋਧਨਾ

ਸੰ: ੧੮੨੦ ਬਿ: ਨੂੰ ਵਿਸਾਖੀ ਦਾ ਇਸ਼ਨਾਨ ਗੰਗਾ ਪਰ ਕਰਕੇ ਜਾਲਾਪੁਰ ਦੇ ਮੁਸਲਮਾਨਾਂ ਪਰ (ਜਿਨ੍ਹਾਂ ਨੇ ਆਪਣੇ ਇਲਾਕੇ ਦੇ ਬ੍ਰਹਮਣਾਂ ਖੱਤ੍ਰੀਆਂ ਦੀਆਂ ਇਸਤ੍ਰੀਆਂ ਖੋਹ ਰਖੀਆਂ ਸਨ) ਹੱਲਾ ਕਰ ਦਿੱਤਾ। ਮੁਸਲਮਾਨਾਂ ਨੂੰ ਮਾਰ ਕੁਟਕੇ, ਪੰਡਤਾਂ ਦੀਆਂ ਔਰਤਾਂ ਪੰਡਤਾਂ ਨੂੰ ਦਿਵਾਈਆਂ। ਫੇਰ ਮੈਣਦਾਬ ਦੇਸ਼ ਵਿਚ ਦੀ ਮਾਰੋਮਾਰ ਕਰਦੇ ਮੋਰਿੰਡੇ (ਬਾਗਾਂ ਵਾਲੇ) ਆ ਪਹੁੰਚੇ। ਏਥੋਂ ਦੇ ਜਾਨੀਖਾਂ, ਮਾਨੀਖਾਂ, ਗੁਲਸ਼ੇਰਖਾਂ, ਪਠਾਣਾਂ ਨੂੰ (ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦੇ ਸਰਹੰਦ ਵਿਚ ਲੈਜਾਕੇ ਕਤਲ ਕਰਾਏ ਸੇ) ਓਨ੍ਹਾਂ ਦੇ ਭੈੜੇ ਕਰਮ ਦਾ ਫਲ ਭੁਗਾਯਾ, ਮੋਰਿੰਡਾ ਲੁਟ ਮਾਰ ਕੇ ਬਰਬਾਦ ਕਰ ਦਿਤਾ।

ਏਸ ਦੌਰੇ ਦੇ ਸਾਮਾਨ ਨਾਲ ਸਿੰਘਾਂ ਨੇ ਆਪਣੀ ਫੌਜੀ ਤਾਕਤ ਬਹੁਤ ਵਧਾ ਲਈ। ਜਿਤਨੇ ਸਿੰਘ ਘਲੂਘਾਰੇ ਵਿਚ ਸ਼ਹੀਦ ਹੋਏ, ਉਸ ਤੋਂ ਦੂਣੇ ਹੋਰ ਸਜ ਗਏ। ਏਸੇ ਸਮੇਂ ਜਦ ਖਾਲਸੇ ਦਾ ਦਲ ਹਰਿਦ੍ਵਾਰ ਵੱਲੀਓਂ ਮੁੜਕੇ ਆਯਾ ਤਾਂ ਰਾਜਾ ਆਲਾ ਸਿੰਘ ਨੇ ਪਟਿਆਲੇ ਦੀ ਥੇਹ ਦਾ ਬੜਾ ਭਾਰੀ ਜੱਗ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਯਾ, ਸਰਬ ਖਾਲਸੇ ਨੂੰ ਬੜੀ ਆਗਤ ਭਾਗਤ ਨਾਲ ਪਟਿਆਲੇ ਲੈ ਜਾਕਰ ਸੁਖੇ ਦੀ ਮਿਠੀ ਦੇਗ ਕਰਾਈ ਤੇ ਕੜਾਹ ਪਰਸ਼ਾਦ ਦੇ ਖੁਲ੍ਹੇ

Digitized by Panjab Digital Library | www.panjabdigilib.org

ਗੱਫੇ ਛਕਾਏ, ਅਤੇ ਆਪਣੇ ਪੋਤਰੇ ਅਮਰ ਸਿੰਘ ਨੂੰ ਸਰਦਾਰ ਜੱਸਾ ਸਿੰਘ ਆਲੂਵਾਲੀਏ ਪਾਸੋਂ ਅੰਮ੍ਰਿਤ ਛਕਾਯਾ, ਜਿਸਦੇ ਬਦਲੇ ਈਸੜੂ ਦਾ ਪਰਗਣਾ ਦਿਤਾ ਗਿਆ ॥

## ਸਰਹੰਦ ਤੇ ਮੋਰਿੰਡਾ

ਖਾਲਸੇ ਨੇ ਗੁਰਮਤਾ ਕਰਕੇ ਸਰਹੰਦ ਉਪਰ ਧਾਵਾ ਕਰਨ ਲਈ ਸਬ ਮਝੈਲ ਤੇ ਮਲਵਈ ਸਿੰਘ ਬੁਲਾ ਭੇਜੇ ਸਰਹੰਦ ਪਰ ਧਾਵਾ ਸੁਣਦੇਹੀ ਸਿੰਘਾਂ ਨੂੰ ਤਾਂ ਰੋਹ ਚੜ੍ਹ ਗਿਆ, ਸਰਹੰਦ ਦੇ ਸੂਬੇ ਨੂੰ ਖਬਰ ਭੀ ਨਾ ਹੋਣ ਦਿਤੀ ਤੇ ਆਸ ਪਾਸ ਚੋਏ ਨਦੀ ਦੇ ਕਿਨਾਰੇ ਜੰਗਲ ਵਿਚ ਪੰਜਾਹ ਹਜ਼ਾਰ ਅਸਵਾਰ ਪਯਾਦਾ ਇਕੱਠਾ ਹੋਗਿਆ। ਚਾਰਕੁ ਹਜ਼ਾਰ ਸਿੰਘ ਜੋ ਮੋਰਿੰਡੇ ਵੱਨੀ ਪਹਿਲੇ ਹੀ ਫਿਰ ਰਿਹਾ ਸੀ, ਜਦ ਓਹ ਮੋਰਿੰਡੇ ਨੂੰ ਸੋਧਦੇ ਹੋਏ ਸਰਹੰਦ ਦੀਆਂ ਕੰਧਾਂ ਤਕ ਆ ਫਿਰੇ, ਤੇ ਜੈਨਖਾਂ ਸੂਬਾ ਫੌਜ ਲੈਕੇ ਓਨਾਂ ਦੇ ਪਿਛੇ ਲੱਗ ਪਿਆ ਤਾਂ ਖਾਲਸੇ ਨੇ ਚੰਗਾ ਮੌਕਾ ਦੇਖਕੇ ਅਰਦਾਸੇ ਸੋਧ ਕੇ ਪੰਦਰਾਂ ਕੋਹਾਂ ਤੋਂ ਹੱਲਾ ਕਰਾ ਦਿਤਾ। ੧੩ ਜੇਠ ਸੰਘਣ ਚੋਬਵਾਲੇ ਦਿਨ ਸੰ: ੧੮੨੦ ਬਿ: ਨੂੰ ਖੁਲੇ ਦਰਵਾਜ਼ੀਂ ਅੱਧਾਰੇਤ ਠੇਠ ਦੋ ਪਹਿਰ ਦੇ ਸਮੇਂ ਸਰਹੰਦ ਵਿਚ ਜਾ ਵੜੇ। ਬਿਨਾ ਪੁਛੇ ਕਤਲਾਮ ਸ਼ੁਰੂ ਕਰ ਦਿੱਤੀ, ਜਿਨ੍ਹਾਂ ਜਿਨ੍ਹਾਂ ਜ਼ਾਲਮਾਂ ਨੇ ਜ਼ੁਲਮ ਕੀਤੇ ਸਨ ਉਨ੍ਹਾਂ ਨੂੰ ਫੜ ਫੜ ਖੂਬ ਸੋਧਿਆ।

## ਜੈਨਖਾਂਨ ਸੂਬੇ ਸਰਹੰਦ ਪਰ ਫਤੇ

ਏਹ ਖਬਰ ਸੁਣਕੇ ਸੂਬੇਦਾਰ ਜੈਨ ਖਾਂ ਫੌਜ ਸਮੇਤ ਜਦ ਸਰਹੰਦ ਦੀ ਤਰਫ ਮੁੜਕੇ ਆਯਾ ਤਾਂ ਸਿੰਘਾਂ ਨੇ ਚਾਰ ਕੋਹ ਅਗੇ ਵਧਕੇ ਬੁਲਾੜੇ ਪਿੰਡ ਪਾਸ ਜਾ ਰੋਕਯਾ, ਬੜਾ ਭਾਰੀ

Digitized by Panjab Digital Library | www.panjabdigilib.org

ਜੰਗ ਹੋਯਾ, ਦੋਹਾਂ ਪਾਸਿਆਂ ਦੇ ਬਹੁਤ ਆਦਮੀ ਮਾਰੇ ਗਏ, ਓੜਕ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦੁਗਾੜੇ ਨੇ ਜੈਨ ਖਾਂ ਨੂੰ ਜੈ ਕੀਤਾ। ਜਦ ਘੋੜੇ ਉੱਤੋਂ ਡਿਗਜਾ ਤਾਂ ਸਰਦਾਰ ਬਹਾਦਰ ਦੇ ਸੁਖਈ ਬਰਾਜ ਸਿੰਘ ਨੇ ਜੈਨਖਾਂ ਦਾ ਸਿਰ ਕੱਟਕੇ ਨਵਾਬ ਕਪੂਰ ਸਿੰਘ ਅਗੇ ਜਾ ਰੱਖਦਾ। ਸਰਹੰਦ ਤੋਂ ਤਿੰਨ ਕੋਹ ਪਰ ਜੈਨੇ ਪੀਰ ਦੀ ਖਾਨਕਾਹ (ਸਮਾਧ) ਹੈ ਓਥੇ ਜਦ ਜੈਨਖਾਂ ਮਾਰਿਆ ਗਿਆ, ਤਾਂ ਓਸਦੀ ਫੌਜ ਸਬ ਤਿੱਤ੍ਰ ਬਿਤ੍ਰ ਹੋ ਗਈ। ਫੇਰ ਤਾਂ ਸਿੰਘਾਂ ਨੇ ਨਿਸੰਗ ਹੋਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਪੂਰਾ ਕੀਤਾ, ਕਈ ਦਿਨ ਤੱਕ ਓੱਥੇ ਡੇਰਾ ਰੱਖਕੇ ਚੰਗੀ ਤਰਾਂ ਸ਼ਹਿਰ ਨੂੰ ਸੋਧਿਆ ਤੇ ਬੜੇ ੨ ਮੰਦਰ ਬਾਰੂਦਨਾਲ ਜੜ੍ਹਾਂ ਤੋਂ ਉਖੇੜ ਸਿਟੇ। ਗਿਰਦ ਨਿਵਾਹੀ ਦੀ ਬੇਸ਼ੁਮਾਰ ਖਲਕਤ ਤੇ ਧਾੜਵੀ ਲੋਗ ਪੀੜੀਆਂ ਦੇ ਪਰਸ਼ਾਦੇ ਲੈ ਗਏ। ਓਥੋਂ ਦੇ ਸ਼ਾਹੂਕਾਰ ਤੇ ਹਰਤਰਾਂ ਦੇ ਹੁਨਰ ਵਾਲੇ ਲੋਗ ਉਜੜ ਕੇ ਲੁਦੇਹਾਣੇ, ਅੰਮ੍ਰਿਤਸਰ, ਲਾਹੌਰ, ਦਿਲੀ, ਪਟਯਾਲੇ ਆਦਿਕ ਨਗਰਾਂ ਵਿਚ ਬਹੁਤ ਜਾ ਵਸੇ ਜੋ ਹੁਣ ਤਕ ਓਨੀ ਥਾਈਂ ਸਰਹੰਦੀ ਨਾਮ ਕਰਕੇ ਮਸ਼ਹੂਰ ਹਨ॥

## ਮਹਾਰਾਜੇ ਆਲਾ ਸਿੰਘ ਨੇ ਸਰਹੰਦ ਮਲਨੀ

ਜਦ ਸ਼ਹਿਰ ਵਿਚ ਕੁਛ ਨਾ ਰਿਹਾ ਤਾਂ ਪੰਜੀ ਹਜ਼ਾਰ ਰੁਪਯਾ ਨਕਦ ਰਾਜਾ ਆਲਾ ਸਿੰਘ ਤੋਂ ਖਾਲਸੇ ਨੇ ਲੈਕੇ ਕਿਲੇ ਸਮੇਤ ਸ਼ਹਰ ਰਾਜੇ ਦੇ ਹਵਾਲੇ ਕਰ ਦਿਤਾ, ਜਿਥੋਂ ਬੇਸ਼ੁਮਾਰ ਹੱਥਯਾਰ ਤੋਪਾਂ ਆਦਿਕ ਜੋ ਹੁਣ ਤਾਂਈ ਪਟਯਾਲੇ ਵਿਚ ਹਨ, ਰਾਜਾ ਦੇ ਹੱਥ ਆਏ। ਹੋਰ ਮੁਲਕ ਦਰਿਆ

Digitized by Panjab Digital Library | www.panjabdigilib.org

ਸਤਲੁਜ ਤੇ ਜਮਨਾਂ ਦੇ ਅੰਦਰ ੨ ਸਭ ਖਾਲਸੇ ਨੇ ਮੱਲ ਲਿਆ ਜੇੜਾ ਪਰਗਣਾ ਜਿਸ ਸਰਦਾਰ ਨੇ ਤੇ ਜੇੜ੍ਹਾ ਪਿੰਡ ਜਿਸ ਅਸਵਾਰ ਨੇ ਰੋਕ ਲਿਆ, ਉਸ ਨੂੰ ਫੇਰ ਦੂਸਰੇ ਸਿੰਘ ਨੇ ਟੋਕ ਨਹੀਂ ਕੀਤੀ, ਓਹ ਉਸਦਾ ਮਾਲਕ ਬਣਜਾਂ ਰਿਹਾ।

ਪਰਗਣਾ ਸਰਹੰਦ, ਬਾੜਾ, ਰਾਜਪੁਰਾ, ਬਾਨੂੰੜ, ਰਨਾਲਬਲ, ਆਦਿਕ ਰਾਜਾ ਆਲਾ ਸਿੰਘ ਨੇ ਅਮਲੋਹ, ਭਾਦਸੋ ਆਦਿਕ ਚੌਧਰੀ ਹਮੀਰ ਸਿੰਘ ਨੇ, ਹਠੂਰ ਆਦਿਕ ਚੋਧਰੀ ਬਿਘਾ ਸਿੰਘ ਨੇ, ਮਲੋਦ ਆਦਿਕ ਸਰਦਾਰ ਮਾਨ ਸਿੰਘ ਨੇ, ਪਹੋਯਾ, ਮਗਰ ਬਹੂਨਾ, ਕੈਂਬਲ,ਖੜਯਾਲ,ਕੁਲਾਰ ਆਦਿਕ ਭਾਈ ਦੇਸੂ ਸਿੰਘ ਨੇ। ਏਸੇ ਤਰਾਂ ਮਝੈਲ ਛੈਲਭੀ ਸਬ ਦੇਸ ਆਪਣੇ ਕਾਬੂ ਕਰ ਬੈਠੇ। ਏਨ੍ਹਾਂ ਦਾ ਪੂਰਾ ਹਾਲ ਤੀਜੇ, ਚੌਥੇ ਹਿਸੇ ਵਿਚ ਹੈ। ਏਹ ਬਵੰਜਾ ਲੱਖ ਰੁਪਏ ਦਾ ਮੁਲਕ ਯਾਨੀ ਸਰਹੰਦ ਖਾਲਸੇ ਦੇ ਹੱਥ ਆਉਣੇ ਕਰ ਤੇਜ ਪ੍ਰਤਾਪ ਬਹੁਤ ਵਧ ਗਿਆ॥

## ਸਰਹੰਦ ਦੀਆਂ ਜੜਾਂ ਪੁੱਟਨੀਆਂ

ਏਸ ਸਰਹੰਦ ਪੁਰ ਹਮੇਸ਼ ਸਿੰਘ ਦੰਦ ਪੀਹਾ ਕਰਦੇ ਸੇ,ਕਿਉਂਕਿ ਔਰੰਗਜ਼ੇਬ ਦੇ ਸਮੇਂ ਸੰ: ੧੭੬੧ ਬਿ:ਵਿਚ ਗੁਰੂ ਗੋਇੰਦ ਸਿੰਘ ਸਾਹਿਬ ਜੀ ਦੇ ਸ਼ਾਹਜ਼ਾਦੇ ਛੋਟੇ ੨ ਬਚੇ ਬੇਗੁਨਾਹ ਸੂਬੇ ਬਜੀਦਖਾਂ ਨੇ ਏਥੇ ਕਤਲ ਕਰਾ ਛੱਡੇ ਸੇ, ਏਸ ਕਰਕੇ ਗੁਰੂ ਮਹਾਰਾਜ ਦਾ ਹੁਕਮ ਸੀ ਕਿ ਮੇਰੇ ਸਿੰਘ ਏਸ ਦੀਆਂ ਜੜ੍ਹਾਂ ਪੁੱਟਕੇ ਸਤਲੁਜ ਵਿਚ ਸਿੱਟਣਗੇ, ਤਾਂਹੀ ਸਿੰਘ ਏਸ ਨੂੰ ਉਜਾ-ੜਕੇ ਠੰਢੇ ਹੋਏ, ਪੰਜ ਪੰਜ ਇਟਾਂ ਹਰ ਇਕਸਿੱਖ ਨੇ ਸਤਲੁਜ ਵਿਚ ਪਾਈਆਂ,ਤੇ ਪਾਉਂਦੇ ਰਹੇ, ਬਾਕੀਸੰ: ੧੯੨੮ਤੇ੨੯ਬਿ:

Digitized by Panjab Digital Library | www.panjabdigilib.org

ਵਿਚ ਮਹਾਰਾਜੇ ਮਹਿੰਦ੍ਰ ਸਿੰਘ ਪਟਿਆਲੇ ਵਾਲੇ ਨੇ ਰੇਲਵਾਈਆਂ ਤੋਂ ਓਹੋ ਖੋਲੇ ਪੁਟਵਾਕੇ ਦੂਰ ਦੂਰ ਤਕ ਰੇਲ ਦੀ ਸੜਕ ਵਿਚ ਪਵਾਏ। ਏਧਰ ਸਿੰਘਾਂ ਨੇ ਸਰਹਿੰਦ ਦੇ ਮੁਲਕ ਪਰ ਆਪਣੀ ਮਾਲਕੀ ਕਰ ਲਈ ਤੇ ਉਧਰ ਮਾਝਾ ਦਵਾਬਾ, ਦੜਪ ਆਦਿਕ ਦੇਸ਼ ਸੁਕ੍ਰ ਚੱਕੀਆਂ ਘਨੱਯਾਂ, ਨਕੱਯਾਂ, ਰਾਮ ਗੜ੍ਹੀਆਂ ਭੰਗੀ ਸਰਦਾਰਾਂ ਨੇ ਰੋਕ ਲਏ। ਇਸ ਸਮੇਂ ਸੂਬੇ ਲਾਹੌਰ ਦੇ ਹਾਕਮ ਦਾ ਹੁਕਮ ਸਿਰਫ ਸ਼ਹਿਰ ਦੇ ਅੰਦਰ ਅੰਦਰ ਹੀ ਸੀ, ਬਾਹਰ ਨਹੀਂ ਜਾ ਸਕਦਾ ਸੀ। ਜਾਲੰਧਰ ਦੇ ਹਾਕਮ ਸ਼ਾਹਵਲੀ ਖਾਂ ਨੇ ਸਰਦਾਰ ਤਾਰਾ ਸਿੰਘ ਗੈਬੇ ਨਾਲ ਕੁਛ ਪੰਜਾ ਛਿਕਾ ਕੀਤਾ, ਪਰ ਜਦ ਜਾਣਿਆਂ ਕਿ ਸਿੰਘ ਮੈਨੂੰ ਨਹੀਂ ਛੱਡਣਗੇ ਤਾਂ ਦੜ ਵੱਟ ਗਿਆ ਤੇ ਏਹੋ ਸੋਚਕੇ ਕਾਬਲ ਮੱਲ ਨੇ ਭੀ ਸਿੰਘਾਂ ਨਾਲ ਨਾ ਵਿਗਾੜੀ॥

## ਕਸਾਈਆਂ ਦੇ ਨਕ ਵੱਢਣੇ

ਏਸੇ ਸਮੇਂ ਬਕਰੀਦ ਪਰ ਜਦ ਮੁਸਲਮਾਨਾਂ ਨੇ ਲਾਹੌਰ ਵਿੱਚ ਤੀਹ ਗਊਆਂ ਦਾ ਖੂਨ ਕੀਤਾ, ਤਦ ਸਿੰਘਾਂ ਨੇ ਕਾਬਲੀ ਮੱਲ ਨੂੰ ਕਹਿ ਭੇਜਜਾ ਤਾਂ ਉਸ ਨੇ ਕਸਾਈਆਂ ਦੇ ਹੱਥ ਨੱਕ ਕਟਵਾ ਕੇ ਸਜ਼ਾ ਦਿਤੀ। ਏਸੇ ਸਮੇਂ ਸਿੰਘਾਂ ਦਾ ਜਸ ਸੁਣਕੇ ਜਲਾਲਾਬਾਦ ਲੁਹਾਰੀ ਦੇ ਨਵਾਬਾਂ ਤੋਂ ਦੁਖੀ ਹੋਕੇ ਬ੍ਰਹਮਣ ਆਦਿਕ ਅਨੇਕ ਲੋਗ (ਜਿਨ੍ਹਾਂ ਦੀਆਂ ਔਰਤਾਂ ਬੇਟੀਆਂ ਨਵਾਬਾਂ ਨੇ ਛੀਨ ਲਈਆਂ ਸਨ) ਸਿੰਘਾਂ ਪਾਸ ਫਰਿਆਦੀ ਆਏ ਤੇ ਕਸੂਰ ਵਾਲੇ ਬ੍ਰਹਮਣਾਂ ਵਾਂਗੂ ਏਨ੍ਹਾਂ ਨੇ ਭੀ ਬਹੁਤ ਸਾਰੀਆਂ ਬਾਤਾਂ, ਤੇ ਖਾਲਸੇ ਦੀ ਉਸਤਤਿ, ਅਤੇ ਆਪਣੇ ਦੁਖ ਸੁਣਾਕੇ ਖਾਲਸੇ ਨੂੰ ਅਪਣੀ ਸਹਾਇਤਾ ਪਰ

Digitized by Panjab Digital Library | www.panjabdigilib.org

ਖੜਾ ਕਰ ਲਿਆ। ਖਾਲਸੇ ਨੇ ਭੀ ਸ੍ਰੀ ਅੰਮ੍ਰਿਤਸਰ ਤਾਲਾਬ ਹਰਿਮੰਦਰ ਸਾਹਿਬ ਦੇ ਨਵਾਂ ਬਨਾਉਣ ਦਾ ਗੁਰਮਤਾ ਸਾਜ ਕੇ ਪੂਰਬ ਵੱਲ ਤਯਾਰੀ ਕਰ ਦਿਤੀ ਅਤੇ ਅਰਦਾਸ ਕੀਤੀ ਕਿ ਆਪਣੇ ਦਸਵੰਧ ਵਿਚੋਂ ਗੁਰ ਮੰਦਰ ਦੇ ਨਮਿਤ ਸਭ ਨੇ ਦੇਣਾ॥

## ਅਹਿਮਦ ਸ਼ਾਹ ਦਾ ਨੌਵਾਂ ਹੱਲਾ

## ਸੰ: ੧੮੨੧ ਵਿਚ

ਉਧਰ ਸ਼ਾਹ ਵਲੀ ਖਾਂ ਹਾਕਮ ਜਾਲੰਧਰ, ਤੇ ਜੈਨ ਖਾਂ ਸਰਹੰਦ ਵਾਲੇ ਦਾ ਮਾਰੇ ਜਾਣਾ ਸੁਣਕੇ ਅਤੇ ਸਿੰਘਾਂ ਦੀ ਦੇਸ ਵਿਚ ਗਰਦੀ, ਲਾਹੌਰੀ ਮੁਸਲਮਾਨਾਂ ਦੀ ਅਰਜ਼ੀ ਤੇ ਕਸਾਈਆਂ ਦੇ ਨੱਕ ਹੱਥ ਕੱਟੇ ਜਾਣ ਦੀ ਖਬਰ ਪਾਕੇ ਅਹਿਮਦ ਸ਼ਾਹ ਨੌਮੀ ਵਾਰੀ ਪੰਜਾਹ ਹਜ਼ਾਰ ਅਸਵਾਰ ਲੈਕੇ ਪੰਜਾਬ ਪਰ ਸੰ:੧੮੨੧ ਬਿ: ਨੂੰ ਚੜ੍ਹ ਆਯਾ। ਸਿੰਘ ਤਾਂ ਅੱਗੇ ਹੀ ਤਯਾਰ ਸੇ, ਬਾਦਸ਼ਾਹ ਦਾ ਆਉਣਾ ਸੁਣਕੇ ਪੂਰਬ ਵੱਨੀ ਵਹੀਰ ਪਾਦਿਤ॥

ਬਾਦਸ਼ਾਹ ਨੇ ਲਾਹੌਰ ਪਹੁੰਚਕੇ, ਕਸਾਈਆਂ ਦੇ ਨੱਕ ਹੱਥ ਕੱਟਣ ਬਦਲੇ ਕਾਬਲੀਮੱਲ ਦੀ ਸੂਬੇਦਾਰੀ ਤੋੜਕੇ ਨਾਯਬ ਸੂਬਾ ਬਣਾਯਾ ਤੇ ਇਸਦੀ ਜਗਾ ਦਾਵਰ ਖਾਂ ਨੂੰ ਪੂਰਾ ਸੂਬਾ ਬਣਾਕੇ, ਜਹਾਨਖਾਂ ਨੂੰ ਦਸ ਹਜ਼ਾਰ ਕਜ਼ਲਬਾਸ਼ ਪਠਾਣਾਂ ਦੀ ਫੌਜ ਦੇਕੇ ਸਿੰਘਾਂ ਦੇ ਸੋਧਣ ਵਾਸਤੇ ਪੰਜਾਬ ਵਿਚ ਛੱਡਕੇ ਆਪ ਓਥੋਂ ਹੀ ਕਾਬਲ ਨੂੰ ਮੁੜ ਗਿਆ॥

## ਖਾਲਸਾ ਨੇ ਪੂਰਬ ਸੋਧਣਾ

ਉਧਰ ਸਿੰਘਾਂ ਨੇ *ਕੁੰਜਪੁਰਾ, ਤ੍ਰਿਵਾੜੀ ਨੂੰ ਸੋਧਦੇ

*ਕੁੰਜਪੁਰੇ ਵਿੱਚ ਨਵਾਬ ਨਜਾਬਤ ਅਲੀਖਾਂ ਦੀ ਔਲਾਦ ਵੀਹ ਹਜ਼ਾਰ ਦੀ ਜਾਗੀਰਦਾਰ ਹੈ।

Digitized by Panjab Digital Library | www.panjabdigilib.org

ਹੋਏ ਜਮਨਾ ਪਾਰ ਹੋਕੇ ਮੀਰਪੁਰ, ਦੇਬਨ, ਮੁਜੱਫਰਨਗਰ ਆਦਿਕ ਕਸਬਤਾਂ ਦੀ ਸੋਧਨਾ ਕਰਕੇ ਲੰਢੌਰੇ ਦੇ ਰਾਇਮੱਲ ਗੁੱਜਰ ਰਾਜੇ ਨੂੰ ਜਾ ਘੇਰਜਾ। ਓੜਕ ਏਸਤੋਂ ਵੀਹ ਹਜ਼ਾਰ ਰੁਪਯਾ ਨਜ਼ਰਾਨਾ ਲੈਕੇ ਅੰਬਲੀ ਦੇ ਗੁਸਾਈਆਂ ਤੋਂ ਪਚਾਸ ਹਜ਼ਾਰ ਰੁਪਯਾ ਨਜ਼ਰਾਨਾ ਜਾ ਲਿਆ। ਫੇਰ ਹਰਿਦ੍ਵਾਰ ਦੇ ਮਠਧਾਰੀ ਗੁਸਾਈਆਂ ਨੂੰ ਜਾ ਸੋਧਜਾ, ਓਸ ਸਮੇਂ ਏਹੋ ਲੋਗ ਦੇਸ ਵਿਚ ਮਾਲਧਾਰੀ ਲੱਖਾਂ ਪਤੀ ਹੋਣ ਦੀ ਖੁਮਾਰੀ ਵਿਚ ਬੜੇ ਜ਼ੁਲਮ ਕਰਦੇ ਸੇ, ਕਿਉਂਕਿ ਸਬ ਰਾਜੇ ਸਰਦਾਰ ਏਨਾਂ ਦੇ ਕਰਜ਼ਾਈ ਰਹਿੰਦੇ ਸੇ, ਫੇਰ ਗੰਗਾ ਪਾਰ ਹੋਕੇ ਨਜ਼ੀਬਾਬਾਦ, ਨਗੀਨਾ, ਅਨੂਪ ਸ਼ਹਿਰ, ਗੜ ਮੁਕਤੇਸ੍ਵਰ ਆਦਿਕ ਬਡੇ ੨ ਪਿੰਡ ਕਸਬੇ ਸੋਧੇ, ਫੇਰ ਜਲਾਲਾ ਬਾਦ ਲੁਹਾਰੀ ਦੇ ਨਵਾਬਾਂ ਨੂੰ ਜਾ ਘੇਰਿਆ।

## ਜਲਾਲਾਬਾਦ ਲੁਹਾਰੀ ਮਾਰਨਾ

ਨਵਾਬ ਹਸਨਖਾਂ, ਸੱਯਦ ਸੈਦਮੁਹੱਮਦਖਾਂ, ਜਲਾਲਦੀਨ ਤੇ ਸ਼ਰਫਦੀਨ ਆਦਿਕਾਂ ਨੇ ਸਿੰਘਾਂ ਦੇ ਰੋਕਣ ਵਾਸਤੇ ਹੈਦਰੀ ਝੰਡਾ ਖੜਾ ਕਰਕੇ ਬੇਸ਼ੁਮਾਰ ਮੁਸਲਮਾਨ ਕਠੇ ਕਰ ਲਏ। ਸੈਂਕੜੇ ਢੋਲ ਨਗਾਰੇ ਬਜਾਉਂਦੇ, ਹੂਲ ਹਾਲ ਮਚਾਉਂਦੇ, ਤਿਨ ਕੋਹ ਅੱਗੇ ਆ ਲੜੇ। ਭਲਾ ਕਿੱਥੇ ਮਾਂਗਵੀਂ ਧਾੜ ਬਣ ਬਣ ਦੀ ਲਕੜੀ, ਬਾਂਕੇ ਟੇਢੇ ਮੁਸਲਮਾਨ, ਜਿਨਾਂ ਨੇ ਕਦੇ ਜੰਗ ਤੇ ਸਿੰਘ ਦੇਖੇ ਭੀ ਨਹੀਂ ਸੇ, ਜਿਥੇ ਜੰਗ ਜਟਲ ਸਮੁੰਦਰ ਦੇ ਮਛ, ਇਕੋ ਸਾਂਚੇ ਢਲੇ ਹੋਏ, ਸੂਰਬੀਰ ਜੋ ਹਮੇਸ਼ਾਂ ਲੜਾਈਆਂ ਹੀ ਕਰਦੇ ਸੇ। ਮੁਸਲਮਾਨ ਤਾਂ ਦੇਖਦੇ ਹੀ ਲਾਹੌਲ ਪੜਨ ਲਗ ਪਏ, ਪਹਿਲੇ ਹੱਲੇ ਹੀ ਅੱਲਾ ਅੱਲਾ ਪੁਕਾਰ ਉਠੇ। ਸਿੰਘਾਂ ਦੀ

Digitized by Panjab Digital Library | www.panjabdigilib.org

ਤੇਗ ਨੇ ਐਸਾ ਹੌਲ ਪਾਯਾ ਸਬਦੇ ਤੁੰਬਜਾਂ ਵਿਚ ਬੋਲ ਰਹਿ ਗਏ, ਸਬ ਦੌੜਕੇ ਕਿਲੇ ਵਿੱਚ ਆਕੀ ਹੋ ਬੈਠੇ। ਸਿੰਘਾਂ ਨੇ ਕਸਬੇ ਜਲਾਲਾਬਾਦ ਸਮੇਤ ਓਨਾਂ ਦੇ ਪਰਗਣੇ ਦੀ ਜਟ ਚੰਗੀ ਤਰਸੀਲ ਕਰ ਲਈ ਤਾਂ ਫੇਰ ਕਿਲੇ ਨੂੰ ਹੱਥ ਜਾ ਪਾਯਾ, ਤੇ ਚਾਰ ਘੜੀ ਵਿੱਚ ਪਾਰ ਬੁਲਾਯਾ, ਇਕ ਇਕ ਇਟ ਵੰਡੇ ਆਈ, ਕੰਧ ਤੋੜਕੇ ਅੰਦਰ ਵੜ ਗਏ। ਸੱਯਦ ਹਸਨ ਖਾਂ ਜਲਾਲਦੀਨ ਆਦਿਕ ਤੇਗ ਨੂੰ ਛਕਾ ਛੱਡੇ। ਓਨਾਂ ਬ੍ਰਹਮਣਾਂ ਦੀ ਇਛਯਾ ਅਨੁਸਾਰ ਓਨਾਂ ਦੀਆਂ ਔਰਤਾਂ ਜੋ ਨਵਾਬਾਂ ਨੇ ਖੋਹ ਰੱਖੀਆਂ ਸਨ, ਓਨਾਂ ਦੇ ਹਵਾਲੇ ਕਰ ਦਿਤੀਆਂ, ਤੇ ਓਨਾਂ ਦੇ ਹੱਥੋਂ ਰਸੋਈ ਬਣਵਾਕੇ ਬ੍ਰਹਮਣਾਂ ਨੂੰ ਛਕਾ ਕਰ ਭਾਈਚਾਰੇ ਵਿੱਚ ਰਲਾ ਦਿਤੀਆਂ। ਓਥੋਂ ਚੜ੍ਹਕੇ, ਦਾਰਾਗੰਜ, ਸੰਭਲ, ਮੁਰਾਦਾਬਾਦ, ਚੰਦੋਸੀ, ਕਾਸ਼ਗੰਜ, ਕੌਡੀਆਗੰਜ, ਬਰੇਲੀ, ਅਲੀਗੜ੍ਹ, ਖੁਰਜਾ ਆਦਿਕ ਓਸ ਦੇਸ ਦੇ ਸ਼ਹਿਰ ਕਸਬੇ ਸੋਧਦੇ ਹੋਏ, ਚੌਥੇ ਮਹੀਨੇ ਪੰਜਾਬ ਨੂੰ ਮੁੜ ਆਏ॥

## ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ

ਦਸਵਾਂ ਹਿੱਸਾ ਸਭ ਨੇ ਦਰਬਾਰ ਸਾਹਿਬ ਦੇ ਨਮਿਤ ਅਰਦਾਸਾ ਕਰਾ ਦਿਤਾ ਜੋ ਤਿਨ ਲੱਖ ਤੋਂ ਉਪਰ ਹੋਗਿਆ। ਏਹ ਸਭ ਰੁਪਯਾ ਮੋਹਣ ਮੱਲ, ਭਾਗਮਲ, ਲੰਬਤੇ ਸਜਾਮ ਭਾਬੜਾ, ਕਲਜਾਨਾ ਪਾਸੀ ਏਨਾਂ ਸ਼ਾਹੂਕਾਰਾਂ ਪਾਸ ਜਮਾਂ ਕਰਕੇ ਭਾਈ ਦੇਸਰਾਜ ਨੂੰ (ਜੋ ਸੁਰਸਿੰਘ ਪਿੰਡ ਦਾ ਖਤ੍ਰੀ ਸੀ ਤੇ ਮਸ਼ਹੂਰ ਸਤਪੁਰਸ਼ਸੀ) ਤਾਲਾਬ ਅੰਮ੍ਰਿਤਸਰ ਤੇ ਹਰਿਮੰਦਰ ਬਨਾਉਣ ਵਾਸਤੇ ਸੌਂਪ ਦਿੱਤਾ। ਏਹ ਆਦੇਚਰ੍ਹਾਕੇ ਮਸਾਲਾ ਜਮਾਂ ਕਰਨ ਲੱਗ ਪਿਆ।

Digitized by Panjab Digital Library | www.panjabdigilib.org

# ਸਿੰਘਾਂ ਨੇ ਰਾਜ ਮੱਲਣਾ

ਏਧਰ ਦਾਵਰ ਖਾਂ ਨੂੰ ਲਾਹੌਰ ਦਾ ਸੂਬਾ ਤੇ ਜਹਾਨਖਾਂ ਨੂੰ ਦਸ ਹਜ਼ਾਰ ਅਸਵਾਰ ਕਜ਼ਲਬਾਸ ਦੇਕੇ ਸਿੰਘਾਂ ਦੇ ਮਾਰਨ ਲਈ ਅਹਿਮਦਸ਼ਾਹ ਛਡ ਗਿਆ ਸੀ। ਤਿਨਾਂ ਨੇ ਸਿੰਘਾਂ ਦੇ ਪੂਰਬਵੰਨੀ ਗਏ ਪਿਛੋਂ ਏਨਾਂ ਦੇ ਪਰਗਣੇ ਦਬਾਕੇ ਸਿੰਘਾਂ ਦੇ ਸੰਬੰਧੀਆਂ ਨੂੰ ਬਹੁਤ ਕਲੇਸ਼ ਦਿਤੇ। ਜਦ ਚਾਰ ਪੰਜ ਮਹੀਨੇ ਪਿਛੋਂ ਸਿੰਘ ਪੰਜਾਬ ਵਿਚ ਆਏ ਤਾਂ ਦੀਵਾਨ ਕਾਬਲੀ ਮੱਲ ਨੇ ਸਿੰਘਾਂ ਨਾਲ ਮਿਲਕੇ ਦਾਵਰਖਾਂ ਨੂੰ ਕੈਦ ਕਰ ਲਿਆ ਤੇ ਸਿੰਘਾਂ ਨੂੰ ਜਹਾਨਖਾਂ ਦੇ ਮਗਰ ਪਾ ਦਿਤਾ। ਖਾਲਸੇ ਨੇ ਸੰ: ੧੮੨੨ ਬਿ: ਨੂੰ ਸਜਾਲ ਕੋਟ ਵਿਚ ਜਹਾਨਖਾਂ ਨੂੰ ਜਾ ਘੇਰਜਾ। ਪੰਦਰਾਂ ਦਿਨ ਤਕ ਜਹਾਨਖਾਂ ਅੰਦਰ ਰਿਹਾ ਓੜਕ ਰੁਤਾਸ ਵਲ ਤੁਰ ਪਿਆ। ਰੁਤਾਸ ਦੇ ਕਿਲੇ ਤਕ ਜਾਂਦਜਾਂ ੨ ਕਈ ਵਾਰੀ ਲੜੇ ਦੋਹਾਂ ਤਰਫਾਂ ਦੇ ਆਦਮੀ ਭੀ ਮਰੇ, ਪਰ ਜਹਾਨ ਖਾਂ ਨੂੰ ਸਿੰਘਾਂ ਨੇ ਦੇਸ ਵਿਚੋਂ ਕੱਢ ਛਡਜਾ ਤੇ ਕਾਲੇ ਦੀ ਸਰਾਇ ਤਕ ਸਰਦਾਰ ਗੁਜਰ ਸਿੰਘ ਭੰਗੀ ਨੇ ਦੇਸ ਪਰ ਕਬਜ਼ਾ ਕਰਕੇ ਗੁਜਰਾਤ ਨੂੰ ਆਪਣੀ ਰਾਜਧਾਨੀ ਬਣਾਇਆ। ਕਿਲੇ ਰੁਤਾਸ, ਧਨੀ, ਪੋਠੋਹਾਰ, ਦੇਸ ਉਪਰ ਸਰਦਾਰ ਚੜ੍ਹਤ ਸਿੰਘ ਨੇ ਮਾਲਕ ਹੋਕੇ ਗੁਜਰਾਂ ਵਾਲਾ ਆਪਣੀ ਰਾਜਧਾਨੀ ਬਣਾਈ, ਚਨੀਓਟ ਦਾ ਪਰਗਨਾ ਸਰਦਾਰ ਹਰੀ ਸਿੰਘ ਭੰਗੀ ਨੇ ਕਬਜ਼ੇ ਕੀਤਾ॥

1765 A.D.

## ਅਹਿਮਦ ਸ਼ਾਹ ਦਾ ਦੱਸਵਾਂ ਹੱਲਾ ਸੰ: ੧੮੨੨ ਵਿਚ

ਜਦ ਜਹਾਨ ਖਾਂ ਨੇ ਕਾਬੁਲ ਜਾਕੇ ਬਾਦਸ਼ਾਹ ਨੂੰ ਆਪਣਾ ਭੈੜਾ ਹਾਲ ਸੁਣਾਇਆ ਤਾਂ ਬਾਦਸ਼ਾਹ ਨੂੰ ਸਟੇਕੱਪੜੀ

ਲੱਗ ਉਠੀ, ਤੜਪਦੇ ਨੇ ਰਾਤ ਕੱਟੀ; ਸਵੇਰੇ ਹੀ ੮੦ ਅੱਸੀ ਹਜ਼ਾਰ ਅਸਵਾਰ ਲੈਕੇ ਕੂਚ ਕੀਤਾ । ਲਾਹੌਰ ਪਹੁੰਚ ਕਰ ਕਾਬਲੀ ਮਲ ਨੂੰ ਕੈਦ ਕਰ, ਦਾਵਰਖਾਂ ਨੂੰ ਫੇਰ ਸੂਬਾ ਬਣਾਯਾ। ਜਦ ਸਾਰੇ ਸ਼ਹਿਰ ਤੇ ਦੇਸ ਦੇ ਚੌਧਰੀਆਂ ਨੇ ਕਾਬਲੀਮਲ ਦੀ ਬਹੁਤ ਸਿਫਾਰਸ਼ ਕੀਤੀ ਤਾਂ ਫੇਰ ਓਸੇ ਨੂੰ ਲਾਹੌਰ ਦਾ ਸੂਬਾ ਬਣਾ ਦਿਤਾ। ਸਿੰਘਾਂ ਦੇ ਫੜਨ ਵਾਸਤੇ ਪਿੰਡ ੨ ਕਸਬੇ ੨ ਆਪਣੀ ਫੌਜ ਫੇਰ ਦਿਤੀ, ਪਰ ਸਿੰਘਾਂ ਦਾ ਪਤਾ ਕਿਤੇ ਨਾ ਪਾਯਾ, ਕਿਉਂਕਿ ਸਿੰਘ ਤਾਂ ਓਸਦੀ ਅਵਾਈ ਸੁਣਦੇ ਸਾਰ ਝਾੜੀਂ, ਪਹਾੜੀਂ, ਝੀਲ ਕਾਨੂਆਣ, ਸਾਂਦਲ, ਨਨਕਾਣੇ, ਚੂੜਕਾਣੇ, ਸਾਹੀਵਾਲ ਆਦਿਕ ਬਾਰਾਂ ਦੇ ਜੰਗਲਾਂ ਵਿਚ ( ਜਿਥੇ ਦੁਰਾਨੀਆਂ ਨੂੰ ਜਾਣਾ ਮੌਤ ਸੀ ) ਮੰਗਲ ਮਨਾ ਰਹੇ ਸਨ ॥

ਏਸੇ ਸਮੇਂ ਸ਼ਾਹਜ਼ਾਦਾ ਤਹਮੂਰ ਸ਼ਾਹ ਬਾਦਸ਼ਾਹ ਤੋਂ ਬਿਗੜਕੇ ਇਕ ਦਸਤਾ ਫੌਜ ਦਾ ਆਪਣੇ ਨਾਲ ਲੈਕਰ ਲਾਹੌਰੋਂ ਪਿਛੇ ਨੂੰ ਮੁੜ ਗਿਆ । ਬਾਦਸ਼ਾਹ ਨੇ ਏਸੇ ਗੁੱਸੇ ਵਿਚ ਮੁਲਤਾਨ ਪਹੁੰਚ ਕਰ ਸ਼ਾਹਜ਼ਾਦੇ ਦੇ ਆਦਮੀ ਅਲੀ ਮੁਹੰਮਦ ਖਾਂ ਮੁਲਤਾਨ ਦੇ ਸੂਬੇ ਨੂੰ ਕੈਦ ਕਰਕੇ ਪੇਟ ਚਾਕ ਕਰਾ ਦਿੱਤਾ ਤੇ ਓਸਦੀ ਥਾਂ ਸ਼ੁਜਾ ਖਾਂ ਅਮੀਰ ਨੂੰ ਸੂਬਾ ਕਰਕੇ ਲਾਹੌਰ ਆਕਰ ਜੰਮੂ, ਕਸ਼ਮੀਰ ਦੇ ਰਸਤੇ ਕਾਬੁਲ ਨੂੰ ਚਲਾ ਗਿਆ ।

## ਸਿੰਘਾਂ ਨੇ ਫੇਰ ਮੁਲਕ ਰੋਕਨਾ ਤੇ ਲਾਹੌਰ ਲੈਣਾ

ਕਾਬਲੀਮੱਲ ਲਾਹੌਰ ਦਾ ਸੂਬਾ ਭੀ ਕਸ਼ਮੀਰ ਤਕ ਬਾਦਸ਼ਾਹ ਦੇ ਨਾਲ ਗਿਆ ਸੀ, ਏਸਦੇ ਆਂਵਦੇ ਨੂੰ ਸਿੰਘਾਂ ਨੇ

Digitized by Panjab Digital Library / www.panjabdigilib.org

ਫੇਰ ਝਟਾਪਟ ਜੰਗਲਾਂ ਵਿਚੋਂ ਬੱਦਲਾਂ ਵਾਂਗੂ ਨਿਕਲ ਨਿਕਲ ਆਪੋ ਆਪਣੇ ਇਲਾਕੇ ਮੱਲ ਲਏ ਤੇ ਲਗਦੇ ਹੱਥ ਸਰਦਾਰ ਗੁੱਜਰ ਸਿੰਘ, ਲੈਹਣਾਸਿੰਘ ਤੇ ਸੋਭਾ ਸਿੰਘ ਏਹ ਤਿੰਨੇ ਲਾਹੌਰ ਵਿਚ ਜਾ ਵੜੇ। ਸ਼ਹਰ ਨੂੰ ਤਿੰਨੀ ਥਾਈਂ ਵੰਡਕੇ ਆਪਣੇ ੨ ਹਿਸੇ ਦੇ ਮਾਲਕ ਬਣ ਬੈਠੇ ਅਤੇ ਕਾਬਲੀ ਮਲ ਦਾ ਭੀ ਸਭ ਸਾਮਾਨ ਕਬਜੇ ਵਿਚ ਕਰ ਲਿਆ ਤੇ ਓਸਦੇ ਕਬੀਲੇ ਨੂੰ ਕੈਦ ਕਰ ਲਿਆ। ਏਹ ਖਬਰ ਸੁਣਕੇ ਕਾਬਲੀਮਲ ਤਾਂ ਡਰਦਾ ਜੰਮੂ ਹੀ ਠਹਿਰ ਗਿਆ ਤੇ ਪੰਜੀ ਹਜਾਰ ਰੁਪਯਾ ਦੇਕੇ ਆਪਣੇ ਕਬੀਲੇ ਨੂੰ ਛੁਡਾਕੇ ਜੰਮੂ ਮੰਗਾ ਲਿਆ, ਅਤੇ ਏਸ ਹਾਲ ਦੀ ਅਰਜੀ ਲਿਖਕੇ ਬਾਦਸ਼ਾਹ ਪਾਸ ਭੇਜੀ।

## ਰਾਜੇ ਭਰਤ ਪੁਰੀਏ ਨੇ ਸਿੰਘਾਂ ਨੂੰ ਬੁਲਾਇਆ

ਓਧਰ ਸੰਮਤ ੧੮੧੩ ਬਿः ਨੂੰ ਜਦ ਰਾਜਾ ਭਰਤ ਪੁਰੀਆ ਸੂਰਜ ਮਲ ਆਗਰੇ ਦੇ ਕਿਲੇ ਨੂੰ ਜਿੱਤਕੇ ੧੫ ਪੰਦਰਾਂ ਕਰੋੜ ਰੁਪਯਾ ਅਕਬਰ ਦਾ ਦੱਬਯਾ ਹੋਯਾ ਕੱਢ ਕਰ ਲੈ ਚੱਲਯਾ ਸੀ, ਤੇ ਨਜੀਬ ਖਾਂ ਨੇ ਰੁਹੇਲਯਾਂ ਦੀ ਫੌਜ ਬਹੁਤ ਸਾਰੀ ਲੈ ਜਾਕਰ ਰਾਜੇ ਸੂਰਜ ਮਲ ਨੂੰ ਕਤਲ ਕਰ ਘੱਤਯਾ ਸੀ, ਸੋ ਹੁਣ ਰਾਜੇ ਜੁਾਹਰ ਮੱਲ ਨੇ ਆਪਣੇ ਬਾਪ ਦਾ ਵੈਰ ਲੈਣ ਵਾਸਤੇ ਨਜੀਬ ਖਾਂ ਦਿਲੀ ਦੇ ਵਜੀਰ ਨੂੰ ਸੰः ੧੮੨੨ ਬਿ: ਵਿਚ ਦਿੱਲੀ ਆਣ ਘੇਰਯਾ। ਮਹੀਨਾ ਦਿਨ ਜੰਗ ਲੱਗਾ ਰਿਹਾ, ਜਦ ਰਾਜੇ ਨੇ ਫਤੇ ਹੁੰਦੀ ਨਾ ਦੇਖੀ ਤਾਂ ਸਿੰਘਾਂ ਦੇ ਦਲ ਨੂੰ ਜਿਨਾਂ ਦੇ ਜ਼ੋਰ ਤੇ ਬਹਾਦਰੀ ਦੀ ਚਰਚਾ ਸਾਰੇ ਦੇਸ ਵਿੱਚ ਫੈਲ ਰਹੀ ਸੀ, ਤਿਨ ਲੱਖ ਰੁਪਯਾ ਨਕਦ ਤੇ ਦਾਰੂ ਸਿਕਾ ਦੇਣਾ ਕਰਕੇ ਆਪਣੀ ਕੁੰਮਕ ਉਤੇ

Digitized by Panjab Digital Library | www.panjabdigilib.org

ਬੁਲਾ ਲਿਆ । ਸਿੰਘ ਤਾਂ ਏਹੋ ਜੇਹੇ ਵੇਲੇ ਨੂੰ ਉਡੀਕਦੇ ਹੀ ਸੇ ਫੁਰਤ ਤਯਾਰੀ ਕਰ ਲਈ । ਸਰਦਾਰ ਜੱਸਾ ਸਿੰਘ ਆਲੂਵਾਲੀਆ ਬਘੇਲ ਸਿੰਘ, ਗੁਰਬਖਸ਼ ਸਿੰਘ, ਕਰਮ ਸਿੰਘ, ਖੁਸ਼ਹਾਲ ਸਿੰਘ, ਤਾਰਾ ਸਿੰਘ, ਸੰਗਤ ਸਿੰਘ, ਸੁਧਾ ਸਿੰਘ ਆਦਿਕ ਆਪਣੀ ੨ ਮਿਸਲ ਦੇ ਸਿੱਖਾਂ ਸਰਦਾਰਾਂ ਨੂੰ ਨਾਲ ਲੈਕੇ ਚੜ੍ਹ ਪਏ । ਸਾਰਾ ਤੀਹਕੁ ਹਜਾਰ ਸਿੰਘ ਜੁੜ ਗਿਆ । ਰਸਤੇ ਦੇ ਹਰਿਆਣੇ ਵਰਗੇ ਦੇਸਾਂ ਤੇ ਰੋਹਤਕ *ਸ਼ਾਮਲੀਫਤੇਪੁਰ ਪਾਣੀਪਤਿ ਆਦਿਕ ਸ਼ਹਿਰਾਂਨੂੰਲੁਟ ਪੁਟਕੇ ਦਿਲੀ ਜਾ ਵੜੇ । ਰਾਜਾ ਜੁਾਹਿਰ ਮਲਨੇ ਬੜੀ ਖੁਸ਼ੀ ਮਨਾਈ, ਦਾਰੂ ਸਿੱਕੇ ਦੇ ਗੱਡੇ ਲੱਦਕੇ ਘੱਲ ਦਿੱਤੇ । ਲੜਾਈ ਦੇ ਵਕਤ ਸਿੰਘਾਂ ਦੀ ਬਹਾਦਰ ਕੌਮ ਨੇ ਆਪਣਾ ਮੋਰਚਾ ਅੱਗੇ ਵਧਾ ਲਿਆ, ਤੇ ਦਿਲੀ ਦਾ ਚੁਫੇਰਾ ਵੀਹ ੨ ਕੋਸ ਤਾਂਈ ਤਾਂ ਅੱਗੇ ਹੀ ਸੁਕਮਾਂਜ ਕਰ ਛਡਯਾ ਸੀ, ਹੋਰ ਬੀ ਸਫਾਈ ਕਰ ਕਢੀ ॥

ਨਜੀਬ ਖਾਂ ਨੇ ਅਹਿਮਦ ਸ਼ਾਹ ਨੂੰ ਫੌਜ ਦਾ ਖਰਚ ਦੇਣਾ ਕਰਕੇ ਬੁਲਾ ਭੇਜਯਾ ਸੀ, ਪਰ ਓਹ ਵਕਤ ਪਰ ਨਾ ਆਯਾ, ਏਸ ਕਰਕੇ ਨਜੀਬ ਖਾਂ ਨੇ ਹਾਰ ਹੁੰਦੀ ਦੇਖਕਰ ਰਾਜਾ ਜੁਾਹਰ ਮਲ ਨੂੰ ਮਲ੍ਹਾਰ ਰਾਉ ਦੁਾਰਾ ਆਪਣੀ ਕਿਤਮ ਬੇਟੀ ਦਾ ਡੋਲਾ (ਜੇਹੜਾ ਓਹ ਆਪਣੇ ਬਾਪਦੇ ਖੂਨ ਬਦਲੇ ਚਾਹੁੰਦਾ ਸੀ) ਦੇਕਰ ਸੁਲਾ ਕਰ ਲਈ, ਏਸਦੇ ਦਹੇਜ ਵਿੱਚ ਦੋ ਕਰੋੜ ਰੁਪਏ ਦਾ ਮਾਲ ਰਾਜਾ ਨੂੰ ਦਿੱਤਾ ॥

ਰਾਜਾ ਨੇ ਆਪਣੇ ਇਕਰਾਰ ਮੂਜਬ ਸਿੰਘਾਂ ਨੂੰ ਤਿੰਨ ਲੱਖ

*ਸ਼ਾਮਲੀ ਬਹੁਤ ਦੌਲਤ ਵਾਲਾ ਸ਼ਹਿਰ ਰਿਹਾ ਹੈ, ਏਥੇ ਹੀ ਝੱਝਰ ਵਾਲੇ ਨਵਾਬ ਦੀ ਫੌਜ ਨੇ ਸਿੰਘਾਂ ਪਾਸੋਂ ਹਾਰ ਖਾਧੀ ਸੀ ॥

Digitized by Panjab Digital Library | www.panjabdigilib.org

ਰੁਪਯਾ ਦੇਕੇ ਵਿਦਾ ਕੀਤਾ, ਪਰ ਸਿੰਘ ਆਪਣਾ ਸੁਭਾਵ ਕਰੇ ਬਿਨਾ ਕਦ ਮੁੜਦੇ ਸੇ ? ਪੂਰਬ ਨੂੰ ਸਿੱਧੇ ਹੋ ਗਏ ॥

ਓਸ ਸਮੇਂ ਜਦ ਦਿਲੀ ਦੇ ਵਜੀਰਾਂ ਅਮੀਰਾਂ ਵਿੱਚ ਖਾਲਸੇ ਨੂੰ ਰੋਕਣ ਦੀ ਤਾਕਤ ਨਹੀਂ ਸੀ ਤਦੋਂ ਭਲਾ ਹੋਰ ਕੌਣ ਰੋਕੇ ? ਸੋ ਸਿੰਘ ਤਾਂ ਰਾਜਾ ਬਲਮ ਗੜੀਏ ਤੇ ਫਰੁਖਾ ਵਾਦੀਏ ਆਦਿਕ ਨਵਾਬਾਂ ਤੋਂ ਮਨ ਭਾਏ ਨਜਰਾਨੇ ਦੇ ਵਾਜ ਉਡਾ ਰਹੇ ਸੇ ਓਧਰ ਜਦ ਪਹਿਲੇ ਕਾਬਲੀ ਮਲ ਦੀ ਅਰਜੀ ਕਾਬਲ ਵਿੱਚ ਪਹੁੰਚੀ ਤੇ ਫੇਰ ਨਜੀਬਖਾਂ ਦਾ ਬੁਲਾਵਾ ਜਾ ਫਿਰਿਆ, ਤਦ ਬਾਦਸ਼ਾਹ ਨੇ ਇੱਕ ਪੰਥ ਦੋ ਕਾਜ ਸੋਚਕੇ ਇਕ ਲੱਖ ਅਸਵਾਰ ਨਾਲ ਵਾਗ ਫੜ ਲਈ।

## ਅਹਿਮਦ ਸ਼ਾਹ ਦਾ ਯਾਰਵਾਂ ਹੱਲਾ ਸੰ: ੧੮੨੩ ਬਿ: ਵਿਚ

ਸਿੰਘ ਤਾਂ ਦੌਰੇ ਚੜ੍ਹੇ ਹੀ ਹੋਏ ਸੇ, ਜੋ ਕੋਈ ਬਾਕੀ ਪੰਜਾਬ ਵਿੱਚ ਹੋਰ ਡਿੱਗਾ ਢੱਠਾ ਸਿੰਘ ਸੀ, ਓਹ ਭੀ ਜੰਗਲਾਂ ਵਿੱਚ ਜਾ ਰਿਹਾ। ਭਾਦਰੋਂ ਸੰਃ ੧੮੨੩ ਬਿਃ ਨੂੰ ਸ਼ਾਹ ਨੇ ਲਾਹੌਰ ਪਹੁੰਚ ਕੇ ਬਥੇਰੇ ਹੋਠ ਚੱਬੇ, ਜਤਨ ਕੀਤੇ, ਪਰ ਕੋਈ ਸਿੰਘ ਹੱਥ ਨਾ ਆਯਾ, ਓੜਕ ਲਾਹੌਰ ਦੇ ਰਹਿਣ ਵਾਲੇ ਅਬਦੁਲੇ ਖਾਂ ਨੂੰ ਲਾਹੌਰ ਦਾ ਹਾਕਮ ਕਾਯਮ ਕਰਕੇ ਦਿਲੀ ਨੂੰ ਤੁਰਗਿਆ। ਸ਼ਾਹ ਦੀ ਫੌਜ ਨੂੰ ਹੈਜ਼ੇ ਦੀ ਬੀਮਾਰੀ ਨੇ ਆ ਘੇਰਯਾ, ਸੈਂਕੜੇ ਆਦਮੀ ਰੋਜ ਮਰਨ ਲਗੇ। ਸ਼ਾਹ ਨੇ ਅੰਬਾਲੇ ਤੋਂ ਚਾਰ ਕੋਹ ਉਬਲਾ ਨਦੀ ਦੇ ਕਿਨਾਰੇ ਸਤਾਰਾਂ ਦਿਨ ਡੇਰਾ ਰੱਖਯਾ। ਨਜੀਬ ਖਾਂ ਨੇ ਜਿਸ ਕੰਮ ਵਾਸਤੇ ਸ਼ਾਹ ਨੂੰ ਬੁਲਾਯਾ ਸੀ ਓਹ ਹੋ ਹੀ ਚੁਕਾ ਸੀ। ਸ਼ਾਹ ਨੂੰ ਦਿਲੀ ਲੈ ਜਾਣਾ

Digitized by Panjab Digital Library | www.panjabdigilib.org

ਰੰਗਾ ਨਾ ਸਮਝਕੇ ਨਜੀਬ ਖਾਂ ਨੇ ਖੁਦ ਹੀ ਸ਼ਾਹ ਪਾਸ ਹਾਜ਼ਰ ਹੋਕਰ ਇਕ ਕਰੋੜ ਰੁਪਯਾ ਦੇਕੇ ਪੰਜਾਬ ਦੀ ਤਰਫ ਮੋੜ ਦਿਤਾ। ਜਦ ਮੁੜਕੇ ਸਰਹੰਦ ਉਤਰਯਾ ਤੇ ਸ਼ਹਿਰ ਦਾ ਬੁਰਾ ਹਾਲ ਦੇਖਿਆ ਤਾਂ ਸਿੰਘਾਂ ਉੱਤੇ ਬਥੇਰੇ ਦੰਦ ਪੀਹੇ। ਮਨ ਮਾਰਕੇ ਕ੍ਰੋਧ ਕੀਤਾ, ਪਰ ਵੱਸ ਕੀ ਚੱਲਦਾ ਸੀ ? ਆਪੇ ਚੁਪ ਕਰ ਰਿਹਾ॥

## ਪਟਿਆਲੇ ਦੇ ਰਾਜਾ ਨੂੰ ਮਹਾਰਾਜਾ ਦਾ ਖਿਤਾਬ ਮਿਲਨਾ

ਬਾਦਸ਼ਾਹ ਨੇ ਮਲੇਰਕੋਟ ਦੇ ਪਠਾਣਾਂ ਨੂੰ ਤੇ ਰਾਇ ਕੋਟ ਵਾਲੇ ਰਾਇ ਅੱਲਯਾਸ ਨੂੰ ਨਜ਼ਰਾਨੇ ਪਰ ਸਰਹੰਦ ਦਾ ਇਲਾਕਾ ਲਿਖ ਦੇਣਾ ਚਾਹਯਾ, ਪਰ ਉਨ੍ਹਾਂ ਨੇ ਸਿੰਘਾਂ ਤੋਂ ਡਰਦੇ ਨਾ ਲਿਆ। ਰਾਜਾ ਆਲਾ ਸਿੰਘ ਦੇ ਪੋਤ੍ਰੇ ਰਾਜਾ ਅਮਰਸਿੰਘ ਨੇ ਤਿੰਨ ਲੱਖ ਰੁਪਯਾ ਸਾਲਾਨਾ ਪਿਛਲੀ ਲਿਖਤ ਅਨੁਸਾਰ ਤੇ ਦੋ ਲੱਖ ਨਜ਼ਰਾਨਾ ਹੋਰ ਦੇਕੇ ਬਾਦਸ਼ਾਹ ਪਾਸੋਂ ਇਲਾਕੇ ਸਰਹੰਦ ਦੀ ਸੰਨਦ ਅਤੇ ਮਹਾਰਾਜਗੀ ਦਾ ਖਿਲਤ ਖਿਤਾਬ ਸਿੱਕਾ ਚਲਾਉਣ ਦੀ ਆਗਯਾ ਲੈ ਲਈ। ਤੇ ਪੰਦਰਾਂ ਵੀਹ ਹਜ਼ਾਰ ਹਿੰਦੂ ਮਰਦ ਔਰਤਾਂ ਨੂੰ ਜੋ ਦੁਰਾਨੀ ਆਪਣੀ ਟਹਿਲ ਵਾਸਤੇ ਫੜਕੇ ਲੈ ਚੱਲੇ ਸਨ, ਓਹ ਭੀ ਰਾਜਾ ਸਾਹਿਬ ਨੇ ਸਫ਼ਾਰਸ਼ ਕਰਕੇ ਛੁਡਾ ਦਿੱਤੇ, ਅਤੇ ਆਪਣੇ ਪੱਲਯੋਂ ਖਰਚ ਦੇਕੇ ਉਨ੍ਹਾਂ ਨੂੰ ਘਰੋ ਘਰੀ ਤੋਰਯਾ॥

ਏਸ ਗੱਲੋਂ ਰਾਜਾ ਦਾ ਬਹੁਤ ਜਸ ਹੋਯਾ, ਬਾਦਸ਼ਾਹ ਨੇ ਰਾਜੇ ਨੂੰ ਆਖਿਆ ਤੁਸੀਂ ਸਿੰਘਾਂ ਨੂੰ ਸਮਝਾ ਕਰ ਜਾਗੀਰਾਂ ਦਿਵਾ ਦਿਓ। ਮੁਲਕ ਵਿਚ ਗਰਦੀ ਨਾ ਪਾਉਣ। ਰਾਜਾ

Digitized by Panjab Digital Library | www.panjabdigilib.org

ਸਾਹਿਬ ਨੇ ਆਪਣੇ ਮਾਤਬਰ ਚੈਨ ਸਿੰਘ ਨੂੰ ਏਸ ਕੰਮ ਵਾਸਤੇ ਪੰਥ ਖਾਲਸੇ ਪਾਸ (ਜੋ ਪੂਰਬਵੰਨੀਓਂ ਮੁੜ ਸ਼ਾਹਾਬਾਦ,ਲਾਡੂਏ ਦੇ ਨੇੜੇ ਆ ਗਿਆਸੀ ) ਭੇਜਿਆ। ਸਿੰਘਾਂ ਨੇ ਜਵਾਬ ਦਿੱਤਾ, ਅਸੀਂ ਤੁਰਕਦੀ ਦਿੱਤੀ ਹੋਈ ਜਾਗੀਰ ਤਾਂ ਕੀ ਲੈਣੀ ਹੈ, ਬਾਦ ਸ਼ਾਹੀ ਭੀ ਨਹੀਂ ਲੈਣੀ। ਅਸਾਂ ਗੁਰਾਂ ਦੇ ਹੁਕਮ ਨਾਲ ਤੇਗ ਦੇ ਜ਼ੋਰ ਬਾਦਸ਼ਾਹੀ ਲੈਣੀ ਹੈ। ਰਾਜਾ ਪਟਿਆਲਾ ਖੁਦ ਤਨਖਾਹੀਆ ਹੋ ਚੁਕਾ ਹੈ, ਜਿਸਨੇ ਤੁਰਕ ਅਗੇ ਸਿਰ ਝੁਕਾਯਾ ਹੈ॥

## ਦੁਰਾਨੀ ਤੇ ਸਿੰਘਾਂ ਦੀ ਮਾਝੇ ਵਿਚ ਲੜਾਈ

ਜਦ ਬਾਦਸ਼ਾਹ ਨੇ ਸਰਹੰਦੋਂ ਕੂਚ ਕੀਤਾ ਤਾਂ ਖਾਲਸੇ ਨੇ ਆਖਿਆ, ਧੌਲੇ ਕੇਹੜੀ ਰੁਤੀ ਬੀਜੀ ਦੇ ਹਨ, ਅਰਦਾਸੇ ਸੋਧਕੇ ਗਿਰਦੇ ਜਾ ਹੋਏ। ਦੁਰਾਨੀਆਂ ਨੂੰ ਲੈਣੇ ਦੇ ਦੇਣੇ ਆ ਗਏ। ਅੱਗੇ ਹੀ ਓਹ ਬੀਮਾਰ ਤੇ ਥੱਕੇ ਮਾਂਦੇ ਸੇ, ਸਿੰਘਾਂ ਨੇ ਮਾਰਕੇ ਹੈਰਾਨ ਕਰ ਸਿੱਟੇ। ਚਾਰੋਂ ਤਰਫਾਂ ਤੋਂ ਹਾਲ ਹੂਲ ਮਚੀ ਰਹੀ। ਗਿਰਦ ਨਿਵਾਹੀ ਹੋਰ ਲੁਟੇਰੇ ਬੇਸ਼ੁਮਾਰ ਉੱਠ ਪਏ।ਅਹਿਮਦਸ਼ਾਹ ਦੀਆਂ ਸੱਭੇ ਚੌਕੜੀਆਂ ਭੁਲਾ ਦਿਤੀਆਂ। ਨੂਰ ਮਹਿਲ, ਸੁਲਤਾਨ ਪੁਰ, ਪਾਸ ਭੀ ਲੜਾਈ ਹੋਈ, ਗੋਇੰਦਵਾਲ ਦੇ ਪੱਤਣ ਉੱਤੇ ਅੱਠ ਦਿਨ ਦੁਰਦਸ਼ਾ ਹੋਈ,ਓੜਕ ਲਾਹੌਰੋਂ ਫੌਜ ਆ ਗਈ ਤੇ ਕੁਛ ਮਹੰਤ ਸਰਣਦਾਸ ਜੰਡਯਾਲੇ ਵਾਲੇ ਨੇ ਲਿਆਂਦੀ। ਬਾਦਸ਼ਾਹ ਨੇ ਜੰਡਯਾਲੇ ਪਾਸ ਲੜਾਈ ਤਾਂ ਬਹੁਤ ਕੀਤੀ,ਪਰ ਅੰਬਰਪਾਟੇ ਨੂੰ ਬਿਗਲੀ ਕੌਣ ਲਾਵੇ?ਸਾਰਾ ਮਾਝਾ ਏਸ ਦੁਰਾਨੀਆਂ ਨੂੰ ਉੱਠ ਪਿਆ। ਪੰਜਾਬੀ ਮੁਸਲਮਾਨ ਕਸੂਰੀ, ਸਠਜਾਲੀਏ, ਮੰਡਯਾਲੀਏ ਆਦਿਕ ਏਸ ਗੱਲੋਂ

Digitized by Panjab Digital Library | www.panjabdigilib.org

ਡਰਦੇ ਸਹਾਇਕ ਨਾ ਹੋਏ ਕਿ ਬਾਦਸ਼ਾਹ ਦੇ ਜਾਏ ਪਿਛੋਂ ਸਿੰਘ ਸਾਡਾ ਦਲੀਆ ਕਰ ਕੱਢਣਗੇ। ਰਹੀਮ ਖਾਂ ਬਖਸ਼ੀ ਜਦ ਦੋ ਹਜ਼ਾਰ ਦੁਰਾਨੀ ਸਮੇਤ ਖੇਤ ਵਿਚ ਸੌਂ ਗਿਆ ਤਾਂ ਬਾਦ-ਸ਼ਾਹ ਨੇ ਵਟਾਲੇ ਪਾਸ ਜਾ ਡੇਰਾ ਲਾਯਾ। ਏਥੇ ਭੀ ਇਕ ਲੜਾਈ ਹੋਈ, ਪਰ ਤਦੋਂ ਨੂੰ ਸ਼ਾਹ ਦਾ ਚਾਚਾ ਸਰਬੁਲੰਦਖਾਂ ਅਠਾਰਾਂ ਹਜ਼ਾਰ ਅਸਵਾਰ ਲੈਕੇ ਆ ਪਹੁੰਚਾ॥

ਬਾਦਸ਼ਾਹ ਨੇ ਸਿੰਘਾਂ ਉਤੇ ਫਤੇ ਪਾਉਣੀ ਤੇ ਮੁਲਕ ਦਾ ਬੰਦੋਬਸਤ ਕਰਨਾ ਔਖਾ ਸਮਝਕੇ ਇਕ ਪ੍ਰਕਾਰ ਨਾਲ ਕੂਚ ਤਾਂ ਕੀਤਾ, ਪਰ ਸਿੰਘਾਂ ਨੂੰ ਤਾਂ ਘਲੂਘਾਰੇ ਦਾ ਬੜਾ ਗੱਚ ਸੀ, ਸੁਕਾ ਕਦ ਜਾਣ ਦੇਂਦੇ ਸੇ? ਸਾਰਾ ਮਾਝਾ ਦੇਸ ਹੱਥ ਧੋਕੇ ਦੁਰਾਨੀਆਂ ਦੇ ਪਿਛੇ ਲਗ ਗਿਆ। ਡੱਲੇ ਪਿੰਡ ਪਾਸੋਂ ਰਾਵੀ ਦਰਿਆ ਲੰਘਦੇ ਦੁਰਾਨੀ ਜਾ ਘੇਰੇ, ਬਡਾ ਘੋਰ ਜੁਧ ਹੋਯਾ, ਫੌਜ ਦੇ ਬਚਾਓ ਵਾਸਤੇ ਬਾਦਸ਼ਾਹ ਤਿੰਨ ਵਾਰੀ ਪਾਰ ਉਰਾਰ ਹੋਯਾ, ਪਰ ਕੁਛ ਪੇਸ਼ ਨਾ ਗਈ। ਸਿੰਘਾਂ ਨੇ ਜਹਾਨਖਾਂ, ਨੂਰਦੀਨ, ਇਸਮਾਈਲਖਾਂ ਆਦਿਕ ਵਡੇ ੨ ਸਰਦਾਰਾਂ ਸਮੇਤ ਅੱਠ ਹਜਾਰ ਦੁਰਾਨੀ ਨੂੰ ਦਰਿਆ ਦੀ ਭੇਟਾ ਕੀਤਾ ਤੇ ਸ਼ਾਹ ਦੇ ਚਾਚੇ ਸਰਬੁਲੰਦਖਾਂ ਜੇਹੇ ਅਨੇਕਾਂ ਨੂੰ ਜਖਮੀ ਕਰਕੇ ਘੱਲੂਘਾਰੇ ਦਾ ਗੁੱਸਾ ਕੱਢਿਆ। ਭਰੋਸਾ ਸੀ ਕਿ ਬਾਦਸ਼ਾਹ ਨੂੰ ਭੀ ਫੜਕੇ, ਇਸਦੀ ਚਟਨੀ ਕਰਨਗੇ, ਪਰ ਸ਼ਾਹਜ਼ਾਦਾ ਤਹਿਮੂਰ ਸ਼ਾਹ ਤੇ ਅਬਦੁੱਲਾਖਾਂ, ਕਸ਼ਮੀਰ ਵੱਲੋਂ ਬਾਰਾਂ ਹਜ਼ਾਰ ਪਠਾਣ ਈਸਫਜ਼ਈ ਕੌਮ ਦਾ ਲੈਕੇ ਆ ਫਿਰੇ॥

ਏਸ ਕੁਮਕ ਨੇ ਦੁਰਾਨੀਆਂ ਦੇ ਦਿਲ ਦੂਣੇ ਕਰ ਦਿੱਤੇ, ਬਾਦਸ਼ਾਹ ਨੇ ਦੂਜੇ ਦਿਨ ਐਸੇ ਢੰਗ ਨਾਲ ਸਿੰਘਾਂ ਉੱਤੇ ਹੱਲਾ ਕੀਤਾ ਕਿ ਸੈਂਕੜੇ ਸ਼ਹੀਦ ਕਰ ਕੱਢੇ, ਹੁਣ ਇਥੋਂ

Digitized by Panjab Digital Library | www.panjabdigilib.org

ਸਿੰਘਾਂ ਨੇ ਰਾਜਨੀਤਕ ਚਾਲ ਕੀਤੀ ਤੇ ਦੀਨਾ ਨਗਰ, ਪਠਾਣਕੋਟ ਦੇ ਗਿਰਦੇ ਡੇਰੇ ਜਾ ਲਾਏ। ਦੁਰਾਨੀ ਸ਼ਾਹ ਨੇ ਪੰਜ ਦਿਨ ਵਿਚ ਚਰਖੀ ਤੇ ਝੜਪ ਦੇਸ, ਸਿਆਲਕੋਟ ਦੇ ਗਿਰਦੇ ਤੋਂ ਬੀਸਕ ਹਜ਼ਾਰ ਹਿੰਦੂ ਫੜ ਲੀਤਾ ਤੇ ਆਪਣੀ ਫੌਜ ਨੂੰ ਲੁਟ ਦਾ ਹੁਕਮ ਦੇ ਕੇ ਧਨੀ ਬਣਾਯਾ॥ਸਿੰਘਾਂ ਨੇ ਐਸਾ ਦੜ ਵਟਿਆ ਕਿਦੁਰਾਨੀਆਂਨੂੰ ਪਤਾ ਨਾਹੀ ਲੱਗਾ। ਹੁਣ ਜਦ ਇਕ ਮਹੀਨਾਂ ਦੁਰਾਨੀਆਂ ਨੂੰ ਸਿੰਘ ਨਾ ਲਭੇ ਤਾਂ ਬਾਦਸ਼ਾਹ ਨੇ ਕਾਬਲ ਵੱਨੀ ਰੁਖ ਕਰ ਲੀਤਾ। ਏਹ ਖਬਰ ਸੁਣਕੇ ਸਿੰਘ ਫੇਰ ਝਾੜਾਂ ਪਹਾੜਾਂ ਵਿਚੋਂ ਖੁੰਬਾਂ ਵਾਂਗੂ ਨਿਕਲ ਪਏ। ਅਨੇਕ ਜਥੇ ਆ ਕਠੇ ਹੋਏ,ਅਤੇ ਅਚਾਨਕ ਹੀ ਫਤੇ ਜਾ ਬੁਲਾਈ।

ਜਦ ਬਾਦਸ਼ਾਹੀ ਫੌਜ ਦਰੀਯਾ ਜੇਹਲਮ ਤੋਂ ਪਾਰ ਹੋ ਰਹੀ ਸੀ ਤਾਂ ਬਿਨਾਂ ਖਬਰ ਬਿਜਲੀ ਵਾਂਗੂ ਇਕਦਮ ਦੁਰਾਨੀਆਂ ਉਪਰ ਜਾ ਪਏ।ਸੂਰਮਜਾਂ ਨੇ ਸੱਧਰ ਲਾਹ ਲਈ, ਐਸੀ ਕਟਾ ਵੱਢ ਹੋਈ ਕਿ ਬਾਦਸ਼ਾਹ ਨੇ ਪਾਰ ਦਾ ਲਸ਼ਕਰ ਫੇਰ ਉਰਾਰ ਲਜਾਕੇ ਜਾਨ ਮਾਲ ਬਚਾਯਾ, ਤਾਂ ਭੀ ਤੋਪਖਾਨਾ ਤੇ ਹੋਰ ਬਹੁਤ ਸਾਮਾਨ ਛੋੜੀ ਕਰਨੇਕਰ ਦਰਜਾ ਵਿੱਚ ਗਰਕ ਹੋਗਿਆ। ਸਿੰਘਾਂ ਨੇ ਜ਼ੋਰ ਦੇਕੇ ਆਪਣੇ ਦੇਸੀ ਭਾਈ ਛੁਡਾ ਕੇ ਘਰਾਂ ਨੂੰ ਭੇਜ ਦਿਤੇ। ਦੁਰਾਨੀ ਤਾਂ ਬੇੜਜਾਂ ਉਤੇ ਲੰਘਦੇ ਹੀ ਰਹੇ ਤੇ ਸਿੰਘ ਲਾਮ ਛਾਮ ਗਾਹਣ ਲੰਘਕੇ ਪਹਿਲੇ ਹੀ ਪਾਰ ਹੋਕੇ ਕਟਾ ਵਢ ਕਰਨ ਲਗ ਪਏ॥

ਬਾਦਸ਼ਾਹ ਨੇ ਅਨੇਕ ਉਪਾਇ ਛਲ ਵਲ ਕੀਤੇ, ਪਰ ਖਾਲਸੇ ਅੱਗੇ ਕੋਈ ਪੇਸ਼ ਨਾ ਗਈ। ਹਾਰਕੇ ਆਪਣੇ ਚਾਚੇ ਸਰਬੁਲੰਦਖਾਂ ਨੂੰ ਦਸ ਹਜ਼ਾਰ ਫੌਜ ਸਮੇਤ ਕਿਲੇ ਰੁਹਤਾਸ

Digitized by Panjab Digital Library | www.panjabdigilib.org

ਵਿੱਚ ਹਿਰਾਕੇ ਆਪ ਕਾਬੁਲ ਨੂੰ ਰਲਾ ਗਿਆ। ਇਸ ਵਾਰੀ ਸ਼ਾਹ ਐਸਾ ਦੁਖੀ ਹੋਕੇ ਗਿਆ ਕਿ ਫਿਰ ਕਦੀ ਪੰਜਾਬ ਵੱਲ ਮੂੰਹ ਨਾ ਕੀਤਾ॥

## ਸਿੰਘਾਂ ਨੇ ਲਾਹੌਰ ਮਲਣਾ

ਸਰਦਾਰ ਗੁੱਜਰ ਸਿੰਘ, ਲੈਣਾ ਸਿੰਘ, ਸ਼ੋਭਾ ਸਿੰਘ ਨੇ ੧੭ ਮਾਘ ਸੰ: ੧੮੨੩ ਬਿ: ਨੂੰ ਫੇਰ ਲਾਹੌਰ ਉੱਤੇ ਕਬਜ਼ਾ ਕਰ ਲਿਆ, ਕਿਉਂਕਿ ਏਹ ਤਿੰਨੇ ਸਰਦਾਰ ਭੰਗੀ ਮਿਸਲ ਵਿਚੋਂ ਸੇ, ਓਦੋਂ ਇਹ ਮਿਸਲ ਸਭਤੋਂ ਜ਼ੋਰਾਵਰ ਸੀ। ਏਨ੍ਹਾਂ ਸਰਦਾਰਾਂ ਨੇ ਅਬਦੁਲਾਖਾਂ ਨੂੰ ਤਾਂ ਆਪਨਾ ਦੇਸੀ ਸਮਝਕੇ ਕੁਛ ਨਾ ਆਖਯਾ, ਪਰ ਦਾਵਰਖਾਂ ਨੂੰ ਕਿਲੇ ਅੰਦਰ ਕੈਦ ਕਰ ਰੱਖਯਾ। ਉਸ ਦਿਨ ਤੋਂ ਆਪਣੇ ੨ ਇਲਾਕੇ ਵਿਚ ਸਭ ਸਿਖ ਸਰਦਾਰ ਖੁਦ ਮੁਖਤਾਰ ਹਾਕਮ ਬਣ ਬੈਠੇ ਸੇ॥

## ਸਰਬੁਲੰਦਖਾਂ ਨੂੰ ਕੈਦ ਕਰਕੇ ਛੱਡਣਾ

ਚੜਤ ਸਿੰਘ ਤੇ ਗੁੱਜਰ ਸਿੰਘ ਜੋ ਦੋਵੇਂ ਵੱਡੇ ਸਰਦਾਰ ਰੁਹਤਾਸ ਦੇ ਗਿਰਦੇ ਬਹੁਤ ਦੇਸ਼ ਦਬਾ ਬੈਠੇ ਸੇ, ਓਨ੍ਹਾਂ ਨੇ ਹੋਰ ਆਪਣੇ ਮੇਲੀ ਸਰਦਾਰਾਂ ਨੂੰ ਕੱਠੇ ਕਰਕੇ ਸਰਬੁਲੰਦਖਾਂ ਨੂੰ ਰੁਹਤਾਸ ਵਿੱਚੋਂ ਕੱਢਣ ਵਾਸਤੇ ਏਹ ਉਦਮ ਕੀਤਾ ਕਿ ਪਹਿਲੇ ਬਾਵੇ ਖਯੋਣ ਸਿੰਘ ਸੋਢੀ ਨੂੰ ਜੋ ਇਸ ਦੇਸ਼ਦੇ ਹਿੰਦੂ ਮੁਸਲਮਾਨਾਂ ਦਾ ਗੁਰੂ ਪੀਰ ਮੰਨਯਾ ਪਰਮੰਨਯਾ ਹੋਯਾ ਬੜਾ ਪ੍ਰਤਾਪੀ ਸੀ ਆਪਣੇ ਨਾਲ ਮਿਲਾਕੇ ਉਸ ਦ੍ਵਾਰਾ ਚੌਧਰੀ ਅਲੀ ਮੁਹੰਮਦ ਖਾਂ ਗੁਜਰ ਚੌਧਰੀ ਫਤੇ ਚੰਦ ਚੱਢਾ ਖੱਤ੍ਰੀ, ਸੁਲਤਾਨ ਖਾਂ ਗੱਖੜ ਆਦਿਕ ਵੱਡੇ ੨ ਪ੍ਰਾਣੇ ਵਾਲੇ ਲੋਕਾਂ ਨੂੰ ਇੱਜ਼ਤ ਇਨਾਮ ਦੇਣਾ ਕਰਕੇ ਆਪਣੇ ਬਣਾ ਲਿਆ। ਓਨ੍ਹਾਂ ਨੇ

Digitized by Panjab Digital Library | www.panjabdigilib.org

ਸਿੰਘਾਂ ਦੀ ਫੌਜ ਅਨੇਕ ਤਰੀਕਿਆਂ ਨਾਲ ਚੋਰੀ ੨ ਰੁਹਤਾਸ ਦੇ ਨੇੜੇ ਜਾ ਖੜੀ ਕੀਤੀ ਤੇ ਆਖਿਆ, ਜਦ ਕਿਲੇ ਵਿੱਚ ਬੰਦੂਕ ਚੱਲੇ ਤਦ ਤੁਸਾਂ ਹੱਲਾ ਕਰ ਦੇਣਾ ॥

ਥੋੜ੍ਹੀ ਜੇਹੀ ਫੌਜ ਲੈਜਾਕੇ ਕਾਲੂ ਪਿੰਡ ਵੱਲੋਂ ਦੁਰਾਨੀਆਂ ਨੂੰ ਝਾਕੀ ਦਿਵਾਈ ਤਾਂ ਉਸ ਪਿੱਛੇ ਪੰਜ ਛੀ ਹਜ਼ਾਰ ਦੁਰਾਨੀ ਪੈਦਲ ਲੱਗ ਪਿਆ, ਕਿਉਂਕਿ ਟਿੱਬੀਆਂ ਦੇ ਰਸਤੇ ਘੋੜੇ ਨਹੀਂ ਜਾ ਸਕਦੇ ਸੇ। ਜਦ ਓਹ ਛੀ ਸੱਤ ਕੋਹ ਲੰਘੇ ਤਾਂ ਟਿਲੇ ਬਾਲ ਗੁਦਾਈ ਦੀ ਤਰਫੋਂ ਦੂਸਰੇ ਜੱਥੇ ਦੀ ਝਾਕੀ ਦਿਵਾ ਕੇ ਦੋ ਹਜ਼ਾਰ ਦੁਰਾਨੀ ਉਨ੍ਹਾਂ ਪਿਛੇ ਲਗਵਾ ਦਿੱਤਾ। ਪਿੱਛੋਂ ਸੁਲਤਾਨ ਖਾਂ ਤੇ ਫਤੇ ਚੰਦ ਨੇ ਚੋਏ ਵੱਲੀ ਦਾ ਦਰਵਾਜ਼ਾ ਖੋਲ੍ਹ ਕੇ ਦੋਹਾਂ ਸਰਦਾਰਾਂ ਨੂੰ ਪੰਜਕ ਹਜ਼ਾਰ ਸਿੰਘਾਂ ਨਾਲ ਕਿਲੇ ਵਿੱਚ ਵਾੜਕੇ ਬੰਦੂਕ ਚਲਵਾ ਦਿਤੀ। ਸਬ ਸਿੰਘ ਹੱਲਾ ਕਰਕੇ ਆ ਵੜੇ ਕਤਲਾਮ ਹੋਣ ਲੱਗੀ, ਸਬ ਮੁਸਲਮੀ ਫੌਜ ਨੱਠ ਗਈ। ਸਰਬੁਲੰਦ ਖਾਂ ਨੂੰ ਸਰਦਾਰ ਚੜ੍ਹਤ ਸਿੰਘ ਨੇ ਫੜਕੇ ਕਿਲੇ ਉੱਤੇ ਆਪਣਾ ਕਬਜ਼ਾ ਕਰ ਲਿਆ। ਦੁਰਾਨੀਆਂ ਦੇ ਘੋੜੇ ਸਰਾਇ ਵਿੱਚੋਂ ਬੰਨ੍ਹੇ ਬਨ੍ਹਾਏ ਸਿੰਘਾਂ ਲੈ ਲਏ, ਉਨ੍ਹਾਂ ਘੋੜਾਂ ਦੇ ਮਾਲਕ ਏਹ ਖਬਰ ਸੁਣਦੇ ਹੀ ਪਹਾੜਾਂ ਵਿੱਚ ਦੀ ਕਾਬਲ ਨੂੰ ਚਲੇ ਗਏ। ਫੇਰ ਸਰਦਾਰ ਬਹਾਦਰ ਨੇ ਸਰਬੁਲੰਦ ਖਾਂ ਨੂੰ ਬੀ ਖਿਲਤ ਖਰਚ ਦੇਕੇ ਕਾਬੁਲ ਪਹੁੰਚਾ ਦਿੱਤਾ। ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਗੁਜਰ ਸਿੰਘ ਨੇ ਅਟਕ ਦੇ ਕਿਨਾਰੇ ਤੱਕ ਸਾਰੇ ਦੇਸ ਉੱਤੇ ਕਬਜ਼ਾ ਕਰਕੇ ਅੱਧੋ ਅੱਧੀ ਵੰਡ ਪਾਲਈ। ਗੁਜਰ ਸਿੰਘ ਨੇ ਤਾਂ ਰੰਗੀ ਤੇ ਪੋਠੋਹਾਰ ਦੇਸ ਦਬਾਕੇ ਕਾਲੂ ਦੀ ਸਰਾਇ ਵਿੱਚ ਆਪਣੀ ਫੌਜ ਤੇ ਸਰਦਾਰ ਮਿਲਖਾ ਸਿੰਘ ਨੂੰ ਠਾਣੇ

Digitized by Panjab Digital Library | www.panjabdigilib.org

ਦਾਰ ਮੁਕੱਰਰ ਕਰਕੇ ਗੁਜਰਾਤ ਨੂੰ ਆਪਣੀ ਰਾਜਧਾਨੀ ਬਣਾ ਲਿਆ, ਤੇ ਸਰਦਾਰ ਚੜ੍ਹਤ ਸਿੰਘ ਨੇ ਧੰਨੀ, ਘੇਬ, ਜੰਡਾਲੀ ਖਾਣੜ ਅਮਾਣਕ ਆਦਿਕ ਪਰਗਣੇ ਦਬਾਕੇ, ਆਪਣੇ ਸਾਲੇ ਖੁਸ਼ਾਲ ਸਿੰਘ ਨੂੰ (ਜਿਸਦਾ ਬਣਵਾਯਾ ਹੋਯਾ ਕਿਲਾ ਖੁਸ਼ਾਲ ਗੜ੍ਹ ਰੇਲਵੇ ਅਸ੍ਟੇਸ਼ਨ ਪਾਸ ਹੁਣ ਤੱਕ ਹੈ) ਫੌਜ ਸਮੇਤ ਗੁਜਰਾਂ ਵਾਲੇ ਦੀ ਰਜਾਸਤ ਥਾਪੀ ॥

ਉਧਰ ਸਰਦਾਰ ਝੰਡਾ ਸਿੰਘ ਭੰਗੀ ਨੇ ਪਰਗਣੇ ਚਨੀਓਟ ਆਦਿਕ ਤਾਂ ਪਹਿਲੇ ਹੀ ਦਬਾ ਰੱਖੇ ਸੇ, ਫੇਰ ਮੂਲ-ਤਾਨ ਭੀ ਜਾ ਘੇਰਜਾ। ਨਵਾਬ ਸੁਜਾਵਲ ਖਾਂ ਓਥੋਂ ਦਾ ਸੂਬਾ ਦੌੜ ਗਿਆ, ਸਰਦਾਰ ਨੇ ਮੁਲਤਾਨ ਉੱਤੇ ਕਬਜਾ ਕਰਕੇ, ਡੇਰਾਗਾਜ਼ੀ ਖਾਂ ਦੀ ਤਰਫ਼ ਨੂੰ ਵਾਗ ਉਠਾਈ। ਏਸੇ ਤਰਾਂ ਹੋਰ ਸਬ ਸਿੱਖ ਸਰਦਾਰ ਆਪਣੇ ਆਪਣੇ ਬਾਂਛਤ ਪਰਗਣੇ ਦਬਾ ਕੇ ਹਾਕਮ ਬਣ ਬੈਠੇ ॥

## ਤੈਮੂਰ ਸ਼ਾਹ ਦਾ ਪਹਿਲਾ ਹੱਲਾ

ਜਦ ਸਿੰਘਾਂ ਨੇ ਕਾਬਲ ਵਾਲੇ ਬਾਦਸ਼ਾਹ ਦੇ ਹਾਕਮਾਂ ਨੂੰ ਦੇਸ ਤੋਂ ਕੱਢਕੇ ਤਲਵਾਰ ਦੇ ਜੋਰ ਨਾਲ ਅਟਕ ਦਰਿਆ ਤੇ ਜਮਨਾਂ ਦੇ ਅੰਦਰ ਸਾਰੇ ਮੁਲਕ ਉਪਰ ਆਪਣਾ ਕਬਜਾ ਕਰ ਲੀਤਾ ਤਾਂ ਅਹਿਮਦ ਸ਼ਾਹ ਦੁਰਾਨੀ ਨੇ (ਜੋ ਯਾਰਾਂ ਵਾਰੀ ਪੰਜਾਬ ਉਤੇ ਚੜ੍ਹਕੇ ਆਯਾ ਸੀ ਤੇ ਹੁਣ ਹਾਰ ਚੁੱਕਾ ਸੀ) ਅਮੀਰਾਂ ਤੇ ਫੌਜਦਾਰਾਂ ਦੀ ਕਚਿਹਰੀ ਵਿਚ ਤੇਗ ਰੱਖ ਕਰ ਹੁਕਮ ਦਿੱਤਾ ਕਿ ਕੋਈ ਬਹਾਦਰ ਹੈ ਜੋ ਸਿੰਘਾਂ ਪਰ ਬੀੜਾ ਉਠਾਵੇ। ਅਮੀਰ ਵਜੀਰ ਤਾਂ ਸਿੰਘਾਂ ਦੇ ਹੱਥ ਦੇਖ ਚੁਕੇ ਸੇ, ਏਸ ਵਾਸਤੇ ਜਦ ਕਿਸੇ ਨੇ ਬੀੜਾ ਨਾ ਉਠਾਯਾ ਤਾਂ

Digitized by Panjab Digital Library | www.panjabdigilib.org

ਬਾਦਸ਼ਾਹ ਦਾ ਬੜਾ ਬੇਟਾ ਸ਼ਾਹਜ਼ਾਦਾ ਤਹਿਮੂਰ ਸ਼ਾਹ ਬੀੜਾ ਚੁਕ ਕੇ ਇਕ ਲੱਖ ਅਸਵਾਰ ਨਾਲ ਸੰ: ੧੮੨੬ ਬਿ: ਨੂੰ ਪੰਜਾਬ ਉੱਤੇ ਚੜ੍ਹ ਆਯਾ। ਪਸ਼ਾਵਰ ਪਹੁੰਚਕੇ ਹਾਜੀ ਅਲੀ ਮਹੰਮਦ ਖਾਂ ਵਕੀਲ ਨੂੰ ਸਿੰਘਾਂ ਪਾਸ ਭੇਜਿਆ। ਉਸਨੇ ਗੁੱਜਰ ਸਿੰਘ ਆਦਿਕ ਸਰਦਾਰਾਂ ਪਾਸ ਲਾਹੌਰ ਪਹੁੰਚਕੇ ਬਾਦਸ਼ਾਹ ਦੀ ਤਰਫੋਂ ਸੁਣਾਯਾ ਕਿ ਜੇਕਰ ਤੁਸੀ ਪੰਜਾਬ ਦੇ ਮੁਲਕ ਉਪਰ ਕਾਇਮ ਰਹਿਣਾ ਚਾਹੁੰਦੇ ਹੋ ਤਾਂ ਅਸਾਡੇ ਤਾਬੇਦਾਰ ਹੋਕੇ ਰਹੋ। ਸਿਖ ਨੇ ਜਵਾਬ ਦਿਤਾ, ਸਾਨੂੰ ਵਾਹਿਗੁਰੂ ਨੇ ਮੁਲਕ ਬਖਸ਼ਯਾ ਹੈ, ਤੁਰਕ ਦੀ ਤਾਬੇਦਾਰੀ ਨਹੀਂ ਕਰਾਂਗੇ। ਵਕੀਲ ਬੋਲਯਾ, ਜੇ ਬਾਦਸ਼ਾਹ ਦੀ ਤਾਬੇਦਾਰੀ ਨਾ ਮੰਨੋਗੇ ਤਾਂ ਤੁਹਾਡਾ ਮਜ਼ਬ ਤੇ ਜੀਉਣਾ ਭੀ ਨਾ ਹੋਵੇਗਾ। ਇਹ ਸੁਣਦੇ ਹੀ ਇਕ ਸਿੰਘ ਨੇ ਵਕੀਲ ਦਾ ਸਿਰ ਉਡਾ ਦਿਤਾ। ਓਸਨੂੰ ਸਰਦਾਰਾਂ ਨੇ ਝਿੜਕਯਾ ਕਿ ਤੈਂ ਅਨੀਤੀ ਕੀਤੀ, ਵਕੀਲ ਨਹੀਂ ਮਾਰਨਾ ਸੀ। ਉੱਧਰ ਜਦ ਵਕੀਲ ਦਾ ਮਾਰੇ ਜਾਣਾ ਤਹਿਮੂਰ ਸ਼ਾਹ ਨੇ ਸੁਣਿਆਂ ਤਾਂ ਅੱਗਦਾ ਭਾਂਬੜ ਹੋਕੇ ਚੜ੍ਹ ਬੈਠਾ ਤੇ ਜੰਗੀ ਖਾਂ ਤੂਰਾਨੀ ਨੂੰ ਪੰਜਾਹ ਹਜ਼ਾਰ ਅਸਵਾਰ ਨਾਲ ਹਰਾਵਲ ਕਰਕੇ ਅੱਗੇ ਭੇਜ ਦਿਤਾ। ਫੇਰ ਤਾਂ ਸਬ ਸਿੰਘ ਅੰਮ੍ਰਿਤਸਰ ਦੀ ਤਰਫ ਨੂੰ ਚਲੇ ਆਏ। ਜੱਦਪਿ ਸਰਦਾਰ ਗੁਜਰ ਸਿੰਘ, ਚੜ੍ਹਤ ਸਿੰਘ ਨੇ ਤੀਸਕ ਹਜ਼ਾਰ ਸਿੰਘ ਕੱਠਾ ਕਰਕੇ ਰੁਹਤਾਸ ਦੇ ਪਾਸ ਮੁਠਭੇੜ ਕੀਤੀ, ਪਰ ਕੁਛ ਨਾ ਬਣਿਆਂ। ਹੁਣ ਫੇਰ ਸਮਾਂ ਵਿਚਾਰ ਕੇ ਸਿੰਘ ਜੰਗਲਾਂ ਵਿਚ ਚਲੇ ਗਏ। ਬਾਰਿਸ਼ ਅਧਿਕ ਹੋਣੇ ਕਰ ਜੰਗੀ ਖਾਨ ਤਾਂ ਲਾਹੌਰ ਵਿਚ ਠਹਿਰ ਗਿਆ ਤੇ ਤਹਿਮੂਰ ਸ਼ਾਹ ਆਪਣੇ ਮਾਮੇ ਬੁਲੰਦ ਖਾਂ ਨੂੰ ਛੀ ਹਜ਼ਾਰ ਅਸਵਾਰ ਨਾਲ

Digitized by Panjab Digital Library | www.panjabdigilib.org

ਰੁਹਤਾਸ ਛਡਕੇ ਆਪ ਮੁਲਤਾਨ ਨੂੰ ਚਲਾ ਗਿਆ। ਮੁਲਤਾਨ ਦਾ ਹਾਕਮ ਸਰਦਾਰ ਸਾਉਣ ਸਿੰਘ ਤੇ ਗੁਰਬਖਸ਼ ਸਿੰਘ ਆਪਣੀ ਰਾਜਧਾਨੀ ਦੀ ਕੁਛ ਪਰਵਾਹ ਨਾ ਕਰਦੇ ਹੋਏ ਸਿੰਘਾਂ ਦੇ ਜਥਿਆਂ ਵਿਚ ਚਲੇ ਗਏ।ਤਹਿਮੂਰ ਸ਼ਾਹ ਨੇ ਮੁਜ਼ਫਰ ਖਾਂ ਨੂੰ ਮੁਲਤਾਨ ਦਾ ਸੂਬਾ ਕਾਇਮ ਕਰਕੇ ਲਾਹੌਰ ਦੀ ਤਰਫ ਵਾਗ ਉਠਾ ਲੀਤੀ, ਰਾਹ ਵਿਚ ਸੁਣਿਆਂ ਕੇ ਸ਼ੇਖੂ ਪੁਰ ਦੇ ਪਰਗਣੇ ਵਿਚ ਸਿੰਘ ਲੜਾਈ ਵਾਸਤੇ ਬਹੁਤ ਕਠੇ ਹੋ ਰਹੇ ਹਨ। ਸੋ ਏਹ ਹੱਲਾ ਕਰਕੇ ਜਾ ਪਿਆ, ਥੋੜੀ ਜੇਹੀ ਲੜਾਈ ਹੋਈ ਓਥੇ ਭੀ ਫੇਰ ਸਿੰਘਾਂ ਨੇ ਆਪਣੀ ਚਾਲ ਚਲੀ, ਸਰਦਾਰ ਚੜਤ ਸਿੰਘ ਗੁਜਰ ਸਿੰਘ ਆਦਿਕ ਦਾਤਾਰ ਪੁਰ ਦੇ ਗਿਰਦੇ ਜਾ ਰਹੇ। ਤਹਿਮੂਰ ਸ਼ਾਹ ਨੇ ਫਤੇ ਖਾਂ ਜਾਫਰ ਜੰਗ ਨੂੰ ਪੰਦਰਾਂ ਹਜ਼ਾਰ ਅਸਵਾਰ ਦੇਕੇ ਸਿੱਖਾਂ ਨੂੰ ਸਤਲੁਜੋਂ ਪਾਰ ਕਰਨ ਵਾਸਤੇ ਭੇਜ ਦਿਤਾ। ਅਨੇਕ ਜਗਾਂ ਸਿੰਘ ਲੜੇ, ਜਿੱਤ ਕਿਸੇ ਦੀ ਨਾ ਹੋਈ, ਅਠ ਮਹੀਨੇ ਏਹੋ ਹਾਲ ਰਿਹਾ,ਦੋਨੋਂ ਪਾਸਿਆਂ ਦੇ ਬਹੁਤ ਨੁਕਸਾਨ ਹੁੰਦੇ ਰਹੇ, ਕਿਉਂਕਿ ਓਸ ਸਮੇਂ ਬਹੁਤ ਸਿੰਘ ਆਪਣੇ ਆਪਣੇ ਇਲਾਕੇ ਦੀ ਰਖਵਾਲੀ ਵਿਚ ਫਸੇ ਹੋਏ ਸਨ, ਕੇਵਲ ਸੁਕਰ ਚਕੀਏ, ਭੰਗੀ ਘਨੱਯੇ, ਰਾਮਗੜੀਏ ਏਹੋ ਸਰਦਾਰ ਲੜਦੇ ਭਿੜਦੇ ਰਹੇ। ਜਦ ਸੰਃ ੧੮੨੬ ਬਿਃ ਨੂੰ ਅਨੰਦਪੁਰ ਹੋਲੇ ਪਰ ਬਹੁਤ ਪੰਥ ਕੱਠਾ ਹੋਯਾ ਤਾਂ ਗੁਰਮਤਾ ਕਰਕੇ ਸਭ ਸਿੰਘ ਦੁਰਾਨੀਆਂ ਉਪਰ ਕਸਬੇ ਨਕੋਦਰ ਪਾਸ ਤਲਵਾਰਾਂ ਖਿਚਕੇ ਜਾ ਪਏ, ਫੇਰ ਤਾਂ ਖੂਬ ਕਟਾ ਵੱਢ ਹੋਈ ਅਤੇ ਲਾਹੌਰ ਤਕ ਪਿਛਾ ਦਬਾਈ ਚਲੇ ਗਏ॥

ਤਹਿਮੂਰ ਸ਼ਾਹ ਨੇ ਅੱਠਾਂ ਮਹੀਨਿਆਂ ਵਿਚ ੨੦ ਕਿਲੇ

Digitized by Panjab Digital Library | www.panjabdigilib.org

ਕਾਇਮ ਕੀਤੇ ਸੇ, ਜਿਨਾਂ ਦਾ ਵੇਰਵਾ ਇਉਂ ਹੈ:—ਸੁਲਤਾਨ ਪੁਰ ਗੱਖੜਾਂ ਦਾ ੧, ਇਸ ਦੇਸ ਦੇ ਜ਼ਿਮੀਂਦਾਰ ਮਾਲਕ ਸੇ ਏਥੋਂ ਹੀ ਮੰਗਲਾ ਦੇਵੀ ਦੇ ਥੇਹਣ ਪਾਸੋਂ, ਪਹਾੜਾਂ ਵਿੱਚੋਂ ਜਿਹਲਮ ਦਰਿਆ ਨਿਕਲਦਾ ਹੈ। ਦੂਸਰਾ ਰੁਹਤਾਸ੨, ਪੱਧਰੀ ਜਦੂਏ ਰਜਪੂਤਾਂ ਦੀ ੩, ਠਿਲ ਗਹੋੜੇ ਦੀ ਗੜੀ ਜੋ ਦੋ ਕਿਲਜਾਂ ਦੇ ਵਿਚਕਾਰ ਹੈ ੪, ਬਾਗ ਪਿੰਡ ੫, ਗੜਮਖਜਾਲਾ ਦਾ ਤਖਤ ਸਲੋਈ ਜੋ ਬਣਾਕੇ ਐਬਲ ਰਾਜਾ ਦੇ ਸਪੁਰਦ ਕੀਤਾ ਸੀ ਤੇ ਹੁਣ ਜਦੂਏ ਰਾਜਪੂਤਾਂ ਦੇ ਟਿਕੇ ਦੀ ਰਜਾਸਤ ਹੈ੬,*ਕੁਸ਼ਕ੭, ਖੜੱਪੇ ਦੇ ਦਰੇ ਉਤੇ ਗੜੀ ਵਟੱਲੀ ਤੇ ਭੁਮਣ ਕਿਲੇ ਸੈਦਪੁਰ ਦੇ ਪਾਸ ੮, ਕਹਣ ਸੈਦਨ ਸ਼ਾਹ ਦੇ ਚੋਏ ਉੱਤੇ ੯, ਏਹ ਕਿਲਾ ਭੀ ਸੁਲਤਾਨ ਕਹੂੰਣ ਵਾਲੇ ਦੇ ਹਵਾਲੇ ਹੋਯਾ॥

ਪਲਖੀ ਦੀ ਘਾਟੀ ਉੱਤੇ†ਕਹੂੰਣ ਦੇ ਪਰਗਣੇ ਵਿੱਚ ੧੦, ਮਕੜਾਛ ਨਰ ਸਿੰਘ ਫੁਹਾਰ ਦੇ ਸਿਰੇ ਉਤੇ, ਜਿੱਥੇ ਨਰ ਸਿੰਘ ਜੀ ਨੇ ਹੱਥ ਪੈਰ ਧੋਤੇ ਸੇ ੧੧, ਜਬੀ ਦੇ ਪਹਾੜ ਉੱਤੇ

---

*ਕੁਸ਼ਕ ਉੱਪਰ ਕੌਸਤਜਾਨੀ ਦੇਵੀ ਦੀ ਮੂਰਤਿ ਤੇ ਮੰਦਰ ਟਕਰੀ ਉੱਤੇ ਹੁਣ ਬੀ ਹੈ ਏਹ ਬਿਸ੍ਵਾਮਿਤ੍ਰ ਦੀ ਪਰਗਟ ਕੀਤੀ ਹੋਈ ਹੈ ਅਤੇ ਪੁਸਤਕਾਂ ਵਿੱਚ ਲਿਖਜਾ ਹੈ ਕਿ ਪਾਂਡਵ ਭੀ ਇਸੇ ਦੇਵੀ ਤੋਂ ਵਰ ਲੈਕੇ ਦਸੂਹੇ ਵਿੱਚ ਜਾਕੇ ਬੈਰਾਟ ਰਾਜਾ ਦੇ ਘਰ ਇਕ ਬਰਸ ਗੁਪਤ ਰਹੇ ਸੇ, ਏਹ ਕਿਲਾ ਰਚਕੇ ਪਾਂਡਵਾਂ ਨੇ ਜੱਗਜ ਕੀਤਾ ਸੀ। ਤਹਿਮੂਰ ਸ਼ਾਹ ਨੇ ਵਰਲੀ ਵਾਲੇ ਸੁਲਤਾਨ ਰਾਜਾ ਨੂੰ ਸਪੁਰਦ ਕੀਤਾ।

†ਕਹੂੰਣ ਵਿੱਚ ਸੰ: ੧੮੭੯ ਬਿ: ਨੂੰ ਤਿੰਨ ਹਜ਼ਾਰ ਸਿੰਘ ਨੂੰ ਸੁਲਤਾਨ ਕਹੂੰਣੀਏ ਆਦਿਕ ਤੁਰਕਾਂ ਨੇ ਪਾਰਦੇ ਮੁਲਕ ਵਲ ਲੰਘਾਉਣ ਲਗਜਾਂ ਇਕ ਐਸੀ ਖੱਡ ਵਿੱਚ ਵਾੜਜਾ ਜਿੱਥੇ ਇਕ ਬੀ ਸਿੰਘ ਨਾ ਬੱਚ ਸਕਦਾ ਤੇ ਓਨਾਂ ਪਹਾੜਾਂ ਉਪਰ ਜੋ ਪੰਜ ਪੰਜ ਕੋਹ ਉਚੇ ਸੇ, ਬੇਸ਼ੁਮਾਰ ਤੁਰਕ ਸਿੰਘਾਂ ਨੂੰ ਇਕ ਕੰਦਰਾ ਮਿਲ ਗਈ ਜਿਸ ਵਿੱਚ ਲੁਕ ਕੇ ਬੈਠੇ ਰਹੇ, ਪੰਜਵੇਂ ਦਿਨ ਮਹਾਰਾਜਾ ਰਣਜੀਤ ਸਿੰਘ ਨੂੰ ਸੁਪਨ ਹੋਯਾ ਤਾਂ ਓਸੇ ਸਮੇਂ ਫੌਜ ਲੈਕੇ ਖੁਦ ਹੀ ਚੜ੍ਹ ਪਏ, ਤੇ ਪਲਖੀ ਦੀ ਘਾਟੀ ਪਰ ਜਿੱਥੇ ਆਦਮੀ ਮੁਸ਼ਕਲ ਨਾਲ ਚੜ੍ਹਦਾ ਸੀ, ਮਹਾਰਾਜੇ ਨੇ ਓਥੋਂ ਦੀ ੨੨ ਤੋਪਾਂ ਤੇ ਗੱਡੀਆਂ ਲੰਘਾਈਆਂ ਇਸ ਸ਼ਕਤੀ ਨੂੰ ਦੇਖਕੇ ਕਹੂੰਣੀਏ ਆਦਿਕ ਪਰਲੇ ਦੇਸ ਦੇ ਸਬ ਰਾਜੇ ਤੇ ਖਾਨ, ਮਹਾਰਾਜਾ ਸਾਹਿਬ ਦੇ ਪੈਰੀਂ ਆ ਡਿਗੇ। ਮਹਾਰਾਜੇ ਨੇ ਓਨਾਂ ਸਿੰਘਾਂ ਨੂੰ ਅਮਨ ਅਮਾਨ ਨਾਲ ਲੈਆਂਦਾ ਤੇ ਨਾਲੇ ਹੋਰ ਬਹੁਤ ਕੁਛ ਰੁਪਯਾ ਭੀ ਨਵਾਬਾਂ ਤੋਂ ਲੀਤਾ॥

Digitized by Panjab Digital Library | www.panjabdigilib.org

ਮੁਲਕ ਅਫ਼ਗਾਣਸਤਾਨ ਵਿੱਚ੧੨,ਲਾਵੇਦਾ ੧੩,ਲੰਮਣ ਦਾ ਦਰੇ ਦੇ ਦੋਹੀਂ ਪਾਸੀਂ੧੪,ਮਸਾਣ ਦੇ ਮੈਦਾਨ ਵਿੱਚ ਜੋ ਕਾਲੇਬਾਗਾਂ ਨੂੰ ਰਸਤਾ ਜਾਂਦਾ ਹੈ ੧੫, ਭਾਨੇ ਮਾੜ੍ਹੀ ਦੇ ਦਰੇ ਪਰ ਜਿੱਥੇ ਅਰਜਨ ਨਾਂਗੇ ਦੇ ਝੂਠੇ ਹੀ ਰਖਾਂਦਾ ਪਹਾੜ ਹੈ,ਰਾਤਨੂੰ ਚਮਕਦੇ ਹਨ ਤੇ ਦਿਨੇ ਸੂਰਜ ਦੀ ਕਿਰਣ ਨਾਲ ਕਿਰਣ ਮਿਲ ਜਾਂਦੀ ਹੈ। ਆਖਦੇ ਹਨ ਏਥੇ ਅਰਜਨ ਨਾਂਗਾ ਤੇ ਗੋਰਖ ਜਿਦੇ ਸੇ,ਨਾਗੇਨੇ ਹੀਰਜਾਂ ਦਾ ਪਹਾੜ ਤੇ ਗੋਰਖ ਨੇ ਮਿਸਰੀਦਾ ਪਰਬਤ, ਦੁਧ ਦਾ ਅਟਕ ਦਰਜਾ ਕਰ ਦਿਖਾਯਾ ਸੀ ੧੬, ਕੱਛੀ੧੭, ਦਾਊਦਖੇਲ ੧੮, ਰੋਖੜੀ ੧੯, ਮੁਲਤਾਨ ੨੦, ਤਹਿਮੂਰ ਸ਼ਾਹ ਨੇ ਏਹ ਬੀਸ ਕਿਲੇ ਤੇ ਹੋਰ ਕਈ ਘਾਟੀਆਂ ਮੰਗਲਾ ਦੇਵੀ ਦੇ ਪਹਾੜ ਤੋਂ ਲੈਕੇ ਮੁਲਤਾਨ ਤਕ ਪੰਜ ੨ ਦਸ ੨ ਕੋਹ ਉਤੇ ਏਸ ਤਰੀਕੇ ਨਾਲ ਕਜਮ ਕਰਕੇ ਆਪਣੇ ਮੁਲਕ ਦੀ ਤੇ ਪੰਜਾਬ ਦੇ ਮੁਲਕ ਦੀ ਹੱਦ ਬੰਨ੍ਹ ਲਈ। ਓਸ ਵਕਤ ਤਾਂ ਸਿੰਘਾਂ ਨੇ ਬੀ ਏਸੇ ਹੱਦ ਬੰਦੀ ਉੱਤੇ ਰਾਜ਼ੀ ਨਾਮਾ ਲਿਖ ਦਿੱਤਾ,ਪਰ ਸਿੰਘ ਕਲਮਹੇਠ ਕਦੋਂ ਆਉਂਦੇਸਨ? ਜਦ ਤਹਿਮੂਰ ਸ਼ਾਹਨੇਲਾਹੌਰੋਂ ਕਾਬਲ ਵੱਨੀ ਕੂਚ ਕੀਤਾ, ਤਦ ਜੇਹੜਾ ਪੰਥ ਅੰਮ੍ਰਿਤਸਰ ਸੀ ਓਨ੍ਹਾਂ ਵਿਚੋਂ ਕੁਛ ਸਿੰਘ ਰੋਜ਼ ਦਿੱਲੀ, ਆਗਰਾ, ਕਾਂਸ਼ੀ, ਕਲਕੱਤਾ,ਕਾਬੁਲ, ਕੰਧਾਰ,ਗਜ਼ਨੀ, ਬਲਖਬੁਖਾਰਾ, ਰੂਮ ਸ਼ਾਮ ਮਾਰਨ ਦੀਆਂ ਸਲਾਹਾਂ ਕਰਦੇ ਰਹਿੰਦੇ ਸਨ, ਓਹ ਬਿਨਾਂ ਸਰਦਾਰਾਂ ਦੇ ਪੁਛੇ ਦੁਰਾਨੀਆਂ ਦੇ ਪਿਛੇ ਲਗ ਤੁਰੇ। ਓਨਾਂ ਨੂੰ ਵੇਖਕੇ ਹੋਰ ਖਾਲਸੇ ਨੇ ਬੀ ਵਾਗ ਉਠਾ ਲੀਤੀ। ਜਦ ਏਹ ਵਹੀਰ ਪੈਗਿਆ ਤਾਂ ਫੇਰ ਕੌਣ ਅਟਕੇ? ਛੇਕੜ ਸਰਦਾਰਾਂ ਨੂੰ ਭੀ ਬਹੁਤਿਆਂ ਦੇ ਸਾਥੀ ਹੋਣਾ ਪਿਆ। ਝਨਾਉ ਟੱਪਦੇ ਤਹਿਮੂਰ ਨੂੰ ਜਾ ਘੇਰਜਾ, ਨਾਂ ਤਾਂ ਓਸਨੂੰ ਤੁਰਨ

Digitized by Panjab Digital Library | www.panjabdigilib.org

ਹੀ ਦੇਣ ਤੇ ਨਾਂ ਹੀ ਖੜੇ ਹੋਕੇ ਲੜਨ, ਚੁਫੇਰਿਓਂ ਹੱਲੇ ਉਤੇ ਹੱਲਾ ਕਰ ਕਰ ਦੁਰਾਨੀਆਂ ਨੂੰ ਭੈਦਲਾ ਦਿੱਤਾ। ਜਦ ਅਨੇਕ ਮਾਰੇ ਤੇ ਜ਼ਖਮੀ ਕੀਤੇ ਤਾਂ ਦਹਲ ਕਰ ਬਹੁਤੇ ਰਾਤਬਿਰਾਤੇ ਕਾਬਲ ਵੰਨੀ ਨੱਸ ਗਏ, ਜਿਸ ਕਰਕੇ ਸੈਂਕੜੇ ਤੰਬੂ, ਘੋੜੇ ਤੇ ਤੋਪਾਂ ਸਮੇਤ ਬਾਕੀ ੨ ਅਸਬਾਬ ਖਾਲਸੇ ਨੂੰ ਦੇਕੇ ਤਹਿਮੂਰਸ਼ਾਹ ਮਸਾਂ ੨ ਜੇਹਲਮ ਤੋਂ ਪਾਰ ਹੋਯਾ। ਇਥੇ ਉਸਦੀ ਕੁਮਕ ਪਰ ਦਸ ਹਜ਼ਾਰ ਅਸਵਾਰ ਨਾਲ ਜੰਗੀਖਾਂ ਜੋ ਜੰਮੂ ਆਦਿਕ ਪਹਾੜੀ ਰਾਜਿਆਂ ਤੋਂ ਨਜ਼ਰਾਨੇ ਉਗਰਾਹੁਣ ਗਿਆ ਸੀ ਤੇ ਅਠ ਕੁ ਹਜ਼ਾਰ ਨਾਲ ਰੁਹਤਾਸ ਵਾਲਾ ਬੁਲੰਦਖਾਂ,ਤੇ ਤਹਿਮੂਰਸ਼ਾਹ ਦਾ ਮਾਮਾ ਆ ਪਹੁੰਚਿਆ,ਏਸ ਕਰਕੇ ਤਹਿਮੂਰਦਾ ਬਚਾਉਹੋਗਿਆ। ਓੜਕ ਤਹਿਮੂਰ ਸ਼ਾਹ ਤਾਂ ਪਸ਼ਾਵਰ ਜਾ ਠਹਿਰਿਆ ਤੇ ਸਿੰਘ ਪਿਛਲੀ ਰੀਤੀ ਅਨੁਸਾਰ ਮੁੜ ਆਪਣੇ ਪਰਗਣੇ ਉਤੇ ਕਾਇਮ ਆ ਹੋਏ॥

## ਸਿੰਘਾਂ ਨੇ ਫਿਰ ਸਾਰੇ ਰਾਜ ਕਾਇਮ ਕਰਨਾ

ਤਹਿਮੂਰਸ਼ਾਹ ਦੇ ਗਏ ਪਿੱਛੋਂ ਸਰਦਾਰ ਝੰਡਾ ਸਿੰਘ ਭੰਗੀ ਨੇ ਫੇਰ ਮੁਲਤਾਨ ਜਾ ਮਾਰੀ। ਮੁਜ਼ੱਫਰਖਾਂ ਸੂਬੇ ਨੂੰ ਉਥੋਂ ਕੱਢਕੇ ਦੌਰਾ ਕੀਤਾ॥

ਕੋਟਕਮਾਲੀਆ,ਅਹਿਮਦਾ ਬਾਦ,*ਝੰਗ ਆਦਿਕ ਮਕਾਨਾਂ

*ਝੰਗ ਪਿੰਡ ਰਾਏ ਸਰਜੇ ਸਜਾਲ ਨੇ ਸੰਃ ੯੮੩ ਬਿਃ ਨੂੰ ਵਸਾਯਾ ਸੀ। ਏਥੇ ਝੰਗ ਅਰਥਾਤ ਸੰਘਣੇ ਬ੍ਰਿਛ ਸੇ,ਇਸ ਕਰਕੇ ਝੰਗ ਸਜਾਲ ਨਾਮ ਪੈ ਗਿਆ, ਇਹ ਚਨਾਬ ਦਰਯਾ ਦੇ ਕਿਨਾਰੇ ਪਰ ਹੈ। ਏਥੇ ਜਯਾਲ, ਚੱਢਰ, ਟਵਾਨੇ, ਘੇਬ, ਖੇਰੇ, ਪਚਾਧੇ, ਭੱਟੀ ਏਨ੍ਹਾਂ ਗੋਤਾਂ ਦੇ ਜਟ ਬਹੁਤ ਵਸਦੇ ਹਨ, ਇਹ ਸਬ ਲੋਗ ਪਹਿਲੇ ਹਿੰਦੂ ਸੇ ਔਰੰਗਜ਼ੇਬ ਨੇ ਸਬ ਮੁਸਲਮਾਨ ਕਰ ਦਿਤੇ। ਹੀਰ ਤੇ ਰਾਂਝਾ ਏਥੇ ਹੀ ਹੋਏ ਹਨ, ਹੀਰ ਦਾ ਮਕਬਰਾ ਝੰਗ ਤੇ ਬੁਘਜਾਣੇ ਦੇ ਵਿਚਕਾਰ ਹੈ, ਮਕਬਰੇ ਪਰ ਦੁਧ, ਚੂਰਮੇ ਬਹੁਤ ਚੜ੍ਹਦੇ ਹਨ, ਮਜਾਵਰ ਘੁਲਦੇ ਰਹਿੰਦੇ ਹਨ॥

Digitized by Panjab Digital Library | www.panjabdigilib.org

ਦੇ ਰਈਸਾਂ ਤੋਂ ਨਜ਼ਰਾਨੇ ਲਏ, ਤਾਬੇਦਾਰੀ ਮਨਾਈ, ਓਦੋਂਹੀ ਸਰਦਾਰ ਚੜ੍ਹਤਸਿੰਘ ਤੇ ਗੁਜਰਸਿੰਘ ਨੇ ਧਨੀ ਦੇਸਦੇ ਚੌਧਰੀ ਜਵਾਹਿਰਖਾਂ ਗੁਜਰਾਂਵਾਲੇ ਤੁਰਟ ਰਜਪੂਤ ਚੌਧਰੀ ਰਾਮੇ ਚੱਢੇ ਖਤ੍ਰੀ, ਕਾਲ੍ਹੇ, ਗੁਜਰਾਂਦੇ, ਚੌਧਰੀ ਅਲੀ ਮੁਹੰਮਦਖਾਂ ਗੁਜਰ, ਸੁਲਤਾਨ ਅਮਰੇ, ਗਖੜ ਆਦਿਕਾਂ ਨੂੰ ਨਾਲ ਮਿਲਾ ਕੇ ਤਹਿਮੂਰਸ਼ਾਹ ਦੇ ਮਾਮੇ ਸਰਬੁਲੰਦਖਾਂ ਨਾਲ ਅਹਿਦਪੈਮਾਨ ਬੰਨ੍ਹਣ ਲਈ ਏਧਰ ਮੁਲਾਕਾਤਦਾ ਦਿਨ ਠਹਿਰਾਯਾ, ਤੇ ਉਧਰ ਚੌਧਰੀਆਂ ਨੇ ਫੌਜ ਲੈਕੇ ਟਿੱਬੀਆਂ ਵਿਚ ਛਪਾਇ ਛੱਡੀ। ਪੰਜ ਸੌ ਸਿੰਘ ਨਾਲ ਸਰਦਾਰ ਕਿਲੇ ਰੁਹਤਾਸ ਵਿੱਚ ਗਏ, ਬਾਕੀ ਦੇ ਸਿੰਘ ਖੱਡੇ ਖੰਡ ਚੋਰੀ ੨ ਚੋਏਵਾਲੇ ਦਰਵਾਜੇ ਨੂੰ ਆਏ। ਅੰਦਰਦੇ ਸਿੰਘਾਂ ਨੇ ਚੋਏਦੇ ਦਰਸ਼ਨ ਦਾ ਬਹਾਨਾ ਧਰਕੇ ਉਧਰ ਆਵਾ ਜਾਈ ਰੱਖੀ ਤਾਂ ਦਰਵਾਜ਼ਾ ਖੁੱਲਾ ਰਿਹਾ। ਕਚਹਿਰੀ ਵਿੱਚ ਬੈਠੇ ਮੁਲਾਕਾਤ ਹੋਈ, ਗੱਲਾਂ ਹੋਣ ਲੱਗੀਆਂ। ਜਦ ਦੋ ਚਾਰਵਾਰੀ ਹੁੱਕੇ ਦੇ ਧੂੰਏ ਦਾ ਬੰਬਾ ਬੁਲੰਦਖਾਂ ਨੇ ਛੱਡਯਾ ਤਾਂ ਸੁਜਾਨ ਸਿੰਘ ਸੁੱਕ੍ਰ ਚੱਕੀ ਨੇ ਓਸ ਉਤੇ ਬੰਦੂਕ ਸਰ ਕਰ ਦਿਤੀ। ਏਹੋ ਲੜਾਈਦਾ ਨਿਸ਼ਾਨ ਸਮਝਕੇ ਬਾਹਰਲੇ ਸਿੰਘ ਅੰਦਰ ਆ ਵੜੇ, ਕਟਾ ਵੱਢ ਹੋ ਪਈ। ਦੋ ਇਕ ਸੌ ਦੁਰਾਨੀ ਪਚਾਸਕ ਸਿੰਘ ਮਾਰੇ ਗਏ। ਬਾਕੀ ਦੁਰਾਨੀ ਭੱਜ ਨਿਕਲੇ, ਅਟਕ ਤਕ ਓਨ੍ਹਾਂ ਦੀ ਪਿਠ ਦਬਾਈ, ਸੰ: ੧੮੨੯ ਬਿ: ਨੂੰ ਫੇਰ ਸਬ ਦੇਸ ਸਿੰਘਾਂ ਨੇ ਸੰਭਾਲਕੇ ਜਗਾ ਜਗਾ ਆਪਣੇ ਠਾਣੇ ਬੈਠਾ ਦਿੱਤੇ॥

ਸੁਲਤਾਨ ਮਕਰਬ ਖਾਂ ਗੱਖੜ, ਦਾਨਗਲੀ ਰਯਾਸਤ ਦਾ ਟਿੱਕਾ, ਤੇ ਸੁਲਤਾਨ ਸ਼ੀਹੇਖਾਂ ( ਜਿਸਦਾ ਪੋਤ੍ਰਾ ਸੁਲਤਾਨ

Digitized by Panjab Digital Library | www.panjabdigilib.org

ਮਹਿਦੀ ਸੰ: ੧੮੨੧ ਬਿ: ਵਿੱਚ ਬਾਬੇ ਸਾਹਿਬ ਸਿੰਘ ਬੇਦੀ ਨਾਲ ਲੜਿਆ ਸੀ ) ਗੜ੍ਹਮਖਿਆਲੇ ਵਾਲਿਆਂ ਨਾਲ ਆਪਣੇ ਭਾਈ ਚਾਰੇ ਨੂੰ ਲੈਕੇ ਕੁਛ ਦਿਨ ਤਾਂ ਸਿੰਘਾਂ ਨਾਲ ਅੜੇ ਰਹੇ ਓੜਕ ਸਿੰਘਾਂ ਨੇ ਸਭ ਦੀ ਆਕੜ ਭੰਨ ਛੱਡੀ। ਖਊਣ ਸਿੰਘ ਸੋਢੀ ਮਸ਼ਹੂਰ ਚਿੱਟਾ ਪੀਰ ਜਿਸ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਸੰ: ੧੮੧੫ ਬਿ: ਵਿੱਚ ਨਾੜੇ ਦਾ ਪਰਗਣਾ ਬਾਈ ਸੌ ਦੀ ਜਾਗੀਰ ਅਟਕ ਦੇ ਕੰਢੇ ਤੇ ਦੇ ਰੱਖੀ ਸੀ,ਓਸੇ ਦੀਮਦਵਨਾਲਦੇ ਵਾਰੀ ਹੁਹਤਾਸ ਛਤੇ ਹੋਈ, ਏਸ ਕਰਕੇ ਓਸਨੂੰ ਸਾਂਗਰੀ, ਵਕਾਲਾ, ਜੁਝਿਆਲਾ ਆਦਿਕ ਪਿੰਡ ਦਸਹਜਾਰ ਦੀ ਜਾਗੀਰ ਦੋਹਾਂ ਸਰਦਾਰਾਂ ਨੇ ਦਿੱਤੀ॥

## ਤਹਿਮੂਰ ਸ਼ਾਹ ਦਾ ਦੂਜਾ ਹੱਲਾ

ਜਦ ਸਿੰਘਾਂ ਨੇ ਪੰਜਾਬ ਤੇ ਮੁਲਤਾਨ ਉੱਤੇ ਕਬਜ਼ਾ ਕਰਕੇ ਦੁਰਾਨੀ ਸ਼ਾਹ ਦੇ ਹਾਕਮ ਕੱਢ ਦਿੱਤੇ ਤੇ ਨਵਾਬ ਬਹਾਵਲ ਪੁਰੀਆ ਬੀ ਸ਼ਾਹ ਕਾਬਲਨੂੰ ਟਕੇ ਦੇਣੋਂ ਜਵਾਬ ਦੇ ਬੈਠਾ ਤਾਂ ਚੇਤ ਸੰ: ੧੮੨੭ ਬਿ:ਨੂੰਤਹਿਮੂਰ ਸ਼ਾਹ ਨੇ ਦਰੇਬੁਲਾਨ ਦੇ ਰਸਤੇ, ਸਿੰਧ ਦੇ ਅਮੀਰਾਂ ਨੂੰ ਜਿੱਤਕੇ ਬਹਾਵਲ ਪੁਰੀਏ ਨਵਾਬ ਨੂੰ ਤਾਬੇਦਾਰੀ ਆ ਮਨਾਈ। ਸਿੰਘਾਂ ਤੋਂ ਮੁਲਤਾਨ ਛੁਡਾਕੇ ਮੁਜੱਫਰ ਖਾਂ ਨੂੰ ਫੇਰ ਓਥੋਂ ਦਾ ਸੂਬਾ ਕਰ ਦਿੱਤਾ। ਮਰਜੀ ਤਾਂ ਲਾਹੌਰ ਪਹੁੰਚਣ ਦੀ ਸੀ, ਪਰ ਬੀਮਾਰੀ ਨੇ ਅੱਗੇ ਨਾ ਵਧਣ ਦਿਤਾ, ਤੇ ਸੰ: ੧੮੨੮ ਬਿ: ਨੂੰ ਕਾਬਲ ਜਾਕੇ ਗੁਜਰ ਗਿਆ॥

## ਜਮਾਨ ਸ਼ਾਹ ਦੀ ਚੜ੍ਹਾਈ

ਤਖਤ ਬੈਠਣ ਬਦਲੇ ਓਸਦੇ ਗਯਾਰਾਂ ਸ਼ਾਹਜ਼ਾਦਜਾਂ

ਵਿਚ ਐਸਾ ਝਗੜਾ ਹੋਯਾ ਜੋ ਓਸਦੀ ਲੋਥ ਅਠ ਦਿਨ ਰੁਲਦੀ ਰਹੀ, ਦੱਬੀ ਨਾ ਗਈ। ਓੜਕ ਜ਼ਮਾਨ ਸ਼ਾਹ ਨੇ ਆਪਣੇ ਸਭਨਾਂ ਭਾਈਆਂ ਨੂੰ ਧੋਖੇ ਨਾਲ ਸੁਲਾਹ ਕਰਨ ਵਾਸਤੇ ਇਕ ਮੰਦਰ ਅੰਦਰ ਬੁਲਾਕੇ ਗਾਹਦੀ ਚਾਟੇ ਲਾਯਾ, ਆਪ ਪੇਸ਼ਾਬਦੇ ਬਹਾਨੇ ਬਾਹਰ ਹੋਯਾ ਤਾਂ ਓਸ ਦੇ ਆਦਮੀਆਂ ਨੇ ਚੱਟ ਬੂਹਾ ਬੰਦ ਕਰਕੇ ਸਬ ਨੂੰ ਕੈਦ ਕਰ ਲੀਤਾ, ਜ਼ਮਾਨ ਸ਼ਾਹ ਤਖਤ ਉੱਤੇ ਹੋ ਬੈਠਾ। ਫੇਰ ਕਾਬਲ ਵਿਚ ਪੈਰ ਜਮਾਕੇ ਕੰਧਾਰ ਦੇ ਮਾਲਕ ਸ਼ਾਹਜ਼ਾਦੇ ਹਿੰਮਾਊ ਨੂੰ ਫੜ ਜਾ ਕੀਤਾ, ਹਿੰਮਾਊਦੇ ਨੇਤ੍ਰਾਂ ਵਿਚ ਤਪੀ ਹੋਈ ਸੁਲਾਈ ਫਿਰਾ ਕੇ ਬੰਦੀਖਾਨੇ ਭੇਜ ਦਿਤਾ, ਦੋ ਬਰਸ ਵਿਚ ਏਸ ਦੇਸ ਦਾ ਬੰਦੋਬਸਤ ਕਰਕੇ ਚੇਤ ਸੰ: ੧੮੩੧ ਬਿ: ਨੂੰ ਪੰਜਾਬ ਉਤੇ ਚੜ੍ਹ ਆਯਾ, ਪਰ ਆਪ ਤਾਂ ਪਸ਼ਾਵਰ ਹੀ ਰਿਹਾ ਤੇ ਅੱਸੀ ਹਜਾਰ ਅਸਵਾਰ ਮੀਰ ਅਹਿਮਦ (ਸ਼ਾਹਚੀ) ਤੋਪ ਖਾਨੇ ਦੇ ਦਰੋਗੇ ਨੂੰ ਦੇਕੇ ਭੇਜਿਆ, ਓਸਨੇ ਅਟਕੋਂ ਉਤਰਦੇ ਹੀ ਕਤਲਾਮ ਤੇ ਪਿੰਡਾਂ ਨੂੰ ਫੂਕਣਾ ਸ਼ੁਰੂ ਕਰ ਦਿਤਾ, ਜਿਸ ਤੋਂ ਡਰਕੇ ਖਲਕਤ ਨੂੰ ਦੂਰ ੨ ਤਕ ਭਾਜੜਾਂ ਪੈ ਗਈਆਂ। ਸਿੰਘ ਸਰਦਾਰ ਤਾਂ ਓਦੋਂ ਸਾਰੇ ਹੀ ਮਾਝੇ ਵੱਲੀਆ ਗਏ ਹੋਏ ਸਨ। ਹਿੰਦੂਆਂ ਦੇ ਕੁੜੀਆਂ ਮੁੰਡੇ ਬਹੁਤ ਫੜੇ। ਇਕ ਹਰਨਪੁਰ ਦੀ ਬ੍ਰਾਹਮਣੀ (ਜਿਸਦੀ ਸਮਾਧ ਹਰਨਪੁਰ ਵਿਚ ਹੁਣ ਤਾਂਈ ਪੂਜੀ ਦੀ ਹੈ) ਸਾਹਚੀ ਨੇ ਆਪ ਸਾਂਭੀ। ਹੋਰ ਐਸੀ ਹਾਲਚਾਲ ਪਾਈ ਸਾਰੇ ਦੇਸ ਵਿਚ ਗਦਰ ਮਚ ਗਿਆ, ਬੇਸ਼ੁਮਾਰ ਬ੍ਰਾਹਮਣ ਖਤ੍ਰੀ ਅੰਮ੍ਰਿਤਸਰ ਸਿੰਘਾਂ ਪਾਸ ਜਾ ਪੁਕਾਰੇ। ਹਰਨਪੁਰੀਏ ਬ੍ਰਾਹਮਣਾਂ ਦਾ ਬਿਰਲਾਪ ਤੇ ਸਾਹਚੀ ਦੇ ਜ਼ੁਲਮ ਸੁਣਕੇ ਸਿੰਘ ਰਹਿ ਨਾ ਸਕੇ,

Digitized by Panjab Digital Library | www.panjabdigilib.org

ਗੁਜਰਾਤ ਪਾਸ ਜਾ ਟੱਕਰੇ । ਪੰਜਾਹਕੁ ਹਜਾਰ ਸਿੰਘ ਸੀ ਤੇ ਲੱਖ ਦੇ ਲਗ ਭਗ ਮੁਸਲਮਾਨ ਸੇ, ਭਾਰੀ ਭਟਭੇੜ ਹੋਇਆ। ਭਾਵੇਂ ਸਬ ਸਿੰਘ ਜਾਨਾ ਤੋੜਕੇ ਲੜਦੇ ਸੇ, ਪਰੰਤੂ ਬੇਦੀ ਰਾਮ ਸਿੰਘ ਸਾਹਿਬ ਕੋਟਲੀ ਵਾਲਾ ਤੇ ਨਥਾ ਸਿੰਘ ਦਜਾਲ ਸਿੰਘ ਸ਼ਹੀਦ, ਸਧਾਮ ਸਿੰਘ ਨਿਹੰਗ ਸੁਲਤਾਨਪਿੰਡੀਆ (ਜਿਸਦਾ ਮੁਲਕ ਪਰਗਨਾ ਚਪਰਾੜ ਆਦਿਕ ਲੱਖ ਰੁਪਏ ਦਾ ਸੀ) ਏਹ ਸਬ ਤੋਂ ਵਧਕੇ ਲੜੇ।

ਏਹ ਜੰਗ ਭੀ ਦੂਜਾ ਭਾਰਥ ਹੋਯਾ,ਆਖਦੇ ਹਨ ਰਾਮਸਿੰਘ ਬੇਦੀ ਜਹੇ ਬਹਾਦਰਾਂ ਦੇ ਕਬੰਧ ਲੜੇ ਸੇ। ਇਸ ਜੰਗ ਵਿਚ ੩੦ ਹਜਾਰ ਆਦਮੀ ਸ਼ਹੀਦ ਹੋਯਾ, ਗੁਜਰਾਤੋਂ ਜਿਹਲਮ ਦੇ ਕੰਢੇ ਤਕ ਖੇਤ ਪਿਆ। ਲੋਥਾਂ ਪਰ ਲੋਥ ਚੜ ਗਈ, ਛੇਕੜ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਹੱਲਾ ਕਰਕੇ ਐਸਾ ਤਕ ਕੇ ਤੀਰ ਮਾਰਿਆ ਸ਼ਾਹਚੀ ਦੇ ਸਰੀਰ ਨੂੰ ਚੀਰਕੇ ਘੋੜੇ ਉਤੋਂ ਦੜ ਜਮੀਨ ਉਤੇ ਸਿਰ ਘੱਤੜਾ। ਸਿਰ ਕਟਕੇ ਨੇਜੇ ਉਤੇ ਉਤੰਗ ਲੀਤਾ, ਸ਼ਾਹਚੀ ਦੇ ਡਿਗਣ ਸਾਰ ਗਿਲਜੇ ਭਜ ਤੁਰੇ, ਸੰ: ੧੮੩੨ ਬਿ: ਨੂੰ ਹਾੜ ਮਹੀਨੇ ਸਿੰਘਾਂ ਨੇ ਫਤੇ ਪਾਈ। ਫੇਰ ਤਾਂ ਖਾਲਸਾ ਤਲਵਾਰਾਂ ਸੂਤਕੇ ਵੈਰੀਆਂ ਦੇ ਮੋਢੀਂ ਚੜ੍ਹ ਗਿਆ। ਗਿਲਜਯਾਂ ਦੇ ਫੜੇ ਹੋਏ ਸਭ ਹਿੰਦੂ ਛੁੜਾ ਲਏ ਗਿਲਜਿਆਂ ਨੂੰ ਅਟਕੋਂ ਪਾਰ ਕਰਕੇ ਸਿੰਘ ਫੇਰ ਆਪਣੇ ੨ ਇਲਾਕੇ ਮਲ ਬੈਠੇ॥

ਜਦ ਜਮਾਨਸ਼ਾਹ ਨੇ ਹਿਰਾਤ ਵਲੋਂ ਵੇਹਲ ਪਾਈ ਤਾਂ ਸੰ: ੧੮੩੩ ਬਿ: ਵਿਚ ਫੇਰ ਪੰਜਾਬ ਵੱਲ ਮੂੰਹ ਚੁਕਿਆ। ਇਸ ਵਾਰੀ ਜੱਦਪਿ ਲਾਹੌਰ ਤਾਂਈ ਪਹੁੰਚਕੇ ਸ਼ੇਖੂ ਪੁਰ ਦੇ ਪਾਸ ਮੱਘਰ ਦੇ ਮਹੀਨੇ ਸਿੰਘਾਂ ਨੂੰ ਇਕ ਸ਼ਕਿਸਤ ਦਿਤੀ

ਤੇ ਚਾਰ ਮਹੀਨੇ ਤਕ ਪੰਜਾਬ ਵਿਚ ਰਿਹਾ, ਪਰੰਤੂ ਜਦ ਖਾਲਸੇ ਨੇ ਵੇਲੇ ਕੁਵੇਲੇ ਛਾਪੇ ਮਾਰ ਮਾਰ ਨਕ ਚਣੇ ਚਬਾਏ ਤਾਂ ਲਾਹੌਰੋਂ ਨਿਕਲ ਤੁਰਿਆ। ਫੇਰ ਤਾਂ ਮੈਦਾਨ ਵਿਚ ਨਿਕਲੇ ਸ਼ਿਕਾਰ ਨੂੰ ਖਾਲਸਾ ਕਦ ਛੱਡਦਾ ਸੀ? ਸੈਂਕੜੇ ਘੋੜੇ ਤੇ ਆਦਮੀ ਫਾਹ ਲਏ, ਤੋਬਾ ਤੋਬਾ ਕਰਕੇ ਜ਼ਮਾਨਸ਼ਾਹ ਅਟਕੋਂ ਪਾਰ ਹੋਯਾ।

ਏਸੇ ਤਰਾਂ ਸੰ: ੧੮੪੫ ਬਿ: ਤਕ ਕਈ ਵਾਰੀ ਹਲੇ ਕਰ ਕਰ ਪੰਜਾਬ ਉੱਤੇ ਆਯਾ, ਪਰ ਖਾਲਸੇ ਨੇ ਉਸਦੇ ਪੈਰ ਨਾ ਲੱਗਣ ਦਿਤੇ। ਛੇਕੜ ਜਦ ਸੰ: ੧੮੫੪ ਬਿ: ਨੂੰ ਮਹਾਰਾਜੇ ਰਣਜੀਤ ਸਿੰਘ ਦੇ ਸਮੇਂ ਸ਼ਜ਼ਾਦਾਂ ਵਿਚ ਲਾਹੌਰ ਆਕੇ ਰੋਜ਼ੇ ਰਖੇ ਤਾਂ ਇਕ ਦਿਨ ਏਸ *ਸੁਪਨੇ ਦਾ ਰੰਗ ਦੇਖਕੇ ਤੁਰਗਿਆ, ਮੁੜ ਨਾ ਆਯਾ॥

ਓਸੇ ਸਾਲ ਜਾਂਦਾ ਹੋਯਾ ਜ਼ਮਾਨਸ਼ਾਹ ਗੁਜਰਾਂਵਾਲੇ ਉਤਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਉਪਰ ਕਬਜ਼ਾ ਕਰ ਲੈਣ ਲਈ ਲਿਖਕੇ ਦੇਗਿਆ।

---

*ਸੁਪਨੇ ਵਿਚ ਪੈਗੰਬਰ ਦੇ ਰੂਬਰੂ ਗਿਆ। ਓਥੇ ਗੁਰੂ ਨਾਨਕ ਜੀ ਨੇ ਏਸਦਾ ਤਾਜ ਉਤਾਰਕੇ ਇਕ ਅੱਖੋਂ ਕਾਣੇ ਛੋਕਰੇ ਨੂੰ ਦੇ ਦਿਤਾ। ਇਸਨੇ ਪੈਗੰਬਰ ਅੱਗੇ ਫਰਿਆਦ ਕੀਤੀ। ਪੈਗੰਬਰ ਨੇ ਜਵਾਬ ਦਿਤਾ, ਗੁਰ ਨਾਨਕ ਅੱਗੇ ਮੇਰਾ ਜ਼ੋਰ ਨਹੀਂ ਚਲਦਾ। ਸ਼ਾਹਜ਼ਮਾਨ ਡਰ ਪਿਆ, ਵਜ਼ੀਰ ਨੇ ਸਾਵਧਾਨ ਕਰਕੇ ਪੁੱਛਿਆ ਤਾਂ ਏਹ ਸੁਪਨਾ ਸੁਣਾਕੇ ਕੂਚ ਕਰ ਦਿਤਾ। ਏਹੋ ਸੁਪਨੇ ਦੀ ਬਾਤ ਸੰ: ੧੮੯੬ ਬਿ: ਨੂੰ ਜ਼ਮਾਨਸ਼ਾਹ ਨੇ ਬਾਬੇ ਫਕੀਰਚੰਦ ਬੇਦੀ ਨੂੰ ਸੁਣਾਈ ਸੀ, ਜਦ ਓਹ ਲੁਦਿਹਾਣੇ ਅੰਗਰੇਜ਼ਾਂ ਪਾਸ ਸੀ।

॥ ਦੂਸਰਾ ਹਿੱਸਾ ਸਮਾਪਤ ॥

Digitized by Panjab Digital Library | www.panjabdigilib.org

# ਦੂਸਰੇ ਹਿੱਸੇ ਅਰਥਾਤ ਸ਼ਮਸ਼ੇਰ ਖਾਲਸਾ ਦੀ ਸਮਾਪਤੀ ਲਿਖਯਤੇ ॥

ਹੁਣ ਬਾਰਾਂ ਮਿਸਲਾਂ ਦੇ ਸਰਦਾਰ ਜਮਨਾਂ ਤੇ ਅਟਕ ਦੇ ਵਿਚਕਾਰ ਭਲੀ ਪਰਕਾਰ ਆਪਣੀ ੨ ਰਿਆਸਤ ਵਿਚ ਖੁਦ ਮੁਖਤਾਰ ਬਣਕੇ ਰਾਜ ਕਰਨ ਲੱਗ ਪਏ।

ਓਦੋਂ ਜੇਹੜਾ ਕੋਈ ਸਿੰਘ ਇਕ ਪਿੰਡ ਦਾ ਭੀ ਮਾਲਕ ਹੋਗਿਆ, ਓਸਨੇ ਭੀ ਪੰਜਾਹ ਬਰਸ ਸੁਤੰਤ੍ਰ ਬਾਦਸ਼ਾਹੀ ਕੀਤੀ। ਏਸ ਸੂਰਬੀਰ ਬਹਾਦਰ ਪੰਥ ਵਿਚ ਬੜੇ ਬੜੇ ਵਾਧੇ ਹਨ, ਪਰ ਆਪਣੇ ਧਰਮ ਪਿੱਛੇ ਲੜ ਮਰਨਾ ਯਾ ਅਨਾਥਾਂ ਦੀ ਰਖਯਾ ਕਰਨੀ ਤੇ ਸ਼ਰਨ ਆਇਆਂ ਨੂੰ ਕੰਠ ਲਾਵਣਾ ਇਹ ਇਹ ਇਕ ਬੜਾ ਵਾਧਾ ਹੈ, ਜੋ ਸਦਾ ਲਈ ਕਾਇਮ ਰਿਹਾ ਹੈ, ਇਹੋ ਕਾਰਨ ਹੈ ਕਿ ਥੋੜੀ ਜੇਹੀ ਗਿਣਤੀ ਹੋਣ ਤੇ ਭੀ ਸਾਰੀ ਦੁਨੀਆਂ ਵਿਚ ਪ੍ਰਸਿੱਧ ਹੈ।

ਹੁਣ ਮੈਂ ਇਸ ਤੋਂ ਅੱਗੇ ਤੀਜੇ ਹਿੱਸੇ ਰਾਜ ਖਾਲਸਾ ਨਾਮੀ ਵਿਚ ਮਿਸਲਾਂ, ਤੇ ਫੂਲਬੰਸੀ ਰਾਜਿਆਂ ਦੇ ਰਾਜ ਭਾਗ ਦੀ ਉੱਨਤੀ ਦਾ ਵਿਰਤਾਂਤ ਕਥਨ ਕਰਨ ਲਈ ਇਸ ਹਿੱਸੇ ਨੂੰ ਸਮਾਪਤ ਕਰਦਾ ਹੋਯਾ ਆਪਣੇ ਕ੍ਰਿਪਾਲੂ ਸਾਰਗ੍ਰਾਹੀ ਭਾਈਆਂ ਅੱਗੇ ਬੇਨਤੀ ਕਰਦਾ ਹਾਂ ਕਿ ਇਕ ਵਾਰੀ ਇਸ ਸਾਰੀ ਪੋਥੀ ਨੂੰ ਪੜ੍ਹ ਸੁਣਕੇ, ਮੇਰੇ ਪਰੀਸ਼੍ਰਮ ਨ ਸਫਲਾ ਕਰਨ ਅਤੇ ਜੇ ਕੋਈ ਭੁਲ ਹੋਵੇ ਤਾਂ ਚਿੱਠੀ ਦ੍ਵਾਰਾ ਭੇਜਕੇ ਕ੍ਰਿਤਾਰਥ ਕਰਨ, ਤਾਂਕਿ ਓਹ ਭੁੱਲ ਵਿਚ ਛਾਪਣ ਵੇਲੇ ਦਰੁਸਤ ਕੀਤਾ ਜਾਵੇ।

ਇਤਿ ਸ੍ਰੀ ਗੁਰੂ ਤਵਾਰੀਖ ਖਾਲਸੇ ਦਾ ਦੂਸਰਾ ਭਾਗ ਸ਼ਮਸ਼ੇਰ ਖਾਲਸਾ ਗਯਾਨ ਸਿੰਘ ਗਯਾਨੀ ਵਿਰਚਿਤੇ ਸਮਾਪਤ। ਸੰਮਤ ੧੯੪੯ ਬਿਕ੍ਰਮੀ ਮਹੀਨਾ ਜੌਲਾਈ ਸੰ: ੧੮੯੨ ਈਸਵੀ ਬ੍ਰਹਸਪਤ ਵਾਰ।

[ਦੋਹਿਰਾ]

ਸ੍ਰੀ ਗੁਰੂ ਖਾਲਸ ਦੇਵ ਕਾ ਧਰ ਉਰ ਮੈ ਦ੍ਰਿੜ ਧਯਾਨ। ਕਰਯ ਸਮਾਪਤਿ ਦੂਸਰਾ ਹਿਸਾ ਇਹੁ ਹਰਿਗਯਾਨ ॥੧॥ ਹਸਬ ਜ਼ਾਬਤਾ ਰਜਿਸਟ੍ਰੀ ਕਰਾਈ ਗਈ ਹੈ ਬਗੈਰ ਇਜਾਜ਼ਤ ਕੋਈ ਸਾਹਿਬ ਛਾਪਣੇ ਦਾ ਇਰਾਦਾ ਨਾ ਕਰੇ।

॥ ਇਤਿ ॥

Digitized by Panjab Digital Library | www.panjabdigilib.org

# ਖਾਲਸਾ ਨੈਸ਼ਨਲ ਏਜੰਸੀ ਵਾਲੇ ਸੰਦੂਕ ਗੁਟਕੇ ਤੇ ਪੁਸਤਕਾਂ

## ਨੰ: ੧–ਸੰਦੂਕ ਗੁਟਕਾ ਵੇਲਦਾਰ

ਇਸ ਵਿਚ ਜਪੁ, ਜਾਪ, ਸ੍ਵੈਯੇ, ਅਨੰਦ ਸਾਹਿਬ, ਆਸਾ ਦੀ ਵਾਰ, ਸੁਖਮਨੀ, ਬਾਰਾਂਮਾਹ, ੩੩ ਸ੍ਵੈਯੇ, ਰਹਿਰਾਸ, ਕੀਰਤਨ ਸੋਹਿਲਾ, ਆਦਿਕ ੧੮ ਬਾਣੀਆਂ ਹਨ। ਹਰੇਕ ਪੰਨੇ ਤੇ ਸੁਰਖ ਰੰਗ ਦੀ ਵੇਲ, ਕਾਗਤ ਵਧੀਆ ਗਲੇਜ਼ਡ ਤੇ ਛਪਾਈ ਬੜੀ ਸੁੰਦਰ ਸੁਧ ਹੈ ਭੇਟਾ ੧।) ੧।।।) ਵਧੀਆ ੨) ੨।) ੧੫ ਬਾਣੀਆਂ ੧) ੧।।)

## ਨੰ: ੨–ਗੁਟਕਾ ਗੁਰ ਦੀਖਯਾ

ਇਸ ਵਿਚ ਮੰਗਲਾ ਚਰਣ, ਜਨਮ, ਅੰਮ੍ਰਿਤ, ਕੁੜਮਾਈ ਵਿਆਹ ਤੇ ਚਲਾਣੇ ਦੇ ਸ਼ਬਦ (ਮੌਕੇ ਮੌਕੇ ਸਿਰ ਪੜ੍ਹਨ ਵਾਲੇ) ਬੇਨਤੀ, ਉਪਦੇਸ਼, ਵੈਰਾਗ, ਨਾਮ ਦੀ ਵਡਿਆਈ ਆਦਿ ਦੇ ੫੫੦ ਸ਼ਬਦ ਹਨ । ਭੇਟਾ ਕਪੜੇ ਦੀ ਸਾਦੀ ਜਿਲਦ ।।=) ਵਧੀਆ ੧।।)

## ਨੰ: ੩–ਸਭ ਤੋਂ ਵਡਾ ਖਾਲਸਾ ਨੈਸ਼ਨਲ ਏਜੰਸੀ ਵਾਲਾ ਸੰਦੂਕ ਗੁਟਕਾ

ਛੇਵੀਂ ਐਡੀਸ਼ਨ ੭੨ ਬਾਣੀਆਂ ਵਾਲਾ ਭੇਟਾ ਕੇਵਲ ੧) ਵਧੀਆ ੧।।) ਤੇ ੨) ਸਿਧਾ ਸਾਥੋਂ ਮੰਗਾਓ ਜਾਂ ਹੋਰਥੋਂ ਖ੍ਰੀਦਣ ਵੇਲੇ ਸਾਡਾ ਪਤਾ ਉਤੇ ਪੜ੍ਹ ਲਵੋ ਤੇ ਧੋਖੇ ਬਾਜ਼ਾਂ ਤੋਂ ਬਚੋ ॥ ਵੇਰਵਾ:–ਇਸ ਵਿਚ ਨਿਤਨੇਮ ਦੀ ਬਾਣੀ, ਪੰਜਗ੍ਰੰਥੀ ਦੀ ਸਾਰੀ ਬਾਣੀ, ਦਸ ਗ੍ਰੰਥੀ, ਜਨਮ ਤੋਂ ਚਲਾਣੇ ਤਕ ਦੇ ਸ਼ਬਦ ਤੇ ਹੋਰ ਕਈ ਬਾਣੀਆਂ ਹਨ ।

## ਨੰ: ੪–ਗੁਟਕਾ ਗੁਰਮਤ ਸੰਸਕਾਰ ਵਿਧੀ ਸਣੇ ਸ਼ਬਦ ੩੦੦

ਇਹ ਗੁਟਕਾ ਹੁਣੇ ਅਸਾਂ ਨਵਾਂ ਛਾਪਿਆ ਹੈ ਇਸ ਗੁਟਕੇ ਵਿਚ ਜਨਮ ਤੋਂ ਚਲਾਣੇ ਤਕ ਹਰੇਕ ਸੰਸਕਾਰ ਦੀ ਪੂਰੀ ਪੂਰੀ ਵਿਧੀ ਤੇ ਜੋੜੀਆਂ ਅਥਵਾ ਕੀਰਤਨ ਕਰਨ ਲਈ ੩੦੦ ਸ਼ਬਦ ਵੀ ਹਨ ।

ਵੇਰਵਾ–(੧) ਸ਼ਬਦ ਮੰਗਲ ਚਰਨ (੨) ਸ਼ਬਦ ਪਾਠ ਗਰਭਵਤੀ ਦੇ (੩) ਜਨਮ ਤੇ ਨਾਮ ਸੰਸਕਾਰ (੪) ਅੰਮ੍ਰਿਤ ਸੰਸਕਾਰ (੫) ਪਤਿਤਾਂ ਦੀ ਸ਼ੁੱਧੀ (੬) ਕੁੜਮਾਈ ਧੀ ਦੇ ਘਰ (੭) ਕੁੜਮਾਈ ਪੁਤ੍ਰ ਦੇ ਘਰ (੮) ਵਿਵਾਹ ਦਾ ਆਰੰਭ (੯) ਜੰਞ ਦਾ ਚੜ੍ਹਾਉ (੧੦) ਜੰਞ ਦਾ ਢੁਕਾਉ (੧੧) ਅਨੰਦ ਸਮੇਂ ਪ੍ਰਿਥਮ ਅਰਦਾਸਾ (੧੨ ਸ਼ਬਦ ਲਾਵਾਂ ਤੋਂ ਪਹਿਲੇ (੧੩) ਸਾਂਝੀ ਸਿਖਯਾ ਵਰ ਤੇ ਕੰਨਯਾਂ ਨੂੰ (੧੪) ਵਰ ਸਿਖਯਾ (੧੫) ਇਸਤ੍ਰੀ ਸਿਖਯਾ (੧੬) ਲਾਵਾਂ ਦਾ ਪਾਠ (੧੭) ਲਾਵਾਂ ਮਗਰੋਂ ਸ਼ਬਦ (੧੮) ਪੁਨਰ ਅਨੰਦ (੧੯) ਨਵੇਂ ਮਕਾਨ ਵਿਚ ਪ੍ਰਵੇਸ਼ (੨੦) ਮ੍ਰਿਤਕ ਸੰਸਕਾਰ (੨੧) ਸਰੀਰ ਨੂੰ ਆਤਮਾ ਤਿਆਗਣ ਤੇ (੨੨) ਇਸ਼ਨਾਨ ਤੇ ਸ਼ਮਸ਼ਾਨਾਂ ਨੂੰ (੨੩) ਸ਼ਬਦ ਸ਼ਮਸ਼ਾਨ ਨੂੰ ਜਾਂਦੇ ਹੋਏ (੨੪) ਅਧ ਮਾਰਗ ਸੂਚਨਾ (੨੫) ਸ਼ਬਦ ਦੁਸੇਹਰੇ ਦੇ ਦਿਨਾਂ ਵਿੱਚ (੨੬) ਪੁੱਤਰ ਆਦਿ ਨੂੰ ਸਿਰੋ ਪਾਉ (੨੭) ਨੋਟ (੨੮) ਅੰਤਮ ਸੂਚਨਾ (੨੯) ਫੁਟਕਲ (੩੦) ਜੋੜੀਆਂ ਤੇ ਕੀਰਤਨ ਦੇ ਸ਼ਬਦ (੩੧) ਸ੍ਰੀ ਰਾਗ ਪੈਹਰੇ ਮਹਲਾ ੧ (੩੨) ਸਿਰੀ ਰਾਗ ਪੈਹਰੇ ਮਹਲਾ ੨ (੩੩) ਸ੍ਰੀ ਰਾਗ ਪਹਿਰੇ ਮਹਲਾ ੫ (੩੩) ਸਲੋਕ ਮਹਲ ੯ (੩੫) ਤਤਕਰਾ, ਭੇਟਾ ।।=)

Digitized by Panjab Digital Library | www.panjabdigilib.org

## ਨੰ: ੫–ਸੁੰਦ੍ਰ ਗੁਟਕਾ ਨਿਤਨੇਮ ਸਣੇ ਗੁਰਮਤ ਸੰਸਕਾਰ ਵਿਧੀ ਤੇ ੨੦੦ ਸ਼ਬਦ

੫੩ ਬਾਣੀਆਂ ਵਾਲਾ,ਹਰ ਇਕ ਸਿਖ ਨੂੰ ਰੱਖਣਾ ਜਰੂਰੀ ਹੈ,ਭੇਟਾ੧) ਵਧੀਆ ੧॥)
ਵੇਰਵਾ:–੧. ਜਪਜੀ ਸਾਹਿਬ, ੨. ਸ਼ਬਦ ਹਜ਼ਾਰੇ, ੩. ਜਾਪ ਜੀ, ੪. ਸਵੱਯੇ੧੦ ਸਰਾਵਗ, ੫. ਅਨੰਦ ਸਾਹਿਬ, ੬. ੩੩ ਸਵੈਯੇ ੭. ਆਸਾ ਦੀ ਵਾਰ, ੮. ਛਕੇ ਛੰਦ ੯. ਚੌਪਈ, ਪ੍ਰਨਵੇ, ੧੦. ਸ਼ਬਦ ਪਾਤ:੧੦, ੧੧. ਸਵੇਯੇ ੧੦ ਦੀਨਨ, ੧੨. ਸੁਖਮਨੀ ਸਾਹਿਬ, ੧੩. ਬਾਰਾਂਮਾਹ ਮਾਝ, ੧੪. ਪਟੀ (ਆਸਾ ਮਹਲਾ ੧) ੧੫. ਗੁਰੂ ਨਾਨਕ ਆਗਮ ੧੬. ਰਹਿਰਾਸ ੧੭. ਅਰਦਾਸ ੧੮. ਕੀਰਤਨ ਸੋਹਿਲਾ ਸਲੋਕ ਮ: ੯ (੧੯ ਤੋਂ ੫੩ ਇਸਤੋਂ ਅੱਗੇ ਗੁਟਕਾ ਨੰ: ੪ ਸਾਰਾ ਇਸ ਵਿਚ ਆ ਜਾਂਦਾ ਹੈ।

## ਨੰ: ੭--ਸੁੰਦ੍ਰ ਗੁਟਕਾ ਨਿਤ ਨੇਮ

[੧੪ ਬਾਣੀਆਂ ਵਾਲਾ-ਮੋਟੇ ਟੈਪ ਵਿੱਚ] ਇਸ ਵਿੱਚ ਨਿੱਤ ਨੇਮ ਦੀ ਬਾਣੀ ਅਨੰਦ ਸਾਹਿਬ ਵੱਡਾ, ਆਸਾ ਦੀ ਵਾਰ, ਛੱਕੇ ਛੰਦ ਤੇ ਸ਼ਬਦ ਭੀ ਹਨ, ਭੇਟਾ ॥) ਵਧੀਆ ੧)–੧੨ ਬਾਣੀਆਂ ਵਾਲਾ ॥ ) ੧।)

## ਨੰ:੯–ਵੱਡਾ ਗੁਟਕਾ ਪੰਜ ਗ੍ਰੰਥੀ

ਮੋਟੇ ਟੈਪ ਵਿਚ ੨੨ ਬਾਣੀਆਂ ਵਾਲਾ ਇਸ ਵਿੱਚ ਪੰਜ ਗ੍ਰੰਥੀ ਦੀ ਪੂਰੀ ਬਾਣੀ ਤੋਂ ਇਲਾਵਾ ਨਿਤਨੇਮ ਬਾਣੀ ਤੇ ਹੋਰ ਜੈਤਸਰੀ ਦੀ ਵਾਰ ਆਦਿਕ ਕੁਲ ੨੨ ਬਾਣੀਆਂ ਹਨ। ਭੇਟਾ ੧), ਵਧੀਆ ੧॥) ੨) ੨।)

## ਨੰ: ੧੧–ਵੱਡਾ ਕੀਰਤਨ ਪ੍ਰਕਾਸ਼

ਅਰਥਾਤ ਪੰਜ ਸ਼ਬਦੀ ਗੁਟਕਾ ਕੀਰਤਨੀ ਆਸਾ ਦੀ ਵਾਰ, ਇਸ ਵਿੱਚ ਹਰੇਕ ਪਉੜੀ ਤੇ ਛਕੇ ਨਾਲ ਪੰਜ ਪੰਜ ਸ਼ਬਦ ਹਰ ਭਾਂਤ ਦੇ ਹਨ, ਭੇਟਾ ਕੇਵਲ ।=) ਵਧੀਆ ॥।)

## ਨੰ: ੧੪ –ਸੁੰਦ੍ਰ ਗੁਟਕਾ ਬਾਈਵਾਰਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਰੇਕ ਰਾਗ ਦੇ ਅਖੀਰ ਤੇ ਵਾਰ ਆਉਂਦੀ ਹੈ; ਜਿਹਾਕਿ ਆਸਾ ਦੀ ਵਾਰ, ਸਿਰੀ ਰਾਗ ਦੀ ਵਾਰ, ਗਉੜੀ ਕੀ ਵਾਰ, ਇਤਆਦਿਕ ੨੨ ਵਾਰਾਂ ਦਾ ਗੁਟਕਾ ਹੈ, ਭੇਟਾ ॥।=) ਵਧੀਆ ੧॥)

## ਨੰ: ੧੬–ਸੁੰਦ੍ਰ ਗੁਟਕਾ ਵਾਰਾਂ ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਦੀ ਬਾਣੀ ਸਿਰੀ ਗੁਰੂ ਗਰੰਥ ਸਾਹਿਬ ਜੀ ਦੀ ਕੁੰਜੀ ਤੇ ਸਿਖ ਧਰਮ ਦੇ ਅਸੂਲਾਂ ਦੀ ਖਾਣ ਹੈ। ਹਰਇਕ ਸਿਖ ਲਈ ਇਸਦਾ ਪੜ੍ਹਨਾ ਜਰੂਰੀ ਧਰਮ ਹੈ,ਔਖੇ ਪਦਾਂ ਦੇ ਅਰਥ ਵੀ ਦਿਤੇ ਹਨ, ਬਾਣੀ ਪਦ ਛੇਦ ਤੇ ਇਕ ਲੈਣ ਵਿਚ ਤੁਕ ਤੁਕ ਕਰਕੇ ਛਾਪੀ ਹੈ, ਤਾਂਕਿ ਪਾਠ ਸੁਖੈਨ ਤੇ ਸੁੱਧ ਹੋਸਕੇ, ਗੱਲ ਕੀ ਬੜਾ ਸੁੰਦਰ ਗੁਟਕਾ ਛਾਪਿਆ ਹੈ ਭੇਟਾ ੧), ੧।), ੧॥)

## ਨੰ: ੧੭ ਅਕਾਲੀ ਖਾਲਸਾ ਨਿੱਤਨੇਮ

ਮੋਟਾ ਟੈਪ ਚੰਗਾ ਕਾਗਜ਼ ਭੇਟਾ ਕੇਵਲ ।–) ਵਧੀਆ ॥।)

ਨੋਟ -ਇਕੱਠੇ ੧੦ ਗੁਟਕੇ ਮੰਗਾਣ ਵਾਲਿਆਂ ਨੂੰ ਇਕ ਗੁਟਕਾ ਮੁਫਤ ਦਿੱਤਾ ਜਾਂਦਾ ਹੈ।

ਪਤਾ–**ਭਾ: ਤਾਰਾਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ, ਅੰਮ੍ਰਿਤਸਰ**

Digitized by Panjab Digital Library | www.panjabdigilib.org

## ਸਿੱਖ ਧਰਮ ਦੇ ਅਮੁੱਲਾਂ ਦੀ ਖਾਨ-ਅਰਥਾਤ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ

ਅਰਥਾਤ

[ਮਹਾਨ ਪਵਿੱਤ੍ਰ ਆਤਮਾ ਸ੍ਰੀ ਮਾਨ ਭਾਈ ਗੁਰਦਾਸ ਜੀ ਦੇ]

# ਕਬਿਤ ਸਵੱਯੇ--ਸਟੀਕ

[ਟੀਕਾ ਕਾਰ ਪ੍ਰਸਿੱਧ ਸੇਵਕ ਗਿਆਨੀ ਬਿਸ਼ਨ ਸਿੰਘ ਅਧਯਾਪਕ ਖਾਲਸਾ ਕਾਲਜ]

ਇਹ ਟੀਕਾ ਗਿਆਨੀ ਜੀ ਨੇ ਬੜੇ ਬੜੇ ਪ੍ਰਸਿੱਧ ਵਿਦਵਾਨਾਂ—ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ; ਗਿਆਨੀ ਸੰਤ ਸਿੰਘ ਜੀ, ਬਾਬਾ ਸੰਤ ਸੁਮੇਰ ਸਿੰਘ ਜੀ ਆਦਿਕਾਂ ਦੀ ਮਦਦ ਤੇ ਬੜੀ ਖੋਜ ਨਾਲ ਕਈ ਪ੍ਰਸਿਧ ਪੁਸਤਕਾਂ ਦੇ ਹਵਾਲੇ ਦੇਕੇ ਕੀਤਾ ਹੈ। ਕਬਿੱਤ ਸਵੱਯਾਂ ਦੀ ਬੋਲੀ ਕਠਨ ਭਾਸ਼ਾ ਵਿਚ ਹੈ, ਇਸਦੇ ਅਰਥ ਬੜੇ ਸੁਖੇਨ ਸਪਸ਼ਟ ਤੇ ਠੇਠ ਪੰਜਾਬੀ ਵਿਚ ਕੀਤੇ ਗਏ ਹਨ। ਸਾਰੀ ਪੁਸਤਕ ਦਾ ਇਕ ਭਾਵ ਤਤਕਰਾ ਵੀ ੩੦ ਸਫਿਆਂ ਦਾ ਐਸਾ ਬਣਾ ਦਿਤਾ ਗਿਆ ਹੈ, ਜਿਸ ਵਿਚੋਂ ਹਰ ਭਾਵ ਦਾ ਕਵਿੱਤ ਝੱਟ ਪੱਟ ਪਤਾ ਲੱਗ ਜਾਂਦਾ ਹੈ। ਤਤਕਰੇ ਤੋਂ ਇਲਾਵਾ ੬੫੬ ਪੰਨੇ ਹਨ। ਮੋਖ ਜਿਲਦ ਸਣੇ ੩॥) ਵਧੀਆ ੪॥) ਭੇਟ ੫)

**ਸਿੱਖੀ ਕੀ ਹੈ?** [ਰਚਿਤ ਸ੍ਰੀ ਮਾਨ ਭਾਈ ਜੋਧ ਸਿੰਘ ਜੀ ਐਮ. ਏ] ਇਸ ਪੋਥੀ ਵਿੱਚ ਭਾਈ ਗੁਰਦਾਸ ਜੀ ਦੀਆਂ ਉਹ ਵਾਰਾਂ ਤੇ ਪਉੜੀਆਂ ਭਾਵ-ਅਰਥਾਂ ਸਹਿਤ ਹਨ, ਜਿਨ੍ਹਾਂ ਵਿਚ ਸਿੱਖੀ ਦੀ ਰਹਿਤ ਅਥਵਾ ਸਿੱਖੀ ਏ ਪੂਰਨੇ ਦੱਸੇ ਗਏ ਹਨ, ਜੋ ਹਰ ਇੱਕ ਸਿਖ ਲਈ ਜ਼ਰੂਰੀ ਹਨ। ਸਤਿਗੁਰਾਂ ਨੇ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਜੀ ਦੀ ਕੁੰਜੀ ਦਾ ਦਰਜਾ ਦਿਤਾ ਹੈ, ਮੋਟੇ ੨ ਪ੍ਰਕਰਣ ਇਸ ਪੁਸਤਕ ਵਿਚ ਇਹ ਹਨ:-

ਬੇਨਤੀ, ਗੁਰੂ ਨਾਨਕ ਆਗਮ, ਆਤਮਾ ਇਕ ਹੈ, ਅੱਡ ਅੱਡ ਮਤਾਂ ਦੇ ਰੌਲੇ, ਗੁਰਸਿੱਖੀ ਨੇ ਕੀ ਕੀਤਾ, ਭਾਈ ਸਿੱਖੀ ਕੀ ਹੈ, ਗਰੀਬੀ, ਪਰਉਪਕਾਰ, ਪਰੇਮ, ਗੁਰਸਿੱਖੀ ਦੀ ਰਹਿਤ, ਗੁਰੂ, ਬੇਮੁਖ ਤੇ ਉਹਦਾ ਹਾਲ, ਗੁਰਨਿੰਦਕ, ਗੁਰਮੁਖ, ਸਾਧ ਸੰਗਤ, ਮੂਰਖ ਕੌਣ ਹਨ, ਕੂੜੇ ਗੁਰੂ, ਕੂੜ ਤੇ ਸੱਚ ਦਾ ਫਰਕ, ਸੇਵਕ, ਭਲਾ ਬੁਰਾ ਤੇ ਉਨ੍ਹਾਂ ਦੀ ਸੰਗਤ ਦਾ ਭੇਦ, ਪੂਜਾ ਦਾ ਧਾਨ, ਮਾਤਾ ਪਿਤਾ ਤੇ ਸੰਤਾਨ ਦਾ ਧਰਮ, ਅੰਤ੍ਰ ਅਰਦਾਸ, ਜਿਲਦ ਸਣੇ ੧)

**ਗੁਰੂ ਸਾਹਿਬ ਤੇ ਵੇਦ—** (ਰਚਿਤ ਸ੍ਰੀ ਮਾਨ ਭਾਈ ਜੋਧ ਸਿੰਘ ਜੀ ਐਮ. ਏ.) ਇਕ ਕਿਤਾਬੜੀ ਲਿਖਣ ਵਾਲੇ ਨੇ ਇਹ ਸਿਧ ਕਰਨ ਦਾ ਨਿਸਫਲ ਜਤਨ ਕੀਤਾ ਹੈ ਕਿ 'ਗੁਰੂ ਸਾਹਿਬ ਵੇਦ ਭਗਤ ਥੇ' ਭੋਲੇ ਭਾਲੇ ਆਦਮੀ ਇਹੋ ਜੇਹੀਆਂ ਪੁਸਤਕਾਂ ਨੂੰ ਪੜ੍ਹਕੇ ਧੋਖਾ ਖਾ ਜਾਂਦੇ ਹਨ, ਇਸ ਲਈ ਸ੍ਰੀ ਮਾਨ ਭਾਈ ਜੋਧ ਸਿੰਘ ਜੀ ਐਮ. ਏ. ਨੇ ਇਸ ਕਿਤਾਬੜੀ ਦਾ ਯੋਗ ਉੱਤਰ ਗੁਰੂ ਸਾਹਿਬ ਤੇ ਵੇਦ' ਨਾਮੇ ਪੁਸਤਕ ਵਿਚ ਦਿਤਾ ਹੈ। ਪੁਸਤਕ ਦੀ ਭੂਮਕਾ ਹੀ ੪੦ ਸਫੇ ਦੀ ਐਸੀ ਹੈ ਜੋ ਸਭ ਸੰਸੇ ਨਿਵਿਰਤ ਕਰ ਦੇਂਦੀ ਹੈ ਹਰਕ ਸਿੱਖ ਨੂੰ ਇਹ ਪੁਸਤਕ ਮੰਗਾਕੇ ਪੜ੍ਹਨੀ ਚਾਹੀਏ, ਮੁਲ: ॥।)

ਸਾਨੂੰ ਚਿੱਠੀ ਲਿਖਣ ਵੇਲੇ ਹੇਠ ਲਿਖਯਾ ਪੂਰਾ ਪਤਾ ਲਿਖੋ:-

## ਭਾਈ ਤਾਰਾ ਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ
## ਸ੍ਰੀ ਅੰਮ੍ਰਿਤਸਰ ਜੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

1733

B - 1568

Digitized by Panjab Digital Library | www.panjabdigilib.org

Digitized by Panjab Digital Library | www.panjabdigilib.org